# ਮਿੱਤਰ ਸੈਨ ਮੀਤ

ਦੇ ਨਾਵਲ

# ਕੌਰਵ ਸਭਾ

ਦੀਆਂ ਪਰਤਾਂ...

ਸੰਪਾਦਕ

## ਹਰਿਭਜਨ ਸਿੰਘ ਭਾਟੀਆ

ਪਹਿਲੀ ਵਾਰ: ਜੂਨ, 2006

# ਤਤਕਰਾ

ਪੰਨੇ

ਮੁੱਢਲੀ ਗੱਲ — ਹਰਿਭਜਨ ਸਿੰਘ ਭਾਟੀਆ (i-xviii)

ਮਿੱਤਰ ਸੈਨ ਮੀਤ ਦੀ ਨਾਵਲਕਲਾ ਦੀ ਵਿਲੱਖਣਤਾ 1
ਟੀ.ਆਰ. ਵਿਨੋਦ

ਸੰਘਰਸ਼ ਦੀ ਪ੍ਰੇਰਨਾ ਦੀ ਗਾਥਾ 'ਕੌਰਵ ਸਭਾ' 17
ਜੋਗਿੰਦਰ ਸਿੰਘ ਰਾਹੀ

'ਕੌਰਵ ਸਭਾ' ਦੀ ਸ਼ਿਲਪਕਾਰੀ 24
ਜੋਗਿੰਦਰ ਸਿੰਘ ਰਾਹੀ

'ਕੌਰਵ ਸਭਾ' : ਏਤੀ ਮਾਰ ਪਈ ਕੁਰਲਾਣੈ 35
ਪਰਮਜੀਤ ਸਿੰਘ ਸਿੱਧੂ

'ਕੌਰਵ ਸਭਾ' : ਸਮਾਜਕ ਰਿਸ਼ਤਿਆਂ, ਅਪਰਾਧ ਅਤੇ ਸਜ਼ਾ ਦੇ
ਅੰਤਰ ਸੰਬੰਧਾਂ ਦੇ ਸਮੱਸਿਆਕਾਰਾਂ ਦਾ ਪ੍ਰਵਚਨ 43
ਪਰਮਿੰਦਰ ਸਿੰਘ

'ਕੌਰਵ ਸਭਾ' ਦੇ ਸਮਾਜਕ ਸੰਕਟ ਦਾ ਯਥਾਰਥ 56
ਸਬਿੰਦਰਜੀਤ ਸਿੰਘ ਸਾਗਰ

'ਕੌਰਵ ਸਭਾ' : ਅਨਿਆਂ ਅਤੇ ਨਿਆਂ–ਪ੍ਰਣਾਲੀ ਦਾ ਬਿਰਤਾਂਤ 64
ਮਨਜੀਤ ਸਿੰਘ

ਮਿਥਿਹਾਸ ਦੀ ਉਤਰ-ਆਧੁਨਿਕ ਪੁਨਰ ਸਿਰਜਣਾ ਦ੍ਰਿਸ਼ਟੀ : 'ਕੌਰਵ ਸਭਾ' 69
ਹਰਬੰਸ ਸਿੰਘ ਧੀਮਾਨ

'ਕੌਰਵ ਸਭਾ' : ਭਾਰਤੀ ਲੋਕਤੰਤਰ ਦੀ ਮਿੱਥ 78
ਮਾਨ ਸਿੰਘ ਢੀਂਡਸਾ

'ਕੌਰਵ ਸਭਾ' ਦਾ ਸਮੱਸਿਆਕਾਰ ਅਤੇ ਨਾਵਲੀ ਬਿਰਤਾਂਤ 85
ਗੁਰਪਾਲ ਸਿੰਘ ਸੰਧੂ

**ਸੰਸਾਰੀਕਰਨ ਦਾ ਯਥਾਰਥਵਾਦੀ ਪ੍ਰਗਟਾਅ : 'ਕੌਰਵ ਸਭਾ'** *93*

ਭੀਮ ਇੰਦਰ ਸਿੰਘ

**'ਕੌਰਵ ਸਭਾ' ਵਿਚ ਅਜੋਕਾ ਪ੍ਰਬੰਧ** *100*

ਰਮਿੰਦਰ ਕੌਰ

**'ਕੌਰਵ ਸਭਾ' : ਥੀਮਿਕ ਅਧਿਐਨ** *109*

ਸਰਬਜੀਤ ਕੌਰ

**ਭ੍ਰਿਸ਼ਟ ਲੋਕਤੰਤਰੀ ਪ੍ਰਬੰਧ ਦੀ ਤ੍ਰਾਸਦੀ ਦਾ ਪ੍ਰਵਚਨ : 'ਕੌਰਵ ਸਭਾ'** *118*

ਸੁਖਵੀਰ ਬੀਹਲਾ

**'ਕੌਰਵ ਸਭਾ' : ਸਿਸਟਮ ਦੇ ਖੋਖਲੇਪਨ ਦੀ ਗਾਥਾ** *127*

ਦਰਸ਼ਨ ਸਿੰਘ ਗਿੱਲ

**'ਕੌਰਵ ਸਭਾ' : ਵਸਤੂ ਸਾਮਗ੍ਰੀ ਤੇ ਰਚਨਾਤਮਕ ਉੱਦੇਸ਼** *136*

ਬ੍ਰਹਮਜਗਦੀਸ਼ ਸਿੰਘ

**'ਕੌਰਵ ਸਭਾ' : ਸਮੂਹਕ ਚੇਤਨਾ ਅਤੇ ਲੋਕ ਸੰਘਰਸ਼ ਦਾ ਪ੍ਰਵਚਨ** *142*

ਜਗਦੀਪ ਸਿੰਘ

**ਨਾਵਲ 'ਕੌਰਵ ਸਭਾ' ਦੇ ਕੌਰਵ** *149*

ਗੁਰਦੇਵ ਸਿੰਘ ਚੰਦੀ

**'ਕੌਰਵ ਸਭਾ' : ਪਾਠਾਤਮਕ ਪਰਤਾਂ** *156*

ਕਵਲਜੀਤ ਜੱਸਲ

**'ਕੌਰਵ ਸਭਾ' ਦੀ ਸੰਚਾਰ–ਜੁਗਤ** *162*

ਉਮਿੰਦਰ ਜੌਹਲ

**'ਕੌਰਵ ਸਭਾ' ਦੀ ਸੰਰਚਨਾ** *168*

ਭੁਪਿੰਦਰ ਕੌਰ

**'ਕੌਰਵ ਸਭਾ' ਦੀ ਰੂਪ ਰਚਨਾ** *173*

ਪਰਬਜੀਤ ਕੌਰ

**ਮਿੱਤਰ ਸੈਨ ਮੀਤ ਦੇ ਰੂ-ਬ-ਰੂ** *183*

ਹਰਿਭਜਨ ਸਿੰਘ ਭਾਟੀਆ

**ਲੇਖਕਾਂ ਦੇ ਸਿਰਨਾਵੇਂ** *207*

# ਮੁੱਢਲੀ ਗੱਲ

**ਕੌਰਵ ਸਭਾ ਦੀਆਂ ਪਰਤਾਂ** ਪੁਸਤਕ **ਕੌਰਵ ਸਭਾ** ਨਾਵਲ ਸੰਬੰਧੀ ਤੀਸਰੀ ਅਤੇ ਮਿੱਤਰ ਸੈਨ ਮੀਤ ਦੇ ਨਾਵਲਾਂ ਸੰਬੰਧੀ ਪੰਜਵੀਂ ਪੁਸਤਕ ਹੈ। ਅਮਰਜੀਤ ਸਿੰਘ ਗਰੇਵਾਲ ਦੀ ਮੌਲਿਕ ਪੁਸਤਕ **ਪ੍ਰਸੰਗ ਕੌਰਵ ਸਭਾ** ਤੋਂ ਇਲਾਵਾ ਉਸਦੀ ਸਮੁੱਚੀ ਨਾਵਲਕਲਾ ਅਤੇ ਵੱਖ-ਵੱਖ ਨਾਵਲਾਂ ਸੰਬੰਧੀ ਤਿੰਨ ਪੁਸਤਕਾਂ ਸੰਪਾਦਿਤ ਹੋ ਚੁੱਕੀਆਂ ਹਨ। ਗਲਪ ਦੀ ਵਿਧਾ ਦੇ ਵਿਸ਼ੇਸ਼ੱਗ ਚਿੰਤਕਾਂ ਤੋਂ ਇਲਾਵਾ ਪੰਜਾਬੀ ਸਾਹਿਤ ਚਿੰਤਨ ਨਾਲ ਜੁੜੇ ਬਹੁਤੇ ਚਿੰਤਕਾਂ ਨੇ ਉਸ ਦੇ ਨਾਵਲਾਂ ਸੰਬੰਧੀ ਹੁੰਗਾਰਾ ਭਰਿਆ ਹੈ। ਗੁਰਦਿਆਲ ਸਿੰਘ ਤੋਂ ਮਗਰੋਂ ਦੀ ਪੀੜ੍ਹੀ ਦੇ ਨਾਵਲਕਾਰਾਂ ਵਿਚੋਂ ਸ਼ਾਇਦ ਉਹ ਪਹਿਲਾ ਅਜੇਹਾ ਨਾਵਲਕਾਰ ਹੈ ਜਿਸ ਦੇ ਨਾਵਲਾਂ ਨੂੰ ਆਮ ਸਾਧਾਰਣ ਪਾਠਕਾਂ, ਵਿਦਿਆਰਥੀਆਂ, ਖੋਜੀਆਂ ਅਤੇ ਚਿੰਤਕਾਂ ਦੁਆਰਾ ਏਨਾ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਭਰਪੂਰ ਹੁੰਗਾਰੇ ਦਾ ਮਤਲਬ ਇਹ ਨਹੀਂ ਕਿ ਚਿੰਤਕ ਉਸ ਦੇ ਨਾਵਲਾਂ ਸੰਬੰਧੀ ਇਕਮੱਤ ਹਨ, ਉਨ੍ਹਾਂ ਦੀਆਂ ਰਾਵਾਂ ਵਿਚ ਭਿੰਨਤਾ ਮੌਜੂਦ ਹੈ। ਪਿਛਲੇ ਕਰੀਬ ਡੇਢ੍ਹ-ਦੋ ਦਹਾਕਿਆਂ ਤੋਂ ਪੰਜਾਬੀ ਗਲਪ ਵਿਚ ਔਰਤ-ਮਰਦ ਸੰਬੰਧਾਂ ਅਤੇ ਕਿਰਸਾਣੀ ਨਾਲ ਸੰਬੰਧਿਤ ਮਸਲਿਆਂ ਨੂੰ ਪ੍ਰਮੁੱਖਤਾ ਹਾਸਲ ਹੋਈ ਹੈ। ਮੀਤ ਨੇ ਆਪਣੀ ਗਲਪ ਰਚਨਾ ਵਿਚ ਪ੍ਰਚਲਿਤ ਵਿਸ਼ਿਆਂ ਅਤੇ ਮੁੱਦਿਆਂ ਨਾਲੋਂ ਅਸਲੋਂ ਵੱਖਰਾ ਅਤੇ ਨਵਾਂ ਮੁੱਦਾ ਤੇ ਮਸਲਾ ਉਠਾਇਆ ਹੈ। ਉਸ ਨੇ ਆਪਣੀਆਂ ਪੁਸਤਕਾਂ (**ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ**) ਰਾਹੀਂ ਫੌਜਦਾਰੀ ਨਿਆਂ ਪ੍ਰਬੰਧ ਦੀਆਂ ਵੱਖ-ਵੱਖ ਕੜੀਆਂ ਜਿਵੇਂ ਪੁਲਿਸ,ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਆਦਿ ਨੂੰ ਨੰਗਾ ਕੀਤਾ ਹੈ। ਇਨ੍ਹਾਂ ਕੜ੍ਹੀਆਂ ਰਾਹੀਂ ਸਾਡੇ ਰਾਜਸੀ ਅਵਚੇਤਨ ਦਾ ਹੀ ਵਿਸ਼ਲੇਸ਼ਣ ਮੁੱਲਾਂਕਣ ਸਾਮ੍ਹਣੇ ਨਹੀਂ ਆਉਂਦਾ ਬਲਕਿ ਇਸ ਸਿਸਟਮ ਦੀ ਵਿਆਕਰਣ ਵੀ ਉਘੜ ਆਉਂਦੀ ਹੈ, ਵੱਖ ਵੱਖ ਸੰਸਥਾਵਾਂ ਦਾ ਭ੍ਰਿਸ਼ਟ ਤੇ ਅਮਾਨਵੀ ਚਿਹਰਾ ਅਤੇ ਨਾਂਹ-ਮੁਖੀ ਭੂਮਿਕਾ ਵੀ ਨਿੱਤਰ-ਨਿੱਖਰ ਕੇ ਸਾਮ੍ਹਣੇ ਆ ਜਾਂਦੀ ਹੈ। ਸਮੇਂ ਦੇ ਹਾਣੀ ਮੁੱਦਿਆਂ ਅਤੇ ਪ੍ਰਸੰਗਿਕ ਸਵਾਲਾਂ ਨੂੰ ਖੜੇ ਕਰਨ ਵਿਚ ਕਾਮਯਾਬ ਹੋਣ ਸਦਕਾ ਹੀ ਉਸਦੇ ਨਾਵਲਾਂ ਨੂੰ ਵੱਖ ਵੱਖ ਵਰਗਾਂ ਨੇ ਸਵੀਕਾਰ ਕੀਤਾ ਹੈ। ਉਸ ਦੇ ਨਾਵਲਾਂ ਸੰਬੰਧੀ ਹੁਣ ਤਕ ਹੋਈ ਸਮੁੱਚੀ ਚਰਚਾ ਅੰਨ੍ਹੀ ਸ਼ਰਧਾ ਜਾਂ ਪ੍ਰਸੰਸਾਂ ਤੋਂ ਆਰੰਭ ਹੋ ਕੇ ਉਸ ਦੇ ਨਾਵਲਾਂ ਉੱਪਰ ਕੇਂਦਰਿਤ ਗੰਭੀਰ ਚਰਚਾ ਤਕ ਫੈਲੀਂ ਹੋਈ ਹੈ। ਉਸ ਦੇ ਨਾਵਲਾਂ ਨੂੰ ਸਰੋਤ ਸਾਮਗ੍ਰੀ ਵਜੋਂ ਗ੍ਰਹਿਣ ਕਰਕੇ ਭਾਰਤੀ ਰਾਜਨੀਤਕ ਪ੍ਰਬੰਧ ਦੀਆਂ ਪਰਤਾਂ ਨੂੰ ਵੀ ਫਰੋਲਿਆ ਗਿਆ ਹੈ। ਲਾਗ-ਲਗਾਓ ਜਾਂ ਪ੍ਰਸੰਸਾ-ਨਿੰਦਾ ਤੋਂ ਇਕ ਫ਼ਾਸਲਾ ਸਥਾਪਿਤ ਕਰਦੇ ਹੋਏ ਹਥਲੀ ਪੁਸਤਕ ਵਿਚਲੇ **ਕੌਰਵ ਸਭਾ** ਦੀਆਂ ਪਰਤਾਂ ਨਾਲ ਸੰਬੰਧਿਤ ਵੱਖ-ਵੱਖ ਅਧਿਐਨ ਨਾਵਲ ਦੇ ਪਾਠ ਉੱਪਰ ਕੇਂਦਰਿਤ ਵੀ ਹਨ ਅਤੇ ਉਸ ਤੋਂ ਪਾਰ ਵੀ ਫੈਲਦੇ ਹਨ। ਇਹ ਅਧਿਐਨ ਨਾਵਲ ਦੇ ਥੀਮ ਦੇ ਵੱਖ-ਵੱਖ ਪਾਸਾਰਾਂ ਤੋਂ ਇਲਾਵਾ ਤਕਨੀਕ, ਭਾਸ਼ਾ ਅਤੇ ਲੇਖਕ ਦੀ ਜੀਵਨ-ਦ੍ਰਿਸ਼ਟੀ ਦੇ ਵਿਸ਼ਲੇਸ਼ਣ-ਮੁੱਲਾਂਕਣ ਤਕ ਸਰਕਦੇ ਹਨ। ਇਨ੍ਹਾਂ ਅਧਿਐਨਾਂ ਵਿਚ ਕੇਂਦਰੀ ਸਵਾਲ ਇਹ ਹੈ ਕਿ ਲੇਖਕ ਬਾਹਰਮੁਖੀ ਯਥਾਰਥ ਨੂੰ ਕਿਵੇਂ ਸਮਝਦਾ ਅਤੇ ਗਲਪ-ਪ੍ਰਬੰਧ ਵਿਚ ਢਾਲਦਾ ਹੈ? ਕੀ ਉਸ ਦਾ ਨਾਵਲ 'ਨਾਵਲ ਦੀ ਤਕਨੀਕ' ਦੀ ਸੀਮਾ ਦੇ ਅੰਦਰਵਾਰ ਰਹਿੰਦਾ ਹੈ ਜਾਂ ਕਿਸੇ ਨਵੀਂ ਤਕਨੀਕ ਦੀ ਘਾੜਤ ਕਰਦਾ ਹੈ? ਇਸ ਨਾਵਲ ਵਿਚ ਪਰਿਸਥਿਤੀਆਂ ਜਾਂ ਉਨ੍ਹਾਂ ਦੀ ਕਰੂਰਤਾ ਬੋਲਦੀ ਹੈ ਜਾਂ ਲੇਖਕ ਖੁਦ? ਫੌਜਦਾਰੀ ਨਿਆਂ ਪ੍ਰਬੰਧ ਦੇ ਪ੍ਰਸੰਗ ਵਿਚ ਧਨਵਾਨ ਜਾਂ ਸਾਧਨਸ਼ੀਲ ਅਤੇ ਧਨਹੀਣ ਜਾਂ

ਸਾਧਨਹੀਣ ਲੋਕਾਂ ਦੀ ਕੀ ਸਥਿਤੀ ਹੈ? ਨਾਵਲ ਵਿਚ ਵਰਗ ਸੰਘਰਸ਼ ਦਾ ਚਿਤਰਣ ਹੋਇਆ ਵੀ ਹੈ ਜਾਂ ਨਹੀਂ? ਲੇਖਕ ਦੇ ਜੀਵਨ ਸੰਘਰਸ਼ ਦੇ ਹਵਾਲੇ ਨਾਲ ਉਸ ਦੀਆਂ ਰਚਨਾਵਾਂ ਨੂੰ ਪੜ੍ਹਣ ਵਾਲਿਆਂ ਨੇ ਉਸ ਦੇ ਇਕ ਨਾਵਲ ਰਾਹੀਂ ਉਸ ਦੇ ਸਮੁੱਚੇ ਨਾਵਲਾਂ ਉੱਪਰ ਇਹ ਇਲਜ਼ਾਮ ਵੀ ਧਰਿਆਂ ਹੈ ਕਿ "ਉਹ ਵਰਗ ਸੰਘਰਸ਼ ਦਾ ਚਿਤਰਣ ਕਰਦਾ ਹੈ, ਸੰਘਰਸ਼ ਦਾ ਸਾਂਝੀਦਾਰ ਨਹੀਂ ਹੈ"। ਇਸੇ ਕਰਕੇ ਉਨ੍ਹਾਂ ਨੂੰ ਉਸਦੇ ਨਾਵਲਾਂ ਵਿਚੋਂ ਨਾ ਤਾਕਤ ਦਿਖਾਈ ਦੇਂਦੀ ਹੈ, ਨਾ ਯਥਾਰਥ ਦੀ ਗਰਮੀ। ਲੇਖਕ ਦੇ ਜੀਵਨ ਸਮਾਚਾਰਾਂ ਦੇ ਹਵਾਲੇ ਨਾਲ ਕੀਤੇ ਅਧਿਐਨਾਂ/ਟਿੱਪਣੀਆਂ ਦੀਆਂ ਆਪੋ–ਆਪਣੀਆਂ ਸੀਮਾਵਾਂ ਹਨ। ਹਥਲੀ ਪੁਸਤਕ ਵਿਚਲਾ ਪਹਿਲਾ ਭਾਗ ਜਿੱਥੇ **ਕੌਰਵ ਸਭਾ** ਨਾਵਲ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਦਾ ਹੈ ਉੱਥੇ ਦੂਸਰੇ ਭਾਗ ਵਿਚ ਵੱਖ-ਵੱਖ ਸਵਾਲਾਂ ਰਾਹੀਂ ਲੇਖਕ ਦੀ ਕਲਾ ਦੇ ਵੱਖ-ਵੱਖ ਪੱਖਾਂ ਤੇ ਪਾਸਾਰਾਂ ਨੂੰ ਉਭਾਰਿਆ ਗਿਆ ਹੈ। ਇੰਜ ਇਸ ਪੁਸਤਕ ਵਿਚਲੀ ਚਰਚਾ ਨਾਵਲ-ਕੇਂਦਰਿਤ ਵੀ ਹੈ ਅਤੇ ਉਸ ਤੋਂ ਬਾਹਰ ਵੀ ਫੈਲਦੀ ਹੈ। ਇਸ ਸਮੁੱਚੀ ਚਰਚਾ ਦੇ ਹਵਾਲੇ ਨਾਲ ਇਕ ਉੱਦਮ ਇਹ ਵੀ ਕੀਤਾ ਹੈ ਕਿ ਨਾਵਲ ਦੇ ਹਵਾਲੇ ਨਾਲ ਬਾਹਰਮੁਖੀ ਯਥਾਰਥ ਨੂੰ, ਸਮਾਜਕ ਬਦਲਾਅ ਦੀ ਦਿਸ਼ਾ ਨੂੰ, ਸਮਝਿਆ ਜਾਵੇ ਅਤੇ ਲੁੱਟ, ਦਾਬੇ ਤੇ ਅਮਾਨਵੀ ਚਰਿੱਤਰ ਦੇ ਧਾਰਣੀ ਸਮਾਜ ਨੂੰ ਬਦਲਣ ਲਈ ਲੋੜੀਂਦੀ ਨੀਝ ਅਤੇ ਚੇਤਨਾ ਪੈਦਾ ਕੀਤੀ ਜਾਵੇ। ਨਾਵਲ ਦੀ ਸਮਝ ਤੋਂ ਅੱਗੇ ਜਾ ਕੇ ਇਹ ਅਧਿਐਨ ਸਾਡੇ ਰਾਜਸੀ ਢਾਂਚੇ ਦੀ ਸਮਝ ਅਤੇ ਬਦਲਾਵ ਤਕ ਫੈਲੇ, ਇਹ ਸਾਡੀ ਮਨਸ਼ਾ ਹੈ। ਮੀਤ ਦੇ ਚਾਰ ਨਾਵਲ ਆਪਣੇ ਆਪ ਵਿਚ ਸੁਤੰਤਰ ਇਕਾਈਆਂ ਵੀ ਹਨ ਅਤੇ ਅੰਤਰ ਸੰਬੰਧਿਤ ਰਚਨਾਵਾਂ ਵੀ। ਇਸ ਲਈ ਇਸ ਨਾਵਲ ਸੰਬੰਧੀ ਚਰਚਾ ਨੂੰ ਉਸ ਦੇ ਪੂਰਵਲੇ ਅਤੇ ਮਗਰਲੇ ਗਲਪ ਸੰਸਾਰ ਵਿਚੋਂ ਗੁਜ਼ਰ ਕੇ ਹੀ ਬੇਹਤਰ ਢੰਗ ਨਾਲ ਸਮਝਿਆ ਜਾ ਸਕਦਾ ਹੈ।

***

ਪੰਜਾਬੀ ਗਲਪ ਸੰਸਾਰ ਵਿਚ ਅੱਧੀ ਦਰਜਨ ਨਾਵਲਾਂ ਅਤੇ ਤਿੰਨ ਕਹਾਣੀ-ਸੰਗ੍ਰਹਾਂ ਦੀ ਸਿਰਜਣਾ ਨਾਲ ਮਿੱਤਰ ਸੈਨ ਮੀਤ ਆਪਣੀ ਵੱਖਰੀ ਪਛਾਣ ਅਤੇ ਨਵੇਕਲੇ ਨਕਸ਼ ਸਥਾਪਿਤ ਕਰ ਚੁੱਕਾ ਹੈ। ਇਸ ਖੇਤਰ ਵਿਚ ਉਸ *1971*ਈ. ਵਿਚ ਆਪਣੇ ਨਾਵਲ **ਅੱਗ ਦੇ ਬੀਜ** ਨਾਲ ਪ੍ਰਵੇਸ਼ ਕੀਤਾ ਸੀ। ਪਹਿਲੇ ਦੋ ਦਹਾਕਿਆਂ ਵਿਚ ਉਸ ਦੇ ਦੋ ਨਾਵਲ **(ਅੱਗ ਦੇ ਬੀਜ ਤੇ ਕਾਫ਼ਲਾ)** ਅਤੇ ਦੋ ਕਹਾਣੀ ਸੰਗ੍ਰਹਿ **ਪੁਨਰਵਾਸ** (*1987*) ਅਤੇ **ਲਾਮ**, (*1988*) ਬੇਸ਼ੱਕ ਪ੍ਰਕਾਸ਼ਿਤ ਹੋਏ ਪਰੰਤੂ ਇਹ ਲਗਪਗ ਦੋਵੇਂ ਦਹਾਕੇ ਉਸ ਦੀ ਸਿਰਜਣਕਾਰੀ ਦੇ ਅਭਿਆਸ ਦੇ ਦਹਾਕੇ ਸਨ। ਅਸਲ ਵਿਚ **ਤਫ਼ਤੀਸ਼** ਨਾਵਲ ਦੇ *1990* ਈ. ਵਿਚ ਪ੍ਰਕਾਸ਼ਨ ਨਾਲ ਉਹ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੇ ਨਾਵਲਕਾਰਾਂ ਦੀ ਮੂਹਰਲੀ ਕਤਾਰ ਵਿਚ ਆਣ ਖਲੋਤਾ। ਭਾਰਤੀ ਫੌਜਦਾਰੀ ਨਿਆਂ ਪ੍ਰਬੰਧ ਦੀ ਕਠੋਰਤਾ, ਕਰੂਰਤਾ ਅਤੇ ਅਮਾਨਵੀਅਤਾ ਨੂੰ ਉਜਾਗਰ ਕਰਨਾ ਅਤੇ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਜਾਂ ਨੰਗਾ ਕਰਨਾ ਉਸ ਦੀ ਸਿਰਜਣਕਾਰੀ ਦੇ ਅਮਲ ਦੇ ਕੇਂਦਰ ਵਿਚ ਟਿਕਿਆ ਰਿਹਾ ਹੈ। ਇਸੇ ਲਈ ਉਸ ਦੀਆਂ ਸਮੁੱਚੀਆਂ ਰਚਨਾਵਾਂ ਨੂੰ ਇਕ ਵਿਸ਼ਾਲ-ਲੜੀ ਦੇ ਹਿੱਸੇ ਵਜੋਂ ਵੀ ਵੇਖਿਆ-ਘੋਖਿਆ ਜਾ ਸਕਦਾ ਹੈ, ਉਸ ਦੀ ਗਲਪ ਰਚਨਾ ਦੇ ਵਿਕਾਸ ਦੇ ਕੋਣ ਤੋਂ ਵੀ ਅਤੇ ਆਪਣੇ ਆਪ ਵਿਚ ਸੁਤੰਤਰ ਰਚਨਾਵਾਂ ਵਜੋਂ ਵੀ। ਪਾਠਕ ਦੀ ਦ੍ਰਿਸ਼ਟੀ ਵਾਮਨ ਹੋਵੇ ਜਾਂ ਵਿਰਾਟ ਉਸ ਦੀਆਂ ਰਚਨਾਵਾਂ ਵਿਚੋਂ ਪੁਲਿਸ, ਨਿਆਂ-ਪ੍ਰਣਾਲੀ ਅਤੇ ਜੇਲ੍ਹ-ਪ੍ਰਬੰਧ ਦੀ ਭ੍ਰਿਸ਼ਟ, ਬਦਨਾਮ, ਅਮਾਨਵੀ ਅਤੇ ਘ੍ਰਿਣਾਯੋਗ ਸਥਿਤੀ ਦਾ ਅਤਿ ਵਿਸ਼ਾਲ ਅਤੇ ਸੰਘਣਾ ਬਿੰਬ ਉਜਾਗਰ ਹੁੰਦਾ ਹੈ। ਪੁਲਿਸ ਹੋਵੇ,

ਨਿਆਂ-ਪ੍ਰਣਾਲੀ ਜਾਂ ਜੇਲ੍ਹ-ਪ੍ਰਬੰਧ ਉਸ ਦੀਆਂ ਰਚਨਾਵਾਂ ਇਨ੍ਹਾਂ ਦੀ ਕਾਰਜ-ਵਿਧੀ ਨੂੰ ਵੇਰਵਿਆਂ ਦੀ ਬਾਰੀਕੀ ਅਤੇ ਜਾਣਕਾਰੀ ਦੀ ਵਿਸ਼ਾਲਤਾ ਦੀ ਸਹਾਇਤਾ ਨਾਲ ਖੋਲ੍ਹਦੀਆਂ ਹੋਈਆਂ ਅੰਗ ਤੋਂ ਸਮੁੱਚ ਜਾਂ ਸਿਸਟਮ ਅਤੇ ਇਸਦੇ ਪਿਛੋਕੜ ਵਿਚ ਕਾਰਜਸ਼ੀਲ ਸ਼ਕਤੀਆਂ ਨੂੰ ਨਸ਼ਰ ਕਰਨ ਤਕ ਅੱਪੜਦੀਆਂ ਹਨ। ਪ੍ਰਬੰਧ ਦੀਆਂ ਕੜੀਆਂ ਦੇ ਖੌਫ਼ਨਾਕ ਚੱਕਰਵਿਊ ਨੂੰ ਪੂਰੀ ਬਾਰੀਕਬੀਨੀ ਅਤੇ ਬੇਬਾਕੀ ਨਾਲ ਇਹ ਰਚਨਾਵਾਂ ਸਿਰਫ਼ ਪੇਸ਼ ਜਾਂ ਨੰਗਿਆਂ ਹੀ ਨਹੀਂ ਕਰਦੀਆਂ ਬਲਕਿ ਇਸ ਨੂੰ ਸਮਝਣ ਤੋਂ ਅਗਾਂਹ ਬਦਲਣ ਲਈ ਲੋੜੀਂਦੇ ਬਗਾਵਤ ਦੇ ਜਜ਼ਬੇ ਦੇ ਸੰਕੇਤ ਵੀ ਆਪਣੀ ਕਾਇਆ ਵਿਚ ਸਮੋਈ ਬੈਠੀਆਂ ਹਨ। ਪਹਿਲਾ ਸਵਾਲ ਪੈਦਾ ਹੁੰਦਾ ਹੈ ਕਿ ਅਜੇਹਾ ਸਭ ਕੁਝ ਸੰਭਵ ਕਿਵੇਂ ਹੋਇਆ? ਇਸ ਪ੍ਰਸ਼ਨ ਦਾ ਉੱਤਰ ਮਿੱਤਰ ਸੈਨ ਮੀਤ ਦੇ ਜੀਵਨੀ-ਮੂਲਕ ਵੇਰਵਿਆਂ ਵਿਚ ਛੁਪਿਆ ਹੋਇਆ ਹੈ। ਉਸ ਦੀਆਂ ਰਚਨਾਵਾਂ ਉਸ ਦੇ ਜੀਵਨੀ-ਮੂਲਕ ਪਾਸਾਰਾਂ ਨਾਲ ਜੁੜ ਕੇ ਅਧਿਐਨ ਤੇ ਸਮਝ ਦਾ ਇਕ ਨਵਾਂ ਪੱਖ ਉਜਾਗਰ ਕਰਨ ਲੱਗ ਪੈਂਦੀਆਂ ਹਨ। ਉਸ ਦਾ ਬਚਪਨ ਤੇ ਜਵਾਨੀ ਅਜਿਹੇ ਮਾਹੌਲ ਵਿਚ ਗੁਜ਼ਰਿਆ ਜਿਸ ਵਿਚ ਦਲਿਤਾਂ ਅਤੇ ਨਿਮਨ ਕਿਰਸਾਣੀ ਦੀ ਪੀੜਾ ਉਸਦੇ ਚੇਤਨ-ਅਵਚੇਤਨ ਦਾ ਹਿੱਸਾ ਬਣ ਗਈ। ਇਸ ਜ਼ਮਾਨੇ (ਅਠਵੇਂ ਦਹਾਕੇ ਦੇ ਆਰੰਭ) ਵਿਚ ਇਨਕਲਾਬੀ ਲਹਿਰ ਵੀ ਜੋਬਨ ਉਪੱਰ ਸੀ ਅਤੇ ਉਸ ਦੇ ਸਾਹਿਤਕ ਆਲੇ-ਦੁਆਲੇ ਵਿਚ ਵੀ ਏਹੀ ਫ਼ਿਜ਼ਾ ਰਮੀ ਹੋਈ ਸੀ। ਇਸੇ ਲਈ 'ਰੁਮਾਂਸ ਦੇ ਸੁਪਨਿਆਂ' ਨਾਲੋਂ 'ਰੁਜ਼ਗਾਰ ਦੇ ਸੁਪਨੇ ' ਉਸ ਦੀ ਸੋਚ ਦੇ ਵੱਧ ਮੇਚ ਆਏ । ਬਰਨਾਲੇ ਦੇ ਸਾਹਿਤਕ ਮਾਹੌਲ ਅਤੇ ਪਾਸ਼, ਉਦਾਸੀ , ਗੁਰਸ਼ਰਨ ਭਾਅ ਅਤੇ ਗੁਰਦਿਆਲ ਸਿੰਘ ਦੀਆਂ ਰਚਨਾਵਾਂ ਨੇ ਜਿੱਥੇ ਉਸ ਦੀ ਜ਼ਿਹਨੀ ਬਣਤਰ ਦੀ ਸਿਰਜਣਾ ਕੀਤੀ ਉੱਥੇ ਨਾਲ ਹੀ ਨਾਲ ਉਸ ਅਠਵੇਂ ਦਹਾਕੇ ਦੇ ਅੱਧ ਤਕ ਕਾਨੂੰਨ ਦੀ ਰਸਮੀ ਸਿੱਖਿਆ ਵੀ ਹਾਸਲ ਕਰ ਲਈ। ਆਪਣੀ ਰਸਮੀ ਤਾਲੀਮ ਹਾਸਲ ਕਰਨ ਤਕ ਉਹ ਇਨਕਲਾਬੀ ਸੋਚ, ਵਿਗਿਆਨਕ ਫ਼ਲਸਫ਼ੇ ਅਤੇ ਵਿਸ਼ਲੇਸ਼ਣਕਾਰੀ ਬਿਰਤੀ ਦਾ ਹਾਮੀ ਹੋ ਗਿਆ। ਇਸ ਇਨਕਲਾਬੀ ਫ਼ਲਸਫ਼ੇ ਦੇ ਉਸ ਦੇ ਗਿਆਨ ਤੋਂ ਅਨੁਭਵ ਵਿਚ ਢਲਣ ਦੀ ਪ੍ਰਕਿਰਿਆ ਵੀ ਆਰੰਭ ਹੋ ਚੁੱਕੀ ਸੀ। ਇਸ ਪ੍ਰਕਿਰਿਆ ਦੀ ਬਿਲਕੁਲ ਮੁੱਢਲੀ ਅਵਸਥਾ ਵਿਚ ਉਸ ਦੇ ਪਹਿਲੇ ਦੋ ਨਾਵਲਾਂ ਅਤੇ ਕਹਾਣੀਆਂ ਦਾ ਜਨਮ ਹੋਇਆ। ਉਸ ਦੌਰ ਦੇ ਉਸ ਦੇ ਪਾਤਰ ਅਤੇ ਘਟਨਾਵਾਂ ਰੁਮਾਂਸ ਦੀ ਸੰਘਣੀ ਪਰਤ ਹੇਠ ਵਿਚਰੇ। ਉਹ ਖ਼ੁਦ ਬੇਸ਼ੱਕ ਆਪਣੇ ਇਨਕਲਾਬੀ ਉੱਦੇਸ਼ ਪ੍ਰਤਿ ਸੁਹਿਰਦ ਅਤੇ ਪ੍ਰਤਿਬੱਧ ਜ਼ਰੂਰ ਸੀ ਪਰੰਤੂ ਉਸ ਦੇ ਪਾਤਰ ਅਤੇ ਸਿਰਜਤ ਘਟਨਾਵਾਂ ਸਥਿਤੀ ਦੀ ਜਟਿਲਤਾ ਨੂੰ ਸਮਝਣ ਤੋਂ ਲਗਭਗ ਅਸਮਰਥ ਹੀ ਸਨ। ਉਹ ਝਟਪਟ ਹੀ ਇਨਕਲਾਬੀ ਬਣ ਜਾਂਦੇ ਸਨ ਅਤੇ ਇਨਕਲਾਬ ਦੀਆਂ ਸੰਭਾਵਨਾਵਾਂ ਨੂੰ ਵਧਾ ਚੜ੍ਹਾ ਕੇ ਗ੍ਰਹਿਣ ਤੇ ਪੇਸ਼ ਕਰਦੇ ਸਨ। ਉਨ੍ਹਾਂ ਲਈ ਜਮਾਤੀ ਦੁਸ਼ਮਣਾਂ ਦਾ ਸਫ਼ਾਇਆ, ਹਥਿਆਰਬੰਦ ਘੋਲ ਅਤੇ ਕ੍ਰਾਂਤੀ ਆਸਾਨ ਜਹੇ ਵਰਤਾਰੇ ਸਨ। ਨਿਰਸੰਦੇਹ, ਇਹ ਸਭ ਕੁਝ ਲੇਖਕ ਦੇ ਮਾਰਕਸਵਾਦੀ ਜੀਵਨ ਦਰਸ਼ਨ ਨਾਲ ਆਦਰਸ਼ਵਾਦੀ ਰੁਮਾਂਟਿਕ ਮੋਹ ਦੀ ਪੈਦਾਵਾਰ ਸੀ। ਇਸੇ ਲਈ ਸ਼ਾਇਦ ਉਸ ਦੀਆਂ ਪਹਿਲੇ ਦੋ ਦਹਾਕਿਆਂ ਦੀਆਂ ਰਚਨਾਵਾਂ ਨੂੰ ਚਿੰਤਨ-ਜਗਤ ਵਲੋਂ ਕੋਈ ਗੰਭੀਰ ਅਤੇ ਨਿੱਗਰ ਹੁੰਗਾਰਾ ਨਾ ਮਿਲਿਆ; ਬੇਸ਼ੱਕ ਇਹ ਲਿਖਤਾਂ ਇਨਕਲਾਬੀ ਹਲਕਿਆਂ ਵਲੋਂ ਸਰਾਹੀਆਂ ਜ਼ਰੂਰ ਗਈਆਂ। ਉਸ ਦੀਆਂ ਆਰੰਭਲੇ ਦੌਰ ਦੀਆਂ ਰਚਨਾਵਾਂ ਨੂੰ ਗੁਰਸ਼ਰਨ ਭਾਅ ਜੀ ਅਤੇ ਸੁਰਜੀਤ ਗਿੱਲ ਵਲੋਂ ਹੁੰਗਾਰਾ ਅਤੇ ਹੱਲਾਸ਼ੇਰੀ ਪ੍ਰਾਪਤ ਹੋਈ। ਗੁਰਸ਼ਰਨ ਭਾਅ ਜੀ ਨੇ **ਅੱਗ ਦੇ ਬੀਜ** ਨਾਵਲ ਦੀ ਭੂਮਿਕਾ ਵਿਚ ਲਿਖਿਆ ਕਿ "ਇਸ ਨਾਵਲ ਦੇ ਬੀਜ ਬਗਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ ਜਿਸ ਨੇ ਇਸ ਨਕਾਰਾ

ਸਮਾਜ਼ਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ ।" ਇੰਜ ਸੁਰਜੀਤ ਗਿੱਲ ਹੋਰਾਂ ਨੇ ਇਕ ਪਾਸੇ ਉਸ ਦੇ ਸਾਹਿਤਕ ਤੇ ਸਮਾਜਿਕ ਦ੍ਰਿਸ਼ਟੀਕੋਣ'ਤੇ ਉਸ ਦੀ ਲੋਕਾਂ ਨਾਲ ਪ੍ਰਤੀਬੱਧਤਾ ਨੂੰ ਉਜਾਗਰ ਕੀਤਾ ਅਤੇ ਨਾਲ ਹੀ ਨਾਲ ਉਸਦੀ ਕਲਾ ਵਿਚਲੀ ਕਚਿਆਈ ਵੱਲ ਸੰਕੇਤ ਕਰਕੇ ਸੰਤੁਲਤ ਰਾਇ ਪ੍ਰਗਟ ਕੀਤੀ । ਆਪਣੇ ਮੁੱਢਲੇ ਦੌਰ ਦੀਆਂ ਇਨ੍ਹਾਂ ਗਲਪੀ ਰਚਨਾਵਾਂ ਵਿਚਲੀ ਕਚਿਆਈ ਨੂੰ ਆਪਣੀ "ਕੱਚ--ਘੜ ਸੋਚ" ਵਜੋਂ ਸਵੀਕਾਰਦੇ ਹੋਏ ਉਸ ਮੰਨਿਆਂ ਕਿ "ਉਸ ਦੌਰ ਦੇ ਉਸ ਦੇ ਪਾਤਰ ਝਟਪਟ ਇਨਕਲਾਬੀ ਬਣ ਜਾਂਦੇ ਸਨ" ।ਇਹ ਗੱਲ ਅਸਲ ਵਿਚ ਉਸ ਦੇ ਸਮਕਾਲੀ ਸਾਹਿਤ (ਖ਼ਾਸ ਤੌਰ ਉੱਪਰ ਰੁਮਾਂਟਿਕ ਪ੍ਰਗਤੀਵਾਦੀ ਸਾਹਿਤ ਵਿਚ) ਦੀ ਸਥਾਈ ਰੂੜ੍ਹੀ ਬਣ ਚੁੱਕੀ ਸੀ, ਜਿਸ ਤੋਂ ਉਹ ਵੀ ਮੁਕੰਮਲ ਰੂਪ ਵਿਚ ਪੱਲਾ ਨਾ ਬਚਾ ਸਕਿਆ । ਉਸ ਨੇ ਛੋਟੀ ਕਿਰਸਾਣੀ ਦੇ ਪਾਤਰਾਂ ਦੀਆਂ ਕਰੂਰ ਪਰਿਸਥਿਤੀਆਂ, ਖੌਫ਼ਨਾਕ ਚੱਕਰਵਿਊ, ਪਾਤਰਾਂ ਦੇ ਸੁਪਨਿਆਂ ਦੀ ਟੁੱਟ ਭੱਜ ਨੂੰ **ਅੱਗ ਦੇ ਬੀਜ** ਵਿਚ ਚਿਤਰਿਆ ਜ਼ਰੂਰ ਪਰੰਤੂ ਇਹ ਸਭ ਕੁਝ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚਲੇ ਇੱਛਾ-ਮੂਲਕ ਘਟਨਾ ਪ੍ਰਬੰਧ ਦੇ ਪੈਟਰਨ ਉੱਪਰ ਢਲ ਕੇ ਪਾਤਰਾਂ ਦੀ ਵਿਅਕਤੀਗਤ ਕ੍ਰਿਆ-ਪ੍ਰਤਿਕਿਰਿਆ ਜਾਂ ਰੋਹ ਵਿਦਰੋਹ ਤੋਂ ਅਗਾਂਹ ਨਾ ਸਰਕ ਸਕਿਆ । ਇਸ ਵਿਚ ਪਰਿਸਥਿਤੀਆਂ ਚਿਤਰੀਆਂ ਜ਼ਰੂਰ ਗਈਆਂ, ਪਰੰਤੂ ਉਨ੍ਹਾਂ ਦਾ ਵਿਵੇਕ ਸਾਮ੍ਹਣੇ ਨਾ ਆ ਸਕਿਆ; ਮਸਲੇ ਪੇਸ਼ ਤਾਂ ਜ਼ਰੂਰ ਹੋਏ ਪਰੰਤੂ ਉਨ੍ਹਾਂ ਪਿੱਛੇ ਕੰਮ ਕਰਦੇ ਸਿਸਟਮ ਅਤੇ ਸ਼ਕਤੀਆਂ ਦੀ ਕਰੂਰਤਾ ਨਾ ਉੱਘੜ-ਉੱਭਰ ਸਕੀ । ਏਸ ਪੜਾਅ ਤਕ ਮਸਲਿਆਂ ਦੀ ਨਿਸ਼ਾਨਦੇਹੀ ਹੀ ਮੀਤ ਦੀ ਪ੍ਰਾਪਤੀ ਹੈ; ਉਨ੍ਹਾਂ ਦਾ ਵਸਤੂਭਾਵੀ ਬੌਧਿਕ ਮੁਤਾਲਿਆ ਅਤੇ ਉਸ ਨੂੰ ਗਲਪ-ਬਿੰਬਾਂ ਦੀਆਂ ਲੜੀਆਂ ਵਿਚ ਢਾਲਣ ਦਾ ਕਾਰਜ ਉਹ ਅਗਲੇ ਪੜਾਵਾਂ ਉੱਪਰ ਕਰਨਾ ਆਰੰਭ ਕਰਦਾ ਹੈ । ਨਿਰਸੰਦੇਹ; ਇਹ ਰਚਨਾਵਾਂ ਉਸ ਦੀ ਸਿਰਜਣਾ ਦੇ ਅਮਲ ਦਾ ਪਹਿਲਾ ਪੜਾਅ ਹਨ ਅਤੇ ਇਸ ਅਭਿਆਸੀ ਦੌਰ ਮਗਰੋਂ ਹੀ ਉਸਦੀ ਸਿਰਜਣਕਾਰੀ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ ਜਿਸ ਦੇ **ਤਫ਼ਤੀਸ਼** ਰਾਹੀਂ ਹੋਏ ਆਰੰਭ ਨੂੰ ਡਾ.ਅਤਰ ਸਿੰਘ "ਨਵੀਂ ਦਿਸ਼ਾ ਦਾ ਸੂਚਕ" ਆਖਦਾ ਹੈ ।

**ਤਫ਼ਤੀਸ਼** ਨਾਵਲ ਦਾ ਰਚਨਾ ਵਸਤੂ ਸਾਡਾ ਪੁਲਿਸ ਸਭਿਆਚਾਰ ਹੈ । ਇਹ ਸਭਿਆਚਾਰ ਪਹਿਲੀ ਵਾਰ ਸੁਤੰਤਰ ਰੂਪ ਵਿਚ ਕਿਸੇ ਰਚਨਾ ਦੀ ਵਸਤੂ-ਸਾਮਗ੍ਰੀ ਬਣ ਕੇ ਆਪਣੇ ਇਤਿਹਾਸਕ ਮਹੱਤਵ ਨੂੰ ਸਿਰਜ ਲੈਂਦਾ ਹੈ । ਫੌਜਦਾਰੀ ਨਿਆਂ ਪ੍ਰਬੰਧ ਦੀ ਇਸ ਪਹਿਲੀ ਮਹੱਤਵਪੂਰਨ ਕੜੀ ਦੀ ਸਥਾਪਨਾ ਜਨਤਾ ਦੇ ਜਾਨ-ਮਾਲ ਦੀ ਰੱਖਿਆ, ਮਨੁੱਖ ਦੇ ਭਲੇ ਅਤੇ ਇਨਸਾਫ ਦੇਣ ਲਈ ਕੀਤੀ ਗਈ । ਜੁਰਮ ਨੂੰ ਰੋਕਣਾ, ਮੁਜਰਮਾਂ ਨੂੰ ਸਜ਼ਾ ਦਵਾਉਣੀ ਅਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਇਸ ਦੇ ਮੁੱਢਲੇ ਫ਼ਰਜ਼ਾਂ ਵਿਚ ਸ਼ਾਮਿਲ ਸੀ । ਫੌਜਦਾਰੀ ਨਿਆਂ ਪ੍ਰਬੰਧ ਦੀ ਇਸ ਕੜੀ ਦੇ ਇਰਦ-ਗਿਰਦ ਇਸ ਨਾਵਲ ਦੇ ਬਿਰਤਾਂਤ ਨੂੰ ਸਿਰਜ ਕੇ ਲੇਖਕ ਇਸ ਸੰਸਥਾ ਦੇ ਮਹੱਤਵ ਸਾਹਵੇਂ ਹੀ ਇਕ ਪ੍ਰਸ਼ਨ-ਚਿੰਨ੍ਹ ਲਗਾ ਦੇਂਦਾ ਹੈ । ਇਹ ਪ੍ਰਸ਼ਨ ਹੀ ਇਸ ਰਚਨਾ-ਵਸਤੂ ਦੇ ਥੀਮ ਦੇ ਆਰ-ਪਾਰ ਫੈਲਿਆ ਹੋਇਆ ਹੈ । ਇਹ ਰਚਨਾ ਪੁਲਿਸ ਸਭਿਆਚਾਰ ਦੇ ਧੁਰ-ਡੂੰਘ ਤਕ ਲੈ ਜਾ ਕੇ ਇਸ ਸੰਬੰਧੀ ਬਣੀਆਂ ਭ੍ਰਾਂਤੀਆਂ ਨੂੰ ਅਮਿੱਥੀਕਰਣ ਦੀ ਪ੍ਰਕਿਰਿਆ ਵਿਚੋਂ ਲੰਘਾਉਂਦੀ ਅਤੇ ਇਸ ਸੰਸਥਾਈ ਬਣਤਰ ਪ੍ਰਤਿ ਮਾਨਵੀ ਚੇਤਨਾ ਅਤੇ ਪ੍ਰਤੱਖਣ ਨੂੰ ਤਿੱਖਿਆਂ ਕਰਕੇ ਇਸ ਦੇ ਮਹੱਤਵ ਨੂੰ ਹੀ ਨਕਾਰ ਕੇ ਰੱਖ ਦੇਂਦੀ ਹੈ । ਇਸ ਕੋਣ ਤੋਂ ਇਸ ਰਚਨਾ ਦਾ ਚਰਿੱਤਰ ਵਿਦਰੋਹੀ ਅਤੇ ਸਥਿਤੀ ਆਕ੍ਰਮਣ ਵਾਲੀ ਹੈ । ਇਹੀ ਆਕ੍ਰਮਣਕ ਸਥਿਤੀ ਪੁਲਿਸ ਸਭਿਆਚਾਰ ਦੀ ਵਿਰਚਨਾ ਕਰਦੀ ਅਤੇ ਉਸਦੀ ਸਮੁੱਚੀ ਮੁੜ ਉਸਾਰੀ ਦਾ ਸੁਪਨਾ ਸਿਰਜਦੀ ਦਿਖਾਈ ਦੇਂਦੀ ਹੈ ।

**ਤਫ਼ਤੀਸ਼** ਨਾਵਲ ਦੀ ਕਥਾ ਤਾਂ ਅਸਲੋਂ ਸਰਲ ਜੇਹੀ ਹੈ – ਇਕ ਮਾਸੂਮ ਬੱਚਾ ਬੰਟੀ ਅਗਵਾਹ ਹੋ ਜਾਂਦਾ ਹੈ, ਪੁਲਿਸ ਇਸ ਅਗਵਾਅ ਦੀ ਤਫ਼ਤੀਸ਼ ਦਾ ਕੰਮ ਅਪਣੇ ਹੱਥ ਲੈਂਦੀ ਹੈ, ਪੁਲਿਸ ਦੀਆਂ ਕੋਸਿਸ਼ਾਂ ਦੇ ਬਾਵਜੂਦ ਬੰਟੀ ਦਾ ਕਤਲ ਹੋ ਜਾਂਦਾ ਹੈ, ਪੁਲਿਸ ਦਾ ਧਿਆਨ ਬੱਚੇ ਦੀ ਬਜਾਏ ਕਾਤਲਾਂ ਦੀ ਢੂੰਡ-ਭਾਲ ਉੱਪਰ ਕੇਂਦਰਿਤ ਹੋ ਜਾਂਦਾ ਹੈ, ਜਿਵੇਂ ਅਗਵਾਅ ਬੱਚਾ ਪੁਲਿਸ ਨੂੰ ਨਹੀਂ ਲੱਭਦਾ ਉਂਜ ਹੀ ਉਸਦੇ ਕਾਤਲਾਂ ਦੀ ਭਾਲ ਵਿਚ ਪੁਲਿਸ ਨ਼ਾਕਾਮਯਾਬ ਰਹਿੰਦੀ ਹੈ ਅਤੇ ਅਖ਼ੀਰ ਦੋ ਅਸਲੋਂ ਬੇਕਸੂਰ ਤੇ ਮਜ਼ਲੂਮ ਵਿਅਕਤੀਆਂ, ਪਾਲੇ ਤੇ ਮੀਤੇ, ਨੂੰ ਪਕੜ ਉਨ੍ਹਾਂ ਉੱਪਰ ਕਤਲ ਦਾ ਕੇਸ ਪਾ ਕੇ, ਪੁਲਿਸ ਸੁਰਖ਼ਰੂ ਹੋ ਜਾਂਦੀ ਹੈ।ਇੰਜ ਨਾਵਲ ਦੀ ਕਥਾ ਬੰਟੀ ਦੇ ਅਗਵਾਅ ਤੋਂ ਲੈ ਕੇ ਉਸ ਦੇ ਕਤਲ ਅਤੇ ਪੁਲਿਸ ਦੁਆਰਾ ਦੋ ਨਿਰਦੋਸ਼ ਵਿਅਕਤੀਆਂ ਨੂੰ ਫਸਾਉਣ ਤਕ ਫੈਲਦੀ ਹੈ। ਸਾਰੀ ਰਚਨਾ ਦੇ ਇਰਦ-ਗਿਰਦ ਇਕ ਤਨਾਉ ਪੱਸਰਿਆ ਨਜ਼ਰੀਂ ਪੈਂਦਾ ਹੈ। ਇਹ ਤਨਾਉ ਤਲਾਸ਼ ਵਿਚੋਂ ਪੈਦਾ ਹੁੰਦਾ ਹੈ – ਪਹਿਲਾ ਅਗਵਾਕਾਰਾਂ ਦੀ ਤਲਾਸ਼ ਅਤੇ ਮਗਰੋਂ ਕਾਤਲਾਂ ਦੀ ਤਲਾਸ਼। ਸ਼ੁਰੂ ਤੋਂ ਅਖ਼ੀਰ ਤਕ ਰਚਨਾ ਇਕ ਅਸੰਤੁਲਨ ਤੋਂ ਦੂਸਰੇ ਅਸੰਤੁਲਨ - ਬਿੰਦੂ ਤਕ ਦਾ ਸਫ਼ਰ ਤੈਅ ਕਰਦੀ ਹੈ ।ਰਚਨਾ ਦੇ ਅੰਤ ਉੱਪਰ ਕਾਤਲਾਂ ਦੇ ਫੜੇ ਜਾਣ ਦਾ ਪੁਲਿਸ ਵਲੋਂ ਕੀਤਾ ਨਾਟਕ ਅਖੌਤੀ ਭਾਂਤ ਦਾ ਸੰਤੁਲਨ ਹੋ ਨਿਬੜਦਾ ਹੈ। ਇਸ ਨਾਵਲ ਵਿਚਲਾ ਇਹ ਅਸੰਤੁਲਨ ਅਜੋਕੇ ਸਮਾਜ ਵਿਚਲੀਆਂ ਇਨ੍ਹਾਂ ਸੰਸਥਾਵਾਂ ਵਿਚ ਵਿਆਪ ਰਹੀ ਅਫ਼ਰਾ-ਤਫ਼ਰੀ ਅਤੇ ਅਸੰਤੁਲਨ ਦਾ ਹੀ ਚਿਹਨਕ ਹੈ। ਨਾਵਲਕਾਰ ਦੀ ਖ਼ੂਬੀ ਇਨ੍ਹਾਂ ਦੋਵਾਂ ਘਟਨਾਵਾਂ ਦੇ ਇਰਦ-ਗਿਰਦ ਛੋਟੀਆਂ ਛੋਟੀਆਂ ਘਟਨਾਵਾਂ ਦੀਆਂ ਲੜੀਆਂ ਨੂੰ ਟਿਕਾਉਣ ਵਿਚ ਨਿਹਿਤ ਹੈ। ਰਚਨਾ ਦੇ ਕਥਾਨਕ ਦੇ ਪਿਛੋਕੜ ਵਿਚ ਵਾਰਿਸਸ਼ਾਹ ਦੀ ਹੀਰ ਦੇ ਬਿਰਤਾਂਤ ਵਿਚਲੇ ਸੱਖਣੇ ਚੌਖਟੇ ਦੀ ਕਾਰਜਸ਼ੀਲਤਾ ਪਛਾਣੀ ਜਾ ਸਕਦੀ ਹੈ। ਜਿਵੇਂ ਵਾਰਿਸ ਨੂੰ ਇਸ ਗੱਲ ਦਾ ਇਲਮ ਹੈ ਕਿ ਉਸ ਨੇ ਮਧਕਾਲੀ ਜਗੀਰਦਾਰੀ ਸਮਾਜ ਦੇ ਜਟਿਲ ਵਿਹਾਰ ਦਾ ਮਹਾਂਦ੍ਰਿਸ਼ ਉਸਾਰਣਾ ਹੈ। ਇਸੇ ਲਈ ਉਹ ਕਥਾ ਦੀਆਂ ਇਕਾਈਆਂ ਦੀ ਨਿਰੰਤਰਤਾ ਨੂੰ ਮੁੜ-ਮੁੜ ਤੋੜ ਕੇ ਲਾਂਭ-ਚਾਂਭ ਫੈਲ ਜਾਂਦਾ ਜਾਂ ਡੂੰਘਾ ਉਤਰ ਜਾਂਦਾ ਹੈ। ਉਹ ਜੀਵਨ ਦੀਆਂ ਪਰਤਾਂ ਦੀ ਪਛਾਣ ਸਿੱਧੀ ਲਕੀਰ ਵਿਚੋਂ ਨਹੀਂ, ਗਹਿਰਾਈ ਵਿਚੋਂ ਤਲਾਸ਼ਦਾ ਹੈ। ਕਥਾ ਤਾਂ ਉਸ ਲਈ ਨਿਯੰਤਰਣ-ਬਿੰਦੂਆਂ ਦਾ ਕੰਮ ਕਰਦੀ ਹੈ, ਜਿਨ੍ਹਾਂ ਦੇ ਅੰਦਰਵਾਰ ਉਸ ਰਚਨਾ ਦੇ ਕਥਾਨਕ ਨੂੰ ਰੱਖਣਾ ਹੈ। ਉੱਥੇ ਬਿਰਤਾਂਤ ਦੀ ਨਿਰੰਤਰਤਾ ਅਤੇ ਬਣਤਰ ਦਾ ਨਿਯੰਤਰਣ ਦਵੰਦ-ਸੰਬੰਧਾਂ ਵਿਚ ਬੱਝੇ ਦਿਖਾਈ ਦੇਂਦੇ ਹਨ। ਵਾਰਿਸ ਮੁੜ ਮੁੜ ਕਥਾ ਦੀ ਨਿਰੰਤਰਤਾ ਨੂੰ ਭੰਗ ਕਰ ਦੂਰ-ਦੂਰ ਤਕ ਫੈਲ ਜਾਂਦਾ ਅਤੇ ਜਗੀਰਦਾਰੀ ਜੀਵਨ-ਵਿਹਾਰ ਦਾ ਮਹਾਂਦ੍ਰਿਸ਼ ਪੂਰੀ ਗਹਿਰਾਈ ਤੇ ਗੰਭੀਰਤਾ ਨਾਲ ਉਸਾਰਦਾ ਹੈ। **ਤਫ਼ਤੀਸ਼** ਦੇ ਲੇਖਕ ਨੂੰ ਪੂੰਜੀਵਾਦੀ ਨਿਜ਼ਾਮ, ਇਸ ਵਿਚਲੀਆਂ ਸੰਸਥਾਵਾਂ ਦੇ ਪੂੰਜੀਵਾਦੀ ਕਿਰਦਾਰ ਦਾ ਭਲੀ ਭਾਂਤ ਇਲਮ ਹੈ। ਇਸ ਲਈ ਉਹ ਤਫ਼ਤੀਸ਼ ਰਾਹੀਂ ਸਿੱਧ ਕਰਦਾ ਹੈ ਕਿ ਇਹ ਸੰਸਥਾਵਾਂ ਜਨਤਾ ਦੀ ਭਲਾਈ ਲਈ ਕੰਮ ਨਹੀਂ ਕਰਦੀਆਂ ਸਗੋਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਹ ਵੀ ਆਪਣੇ ਸਮਕਾਲੀ ਨਿੱਘਰੇ ਢਾਂਚੇ ਦਾ ਮਹਾਂ-ਦ੍ਰਿਸ਼ ਉਸਾਰਣ ਲਈ ਮੂਲ -ਕਥਾ ਦੇ ਇਰਦ-ਗਿਰਦ ਛੋਟੀਆਂ ਛੋਟੀਆਂ ਘਟਨਾਵਾਂ ਦਾ ਉਸਾਰ ਉਸਾਰਦਾ ਜਾਂਦਾ ਹੈ। ਕਥਾ ਦਾ ਵਿਕਾਸ ਤਾਂ ਉਸ ਸਾਹਵੇਂ ਮਸਲਾ ਨਹੀਂ। ਏਥੇ ਘਟਨਾਵਾਂ ਦਾ ਫੈਲਾਓ ਅਤੇ ਗਹਿਰਾਈ ਹੀ ਰੌਚਿਕਤਾ ਦਾ ਉਦੈ-ਬਿੰਦੂ ਬਣੀ ਰਹਿੰਦੀ ਹੈ। ਛੋਟੀਆਂ ਛੋਟੀਆਂ ਘਟਨਾਵਾਂ ਹੋਣ ਜਾਂ ਸਿਰਜਤ ਪਾਤਰ ਇਨ੍ਹਾਂ ਰਾਹੀਂ ਉਹ ਸਮਕਾਲੀਨ ਯਥਾਰਥ ਦੀਆਂ ਘਿਨਾਉਣੀਆਂ ਪਰਤਾਂ ਨੂੰ ਹੀ ਖੋਲ੍ਹਦਾ ਹੈ।

**ਤਫ਼ਤੀਸ਼** ਵਿਚ ਪ੍ਰਸਤੁਤ ਯਥਾਰਥ ਦੀ ਵੰਨਸਵੰਨਤਾ ਦਾ ਦਿਸਦਾ ਜਾਂ ਸਤਹੀ ਪਾਸਾਰ ਪੰਜਾਬ ਸੰਤਾਪ ਨਾਲ ਜੁੜਿਆ ਹੋਇਆ ਹੈ। *1978* ਤੋਂ *1992* ਈ. ਤਕ ਦੇ ਕਾਲ-ਖੰਡ ਤਕ ਇਸ ਸੰਕਟ ਤੇ ਸੰਤਾਪ ਦਾ ਫੈਲਾਓ ਰਿਹਾ ਹੈ। ਇਸ ਕਾਲ ਖੰਡ ਵਿਚ ਅਗਵਾਕਾਰੀ, ਕਤਲੋਗਾਰਤ, ਤਫ਼ਤੀਸ਼, ਨਾਕਾਬੰਦੀ, ਕਰਫਿਊ ਅਤੇ ਝੂਠੇ ਕੇਸਾਂ ਦੀਆਂ ਵਾਰਦਾਤਾਂ ਰੋਜ਼-ਮੱਰਾ ਦਾ ਵਰਤਾਰਾ ਰਹੀਆਂ ਹਨ। ਨਾਵਲਕਾਰ ਨੇ ਪੰਜਾਬ ਸੰਤਾਪ ਦੇ ਇਸ ਸਮੁੱਚੇ ਕਾਲ ਖੰਡ ਵਿਚੋਂ ਵੀ ਇਕ ਛੋਟੇ ਜਹੇ ਟੁਕੜੇ ਨੂੰ ਚੁਣਿਆਂ ਅਤੇ ਗਲਪੀ ਰੂਪਾਂਤਰਣ ਥਾਣੀਂ ਲੰਘਾਇਆ ਹੈ। ਇਸ ਰਚਨਾ ਵਿਚੋਂ ਪੁਸ਼ਟੀਯੋਗ ਤੱਥਾਂ, ਘਟਨਾਵਾਂ ਅਤੇ ਪਾਤਰਾਂ ਨੂੰ ਸਹਿਜ ਰੂਪ ਵਿਚ ਪਛਾਣਿਆ ਜਾ ਸਕਦਾ ਹੈ।ਜੇਕਰ ਪੰਜਾਬ ਸੰਕਟ ਜਾਂ ਸੰਤਾਪ ਨੂੰ ਇਕ ਸੰਦਰਭ ਵਜੋਂ ਗ੍ਰਹਿਣ ਕਰਕੇ ਇਸ ਰਚਨਾ ਵਿਚੋਂ ਇਸ ਸਮੱਸਿਆਂ ਦੀ ਪ੍ਰਸਤੁਤੀ, ਵਿਸ਼ਲੇਸ਼ਣ ਅਤੇ ਹੱਲ ਨੂੰ ਢੂੰਡਣਾ ਹੋਵੇ ਤਾਂ ਸਹਿਜ ਸਿੱਟਾ ਇਹ ਨਿਕਲਦਾ ਹੈ ਕਿ ਇਹ ਰਚਨਾ ਅਜਿਹੇ ਵਰਤਾਰੇ ਨੂੰ ਇਸਦੀਆਂ ਜੜ੍ਹਾਂ ਜਾਂ ਉਲਟ-ਪੁਲਟ ਹੋਏ ਸਿਸਟਮ ਨਾਲ ਜੋੜ ਕੇ ਵੇਖਣ ਲਈ ਆਖਦੀ ਹੈ। ਨਾਵਲੀ ਪਾਠ ਵਿਚ ਸੁਨੇਹਾ ਹੈ : ਕਾਰਜ ਨੂੰ ਕਾਰਣਾਂ ਨਾਲ ਜੋੜ ਕੇ ਵੇਖਣ ਦਾ। ਕਾਰਣਾਂ ਨੂੰ ਸਮਝੋ, ਉਨ੍ਹਾਂ ਵਿਚਲੇ ਅਮਾਨਵਕਾਰੀ ਪਾਸਾਰਾਂ ਦਾ ਖ਼ਾਤਮਾ ਕਰੋ ਤਾਂ ਅਸੰਤੁਲਨ ਖੁਦ-ਬਾ-ਖੁਦ ਹੀ ਸੰਤੁਲਨ ਵਿਚ ਤਬਦੀਲ ਹੋ ਜਾਵੇਗਾ। ਪਰੰਤੂ ਇਸ ਰਚਨਾ ਨੂੰ ਸਿਰਫ਼ ਏਸੇ ਸੰਦਰਭ ਤਕ ਹੀ ਸੰਗੋੜ ਲੈਣ ਨਾਲ ਇਸ ਵਿਚੋਂ ਬਹੁਤ ਸਾਰੇ ਵੇਰਵੇ, ਘਟਨਾਵਾਂ ਅਤੇ ਪਾਤਰ ਗ਼ੈਰਹਾਜ਼ਰ ਨਜ਼ਰ ਆਉਣਗੇ। ਇਸ ਰਚਨਾ ਵਿਚੋਂ ਪੰਜਾਬ ਸੰਤਾਪ ਦੇ ਘਟਨਾਵੀ ਖੱਪੇ ਤਲਾਸ਼ ਕਰਨੇ ਅਸਲੋਂ ਅਨੁਚਿਤ ਇਸ ਲਈ ਹਨ ਕਿਉਂਕਿ ਇਸ ਸੰਤਾਪ ਦਾ ਮਹਾਂਦ੍ਰਿਸ਼ ਉਸਾਰਨਾ ਇਸ ਰਚਨਾ ਦਾ ਪ੍ਰਥਮ ਮਕਸਦ ਨਹੀਂ । ਇਹ ਸਭ ਕੁਝ ਤਾਂ ਇਸ ਰਚਨਾ ਦਾ ਤੁਰਣ ਬਿੰਦੂ ਹੈ, ਪਹੁੰਚ ਬਿੰਦੂ ਨਹੀਂ। ਰਚਨਾ ਦਾ ਪਹੁੰਚ-ਬਿੰਦੂ ਤਾਂ ਇਕ ਵਰਤਾਰੇ ਦੇ ਪਿਛੋਕੜ ਵਿਚ ਕਾਰਜਸ਼ੀਲ ਬਾਨੁਕਸ ਸਿਸਟਮ ਦੇ ਪਾਸਾਰਾਂ ਨੂੰ ਉਘਾੜਦਾ ਹੈ। ਮੁਜਰਮਾਂ ਜਾਂ ਦੋਸ਼ੀਆਂ ਦੀ ਪਛਾਣ ਅਤੇ ਸਜ਼ਾ ਲਈ ਉਸਾਰਿਆ ਇਹ ਪੁਲਿਸ ਸਭਿਆਚਾਰ ਖੁਦ ਹੀ ਮੁਜਰਮਾਨਾ ਸਰੂਪ ਧਾਰਣ ਕਰ ਚੁੱਕਾ ਹੈ। ਜ਼ਰੂਰਤ ਜੁਰਮ ਦੀ ਤਫ਼ਤੀਸ਼ ਤੋਂ ਵਧੇਰੇ 'ਤਫ਼ਤੀਸ਼ ਦੀ ਤਫ਼ਤੀਸ਼' ਦੀ ਭਾਸਦੀ ਹੈ। 'ਮੁਜਰਮਾਂ' ਨਾਲੋਂ ਉਨ੍ਹਾਂ ਦੀ ਤਫ਼ਤੀਸ਼ ਕਰਨ ਵਾਲੇ ਸੁਰੱਖਿਆ ਅਤੇ ਨਿਆਂ ਪ੍ਰਬੰਧ ਲਈ ਵਧੇਰੇ ਖ਼ਤਰਾ ਬਣੇ ਨਜ਼ਰ ਆਉਂਦੇ ਹਨ। 'ਮੁਜਰਮਾਂ' ਦਾ ਚਰਿੱਤਰ ਮੁਜਰਮਾਨਾ ਹੈ ਜਾਂ ਤਫ਼ਤੀਸ਼ ਕਰਨ ਵਾਲਿਆਂ ਦਾ? ਇਹ ਪ੍ਰਸ਼ਨ ਇਸ ਰਚਨਾ ਦੀ ਹਰ ਛੋਟੀ ਤੋਂ ਛੋਟੀ ਘਟਨਾ ਜਾਂ ਕਥਾ-ਲੜੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਜੁਰਮ ਅਤੇ ਮੁਜਰਮ ਨੂੰ ਇਹ ਰਚਨਾ ਉਲਟਾ ਕਰਕੇ ਉਸਾਰਦੀ ਹੈ। ਫਲਸਰੂਪ ਦੋਸ਼ੀ ਸਮਝੇ ਜਾਂਦੇ ਨਿਰਦੋਸ਼ ਅਤੇ ਦੋਸ਼ੀਆਂ ਦੀ ਤਫ਼ਤੀਸ਼ ਕਰਨ ਵਾਲੇ ਮੁਜਰਮ ਨਜ਼ਰ ਆਉਂਦੇ ਹਨ। ਜੁਰਮ ਦਾ ਸਰੂਪ ਬਦਲ ਜਾਂਦਾ ਹੈ ਅਤੇ ਜੁਰਮ ਵਿਗਿਆਨ ਦੀ ਵਿਆਕਰਣ ਦਾ ਇਕ ਨਵਾਂ ਪਾਸਾਰ ਉਘੜਦਾ ਹੈ। ਸਿਰਫ਼ ਜੁਰਮ ਤੇ ਪੁਲਿਸ ਹੀ ਨਹੀਂ ਉਲਟਦੇ ਸਗੋਂ ਨਿਆਂ-ਪ੍ਰਬੰਧ ਦਾ ਖੋਖਲਾਪਨ ਵੀ ਜ਼ਾਹਰ ਹੁੰਦਾ ਹੈ।ਭੇਖ ਤੇ ਸੱਚ ਦੇ ਤਨਾਉ ਤੇ ਟਕਰਾਓ ਰਾਹੀਂ ਲੇਖਕ ਇੰਨ੍ਹਾਂ ਸੰਸਥਾਵੀ ਬਣਤਰਾਂ ਦੇ ਸਰੂਪ ਨੂੰ ਖੋਖਲਾ , ਭ੍ਰਿਸ਼ਟ, ਆਡੰਬਰ ਭਰਪੂਰ ਅਤੇ ਅਮਾਨਵਕਾਰੀ ਸਿੱਧ ਕਰਦਾ ਹੈ । ਪੁਲਿਸ ਸਭਿਆਚਾਰ ਵਿਚਲੇ ਭ੍ਰਿਸ਼ਟਾਚਾਰ ਨੂੰ ਉਘਾੜਣ ਲਈ ਲੇਖਕ ਸੰਤਰੀ ਤੋਂ ਤੁਰ ਮੁਨਸ਼ੀ, ਐਸ.ਐਚ.ਓ., ਡਿਪਟੀ, ਡੀ.ਐਸ.ਪੀ. ਅਤੇ ਇਸ ਤੋਂ ਵੀ ਅਗਾਂਹ ਡੀ.ਆਈ.ਜੀ ਤਕ ਅੱਪੜ ਜਾਂਦਾ ਹੈ। ਨਾਲੋ ਨਾਲ ਮੁਜਰਮਾਂ, ਪੁਲਿਸ ਦੇ ਟਾਊਟਾਂ, ਪੁਲਿਸ, ਰਾਜਨੀਤੀਵਾਨਾਂ ਅਤੇ ਸਰਮਾਏਦਾਰਾਂ ਦੀ ਆਪਸੀ ਗਾਂਢ-ਸਾਂਢ ਵੀ ਪਰਤ-ਦਰ-ਪਰਤ ਖੁਲ੍ਹਦੀ ਜਾਂਦੀ ਹੈ। ਲੇਖਕ ਪਾਸ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਸੂਖਮ, ਬੌਧਿਕ ਅਤੇ ਲੁਕਵੇ

ਵਿਅੰਗ ਦਾ ਹੈ ਜਿਸ ਦੀ ਸਹਾਇਤਾ ਨਾਲ ਉਹ ਇਸ ਪ੍ਰਬੰਧ ਵਿਚਲੇ ਅਹੁਦਿਆਂ ਸੰਕਲਪਾਂ ਜਾਂ ਸੰਕੇਤਾਂ ਦੀ ਅਸਲੀਅਤ ਨੂੰ ਖੋਲ੍ਹਦਾ ਹੈ। ਉਹ ਵਰਤਾਰਿਆਂ ਦੇ ਪਾਖੰਡ ਨੂੰ ਹੀ ਜ਼ਾਹਰ ਨਹੀਂ ਕਰਦਾ ਸਗੋਂ ਇਨ੍ਹਾਂ ਪਿੱਛੇ ਕਾਰਜਸ਼ੀਲ ਭ੍ਰਿਸ਼ਟ, ਅਨੈਤਿਕ ਅਤੇ ਅਮਾਨਵੀ ਵਿਹਾਰ ਨੂੰ ਵੀ ਅਗਰਭੂਮੀ ਵਿਚ ਲੈ ਆਉਂਦਾ ਹੈ। ਮਸਲਾ ਚਾਹੇ ਰਿਪੋਰਟ ਲਿਖਵਾਉਣ ਦਾ ਹੋਵੇ, ਪੁੱਛ-ਗਿੱਛ ਦਾ ਜਾਂ ਤਫ਼ਤੀਸ਼ ਦਾ ਜਾਂ ਕਰਫਿਊ, ਨਾਕਿਆਂ ਜਾਂ ਤਲਾਸ਼ੀ ਦਾ ਅਤੇ ਅੱਗੋਂ ਸੰਤਰੀ ਤੋਂ ਲੈ ਕੇ ਡੀ.ਆਈ.ਜੀ. ਅਤੇ ਮੰਤਰੀ ਤਕ ਇਸ ਮਸਲੇ ਨਾਲ ਕੋਈ ਵੀ ਧਿਰ ਜੁੜੀ ਹੋਵੇ ਉਘੜਦੇ ਉਸਦੇ ਚਰਿੱਤਰ ਦੇ ਭ੍ਰਿਸ਼ਟ ਅਤੇ ਅਮਾਨਵੀ ਪਾਸਾਰ ਹੀ ਹਨ। ਜਿਵੇਂ ਵਾਰਿਸਸ਼ਾਹ ਨੇ ਮੱਧਕਾਲੀ ਜਾਂ ਅਠਾਰ੍ਹਵੀਂ ਸਦੀ ਦੇ ਪੰਜਾਬ ਦੀ ਸਮੁੱਚੀ ਤਨਾਉ ਆਧਾਰਿਤ ਵਾਸਤਵਿਕਤਾ ਨੂੰ ਹੀਰ ਦੇ ਕਿੱਸੇ ਵਿਚ ਸਾਖਸ਼ਾਤ ਕੀਤਾ ਠੀਕ ਉਂਜ ਦੀ ਜੁਗਤ ਅਪਨਾਈ ਹੈ ਇਸ ਨਾਵਲ ਵਿਚ ਮਿੱਤਰ ਸੈਨ ਮੀਤ ਨੇ। ਉਸ ਦੀ ਵਸਤੂ-ਸਾਮਗ੍ਰੀ ਮੱਧਕਾਲੀ ਪੰਜਾਬ ਨਹੀਂ ਅਤੇ ਨਾ ਹੀ ਉਸ ਦੀ ਦ੍ਰਿਸ਼ਟੀ ਧਾਰਮਿਕ-ਅਧਿਆਤਮਕ ਜਾਂ ਰੁਮਾਂਟਿਕ ਕਿਸਮ ਦੀ ਹੈ। ਅਜੋਕਾ ਪੁਲਿਸ ਸਭਿਆਚਾਰ ਅਤੇ ਉਸ ਦੀ ਮਾਰਫ਼ਤ ਸਾਡਾ ਸਮਾਜ ਨਿਆਂ ਪ੍ਰਬੰਧ, ਸਟੇਟ ਦਾ ਢਾਂਚਾ ਅਤੇ ਉਸ ਪਿੱਛੇ ਕਾਰਜਸ਼ੀਲ ਸ਼ਕਤੀਆਂ ਹਨ। ਉਸਨੇ ਇਸ ਸਭਿਆਚਾਰ ਦੇ ਦੋ ਪੱਖਾਂ, ਬਾਹਰੀ ਅਤੇ ਅੰਦਰੂਨੀ ਨੂੰ, ਇਕ ਦੂਸਰੇ ਦੇ ਸਮਾਂਨਾਤਰ ਰੱਖਿਆ ਹੈ। ਬਾਹਰੀ ਧਰਾਤਲ ਉੱਪਰ ਅਹੁਦਿਆਂ, ਵਰਦੀਆਂ, ਪੁੱਛ-ਗਿੱਛ ਅਤੇ ਤਫ਼ਤੀਸ਼ ਦਾ ਬੋਲ ਬਾਲਾ ਹੈ। ਮੁਜਰਮ ਧਿਰ ਨੂੰ ਸਜ਼ਾ ਮਿਲਣ ਦਾ ਵਾਅਦਾ ਹੈ ਪਰੰਤੂ ਅੰਦਰਖ਼ਾਤੇ ਕੋਹਝਾ, ਹੋਛਾ, ਅਮਾਨਵੀ ਅਤੇ ਭ੍ਰਿਸ਼ਟ ਵਿਹਾਰ ਹੈ। ਉਹ ਡੂੰਘੀ ਨੀਝ ਨਾਲ ਬੇਇਨਸਾਫ਼ੀ ਅਤੇ ਬਦਨੀਅਤੀ ਨੂੰ ਭਾਂਪਦਾ ਹੈ ਅਤੇ ਫ਼ਿਰ ਨਾ ''ਜਿਨ੍ਹਾਂ ਖਾਧੀਆਂ ਚੋਪੜੀਆਂ ਸੋ ਘਣੇ ਸਹਿਣਗੇ ਦੁਖ'' ਦੀਆਂ ਗੱਲਾਂ ਕਰਦਾ ਹੈ ਅਤੇ ਨਾ ''ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਜ ਕਰ'' ਆਖ ਕੇ ਸੰਤੁਸ਼ਟ ਹੁੰਦਾ ਹੈ, ਉਹ ਅਨੇਕਾਂਨੇਕ ਸਵਾਲ ਸਿਰਜ ਕੇ ਇਨ੍ਹਾਂ ਸੰਸਥਾਵਾਂ ਨੂੰ ਸਿਰਜਣ ਪਿੱਛੇ ਕੰਮ ਕਰਦੀ ਭਾਵਨਾ ਅਤੇ ਇਨ੍ਹਾਂ ਦੇ ਵਰਤਮਾਨ ਵਿਹਾਰ ਜਾਂ ਕਾਰਗੁਜ਼ਾਰੀ ਨੂੰ ਉਭਾਰ ਕੇ ਇਨ੍ਹਾਂ ਦੇ ਮਹੱਤਵ ਨੂੰ ਹੀ ਨਕਾਰਾਤਮਕ ਅਤੇ ਮਨਫ਼ੀ ਸਿੱਧ ਕਰਦਾ ਹੈ। ਅਜੇਹਾ ਕਰਕੇ ਉਹ ਸਚਮੁੱਚ ਅਜੋਕੇ ਯੁੱਗ ਦਾ ਜਾਂ ਸਮੇਂ ਦਾ ਹਾਣੀ ਬਿਰਤਾਂਤ ਸਿਰਜਦਾ ਹੈ।

ਪੁਲਿਸ ਸਭਿਆਚਾਰ ਦੇ ਸਰੂਪ ਤੇ ਵਿਹਾਰ ਵਿਚਾਲੇ ਤਨਾਉ ਰਾਹੀਂ **ਤਫ਼ਤੀਸ਼** ਨਾਵਲ ਇਕ ਮੂਲ ਇਖ਼ਲਾਕੀ ਸਵਾਲ ਨੂੰ ਅਗਰਭੂਮੀ ਵਿਚ ਲਿਆਉਂਦਾ ਹੈ। ਇਕ ਵਾਮਨ ਸੰਸਾਰ ਦੇ ਛੋਟੇ ਤੋਂ ਛੋਟੇ ਜੁਜ਼ ਤੋਂ ਲੈ ਕੇ ਮੁਕੰਮਲ ਇਕਾਈ ਤਕ ਇਹ ਇਖ਼ਲਾਕੀ ਮੁੱਲ ਨਿਰੰਤਰ ਗੁੰਮ ਗੁਆਚ ਰਹੇ ਹਨ। ਜੇਕਰ ਇਕ ਸੰਸਥਾਵੀ ਚੌਖਟਾ ਮੂਲੋਂ ਭ੍ਰਿਸ਼ਟ, ਬੇਕਿਰਦਾਰ ਅਤੇ ਬੇਇਖ਼ਲਾਕ ਹੋ ਗਿਆ ਹੈ ਤਾਂ ਇਸ ਸਮੁੱਚੇ ਢਾਂਚੇ ਦੀਆਂ ਬਾਕੀ ਇਕਾਈਆਂ ਇਸ ਤੋਂ ਪਾਕ ਤੇ ਸੁਤੰਤਰ ਕਿਵੇਂ ਰਹਿ ਸਕਦੀਆਂ ਹਨ? ਜੇਕਰ ਰਚਨਾ ਵਿਚਲੇ ਹਰ ਕਿਰਦਾਰ ਅਤੇ ਘਟਨਾ ਨੂੰ ਹਿੰਦੁਸਤਾਨ ਦੀਆਂ ਤਮਾਮ ਸੰਸਥਾਵੀ ਬਣਤਰਾਂ ਵਿਚਲੇ ਜੁਜ਼ਾਂ ਦੇ ਪ੍ਰਤੀਕ ਮੰਨ ਲਿਆ ਜਾਵੇ ਤਾਂ ਇਹ ਰਚਨਾ ਸਾਡੇ ਸਮਿਆਂ ਦੇ ਕਰੂਰ ਸੱਚ ਦੀ ਅੱਕਾਸੀ ਕਰਦੀ ਹੈ। ਇਹ ਕਰੂਰ ਸੱਚ ਇਹ ਹੈ ਕਿ ਤਮਾਮ ਸੰਸਥਾਵਾਂ ਭ੍ਰਿਸ਼ਟਾਚਾਰ ਦੇ ਰੋਗ ਅਤੇ ਮੁਜਰਮਾਂ, ਪੁਲਿਸ, ਰਾਜਨੀਤੀਵਾਨਾਂ ਅਤੇ ਸਰਮਾਏਦਾਰਾਂ ਦੇ ਗੱਠਜੋੜ ਸਦਕਾ ਅੰਦਰੋਂ ਜਰਜਰੀਆਂ ਅਤੇ ਖੰਡਿਤ ਹੋ ਚੁੱਕੀਆਂ ਹਨ। ਇਨ੍ਹਾਂ ਦੇ ਇੱਛਿਤ ਸਰੂਪ ਅਤੇ ਅਸਲ ਵਿਹਾਰ ਵਿਚ ਵੱਡਾ ਖੱਪਾ ਪੈਦਾ ਹੋਇਆ ਹੈ। ਇਸ ਸਥਿਤੀ ਵਿਚ ਅਮਾਨਵਕਾਰੀ ਅਤੇ ਜ਼ਾਲਮਾਨਾ ਕੀਮਤਾਂ ਦਾ ਬੋਲਬਾਲਾ ਹੈ ਅਤੇ ਮਾਸੂਮ ਤੇ ਮਜ਼ਲੂਮ ਲੋਕਾਈ ਬੁਰੀ ਤਰ੍ਹਾਂ ਪਿਸ ਰਹੀ ਹੈ। ਇਸ ਨਾਵਲ ਵਿਚਲੀਆਂ ਗਲਪੀ-ਬਿੰਬਾਂ ਦੀਆਂ ਲੜੀਆਂ ਸਿਸਟਮ ਅਤੇ ਪਾਠਕ ਦੀ ਮਾਨਸਿਕਤਾ ਨਾਲ ਸੰਵਾਦ ਸਿਰਜਦੀਆਂ ਹਨ।

ਨਾਵਲ ਵਿਚਲੀ ਬਿਰਤਾਂਤਕ ਜੁਗਤ ਸਿਸਟਮ ਪ੍ਰਤਿ ਸਹਾਨੁਭੂਤੀ ਜਗਾਉਣ ਜਾਂ ਉਸ ਨੂੰ ਜਿਉਂ ਦਾ ਤਿਉਂ ਰੱਖਣ ਦੀ ਬਜਾਏ ਚੇਤੰਨ ਮਨੁੱਖ ਅੰਦਰਲੀ ਨਿਪੁੰਸਕਤਾ ਤੇ ਬੇਹਿੰਮਤੀ ਨੂੰ ਵੰਗਾਰਦੀ ਅਤੇ ਅਜੋਕੇ ਪ੍ਰਬੰਧ ਵਿਚਲੇ ਮਾਨਵ-ਵਿਰੋਧੀ ਚਰਿੱਤਰ ਦੀ ਪਛਾਣ ਅਤੇ ਸਹੀ ਤਫ਼ਤੀਸ਼ ਲਈ ਉਕਸਾਉਂਦੀ ਹੈ।

ਫੌਜਦਾਰੀ ਨਿਆਂ-ਪ੍ਰਬੰਧ ਦੀ ਇਕ ਸੰਸਥਾ ਪੁਲਿਸ ਪ੍ਰਬੰਧ ਦੀਆਂ ਛੁਪੀਆਂ ਪਰਤਾਂ ਨੂੰ ਫਰੋਲਣ ਮਗਰੋਂ ਮੀਤ ਦੂਸਰੀਆਂ ਸੰਸਥਾਵਾਂ ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਦੀ ਤਫ਼ਤੀਸ਼ ਵੱਲ ਪਰਤਿਆ ਅਤੇ ਇਸ ਤਫ਼ਤੀਸ਼ ਵਿਚੋਂ ਉਸਦੇ ਅਗਲੇ ਤਿੰਨ ਨਾਵਲਾਂ **ਕਟਹਿਰਾ, ਕੌਰਵ ਸਭਾ** ਅਤੇ **ਸੁਧਾਰ ਘਰ** ਨੇ ਜਨਮ ਲਿਆ। **ਤਫ਼ਤੀਸ਼** ਨਾਵਲ ਪੁਲਿਸ-ਸਭਿਆਚਾਰ ਦੀਆਂ ਦਿਸਦੀਆਂ-ਅਣਦਿਸਦੀਆਂ ਪਰਤਾਂ ਨੂੰ ਮਹੀਨ ਦ੍ਰਿਸ਼ਟੀ ਨਾਲ ਫ਼ਰੋਲਦਾ ਹੈ ਅਤੇ ਇਹੋ ਕਾਰਜ ਲੇਖਕ ਨੇ **ਕਟਹਿਰਾ** ਨਾਵਲ ਵਿਚ ਨਿਆਂ ਪਾਲਿਕਾ ਦੇ ਸੰਦਰਭ ਵਿਚ ਕਰ ਦਿਖਾਇਆ ਹੈ। **ਕਟਹਿਰਾ** ਨਾਵਲ ਵਿਚ ਪੁਲਿਸ ਸਭਿਆਚਾਰ ਪਿੱਠਭੂਮੀ ਵਿਚ ਚਲਾ ਗਿਆ ਹੈ ਅਤੇ ਨਿਆਂ-ਪ੍ਰਣਾਲੀ ਅਗਰਭੂਮੀ ਵਿਚ ਆ ਗਈ ਹੈ। ਲੇਖਕ ਇਸ ਪ੍ਰਣਾਲੀ ਨੂੰ ਵੀ ਬਾਰੀਕੀ ਨਾਲ ਚਿਤਰਦਾ ਹੈ ਅਤੇ ਨਾਲ ਹੀ ਨਾਲ ਇਸਦੀ ਕਾਰਜ-ਸ਼ੈਲੀ ਅਤੇ ਸਾਰਥਕਤਾ ਉੱਪਰ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ। ਉਸ ਦੀ ਕੋਸ਼ਿਸ਼ ਇਨ੍ਹਾਂ ਦੋਵਾਂ ਪ੍ਰਬੰਧਾਂ ਦੇ ਮਾਨਵ-ਵਿਰੋਧੀ ਅਤੇ ਭ੍ਰਿਸ਼ਟ ਚਰਿੱਤਰ ਨੂੰ ਸਮੂਰਤ ਰੂਪ ਦੇਣ ਦੀ ਹੈ। ਦੋਵੇਂ ਨਾਵਲ ਇਕ ਛੋਟੀ ਜੇਹੀ ਘਟਨਾ ਦੇ ਦੋ ਸਿਰਿਆਂ (ਇਕ ਮਾਸੂਮ ਬੱਚੇ ਬੰਟੀ ਦੇ ਕਤਲ ਅਤੇ ਕਾਤਲਾਂ ਨੂੰ ਸਜ਼ਾ ਦੇਣ) ਉੱਪਰ ਖਲੋਤੇ ਹੋਏ ਹਨ। ਕਈ ਵਾਰ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਲੇਖਕ ਨੇ ਜਿਵੇਂ ਆਪਣੀ ਗੱਲ ਕਹਿਣ ਜਾਂ ਉਸ ਉੱਪਰ ਬਲ ਦੇਣ ਲਈ ਇਨ੍ਹਾਂ ਘਟਨਾਵਾਂ ਨੂੰ ਇਕ ਮਾਧਿਅਮ ਵਜੋਂ ਵਰਤਿਆ ਹੈ। ਅਸਲ ਵਿਚ ਉਸ ਪਾਸ ਮਾਧਿਅਮ ਨਾਲੋਂ ਵਡੇਰੀ ਕੋਈ ਗੱਲ ਹੈ ਜਿਸ ਦੇ ਰਾਹੀਂ ਉਹ ਪ੍ਰਬੰਧ ਜਾਂ ਵਿਵਸਥਾ ਦੇ ਦਿੱਸਦੇ -ਅਣਦਿਸਦੇ ਪਾਸਾਰਾਂ ਅਤੇ ਪਰਿਸਥਿਤੀਆਂ ਦੀ ਕਰੂਰਤਾ ਨੂੰ ਉਜਾਗਰ ਕਰਨਾ ਚਾਹੁੰਦਾ ਹੈ। **ਕਟਹਿਰਾ** ਨਾਵਲ ਦੇ ਕੇਂਦਰ ਵਿਚ ਸਾਧਨਹੀਨ, ਬੇਕਸੂਰ ਅਤੇ ਮਜ਼ਲੂਮ ਪਾਤਰ ਹਨ ਜਿਨ੍ਹਾਂ ਨੂੰ ਬੇਕਸੂਰ ਹੋਣ ਦੇ ਬਾਵਜੂਦ ਜ਼ਿਆਦਤੀਆਂ ਵੀ ਸਹਿਣੀਆਂ ਪੈਂਦੀਆਂ ਹਨ ਅਤੇ ਸਜ਼ਾ ਦੇ ਭਾਗੀ ਵੀ ਬਣਨਾ ਪੈਂਦਾ ਹੈ। ਇਹ ਰਚਨਾ ਆਪਣੇ ਅਨੁਭਵ, ਤੱਥਾਂ ਤੇ ਘਟਨਾਵਾਂ ਦੀ ਪੇਸ਼ਕਾਰੀ ਲਈ ਸੱਖਣਾ-ਚੌਖਟਾ ਖੁਦ ਸਿਰਜਦੀ ਹੈ। ਲੇਖਕ ਆਪਣੇ ਅਨੁਭਵ-ਖੇਤਰ ਦੀਆਂ ਵੱਧ ਤੋਂ ਵੱਧ ਤੰਦਾਂ ਪਕੜਣ ਲਈ **ਤਫ਼ਤੀਸ਼** ਵਾਂਗ ਕਥਾ ਨੂੰ ਸਿੱਧੀ ਲਕੀਰ ਵਿਚ ਨਹੀਂ ਤੋਰਦਾ ਸਗੋਂ ਬਹੁਤ ਸਾਰੇ ਪ੍ਰਸੰਗਾਂ-ਉਪ ਪ੍ਰਸੰਗਾਂ ਦੀ ਸਿਰਜਣਾ ਕਰਦਾ ਅਤੇ ਉਨ੍ਹਾਂ ਨੂੰ ਕੇਂਦਰੀ ਸੰਦਰਭ ਨਾਲ ਜੋੜਦਾ ਹੈ। ਇਸੇ ਸਦਕਾ ਇਨ੍ਹਾਂ ਸੰਸਥਾਵਾਂ ਅਤੇ ਵਰਤਾਰਿਆਂ ਦਾ ਮਹਾਂਦ੍ਰਿਸ਼ ਉੱਭਰ ਕੇ ਸਾਹਮਣੇ ਅਉਂਦਾ ਹੈ। ਇਸ ਦੇ ਨਾਲ ਹੀ ਰਚਨਾ ਆਪਣੇ ਆਪ ਵਿਚ ਇਕ ਐਸਾ ਲਘੂ-ਬ੍ਰਹਿਮੰਡ ਸਿਰਜਦੀ ਪ੍ਰਤੀਤ ਹੁੰਦੀ ਹੈ ਜਿਸ ਰਾਹੀਂ ਸਾਡੇ ਸਿਸਟਮ ਅਤੇ ਉਸ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੇ ਵਿਸ਼ਾਲ ਬ੍ਰਹਿਮੰਡ (macrocosm) ਸੰਬੰਧੀ ਪੇਸ਼ਕਿਆਸੀ ਕਰਨ ਵਿਚ ਰਤਾ ਦਿੱਕਤ ਨਹੀਂ ਆਉਂਦੀ। ਪੁਲਿਸ ਤੇ ਨਿਆਇਪਾਲਿਕਾ ਦਾ ਉਜੜਿਆ-ਉਖੜਿਆ ਤਾਣਾ-ਪੇਟਾ ਗਹਿਨ ਜਾਂ ਚਿਹਨਤ ਪੱਧਰ ਉੱਪਰ ਰਾਇ ਬਣਾਉਣ ਵਿਚ ਸਹਾਇਕ-ਸ਼ਕਤੀ ਬਣਦਾ ਹੈ। ਇੰਜ ਇਹ ਲਘੂ-ਬ੍ਰਹਿਮੰਡ ਮਾਨਵ-ਵਿਰੋਧੀ ਤੇ ਸਾਹ-ਘੋਟੂ ਵਾਤਾਵਰਣ ਪ੍ਰਤਿ ਚੇਤਨਾ ਨੂੰ ਜਗਾਉਂਦਾ ਜਾਂ ਝੰਜੋੜਦਾ ਹੀ ਨਹੀਂ ਸਗੋ ਇਸ ਪ੍ਰਤਿ ਇਕ ਅਸੰਤੋਖ ਦਾ ਭਾਵ ਵੀ ਉਜਾਗਰ ਕਰਦਾ ਹੈ। ਜੇਕਰ ਇਨ੍ਹਾਂ ਦੋਵਾਂ ਰਚਨਾਵਾਂ ਨੂੰ ਜੋੜ ਕੇ ਪੜ੍ਹਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਲਗਭਗ ਇਕ ਦੂਜੇ ਨਾਲ ਮੇਲ ਖਾਂਦੀਆਂ ਜੁਗਤਾਂ ਜਿਵੇਂ ਵਿਅੰਗ, ਕਟਾਖ਼ਸ਼, ਪਿੱਛਲਝਾਤ, ਚੇਤਨਾ ਪ੍ਰਵਾਹ, ਕਿਧਰੇ ਤੱਥਾਂ ਦਾ ਸਪਾਟ ਵਰਣਨ, ਕਿਧਰੇ ਚਿਤਰਾਤਮਕ ਸ਼ੈਲੀ, ਸਮਾਨਾਂਤਰਤਾ, ਪਰਸਪਰ ਵਿਰੋਧੀ

ਦ੍ਰਿਸ਼ਾਂ ਦੀ ਸਿਰਜਣਾ ਅਤੇ ਸਭ ਤੋਂ ਵਧੇਰੇ ਟੇਢਮਈ ਸੰਕੇਤਾਤਮਕ ਭਾਸ਼ਾ ਆਦਿ ਦੀ ਵਰਤੋਂ ਹੋਈ ਹੈ।

**ਕਟਹਿਰਾ** ਨਾਵਲ ਦੇ ਥੀਮ ਪ੍ਰਬੰਧ ਵਿਚ ਇੱਛਿਤ-ਵਸਤੂ ਇਨਸਾਫ਼-ਪ੍ਰਾਪਤੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਨਸਾਫ਼ ਉਹ ਧਿਰ ਲੋਚਦੀ ਹੈ ਜੋ ਅਸਲੋਂ ਨਿਰਦੋਸ਼ ਹੈ, ਜਿਸ ਨੂੰ ਜਾਣ ਬੁੱਝ ਕੇ ਝੂਠੇ ਕੇਸ ਵਿਚ ਅੜੁੰਗਿਆ ਗਿਆ ਹੈ। ਅਗਲਾ ਵਿਅੰਗ ਇਹ ਹੈ ਕਿ ਇਨਸਾਫ਼ ਉਸ ਧਿਰ ਨੇ ਦੇਣਾ ਹੈ ਜਿਹੜੀ ਭ੍ਰਿਸ਼ਟ ਤੇ ਚਰਿਤ੍ਰਹੀਣ ਤਾਂ ਹੈ ਹੀ ਇਸ ਤੋਂ ਵੀ ਵੱਧ ਜਿਹੜਾ ਵੀ ਮਨਫ਼ੀ ਵਿਸ਼ੇਸ਼ਣ ਉਸ ਧਿਰ ਨਾਲ ਜੋੜ ਲਈਏ ਸੱਚਾ ਸਿੱਧ ਹੋਣ ਲੱਗ ਪੈਂਦਾ ਹੈ।ਲੋਕ-ਪੱਖੀ ਸ਼ਕਤੀਆਂ ਇਸ ਇਨਸਾਫ-ਪ੍ਰਾਪਤੀ ਲਈ ਸਹਾਇਕ ਸ਼ਕਤੀ ਬਣਦੀਆਂ ਹਨ ਪਰੰਤੂ ਇਕ ਪਾਸੇ ਉਨ੍ਹਾਂ ਦੀ ਘੱਟ ਗਿਣਤੀ ਤੇ ਅਸੰਗਠਿਤ ਹੋਣਾ ਅਤੇ ਦੂਸਰੇ ਪਾਸੇ ਵਿਵਸਥਾ ਦੀ ਵਹਿਸ਼ਤ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇਂਦੀ। ਵਿਵਸਥਾ ਦੀ ਵਹਿਸ਼ਤ, ਚਾਲਾਂ ਤੇ ਮਜ਼ਬੂਤੀ ਹੀ ਇਸ ਰਚਨਾ ਵਿਚ ਵਿਰੋਧੀ ਸ਼ਕਤੀ ਦੀ ਭੂਮਿਕਾ ਨਿਭਾਉਂਦੀਆਂ ਹਨ। ਨਿਆਇ/ਇਨਸਾਫ਼ ਦਾ ਪ੍ਰਸ਼ਨ ਇਸ ਰਚਨਾ ਵਿਚ ਕੇਂਦਰੀ ਥੀਮ ਵਜੋਂ ਟਿਕ ਕੇ ਜ਼ਿਹਨ ਵਿਚ ਕਈ ਪ੍ਰਸ਼ਨਾਂ ਦੀ ਸਿਰਜਣਾ ਕਰਦਾ ਹੈ। ਨਾਵਲ ਵਿਚ ਇਹ ਥੀਮ ਤਿੰਨ ਇਕ ਦੂਸਰੇ ਨਾਲ ਜੁੜਵੇਂ ਹਿੱਸਿਆਂ ਰਾਹੀਂ ਸੰਗਠਿਤ ਹੋਇਆ ਹੈ:

(ੳ) ਦੋਸ਼ੀ ਸਮਝੀ ਜਾਂਦੀ ਧਿਰ ਦਾ ਚਲਾਨ ਪੇਸ਼ ਕਰਨ ਰਾਹੀਂ

(ਅ) ਉਸ ਦੀ ਜ਼ਮਾਨਤ ਕਰਾਉਣ ਦੇ ਯਤਨਾਂ ਰਾਹੀਂ

(ੲ) ਉਸ ਨੂੰ ਸਜ਼ਾ ਸੁਣਾਉਣ ਰਾਹੀਂ।

ਇਨ੍ਹਾਂ ਤਿੰਨਾਂ ਹਿੱਸਿਆਂ ਵਿਚੋਂ ਅੱਗੋਂ ਪਹਿਲੇ ਰਾਹੀਂ ਜਿਥੇ ਨਿਆਂ ਪਾਲਿਕਾ ਦੀ ਮਸ਼ੀਨਰੀ ਦੀ ਕਾਰਜਸ਼ੀਲਤਾ ਉੱਭਰਦੀ ਹੈ, ਦੂਸਰੇ ਰਾਹੀਂ ਲੋਕ ਪੱਖੀ ਧਿਰ ਤੇ ਸਰਕਾਰੀ ਮਸ਼ੀਨਰੀ ਤਨਾਉ ਦੀ ਅਵਸਥਾ ਵਿਚ ਨਜ਼ਰ ਆਉਂਦੇ ਹਨ ਅਤੇ ਤੀਸਰੇ ਹਿੱਸੇ ਵਿਚ ਉਨ੍ਹਾਂ ਉੱਪਰ ਸਟੇਟ ਮਸ਼ੀਨਰੀ ਦਾ ਮੁਕੰਮਲ ਗਲਬਾ ਦਿਖਾਈ ਦੇਂਦਾ ਹੈ।

**ਕਟਹਿਰਾ** ਨਾਵਲ ਦੇ ਪਹਿਲੇ ਹਿੱਸੇ ਵਿਚ ਸਥਿਤੀ ਤਨਾਉਸ਼ੀਲ ਇਸ ਲਈ ਹੈ ਕਿ ਚਲਾਨ ਪੇਸ਼ ਕਰਨ ਦੀ ਮਿਆਦ ਖ਼ਤਮ ਹੋ ਰਹੀ ਹੈ। ਬੇਦੋਸ਼ਿਆਂ ਨੂੰ ਫੜ ਕੇ ਝੂਠੇ ਕਤਲ ਕੇਸ ਵਿਚ ਅੰਦਰ ਸੁੱਟਿਆ ਜਾ ਚੁੱਕਾ ਹੈ। ਪੁਲਿਸ ਬੇਦੋਸ਼ਿਆਂ ਨੂੰ ਫਸਾ ਕੇ ਖ਼ੁਦ ਸੁਰਖ਼ਰੂ ਹੋਣਾ ਲੋਚਦੀ ਹੈ। ਇਸ ਦੁਖਾਂਤਕ ਸਥਿਤੀ ਸਦਕਾ ਗੁਰਮੀਤ ਵਰਗਾ ਆਦਰਸ਼ਵਾਦੀ ਸਰਕਾਰੀ ਵਕੀਲ ਨੌਕਰੀ ਤੋਂ ਅਸਤੀਫ਼ਾਂ ਦੇ ਚੁੱਕਾ ਹੈ। ਕੇਸ ਪਿੱਛੇ ਪੈਸਾ ਖਰਚਣ ਵਾਲੀ ਧਿਰ ਗ਼ੈਰਹਾਜ਼ਰ ਹੈ। ਇਸੇ ਲਈ ਪੁਲਿਸ ਨੂੰ ਇਹ ਕੇਸ "ਮਨਹੂਸ ਬੰਟੀ ਕਤਲ ਕੇਸ"ਲੱਗਦਾ ਹੈ ਜਾਂ "ਮਰਿਆ ਸੱਪ" ਤੇ ਜਾਂ "ਵਾਧੂ ਦੀ ਵਗਾਰ"। ਇੱਕੋ ਗੱਲ ਤਫ਼ਤੀਸ਼ੀ ਲਈ ਖਿੱਚ ਦਾ ਕਾਰਣ ਹੈ ਤੇ ਉਹ ਹੈ ਅਫ਼ਸਰਾਂ ਦੀ ਨਜ਼ਰ ਵਿਚ ਚੰਗਾ ਬਣਨਾ ਤੇ ਤਰੱਕੀ ਹਾਸਲ ਕਰਨੀ। ਤਫ਼ਤੀਸ਼ੀ ਦੀ ਸਮੱਸਿਆ ਕਹਾਣੀ ਘੜਨ ਦੀ ਵੀ ਹੈ ਅਤੇ ਸਬੂਤ ਘੜਨ ਦੀ ਵੀ । ਇਸ ਰਚਨਾ ਵਿਚ ਜੇਕਰ ਪੁਲਿਸ ਇਸ ਭ੍ਰਿਸ਼ਟ ਪ੍ਰਬੰਧ ਦਾ ਇਕ ਸਿਰਾ ਹੈ ਤਾਂ ਸਰਕਾਰੀ ਵਕੀਲ ਦੂਸਰਾ ਸਿਰਾ। ਦੂਸਰੇ ਸਿਰੇ ਦਾ ਪ੍ਰਤਿਨਿੱਧ ਪਾਤਰ ਸੁਰਿੰਦਰ ਸਿੰਘ ਪਹਿਲੇ ਸਿਰੇ ਦੇ ਪ੍ਰਤਿਨਿੱਧ ਪਾਤਰ ਨਾਜਰ ਸਿੰਘ ਨੂੰ ਅਸਲੋਂ ਬੇਜ਼ਾਰ ਤੇ ਬੇਬੱਸ ਕਰ ਦੇਂਦਾ ਹੈ। ਲੇਖਕ ਸਮੁੱਚੀ ਸਥਿਤੀ ਨੂੰ ਸਪਾਟ ਤੇ ਇਕਹਿਰੇ ਰੂਪ ਵਿਚ ਨਹੀਂ ਚਿਤਰਦਾ ਸਗੋਂ ਉਸ ਵਿਚਲੇ ਅੰਤਰ-ਵਿਰੋਧਾਂ ਨੂੰ ਸਾਮ੍ਹਣੇ ਲਿਆ ਕੇ ਉਸ ਦੀ ਸੰਬਾਦਕਤਾ ਨੂੰ ਉਜਾਗਰ ਕਰਦਾ ਅਤੇ ਸਥਿਤੀ ਦਾ ਨਕਸ਼ਾ ਉਲੀਕਦਾ ਹੈ।ਇਹ ਨਕਸ਼ਾ ਦਿੱਸਦੇ ਪੱਧਰ ਉੱਪਰ ਤਾਂ ਅਜੋਕੇ ਨਿਆਂ ਪ੍ਰਬੰਧ ਦਾ ਨਕਸ਼ਾ ਹੈ ਪਰੰਤੂ ਅਣਦਿਸਦੇ ਪੱਧਰ ਉੱਪਰ ਘਪਲੇਬਾਜ਼ੀ, ਮੁਨਾਫਾਖੋਰੀ, ਸਾਜ਼ਿਸ਼ਾਂ ਉੱਪਰ ਉੱਸਰੇ ਪ੍ਰਬੰਧ ਦੇ ਤਾਣੇ-ਪੇਟੇ ਦੀ ਨੁਹਾਰ ਨੂੰ

ਰੁਪਮਾਨ ਕਰਦਾ ਹੈ ।ਦੂਸਰੇ ਹਿੱਸੇ ਵਿਚ ਨਿਰਦੋਸ਼ ਧਿਰ ਦਾ ਪਿਛੋਕੜ ਤੇ ਸਥਿਤੀ, ਉਸ ਦੇ ਇਤਿਹਾਸਕ ਕਾਰਣ ਅਤੇ ਉਸ ਦੀਆਂ ਪੱਖੀ ਸ਼ਕਤੀਆਂ ਦੀ ਕਾਰਜਸ਼ੀਲਤਾ ਦੇਖੀ ਜਾ ਸਕਦੀ ਹੈ । ਇਨ੍ਹਾਂ ਲੋਟੂ ਧਿਰਾਂ ਦਾ ਘੇਰਾ ਨਿਆਇਪਾਲਿਕਾ ਦੇ ਅੰਦਰ ਅਰਦਲੀ, ਰੀਡਰ, ਸਟੈਨੋ, ਵਕੀਲ ਅਤੇ ਜੱਜ ਤਕ ਘੇਰਾ ਫੈਲਿਆ ਹੋਇਆ ਹੈ ਅਤੇ ਨਿਆਂ-ਪਾਲਿਕਾ ਦੇ ਬਾਹਰ ਪਿੰਡ ਦੇ ਚੌਕੀਦਾਰ ਤੇ ਪਟਵਾਰੀ ਤੋਂ ਲੈ ਕੇ ਮੰਤਰੀ ਤਕ । ਇਸ ਦੇ ਨਾਲ ਤੀਸਰੀ ਧਿਰ ਹੈ ਜੋ ਬਿਲਕੁਲ ਮੂਕ ਤੇ ਘੜੇ-ਮਿਥੇ ਵਿਸ਼ਵਾਸਾਂ ਤੇ ਮਿੱਥਾਂ ਨਾਲ ਜੀਊਂਦੀ ਹੈ ।ਇਸ ਧਿਰ ਦਾ ਵਿਸ਼ਵਾਸ ਹੈ ਕਿ "ਸੱਚੇ ਬੰਦੇ ਦਾ ਕਦੇ ਵਾਲ ਵਿੰਗਾ ਨਹੀਂ ਹੁੰਦਾ ।" ਪਰੰਤੂ ਇਸ ਦੇ ਨਾਲ ਇਕ ਧਿਰ ਐਸੀ ਵੀ ਹੈ ਜੋ ਸਮਾਜਕ ਯਥਾਰਥ ਦੀ ਤੋਰ ਤੇ ਅਸਲੀਅਤ ਤੋਂ ਵਾਕਿਫ਼ ਹੈ । ਲੋਕ ਪੱਖੀ ਸ਼ਕਤੀਆਂ ਵਕੀਲ ਪਿਆਰੇ ਲਾਲ ਅਤੇ ਉਸਦੇ ਸਹਿਯੋਗੀ ਹਨ । ਇਸ ਪਿਆਰੇ ਲਾਲ ਦੇ ਪਾਤਰ ਰਾਹੀਂ ਲੇਖਕ ਆਪਣੀ ਗੱਲ ਨਿਆਇ ਪਾਲਿਕਾ ਤੋਂ ਬਾਹਰਲੇ ਸਮਾਜ ਤਕ ਫੈਲਾਉਂਦਾ ਹੈ । ਇਸ ਬਾਹਰ ਫੈਲੇ ਸਮਾਜ ਵਿਚ ਯੋਗਤਾ ਤੇ ਲਿਆਕਤ ਦੀ ਰੱਜ ਕੇ ਬੇਕਦਰੀ ਹੁੰਦੀ ਹੈ । ਲੇਖਕ ਸਮਾਨਾਂਤਰਤਾ ਦੀ ਜੁਗਤ ਰਾਹੀਂ ਪਿਆਰੇ ਲਾਲ ਦੇ ਸਮਾਂਨਤਰ ਆਰਥਿਕ ਪੱਖੋਂ ਮਜ਼ਬੂਤ ਤੇ ਪਹੁੰਚ ਵਾਲੇ ਪਾਤਰਾਂ ਨੂੰ ਸਿਰਜਦਾ ਹੈ । ਇਹ ਪਾਤਰ ਹਨ : ਬੱਬੂ, ਬਿੱਲੂ ਤੇ ਤਰੱਕੀ ਲਾਲ । ਪਿਆਰੇ ਲਾਲ ਸਾਡੀ ਉਸ ਨੌਜਵਾਨ ਪੀੜ੍ਹੀ ਦਾ ਪ੍ਰਤਿਨਿੱਧ ਹੈ ਜਿਹੜੀ ਆਪਣੀ ਲਿਆਕਤ ਦੇ ਬਲਬੂਤੇ ਕੁਝ ਕਰਨਾ ਤਾਂ ਚਾਹੁੰਦੀ ਹੈ ਪਰੰਤੂ ਉਸ ਨੂੰ ਨਾ ਤਾਂ ਯੋਗਤਾ ਦਿਖਾਉਣ ਦਾ ਮੌਕਾ ਮਿਲਦਾ ਹੈ ਅਤੇ ਜੇਕਰ ਥੋੜ੍ਹਾ-ਬਹੁਤ ਮਿਲਦਾ ਵੀ ਹੈ ਤਾਂ ਪਰਿਸਥਿਤੀ ਦੀ ਕਰੂਰਤਾ ਤੇ ਪ੍ਰਬੰਧ ਦੀ ਕਪਟਤਾ ਉਸ ਦਾ ਮੋਹ ਭੰਗ ਕਰ ਦੇਂਦੀ ਹੈ । ਨਾਵਲ ਦੇ ਇਸ ਹਿੱਸੇ ਵਿਚ ਇਹ ਧਿਰ ਆਪਣੇ ਆਪ ਨੂੰ ਸੰਗਠਿਤ ਕਰਦੀ ਅਤੇ ਦੋਸ਼ੀ ਧਿਰ ਦੀ ਜ਼ਮਾਨਤ ਦੀ ਕੋਸ਼ਿਸ ਕਰਦੀ ਹੈ । ਲੇਖਕ ਹਵਾਲਾਤ ਅੰਦਰ ਬੰਦ ਧਿਰਾਂ ਦੇਬੂ ਭਈਏ, ਬਹਾਦਰ ਪਹਾੜੀਏ ਤੇ ਸੋਨੂੰ ਸੁਨਿਆਰ ਉੱਪਰ ਫੋਕਸ ਕਰਦਾ ਹੈ ਤਾਂ ਪ੍ਰਗਟ ਹੁੰਦਾ ਹੈ ਕਿ ਇਨ੍ਹਾਂ ਧਿਰਾਂ ਨੂੰ ਵੀ ਲੁੰਪਨ ਬਣਨ ਲਈ ਮਜਬੂਰ ਕੀਤਾ ਗਿਆ ਹੈ । ਇਹ ਪ੍ਰਬੰਧ ਪ੍ਰੋਲੋਤਾਰੀ ਵਰਗ ਨੂੰ ਆਪਣੀਆਂ ਲੁੱਟ-ਚੋਘ ਉੱਪਰ ਉੱਸਰੀਆਂ ਕੀਮਤਾਂ ਅਨੁਸਾਰ ਢਾਲਦਾ ਹੈ ਅਤੇ ਜੋ ਨਹੀਂ ਢਲਦਾ ਉਸ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ ਹੈ । ਪੱਖੀ ਧਿਰ ਦੀ ਹਮਦਰਦੀ ਤੇ ਯਤਨਾਂ ਦੇ ਬਾਵਜੂਦ ਜਦੋਂ ਜ਼ਮਾਨਤ ਨਹੀਂ ਹੁੰਦੀ ਤਾਂ ਫਿਰ ਇਹ ਧਿਰ ਉਨ੍ਹਾਂ ਸਭਨਾਂ ਦਾ ਕੇਸ ਲੜਨ ਦੀ ਠਾਣਦੀ ਹੈ ਜਿਨ੍ਹਾਂ ਨਾਲ 'ਧੱਕਾ' ਹੋਇਆ ਹੈ ।

**ਕਟਹਿਰਾ** ਦੇ ਤੀਸਰੇ ਹਿੱਸੇ ਵਿਚ ਲੋਕ-ਪੱਖੀ ਧਿਰ ਆਪਣੇ ਆਪ ਨੂੰ ਸੰਗਠਿਤ ਕਰਦੀ ਹੈ । ਤਰਕ ਤੇ ਦਲੀਲ ਨਾਲ ਬੇਦੋਸ਼ਿਆਂ ਦਾ ਕੇਸ ਲੜਨ ਲਈ ਮਸੌਦਾ ਤਿਆਰ ਹੀ ਨਹੀਂ ਕੀਤਾ ਜਾਂਦਾ ਸਗੋਂ ਨਿਆਇਪਾਲਿਕਾ ਦੇ ਹਰ ਹਰਬੇ ਤੇ ਸਾਜਿਸ਼ ਨੂੰ ਇਸਦੀ ਸਹਾਇਤਾ ਨਾਲ ਸਿਰ ਭਾਰ ਖੜ੍ਹਾ ਕਰ ਦਿੱਤਾ ਜਾਂਦਾ ਹੈ । ਆਸ ਤੇ ਉਮੀਦ ਦੀ ਕਿਰਣ ਪੈਦਾ ਹੁੰਦੀ ਹੈ ।ਲੋਕ ਪੱਖੀ ਸ਼ਕਤੀਆਂ ਦਾ ਦਬਾਅ ਵਧਦਾ ਵੇਖ ਕੇ ਸਟੇਟ ਹਰਕਤ ਵਿਚ ਆਉਂਦੀ ਹੈ ਅਤੇ ਇਸ ਧਿਰ ਦੀ ਪੂਰੇ ਯਤਨਾਂ ਨਾਲ ਹਾਸਲ ਕੀਤੀ ਸ਼ਕਤੀ ਨੂੰ ਆਪਣੇ ਇੱਕੋ ਮੋਹਰੇ ਜੱਜ ਮੋਤਾ ਸਿੰਘ ਰਾਹੀਂ ਢਹਿ-ਢੇਰੀ ਕਰ ਦੇਂਦੀ ਹੈ । ਇੰਜ ਇਹ ਰਚਨਾ ਸਾਡੀ ਨਿਆਇਪ੍ਰਣਾਲੀ ਦੇ ਆਡੰਬਰ ਨੂੰ ਚੰਗੀ ਤਰ੍ਹਾਂ ਘੋਖਦੀ ਹੋਈ ਉਸ ਦੀ ਅਸਲੀਅਤ ਨੂੰ ਪ੍ਰਗਟ ਕਰਦੀ ਹੈ । ਸਟੇਟ ਦੀਆਂ ਵੱਖ-ਵੱਖ ਧਿਰਾਂ ਦੇ ਸੰਗਲੀ ਦੀਆਂ ਘੁਰੀਆਂ ਵਾਂਗ ਇਕ ਦੂਸਰੇ ਨਾਲ ਜੁੜੇ ਹੋਣ ਦੀ ਟੋਹ ਤਾਂ ਮਿਲਦੀ ਹੀ ਹੈ ਨਾਲ ਹੀ ਨਾਲ ਇਨ੍ਹਾਂ ਦੀ ਪੀਡੀ ਪਕੜ ਦਾ ਪਤਾ ਵੀ ਲੱਗਦਾ ਹੈ । ਇਸ ਵਿਵਸਥਾ ਦੀ ਮੁੱਖ ਚਾਲਕ ਸ਼ਕਤੀ ਪੈਸਾ, ਰੁਤਬਾ, ਗਰਜ਼ ਤੇ ਭਾਈ-ਭਤੀਜਾਵਾਦ ਬਣੇ ਦਿਖਾਈ ਦੇਂਦੇ ਹਨ । ਜ਼ਮੀਰ ਤੇ ਲਿਆਕਤ ਵਰਗੀ ਸ਼ੈਅ ਇਸ ਚਾਲਕ-ਸ਼ਕਤੀ ਦੀ ਪਕੜ ਤੇ

ਵਹਿਸ਼ਤ ਹੇਠ ਬੁਰੀ ਤਰ੍ਹਾਂ ਕੁਚਲੀ ਜਾਂਦੀ ਹੈ। ਜਸਟਿਸ ਨਾਥ ਤੇ ਵਕੀਲ ਭੰਡਾਰੀ ਇਸੇ ਚਾਲਕ ਸ਼ਕਤੀ ਦੇ ਹੀ ਚਿਹਨਕ ਹਨ। ਨਾਵਲ ਦੇ ਅੰਤ ਉੱਪਰ ਲਿਤਾੜੀ ਧਿਰ ਪਿਆਰੇ ਲਾਲ ਦੇ ਪ੍ਰਤੀਕ-ਪਾਤਰ ਰਾਹੀਂ ਮੱਧਸ਼੍ਰੇਣੀ ਦੀ ਭਾਵੁਕਤਾ ਨੂੰ ਉਜਾਗਰ ਕਰਦੀ ਹੈ। ਇਹ ਧਿਰ ਆਦਰਸ਼ਾਂ ਦੇ ਤਿੜਕਣ ਪਿੱਛੋਂ ਬਗਾਵਤ ਦਾ ਝੰਡਾ ਚੁੱਕਦੀ ਹੈ। ਲੋਕ-ਪੱਖੀ ਲਹਿਰਾਂ ਵਿਚ ਸ਼ਾਮਲ ਹੁੰਦੀ ਹੈ।ਉਸ ਦੀ ਇਸ ਹਰਕਤ ਦੀਆਂ ਜੜ੍ਹਾਂ ਸਾਡੇ ਸਮਾਜਕ-ਯਥਾਰਥ ਦੀ ਭੂਮੀ ਵਿਚ ਕਿੰਨੀਆਂ ਕੁ ਡੂੰਘੀਆਂ ਹਨ? ਇਹ ਵਿਚਾਰਣਯੋਗ ਮਸਲਾ ਹੈ। ਜੱਜ ਮੋਤਾ ਸਿੰਘ ਉਸ ਧਿਰ ਦਾ ਪ੍ਰਤੀਕ ਹੈ ਜਿਹੜੀ ਇਹ ਤਾਂ ਮਹਿਸੂਸ ਕਰਦੀ ਹੈ ਕਿ ਬੇਦੋਸ਼ੀਆਂ ਧਿਰਾਂ ਨਾਲ ਜ਼ਿਆਦਤੀ ਅਤੇ ਵਧੀਕੀ ਹੋ ਰਹੀ ਹੈ, ਪਲ ਦੀ ਪਲ ਤਰਲ ਵੀ ਹੁੰਦੀ ਹੈ ਪਰੰਤੂ ਫਿਰ ਉਸੇ ਪ੍ਰਬੰਧ ਦਾ ਕਲ-ਪੁਰਜ਼ਾ ਬਣ ਜਾਂਦੀ ਹੈ। ਇਸ ਧਿਰ ਦੇ ਅੰਦਰੂਨੀ ਤੇ ਬਾਹਰੀ ਤਨਾਉ ਨੂੰ ਲੇਖਕ ਰੂਪਮਾਨ ਕਰਦਾ ਹੈ। ਨਾਵਲ ਦੀ ਦੁਨੀਆਂ ਵਿਚ ਮਾਸੂਮ ਦੇ ਕਾਤਲ ਨਹੀਂ ਲੱਭਦੇ ਅਤੇ ਨਾਲ ਹੀ ਬੇਦੋਸ਼ਿਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਇਹ ਦੋਵੇਂ ਗੱਲਾਂ ਮਾਸੂਮੀਅਤ ਦੇ ਵਰਤਮਾਨ ਵਿਚ ਹੋਏ ਕਤਲ ਅਤੇ ਬੇਦੋਸ਼ਿਆਂ ਨਾਲ ਭਵਿੱਖ ਵਿਚ ਹੋਣ ਵਾਲੇ ਵਿਹਾਰ ਨੂੰ ਪ੍ਰਗਟ ਕਰਦੀਆਂ ਹਨ। ਇੰਜ ਇਹ ਰਚਨਾ ਮਾਸੂਮ ਤੇ ਨਿਰਦੋਸ਼ ਸ਼੍ਰੇਣੀ ਦੀ ਤ੍ਰੈਕਾਲ ਵਿਚ ਫੈਲੀ ਲੁੱਟ ਤੇ ਪੀੜਾ ਦਾ ਪ੍ਰਤੀਕ ਬਣ ਜਾਂਦੀ ਹੈ।

ਮੀਤ ਨੇ **ਤਫ਼ਤੀਸ਼** ਵਿਚ ਫੌਜਦਾਰੀ ਨਿਆਂ ਪ੍ਰਬੰਧ ਦੀ ਪਹਿਲੀ ਕੜੀ ਪੁਲਿਸ ਪ੍ਰਬੰਧ ਦੇ ਪਾਜ ਨੂੰ ਉਘੇੜਿਆ, **ਕਟਹਿਰਾ** ਵਿਚ ਨਿਆਂ ਪਾਲਿਕਾ ਖ਼ੁਦ ਕਟਹਿਰੇ ਵਿਚ ਆਣ ਖਲੋਤੀ ਅਤੇ **ਕੌਰਵ ਸਭਾ** ਵਿਚ ਉਸ ਡਾ. ਕੇਸਰ ਸਿੰਘ ਕੇਸਰ ਦੇ ਕਹਿਣ ਵਾਂਗ 'ਪੈਸੇ ਦੀ ਸ਼ਕਤੀ ਦਾ ਪ੍ਰਵਚਨ' ਸਿਰਜਿਆ। ਖ਼ੁਦ ਉਸ ਨੇ ਇਸ ਨੂੰ "ਮਾਇਆ ਦੇ ਤਾਂਡਵ ਨਾਚ ਦੇ ਦ੍ਰਿਸ਼ ਚਿਤਰਣ" ਦਾ ਨਾਂ ਦਿੱਤਾ। ਪਹਿਲੇ ਦੋਵਾਂ ਨਾਵਲਾਂ ਵਿਚ ਉਸ ਇਕ ਪਾਸੇ ਸਾਧਨ-ਹੀਣ ਲੋਕਾਂ ਉੱਪਰ ਹੁੰਦੇ ਅਤਿਆਚਾਰਾਂ ਅਤੇ ਪੀੜਾ ਨੂੰ ਚਿਤਰਿਆ ਉੱਥੇ ਨਾਲ ਹੀ ਨਾਲ ਉਨ੍ਹਾਂ ਨੂੰ ਇਸ ਪੀੜਾ ਅਤੇ ਅਤਿਆਚਾਰਾਂ ਤੋਂ ਮੁਕਤ ਕਰਨ ਲਈ ਉਨ੍ਹਾਂ ਹਮਦਰਦਾਂ ਅਤੇ ਸਮਰਥਕਾਂ ਵਲੋਂ ਵਿੱਢੇ ਸੰਘਰਸ਼ਾਂ ਦੀ ਗਾਥਾ ਨੂੰ ਵੀ ਉਭਾਰਿਆ। **ਕਟਹਿਰਾ** ਅਤੇ **ਕੌਰਵ ਸਭਾ** ਨੂੰ ਉਸ ਪੂਰਕ ਰਚਨਾਵਾਂ ਵਜੋਂ ਸਿਰਜਿਆ। ਜਿੱਥੇ **ਕਟਹਿਰਾ** ਵਿਚ ਉਸ ਸਾਧਨਹੀਣ, ਮਜ਼ਲੂਮ, ਬੇਕਸੂਰ ਅਤੇ ਨਿਆਂ ਪਾਲਿਕਾ ਦੀਆਂ ਜ਼ਿਆਦਤੀਆਂ ਦੀ ਸ਼ਿਕਾਰ ਧਿਰ ਦਾ ਪੱਖ ਪੇਸ਼ ਕੀਤਾ ਉੱਥੇ **ਕੌਰਵ ਸਭਾ** ਵਿਚ ਪੈਸੇ ਅਤੇ ਸੰਪਰਕਾਂ ਦੀ ਸ਼ਕਤੀ ਰਾਹੀਂ ਮੁਲਜ਼ਮ ਧਿਰ ਦੀ ਫ਼ਤਹਿ ਨੂੰ ਉਭਾਰਿਆ। ਆਪਣੀ ਖੋਜ -ਮੂਲਕ ਬਿਰਤੀ ਨਾਲ ਉਸ ਇਹ ਸਿੱਧ ਕੀਤਾ ਕਿ ਕਾਨੂੰਨ ਕਿਉਂ, ਕਿਸ ਤਰ੍ਹਾਂ ਸਾਧਨ ਸੰਪੰਨ ਧਿਰ ਦੇ ਪੱਖ ਵਿਚ ਭੁਗਤਦਾ ਹੈ। ਜ਼ਿਆਦਤੀਆਂ, ਹਨੇਰ-ਗਰਦੀ ਅਤੇ ਬੇਇਨਸਾਫੀਆਂ ਨਾਲ ਭਰੇ ਪੂੰਜੀਵਾਦੀ ਦੌਰ ਦੇ ਇਸ ਕੌਰਵਾਂ ਦੇ ਜ਼ਮਾਨੇ ਨੂੰ ਤਾਂ ਉਸ ਚਿਤਰਿਆ ਹੀ ਹੈ ਨਾਲ ਹੀ ਨਾਲ ਪਾਂਡਵਾਂ ਨੂੰ ਵੀ ਇਸ ਸਭ ਕੁਝ ਦੇ ਖਿਲਾਫ਼ ਤਿੱਖਾ ਸੰਘਰਸ਼ ਕਰਦੇ ਦਿਖਾਇਆ ਹੈ। ਨਾਵਲ ਦੇ ਥੀਮ ਦੇ ਪ੍ਰਸੰਗ ਵਿਚ ਲੇਖਕ ਦਾ ਸ੍ਵੈ-ਕਥਨ ਖ਼ਾਸਾ ਮਹੱਤਵਪੂਰਨ ਹੈ ਕਿ "ਇਸ ਨਾਵਲ ਰਾਹੀਂ ਉਸ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜੱਪਣ ਦੀ ਪ੍ਰਵਿਰਤੀ, ਮਹਾਂਨਗਰੀ ਅਤੇ ਸ਼ਹਿਰੀ ਸਭਿਆਚਾਰ ਦਾ ਤੁਲਾਨਤਮਕ ਅਧਿਐਨ, ਆਰਥਿਕਤਾ ਦੇ ਆਧਾਰ' ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਿਆ ਹੈ। ਨਾਲ ਹੀ ਨਾਲ ਕਾਨੂੰਨ ਦੀ ਤੱਕੜੀ ਦੇ ਇਕ ਪਲੜੇ ਦੇ ਪੈਸੇ ਦੇ ਭਾਰ ਨਾਲ ਸਾਧਨ ਸੰਪੰਨ ਲੋਕਾਂ ਵੱਲ ਝੁਕਣ ਦੇ ਰੁਝਾਨ ਅਤੇ ਕਾਰਨਾਂ ਨੂੰ ਪੇਸ਼ ਕੀਤਾ ਹੈ ਅਤੇ ਸਾਧਨਹੀਣ ਲੋਕਾਂ ਨਾਲ ਹੁੰਦੇ ਧੱਕੇ ਨੂੰ ਵੀ। ਸਾਡਾ ਕਾਨੂੰਨੀ ਢਾਂਚਾ ਮੁਜਰਿਮ ਪੱਖੀ ਅਤੇ ਲਚਕਦਾਰ ਹੈ।"

**ਕੌਰਵ ਸਭਾ** ਨਾਵਲ ਦੀ ਖੂਬੀ ਸਟੇਟ ਦੇ ਵਿਭਿੰਨ ਪ੍ਰਬੰਧਾਂ ਦੀ ਜਟਿਲ ਕਾਰਜ਼ਸ਼ੀਲਤਾ ਨੂੰ ਗਤੀਸ਼ੀਲ ਰੂਪ ਵਿਚ ਪਕੜਣ ਅਤੇ ਚਿਤਰਣ ਵਿਚ ਨਿਹਿਤ ਹੈ। ਪੂੰਜੀਵਾਦ ਦੇ ਭੇਤਾਂ ਅਤੇ ਪੈਸੇ ਹੱਥੀਂ ਵਿਕਦੇ ਕਾਨੂੰਨ ਨੂੰ ਚਿਤਰਨ ਲਈ ਉਹ ਸਿਰਫ਼ ਨਿਆਂ ਪ੍ਰਣਾਲੀ ਦੀ ਮਨਫ਼ੀ ਭੂਮਿਕਾ ਅਤੇ ਮਹੱਤਵਹੀਣਤਾ ਨੂੰ ਹੀ ਨਹੀਂ ਚਿਤਰਦਾ ਬਲਕਿ ਸਿਹਤ ਪ੍ਰਬੰਧ, ਅਫ਼ਸਰਸ਼ਾਹੀ, ਰਾਜਨੀਤੀ, ਧਰਮ,ਵਿਦਿਅਕ ਢਾਂਚੇ ਅਤੇ ਮੀਡੀਏ ਦੀ ਨਾਕਾਰਾਤਮਕ ਭੂਮਿਕਾ ਤਕ ਫੈਲ ਜਾਂਦਾ ਹੈ।ਇਹ ਸਭ ਸੰਸਥਾਵਾਂ ਮਾਇਆ ਦੀ ਅੰਨ੍ਹੀ ਦੌੜ ਵਿਚ ਪਈਆਂ ਬੇਕਿਰਕ ਹੋ ਕੇ ਬੇਇਨਸਾਫੀਆਂ, ਧੱਕੇਸ਼ਾਹੀਆਂ, ਭ੍ਰਿਸ਼ਟਾਚਾਰ ਅਤੇ ਦੁਰਾਚਾਰ ਵਿਚ ਵਿਅਸਤ ਹਨ। ਭ੍ਰਿਸ਼ਟਾਚਾਰ, ਲੋਭ, ਕਪਟ, ਛਲ ਅਤੇ ਹਿੰਸਾ ਇਨਾਂ ਦੀ ਕਾਰਜਸ਼ੈਲੀ ਦਾ ਹਿੱਸਾ ਬਣ ਚੁੱਕੇ ਹਨ। ਉੱਪਰੋਂ ਅਲੱਗ-ਅਲੱਗ ਭਾਸਦੀਆਂ ਇਨ੍ਹਾਂ ਸੰਸਥਾਵਾਂ ਵਿਚ ਸਾਂਝ ਹੈ ਵਿਆਪਕ ਭ੍ਰਿਸ਼ਟਾਚਾਰ ਦੀ।ਵਿਆਪਕ ਭ੍ਰਿਸ਼ਟਾਚਾਰ ਦਾ ਮਹਾਂਦ੍ਰਿਸ਼ ਸਿਰਜ ਕੇ ਜਿੱਥੇ ਲੇਖਕ **ਕੌਰਵ ਸਭਾ** ਦੀ **ਤਫ਼ਤੀਸ਼** ਅਤੇ **ਕਟਹਿਰਾ** ਨਾਲ ਸਾਂਝ ਨੂੰ ਸਿਰਜਦਾ ਹੈ ਉੱਥੇ ਮਾਇਆ ਦੀ ਸ਼ਕਤੀ ਨੂੰ ਉਭਾਰ ਕੇ ਇਸ ਰਚਨਾ ਦੇ ਵਿਲੱਖਣ ਸਰੂਪ ਨੂੰ ਘੜਦਾ ਹੈ। ਮਾਇਆ, ਸਾਧਨ ਅਤੇ ਸੰਪਰਕ ਹੋਣ ਤਾਂ ਕਾਨੂੰਨ ਦੀਆਂ ਕਮਜ਼ੋਰੀਆਂ ਸ੍ਵੈ-ਸਹਿਜ ਹੀ ਸਮਝ ਆ ਜਾਂਦੀਆਂ ਹਨ। ਮੁਲਜ਼ਮ ਧਿਰ ਇਸ ਸਭ ਕੁਝ ਰਾਹੀਂ ਬੇਕਸੂਰ ਹੋ ਜਾਂਦੀ ਹੈ। ਮੁਲਜ਼ਮ ਧਿਰ ਕਿਵੇਂ ਮਾਇਆ, ਸਾਧਨਾਂ ਅਤੇ ਸੰਪਰਕਾਂ ਨਾਲ ਬੇਕਸੂਰ ਬਣ ਜਾਂਦੀ ਹੈ, ਲੇਖਕ ਇਸ ਸਮੁੱਚੀ ਪ੍ਰਕਿਰਿਆ ਨੂੰ ਗਲਪ ਬਿੰਬਾਂ ਵਿਚ ਢਾਲਦਾ ਹੈ। ਅਜਿਹੇ ਮਾਹੌਲ ਵਿਚ ਸਮੁੱਚੀਆਂ ਸੰਸਥਾਵਾਂ ਵਿਚ ਕਿਸੇ ਇਕ ਦਾ ਵੀ ਆਪਣੇ ਫ਼ਰਜ਼ ਪ੍ਰਤਿ ਪ੍ਰਤਿਬੱਧ ਜਾਂ ਸੁਹਿਰਦ ਰਹਿਣਾ ਮੁਮਕਿਨ ਹੀ ਨਹੀਂ। ਇਹ ਸੰਸਥਾਵਾਂ ਆਪਣੇ ਸੰਗਠਨ ਦੇ ਤਰਕ ਦੇ ਖਿਲਾਫ਼ ਜਾ ਹੀ ਨਹੀਂ ਸਕਦੀਆਂ। ਇਸ ਸਮੁੱਚੇ ਪਸਮੰਜ਼ਰ ਵਿਚ ਕੌਰਵਾਂ ਦੀ ਜਿੱਤ ਯਕੀਨੀ ਹੈ, ਪਾਂਡਵ ਤਾਂ ਆਦਰਸ਼ਕ ਸਥਿਤੀ ਵਿਚ ਸੰਘਰਸ਼ ਵਿੱਢ ਸਕਦੇ ਹਨ ਅਤੇ ਵਾਸਤਵਿਕ ਸਥਿਤੀ ਵਿਚ ਨਿਰਾਸ਼ ਹੋ ਕੇ ਗੋਸ਼ਾ ਪਕੜ ਬੈਠਦੇ ਹਨ। ਮੀਤ ਦੇ ਪਾਤਰ ਬੇਬੱਸ ਜਾਂ ਨਿਰਾਸ਼ ਨਹੀਂ ਹੁੰਦੇ ਸਗੋਂ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਕੇ ਫ਼ਤਹਿ ਹਾਸਲ ਕਰਦੇ ਹਨ।

**ਕੌਰਵ ਸਭਾ** ਵਿਚ ਮੀਤ ਆਪਣੇ ਪਹਿਲੇ ਨਾਵਲਾਂ ਵਾਂਗ ਕਥਾ ਨੂੰ ਤਾਂ ਵੱਖ-ਵੱਖ ਸੰਸਥਾਵਾਂ ਦੇ ਭ੍ਰਿਸ਼ਟ ਪੂੰਜੀਵਾਦ ਕਿਰਦਾਰ ਨੂੰ ਦਰਸਾਉਣ ਲਈ ਇਕ ਬਹਾਨਾ ਬਣਾਉਂਦਾ ਹੈ। ਇਸ ਬਹਾਨੇ ਹੀ ਉਹ ਇਹਨਾਂ ਸੰਸਥਾਵਾਂ ਦੇ ਆਰ-ਪਾਰ ਫੈਲ ਜਾਦਾਂ ਹੈ।ਨਾਵਲ ਦੀ ਮੂਲ ਕਥਾ ਵਿਚ ਤਾਂ ਇੱਕੋ ਨਿਮਨ ਮੱਧਵਰਗੀ ਪਰਿਵਾਰ ਨਾਲ ਸੰਬੰਧਿਤ ਜਗੀਰੂ ਸੰਸਕਾਰਾਂ ਨਾਲ ਜੁੜੇ ਛੋਟੇ ਜਹੇ ਕਸਬੇ ਵਿਚ ਵਸੇ ਦੋ ਟੱਬਰ ਹਨ। ਉਨ੍ਹਾਂ ਦੀ ਜ਼ਿੰਦਗੀ ਵਿਚ ਸੁੱਖ, ਚੈਨ ਅਤੇ ਸੰਤੁਲਨ ਹੈ। ਇਸ ਪਰਿਵਾਰ ਵਿਚੋਂ ਇਕ ਜੀਅ ਮਾਇਆ ਨਗਰ ਵਿਚ ਉਚੇਰੀ ਸਿੱਖਿਆ ਲਈ ਆਉਂਦਾ, ਇੰਜੀਨੀਅਰ ਬਣਦਾ ਅਤੇ ਮਾਇਆ ਦੇ ਅੰਬਾਰ ਲਾ ਕੇ ਸਰਮਾਏਦਾਰਾਂ ਦੀ ਮੂਹਰਲੀ ਕਤਾਰ ਵਿਚ ਆ ਖਲੋਂਦਾ ਹੈ। ਆਪਣੀ ਮਾਇਆ ਦੀ ਵਧੀ ਹੋਈ ਲਾਲਸਾ ਦੀ ਪੂਰਤੀ ਲਈ ਮੋਹਨ ਆਪਣੇ ਛੋਟੇ ਭਰਾ ਵੇਦ ਨੂੰ ਕਸਬੇ ਵਿਚੋਂ, ਉਸ ਦੀ ਜਕੋਤਕੀ ਦੇ ਬਾਵਜੂਦ, ਮਾਇਆ ਨਗਰੀ ਵਿਚ ਬੁਲਾਉਂਦਾ ਹੈ। ਦੋਵਾਂ ਪਰਿਵਾਰਾਂ ਦੇ ਮਾਇਆ ਨਗਰੀ ਵਿਚ ਪੈਰ ਲੱਗ ਜਾਂਦੇ ਹਨ। ਮਾਇਆ ਨਾਲ ਰਸੂਖ਼ ਵਧਦਾ ਹੈ ਅਤੇ ਰਸੂਖ਼ ਨਾਲ ਮਾਇਆ ਵਧਦੀ ਹੈ।ਤਨਾਉ ਜਾਂ ਅਸੰਤੁਲਨ ਉਦੋਂ ਵਿਆਪਦਾ ਹੈ ਜਦੋਂ ਮੋਹਨ ਦੀ ਮੌਤ ਹੋ ਜਾਂਦੀ ਹੈ।ਸੁਭਾਵਿਕ ਤੌਰ ਤੇ ਕਾਰੋਬਾਰ ਮੋਹਨ ਦੇ ਦੋ ਪੁੱਤਰਾਂ ਪੰਕਜ ਤੇ ਨੀਰਜ ਦੇ ਹੱਥਾਂ ਵਿਚ ਅੱਪੜ ਜਾਂਦਾ ਹੈ।ਮਾਹੌਲ ਸ਼ੰਕੇ ਅਤੇ ਆਪਾਧਾਪੀ ਦਾ ਪੈਦਾ ਹੁੰਦਾ ਹੈ। ਮਸਲਾ ਚਾਚੇ ਅਤੇ ਉਸ ਦੇ ਪਰਿਵਾਰ ਨੂੰ ਸਬਕ ਸਿਖਾਉਣ ਤਕ ਅੱਪੜਦਾ ਹੈ। ਇਸ ਸਬਕ ਸਿਖਾਉਣ ਦੇ ਕਾਰਜ ਵਿਚ ਹੀ ਵੇਦ ਦੀ

ਪਤਨੀ ਭਾੜੇ ਦੇ ਬੰਦਿਆਂ ਹੱਥੋ ਗੰਭੀਰ ਰੂਪ ਵਿਚ ਜ਼ਖਮੀ ਹੁੰਦੀ ਹੈ, ਉਸ ਦੇ ਪੁੱਤਰ ਕਮਲ ਦਾ ਕਤਲ ਅਤੇ ਧੀ ਨੇਹਾ ਦਾ ਬਲਾਤਕਾਰ ਹੁੰਦਾ ਹੈ ।ਇਕ ਪਰਿਵਾਰ ਦੇ ਜੀਅ ਮੁਲਜ਼ਮ ਧਿਰ ਅਤੇ ਮੁੱਦਈ ਧਿਰ ਵਿਚ ਵਟ ਜਾਂਦੇ ਹਨ । ਮੁਲਜ਼ਮ ਧਿਰ ਪੈਸੇ, ਸਿਆਸੀ ਤਾਕਤ, ਰਸੂਖ਼ ਅਤੇ ਅਫ਼ਸਰਸ਼ਾਹੀ ਦੇ ਸਾਥ ਨਾਲ, ਰਾਮ ਨਾਥ ਵਰਗੇ ਸਰਕਾਰੀ ਵਕੀਲ ਦੇ ਨਿਆਂ ਦਿਵਾਉਣ ਦੀ ਸਿਰਤੋੜ ਕੋਸ਼ਿਸ਼ ਦੇ ਬਾਵਜੂਦ, ਬਰੀ ਹੋ ਜਾਂਦੀ ਹੈ । ਗੁਰਦੇਵ ਨਗਰ ਦੀ ਪੌਸ਼ ਕਾਲੋਨੀ ਵਿਚਲੇ ਇਕ ਹਜ਼ਾਰ ਗਜ਼ ਦੇ ਪਲਾਟ ਦੀ ਵੰਡ ਵੰਡਾਈ ਨਾਲ ਝਗੜਾ ਆਰੰਭ ਹੋ ਕੇ ਭਿਅੰਕਰ ਰੂਪ ਧਾਰਦਾ, ਰਿਸ਼ਤਿਆਂ ਵਿਚ ਸ਼ਿਗਾਫ ਪੈਦਾ ਕਰਦਾ ਅਤੇ ਅਪਰਾਧ ਤਕ ਅੱਪੜ ਜਾਂਦਾ ਹੈ ।ਲੇਖਕ ਦੀ ਇਕ ਕਟਾਖ਼ਸ਼ੀ ਟਿੱਪਣੀ ਸਮੁੱਚੀ ਮਸ਼ੀਨਰੀ ਦੀ ਚਾਲ ਨੂੰ ਨੰਗਿਆਂ ਕਰ ਦੇਂਦੀ ਹੈ: "ਉਪਰੋਂ ਖੜਕਦੇ ਨੋਟਾਂ ਅਤੇ ਜੇਬ ਵਿਚ ਪੈਂਦੇ ਨੋਟਾਂ ਨੇ ਮਿਸਲ ਨੂੰ ਚੱਕਰੀ ਵਾਂਗ ਘੁੰਮਾਈ ਰਖਿਆ ਚੌਵੀ ਘੰਟੇ ਦੇ ਅੰਦਰ-ਅੰਦਰ ਮਿਸਲ ਆਈ. ਜੀ. ਕੋਲੋਂ ਚੱਲ ਕੇ ਡੀ.ਆਈ.ਜੀ., ਪੁਲੀਸ ਕਪਤਾਨ, ਉਪ-ਪੁਲੀਸ ਕਪਤਾਨ ਰਾਹੀਂ ਹੁੰਦੀ ਹੋਈ ਮੁੱਖ ਅਫ਼ਸਰ ਤਕ ਪੁੱਜ ਗਈ ।" ਕਥਾ ਦਾ ਇਹ ਸਰੂਪ ਇਕ ਪਰਿਵਾਰ ਦੀ ਤਰਾਸਦੀ ਨੂੰ ਉਭਾਰਦਾ ਹੈ । ਪਰੰਤੂ ਮੈਟਾਫ਼ਰ ਦੀ ਪੱਧਰ ਉੱਪਰ ਜਾਂ ਪ੍ਰਤੀਕ ਦੇ ਧਰਾਤਲ ਉੱਪਰ ਅੱਪੜ ਕੇ ਇਹ ਰਚਨਾ ਸਮੁੱਚੀਆਂ ਸਮਾਜਕ ਕੀਮਤਾਂ, ਮਾਨਵੀ ਰਿਸ਼ਤਿਆਂ ਅਤੇ ਸਮੁੱਚੇ ਸਿਸਟਮ ਦੀ ਤਰਾਸਦੀ ਹੋ ਨਿਬੜਦੀ ਹੈ ।

ਨਾਵਲਕਾਰ ਅਜੋਕੀ ਤ੍ਰਾਸਦਿਕ ਸਥਿਤੀ ਨੂੰ ਮਹਾਂਭਾਰਤ ਦੀ ਕਥਾ ਤੇ ਕਥਾਨਕ ਰੂੜ੍ਹੀਆਂ ਦਾ ਸੰਦਰਭ ਪ੍ਰਦਾਨ ਕਰਕੇ ਅਸਲ ਵਿਚ ਸਥਿਤੀ ਦੀ ਜਟਿਲਤਾ ਨੂੰ ਖੋਲ੍ਹਦਾ ਹੈ । ਨਾਵਲੀ ਬਿਰਤਾਂਤ ਵਿਚਲੇ ਮਿਥਿਹਾਸਕ ਵੇਰਵੇ ਸੰਕਟ ਦੇ ਮੂਲ ਦੀ ਨਿਰੰਤਰਤਾ ਨੂੰ ਉਭਾਰਦੇ ਹਨ । ਮਸਲਾ ਜ਼ਮੀਨ ਤੇ ਜ਼ਰ ਦਾ ਆਦਿ ਜੁਗਾਦੀ ਹੈ । ਵਰਤਮਾਨ ਸੰਕਟ ਦੇ ਵੇਰਵਿਆਂ ਨਾਲ ਮੇਲ ਖਾਂਦੇ ਮਿਥਿਹਾਸਕ ਵੇਰਵੇ ਨਾਵਲੀ ਬਿਰਤਾਂਤ ਦੀ ਸਤਹ ਉਪਰ ਹੀ ਮੌਜੂਦ ਹਨ । ਮਿਥਿਹਾਸ ਵਿਚ "ਨੇਕੀ ਦੀ ਜਿੱਤ ਤੇ ਬਦੀ ਦੀ ਹਾਰ" ਯਕੀਨੀ ਹੈ, ਕ੍ਰਿਸ਼ਨ ਪਾਂਡਵਾਂ ਦੀ ਧਿਰ ਬਣ ਕੇ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਬਣਾਉਂਦਾ ਹੈ । ਪਰੰਤੂ ਅਜੋਕੇ ਯੁੱਗ ਦੀ ਤਾਂ, ਮਾਇਆ ਅਤੇ ਰਸੂਖ਼ ਨੇ, ਵਿਆਕਰਣ ਹੀ ਉਲਟ-ਪੁਲਟ ਕਰਕੇ ਰੱਖ ਦਿੱਤੀ ਹੈ । ਏਥੇ ਪੀੜਤ ਧਿਰ ਦੀ ਹਾਰ ਯਕੀਨੀ ਹੈ । ਨਾਵਲੀ ਬਿਰਤਾਂਤ ਵਿਚਲੇ ਫੌਜਦਾਰੀ ਅਪਰਾਧ ਦੀ ਇੱਕੋ ਕੁੰਜੀ-ਘਟਨਾ ਨਾਲ ਲੇਖਕ ਮਸਲੇ ਦੀ ਨਿਰੰਤਰਤਾ ਨੂੰ ਵੀ ਉਭਾਰ ਜਾਂਦਾ ਹੈ ਅਤੇ ਉਸ ਦੇ ਵਰਤਮਾਨ ਸਰੂਪ ਦੀ ਜਟਿਲਤਾ ਨੂੰ ਵੀ ।ਅਸਲ ਵਿਚ ਉਹ ਦੋ ਧੜਿਆਂ ਦੇ ਟਕਰਾਉ ਰਾਹੀਂ ਮਾਇਆ ਦੁਆਲੇ ਘੁੰਮਦੇ ਰਿਸ਼ਤਿਆਂ , ਮਾਇਆ ਦੀ ਤਾਕਤ ਅਤੇ ਸਮੁੱਚੀ ਭ੍ਰਿਸ਼ਟ ਸਥਿਤੀ ਨੂੰ ਉਭਾਰਦਾ ਹੈ । "ਕਾਨੂੰਨ ਇਸ ਦਾ (ਪੈਸੇ ਦਾ)ਗੁਲਾਮ ਹੈ "ਅਤੇ" ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ"(ਖੜਕਦੇ ਨੋਟਾਂ ਅਤੇ ਜੇਬ ਵਿਚ ਪੈਂਦੇ ਨੋਟਾਂ ਕਰਕੇ)ਅਤੇ ਅਜਿਹੇ ਹੋਰ ਕਈ ਕਾਰਨ ਨਾਵਲੀ ਬਿਰਤਾਂਤ ਦੀ ਦਿਸ਼ਾ ਨੂੰ ਉਭਾਰਦੇ ਹਨ ।ਦੋਸ਼ੀਆਂ ਦੀ ਜਿੱਤ ਅਤੇ ਪੀੜਿਤਾਂ ਦੀ ਹਾਰ ਰਾਹੀਂ ਲੇਖਕ ਅਸਲ ਵਿਚ ਅਜੋਕੇ ਸਮਾਜ ਨੂੰ ਸਮਝਣ ਅਤੇ ਬਦਲਣ ਲਈ ਗਲਪੀ ਬਿਰਤਾਂਤ ਦੇ ਜ਼ਰ੍ਹੀਏ ਇਕ ਪ੍ਰਤੱਖਣ ਮਾਡਲ ਮੁਹੱਈਆ ਕਰਦਾ ਦਿਖਾਈ ਦੇਂਦਾ ਹੈ ।ਨਾਵਲਕਾਰ ਦੀ ਖ਼ੂਬੀ ਮਿਥਿਕ ਵੇਰਵਿਆਂ ਅਤੇ ਕਥਾਨਕ ਰੂੜ੍ਹੀਆਂ ਰਾਹੀਂ ਇਸ ਨੂੰ ਵੱਧ ਤੋਂ ਵੱਧ ਸੰਕੇਤਕ ਅਤੇ ਪ੍ਰਤੀਕਮਈ ਬਣਾਉਣ ਵਿਚ ਨਿਹਿਤ ਹੈ ।

ਫੌਜਦਾਰੀ ਨਿਆਂ ਪ੍ਰਬੰਧ ਦੀ ਤੀਸਰੀ ਕੜੀ ਜੇਲ੍ਹ ਜੀਵਨ ਨੂੰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ **ਸੁਧਾਰ ਘਰ** ਦੇ ਕੇਂਦਰ ਵਿਚ ਟਿਕਾਇਆ ਹੈ । ਪੁਲਿਸ ਸਭਿਆਚਾਰ ਅਤੇ ਨਿਆਂ ਪ੍ਰਣਾਲੀ ਦੇ ਕੰਮ ਕਾਜ ਦੇ ਢੰਗ ਤਰੀਕੇ ਨੂੰ ਚਿਤਰਣ ਵਾਲੇ ਤਿੰਨ ਨਾਵਲਾਂ **ਤਫ਼ਤੀਸ਼, ਕਟਹਿਰਾ** ਅਤੇ **ਕੌਰਵ**

**ਸਭਾ** ਦੀ ਇਹ ਨਾਵਲ ਇਕ ਕੜੀ ਵੀ ਹੈ ਅਤੇ ਆਪਣੇ ਆਪ ਵਿਚ ਸੁਤੰਤਰ ਰਚਨਾ ਵੀ । ਇਹ ਨਾਵਲ ਵੀ ਜੇਲ੍ਹਾਂ ਅੰਦਰਲੀ ਦੋਗਲੀ ਨੀਤੀ, ਭ੍ਰਿਸ਼ਟ ਪ੍ਰਬੰਧ ਅਤੇ ਪੈਸੇ ਦੀ ਸ਼ਕਤੀ ਨੂੰ ਉਘਾੜ-ਉਭਾਰ ਕੇ ਭਾਰਤੀ ਜੇਲ੍ਹ ਪ੍ਰਬੰਧ ਦੇ ਵਰਤਮਾਨ ਰੂਪ ਨੂੰ ਅਸਲੋਂ ਬੇਲੋੜਾ ਅਤੇ ਮਹੱਤਵ ਤੋਂ ਕੋਰਾ ਸਿੱਧ ਕਰਦਾ ਹੈ । ਇਹ ਨਾਵਲ 'ਸੁਧਾਰ ਘਰ' ਵਿਚ ਲੋੜੀਂਦੇ ਸੁਧਾਰਾਂ ਦੀ ਜ਼ਰੂਰਤ ਨੂੰ ਧਨਵਾਨ ਅਤੇ ਧਨਹੀਣ ਲੋਕਾਂ ਦੇ ਵਿਰੋਧ ਜੁੱਟ ਰਾਹੀਂ, ਸਾਮ੍ਹਣੇ ਲਿਆਉਂਦਾ ਹੈ । ਭਾਰਤੀ ਨਿਆਂ ਪ੍ਰਬੰਧ ਹੋਵੇ ਜਾਂ ਜੇਲ੍ਹ ਪ੍ਰਬੰਧ, ਇਨਸਾਫ਼ ਜਾਂ ਨਿਆਂ ਅਤੇ ਸੁੱਖ ਸਹੂਲਤਾਂ ਕੇਵਲ ਧਨਵਾਨ ਲੋਕਾਂ ਦੀ ਪਹੁੰਚ ਦੇ ਘੇਰੇ ਵਿਚ ਆਉਂਦੀਆਂ ਹਨ । ਇਸ ਨਾਵਲ ਵਿਚਲੇ ਗਲਪੀ ਪ੍ਰਬੰਧ ਰਾਹੀਂ ਉਹ ਨਾ ਤਾਂ ਇਸ ਪ੍ਰਚੱਲਿਤ ਧਾਰਣਾ ਨੂੰ ਪੱਕਿਆਂ ਕਰਦਾ ਹੈ ਕਿ ਜੇਲ੍ਹਾਂ ਵਿਚ ਕੈਦੀਆਂ ਨੂੰ ਲੋੜ ਨਾਲੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਅਤੇ ਨਾ ਹੀ ਇਸ ਧਾਰਣਾ ਨੂੰ ਪਰਿਪੱਕ ਕਰਦਾ ਹੈ ਕਿ ਜੇਲ੍ਹਾਂ ਵਿਚ ਕੈਦੀ ਨਰਕ ਵਰਗਾ ਜੀਵਨ ਬਤੀਤ ਕਰ ਰਹੇ ਹਨ । ਉਹ ਮਸਲੇ ਦੀ ਜਟਿਲਤਾ ਨੂੰ ਪੂੰਜੀਵਾਦੀ ਪ੍ਰਬੰਧ ਦੀ ਸੋਝੀ ਦੇ ਆਧਾਰ ਉੱਪਰ ਖੋਲ੍ਹਦਾ ਹੈ । ਇਸ ਪ੍ਰਬੰਧ ਵਿਚੋਂ ਪੈਦਾ ਹੋਏ ਜੇਲ੍ਹ-ਪ੍ਰਬੰਧ ਵਿਚ ਸਹੂਲਤਾਂ ਕੇਵਲ ਸਾਧਨ ਸੰਪੰਨ ਧਿਰ ਤਕ ਮਹਿਦੂਦ ਹਨ, ਸਾਧਨਹੀਨ ਧਿਰ ਨੂੰ ਤਾਂ ਗੰਦਗੀ ਦੇ ਕੀੜਿਆਂ ਜੇਹਾ ਜੀਵਨ ਬਸਰ ਕਰਨਾ ਪੈਂਦਾ ਹੈ ।ਇਨ੍ਹਾਂ ਧਿਰਾਂ ਨੂੰ ਚਿਤਰਣ ਦੇ ਨਾਲ ਨਾਲ ਉਹ ਜੇਲ੍ਹ ਅਧਿਕਾਰੀਆਂ ਦੇ ਤਨਾਉਸ਼ੀਲ ਜੀਵਨ ਪਾਸਾਰਾਂ ਨੂੰ ਸਾਮ੍ਹਣੇ ਲਿਆਂ ਕੇ ਸਮੁੱਚੀ ਤਨਾਉਸ਼ੀਲ ਸਥਿਤੀ ਲਈ ਜ਼ਿੰਮੇਵਾਰ ਰਾਜਨੀਤਕ ਢਾਂਚੇ ਅਤੇ ਸਟੇਟ ਦੇ ਭ੍ਰਿਸ਼ਟ ਪ੍ਰਬੰਧ ਦੀ ਪੇਸ਼ਕਾਰੀ ਤਕ ਅੱਪੜਦਾ ਹੈ ।

**ਸੁਧਾਰ ਘਰ** ਵਿਚ ਮੀਤ ਜੇਲ੍ਹ ਜੀਵਨ ਪਿੱਛੇ ਕੰਮ ਕਰਦੀ ਅਤਿ ਗੁੰਝਲਦਾਰ ਪ੍ਰਣਾਲੀ ਦੇ ਤਾਣੇ-ਬਾਣੇ ਨੂੰ ਪੇਸ਼ ਕਰਨ ਲਈ ਨਾਵਲ ਦੀ ਦੁਨੀਆਂ ਵਿਚ ਪਾਤਰਾਂ ਦੇ ਕੋਲਾਜ ਨੂੰ ਸਿਰਜਦਾ ਹੈ । ਪਾਤਰਾਂ ਦੇ ਸਮੂਹ ਰਾਹੀਂ ਉਹ ਜੇਲ੍ਹ ਦੀ ਦੁਨੀਆਂ ਦਾ ਮਹਾਂਦ੍ਰਿਸ਼ ਉਭਾਰਦਾ ਹੈ । ਇਸ ਦੁਨੀਆ ਵਿਚ ਪਾਲੇ ਤੇ ਮੀਤੇ ਤੋਂ ਇਲਾਵਾ ਮੰਗਤੇ, ਜੂਏਬਾਜ, ਸੱਟੇਬਾਜ਼, ਚੋਰ, ਸ਼ਰਾਬੀ ਆਦਿ ਹਨ । ਵਿਅੰਗਮਈ ਦ੍ਰਿਸ਼ਟੀ ਨਾਲ ਲੇਖਕ ਇਸ ਨੂੰ ਬਾਦਸ਼ਾਹ ਵਾਲਾ ਅਹਾਤਾ ਆਖਦਾ ਹੈ । ਇਸ ਬਾਦਸ਼ਾਹ ਵਾਲੇ ਅਹਾਤੇ ਵਿਚ ਬਦਬੂ, ਗੰਦ, ਬਿਮਾਰੀ ਅਤੇ ਮੌਤ ਵਰਗੀਆਂ ਘਟਨਾਵਾਂ ਦਾ ਵਾਪਰ ਜਾਣਾ ਸਾਧਾਰਣ ਘਟਨਾ ਹੈ । ਦੂਸਰੇ ਪਾਸੇ ਇਨ੍ਹਾਂ ਦੇ ਸਮਾਨਾਂਤਰ ਜੈਨ ਸੇਠ, ਗੁਰਨਾਮ ਸ਼ੈਲਰ ਮਾਲਕ, ਵਿਧਾਇਕ ਦਾ ਰਿਸ਼ਤੇਦਾਰ ਅਤੇ ਦੀਪੇ ਵਰਗੇ ਕਿਰਦਾਰ ਹਨ ਜਿਹੜੇ ਪੈਸੇ ਦੀ ਸ਼ਕਤੀ ਅਤੇ ਅਸਰ ਰਸੂਖ਼ ਨਾਲ ਕਾਨੂੰਨ-ਪ੍ਰਬੰਧ ਦੀਆਂ ਧੱਜੀਆਂ ਉਡਾਉਂਦੇ ਅਤੇ ਜੇਲ੍ਹ ਅੰਦਰ ਹੀ ਸਭ ਸੁੱਖ ਸਹੂਲਤਾਂ ਮਾਣਦੇ ਹਨ ।ਤੀਸਰੀ ਬੈਰਕ ਸਿੰਘਾਂ ਦੀ ਹੈ ਅਤੇ ਚੌਥੀ ਜ਼ਨਾਨਾ ਬੈਰਕ ।ਸਿੰਘਾਂ ਦੀ ਬੈਰਕ ਅੰਦਰਲਾ ਮਾਹੌਲ "ਇਕ ਚੰਗੇ ਗੁਰਦੁਆਰੇ ਨਾਲ ਮਿਲਦਾ-ਜੁਲਦਾ ਸੀ । ਤਾਜ਼ੀ ਹੋਈ ਸਫ਼ੇਦੀ ਕਾਰਨ ਕੰਧਾਂ ਚਮਕ ਰਹੀਆਂ ਸਨ.... ਇਕ ਅਲਮਾਰੀ ਦੀਆਂ ਸ਼ੈਲਫ਼ਾਂ ਵਿਚ ਟਰੰਕ, ਸੂਟਕੇਸ, ਬੈਗ, ਰੇਡੀਓ ਤੇ ਹੋਰ ਨਿੱਕ-ਸੁੱਕ ਪਿਆ ਸੀ । ਦੂਜੀ ਸ਼ੈਲਫ ਵਿਚ ਸ਼ਹੀਦ ਸਿੰਘਾਂ ਦੀਆਂ ਸੁਨਹਿਰੀ ਫਰੇਮਾਂ ਵਿਚ ਜੜੀਆਂ ਤਸਵੀਰਾਂ ਪਈਆਂ ਸਨ । ਜ਼ਨਾਨਾ ਬੈਰਕ ਵਿਚ ਕੈਦਣਾ ਨਾਲ ਦੁਰਵਿਹਾਰ ਅਤੇ ਉਨ੍ਹਾਂ ਦੀ ਇੱਜ਼ਤ ਨਾਲ ਖਿਲਵਾੜ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ । ਪੜ੍ਹਿਆਂ ਲਿਖਿਆਂ ਦੀ ਬੈਰਕ ਤਾਂ ਜਿਵੇਂ ਅੱਯਾਸ਼ੀ ਦਾ ਅੱਡਾ ਹੈ ਅਤੇ ਇਸ ਸਭ ਕੁਝ ਦੇ ਉਲਟ ਆਮ ਕੈਦੀ ਹਰ ਪ੍ਰਕਾਰ ਦੀ ਸੁੱਖ-ਸਹੂਲਤ ਤੋਂ ਵੰਚਿਤ ਹਨ । ਜੇਲ੍ਹ ਪ੍ਰਸ਼ਾਸਨ ਦੇ ਅਪਣੇ ਤਨਾਉ ਤੇ ਸਮੱਸਿਆਵਾਂ ਨਿਰਸੰਦੇਹ ਹਨ ਪਰੰਤੂ ਜੇਲ੍ਹ ਅੰਦਰਲੀ ਦੁਨੀਆਂ ਵਿਚ ਜੋ ਕੁਝ ਵਾਪਰਦਾ ਹੈ ਉਨ੍ਹਾਂ ਦੀ ਮਿਲੀ ਭੁਗਤ ਨਾਲ ਵਾਪਰਦਾ ਹੈ । ਜੇਲ੍ਹ ਦੀ ਦੁਨੀਆਂ ਨਾਲ ਸੰਬੰਧਿਤ ਕੁਲ ਪਾਤਰ ਜੇਲ੍ਹ ਪ੍ਰਸ਼ਾਸਨ, ਸਮਾਜ ਅਤੇ ਰਾਜਨੀਤੀ ਦੇ ਹੀ ਵੱਖ-ਵੱਖ

ਰੰਗ-ਰੂਪਾਂ ਨੂੰ ਉਭਾਰਦੇ ਹਨ। ਇਨ੍ਹਾਂ ਕੁਲ ਪਾਤਰਾਂ ਅਤੇ ਘਟਨਾਵਾਂ ਦੇ ਅੰਤਰ ਸੰਬੰਧਾਂ ਰਾਹੀਂ ਜੇਲ੍ਹ ਅੰਦਰਲਾ ਪ੍ਰਸ਼ਾਸਨ, ਕਾਨੂੰਨੀ ਸੁਰੱਖਿਆਂ ਅਤੇ ਨਿਆਂਇਕ ਢਾਂਚਾ ਵੇਰਵਿਆਂ ਦੀ ਬਾਰੀਕੀ ਸਹਿਤ ਫਰੋਲਿਆਂ ਜਾਂਦਾ ਹੈ।ਵੇਰਵਿਆਂ ਦੀ ਇਹ ਬਾਰੀਕੀ ਹੀ ਵਿਅੰਗ ਅਤੇ ਵਿਡੰਬਨਾ ਦੀ ਜੁਗਤ ਰਾਹੀਂ **ਸੁਧਾਰ ਘਰ** ਦਾ 'ਵਿਗਾੜ ਘਰ' ਵਜੋਂ ਵਿਸ਼ਾਲ ਤੇ ਬਹੁਪਾਸਾਰੀ ਬਿੰਬ ਉਭਾਰਦੀ ਹੈ। ਜੇਕਰ **ਤਫ਼ਤੀਸ਼** ਵਿਚ ਸਮੁੱਚਾ ਪੁਲਿਸ ਸਭਿਆਚਾਰ, **ਕੌਰਵ ਸਭਾ** ਤੇ **ਕਟਹਿਰਾ** ਵਿਚ ਨਿਆਂ ਪ੍ਰਬੰਧ ਕਟਹਿਰੇ ਵਿਚ ਖੜ੍ਹਾ ਹੈ ਤਾਂ ਇਸ ਨਾਵਲ ਵਿਚ ਜੇਲ੍ਹ-ਪ੍ਰਬੰਧ ਵੀ ਕਟਹਿਰੇ ਵਿਚ ਆ ਖਲੋਂਦਾ ਹੈ। ਅਸਲ ਵਿਚ ਆਪਣੇ ਪਹਿਲੇ ਤਿੰਨਾਂ ਨਾਵਲਾਂ ਵਾਂਗ ਇਸ ਚੌਥੇ ਨਾਵਲ ਵਿਚ ਵੀ ਲੇਖਕ ਵਰਤਮਾਨ ਨਿਆਂ-ਪ੍ਰਣਾਲੀ ਅਤੇ ਸਮਾਜਕ ਆਰਥਿਕ ਵਿਵਸਥਾ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਇਸ ਦੇ ਖਲਨਾਇਕੀ ਸਰੂਪ ਨੂੰ ਕੁਝ ਇਸ ਕਦਰ ਉਭਾਰਦਾ ਹੈ ਕਿ ਇਹ ਅਤੇ ਇਸ ਦੀ ਸਮੁੱਚੀ ਭੂਮਿਕਾ ਮਨਫ਼ੀ ਅਤੇ ਮਹੱਤਵ ਤੋਂ ਕੋਰੀ ਪ੍ਰਤੀਤ ਹੋਣ ਲੱਗ ਪੈਂਦੀ ਹੈ। ਨਾਵਲਕਾਰ ਪਾਤਰਾਂ ਤੇ ਘਟਨਾਵਾਂ ਰਾਹੀਂ ਜੇਲ੍ਹ ਪ੍ਰਬੰਧ ਦਾ ਜੋ ਮਹਾਂਦ੍ਰਿਸ਼ ਉਭਾਰਦਾ ਹੈ ਉਸ ਵਿਚੋਂ ਜੇਲ੍ਹਾਂ ਅੰਦਰਲੀ ਦੁਨੀਆਂ ਤਾਂ ਉਭਰਦੀ ਹੀ ਹੈ ਨਾਲ ਹੀ ਨਾਲ ਜੁਰਮ ਜਾਂ ਅਪਰਾਧ ਦੇ ਸੰਸਾਰ ਦਾ ਉਹ ਚਿਹਰਾ ਵੀ ਸਾਮ੍ਹਣੇ ਆਉਂਦਾ ਹੈ ਜਿਸ ਦੀ ਤਸਵੀਰ ਆਮ ਆਦਮੀ ਦੇ ਪ੍ਰਤੱਖਣ ਦੇ ਘੇਰੇ ਵਿਚੋਂ ਬਾਹਰ ਰਹਿੰਦੀ ਹੈ। ਇੰਜ ਹੀ ਜੇਲ੍ਹ ਪ੍ਰਸ਼ਾਸਨ ਦੇ ਤਨਾਵਾਂ ਤੋਂ ਇਲਾਵਾ ਉਸਦਾ ਭ੍ਰਿਸ਼ਟ ਕਿਰਦਾਰ ਵੀ ਸਾਮ੍ਹਣੇ ਆਉਂਦਾ ਹੈ।

ਜਿਵੇਂ **ਤਫ਼ਤੀਸ਼** ਨਾਵਲ ਦੀ ਕਥਾ ਮਾਸੂਮ ਬੱਚੇ ਬੰਟੀ ਦੇ ਅਗਵਾਅ ਤੋਂ ਲੈ ਕੇ ਉਸ ਦੇ ਕਤਲ ਅਤੇ ਪੁਲਿਸ ਦੁਆਰਾ ਦੋ ਨਿਰਦੋਸ਼ ਵਿਅਕਤੀਆਂ ਨੂੰ ਫ਼ਸਾਉਣ ਤਕ ਫ਼ੈਲਦੀ ਹੈ ਠੀਕ ਉਵੇ ਂ ਹੀ ਕਥਾ ਦੀ ਪੱਧਰ ਉੱਪਰ ਇਹ ਨਾਵਲ ਵੀ ਪਾਲੇ -ਮੀਤੇ ਨੂੰ ਹੋਈ ਸਜ਼ਾਂ ਤੋਂ ਆਰੰਭ ਹੋ ਕੇ ਉਨ੍ਹਾਂ ਦੇ ਬਰੀ ਹੋਣ ਤਕ ਫ਼ੈਲਦਾ ਹੈ। ਅਸਲ ਵਿਚ ਨਾਵਲਕਾਰ ਕਥਾ ਦੇ ਵਿਚ ਵਿਚਾਲੇ ਹੀ ਨਾਵਲ ਨੂੰ ਸਿਰਜਦਾ ਹੈ ਅਤੇ ਇਸ ਸਿਰਜਿਤ ਨਾਵਲ ਵਿਚ ਭਾਰਤੀ ਫੌਜਦਾਰੀ ਨਿਆਂ-ਪ੍ਰਬੰਧ ਦੀ ਇਕ ਕੜੀ ਨੂੰ ਪੂਰੀ ਤਰ੍ਹਾਂ ਡੀਕੋਡ ਕਰ ਕੇ ਰੱਖ ਦੇਂਦਾ ਹੈ।ਜਿੱਥੇ ਨਾਵਲੀ ਬਿਰਤਾਂਤ ਦਾ ਇਕ ਹਿੱਸਾ ਜੇਲ੍ਹ ਜੀਵਨ ਦਾ ਮਹਾਂਦ੍ਰਿਸ਼ ਸਿਰਜਦਾ ਹੈ ਉੱਥੇ ਦੂਸਰਾ ਪਾਸਾਰ ਉਸ ਦੀ ਪ੍ਰਗਤੀਵਾਦੀ ਦ੍ਰਿਸ਼ਟੀ ਨੂੰ ਨਾਵਲ ਦੀ ਥੀਮਿਕ-ਲਯ ਦਾ ਹਿੱਸਾ ਬਣਾਉਂਦਾ ਹੈ।

> ਉਸ ਦੀ ਇਹ ਬਿਰਤੀ ਯਥਾਰਥ ਨੂੰ ਚਿਤਰਣ-ਦਰਸਾਉਣ ਤੋਂ ਅਗਾਂਹ ਸਰਕ ਕੇ ਉਸ ਬਾਰੇ ਦੱਸਣ ਦੇ ਰਾਹ ਵੀ ਤੁਰਦੀ ਹੈ। ਨਾਵਲ ਦੇ ਪਾਠ ਵਿਚਲੀਆਂ ਸਤਰਾਂ ਉਸ ਦੀ ਯਥਾਰਥਵਾਦੀ ਦ੍ਰਿਸ਼ਟੀ ਦੇਆਲੋਚਨਾਤਮਕ ਅਤੇ ਸਮਾਜਵਾਦੀ ਯਥਾਰਥਵਾਦ ਵਿਚ ਢਲਣ ਦੀ ਸੋਅ ਦੇਂਦੀਆਂ ਹਨ। ਮਿਸਾਲ ਵਜੋਂ :
>
> (ੳ) ਜੇਲ੍ਹ ਵਿਚ ਬੰਦ ਅੱਸੀ ਫ਼ੀਸਦੀ ਕੈਦੀ ਨਿਮਨ ਵਰਗ ਨਾਲ ਸੰਬੰਧ ਰੱਖਦੇ ਸਨ। ਇਨ੍ਹਾਂ ਵਿਚੋਂ ਤਿੰਨ ਚੌਥਾਈ ਹਵਾਲਾਤੀ ਅਜਿਹੇ ਸਨ, ਜਿਨ੍ਹਾਂ ਦੇ ਮੁਕੱਦਮੇ ਤਫ਼ਤੀਸ਼ ਅਧੀਨ ਜਾਂ ਸੁਣਵਾਈ ਅਧੀਨ ਸਨ ਅਤੇ ਉਹ ਕਾਨੂੰਨ ਵਲੋਂ ਨਿਸ਼ਚਿਤ ਕੀਤੀ ਵੱਧੋ ਵੱਧ ਸਜ਼ਾ ਨਾਲੋਂ ਕਈ ਗੁਣਾਂ ਵੱਧ ਸਜ਼ਾ ਕੱਟ ਚੁੱਕੇ ਸਨ। ਹਾਲੇ ਵੀ ਉਨ੍ਹਾ ਵੱਲੋ ਰਿਹਾ ਹੋਣ ਦੇ ਆਸਾਰ ਨਹੀਂ ਸਨ। ਕਾਰਨ ਹਵਾਲਾਤੀਆਂ ਦੀ ਗਰੀਬੀ, ਸਰਕਾਰ ਦੀ ਬੇਰੁਖਤਾ ਅਤੇ ਅਦਾਲਤਾਂ ਦੀ ਲਾ-ਪ੍ਰਵਾਹੀ ਸੀ। (ਪੰਨਾ 132)
>
> (ਅ) ਇਕੱਲੇ ਕਾਨੂੰਨੀ ਢਾਂਚੇ ਦੇ ਸੁਧਰਨ ਨਾਲ ਕੁਝ ਨਹੀਂ ਸੰਵਰਨਾ। ਸਮੱਸਿਆ

ਸਮੁੱਚਾ ਰਾਜਸੀ ਢਾਂਚਾ ਬਦਲ ਕੇ ਹੱਲ ਹੋਣੀ ਹੈ... ਨਿਆਂ ਪ੍ਰਬੰਧ ਸਰਕਾਰ ਦਾ ਮੋਹਰਾ ਹੈ। ਨਿਆਂ ਪ੍ਰਬੰਧ ਵਿਰੁੱਧ ਲੜ ਕੇ ਅਸੀਂ ਸਰਕਾਰ ਵਿਰੁੱਧ ਹੀ ਲੜ ਰਹੇ ਹਾਂ। (ਪੰਨਾ 67)

ਇਹ ਅਤੇ ਹੋਰ ਅਜਿਹੇ ਵੇਰਵੇ ਲੇਖਕ ਦੀ ਸਾਧਨ-ਵਿਹੂਣੀ ਜਾਂ ਮਜ਼ਲੂਮ ਧਿਰ ਨਾਲ ਸਾਂਝ ਪ੍ਰਗਟਾਉਂਦੇ ਹਨ। ਅਸਲ ਵਿਚ ਉਸ ਦੇ ਸਮੁੱਚੇ ਨਾਵਲਾਂ ਦਾ ਤਾਣਾ-ਪੇਟਾ ਹੀ ਉਸ ਦੀ ਖੋਜ ਮੂਲਕ ਬਿਰਤੀ, ਤਰੱਕੀ ਪਾਸੰਦ ਦ੍ਰਿਸ਼ਟੀ ਅਤੇ ਗਲਪੀ ਵੇਰਵਿਆਂ ਦੇ ਸੰਜੋਗੀ ਰਿਸ਼ਤੇ ਵਿਚੋਂ ਉਸਰਦਾ ਹੈ। ਇਨ੍ਹਾਂ ਤਿੰਨਾਂ ਵਿਚੋਂ ਇਕ ਨੂੰ ਵੀ ਮਨਫ਼ੀ ਕਰਕੇ ਉਸ ਦੇ ਗਲਪ ਸੰਸਾਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਉਸ ਦੁਆਰਾ ਸਿਰਜਤ ਰਚਨਾਵਾਂ ਪ੍ਰਚੱਲਿਤ ਅਰਥਾਂ ਵਾਲੀਆਂ ਗਲਪੀ ਰਚਨਾਵਾਂ ਹਰਗਿਜ਼ ਨਹੀਂ ਹਨ। ਇਨ੍ਹਾਂ ਦਾ ਮਕਸਦ ਤਾਂ ਵਿਸ਼ਤ੍ਰਿਤ ਢੰਗ ਨਾਲ ਵਿਸ਼ੇਸ਼ ਯਥਾਰਥ ਦੀਆਂ ਅਣਦਿਸਦੀਆਂ ਪਰਤਾਂ, ਕਰੂਰਤਾ ਅਤੇ ਅਮਾਨਵੀ ਲੋਕ ਵਿਰੋਧੀ ਸੁਭਾਅ ਨੂੰ ਨੰਗਿਆਂ ਕਰਨਾ ਹੈ। ਇਨ੍ਹਾਂ ਵਿਚਲੀ ਪ੍ਰਗਤੀਵਾਦੀ ਚੇਤਨਾ ਇਨ੍ਹਾਂ ਦੇ ਸੰਗਠਨ ਦਾ ਪਛਾਣ-ਚਿੰਨ੍ਹ ਵੀ ਹੈ ਅਤੇ ਨਾਵਲ ਦੀ ਕਲਾਗਤ ਸੀਮਾਂ ਵੀ।ਉਸ ਦੇ ਨਾਵਲਾਂ ਵਿਚ ਪਾਤਰ ਅਤੇ ਘਟਨਾਵਾਂ ਤਾਂ ਬੋਲਦੀਆਂ ਹੀ ਹਨ ਨਾਲ ਹੀ ਨਾਲ ਨਾਵਲਕਾਰ ਵੀ ਬੋਲਦਾ ਹੈ; ਦਰਸਾਉਣ ਤੇ ਦੱਸਣ ਦੀਆਂ ਪ੍ਰਕਿਰਿਆਵਾਂ ਨਾਲ-ਨਾਲ ਤੁਰਦੀਆਂ ਹਨ। ਅਜਿਹੀਆਂ ਰਚਨਾਵਾਂ ਵਿਚ ਭਾਸ਼ਣ ਦੀ ਵਿਧੀ, ਸੰਜੀਦਾ ਕਟਾਖ਼ਸੀ ਵਿਧੀ ਅਤੇ ਨਾਵਲ ਦੇ ਸੁਭਾਅ ਨੂੰ ਅਸਲੋਂ ਸਹਿਜ ਰੱਖਣ ਦੀਆਂ ਵਿਧੀਆਂ ਦਾ ਇਕ ਦੂਸਰੇ ਵਿਚ ਰਲ ਜਾਣਾ ਸੁਭਾਵਿਕ ਘਟਨਾ ਹੁੰਦੀ ਹੈ। ਉਸ ਦੇ ਨਾਵਲ ਟੇਢੇ ਢੰਗ ਨਾਲ ਦਰਸਾਉਂਦੇ ਵੀ ਉਹੋ ਕੁਝ ਹਨ ਜੋ ਦੱਸਦੇ ਹਨ। ਜੇਕਰ ਉਸ ਦੁਆਰਾ ਸਿਰਜੇ ਮਹਾਂਕਾਵਿਕ ਨਾਵਲ ਵਿਚੋਂ ਮੂਲ ਥੀਮਿਕ ਸੂਤਰਾਂ ਨੂੰ ਪਛਾਣਨਾ ਹੋਵੇ ਤਾਂ ਉਹ ਸਹਿਜ ਰੂਪ ਵਿਚ ਹੀ ਸਾਮ੍ਹਣੇ ਆਂ ਜਾਦੇਂ ਹਨ ਕਿ ਭਾਰਤੀ ਫੌਜਦਾਰੀ ਨਿਆਂ ਪ੍ਰਬੰਧ ਦੀਆਂ ਸਭ ਕੜੀਆਂ ਭ੍ਰਿਸ਼ਟ ਅਤੇ ਲੋਕ ਵਿਰੋਧੀ ਕਿਰਦਾਰ ਧਾਰਣ ਕਰ ਚੁੱਕੀਆਂ ਹਨ। ਪੁਲਿਸ ਹੋਵੇ, ਚਾਹੇ ਨਿਆਂ ਪ੍ਰਬੰਧ ਜਾਂ ਜੇਲ੍ਹ ਪ੍ਰਬੰਧ ਸਭ ਆਪਣੇ ਉੱਦੇਸ਼ ਤੋਂ ਉਲਟ ਕਿਰਦਾਰ ਨਿਭਾਅ ਰਹੇ ਹਨ, ਇਸ ਨਿਆਂ ਪ੍ਰਬੰਧ ਦੀ ਇਕ ਕੜੀ ਦੂਸਰੇ ਅੰਦਰਲੇ ਸੱਚ ਨੂੰ ਸਹਿਜ ਰੂਪ ਵਿਚ ਦਰਸਾਅ ਦੇਂਦੀ ਹੈ, ਕਾਨੂੰਨ, ਨਿਆਂ ਅਤੇ ਜੇਲ੍ਹਾਂ ਵਿਚ ਪੈਸੇ ਦੀ ਸ਼ਕਤੀ ਆਪਣੇ ਜੌਹਰ ਵਿਖਾ ਰਹੀ ਹੈ ਅਤੇ ਚੌਤਰਫ਼ੀ ਕਾਨੂੰਨ ਦਾ ਨਹੀਂ ਜੰਗਲ ਦਾ ਰਾਜ ਨਜ਼ਰ ਆਉਂਦਾ ਹੈ ਅਤੇ ਇਸ ਸਭ ਕੁਝ ਨੂੰ ਬਦਲਿਆ ਅਤੇ ਲੋਕ ਪੱਖੀ ਬਣਾਇਆ ਜਾਣਾ ਚਾਹੀਦਾ ਹੈ। ਆਪਣੇ ਆਖ਼ਰੀ ਸੂਤਰ ਉੱਪਰ ਬਲ ਦੇਣ ਲਈ ਲੇਖਕ ਆਪਣੇ ਹਰ ਨਾਵਲ ਵਿਚ ਸਾਂਝੇ ਵਰਗ ਸੰਘਰਸ਼ ਅਤੇ ਪ੍ਰਭਾਵਸ਼ਾਲੀ ਲੋਕ ਲਹਿਰ ਨੂੰ ਉਸਾਰਣ ਦੀ ਤੀਬਰ ਲੋੜ ਨੂੰ ਉਭਾਰਦਾ ਹੈ। ਫ਼ਲਸਰੂਪ ਮਸਲਾ ਤੇ ਹੱਲ, ਕਰੂਰ ਯਥਾਰਥ ਤੇ ਜਮਾਤੀ ਚੇਤਨਾ ਦੀ ਜ਼ਰੂਰਤ ਉਸ ਦੇ ਨਾਵਲਾਂ ਵਿਚ ਨਾਲ ਨਾਲ ਤੁਰਦੇ ਉਸਦੇ ਗਲਪੀ ਪ੍ਰਬੰਧ ਦੀ ਸਿਰਜਣਾ ਕਰਦੇ ਹਨ। ਕਰੀਬ ਸਾਢੇ ਤਿੰਨ ਦਹਾਕਿਆਂ ਉੱਪਰ ਫ਼ੈਲੀ ਮਿੱਤਰ ਸੈਨ ਮੀਤ ਦੀ ਗਲਪਕਾਰੀ ਨੇ ਥੀਮ, ਗਲਪੀ ਤਕਨੀਕ, ਭਾਸ਼ਾ ਸ਼ੈਲੀ ਅਤੇ ਗਲਪਦ੍ਰਿਸ਼ਟੀ ਦੇ ਪੱਖੋਂ ਆਪਣੀ ਵੱਖਰੀ ਪਛਾਣ, ਨਵੇਕਲੇ ਨਕਸ਼ ਅਤੇ ਗਲਪੀ ਸੀਮਾਵਾਂ ਨੂੰ ਸਿਰਜਿਆ ਹੈ :

(ੳ) ਮੀਤ ਨੇ ਆਪਣੀ ਗਲਪ-ਰਚਨਾ ਵਿਚ ਪ੍ਰਚੱਲਿਤ ਵਿਸ਼ਿਆਂ ਅਤੇ ਮੁੱਦਿਆਂ ਨਾਲੋਂ ਅਸਲੋਂ ਵੱਖਰਾ ਅਤੇ ਨਵਾਂ ਮੁੱਦਾ ਅਤੇ ਮਸਲਾ ਉਠਾਇਆ ਹੈ।

(ਅ) ਥੀਮ ਪੱਖੋਂ ਉਸ ਦੇ ਨਾਵਲ ਇੱਕੋ ਹੀ ਧੁਰੇ (ਫੌਜਦਾਰੀ ਨਿਆਂ ਪ੍ਰਬੰਧ) ਦੁਆਲੇ ਘੁੰਮਦੇ ਅਤੇ ਉਸਦੀਆਂ ਵੱਖ ਵੱਖ ਕੜੀਆਂ ਦੇ ਪਾਜ ਉਘਾੜਦੇ ਜਾਂ ਉਨ੍ਹਾਂ ਨੂੰ ਨੰਗਾ ਕਰਦੇ ਹਨ। ਉਸ ਦੀ

ਸਮੁੱਚੀ ਤਖ਼ਲੀਕ ਦਾ ਮਕਸਦ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਕਰਨਾ ਹੈ । ਅਜੋਕੇ ਭਿਅੰਕਰ, ਚਰਿਤ੍ਰਹੀਨ, ਤਲਿੱਸਮੀ, ਵਿਕਾਊ ਅਤੇ ਮਾਇਆ ਦੇ ਇਰਦ-ਗਿਰਦ ਘੁੰਮ ਰਹੇ ਯੁੱਗ ਦੀਆਂ ਪਰਤਾਂ ਨੂੰ ਫਰੋਲਣਾ ਉਸ ਦੀ ਗਲਪ-ਰਚਨਾ ਦਾ ਸ਼ਨਾਖਤੀ ਲੱਛਣ ਹੈ ।

(ੲ) ਉਸ ਦੇ ਨਾਵਲ ਫੌਜਦਾਰੀ ਨਿਆਂ ਪ੍ਰਬੰਧ ਦੀਆਂ ਕਮਜ਼ੋਰੀਆਂ ਨੂੰ ਦਰਸਾਉਣ ਲਈ ਮਜ਼ਲੂਮਾਂ, ਸਾਧਨਹੀਣਾਂ ਅਤੇ ਨਿਰਦੋਸ਼ਾਂ ਨਾਲ ਹੁੰਦੀਆਂ ਜ਼ਿਆਦਤੀਆਂ ਨੂੰ ਚਿਤਰਦੇ ਹਨ ਅਤੇ ਨਾਲ ਹੀ ਨਾਲ ਸਾਧਨ-ਸੰਪੰਨ ਧਿਰ ਦੀ ਪੈਸੇ ਅਤੇ ਸੰਪਰਕਾਂ ਦੀ ਸ਼ਕਤੀ ਨੂੰ ਉਭਾਰਦੇ ਹਨ । ਇਹ ਨਾਵਲ ਉਸ ਨੇ ਮਜ਼ਲੂਮ, ਸਾਧਨਹੀਣ, ਨਿਰਦੋਸ਼ ਅਤੇ ਪੀੜਿਤ ਧਿਰ ਦੇ ਹੱਕ ਦੇ ਪੈਂਤੜੇ ਤੋਂ ਸਿਰਜੇ ਹਨ । ਇਨ੍ਹਾਂ ਵਿਚ ਪੈਸੇ ਦੀ ਸ਼ਕਤੀ, ਅਤਿਆਚਾਰ ਅਤੇ ਗੁਲਾਮੀ ਦੇ ਸਮਵਿੱਥ ਸੰਘਰਸ਼ ਦੀ ਗਾਥਾ ਵੀ ਤੁਰਦੀ ਹੈ ।

(ਸ) ਉਸ ਦੀਆਂ ਰਚਨਾਵਾਂ ਵਕਤੀ ਮਜ਼ਾ ਦੇਣ ਵਾਲੀਆਂ ਨਹੀਂ ਅਤੇ ਇਨ੍ਹਾਂ ਨੂੰ ਪ੍ਰਚਲਿਤ ਸੁਹਜ ਸ਼ਾਸਤਰੀ ਪ੍ਰਤਿਮਾਨਾਂ ਉਪਰ ਨਹੀਂ ਪਰਖਿਆ ਜਾਣਾ ਚਾਹੀਦਾ । ਇਹ ਲਿਖਤਾਂ ਗਲਪ ਅਤੇ ਖੋਜ ਦੇ ਸੰਜੋਗੀ ਰਿਸ਼ਤੇ ਉੱਪਰ ਉੱਸਰੀਆਂ ਨਵੀਂ ਗਲਪ ਵਿਧਾ ਸਿਰਜਣ ਵੱਲ ਰੁਚਿਤ ਹਨ ।

(ਹ) ਸਿਰਜਣਾ ਦੇ ਦੈਵੀ ਸਿੱਧਾਂਤ ਨਾਲ ਇਨ੍ਹਾਂ ਲਿਖਤਾਂ ਦਾ ਕੋਈ ਸਰੋਕਾਰ ਨਹੀਂ । ਇਹ ਸੰਦੇਸ਼-ਮੁਖ ਅਤੇ ਪ੍ਰਤਿਬੱਧ ਚਰਿਤ੍ਰ ਦੀਆਂ ਧਾਰਣੀ ਰਚਨਾਵਾਂ ਹਨ । ਇਨ੍ਹਾਂ ਦਾ ਇੱਕੋ ਇਕ ਆਸ਼ਾ ਅਜੋਕੀ ਭ੍ਰਿਸ਼ਟ ਅਤੇ ਸਾਧਨਹੀਨ ਵਿਵਸਥਾ ਵਿਚ ਕ੍ਰਾਂਤੀਕਾਰੀ ਤਬਦੀਲੀ ਅਤੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਹੈ । ਸਾਮਰਾਜੀ ਵਿਸ਼ਵੀਕਰਣ ਦਾ ਵਿਰੋਧ ਇਨ੍ਹਾਂ ਰਚਨਾਵਾਂ ਦੀ ਥੀਮਿਕ-ਲਯ ਦਾ ਅਟੁੱਟ ਹਿੱਸਾ ਹੈ । ਇਨ੍ਹਾਂ ਵਿਚਲੇ ਪਾਤਰ ਅਤੇ ਘਟਨਾਵਾਂ ਆਪਹੁਦਰੇ ਢੰਗ ਨਾਲ ਨਹੀਂ ਬਲਕਿ ਇਕ ਨਿਸਚਿਤ ਉੱਦੇਸ਼ ਅਤੇ ਨਿਸ਼ਚਤ ਦਿਸ਼ਾ ਵਿਚ ਸਰਕਦੇ ਅਤੇ ਨਿਸ਼ਚਤ ਭੂਮਿਕਾ ਨਿਭਾਉਂਦੇ ਹਨ ।

(ਕ) ਉੱਦੇਸ-ਮੂਲਕ ਅਤੇ ਪ੍ਰਤਿਬੱਧ ਰਚਨਾਵਾਂ ਹੋਣ ਕਰਕੇ ਇਨ੍ਹਾਂ ਗਲਪੀ ਰਚਨਾਵਾਂ ਦੇ ਸੰਗਠਨ ਵਿਚ ਮਸਲਾ ਤੇ ਹੱਲ, ਕਰੂਰ ਯਥਾਰਥ ਤੇ ਜਮਾਤੀ ਚੇਤਨਾ/ਸੰਘਰਸ਼ ਦੀ ਜ਼ਰੂਰਤ ਦੀ ਪ੍ਰਕਿਰਿਆ ਇਕ ਦੂਸਰੇ ਦੇ ਅੰਗ ਸੰਗ ਤੁਰਦੀ ਹੈ । ਇਨ੍ਹਾਂ ਵਿਚ ਪਾਤਰਾਂ ਦੇ ਸੰਬਾਦ- ਪ੍ਰਬੰਧ ਦੇ ਨਾਲ-ਨਾਲ ਲੇਖਕ ਦਾ ਪ੍ਰਵਚਨ ਵੀ ਖਾਮੋਸ਼ ਨਹੀਂ ਰਹਿੰਦਾ । ਇੰਜ ਇਹ ਰਚਨਾਵਾਂ ਕੁਝ ਕਹਿੰਦੀਆਂ ਵੀ ਹਨ ਤੇ ਦਿਖਾਂਉਂਦੀਆਂ ਵੀ, ਦਰਸਾਉਂਦੀਆਂ ਵੀ ਹਨ ਅਤੇ ਬਹੁਤ ਕੁਝ ਦੱਸਦੀਆਂ ਵੀ ।

(ਖ) ਮੀਤ ਦੇ ਨਾਵਲਾਂ ਵਿਚਲਾ ਪਾਤਰ ਪ੍ਰਬੰਧ ਅਤੇ ਘਟਨਾ-ਪ੍ਰਬੰਧ ਵੀ ਅਸਲੋਂ ਵੱਖਰੀ ਅਤੇ ਨਵੇਕਲੀ ਕਿਸਮ ਦਾ ਹੈ । ਉਸ ਦੇ ਜ਼ਿਆਦਾਤਰ ਪਾਤਰ ਸ਼ਹਿਰਾਂ ਅਤੇ ਕਸਬਿਆਂ ਵਿਚੋਂ ਹਨ । ਇਸ ਪਾਤਰ ਪ੍ਰਬੰਧ ਨੂੰ ਨਾਇਕ ਖਲਨਾਇਕ ਦੀ ਰਵਾਇਤੀ ਵੰਡ ਅਨੁਸਾਰ ਨਹੀਂ ਪਰਖਿਆ ਜਾ ਸਕਦਾ । ਉਸ ਨੇ ਆਪਣੇ ਨਾਵਲਾਂ ਵਿਚ ਪਾਤਰਾਂ ਦੇ ਜਟਿਲ ਸਮੂਹ ਨੂੰ ਸਿਰਜਿਆ ਹੈ । ਇਨ੍ਹਾਂ ਵਿਚ ਨਾਇਕ ਲੋਕ ਸਮੂਹ ਹੈ ਜੋ ਜਮਾਤੀ ਚੇਤਨਾ ਜਾਂ ਸੰਘਰਸ਼ ਦੇ ਰਾਹ ਤੁਰਦਾ ਹੈ ਅਤੇ ਉਸ ਦਾ ਇੱਛਤ ਵਸਤੂ ਸ਼ੋਸ਼ਿਤ ਅਤੇ ਮਜ਼ਲੂਮ ਜਨਤਾ ਦੇ ਏਕੇ ਰਾਹੀਂ ਸਮਾਜਵਾਦੀ ਇਨਕਲਾਬ ਦੀ ਪ੍ਰਾਪਤੀ ਹੈ । ਖਲਨਾਇਕ ਧਿਰ ਅਜੋਕੀ ਨਿਆਂ ਪ੍ਰਣਾਲੀ ਅਤੇ ਸਮਾਜਕ ਆਰਥਿਕ ਵਿਵਸਥਾ ਹੈ ਜੋ ਸਾਧਨਹੀਨ ਦੀ ਵਿਰੋਧੀ ਅਤੇ ਸਾਧਨ ਸੰਪੰਨ ਦੀ ਪੱਖੀ ਹੈ । ਨਾਵਲਕਾਰ ਆਪਣੀ ਸਮੁੱਚੀ ਗਲਪ ਰਚਨਾ ਵਿਚ ਇਸ ਸਮੁੱਚੇ ਭ੍ਰਿਸ਼ਟ ਅਤੇ ਅਮਾਨਵੀ

ਪ੍ਰਬੰਧ ਦੇ ਜੂਲੇ ਹੇਠੋਂ ਨਿਕਲਣ ਲਈ ਅਸਲ ਵਿਚ ਇਨ੍ਹਾਂ ਵਿਰੋਧੀ ਧਿਰਾਂ ਦੇ ਭੇੜ ਦਾ ਇਕ ਮਹਾਂਬਿਰਤਾਂਤ ਸਿਰਜਦਾ ਹੈ। ਉਹ ਲੁੰਪਨ-ਵਰਗ ਨੂੰ ਪਰਿਸਥਿਤੀਆਂ ਦੀ ਕਰੂਰਤਾ ਦੀ ਪੈਦਾਵਾਰ ਦੱਸ ਕੇ ਉਸ ਪ੍ਰਤਿ ਹਮਦਰਦੀ ਜਗਾਉਂਦਾ ਹੈ। ਇੰਜ ਇਸ ਨਾਵਲ ਵਿਚਲਾ ਘਟਨਾ ਪ੍ਰਬੰਧ ਵੀ ਆਪਣੇ ਆਪ ਵਿਚ ਮਕਸਦ ਨਹੀਂ, ਸਗੋਂ ਮਾਧਿਅਮ ਹੈ ਕਿਸੇ ਵਡੇਰੇ ਆਸ਼ੇ ਦੀ ਪੂਰਤੀ ਦਾ।

(ਗ) ਅਜੋਕੀ ਬੁਰਜੂਆ ਨਿਆਂ ਪ੍ਰਣਾਲੀ ਅਤੇ ਉਸ ਦੀਆਂ ਦੂਸਰੀਆਂ ਸੰਸਥਾਵਾਂ ਵਿਚ ਵਿਆਪ ਰਹੇ ਨਿਘਾਰ ਦੀਆਂ ਵਿਭਿੰਨ ਪਰਤਾਂ ਅਤੇ ਕਿਰਦਾਰ ਨੂੰ ਉਭਾਰਨ ਲਈ ਨਾਵਲਕਾਰ ਨੇ ਤੱਥਾਂ, ਸਿੱਧਾਂਤਾਂ, ਅਨੁਭਵ, ਵਿਅੰਗ ਅਤੇ ਵਿਡੰਬਨਾ ਆਦਿ ਜੁਗਤਾਂ ਦੀ ਸਹਾਇਤਾ ਲਈ ਹੈ।

ਪ੍ਰਤਿਬੱਧ ਅਤੇ ਉੱਦੇਸ਼ -ਮੂਲਕ ਸਾਹਿਤ ਦੀਆਂ ਆਪਣੀਆਂ ਸੰਭਾਵਨਾਵਾਂ ਦੇ ਨਾਲ-ਨਾਲ ਸੀਮਾਵਾਂ ਵੀ ਹੁੰਦੀਆਂ ਹਨ। ਪੀੜਾ ਤੋਂ ਮੁਕਤੀ ਦਾ ਪ੍ਰਵਚਨ ਸਿਰਜਣ ਪ੍ਰਤਿ ਬਚਨਬੱਧ ਹੋਣ ਕਰਕੇ ਇਨ੍ਹਾਂ ਵਿਚ ਇਕ ਖਾਸ ਕਿਸਮ ਦੀ ਨਿਸ਼ਚਿਤਤਾ ਅਤੇ ਕਈ ਵਾਰ ਸਰਲਤਾ ਆ ਜਾਂਦੀ ਹੈ। ਇਨ੍ਹਾਂ ਦੀ ਪ੍ਰਾਪਤੀ ਆਪਣੇ ਸਮਿਆਂ ਦੀ ਵਿਆਕਰਣ ਅਤੇ ਮਨੁੱਖੀ ਜ਼ਿੰਦਗੀ ਦਾ ਮਹਾਂਬਿਰਤਾਂਤ ਸਿਰਜਣ ਵਿਚ ਨਿਹਿਤ ਹੁੰਦੀ ਹੈ। ਮੀਤ ਨੇ ਆਪਣੇ ਨਾਵਲਾਂ ਵਿਚ ਪੈਸੇ ਤੇ ਸੰਪਰਕਾਂ ਦੀ ਸ਼ਕਤੀ ਦੇ ਉਸ ਤੇ ਖਿਲਾਫ਼ ਉੱਠ ਰਹੇ ਵਿਦਰੋਹ ਨੂੰ ਸਮਾਨਾਂਤਰ ਰੂਪ ਵਿਚ ਚਿੱਤਰ ਕੇ ਇਤਿਹਾਸਕ ਮਹੱਤਵ ਦਾ ਕਾਰਜ ਕੀਤਾ ਹੈ। ਇਨ੍ਹਾਂ ਵਿਚ ਤਸਵੀਰਕਸ਼ੀ ਹੋਈ ਹੈ ਸਾਡੇ ਸਮਿਆਂ ਦੇ ਇਤਿਹਾਸ ਦੀ; ਜਿਸ ਵਿਚ ਪੀੜਾ ਤੇ ਸੰਘਰਸ਼, ਕਰੁਣਾ ਤੇ ਨਾਬਰੀ ਦੋਵੇਂ ਸ਼ਾਮਿਲ ਹਨ। ਇਸ ਲਈ ਇਨ੍ਹਾਂ ਨਾਵਲਾਂ ਨੂੰ ਇਨ੍ਹਾਂ ਦੀਆਂ ਕਲਾਤਮਕ ਸੀਮਾਂਵਾ ਦੀ ਬਜਾਏ ਇਨ੍ਹਾਂ ਦੀਆਂ ਸਮਾਜੀ ਤੇ ਰਾਜਨੀਤਕ ਸੰਭਾਵਨਾਵਾਂ ਦੇ ਕੋਣ ਤੋਂ ਪਰਖਿਆ ਜਾਣਾ ਬਣਦਾ ਹੈ। ਪੁਸਤਕ ਵਿਚ ਦਰਜ ਮਜ਼ਮੂਨਾਂ ਵਿਚਲੇ ਅਧਿਐਨ ਵਿਚ ਇਹੀ ਪਾਸਾਰ ਹਾਵੀ ਮਿਲੇਗਾ।

ਅਜੋਕਾ ਯੁੱਗ ਸਾਮਰਾਜੀ ਵਿਸ਼ਵੀਕਰਨ ਦਾ ਹੈ। ਮੰਡੀ, ਮੁਨਾਫਾ ਤੇ ਮੁਕਾਬਲਾ ਇਸ ਦੀਆਂ ਖ਼ਸਲਤਾਂ ਹਨ। ਇਸ ਵਿਚ ਸਾਧਨ-ਸੰਪੰਨ ਆਪਣੀ ਧੌਂਸ ਵਧਾ ਰਿਹਾ ਹੈ ਅਤੇ ਸਾਧਨਹੀਨ ਪਿਸ ਰਿਹਾ ਅਤੇ ਦਾਬੇ ਹੇਠ ਵਿਚਰ ਰਿਹਾ ਹੈ। ਮੱਧਵਰਗੀ ਕਿਰਦਾਰ ਖਾਮੋਸ਼ੀ ਦੀ ਬੁਜ਼ਦਿਲੀ ਦਿਖਾ ਰਿਹਾ ਹੈ। ਅਜੋਕੇ ਸਮਿਆਂ ਦੀ ਮੰਗ ਬੇਲਿਹਾਜ਼ ਸੰਵਾਦ ਦੀ ਹੈ, ਖਪਤੀ ਸ਼ਬਦ ਕ੍ਰੀੜਾ ਦੀ ਨਹੀਂ। ਇਸ ਉਪਭੋਗੀ ਜਾਂ ਖਪਤੀ ਵਰਤਾਰੇ ਵਿਚ ਉਚਿਤ ਅਤੇ ਪ੍ਰਾਸੰਗਿਕ ਸੁਆਲ ਅਤੇ ਸੰਵਾਦ ਉਭਾਰਣਾ ਚਾਹੀਦਾ ਹੈ; ਸਿਰਜਣਾ ਅਤੇ ਚਿੰਤਨ ਦੋਵਾਂ ਮਾਧਿਅਮਾਂ ਰਾਹੀਂ। ਮੀਤ ਇਹ ਕਾਰਜ ਪੂਰੀ ਸੁਹਿਰਦਤਾ ਅਤੇ ਪ੍ਰਤਿਬੱਧਤਾ ਨਾਲ ਕਰ ਰਿਹਾ ਹੈ ਅਤੇ ਪੰਜਾਬੀ ਚਿੰਤਕਾਂ ਨੂੰ ਵੀ ਇਸੇ ਮੁਕੱਦਸ ਫ਼ਰਜ਼ ਨਾਲ ਜੁੜਨਾ ਚਾਹੀਦਾ ਹੈ।

**ਜੁਲਾਈ, 2006**

**ਹਰਿਭਜਨ ਸਿੰਘ ਭਾਟੀਆ**
ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

# 1
# ਮਿੱਤਰ ਸੈਨ ਮੀਤ ਦੀ ਨਾਵਲਕਲਾ ਦੀ ਵਿਲੱਖਣਤਾ

**ਟੀ.ਆਰ. ਵਿਨੋਦ**

ਪੰਜਾਬੀ ਦੇ ਸਥਾਪਿਤ ਨਾਵਲਕਾਰ ਮਿੱਤਰ ਸੈਨ ਮੀਤ ਦਾ ਪਹਿਲਾ ਨਾਵਲ 'ਅੱਗ ਦੇ ਬੀਜ' *1971* ਵਿਚ ਛਪਿਆ ਸੀ ਅਤੇ ਦੂਸਰਾ 'ਕਾਫ਼ਲਾ' *1986* ਵਿਚ, ਭਾਵੇਂ ਇਹ ਨਾਵਲ ਵੀ *1973* ਵਿਚ ਲਿਖਿਆ ਜਾ ਚੁੱਕਿਆ ਸੀ। ਇਸ ਤੱਥ ਦਾ ਅਰਥ ਇਹ ਬਣਦਾ ਹੈ ਕਿ ਮੀਤ ਦਾ ਨਾਵਲਕਲਾ ਦਾ ਮੁੱਢ ਨਕਸਲੀ ਲਹਿਰ ਦੇ ਤੱਤਕਾਲੀ ਸਾਹਿਤਿਕ ਪ੍ਰਭਾਵਾਂ ਅਧੀਨ ਬੱਝਿਆ। ਆਮ ਪਾਠਕਾਂ ਵਿਚ ਮਕਬੂਲ ਹੋਣ ਦੇ ਬਾਵਜੂਦ ਇਹ ਨਾਵਲ ਅਕਾਦਮਿਕ ਹਲਕਿਆ ਦਾ ਧਿਆਨ ਆਪਣੇ ਵੱਲ ਨਾ ਖਿੱਚ ਸਕੇ। ਇਹਨਾਂ ਦੋਹਾਂ ਨਾਵਲਾਂ ਦੀ ਬਣਤਰ ਕਿਉਂਕਿ ਇਕਹਿਰੀ ਭਾਂਤ ਦੀ ਦ੍ਰਿਸ਼ਟਾਂਤਕ ਰੂੜ੍ਹੀ ਦਾ ਅਨੁਕਰਣ ਕਰਨ ਵਾਲੀ ਹੈ ਅਤੇ ਆਪਣੇ ਮਨੋਰਥ ਵਿਚ ਬਾਹਰਮੁੱਖੀ ਵਾਸਤਵ ਦਾ ਕੋਈ ਸਜੀਵ ਅਤੇ ਸਮੁੱਚਾ ਗਲਪ-ਬਿੰਬ ਉਸਾਰਨ ਦੀ ਥਾਂ ਇਨਕਲਾਬੀ ਤਬਦੀਲੀ ਲਈ ਲੋੜੀਂਦੀ ਚੇਤਨਾ ਦੇ ਪ੍ਰਸਾਰ ਦਾ ਪ੍ਰਕਾਰਜ ਨਿਭਾਉਣ ਲਈ ਚੇਤੰਨ ਭਾਂਤ ਸਿਰਜੀ ਗਈ ਹੈ। ਇਸ ਲਈ ਪੰਜਾਬੀ ਨਾਵਲ ਦੇ ਚਿੰਤਕਾਂ ਨੇ ਇਨ੍ਹਾਂ ਨੂੰ ਅਣਗੌਲਿਆਂ ਦੇ ਰਹਿਣ ਦਿੱਤਾ ਹੈ।

ਇਨ੍ਹਾਂ ਨਾਵਲਾਂ ਬਾਰੇ ਛੋਟੀਆਂ-ਛੋਟੀਆਂ ਟਿੱਪਣੀਆਂ ਤਾਂ ਕਈਆਂ ਨੇ ਕੀਤੀਆਂ ਹਨ ਪਰੰਤੂ ਇਨ੍ਹਾਂ ਦਾ ਜਾਇਜ਼ਾ ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੇ ਇਕ ਲੇਖ "ਮੀਤ ਦੇ ਮੁਢਲੇ ਨਾਵਲ" ਵਿਚ ਕਾਫ਼ੀ ਗਹਿਰਾਈ ਨਾਲ ਲਿਆ ਹੈ। ਉਸ ਅਨੁਸਾਰ ਮੀਤ ਦੇ ਦੋਵੇਂ ਮੁਢਲੇ ਨਾਵਲ ਨਕਸਲਵਾਦ ਦੀ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਹਨ। ਇਨ੍ਹਾਂ ਦੀ ਰਚਨਾ ਦ੍ਰਿਸ਼ਟੀ ਦੇ ਸਰੋਤ ਨਾਨਕ ਸਿੰਘ ਦੇ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦ ਅਤੇ ਗੁਰਦਿਆਲ ਸਿੰਘ-ਸੀਤਲ ਦੇ ਹਕੀਕਤ ਪਸੰਦੀ ਵਾਲੇ ਰੁਝਾਨਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੇ ਹਨ।"

ਉਕਤ ਧਾਰਨਾ ਦੀ ਰੋਸ਼ਨੀ ਵਿਚ ਜਦੋਂ ਅਸੀਂ ਮਿੱਤਰ ਸੈਨ ਮੀਤ ਦੇ ਅਗਲੇ ਨਾਵਲਾਂ ਦੇ ਸਨਮੁਖ ਹੁੰਦੇ ਹਾਂ ਤਾਂ ਹਕੀਕਤ ਪਸੰਦੀ ਵਾਲਾ ਰੁਝਾਨ ਲਗਾਤਾਰ ਵਧਦਾ ਜਾਂਦਾ ਨਜ਼ਰ ਆਉਂਦਾ ਹੈ। ਇਹਨਾਂ ਤੋਂ ਪਿੱਛੋਂ ਛਪੇ ਤਿੰਨ ਨਾਵਲਾਂ 'ਤਫ਼ਤੀਸ਼' 'ਕਟਹਿਰਾ' ਅਤੇ 'ਕੌਰਵ ਸਭਾ' ਅਤੇ ਚੋਥੇ ਨਾਵਲ 'ਸੁਧਾਰ ਘਰ' ਤੋਂ ਸਿੱਧ ਹੁੰਦਾ ਹੈ ਕਿ ਪ੍ਰਕਾਸ਼ਿਤ ਹੋ ਚੁੱਕੇ ਨਾਵਲਾਂ ਵਿਚਲੀ ਰਚਨਾ ਵਸਤੂ ਨਵੀਂ ਕਿਸਮ ਦੀ ਰਚਨਾ ਵਿਧੀ ਰਾਹੀਂ ਜਿਸ ਨਰੋਏ ਨਜ਼ਰੀਏ ਤੋਂ ਪੇਸ਼ ਹੋਈ ਹੈ,ਉਸਦੇ ਨਾਲ *1990* ਤੋਂ ਬਾਅਦ ਦੀ ਪੰਜਾਬੀ ਨਾਵਲ ਕਲਾ ਵਿਚ ਉਸੇ ਤਰ੍ਹਾਂ ਦਾ ਅਨੂਠਾ ਪ੍ਰੀਤਕਰਮ ਹੋਇਆ ਹੈ। ਜਿਸ ਤਰ੍ਹਾਂ ਦਾ ਗੁਰਦਿਆਲ ਸਿੰਘ ਦੇ ਪਹਿਲੇ ਦੋ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅਣਹੋਏ' ਨਾਲ ਹੋਇਆ ਸੀ।

## 2. ਮੂਲ ਸੰਕਟ

ਮੀਤ ਦੇ ਇਨ੍ਹਾਂ ਨਾਵਲਾਂ ਦਾ ਮਕਜ਼ੀ ਮਜਮੂਨ ਨਿਆਂ-ਪ੍ਰਬੰਧ ਹੈ। ਇਹ ਨਿਆਂ-ਪ੍ਰਬੰਧ ਬਰਤਾਨਵੀ ਸਾਮਰਾਜ ਦੀ ਸਟੇਟ ਨੇ ਸਾਮਰਾਜੀ ਹਿੱਤਾਂ ਦੀ ਪੂਰਤੀ ਲਈ ਲਾਗੂ ਕੀਤਾ ਸੀ। ਜਿਸ ਨੂੰ ਆਜ਼ਾਦ ਭਾਰਤ ਦੇ ਹਾਕਮ ਨੇ ਵੀ ਆਪਣਾ ਲਿਆ ਹੈ ਕਿਉਂਕਿ ਸਾਮਰਾਜੀ ਅਤੇ ਆਜ਼ਾਦ ਭਾਰਤ ਦੋਹਾਂ ਦਾ ਰਾਜਸੀ ਢਾਂਚਾ ਪੂੰਜੀਵਾਦੀ ਖ਼ਮੀਰ ਵਾਲਾ ਸੀ ਜਿਸਦੇ ਹਿਤਾਂ ਦੀ ਪੂਰਤੀ ਲਈ ਇਹ ਨਿਆਂ ਪ੍ਰਬੰਧ ਸਭ

ਤੋਂ ਵੱਧ ਲਾਭਕਾਰੀ ਸਿੱਧ ਹੋਇਆ ਅਤੇ ਹੋ ਰਿਹਾ ਹੈ।

ਇਸ ਸੰਬੰਧ ਵਿਚ ਮਿੱਤਰ ਸੈਨ ਮੀਤ ਦੀ ਪਹਿਲੀ ਵੱਡੀ ਪ੍ਰਾਪਤੀ ਇਹ ਹੈ ਕਿ ਉਸਨੇ ਆਪਣੇ ਨਾਵਲਾਂ ਵਿਚ ਇਸ ਨਿਆਂ ਪ੍ਰਬੰਧ ਦੇ ਕੁਲੀਨ ਮੁਖੀ ਚਿਹਰੇ ਦੇ ਬਦਨੁਮਾਂ ਦਾਗਾਂ ਨੂੰ ਪੂਰੇ ਵਿਸਤਾਰ ਨਾਲ ਗਲਪੀ ਬਿੰਬ ਵਿਚ ਢਾਲ ਕੇ ਪੇਸ਼ ਕੀਤਾ ਹੈ। ਇਸ ਨਿਆਂ-ਪ੍ਰਬੰਧ ਦੇ ਪਿਛੋਕੜ ਵਿਚ ਕਾਰਜਸ਼ੀਲ ਰਾਜ ਸੱਤਾ ਦੇ ਇੱਕਾ-ਦੁੱਕਾ ਕਾਨੂੰਨਾਂ ਦੀ ਆਲੋਚਨਾ ਤਾਂ ਭਾਈ ਵੀਰ ਸਿੰਘ ਦੇ ਨਾਵਲ 'ਬਾਬਾ ਨੌਧ ਸਿੰਘ'ਤੋਂ ਹੀ ਸ਼ੁਰੂ ਹੋ ਗਈ ਸੀ, ਪਰੰਤੂ ਨਿਆਂ ਪ੍ਰਬੰਧ ਦੇ ਮੂਲ ਆਧਾਰ ਕਾਨੂੰਨੀ ਫ਼ਲਸਫ਼ੇ ਨੂੰ ਉਸ ਦੀਆਂ ਕੁਲ ਪਾਰੀ ਦਾ ਮੁੱਢ ਅਤੇ ਵਿਕਾਸ ਮੀਤ ਦੇ ਇਹ ਨਾਵਲ ਜਿੱਥੇ ਆਮ ਪਾਠਕਾਂ ਵਿਚ ਬੇਹੱਦ ਮਕਬੂਲ ਹੋਏ ਹਨ। ਉਥੇ ਉਸ ਦਾ ਹਰੇਕ ਨਾਵਲ ਬਾਰੇ ਸੰਪਾਦਿਤ ਕੀਤੀਆਂ ਡਾ. ਸੁਖਦੇਵ ਸਿੰਘ ਖਾਹਰਾ ਦੀਆਂ ਕਿਤਾਬਾਂ 'ਤਫਤੀਸ਼ ਦਾ ਵਿਸ਼ਲੇਸ਼ਣ', 'ਮਿੱਤਰ ਸੈਨ ਮੀਤ ਦੀ ਨਾਵਲ ਕਲਾ' ਅਤੇ 'ਕੌਰਵ ਸਭਾ: ਇਕ ਵਿਸ਼ਲੇਸ਼ਣ' ਸਾਡੀ ਇਸ ਧਾਰਨਾ ਦਾ ਠੋਸ ਪ੍ਰਮਾਣ ਹਨ ਕਿ ਪੰਜਾਬੀ ਦੇ ਤਕਰੀਬਨ ਹਰੇਕ ਨਾਵਲ–ਚਿੰਤਕ ਨੇ ਇਹਨਾਂ ਨਾਵਲਾਂ ਦੇ ਵਿਭਿੰਨ ਪਹਿਲੂਆਂ ਬਾਰੇ ਤਾਰਕਿਕ ਨਿਬੰਧ ਲਿਖੇ ਹਨ। ਕੌਰਵ ਸਭਾ ਬਾਰੇ ਤਾਂ ਅਮਰਜੀਤ ਸਿੰਘ ਗਰੇਵਾਲ ਹੋਰਾਂ ਦਾ 108 ਸਫੇ ਲੰਮਾ ਲੇਖ ਇਸ ਨਾਵਲ ਦੀ ਅਹਿਮੀਅਤ ਨੂੰ ਉਜਾਗਰ ਕਰਨ ਵਾਲਾ ਹੈ। ਇਸ ਤੋਂ ਇਲਾਵਾ ਡਾ. ਜੋਗਿੰਦਰ ਸਿੰਘ ਰਾਹੀ ਨੇ ਇਸ ਨਾਵਲ ਨੂੰ ਨਿਆਂ ਪ੍ਰਬੰਧ, ਕਾਨੂੰਨੀ ਵਿਵਸਥਾ ਅਤੇ ਰਾਜ-ਸੱਤਾ ਦੇ ਤੀਹਰੇ ਸਭਿਆਚਾਰ ਦੇ ਫ਼ਲਸਫ਼ੇ ਨੂੰ ਪੇਸ਼ ਕਰਨ ਵਾਲਾ ਨਾਵਲ ਆਖਿਆ ਹੈ।

ਇਹ ਨਾਵਲ ਐਮ. ਏ. (ਪੰਜਾਬੀ) ਦੇ ਪਾਠ–ਕ੍ਰਮ ਦਾ ਹਿੱਸਾ ਵੀ ਬਣ ਰਹੇ ਹਨ ਅਤੇ ਨਾਲੋਂ ਨਾਲ ਇਨ੍ਹਾਂ ਬਾਰੇ ਐਮ. ਫਿਲ. ਦੀ ਪੱਧਰ ਦਾ ਖੋਜ–ਕਾਰਜ ਵੀ ਹੋਇਆ ਚੁੱਕਿਆ ਹੈ। ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਨਾਵਲਾਂ ਨੂੰ ਸਿਆਸੀ ਆਗੂਆਂ, ਰਾਜ ਦੇ ਪ੍ਰਸ਼ਾਸਕਾਂ ਅਤੇ ਪੁਲਿਸ ਅਫ਼ਸਰਾਂ ਨੇ ਵੀ ਧਿਆਨ ਨਾਲ ਪੜ੍ਹਿਆ ਹੈ।

ਇਨ੍ਹਾਂ ਨਾਵਲਾਂ ਦਾ ਇਕ ਪਾਸਾਰ ਉਪਰ ਤੋਂ ਹੇਠਾਂ ਵੱਲ ਫੈਲਿਆ ਹੋਇਆ ਹੈ, ਦੂਸਰਾ ਮੁਤਵਾਜ਼ੀ ਪਾਸਾਰਾਂ ਨਾਲ ਸੰਬੰਧਿਤ ਹੈ। ਇੰਨੇ ਵਿਆਪਕ ਅਨੁਭਵ ਦੇ ਪਿੱਛੇ ਨਾਵਲਕਾਰ ਦੀ ਕਾਨੂੰਨ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਾ ਵੀ ਹੱਥ ਹੈ ਅਤੇ ਇਸ ਦੇ ਵਿਹਾਰਿਕ ਅਨੁਭਵ ਦਾ ਵੀ। ਐਫ. ਆਈ. ਆਰ ਤੋਂ ਲੈ ਕੇ ਸਜ਼ਾ ਦੇ ਭੁਗਤਾਨ ਦੀ ਸਾਰੀ ਕਾਰਕਰਦਗੀ ਨੂੰ ਇਹ ਨਾਵਲ ਜਿਸ ਭਾਸ਼ਾਈ ਟੇਢ ਨਾਲ ਪੇਸ਼ ਕਰਦੇ ਹਨ, ਉਹ ਟੇਢ ਨਿਆਂ ਦੀ ਸਿਧਾਂਤਕ ਅਤੇ ਵਿਹਾਰਿਕ ਖੋਟ ਨੂੰ ਅਗਰਭੂਮੀ ਵਿਚ ਲੈ ਆਉਂਦੀ ਹੈ। 'ਤਫ਼ਤੀਸ਼', 'ਕਟਹਿਰਾ' ਅਤੇ 'ਸੁਧਾਰ ਘਰ' ਇਸ ਨਿਆਂ ਪ੍ਰਬੰਧ ਦੇ ਤਿੰਨ ਵੱਖਰੇ ਵੱਖਰੇ ਜੁੜਵੇ ਪੜਾਅ ਹਨ ਸੁਧਾਰ ਘਰ ਹਕੀਕਤ ਵਿਚ ਵਿਗਾੜ ਘਰ ਬਣ ਗਿਆ ਹੋਵੇ।

ਅਮਨ-ਕਾਨੂੰਨ ਅਤੇ ਨਿਆਂ-ਪ੍ਰਬੰਧ ਬਾਰੇ ਨਾਵਲਕਾਰ ਦੀ ਇਕ ਹੋਰ ਅੰਤਰ-ਦ੍ਰਿਸ਼ਟੀ ਦੀ ਟੋਹ ਉਦੋਂ ਮਿਲਦੀ ਹੈ ਜਦੋਂ ਪੁਲਿਸ ਦਾ ਮਹਿਕਮਾ ਅਗਵਾ ਹੋਏ ਬੰਟੀ ਦੇ ਕਤਲ ਦੇ ਅਸਲੀ ਮੁਜਰਮਾਂ ਦਾ ਸੁਰਾਗ ਲੱਭਣ ਵਿਚ ਨਾਕਾਮ ਰਹਿੰਦਾ ਹੈ। ਬੰਟੀ ਸ਼ਹਿਰ ਦੇ ਇਕ ਬਾਰਸੂਖ਼ ਵਿਅਕਤੀ ਲਾਲ ਹਰਦਿਆਲ ਦਾ ਪੋਤਾ ਹੈ ਅਤੇ ਰਾਜ ਦਾ ਮੁੱਖ ਮੰਤਰੀ ਵੀ ਉਸੇ ਸ਼ਹਿਰ ਦਾ ਵਾਸੀ ਹੈ। ਸੋ ਉਹ ਬੰਟੀ ਦੇ ਕਤਲ ਦੇ ਮਾਮਲੇ ਵਿਚ ਆਪਣਾ ਵਕਾਰ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਦਿਲਚਸਪੀ ਲੈਂਦਾ ਹੈ। ਉਹ ਬੰਟੀ ਦੇ ਭੋਗ ਤੋਂ ਪਹਿਲਾਂ-ਪਹਿਲਾਂ ਅਸਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ

ਜਾਰੀ ਕਰ ਦਿੰਦਾ ਹੈ। ਮੁੱਖ ਮੰਤਰੀ ਦੇ ਕਹਿਰ ਤੋਂ ਬਚਣ ਲਈ ਪੁਲਿਸ ਦਾ ਮਹਿਕਮਾ ਇਸ ਮਾਮਲੇ ਦੀ ਗੁੱਥੀ ਸੁਲਝਾਉਣ ਲਈ ਖੱਬਾ ਭਾਰ ਹੋ ਜਾਂਦਾ ਹੈ। ਅਸਲੀ ਕਾਤਲ ਫੇਰ ਵੀ ਨਹੀਂ ਫੜੇ ਜਾਂਦੇ। ਸੋ ਮੁੱਖ ਮੰਤਰੀ ਦੇ ਗੁੱਸੇ ਤੋਂ ਬਚਣ ਲਈ ਪੁਲਿਸ ਦੋ ਨਿਰਦੋਸ਼ ਵਿਅਕਤੀਆਂ ਪਾਲੇ ਅਤੇ ਮੀਤੇ ਦੇ ਉਤੇ ਅਗਵਾ ਅਤੇ ਕਤਲ ਦਾ ਦੋਸ਼ ਥੱਪ ਕੇ ਲੋੜ ਅਨੁਸਾਰ ਕਾਗਜ਼-ਪੱਤਰ ਤਿਆਰ ਕਰਕੇ ਉਨ੍ਹਾਂ ਦਾ ਚਲਾਣ ਪੇਸ਼ ਕਰ ਦਿੰਦੀ ਹੈ। ਅੱਗੋਂ ਅਦਾਲਤ ਵੀ ਉਨ੍ਹਾਂ ਨੂੰ ਕਤਲ ਦੇ ਦੋਸ਼ ਵਿਚ ਸਜ਼ਾ ਸੁਣਾ ਦਿੰਦੀ ਹੈ, ਜੋ ਲੋਕ ਸੰਘਰਸ਼ ਸੰਮਤੀ ਦੀਆਂ ਕੋਸ਼ਿਸ਼ਾਂ ਸਦਕਾ ਉਮਰ ਕੈਦ ਵਿਚ ਬਦਲ ਜਾਂਦੀ ਹੈ। ਸਜ਼ਾ ਕੱਟਣ ਲਈ ਉਹ ਜੇਲ੍ਹ ਵਿਚ ਬੰਦ ਕਰ ਦਿੱਤੇ ਜਾਂਦੇ ਹਨ। ਜਿਸ ਦਾ ਕਟਾਖਸ਼ੀ ਦ੍ਰਿਸ਼ ਸੁਧਾਰ ਘਰ ਵਿਚ ਮੂਰਤੀਮਾਨ ਕੀਤਾ ਗਿਆ ਹੈ। ਇਉਂ ਪਾਲੇ ਅਤੇ ਮੀਤੇ ਨਾਲ ਵਾਪਰੀ ਇਹ ਘਟਨਾ ਭਾਰਤੀ ਨਿਆਂ-ਪ੍ਰਣਾਲੀ ਨਾਲ ਜੁੜੇ ਮਹਿਕਮਿਆਂ ਦੀ ਨਾ-ਅਹਿਲੀਅਤ ਤਾਂ ਜ਼ਾਹਿਰ ਕਰਦੀ ਹੀ ਹੈ ਨਾਲੋਂ-ਨਾਲ ਨਿਆਂ ਪ੍ਰਣਾਲੀ ਦੇ ਨਿਰਦੋਸ਼ ਵਿਅਕਤੀਆਂ ਨੂੰ ਦੰਡ ਦੇਣ ਦੀ ਪ੍ਰਕਿਰਿਆ ਨੂੰ ਵੀ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੈ।

ਨਾਵਲਕਾਰ ਇਸ ਕਥਾ ਦੇ ਇਕ ਹੋਰ ਪਹਿਲੂ ਨੂੰ ਵੀ ਤਨਜ਼ੀਆ ਨਜ਼ਰੀਏ ਦਾ ਵਿਸ਼ਾ ਬਣਾਉਂਦਾ ਹੈ। ਨਾਵਲ ਵਿਚ ਦਰਜ ਵੇਰਵਿਆਂ ਅਨੁਸਾਰ ਲਾਲਾ ਜੀ ਦੇ ਜਿਹੜੇ ਹਮਦਰਦ ਉਨ੍ਹਾਂ ਨਾਲ ਦੁੱਖ ਵੰਡਾਉਣ ਆਉਂਦੇ ਹਨ। ਉਹ, ਵਾਸਤਵ ਵਿਚ, ਲਾਲ ਜੀ ਦੀ ਨੇੜਤਾ ਹਾਸਿਲ ਕਰਨ ਅਤੇ ਇਲਾਕੇ ਵਿਚ ਆਪਣਾ ਅਸਰ-ਰਸੂਖ਼ ਵਧਾਉਣ ਲਈ ਅਜਿਹਾ ਕਰਦੇ ਨਜ਼ਰ ਆਉਂਦੇ ਹਨ। ਦੂਜੇ, ਪਾਲਾ ਅਤੇ ਮੀਤਾ ਭਾਰਤ ਦੀ ਭੁੱਖੀ ਭਾਣੀ ਜਨਤਾ ਦੇ ਨੁਮਾਇੰਦੇ ਹਨ ਜਿਹੜੇ ਨਿੱਕੀਆਂ ਮੋਟੀਆਂ ਚੋਰੀਆਂ ਕਰਕੇ ਆਪਣੀ ਜੂਨ ਬਸਰ ਕਰਨ ਲਈ ਮਜ਼ਬੂਰ ਹਨ। ਦੂਸਰੇ ਪਾਸੇ ਤੋਂ ਵਰਤਮਾਨ ਸਮਾਜ ਦੀਆਂ ਖਾਂਦੀਆਂ-ਪੀਂਦੀਆਂ ਧਿਰਾਂ ਜਿਨ੍ਹਾਂ ਵਿਚ ਮਾਡਲ ਟਾਊਨ ਦੇ 'ਸਾਊ' ਧਨੀ ਵੀ ਸ਼ਾਮਿਲ ਹਨ, ਸ਼ਹਿਰ ਦੇ ਭ੍ਰਿਸ਼ਟ ਵਕੀਲ ਵੀ ਅਤੇ ਪੁਲਿਸ ਤੇ ਨਿਆਂ ਪਾਲਿਕਾ ਦੇ ਅਹਿਲਕਾਰ ਮਾਤਾਹਿਤ ਵੀ, ਖੁਦਗਰਜ਼ ਜ਼ਹਿਨੀਅਤ ਦਾ ਦਾਗ਼ੀ ਚਿਹਰਾ ਵੀ ਰੂਪਮਾਨ ਕੀਤਾ ਗਿਆ ਹੈ। ਸਮਾਜ ਦੇ ਇਹ 'ਮੁਹਤਵਰ' ਲੋਕਚਾਰ, ਸ਼ਿਸ਼ਟਾਚਾਰ, ਸਦਾਚਾਰ ਅਤੇ ਰਿਆਸਤ ਦੇ ਕਾਨੂੰਨ ਵਲੋਂ ਲਾਪਰਵਾਹ ਹੋ ਕੇ ਸੁਖ-ਸਹੂਲਤਾਂ ਹਾਸਿਲ ਕਰਨ ਜਾਂ ਅੱਯਾਸ਼ੀ ਦਾ ਜੀਵਨ ਬਤੀਤ ਕਰਨ ਲਈ ਜਿੱਥੇ ਅਵਾਮ ਦੀ ਲੁੱਟ ਖਸੁੱਟ ਵਿਚ ਇਕ ਦੂਜੇ ਨੂੰ ਠਿੱਬੀ ਲਾਉਣ ਵਿਚ ਲੀਨ ਨਜ਼ਰ ਆਉਂਦੇ ਹਨ। ਉਥੇ ਇਨ੍ਹਾਂ ਮੁਹਤਬਰਾਂ ਦੀ ਸਰਕਾਰੀ ਮਸ਼ੀਨ ਨਾਲ ਬੜਾ ਨੇੜਲਾ ਰਿਸ਼ਤਾ ਹੈ ਜਿਸ ਕਰਕੇ ਇਨ੍ਹਾਂ ਦੀਆਂ ਕਰਤੂਤਾਂ ਜੱਗ-ਜ਼ਾਹਿਰ ਹੋਣ ਦੇ ਬਾਵਜੂਦ ਸਜ਼ਾ ਦੀਆਂ ਭਾਗੀਦਾਰ ਨਹੀਂ ਬਣਦੀਆ। ਵਾਸਤਵ ਵਿਚ ਰਾਜ ਦੇ ਛੋਟੇ ਤੋਂ ਛੋਟੇ ਸੇਵਾਦਾਰ ਤੋਂ ਲੈ ਕੇ ਮੁੱਖ ਮੰਤਰੀ ਤੱਕ ਅਤੇ ਨਿੱਕੇ ਮੋਟੇ ਵਪਾਰਿਆਂ ਤੋਂ ਲੈ ਕੇ ਸਨਅਤਕਾਰਾਂ ਤੱਕ ਸਭ ਦੇ ਸਭ ਇਕੋ ਥੈਲੀ ਦੇ ਚੱਟੇ ਵੱਟੇ ਹਨ। ਇਨ੍ਹਾਂ ਕੋਲ ਰਾਜ ਭਾਗ ਦੀ ਵੀ ਸ਼ਕਤੀ ਹੈ ਤੇ ਇਹ ਆਰਥਿਕ ਸ਼ਕਤੀ ਵੀ। ਸਿੱਟੇ ਵਜੋਂ ਇਨ੍ਹਾਂ ਦੀ ਵਾਅ ਵੱਲ ਕੋਈ ਨਹੀਂ ਝਾਕ ਸਕਦਾ।

ਸਮਾਜ ਦੀ ਇਸ ਸ਼ਕਤੀਵਰ ਧਿਰ ਨੇ ਅੱਗੋਂ ਆਪਣੇ ਆਪਣੇ ਗੁੰਡੇ ਅਤੇ ਬਦਮਾਸ਼ ਪਾਲੇ ਹੋਏ ਹਨ ਜਿਹੜੇ ਇਨ੍ਹਾਂ ਦੀਆਂ ਗ਼ੈਰ ਕਾਨੂੰਨੀ ਸਰਗਰਮੀਆਂ ਦੇ ਅਮਲੀ ਕਾਮੇ ਹਨ। ਇਹ ਲੋਕ ਭੁੱਖ–ਮਰੀ ਅਤੇ ਬੇਰੁਜ਼ਗਾਰੀ ਦੇ ਸ਼ਿਕਾਰ ਲੋਕਾਂ ਦੀ ਲਾਚਾਰੀ ਦਾ ਲਾਭ ਉਠਾ ਕੇ ਉਨ੍ਹਾਂ ਤੋਂ ਗ਼ੈਰ ਕਾਨੂੰਨੀ ਧੰਦੇ ਕਰਵਾਉਂਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਸਰਕਾਰ ਦੀ ਦਹਿਸ਼ਤ ਵੀ ਬਿਠਾਈ ਰੱਖਦੇ ਹਨ।

ਪੈਦਾਵਾਰ ਦੇ ਸਾਧਨਾਂ ਅਤੇ ਸੰਦਾਂ ਦੀ ਮਾਲਕੀ ਦੇ ਲਿਹਾਜ ਨਾਲ ਸੁਚੇਤ ਅਰਥ-ਸ਼ਾਸਤਰੀਆਂ ਨੇ ਧਰਤੀ ਦੀ ਵਸੋਂ ਨੂੰ ਤਿੰਨ ਵੱਡੇ ਵਰਗਾਂ ਵਿਚ ਵੰਡਿਆ ਹੈ। ਇਕ ਫੀਸਦੀ ਲੋਕ ਅਰਬਾਂ-ਖਰਬਾਂ ਦੇ ਮਾਲਕ ਹਨ ਜਿਨ੍ਹਾਂ ਨੂੰ ਅੱਯਾਸ਼ੀ ਤੋਂ ਸਿਵਾ ਹੋਰ ਕੋਈ ਕੰਮ ਨਹੀਂ, 19 ਫੀਸਦੀ ਲੋਕ ਲੱਖ-ਕਰੋੜਪਤੀ ਹਨ ਜਿਨ੍ਹਾਂ ਦੀ ਆਮਦਨੀ ਸੁਖ-ਸਹੂਲਤਾਂ ਮੁਹੱਈਆ ਕਰਨ ਦੇ ਸਮਰਥ ਹੈ। ਇਸ ਧਿਰ ਵਿਚ ਛੋਟੀ ਮਾਲਕੀ ਵਾਲੇ ਕਿਸਾਨ, ਵਪਾਰੀ, ਸਨਅਤਕਾਰ ਕਾਰੀਗਰ ਅਤੇ ਬੁੱਧੀਜੀਵੀ ਸ਼ਾਮਿਲ ਹਨ। ਜਿਹੜੇ ਆਪਣੀ ਮਿਹਨਤ ਦਾ ਸਿਲਾ ਆਪਣੇ ਹੱਕ ਨਾਲੋਂ ਵੀ ਵੱਧ ਹਾਸਿਲ ਕਰਨ ਦੇ ਯੋਗ ਹਨ। 80 ਫੀਸਦੀ ਲੋਕ ਹਜ਼ਾਰ ਲੱਖ ਪਤੀ ਹਨ ਜਿਹੜੇ ਵਸੋਂ ਦੇ ਅਤਿ ਨੀਵੇਂ ਨਿਕੰਮੇ ਅਤੇ ਖ਼ਤਰਨਾਕ ਕਿੱਤੇ ਕਰਦੇ ਹਨ। ਪਰ ਦੋ ਵੇਲਿਆਂ ਦੀ ਰੋਟੀ ਵੀ ਇਨ੍ਹਾਂ ਨੂੰ ਮੁਸ਼ਕਿਲ ਨਾਲ ਮਿਲਦੀ ਹੈ। ਮੀਤ ਦੇ ਦੱਸਣ ਅਨੁਸਾਰ ਉਸਦਾ ਬਚਪਨ ਅਜਿਹੇ ਭੁੱਖ ਭਾਣੇ ਲੋਕਾਂ ਵਿਚ ਹੀ ਬੀਤਿਆ ਹੈ ਜਿਸ ਕਰਕੇ ਉਸ ਨੂੰ ਇਨ੍ਹਾਂ ਦੀ ਜੀਵਨ-ਜਾਂਚ ਦਾ ਸਿੱਧਾ ਅਨੁਭਵ ਹੈ। ਕਾਨੂੰਨੀ ਰੋਜ਼ਗਾਰ ਤੋਂ ਮਹਿਰੂਮ ਰਹਿ ਜਾਣ ਕਰਕੇ ਅਤੇ ਇਨਕਲਾਬੀ ਚੇਤਨਾ ਦੀ ਅਣਹੋਂਦ ਕਰਕੇ ਵਸੋਂ ਦਾ ਇਹ ਸਭ ਤੋਂ ਵੱਡਾ ਭਾਗ ਲੁੰਪਨ ਪ੍ਰੋਲਤਾਰੀ ਬਣਦਾ ਹੈ। ਜਿਹੜਾ ਆਪਣੀ ਦਾਸਤਾ ਦੇ ਜਾਲ ਨੂੰ ਆਪਣੇ ਕੰਮਾਂ ਧੰਦਿਆਂ ਰਾਹੀਂ ਹੀ ਵਧੇਰੇ ਮਜ਼ਬੂਤ ਕਰਦਾ ਚਲਿਆ ਜਾਂਦਾ ਹੈ। ਪਾਲਾ ਅਤੇ ਮੀਤਾ ਜਨਤਾ ਦੇ ਇਸ ਭਾਗ ਦੇ ਨੁਮਾਇੰਦੇ ਹਨ। ਕੌਰਵ ਸਭਾ ਵਿਚ ਸੁਪਾਰੀ ਲੈ ਕੇ ਪੰਕਜ ਅਤੇ ਨੀਰਜ ਦੀ ਤ੍ਰਿਪਤੀ ਵਾਸਤੇ ਜਿਹੜੇ ਭਈਏ ਵੇਦ ਕਿਆਂ ਤੇ ਹਮਲਾ ਕਰਦੇ ਹਨ ਉਹ ਵੀ ਕਾਮਿਆਂ ਦੀ ਉਕਤ ਧਿਰ ਨਾਲ ਹੀ ਸੰਬੰਧਿਤ ਹਨ।

'ਕੌਰਵ ਸਭਾ' ਦੇ ਕੁਝ ਚਿੰਤਕਾਂ ਨੇ ਬਿਹਾਰ ਅਤੇ ਯੂਪੀ ਤੋਂ ਪੰਜਾਬ ਵਿਚ ਅਸਥਾਈ ਜਾਂ ਸਥਾਈ ਤੌਰ 'ਤੇ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਆਉਣ ਵਾਲੇ ਭਾਈਏ ਕਾਮਿਆਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਸਮਾਜੀ ਕੁਦਰਤੀ ਵਾਤਾਵਰਣ ਨੂੰ ਦੋਸ਼ੀ ਅਤੇ ਦੂਸ਼ਿਤ ਕਰ ਦਿੱਤਾ ਹੈ। ਪਰੰਤੂ ਨਾਵਲ ਵਿਚ ਇਨ੍ਹਾਂ ਦੇ ਕਿਰਦਾਰ ਨੂੰ ਇਸ ਰੂਪ ਪੇਸ਼ ਨਹੀਂ ਕੀਤਾ ਗਿਆ ਨਾਵਲਕਾਰ ਦੀ ਇਸ ਰਚਨਾ ਵਿਚੋਂ ਉਸ ਦੀ ਦ੍ਰਿਸ਼ਟੀ ਦੀ ਇਕ ਪਰਤ ਉਹ ਉਭਰਦੀ ਹੈ ਕਿ ਜੁਰਮ ਜਾਂ ਨਸ਼ਿਆਂ ਦਾ ਸੰਬੰਧ ਕਿਸੇ ਧਰਮ, ਜਾਤ, ਇਲਾਕੇ ਲਿੰਗ ਜਾਂ ਉਮਰ ਨਾਲ ਨਹੀਂ ਸਗੋਂ ਇਸ ਵਸਤੂ ਸਥਿਤੀ ਦੀ ਉਪਜ ਹਨ। ਪੰਚਮ, ਪੰਡਤ ਅਤੇ ਕਾਲੀਏ ਵਰਗੇ ਜਿਨ੍ਹਾਂ ਭਈਆਂ ਨੇ ਵੇਦਕਿਆਂ ਦੇ ਘਰੇ ਡਾਕੇ, ਕਤਲ ਅਤੇ ਬਲਾਤਕਾਰ ਦੀ ਵਾਰਦਾਤ ਕੀਤੀ ਹੈ। ਉਹ ਵਾਸਤਵ ਵਿਚ, ਪੂੰਜੀਵਾਦੀ ਦੀ ਵਿਕਾਸ ਦੇ ਅਸਾਵੇਂਪਨ ਦੇ ਸ਼ਿਕਾਰ ਹਨ। ਬਿਹਾਰ ਵਿਚ ਉਨ੍ਹਾਂ ਨੂੰ ਰੋਜ਼ਗਾਰ ਨਸੀਬ ਨਹੀਂ ਜਿਸ ਕਰਕੇ ਉਹ ਆਪਣੇ ਸੂਬੇ ਦੇ ਹੀ ਇਕ ਵਾਸੀ ਰਾਮ ਲੁਭਾਇਆ (ਜੋ ਕਿ ਆਪਣੀ ਤਿਗੜਮ ਬਾਜ਼ੀ ਨਾਲ ਭਈਆਂ ਦੀ ਮਿਹਨਤ ਮੁਸ਼ੱਕਤ ਦਾ ਠੇਕੇਦਾਰ ਬਣ ਗਿਆ ਹੇ ਅਤੇ ਭਈਆਂ ਦੀਆਂ ਬਸਤੀਆਂ ਉਤੇ ਜ਼ੋਰ ਜਬਰ ਨਾਲ ਹਕੂਮਤ ਕਰਦਾ ਹੈ ਜਾਂ ਉਨ੍ਹਾਂ ਨੂੰ ਕੁਝ ਦੇ ਦੁਆ ਕੇ ਉਨ੍ਹਾਂ ਤੋਂ ਜੁਰਮ ਕਰਵਾਉਂਦਾ ਹੈ।) ਦੇ ਗੋਲੇ ਬਣਕੇ ਉਹਦੇ ਹੁਕਮ ਅਨੁਸਾਰ ਵੇਦਕਿਆਂ ਦੇ ਘਰੇ ਚੋਰੀਓਂ ਦਾਖ਼ਲ ਹੁੰਦੇ ਹਨ ਅਤੇ ਸਥਿਤੀ ਦੇ ਹੱਥੋਂ ਉਤੇਜਿਤ ਹੋ ਕੇ ਉਪਰਲੀ ਵਾਰਦਾਤ ਕਰ ਬੈਠਦੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਦੀ ਗ਼ਰੀਬੀ ਨੇ ਉਨ੍ਹਾਂ ਨੂੰ ਆਪਣਾ ਘਰ-ਬਾਰ, ਅੰਗ-ਸਾਕ ਅਤੇ ਦੋਸਤ-ਮਿੱਤਰ ਛੱਡ ਕੇ ਸੈਂਕੜੇ ਮੀਲ ਦੂਰ ਪੰਜਾਬ ਵਿਚ ਮਿਹਨਤ-ਮੁਸ਼ੱਕਤ ਕਰਨ ਲਈ ਆਉਣ ਵਾਸਤੇ ਮਜਬੂਰ ਕਰ ਦਿੱਤਾ ਹੈ। ਇਸ ਸੰਬੰਧ ਵਿਚ ਇਕ ਹੋਰ ਗੱਲ ਇਹ ਕਹਿਣੀ ਬਣਦੀ ਹੈ ਕਿ ਪੰਜਾਬ ਵਿਚ ਭਈਆਂ ਦੀ ਆਮਦ ਨੇ ਆਪਣੀ ਸਸਤੀ ਤੇ ਕੁਸ਼ਲ ਮਿਹਨਤ-ਮਸ਼ੱਕਤ ਨੂੰ ਵੇਚ ਕੇ ਪੰਜਾਬ ਦੀ ਜ਼ਰਾਇਤੀ ਅਤੇ ਸਨਅਤੀ

ਪੈਦਾਵਾਰ ਵਿਚ ਤਾਂ ਵਾਧਾ ਕੀਤਾ ਹੀ ਹੈ ਨਾਲੋਂ ਨਾਲ ਉਨ੍ਹਾਂ ਨੇ ਨੀਵੇਂ ਦਰਜੇ ਦੀਆਂ ਸੇਵਾਵਾਂ ਵਿਚ ਵੀ ਆਪਣਾ ਹਿੱਸਾ ਪਾਇਆ ਹੈ। ਇਹ ਗੱਲ ਉਨ੍ਹਾਂ ਪੰਜਾਬੀਆਂ ਦੀ ਸਥਿਤੀ ਨਾਲ ਮਿਲਦੀ-ਜੁਲਦੀ ਹੈ ਜਿਹੜੇ 19 ਵੀਂ ਸਦੀ ਦੇ ਪਿਛਲੇ ਅੱਧ ਵਿਚ ਬਦੇਸ਼ੀ ਜਾ ਕੇ ਮਿਹਨਤ-ਮੁਸ਼ੱਕਤ ਕਰਨ ਲੱਗ ਪਏ ਸਨ। ਆਪ ਵੀ ਵਾਧੂ ਕਦਰ ਦੀ ਬਦੇਸ਼ੀ ਕਾਰਖਾਨੇਦਾਰਾਂ ਵਲੋਂ ਲੁੱਟ-ਖਸੁੱਟ ਦੇ ਬਾਵਜੂਦ ਵੱਧ ਕੰਮ ਕਰਕੇ ਅਤੇ ਘੱਟ ਖ਼ਰਚ ਕਰ ਕੇ ਬਹੁਤ ਸਾਰਾ ਧਨ ਬਚਾਉਣ ਦੇ ਯੋਗ ਹੋ ਗਏ ਸਨ। ਉਨ੍ਹਾਂ ਨੇ ਨਾ ਕੇਵਲ ਬਾਹਰਲੇ ਮੁਲਕਾਂ ਵਿਚ ਹੀ ਆਪਣੀ ਆਰਥਿਕ ਹੈਸੀਅਤ ਨੂੰ ਸੁਧਾਰਿਆ ਹੈ ਸਗੋਂ ਬਹੁਤ ਸਾਰਾ ਧਨ ਪੰਜਾਬ ਵਿਚ ਭੇਜ ਕੇ ਇਥੋਂ ਦੀ ਖੁਸ਼ਹਾਲੀ ਵਿਚ ਵੀ ਵਾਧਾ ਕੀਤਾ ਹੈ। 'ਕੌਰਵ ਸਭਾ' ਦੇ ਭਈਆਂ 'ਤੇ ਦੋਸ਼ ਲਾਉਣ ਵਾਲੇ ਚਿੰਤਕਾਂ ਨੂੰ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਪੂੰਜੀਵਾਦੀ ਸਮਾਜ-ਆਰਥਿਕ ਵਿਵਸਥਾ ਨੂੰ ਸਸਤੀ ਅਤੇ ਵਫ਼ਾਦਾਰ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਜਿਹੜੀ ਉਨ੍ਹਾਂ ਨੂੰ ਜਿਸ ਗੁੱਟ ਵਿਚੋਂ ਵੀ ਮਿਲੇ ਪ੍ਰਵਾਨ ਹੈ। ਮਿਹਨਤਕਸ਼ ਵਰਗ ਵਿਚ ਉਹ ਧਰਮ, ਜਾਤਪਾਤ, ਲਿੰਗ ਇਲਾਕੇ ਜਾਂ ਉਮਰ ਦੇ ਵਖਰੇਵੇਂ ਉਦੋਂ ਖੜੇ ਕਰਦੇ ਹਨ ਜਦੋਂ ਉਨ੍ਹਾਂ ਨੇ ਇਸ ਜਮਾਤ ਦੀ ਜਮਾਤੀ ਏਕਤਾ ਨੂੰ ਭੰਗ ਕੀਤਾ ਹੁੰਦਾ ਹੈ। ਇਸ ਪਹਿਲੂ ਤੋਂ ਵਿਚਾਰਿਆਂ ਮੀਤ ਦੇ ਨਾਵਲ ਕਾਮਿਆਂ ਨੂੰ ਕੇਵਲ ਕਾਮਾ ਸ੍ਰੇਣੀ ਦੇ ਅੰਗ ਵਜੋਂ ਹੀ ਚਿਤਵਦੇ ਹਨ। ਜਿਨ੍ਹਾਂ ਦੀ ਹੋਂਦ ਅਤੇ ਹੋਣੀ ਸਾਂਝੀ ਹੈ।

'ਤਫ਼ਤੀਸ਼' ਤੋਂ ਲੈ ਕੇ 'ਸੁਧਾਰ ਘਰ' ਤੱਕ ਦੇ ਨਾਵਲਾਂ ਦੀ ਤ੍ਰੈ-ਲੜੀ ਵਿਚ ਜਿਨ੍ਹਾਂ ਅਪਰਾਧੀ ਕਾਮਿਆਂ ਦਾ ਚਿੱਤਰ ਪੇਸ਼ ਹੋਇਆ ਹੈ, ਉਨ੍ਹਾਂ ਵਿਚੋਂ ਬਹੁਤੇ ਪੰਜਾਬੀ ਹਨ। ਕੇਵਲ ਕੌਰਵ ਸਭਾ ਵਿਚ ਹੀ ਭਈਏ ਕਾਮਿਆਂ ਦਾ ਚਿੱਤਰ ਉਲੀਕਿਆ ਗਿਆ ਹੈ। ਮਾਇਆ ਨਗਰ ਵਿਚ ਇਹਨਾਂ ਦੀ ਵਸੋਂ ਦੀਆਂ ਕਈ ਬਸਤੀਆਂ ਹਨ ਜਿਨ੍ਹਾਂ ਉਤੇ ਠੇਕੇਦਾਰ ਰਾਮ ਲੁਭਾਇਆ ਦਾ ਕੰਟਰੋਲ ਹੈ। ਇਹ ਰਾਮ ਲੁਭਾਇਆ ਹੀ ਹੈ ਜਿਹੜਾ ਕੌਰਵ ਸਭਾ ਵਿਚਲੇ ਵਾਰਦਾਤ ਦੇ ਦੋਸ਼ੀਆਂ ਨੂੰ ਵਾਰਦਾਤ ਕਰਨ ਲਈ ਉਕਸਾਉਂਦਾ ਹੈ। ਖ਼ੁਦ ਉਹ ਪੰਕਜ ਅਤੇ ਨੀਰਜ ਕਿਆਂ ਤੋਂ ਇਕ ਲੱਖ ਰੁਪਏ ਉਕਤ ਵਾਰਦਾਤ ਲਈ ਵਸੂਲਦਾ ਹੈ, ਪਰੰਤੂ ਵਾਰਦਾਤਕਾਰਾਂ ਦੇ ਹੱਥ ਪੱਲੇ ਬਹੁਤ ਘੱਟ ਪੈਂਦਾ ਹੈ। ਨਾਵਲਕਾਰ ਨੇ ਆਪਣੀ ਉਕਤ ਰਚਨਾ ਦ੍ਰਿਸ਼ਟੀ ਦੇ ਪ੍ਰਮਾਣ ਵਜੋਂ ਕੌਰਵ ਸਭਾ ਵਿਚ ਇਕ ਦੋਧੀ ਭਲਵਾਨ ਦਾ ਕਿਰਦਾਰ ਪੇਸ਼ ਕੀਤਾ ਹੈ। ਜਿਹੜਾ ਪੁਲਿਸ ਅਤੇ ਦੋਸ਼ੀਆਂ ਵਿਚਕਾਰ ਵਿਚੋਲੇ ਦਾ ਧੰਦਾ ਕਰਦਾ ਹੈ। ਇਸ ਪ੍ਰਕਾਰ ਨਾਵਲਕਾਰ ਕਾਮਾ ਸ੍ਰੇਣੀ ਨੂੰ ਇਕ ਸ੍ਰੇਣੀ ਵਜੋਂ ਹੀ ਚਿੱਤਰਦਾ ਹੈ। ਇਹ ਸ੍ਰੇਣੀ ਆਪਣੇ ਆਪ ਵਿਚ ਤਾਂ ਸ੍ਰੇਣੀ ਹੈ। ਪਰ ਆਪਣੇ ਲਈ ਸ੍ਰੇਣੀ ਬਨਣ ਦੀ ਚੇਤਨਾ ਤੋਂ ਹੀ ਮਹਿਰੂਮ ਹੈ। ਨਾਵਲਕਾਰ ਇਸ ਚੇਤਨਾ ਦੇ ਪਸਾਰ ਦਾ ਅਹਿਮ ਕਰਤੱਵ ਨਿਭਾਉਂਦਾ ਪ੍ਰਤੀਤ ਹੁੰਦਾ ਹੈ। ਮੀਤ ਨੇ ਨਿਆਂ-ਪ੍ਰਣਾਲੀ ਸੰਬੰਧੀ ਆਪਣੇ ਨਾਵਲਾਂ ਵਿਚ ਇਕ ਹੋਰ ਅੰਤਰ-ਦ੍ਰਿਸ਼ਟੀ ਦੀ ਵੀ ਗਲਪੀ ਸਿਰਜਣਾ ਕੀਤੀ ਹੈ। ਉਸ ਅਨੁਸਾਰ ਅਜੋਕੀ ਨਿਆਂ-ਪ੍ਰਣਾਲੀ ਨਿਰਦੋਸ਼ੀਆਂ ਨੂੰ ਫਾਂਸੀ ਲਾਉਂਦੀ ਹੈ, ਪਰ ਦੋਸ਼ੀਆਂ ਨੂੰ ਬਰੀ ਕਰ ਦਿੰਦੀ ਹੈ ਜਾਂ ਥੋੜ੍ਹੀ ਬਹੁਤ ਸਜ਼ਾ ਦੇ ਕੇ ਛੱਡ ਛਡਾ ਦਿੰਦੀ ਹੈ। ਪਾਲਾ ਅਤੇ ਮੀਤਾ ਨਿਰਦੋਸ਼ ਹੋਣ ਦੇ ਬਾਵਜੂਦ ਅਦਾਲਤ ਵਲੋਂ ਮੁਜਰਮ ਗਰਦਾਨੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲਦੀ ਹੈ। ਪੰਚਮ, ਪੰਡਤ ਅਤੇ ਕਾਲੀਆ ਸੰਗੀਨ ਦੋਸ਼ੀ ਹੋਣ ਦੇ ਬਾਵਜੂਦ ਮਹਿਜ਼ ਤਿੰਨ ਸਲ ਦੀ ਸਜ਼ਾ ਭੁਗਤਦੇ ਹਨ ਅਤੇ ਇਸ ਸਜ਼ਾ ਵਿਚ ਵੀ ਦੋ ਸਾਲ ਮੁੱਕਦਮੇ ਦੀ ਪੈਰਵਾਈ ਵਿਚ ਹੀ ਬੀਤ ਜਾਂਦੇ ਹਨ। ਸਥਿਤੀ ਦਾ ਕਰੂਰ ਵਿਅੰਗ ਇਹ ਹੈ ਕਿ ਉਕਤ ਦੋਸ਼ੀਆਂ ਨੂੰ ਉਕਸਾਉਣ

ਵਾਲੇ ਅਮੀਰ ਪੰਕਜ ਅਤੇ ਨੀਰਜ ਨੂੰ ਕੋਈ ਸਜ਼ਾ ਨਹੀਂ ਹੁੰਦੀ। ਉਹ ਵਰਤਮਾਨ ਕਾਨੂੰਨ ਨੂੰ ਆਪਣੇ ਪੈਸੇ ਦੇ ਜ਼ੋਰ ਨਾਲ ਵਕੀਲਾਂ ਦੀਆਂ ਝੂਠੀਆਂ ਸੱਚੀਆਂ ਦਲੀਲਾਂ ਨਾਲ ਅਤੇ ਰਾਜਸੀ ਦਖ਼ਲ ਨਾਲ ਆਪਣੇ ਪੱਖ ਵਿਚ ਮੋੜ ਲੈਂਦੇ ਹਨ। ਜਿਵੇਂ ਕਾਨੂੰਨ ਮੋਮ ਦੀ ਨੱਕ ਹੋਵੇ ਜਿਹੜੀ ਪੈਸੇ ਦੀ ਗਰਮਾਇਸ਼ ਨਾਲ ਪੈਸੇ ਵਾਲਿਆਂ ਵੱਲ ਹੀ ਮੁੜਦੀ ਹੋਵੇ।

ਨਾਵਲਕਾਰ ਅਨੁਸਾਰ ਵਰਤਮਾਨ ਨਿਆਂ-ਪ੍ਰਣਾਲੀ ਜਿਸ ਕਾਨੂੰਨ ’ਤੇ ਟਿੱਕੀ ਹੋਈ ਹੈ, ਉਹ ਕਾਨੂੰਨ ਮੁਲਜਮ ਪੱਖੀ ਹੈ। ਪ੍ਰਚਲਿਤ ਕਾਨੂੰਨ ਵਿਚ ਇੰਨੀਆਂ ਚੋਰ-ਮੋਰੀਆਂ ਹਨ ਕਿ ਉਨ੍ਹਾਂ ਦਾ ਲਾਭ ਹਮੇਸ਼ਾ ਮੁਲਜਮ ਧਿਰ ਨੂੰ ਹੀ ਮਿਲਦਾ ਹੈ, ਪੀੜਤ ਧਿਰ ਮੂੰਹ ਵੇਖਦੀ ਰਹਿ ਜਾਂਦੀ ਹੈ। ਕੌਰਵ ਸਭਾ ਵਿਚ ਵੇਦਕਿਆਂ ਨਾਲ ਅਣਹੋਣੀ ਵਧੀਕੀ ਹੁੰਦੀ ਹੈ, ਪਰ ਵਧੀਕੀ ਕਰਨ ਵਾਲੇ ਸਾਫ਼ ਬਰੀ ਹੋ ਜਾਂਦੇ ਹਨ ਕਿਉਂਕਿ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਰਨ ਵਾਲੇ ਵਕੀਲ ਉਨ੍ਹਾਂ ਦੇ ਜਰ-ਖ਼ਰੀਦ ਗ਼ੁਲਾਮ ਹਨ। ਇਹੀ ਨਹੀਂ ਉਹ ਨਿਆਂ-ਪ੍ਰਣਾਲੀ ਤੇ ਤਮਾਮ ਸ਼ਾਸਕਾਂ ਨੂੰ ਆਪਣੇ ਧਨ ਦੇ ਗ਼ੁਲਾਮ ਬਣਾ ਲੈਂਦੇ ਹਨ, ਇਥੋਂ ਤੱਕ ਕਿ ਬਘੇਲ ਸਿੰਘ ਐਮ.ਐਲ.ਏ. ਵੀ. ਮੁੱਖ ਮੰਤਰੀ ਦੀ ਰਜ਼ਾ ਨਾਲ ਆਪਣੇ ਮੁਫਾਦ ਵਾਸਤੇ ਹਾਈ ਕੋਰਟ ਦੇ ਜੱਜਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ। ਜੇ ਸਾਧੂ ਸਿੰਘ ਵਰਗਾ ਕੋਈ ਬਾਜ਼ਮੀਰ ਜੱਜ ਇਨਸਾਫ਼ ਕਰਨਾ ਲੋਚਦਾ ਹੈ ਤਾਂ ਉਸਦੀ ਇਕ ਨਹੀਂ ਚਲਦੀ। ਉਸ ਕੋਲੋਂ ਕੇਸ ਵਾਪਸ ਲੈ ਕੇ ਕਿਸੇ ਹੋਰ ਦੀ ਅਦਾਲਤ ਵਿਚ ਮੁਤੰਕਿਲ ਕਰ ਦਿੱਤਾ ਜਾਂਦਾ ਹੈ। ਜੇ ਹਰੀਸ਼ ਰਾਏ ਵਰਗੇ ਨਿਆਂ-ਪਸੰਦ ਸ਼ਹਿਰੀ ਵਿਕਟਮ ਵੈਲਫੇਅਰ ਸੋਸਾਇਟੀ ਵਰਗੀ ਕੋਈ ਸੰਸਥਾ ਬਣਾਉਂਦੇ ਵੀ ਹਨ ਤਾਂ ਉਹ ਪ੍ਰਚਲਿਤ ਹਾਲਤਾਂ ਦੇ ਸਨਮੁੱਖ ਬਹੁਤ ਕਮਜ਼ੋਰ ਸਿੱਧ ਹੁੰਦੀ ਹੈ। ‘ਕੌਰਵ ਸਭਾ’ ਦੇ ਅੰਤ ਵਿਚ ਜੋ ਫੈਸਲੇ ਵੇਲੇ ਨਿਰਾਸ਼ਾਜਨਕ ਵਾਤਾਵਰਣ ਦਾ ਚਿਤਰਣ ਕੀਤਾ ਗਿਆ ਹੈ, ਉਹ ਅਜੋਕੇ ਸਮੇਂ ਵਿਚ ਸ਼ਾਸਕ ਧਿਰਾਂ ਦੀ ਤਾਕਤ ਦੀ ਮੂੰਹ ਬੋਲਦੀ ਤਸਵੀਰ ਹੈ। ਵੇਦਕਿਆਂ ਨਾਲ ਖਲੋਣ ਵਾਲੀਆਂ ਤਕਰੀਬਨ ਸਾਰੀਆਂ ਧਿਰਾਂ ਨਾ ਉਮੀਦ ਹੋ ਕੇ ਆਪਣੇ ਘਰੀ ਬੈਠ ਜਾਂਦੀਆਂ ਹਨ। ਕੇਵਲ ਰਾਮ ਨਾਥ ਅਤੇ ਨੇਹਾ ਹੀ ਅਦਾਲਤ ਵਿਚ ਖੜੇ ਰਹਿ ਜਾਂਦੇ ਹਨ। ਜਿਨ੍ਹਾਂ ਦੀ ਦੁਖਾਂਤਕ ਸਥਿਤੀ ਨੂੰ ਉਜਾਗਰ ਕਰਦਾ ਨਾਵਲ ਦਾ ਅੰਤਲਾ ਵਾਕ ਇਸ ਪ੍ਰਕਾਰ ਹੈ, ‘ਸੁੰਨ ਵੱਟਾ ਬਣੀ ਖੜੀ ਨੇਹਾ ਫੈਸਲੇ ਦੇ ਅਰਥ ਕੱਢਣ ਲਗੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਦੋਸ਼ੀ ਸਜ਼ਾ ਹੋਏ ਹਨ ਜਾਂ ਬਰੀ।’

ਨਿਆਂ-ਪ੍ਰਣਾਲੀ ਬਾਰੇ ਆਪਣੇ ਨਾਵਲਾਂ ਵਿਚ ਮਿੱਤਰ ਸੈਨ ਮੀਤ ਨੇ ਤਿੰਨ ਕਿਸਮਾਂ ਦੇ ਮੁਜਰਮ ਪੇਸ਼ ਕੀਤੇ ਹਨ। ਪਹਿਲੀ ਕਿਸਮ ਦੇ ਮੁਜਰਮ ਉਹ ਹਨ ਜਿਨ੍ਹਾਂ ਨੂੰ ਜਦੋਂ ਕਾਨੂੰਨ ਦੁਆਰਾ ਪ੍ਰਵਾਨ ਰੋਟੀ-ਰੋਜ਼ੀ ਦਾ ਵਸੀਲਾ ਨਹੀਂ ਮਿਲਦਾ ਤਾਂ ਉਹ ਆਪਣਾ ਅਥਵਾ ਆਪਣੇ ’ਤੇ ਨਿਰਭਰ ਜੀਆਂ ਦਾ ਪੇਟ ਭਰਨ ਲਈ ਗ਼ੈਰ-ਕਾਨੂੰਨੀ ਧੰਦੇ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਚੋਰ ਉੱਚਕੇ ਜੇਬ ਕਤਰੇ ਠੱਗ, ਵੇਸ਼ਵਾਵਾਂ ਅਤੇ ਉਨ੍ਹਾਂ ਦੇ ਦੱਲੇ, ਨਸ਼ੀਲੀਆਂ ਵਸਤਾਂ ਵੇਚਣ ਵਾਲੇ ਭੰਗੀ, ਪੋਸਤੀ, ਅਫ਼ੀਮੀ, ਅਤੇ ਕੁੱਟ ਮਾਰ ਕਰਨ ਵਾਲੇ ਕਈ ਪ੍ਰਕਾਰ ਦੇ ਅਜਿਹੇ ਮੁਜਰਮ ਹਨ ਜਿਹੜੇ ਛੋਟੇ ਵੱਡੇ ਗ਼ੈਰ ਕਾਨੂੰਨੀ ਧੰਦੇ ਕਰਕੇ ਬੜੀ ਔਖ ਨਾਲ ਆਪਣਾ ਜੂਨ-ਗੁਜ਼ਾਰਾ ਕਰਦੇ ਹਨ। ਪਾਲਾ, ਮੀਤਾ, ਪੰਡਤ ਅਤੇ ਕਾਲੀਆ ਤਥਾ ‘ਸੁਧਾਰ-ਘਰ’ ਦੇ ਕਈ ਕਿਸਮਾਂ ਦੇ ਕੈਦੀ ਇਹੋ ਜਿਹੇ ਮੁਜਰਮ ਹਨ। ਨਾਵਲਕਾਰ ਮੁਜਰਮਾਂ ਦੀ ਇਸ ਸ਼ਾਖ ਨੂੰ ਹਮਦਰਦੀ ਨਾਲ ਚਿੱਤਰਦਾ ਹੈ ਕਿਉਂਕਿ ਇਹ ਪੈਦਾਇਸ਼ੀ ਮੁਜਰਮ ਨਹੀਂ ਸਗੋਂ ਸਮਾਜ ਦੀਆਂ ਵਿਰੋਧੀ ਹਾਲਤਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਕਾਰੇ ਕਰਨ ਲਈ ਮਜ਼ਬੂਰ ਕੀਤਾ

ਹੋਇਆ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਨ੍ਹਾਂ ਮੁਜਰਮਾਂ ਨੂੰ ਪੁਲਿਸ ਦੀ ਵਗਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ ਤੇ ਫਿਰ ਸਜ਼ਾ ਭੁਗਤਣੀ ਪੈਂਦੀ ਹੈ। ਸਜ਼ਾ ਭੁਗਤਕੇ ਜਦੋਂ ਇਹ ਲੋਕ ਵਾਪਸ ਆਉਂਦੇ ਹਨ ਤਾਂ ਇਨ੍ਹਾਂ ਦੇ ਮੱਥੇ ਉਤੇ ਬਦਨਾਮੀ ਦਾ ਟਿੱਕਾ ਲੱਗ ਜਾਂਦਾ ਹੈ ਜਿਸ ਕਰਕੇ ਸਮਾਜ ਵਿਚ ਇਨ੍ਹਾਂ ਦੀ ਬੇਕਦਰੀ ਹੋਰ ਵੀ ਵੱਧ ਜਾਂਦੀ ਹੈ। ਦੂਸਰੇ ਪੱਕੇ, ਮੁਜਰਮਾ ਦੀ ਸੰਗਤ ਵਿਚ ਰਹਿ ਕੇ ਇਨ੍ਹਾਂ ਦੀ ਮਾਨਸਿਕਤਾ ਵਿਚ ਜੁਰਮ ਕਰਨ ਦੀ ਲਾਲਸਾ ਹੋਰ ਵੀ ਵੱਧ ਜਾਂਦੀ ਹੈ। ਇਨ੍ਹਾਂ ਮੁਜਰਮਾ ਬਾਰੇ ਹੀ ਨਾਵਲਕਾਰ ਨੇ ਇਕ ਹੋਰ ਅੰਤਰ ਦ੍ਰਿਸ਼ਟੀ ਦਾ ਪ੍ਰਮਾਣ ਦਿੱਤਾ ਹੈ। ਸਰਕਾਰੀ ਵਕੀਲ ਗੁਰਮੀਤ ਦੀਆਂ ਕੋਸ਼ਿਸ਼ਾਂ ਸਦਕਾ ਜਦੋਂ ਪਾਲਾ ਅਤੇ ਮੀਤਾ ਜੀਵਨ ਆੜ੍ਹਤੀਏ ਦੀ ਹੱਟੀ ’ਤੇ ਨੌਕਰ ਲੱਗ ਜਾਂਦੇ ਹਨ ਤਾਂ ਉਹ ਚੋਰੀ ਕਰਨ ਜਾਂ ਜੇਬਾਂ ਕੱਟਣ ਦੇ ਧੰਦੇ ਨੂੰ ਛੱਡ ਦਿੰਦੇ ਹਨ। ਪਰ ਬੇਰੁਜ਼ਗਾਰੀ ਸਰਮਾਏਦਾਰੀ ਦੇ ਖਮੀਰ ਵਿਚ ਹੈ। ਇਸ ਲਈ ਜਦੋਂ ਤਕ ਅਜਿਹਾ ਸਮਾਜਕ-ਆਰਥਿਕ ਢਾਂਚਾ ਸਥਾਪਿਤ ਨਹੀਂ ਹੋ ਜਾਂਦਾ ਜਿਸਦਾ ਮਨੋਰਥ ਵੱਧ ਤੋਂ ਵੱਧ ਲੋਕਾਂ ਦਾ ਵੱਧ ਤੋਂ ਵੱਧ ਵਧੀਆ ਜਿਊਣਾ ਹੋਵੇ, ਉਦੋਂ ਤੱਕ ਗੁਰਮੀਤ ਦੀਆਂ ਕੋਸ਼ਿਸ਼ਾਂ ਬੇਰੁਜ਼ਗਾਰ ਮੁਜਰਮਾਂ ਦਾ ਜੀਵਨ ਨਹੀਂ ਸੰਵਾਰ ਸਕਦੀਆਂ। ਸਾਮਰਾਜੀ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਹੀ ਗੁਜ਼ਰਦਾ ਹੋਇਆ ਵਰਤਮਾਨ ਪੂੰਜੀਵਾਦੀ ਢਾਂਚਾ ਇਸ ਪਹਿਲੂ ਤੋਂ ਸਮਸਿਆਵਾਂ ਦੇ ਘੇਰੇ ਵਿਚੋਂ ਨਿਕਲਕੇ ਸੰਕਟ ਦੇ ਦਾਇਰੇ ਵਿਚ ਜਾ ਦਾਖ਼ਲ ਹੋਇਆ ਹੈ ਇਸਦਾ ਇਕੋ-ਇਕ ਇਲਾਜ ਸਮਾਜਵਾਦੀ ਇਨਕਲਾਬ ਹੈ, ਜਿਸ ਦੇ ਸੰਕੇਤ ਮੀਤ ਦੇ ਨਾਵਲਾਂ ਦੀ ਬਣਤਰ ਵਿਚ ਧੁਨੀ ਵਾਂਗ ਸਮਾਏ ਹੋਏ ਹਨ। ਇੰਨ੍ਹਾਂ ਸੰਕੇਤਾਂ ਬਾਰੇ ਅਸੀਂ ਅੱਗੇ ਜਾ ਕੇ ਵਿਸਤਾਰ ਨਾਲ ਚਰਚਾ ਕਰਾਂਗੇ।

ਮਾਰਕਸਵਾਦੀ ਚਿੰਤਨ ਅਨੁਸਾਰ ਬੇਰੋਜ਼ਗਾਰ ਕਾਮਿਆਂ ਦਾ ਇਹ ਗੁੱਟ ਲੁੰਪਨ ਪਰੋਲੋਤਾਰੀ ਅਖਵਾਉਂਦਾ ਹੈ। ਗ਼ੈਰ-ਕਾਨੂੰਨੀ ਧੰਦਿਆਂ ਵਿਚ ਮਜ਼ਬੂਰਨ ਫਸਿਆ ਹੋਣ ਕਰਕੇ ਇਹ ਹਾਕਮ ਜਮਾਤ ਦੀ ਸਟੇਟ ਦੇ ਦੰਡ ਦਾ ਭਾਗੀ ਬਣਦਾ ਹੈ। ਇਹੀ ਨਹੀਂ ਇਸ ਭਾਗ ਨੂੰ ‘ਸਾਊ’ ਸਮਾਜ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਹੈ। ਇਨ੍ਹਾਂ ਦਾ ਇਕ ਉਪਭਾਗ ਪੁਲਿਸ ਦੇ ਟਾਊਟਾਂ, ਗਵਾਹਾਂ ਅਤੇ ਮੁਖਬਰਾਂ ਦਾ ਕਾਰਜ ਕਰਦਾ ਹੈ ਅਤੇ ਆਪਣੀਆਂ ਧਿਰਾਂ ਦੇ ਵਿਰੁੱਧ ਹੀ ਪੁਲਿਸ ਨੂੰ ਰਿਪੋਟਾਂ ਪਹੁੰਚਾਉਂਦਾ ਹੈ। ਮੀਤ ਦੇ ਪਹਿਲੇ ਨਾਵਲ ਤਫ਼ਤੀਸ਼ ਵਿਚ ਤਾਂ ਪੂੰਜੀਵਾਦੀ ਵਿਵਸਥਾ ਦੀ ਨਿਆਂ-ਪ੍ਰਣਾਲੀ ਇਸ ਨੂੰ ਆਪਣੀ ਨਾ-ਅਹਿਲੀਅਤ ਉਤੇ ਪਰਦਾ ਪਾਉਣ ਲਈ ਵੀ ਵਰਤਦੀ ਹੈ। (ਬੰਟੀ ਦੇ ਕਾਤਲ ਜਦੋਂ ਪੁਲਿਸ ਨੂੰ ਨਹੀਂ ਲੱਭਦੇ ਤਾਂ ਪੁਲਿਸ ਮੁੱਖ ਮੰਤਰੀ ਦੇ ਹੁਕਮਾਂ ਦੀ ਪਾਲਣਾ ਹਿਤ ਨਿਰਦੋਸ਼ ਪਾਲੇ ਅਤੇ ਮੀਤੇ ਨੂੰ ਬੰਟੀ ਦੇ ਅਗਵਾਹਕਾਰਾਂ ਅਤੇ ਕਾਤਲਾਂ ਵਜੋਂ ਅਦਾਲਤ ਵਿਚ ਪੇਸ਼ ਕਰ ਦਿੰਦੀ ਹੈ। ਇਉਂ ਨਾਵਲਕਾਰ ਦੋਸ਼ੀ ਕਾਮਿਆਂ ਬਾਰੇ ਆਪਣੇ ਪ੍ਰਮਾਣਿਕ ਅਨੁਭਵ ਨੂੰ ਉਹ ਇਸ ਭਾਗ ਦੇ ਪੈਦਾ ਹੋਣ ਦੇ ਵਰਤਾਰੇ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਨ ਦੇ ਯੋਗ ਹੋਇਆ ਹੈ।

ਮੁਜਰਮਾਂ ਦਾ ਦੂਜਾ ਭਾਗ ‘ਸਾਊ’ ਸਮਾਜ ਨਾਲ ਸੰਬੰਧਿਤ ਹੈ। ਇਸ ਭਾਗ ਵਿਚ ਛੋਟੇ ਵੱਡੇ ਸਿਆਸੀ ਆਗੂ, ਨਿਆਂ ਪ੍ਰਣਾਲੀ ਦੇ ਅਹਿਲਕਾਰ ਅਤੇ ਮਾਤਹਿਤ, ਨਿੱਕੇ-ਵੱਡੇ ਵਪਾਰੀ ਅਤੇ ਸਨਅਤਕਾਰ ਸ਼ਾਮਿਲ ਹਨ। ਨਾਵਲਕਾਰ ਦੀ ਵਿਅੰਗ-ਦ੍ਰਿਸ਼ਟੀ ਦਾ ਸਭ ਤੋਂ ਵੱਡਾ ਨਿਸ਼ਾਨਾ ਇਹੀ ਭਾਗ ਬਣਿਆ ਹੈ। ਉਸ ਦੇ ਨਾਵਲਾਂ ਵਿਚ ਪੇਸ਼ ਇਨ੍ਹਾਂ ‘ਸਾਊ’ ਧਿਰ ਦਾ ਕਿਰਦਾਰ ਅਤੇ ਵਿਹਾਰ ਭਾਸ਼ਾ ਦੀ ਅਜਿਹੀ ਵਿਅੰਗਮਈ ਟੋਂਚ ਨਲ ਪੇਸ਼ ਕੀਤਾ ਗਿਆ ਹੈ ਕਿ ਇਹ ਧਿਰਾਂ ਨਾ ਕੇਵਲ ਖੁਦ ਹੀ ਮੁਜਰਮ ਬਣ ਨਿਬੜਦੀਆਂ ਹਨ ਸਗੋਂ ਦੂਜਿਆਂ ਨੂੰ ਦੋਸ਼ੀ ਬਣਾਉਣ ਵਿਚ ਮਦਦਗਾਰ ਸਾਬਿਤ

ਹੁੰਦੀਆਂ ਹਨ। ਪਰੰਤੂ ਰਾਜ-ਸੱਤਾ ਦੀਆਂ ਭਾਈਵਾਲ ਹੋਣ ਕਰਕੇ ਇਨ੍ਹਾਂ ਦੀ ਵਾਅ ਵੱਲ ਕੋਈ ਨਹੀਂ ਝਾਕ ਸਕਦਾ। ਪੈਦਾਵਾਰ ਦੇ ਸਾਧਨਾਂ ਅਤੇ ਸੰਦਾਂ ਦੀਆਂ ਮਾਲਕ ਜਮਾਤਾਂ ਅਤੇ ਰਾਜ-ਸੱਤਾ ਦੀਆਂ ਭੋਗਣਹਾਰ ਜਮਾਤਾਂ ਤੋਂ ਇਲਾਵਾ ਸਰਕਾਰੀ ਮਹਿਕਮਿਆਂ ਦੇ ਕਰਮਚਾਰੀ ਵੀ ਇਸੇ ਵਰਗ ਵਿਚ ਆਉਂਦੇ ਹਨ। ਇਥੋਂ ਤੱਕ ਕਿ ਧਾਰਮਿਕ ਸੰਗਠਨ ਜਾਂ ਲੋਕ ਸੇਵਾ ਲਈ ਖੋਲ੍ਹੇ ਗਏ ਅਦਾਰੇ ਵੀ ਸ਼ਰਾਫਤ ਦੇ ਪਰਦੇ ਦੇ ਓਹਲੇ ਘ੍ਰਿਣਾਜਨਕ ਅਤੇ ਗ਼ੈਰ ਸਦਾਚਾਰਕ ਕੰਮ-ਧੰਦੇ ਕਰਦੇ ਨਜ਼ਰ ਆਉਂਦੇ ਹਨ। ਤਫ਼ਤੀਸ਼ ਦੇ ਕੋਹੜੀ ਆਸ਼ਰਮ ਦੇ ਕਾਰਿੰਦਿਆਂ ਅਤੇ ਕੌਰਵ ਸਭਾ ਵਿਚਲੀ ਧਾਰਮਿਕ ਸੰਸਥਾ ਦੇ ਸੰਚਾਲਕਾਂ ਦਾ ਕਿਰਦਾਰ ਅਤੇ ਵਿਹਾਰ ਇਸੇ ਪ੍ਰਕਾਰ ਦਾ ਹੈ। ਇਸ ਪ੍ਰਸੰਗ ਵਿਚ ਨਾਵਲਕਾਰ ਦੀ ਤਿੱਖੀ ਨੀਝ ਕੋਲੋਂ ਵਕੀਲ, ਡਾਕਟਰ ਅਧਿਆਪਕ, ਸੰਚਾਰ ਸਾਧਨਾਂ ਦੇ ਕਾਰਮਚਾਰੀ ਆਦਿ ਵੀ ਨਹੀਂ ਬਚ ਸਕੇ। ਸਮੁੱਚੇ ਤੌਰ ’ਤੇ ਵੇਖਿਆਂ ਇਹ ਖਾਂਦਾ ਪੀਂਦਾ ਮੱਧ-ਵਰਗ ਇਨ੍ਹਾਂ ਭ੍ਰਿਸ਼ਟ ਹੋ ਚੁੱਕਾ ਹੈ ਕਿ ਇੰਨ੍ਹਾਂ ਨੂੰ ਆਪਣੇ ਨੱਕ ਤੋਂ ਪਰ੍ਹਾਂ ਕੁਝ ਦਿਸਦਾ ਹੀ ਨਹੀਂ। ਕਈ ਵਾਰੀ ਤਾਂ ਇਨ੍ਹਾਂ ਨੂੰ ਆਪਣਾ ਨੱਕ ਵੀ ਵਿਖਾਈ ਨਹੀਂ ਦਿੰਦਾ। ਪੈਸੇ, ਪਦਵੀ ਅਤੇ ਪ੍ਰਸਿੱਧੀ ਦੀ ਨਿੱਜੀ ਪ੍ਰਾਪਤੀ ਲਈ ਇਹ ਵਰਗ ਗਧੇ ਨੂੰ ਪਿਓ ਅਤੇ ਪਿਓ ਨੂੰ ਗਧਾ ਆਖਣ ਵਿਚ ਭੋਰਾ ਸ਼ਰਮ ਮਹਿਸੂਸ ਨਹੀਂ ਕਰਦਾ। ਇਸ ਵਰਗ ਨਾਲ ਸੰਬੰਧਿਤ ਅਖੌਤੀ ਕਿਸਮ ਦੇ ਲੋਕ ਸੇਵਾ ਵੀ ਆਪਣੀ ਹਉਂ ਦੀ ਪੂਰਤੀ ਲਈ ਘਟੀਆ ਕਿਸਮ ਦੇ ਦਿਖਾਵੇ ਵਿਚ ਯਕੀਨ ਰਖਦੇ ਹਨ। ਮਿਸਾਲ ਵਜੋਂ ‘ਤਫ਼ਤੀਸ਼’ ਨਾਵਲ ਦੇ ਇਕ ਪਾਤਰ ਲਾਲਾ ਜੀ ਨਾਲ ਹਮਦਰਦੀ ਰੱਖਣ ਵਾਲਿਆਂ ਦਾ ਚਾਲ ਚਲਣ ਇਸੇ ਪ੍ਰਕਾਰ ਦਾ ਹੈ।

ਮੀਤ ਦੇ ਨਿਆਂ-ਪ੍ਰਣਾਲੀ ਬਾਰੇ ਨਾਵਲਾਂ ਦੇ ਬਹੁਤੇ ਪਾਤਰ ਸਰਕਾਰੀ ਜਾਂ ਗ਼ੈਰ ਸਰਕਾਰੀ ਬੁੱਧੀ-ਜੀਵੀ ਕਰਮਚਾਰੀ ਹਨ ਤੇ ਜਾਂ ਫੇਰ ਛੋਟੇ ਵੱਡੇ ਵਪਾਰੀ। ਪੈਦਾਵਾਰ ਦੇ ਸਾਧਨਾਂ ਅਤੇ ਸੰਦਾਂ ਦੀ ਮਾਲਕੀ ਤਥਾ ਆਮਦਨੀ ਦੇ ਲਿਹਾਜ ਨਾਲ ਇਹ ਸਮਾਜ ਦੇ ਮੱਧ-ਵਰਗ ਦਾ ਭਾਗ ਹਨ। ਮੱਧ-ਵਰਗ ਦੀ ਸਾਮਨਯ ਖਾਸੀਅਤ ਇਹ ਹੁੰਦੀ ਹੈ ਕਿ ਇਹ ਵਰਗ ਹੇਠਲਿਆਂ ਨੂੰ ਨੀਵੇਂ ਸਮਝਦਾ ਹੈ ਅਤੇ ਉਤਲਿਆਂ ਨੂੰ ਉੱਚੇ। ਦੂਸਰੇ ਇਸ ਵਰਗ ਦਾ ਹਰੇਕ ਫਰਦ ਉਤਲੇ ਵਰਗ ਵਿਚ ਸ਼ਾਮਿਲ ਹੋਣ ਲਈ ਨਾਜਾਇਜ਼ ਢੰਗ ਤਰੀਕੇ ਅਪਣਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਪਰੰਤੂ ਸਰਮਾਏਦਾਰੀ ਵਿਵਸਥਾ ਦੇ ਅੰਤਰਗਤ ਕੇਵਲ ਕੁਝ ਇਕ ਦੀ ਹੀ ਖਾਹਿਸ਼ ਪੂਰੀ ਹੁੰਦੀ ਹੈ, ਬਹੁਤੇ ਆਪਣੇ ਵਰਗ ਦੀ ਹੈਸ਼ੀਅਤ ਤੋਂ ਵੀ ਹੇਠਾਂ ਡਿੱਗ ਪੈਂਦੇ ਹਨ। ਮੀਤ ਦੇ ਨਾਵਲਾਂ ਵਿਚ ਪੇਸ਼ ਪਾਤਰਾਂ ਨੂੰ ਇਸੇ ਰੂਪ ਵਿਚ ਚਿਤਵਿਆ ਗਿਆ ਹੈ। ਆਜ਼ਾਦ ਭਾਰਤ ਨੇ ਸਰਮਾਏਦਾਰੀ ਰਾਹ ’ਤੇ ਚਲਦਿਆਂ ਜਿਹੜੀ ਤਰੱਕੀ ਕੀਤੀ ਹੈ, ਉਸਦਾ ਵੱਡਾ ਭਾਗ ਵਪਾਰੀਆਂ ਜਾਂ ਬੁੱਧੀ ਜੀਵੀਆਂ (ਪ੍ਰਸ਼ਾਸਕ, ਪ੍ਰਬੰਧਕ, ਵਕੀਲ, ਡਾਕਟਰ, ਇੰਜੀਨੀਅਰ, ਸੰਚਾਰ-ਸਾਧਨਾਂ ਦੇ ਮਾਲਕ, ਧਾਰਮਿਕ ਤੇ ਸਿਆਸੀ ਨੇਤਾ ਆਦਿ) ਦੀ ਝੋਲੀ ਵਿਚ ਪੈ ਗਿਆ ਹੈ। ਇਸ ਵਰਗ ਨੇ ਇਹ ਦੌਲਤ ਨਿਰੀ ਪੂਰੀ ਪ੍ਰਵਾਨ ਕਾਨੂੰਨੀ ਸਾਧਨਾਂ ਨਾਲ ਇਕੱਤਰ ਨਹੀਂ ਕੀਤੀ ਸਗੋਂ ਰਾਜਕੀ, ਵਿੱਤੀ ਅਤੇ ਤਕਨੀਕੀ ਤਾਕਤ ਦੀ ਭ੍ਰਿਸ਼ਟ ਵਰਤੋਂ ਰਾਹੀਂ ਵੀ ਕੀਤੀ ਹੈ। ਇਨ੍ਹਾਂ ਦੀ ਇਸ ਕਰਤੂਤ ਦਾ ਵਿਸਤ੍ਰਿਤ ਵੇਰਵਾ ਮੀਤ ਦੇ ਨਾਵਲਾਂ ਵਿਚ ਪ੍ਰਾਪਤ ਹੈ। ਸਮਾਜ ਦਾ ਇਹ ਤਬਕਾ ਖੇਤੀਬਾੜੀ ਜਾਂ ਸਨਅਤ ਦੀ ਪੈਦਾਵਾਰ ਵਿਚੋਂ ਸਿੱਧਾ ਹਿੱਸਾ ਨਹੀਂ ਲੈਂਦਾ। ਇਸਦੀ ਬਹੁਤ ਕਮਾਈ ਜਿਣਸਾਂ ਦੇ ਵਪਾਰ, ਐਸ਼ਵਰਜ ਦਿਖਾਵੇ ਧਨ ਦੇ ਰੂਪ ਵਿਚ ਉਤੇ ਖ਼ਰਚ ਹੋ ਜਾਂਦੀ ਹੈ। ਸਿੱਟੇ ਵਜੋਂ ਇਹ ਤਬਕਾ ਇਕ ਤਰ੍ਹਾਂ ਦਾ ਪਰਜੀਵੀ ਤਬਕਾ ਬਣ ਕੇ ਰਹਿ ਜਾਂਦਾ ਹੈ। ਜਿਹੜਾ ਜ਼ਰਾਇਤੀ ਅਤੇ ਸਨਅਤੀ ਪੈਦਾਵਾਰ ਦਾ ਬਹੁਤਾ ਹਿੱਸਾ ਆਪਣੀ ਦੁਨਿਆਵੀ ਚਤੁਰਾਈ

ਅਤੇ ਕਾਨੂੰਨੀ ਹੇਰਾ–ਫੇਰੀ ਦੀ ਸਹਾਇਤਾ ਨਾਲ ਛਕ-ਛਕਾ ਜਾਂਦਾ ਹੈ। ਭਾਰਤ ਦੀ ਬਹੁਤੀ ਜ਼ਰਾਇਤੀ ਅਤੇ ਸਨਅਤੀ ਪੈਦਾਵਾਰ ਉਤੇ ਸੇਵਾਵਾਂ ਦੇ ਇਸ ਸੈਕਟਰ ਦਾ ਹੀ ਨਿਯੰਤਰਣ ਹੈ। ਸਿੱਟੇ ਵਜੋਂ ਭਾਰਤ ਆਰਥਿਕ ਪ੍ਰਗਤੀ ਦੇ ਸੰਭਵ ਪੜਾਅ ਵੀ ਤੈਅ ਨਹੀਂ ਕਰ ਸਕਿਆ। ਅਸਲ ਵਿਚ ਪੂੰਜੀਵਾਦੀ ਵਿਵਸਥਾ ਦੇ ਸਾਮਰਾਜੀ ਦੌਰ ਵਿਚ ਵਿਕਾਸ ਦਾ ਪੂੰਜੀਵਾਦੀ ਰਾਹ ਕਿਸੇ ਵੀ ਮੁਲਕ ਨੂੰ ਰਾਸ ਨਹੀਂ ਆ ਸਕਦਾ।

ਇਸ ਸਬੰਧ ਵਿਚ ਇਕ ਹੋਰ ਗੱਲ ਇਹ ਹੈ ਕਿ ਇਸ ਤਬਕੇ ਦਾ ਹਰੇਕ ਵਿਅਕਤੀ ਹਰੇਕ ਦੇ ਚਰਿੱਤਰਗਤ ਦੋਸ਼ਾਂ ਤੋਂ ਵਾਕਫ਼ ਹੈ। ਇਸ ਸਭ ਵਿਵਸਥਾ ਦੀ ਭ੍ਰਿਸ਼ਟ ਹੋ ਚੁੱਕੀ ਮਸ਼ੀਨ ਦੇ ਅਜਿਹੇ ਕਲ-ਪੁਰਜ਼ੇ ਹਨ ਜਿਹੜੇ ਇਕ ਦੂਜੇ ਨਾਲ ਸਹਿਯੋਗ ਲਈ ਮਜ਼ਬੂਰ ਹਨ। ਪਰ ਨਿੱਜੀ ਮੁਫ਼ਾਦ ਦੀ ਲਾਲਸਾ ਇਨ੍ਹਾਂ ਦੀ ਮਿਲਵਰਤੋਂ ਦੇ ਰਾਹ ਦਾ ਰੋੜਾ ਬਣ ਜਾਂਦੀ ਹੈ। ਆਪਸ ਵਿਚ ਦਰਜਾ-ਬ-ਦਰਜੀ ਵਿਚ ਬੱਝੇ ਹੋਏ ਇਹ ਲੋਕ ਇਕ ਦੂਜੇ ਨੂੰ ਪੌੜੀ ਬਣਾ ਕੇ ਉਪਰ ਚੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਇਸ ਕੋਸ਼ਿਸ਼ ਵਿਚ ਕੁਝ ਇਕ ਦਾ ਦਾਅ ਲੱਗ ਜਾਂਦਾ ਹੈ, ਦੂਸਰੇ ਮੂੰਹ ਵੇਖਦੇ ਰਹਿ ਜਾਂਦੇ ਹਨ।

ਨਾਵਲਕਾਰ ਨੇ ਦੁਨਿਆਵੀ ਤੌਰ ’ਤੇ ਕਾਮਯਾਬ ਪਾਤਰਾਂ ਨੂੰ ਵਿਅੰਗਮਈ ਘ੍ਰਿਣਾ ਨਾਲ ਚਿਤਰਿਆ ਹੈ ਜਦ ਕਿ ਨਾਕਾਮ ਪਾਤਰਾਂ ਦੀ ਕਾਰ-ਗੁਜ਼ਾਰੀ ਨੂੰ ਨਾਵਲਕਾਰ ਨਫ਼ਰਤ ਕਰਦਾ ਹੋਇਆ ਵੀ ਉਨ੍ਹਾਂ ਨੂੰ ਤਰਸ ਦੀਆਂ ਨਜ਼ਰਾਂ ਨਾਲ ਵੇਖਦਾ ਹੈ। ਮਿਸਾਲ ਵਜੋਂ ‘ਤਫ਼ਤੀਸ਼’ ਦਾ ਪੁਲਿਸ ਇੰਨਸਪੈਕਟਰ ਸ਼ਿਵ ਪ੍ਰਸਾਦ ‘ਕਟਹਿਰਾ’ ਦਾ ਥਾਣੇਦਾਰ ਨਾਜਰ ਸਿੰਘ ਅਤੇ ਸਰਕਾਰੀ ਵਕੀਲ ਸੁਰਿੰਦਰ ਇਸੇ ਤਰ੍ਹਾਂ ਦੇ ਪਾਤਰ ਹਨ। ਮੀਤ ਦੇ ਇਨ੍ਹਾਂ ਨਾਵਲਾਂ ਉਤੇ ਕਈ ਆਲੋਚਕਾਂ ਨੇ ਦੁਹਰਾਓ ਦਾ ਦੋਸ਼ ਵੀ ਲਾਇਆ ਹੈ। ਪਰੰਤੂ ਵਧੇਰੇ ਮਹੀਨ ਨੀਝ ਨਾਲ ਵੇਖਿਆ ਉਸਨੇ ਇਕੋ ਜਮਾਤ ਜਾਂ ਗੁੱਟ ਦੇ ਪਾਤਰਾਂ ਦੇ ਕਿਰਦਾਰ ਅਤੇ ਵਿਹਾਰ ਵਿਚਲੇ ਨਿਖੇੜਿਆ ਨੂੰ ਪੇਸ਼ ਕਰਨ ਲਈ ਇਕੋ ਤਰ੍ਹਾਂ ਦੀਆਂ ਨਜ਼ਰ ਆਉਂਦੀਆਂ ਸਥਿਤੀਆਂ ਦਾ ਸੂਖ਼ਮ ਦ੍ਰਿਸ਼ਟੀ ਨਾਲ ਸਮੂਰਤਨ ਕੀਤਾ ਹੈ।

ਉਸ ਕੋਲ ਘਟਨਾਵਾਂ, ਸਥਿਤੀਆਂ ਅਤੇ ਪਾਤਰਾਂ ਦਾ ਗਲਪੀ ਬਿੰਬ ਪੇਸ਼ ਕਰਨ ਵਾਲੀ ਕਲਾ ਵੀ ਹੈ, ਨਜ਼ਰ ਵੀ ਅਤੇ ਨਜ਼ਰੀਆ ਵੀ। ਇਨ੍ਹਾਂ ਗੁਣਾਂ ’ਤੇ ਵੱਖਰਾ ਉਸ ਕੋਲ ਇਕ ਹੋਰ ਗੁਣ ਇਹ ਹੈ ਕਿ ਉਹ ਆਪਣੀ ਲਿਖਤ ਦੇ ਹਰੇਕ ਹਰਫ਼ ਨਾਲ ਜਵਾਬਦੇਹ ਹੈ। ਜਿਸ ਕਰਕੇ ਉਸ ਨੇ ਹਰੇਕ ਹਰਫ਼ ਨੂੰ ਚੇਤੰਨ ਹੋ ਕੇ ਲਿਖਿਆ ਹੈ। ਉਹ ਪੰਜਾਬੀ ਗਲਪ ਦਾ ਸੋਚਵਾਨ ਲੇਖਕ ਹੈ। ਜਿਹੜਾ ਕੁਝ ਵੀ ਲਿਖਣ ਤੋਂ ਪਹਿਲਾਂ ਉਸਦੀ ਹਰੇਕ ਪਰਤ ਅਤੇ ਪਾਸਾਰ ਨੂੰ ਵਿਗਿਆਨਕ ਸੂਝ ਦੀ ਕਸੌਟੀ ਤੇ ਪਰਖਦਾ-ਪੜਤਾਲਦਾ ਹੈ।

ਇਉਂ ਉਸ ਦੀ ਨਾਵਲ ਕਲਾ ਨਿਕਟ-ਅਨੁਭਵ ’ਤੇ ਅਧਾਰਿਤ ਹੋਣ ਦੇ ਬਾਵਜੂਦ ਅਨੁਭਵ ਦਾ ਸਹਿਜ-ਪ੍ਰਗਟਾਵਾ ਨਹੀਂ ਹੈ, ਸਗੋਂ ਵਸਤੂ-ਸਥਿਤੀ ਦਾ ਇਕ ਖ਼ਾਸ ਦ੍ਰਿਸ਼ਟੀਕੋਣ ਤੋਂ ਲਿਆ ਗਿਆ ਹੈ ਬੋਧਿਕ ਜਾਇਜ਼ਾ ਹੈ। ਇਹ ਜਾਇਜ਼ਾ ਪਾਠਕ ਨੂੰ ਸੁਲਾਉਂਦਾ ਨਹੀਂ, ਜਗਾਉਂਦਾ ਹੈ ਅਤੇ ਪਾਠਕ ਦੇ ਮਨ ਵਿਚ ਵਰਤਮਾਨ ਪ੍ਰਤਿ ਕਈ ਤਰ੍ਹਾਂ ਦੇ ਸੰਦੇਹ ਪੈਦਾ ਕਰਦਾ ਹੈ।

## 3. ਸੰਕਟ ਦਾ ਮੂਲ

ਜਿਸ ਫ਼ੌਜਦਾਰੀ ਨਿਆਂ-ਪ੍ਰਬੰਧ ਦੇ ਅਨਿਆਂ ਦਾ ਵਿਅੰਗਮਈ ਚਿੱਤਰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਵਿਚ ਉਲੀਕਿਆ ਹੈ, ਉਸਦੀਆਂ ਜੜ੍ਹਾਂ ਨਾਵਲਕਾਰ ਅਨੁਸਾਰ ਸ਼੍ਰੇਣੀ ਸਮਾਜ ਦੇ ਦੀਵਾਨੀ ਨਿਆਂ-ਪ੍ਰਬੰਧ ਵਿਚ ਲੱਗੀਆ ਹੋਈਆਂ ਹਨ। ਪੂਰਵ-ਸ਼੍ਰੇਣੀ ਸਮਾਜ ਦੇ ਸਭਿਅਤਾ ਦੇ ਸ਼੍ਰੇਣੀ

ਸਮਾਜ ਵਿਚ ਵਟਣ ਦੀ ਪ੍ਰਕਿਰਿਆ ਦਾ ਆਧਾਰ 'ਨਿੱਜੀ ਸੰਪਤੀ ਦੀ ਸੰਸਥਾ' ਹੈ। ਇਸ ਸੰਸਥਾ ਦਾ ਉਦੈ ਉਦੋਂ ਹੋਇਆ ਜਦੋਂ ਵਿਅਕਤੀ ਮਨੁੱਖ ਆਪਣੀਆਂ ਜੀਉਂਦੇ ਰਹਿਣ ਦੀਆਂ ਅਨਿਵਾਰੀ ਲੋੜਾਂ ਤੋਂ ਫਾਲਤੂ ਪੈਦਾ ਕਰਨ ਦੇ ਯੋਗ ਹੋ ਗਿਆ। ਇਹ ਫਾਲਤੂ ਪੈਦਾਵਾਰ ਉਨ੍ਹਾਂ ਚੋਣਵੇਂ ਮਨੁੱਖਾਂ ਦੇ ਕਬਜ਼ੇ ਵਿਚ ਜਾਣ ਲੱਗੀ ਜਿਹੜੇ ਧਾਰਮਿਕ ਜਾ ਜੰਗੀ ਮੁਹਾਰਤ ਵਿਚ ਆਮ ਲੋਕਾਂ ਨਾਲੋਂ ਵਧੇਰੇ ਨਿਪੁੰਨ ਸਨ। ਇਸ ਪ੍ਰਕਾਰ ਸਮਾਜ ਸੰਪੰਨ ਅਤੇ ਵਿਪੰਨ ਵਰਗਾਂ ਵਿਚ ਵਟ ਗਿਆ। ਸਾਮਜ ਦੀ ਵਾਧੂ ਪੈਦਾਵਾਰ ਉਤੇ ਅਲਪ ਸੰਖਿਅਕ ਸ਼੍ਰੇਣਿਆਂ ਦੀ ਮਲਕੀਅਤ ਕਾਇਮ ਹੋ ਗਈ ਜਦ ਕਿ ਬਹੁ-ਸੰਖਿਅਕ ਮਿਹਨਤਕਸ਼ ਜਨਤਾ ਲਈ ਆਪਣੀ ਮਿਹਨਤ ਦਾ ਉਤਨਾ ਕੁ ਸਿਲਾ ਵੀ ਮਾਲਕ ਜਮਾਤਾਂ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਗਿਆ। ਜਿਹੜਾ ਉਨ੍ਹਾਂ ਨੂੰ ਜੀਉਂਦਾ ਰੱਖਣ ਲਈ ਜ਼ਰੂਰੀ ਸੀ। ਇਸ ਸਥਿਤੀ ਦੇ ਦੂਸਰੇ ਪਹਿਲੂ ਉਤੇ ਨਜ਼ਰਸਾਨੀ ਕੀਤਿਆ ਪਤਾ ਲਗਦਾ ਹੈ ਕਿ ਮਾਲਕ ਜਮਾਤਾਂ ਨੂੰ ਮਿਹਨਤਕਸ਼ ਲੋਕ ਜੀਉਂਦੇ ਰਖਣੇ ਪੈਂਦੇ ਸਨ ਕਿਉਂਕਿ ਉਨ੍ਹਾਂ ਕੋਲੋਂ ਪੈਦਾਵਾਰ ਨਾਲ ਜੁੜੇ ਅਨੇਕ ਔਖੇ ਖ਼ਤਰਨਾਕ ਅਤੇ ਘ੍ਰਿਣਾਮਈ ਕੰਮ ਲੈਣੇ ਹੁੰਦੇ ਸਨ। ਪਰ ਉਸ ਸਮੇਂ ਦੇ ਧਾਰਮਿਕ ਚਿੰਤਕਾਂ ਦੇ ਪ੍ਰਸਿੱਧ ਕਰ ਦਿੱਤਾ ਕਿ ਇਹ ਸਭ ਕੁਝ ਕਿਸੇ ਦੈਵੀ ਸ਼ਕਤੀ ਦੀ ਮਿਹਰ ਸਦਕਾ, ਪੁਰਾਣੇ ਜਨਮਾਂ ਦੇ ਕੀਤੇ ਕਰਮਾਂ ਦੇ ਫਲ ਵਜੋਂ ਨੇਪਰੇ ਚੜ੍ਹਿਆ ਹੈ। ਸੋ ਕਥਾ–ਕਹਾਣੀਆਂ, ਰਹੁ–ਰੀਤਾਂ, ਰਸਮਾਂ-ਰਿਵਾਜਾਂ ਐਤ ਲੋਕਾਚਾਰ, ਸ਼ਿਸ਼ਟਾਚਾਰ ਤਥਾ ਸਦਾਚਾਰ ਦੇ ਮੁੱਲਾਂ ਅਨੁਸਾਰ ਆਮ ਜਨਤਾ ਨੂੰ ਮਾਲਕ ਜਮਾਤਾਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ, ਜਿਹੜੇ ਉਸਦੇ ਅੰਨਦਾਤਾ ਹਨ। ਪਰ ਕਈ ਵਾਰੀ ਅਵਾਮ ਉਕਤ ਭਾਂਤ ਦੀਆਂ ਕਦਰਾਂ ਕੀਮਤਾਂ ਤੋਂ ਵਿਹਰ ਕੇ ਬਗਾਵਤ ਤੇ ਉੱਤਰ ਆਉਂਦੇ ਹਨ। ਜਿਸਨੂੰ ਦਬਾਉਣ ਲਈ ਜਾਂ ਕੁਚਲ ਦੇਣ ਵਾਸਤੇ ਅਜਿਹੀ ਪ੍ਰਭੂ ਸੱਤਾ ਦੀ ਜ਼ਰੂਰਤ ਪੈਂਦੀ ਹੈ ਜਿਸਦੀ ਵਾਜਬੀਅਤ ਵਿਚ ਸਮੁੱਚੇ ਸਮਾਜ ਦਾ ਵਿਸ਼ਵਾਸ ਹੋਵੇ ਅਤੇ ਜਿਸਦੀ ਇਨਸਾਫ਼ ਪਸੰਦੀ ਤੇ ਨਿਰਪੱਖਤਾ ਉਤੇ ਕੋਈ ਇਤਰਾਜ਼ ਨਾ ਕਰ ਸਕਦਾ ਹੋਵੇ। ਅਜਿਹੀ ਸੱਤਾ-ਸੰਪੰਨ ਸੰਸਥਾ ਦਾ ਨਾਮ ਹੀ ਸਟੇਟ ਹੈ। ਜਿਹੜੀ ਗ਼ੁਲਾਮਦਾਰੀ ਦੇ ਯੁੱਗ ਤੋਂ ਲੈ ਕੇ ਅਜੋਕੇ ਸਾਮਰਾਜੀ ਵਿਸ਼ਵੀਕਰਨ ਦੇ ਪੜਾਅ ਤੱਕ ਸੰਪੰਨ ਸ਼੍ਰੇਣੀਆਂ ਦਾ ਪੱਖ ਪੂਰਦੀ ਆ ਰਹੀ ਹੈ। ਸਮਾਜੀ ਵਿਕਾਸ ਦੀ ਪ੍ਰਕਿਰਿਆ ਨੂੰ ਇਸ ਪਰਿਪੇਖ ਵਿਚ ਵੇਖਿਆ ਪਤਾ ਲਗਦਾ ਹੈ ਕਿ 'ਨਿੱਜੀ ਸੰਪੱਤੀ' ਅਤੇ 'ਸਟੇਟ' ਦੀਆਂ ਸੰਸਥਾਵਾਂ ਜੌੜੀਆਂ ਭੈਣਾਂ ਹਨ। 'ਨਿੱਜੀ ਸੰਪੱਤੀ ਦੀ ਸੰਸਥਾ' ਦੀ ਰਾਖੀ ਦੀ ਲੋੜ ਵਿਚੋਂ ਪ੍ਰਭੂ ਸੱਤਾ ਸੰਪੰਨ ਸਟੇਟ ਦੀ ਸੰਸਥਾ ਦਾ ਉਦੈ ਹੋਇਆ ਹੈ ਅਤੇ ਸ਼੍ਰੇਣੀ ਸਮਾਜਾਂ ਦੀ ਹਰੇਕ ਰੂਪ ਦੀ ਸਟੇਟ ਇਹ ਕਰਤੱਵ ਸਦੀਆਂ ਤੋਂ ਪੂਰਾ ਕਰਦੀ ਆ ਰਹੀ ਹੈ। ਮਿੱਤਰ ਸੈਨ ਮੀਤ ਦੇ ਨਾਵਲੀ ਸ਼ਊਰ ਦੀ ਵਿਲੱਖਣਤਾ ਇਹ ਹੈ ਕਿ ਉਹ ਸਟੇਟ ਦੁਆਰਾ ਲਾਗੂ ਕੀਤੀ ਦੀਵਾਨੀ ਅਤੇ ਫ਼ੌਜਦਾਰੀ ਕਾਨੂੰਨੀ ਪ੍ਰਬੰਧ ਦੀ ਉਕਤ ਤਾਸੀਰ ਨੂੰ ਧੁਰ ਤੱਕ ਜਾਣਦਾ-ਪਛਾਣਦਾ ਹੈ। ਆਪਣੀ ਇਸ ਨੀਝ ਸਦਕਾ ਹੀ ਉਹ ਫ਼ੌਜਦਾਰੀ ਨਿਆਂ ਪ੍ਰਬੰਧ ਦੀ ਉਦੈ ਤੋਂ ਲੈ ਕੇ ਅੰਤ ਤੱਕ ਦੇ ਸਮੁੱਚੇ ਵਰਤਾਰੇ ਨੂੰ 'ਨਿੱਜੀ ਸੰਪਤੀ ਦੀ ਸੰਸਥਾ' ਨਾਲ ਜੋੜਕੇ ਚਿਤਰਦਾ ਹੈ।

ਉਸਦੇ ਪਹਿਲੇ ਨਾਵਲ 'ਤਫ਼ਤੀਸ਼' ਦਾ ਮੁੱਖ ਹੀ ਫਿਰੌਤੀ ਦੀ ਮਾਇਕ ਮੰਗ ਤੋਂ ਬੱਝਦਾ ਹੈ। ਕਸਬੇ ਦਾ ਬਾਰਸੂਖ ਵਿਅਕਤੀ ਲਾਲਾ ਜੀ ਦੇ ਪੋਤੇ ਬੰਟੀ ਦਾ ਅਗਵਾ, ਬੰਟੀ ਦੇ ਪਰਿਵਾਰ ਤੋਂ ਫਰੌਤੀ ਵਜੋਂ ਪੰਜ ਹਜ਼ਾਰ ਰੁਪਏ ਵਸੂਲ ਕਰਨ ਦੇ ਮਨੋਰਥ ਨਾਲ ਕੀਤਾ ਜਾਂਦਾ ਹੈ। ਪੁਲਿਸ ਦਾ ਦਖ਼ਲ ਹੋਣ ਕਰਕੇ ਉਨ੍ਹਾਂ ਦੀ ਇਹ ਮੰਗ ਪੂਰੀ ਨਹੀਂ ਹੁੰਦੀ। ਸੋ ਉਹ ਬੰਟੀ ਦਾ ਕਤਲ ਕਰ ਦਿੰਦੇ ਹਨ। ਕਸਬੇ ਦੀਆਂ ਅਖੌਤੀ ਸੇਵਾ-ਸੰਸਥਾਵਾਂ ਅਤੇ ਪੁਲਿਸ ਰਲ ਕੇ ਕਾਤਲਾਂ ਦਾ ਸੁਰਾਗ ਲਭਦੀ ਹੈ। ਪਰ ਉਨ੍ਹਾਂ

ਨੂੰ ਸਫ਼ਲਤਾ ਨਹੀਂ ਮਿਲਦੀ। ਗੱਲ ਇਸੇ ਕਸਬੇ ਦੇ ਵਾਸੀ ਰਾਜ ਦੇ ਮੁੱਖ ਮੰਤਰੀ ਤਕ ਪਹੁੰਚ ਜਾਂਦੀ ਹੈ। ਆਪਣਾ ਵਕਾਰ ਬਣਾਈ ਰੱਖਣ ਲਈ ਮੁੱਖ ਮੰਤਰੀ ਬੰਟੀ ਦੇ ਭੋਗ ਤੋਂ ਪਹਿਲਾਂ ਪਹਿਲਾਂ ਕਾਤਲਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੰਦਾ ਹੈ। ਪੁਲਿਸ ਨੂੰ ਇਸ ਹੁਕਮ ਦੀ ਪਾਲਣਾ ਦਾ ਇਕੋ ਇਕ ਇਲਾਜ ਨਿਰਦੋਸ਼ ਪਾਲੇ ਅਤੇ ਮੀਤੇ ਨੂੰ ਬੰਟੀ ਦੇ ਕਾਤਲ ਸਿੱਧ ਕਰਨ ਵਿਚ ਦਿਸਦਾ ਹੈ। 'ਤਫ਼ਤੀਸ਼' ਦੀ ਇਹ ਨਾਵਲੀ ਸਥਿਤੀ ਇਸ ਕਤਲ ਨਾਲ ਜੁੜੀਆਂ ਕੁੱਲ ਧਿਰਾਂ ਖ਼ਾਸ ਕਰਕੇ ਪੁਲਿਸ ਅਤੇ ਵਕੀਲਾਂ ਦੀ ਕਾਰਗੁਜ਼ਾਰੀ ਉਤੇ ਤਿੱਖਾਂ ਵਿਅੰਗ ਹੋ ਨਿਬੜਦੀ ਹੈ।

'ਤਫ਼ਤੀਸ਼' ਦੀ ਇਹ ਕਥਾ ਅੱਗੋਂ ਪਾਲੇ ਅਤੇ ਮੀਤੇ ਨੂੰ ਸਜ਼ਾ ਕਰਵਾਉਣ (ਕਟਹਿਰਾ) ਅਤੇ ਜੇਲ੍ਹ ਵਿਚ ਉਨ੍ਹਾਂ ਦੇ ਸਜ਼ਾ ਭੁਗਤਣ (ਸੁਧਾਰ ਘਰ) ਤਕ ਫੈਲੀ ਹੋਈ ਹੈ। ਨਾਵਲਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਸ ਮੂਲ ਕਥਾ ਦੇ ਧੁਰੇ ਦੁਆਲੇ ਉਸਨੇ ਪੁਲਿਸ ਦੇ ਮੁਖਬਰਾਂ ਅਤੇ ਗਵਾਹਾਂ, ਵਕੀਲਾਂ ਅਤੇ ਉਨ੍ਹਾਂ ਦੇ ਮੁਨਸ਼ੀਆਂ, ਜੱਜਾਂ ਅਤੇ ਉਨ੍ਹਾਂ ਦੇ ਮਾਤਹਿਤਾਂ ਤੋਂ ਇਲਾਵਾ ਕਸਬੇ ਦੇ ਨਾਮ-ਨਿਹਾਦ 'ਸਾਊ' ਲੋਕਾਂ ਦੀ ਧਨ ਲਈ ਹਿਰਸ ਦਾ ਗਲਪੀ ਬਿੰਬ ਵੀ ਉਸਾਰਿਆ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਅਜੋਕੇ ਪੂੰਜੀਵਾਦੀ ਸ਼੍ਰੇਣੀ-ਸਮਾਜ ਨੇ ਉਨ੍ਹਾਂ ਅਣਗਿਣਤ ਲੋਕਾਂ ਦੇ ਦਿਲ ਦਿਮਾਗ ਵਿਚ ਵੀ ਪੈਸੇ ਦੀ ਹਿਰਸ ਬਿਠਾ ਦਿੱਤੀ ਹੋਣੀ ਹੈ ਜਿਨ੍ਹਾਂ ਨੂੰ ਮਾਇਆ ਦਾ ਮੂੰਹ ਵੇਖਣਾ ਕਦੇ ਨਸੀਬ ਹੋਣਾ ਹੀ ਨਹੀਂ ਕਿਉਂਕਿ ਉਨ੍ਹਾਂ ਕੋਲ ਨਾ ਤਾਂ ਪੈਸਾ ਕਮਾਉਣ ਦੇ ਸਾਧਨਾਂ ਅਤੇ ਸੰਦਾਂ ਦੀ ਮਾਲਕੀ ਹੈ ਅਤੇ ਨਾ ਹੀ ਕਿਸੇ ਕਿਸਮ ਦੀ ਧਾਰਮਿਕ ਸਮਾਜੀ ਜਾਂ ਰਾਜਕੀ ਯੋਗਤਾ ਹੈ। ਮੰਡੀ ਵਿਚ ਵੇਚਣ ਲਈ ਜੇ ਕੋਈ ਚੀਜ਼ ਉਨ੍ਹਾਂ ਕੋਲ ਹੈ ਤਾਂ ਉਹ ਹੈ ਜਿਸਮਾਨੀ-ਦਿਮਾਗੀ ਮਿਹਨਤ-ਮੁਸ਼ੱਕਤ ਜਿਸਦਾ ਪੂੰਜੀਵਾਦੀ ਸਮਾਜ ਵਿਚ ਬਹੁਤ ਘੱਟ ਮੁੱਲ ਪੈਂਦਾ ਹੈ ਜਾਂ ਉੱਕਾ ਹੀ ਨਹੀਂ ਪੈਂਦਾ।

ਇਕ ਗੱਲ ਹੋਰ ਵੀ ਜਿਨ੍ਹਾਂ ਕਾਮਿਆਂ ਅਤੇ ਕਰਮਚਾਰੀਆਂ ਨੂੰ ਵਰਤਮਾਨ ਵਿਵਸਥਾ ਦੇ ਅਦਾਇਗੀ ਦੇ ਕਾਨੂੰਨ ਅਨੁਸਾਰ ਮੁਆਵਜ਼ਾ ਮਿਲ ਵੀ ਜਾਂਦਾ ਹੈ। ਉਨ੍ਹਾਂ ਦਾ ਚੰਗਾ ਜੂਨ ਗੁਜ਼ਾਰਾ ਹੋ ਜਾਂਦਾ ਹੈ ਪਰ ਇਹ ਤ੍ਰਿਪਤੀ ਉਨ੍ਹਾਂ ਵਸਤੇ ਇਕ ਭਰਮ ਜਾਲ ਬੁਣ ਦਿੰਦੀ ਹੈ। ਜਿਸ ਵਿਚ ਉਲਝ ਕੇ ਉਹ ਭੁਲ ਜਾਂਦੇ ਹਨ ਕਿ ਉਨ੍ਹਾਂ ਦੀ ਮਾਲਕ ਧਿਰਾਂ ਪ੍ਰਤੀ ਵਫ਼ਾਦਾਰੀ ਇਸ ਜਾਲ ਨੂੰ ਹੋਰ ਵੀ ਗੁੰਝਲਦਾਰ ਬਣਾਉਂਦੀ ਚਲੀ ਜਾਂਦੀ ਹੈ। ਵਿਚਲੇ ਮੇਲ ਦੇ ਇਹ ਲੋਕ, ਅਖ਼ੀਰ, ਚੱਕੀ ਦੇ ਦੋ ਪੁੜਾਂ ਵਿਚਾਲੇ ਪੀਠੇ ਜਾਣ ਲਈ ਮਜ਼ਬੂਰ ਹੋ ਜਾਂਦੇ ਹਨ। ਉਤਲਿਆਂ ਵਿਚ ਰਲਣ ਦੀ ਲਾਲਸਾ ਦੇ ਮੌਕੇ ਲਗਾਤਾਰ ਘਟਦੇ ਜਾਂਦੇ ਹਨ। ਹੇਠਲਿਆਂ ਵਿਚ ਰਲਣ ਨੂੰ ਉਹ ਆਪਣੀ ਤੌਹੀਨ ਸਮਝਦੇ ਹਨ। ਵਸਤੂ-ਸਥਿਤੀ ਦਾ ਇਹ ਸੱਚ ਵਿਸ਼ਵੀ ਸਾਮਰਾਜ ਅਧੀਨ ਸਰਮਾਏਦਾਰੀ ਵਿਕਾਸ ਦਾ ਰਾਹ ਅਪਣਾਉਣ ਵਾਲੇ ਮੁਲਕਾਂ ਲਈ ਗਹਿਰ-ਗੰਭੀਰ ਸੰਕਟ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਸੰਕਟ ਬਾਰੇ ਪਾਠਕ ਦੀ ਚੇਤਨਾ ਪ੍ਰਚੰਡ ਕਰਨ ਦਾ ਜਿਹੜਾ ਪ੍ਰਕਾਰਜ਼ ਮੀਤ ਦੇ ਨਾਵਲ ਨਿਭਾਉਂਦੇ ਹਨ, ਉਹ ਬੇ ਮਿਸਾਲ ਹੈ।

ਪੈਸੇ, ਪਦਵੀ, ਅਤੇ ਪ੍ਰਸਿੱਧੀ ਦੀ ਨਿੱਜੀ ਲਾਲਸਾ ਨੇ ਆਪਣੇ ਤੰਦੂਆਂ ਜਾਲ ਵਿਚ ਲੋਕਾਂ ਨੂੰ ਇਸ ਤਰ੍ਹਾਂ ਉਲਝਾ ਰੱਖਿਆ ਹੈ ਕਿ ਉਹ ਪੈਰ-ਪੈਰ 'ਤੇ ਦੁਖੀ ਹੋਣ ਦੇ ਬਾਵਜੂਦ ਇਸ ਉਲਝਣ ਵਿਚੋਂ ਨਿਕਲਣ ਦਾ ਯਤਨ ਕਰਨ ਦੀ ਥਾਂ ਇਸ ਦਲ-ਦਲ ਵਿਚ ਹੋਰ ਵੀ ਨਿਘਰਦੇ ਚਲੇ ਜਾਂਦੇ ਹਨ।

ਨਾਵਲਕਾਰ ਨੇ ਆਪਣੇ ਉਕਤ ਨਾਵਲਾਂ ਵਿਚ ਕੁਝ ਇਕ ਅਜਿਹੇ ਕਿਰਦਾਰ ਵੀ ਰੂਪਮਾਨ ਕੀਤੇ ਹਨ। ਜਿਹੜੇ ਪ੍ਰਚਲਿਤ ਕਾਨੂੰਨ ਅਨੁਸਾਰ ਆਪਣਾ ਕਰਤੱਵ ਨਿਭਾਉਣ ਦੀ ਕੋਸ਼ਿਸ਼ ਕਰਦੇ

ਹਨ। 'ਤਫ਼ਤੀਸ਼' ਵਿਚ ਅਮੀ ਚੰਦ ਅਦੇ ਖਾਨ ਪੁਲਿਸ ਦੇ ਦੋ ਅਜਿਹੇ ਅਧਿਕਾਰੀ ਹਨ ਜਿਹੜੇ ਵਰਤਮਾਨ ਭ੍ਰਿਸ਼ਟ ਢਾਂਚੇ ਤੋਂ ਵਿਹਰ ਕੇ ਬੰਟੀ ਦੇ ਅਸਲ ਕਾਤਲਾਂ ਦਾ ਸੁਰਾਗ ਲੱਭਣਾ ਚਾਹੁੰਦੇ ਹਨ; ਪਰ ਉਨ੍ਹਾਂ ਦੀ ਇਹ ਇੱਛਾ ਧਰੀ ਧਰਾਈ ਰਹਿ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਸਮੁੱਚਾ ਆਲਾ-ਦੁਆਲਾ ਹੀ ਭ੍ਰਿਸ਼ਟਾਚਾਰ ਦੇ ਧੁਰੇ ਦੁਆਲੇ ਘੁੰਮਦਾ ਹੈ। ਉਹ ਆਪਣੇ ਕਰਤੱਵ ਪੂਰਤੀ ਲਈ ਨਾ ਤਾਂ ਆਪਣੇ ਤੋਂ ਉਤਲਿਆਂ ਨੂੰ ਖੁਸ਼ ਰੱਖ ਸਕਦੇ ਹਨ ਤੇ ਨਾ ਹੀ ਬਰਾਬਰ ਦਿਆਂ ਜਾਂ ਨਿਚਲਿਆਂ ਤੋਂ ਮਿਲਵਰਤ ਲੈ ਸਕਦੇ ਹਨ। ਮਹਿਕਮੇ ਵਿਚ ਅਤੇ ਸਮਾਜ ਵਿਚ ਉਨ੍ਹਾਂ ਦੀ ਖਿੱਲੀ ਉਡਦੀ ਹੈ। ਜ਼ਾਹਿਰ ਹੈ ਕਿ ਜਦੋਂ ਆਵਾ ਹੀ ਊਤ ਜਾਵੇ ਤਾਂ ਇਕ ਅੱਧੀ ਪੱਕੀ ਇੱਟ ਕੁਝ ਨਹੀਂ ਸੰਵਾਰ ਸਕਦੀ।

ਜਿੱਥੋਂ ਤੱਕ ਪੁਲਿਸ ਦੇ ਸਹਾਇਕ ਛੋਟੇ-ਛੋਟੇ ਅਪਰਾਧੀਆਂ, ਮੁਖ਼ਬਰਾਂ ਅਤੇ ਗਵਾਹਾਂ ਦਾ ਸੰਬੰਧ ਹੈ ਨਾਵਲਕਾਰ ਨੇ ਇਨ੍ਹਾਂ ਦੀ ਕਮਅਕਲੀ ਨੂੰ ਵੀ ਆਪਣੇ ਤਨਜ਼ ਦਾ ਵਿਸ਼ਾ ਬਣਾਇਆ ਹੈ।

ਦੀਵਾਨੀ ਅਤੇ ਫ਼ੌਜਦਾਰੀ ਮਾਮਲਿਆਂ ਦੇ ਪਰਸਪਰ ਸੰਵਾਦੀ ਸੰਬੰਧਾਂ ਦੀਆਂ ਅਨੇਕ ਵੰਨਗੀਆਂ ਮੀਤ ਦੇ ਨਾਵਲਾਂ ਵਿਚ ਮਿਲਦੀਆਂ ਹਨ। ਇਹ ਸਭ ਇਕ ਸਾਮਨਯ ਸਿਧਾਂਤ ਵੱਲ ਸੰਕੇਤ ਕਰਦੀਆਂ ਹਨ ਕਿ ਦੀਵਾਨੀ ਮੁਕੱਦਮਿਆਂ ਦਾ ਆਧਾਰ 'ਨਿੱਜੀ ਸੰਪੱਤੀ ਦੀ ਸੰਸਥਾ' ਹੈ ਜਿਹੜੀ ਨੇੜਲੇ ਰਿਸ਼ਤੇਦਾਰਾਂ ਵਿਚ ਜੱਦੀ ਪੁਸ਼ਤੀ ਦੁਸ਼ਮਣੀਆਂ ਪੈਦਾ ਕਰ ਦਿੰਦੀ ਹੈ। ਜਿਸ ਦੌਰ ਵਿਚ ਦੀ ਵਿਸ਼ਵ ਸਮਾਜ ਇਸ ਵੇਲੇ ਗੁਜ਼ਰ ਰਿਹਾ ਹੈ, ਉਸ ਦੌਰ ਵਿਚ ਨਿੱਜੀ ਜਾਇਦਾਦ ਦੀ ਸੰਸਥਾ ਹੀ ਸਮਾਜੀ ਵਿਕਾਸ ਦੇ ਰਾਹ ਦਾ ਰੋੜਾ ਸਾਬਤ ਹੋ ਰਹੀ ਹੈ। ਇਤਿਹਾਸਕ ਤੌਰ 'ਤੇ ਇਸਦਾ ਅੰਤ ਲਾਜ਼ਮੀ ਹੋ ਗਿਆ ਹੈ। ਸੋ ਸਮਾਜਵਾਦੀ ਇਨਕਲਾਬ ਸਮੇਂ ਦੀ ਬਾਹਰ ਮੁਖੀ ਜ਼ਰੂਰਤ ਬਣ ਗਈ ਹੈ। ਇਸ ਜ਼ਰੂਰਤ ਦਾ ਅਹਿਸਾਸ ਕਰਵਾਉਣਾ ਮੀਤ ਦੇ ਨਾਵਲਾਂ ਦੀ ਵਿਲੱਖਣ ਪ੍ਰਾਪਤੀ ਹੈ। ਇਸ ਸੰਬੰਧ ਵਿਚ 'ਕਟਹਿਰਾ' ਦੀ ਹੇਠਲੀ ਸਥਿਤੀ ਦਾ ਵੇਰਵਾ ਹੀ ਕਾਫ਼ੀ ਹੈ।

> ਬਾਜਵਾ ਪੱਤੀ ਵਾਲੇ ਲੰਬੜਾਂ ਦਾ ਔਤ ਤਾਇਆ ਮਰ ਗਿਆ ਸੀ। ਤਾਏ ਦੇ ਮਰਨ ਦੀ ਖ਼ਬਰ ਦਾ ਮਤਲਬ ਮੁਨਸ਼ੀ ਝੱਟ ਸਮਝ ਗਿਆ ਸੀ। ਲੰਬੜਾਂ ਦੇ ਮੁੰਡਿਆਂ ਵਿਚਕਾਰ ਮੁੱਕਦਮੇਬਾਜ਼ੀ ਸ਼ੁਰੂ ਹੋਣ ਵਾਲੀ ਸੀ। ਵੱਡਾ ਮੁੰਡਾ ਕੋਈ ਦਸ ਵੀਹ ਸਾਲ ਪੁਰਾਣੀ ਵਸੀਅਤ ਪੇਸ਼ ਕਰੇਗਾ। ਜਿਸ ਦੇ ਆਧਾਰ 'ਤੇ ਉਹ ਬੁੱਢੇ ਦੀ ਜ਼ਮੀਨ ਦਾ ਵਾਰਿਸ ਬਣੇਗਾ।
>
> ਛੋਟੇ ਕੋਲ ਕੁਝ ਮਹੀਨੇ ਪਹਿਲਾਂ ਲਿਖੀ ਖਾਨਗੀ ਵਸੀਅਤ ਹੋਵੇਗੀ ਜਿਹੜੀ ਪੰਚਾਂ ਸਰਪੰਚਾਂ ਦੁਆਰਾ ਤਸਦੀਕ ਕੀਤੀ ਹੋਵੇਗੀ।
>
> ਸਭ ਤੋਂ ਛੋਟਾ ਤਾਏ ਦਾ ਮੁੱਤਬੰਨਾ ਹੋਣ ਦਾ ਦਾਅਵਾ ਕਰੇਗਾ। ਸਿਆਣੇ ਹੋਏ ਤਾਂ ਦੀਵਾਨੀ ਮੁਕੱਦਮੇ ਨਾਲ ਸਾਰ ਲੈਣਗੇ। ਚਾਰ ਭਰਾਵਾਂ ਦੇ ਧੱਕੇ ਚੜ੍ਹਗੇ ਤਾਂ ਛੱਬੀ ਤੋਂ ਲੈ ਕੇ ਕਤਲ ਤਕ ਦੀ ਫ਼ੌਜਦਾਰੀ ਕਰਕੇ ਵਕੀਲਾਂ ਮੁਨਸ਼ੀਆਂ ਦੇ ਘਰ ਭਰਨਗੇ।(ਪੰਨਾ *52-53*)

'ਸੁਧਾਰ ਘਰ' ਵਿਚ ਤਾਂ ਅਜਿਹੇ ਅਣਗਿਣਤ ਮੁਜਰਮਾਂ ਦਾ ਜ਼ਿਕਰ ਆਉਂਦਾ ਹੈ ਜਿਹੜੇ ਮਜਬੂਰੀ ਵਸ ਜਾਂ ਲਾਲਚ ਵਸ ਦੀਵਾਨੀ ਫ਼ੌਜਦਾਰੀ ਮੁਕੱਦਮਿਆਂ ਵਿਚ ਮਿਲੀਆਂ ਸੱਚੀਆਂ ਝੂਠੀਆਂ ਸਜ਼ਾਵਾਂ ਕੱਟ ਰਹੇ ਹਨ।

ਨਾਵਲਕਾਰ ਦੇ ਅੰਤਲੇ ਨਾਵਲ 'ਕੌਰਵ ਸਭਾ' ਦਾ ਤਾਂ ਨਾਮ ਹੀ ਭਾਰਤ ਦੀ ਉਸ ਮਹਾਂਕਾਵਿ

ਗਾਥਾ ਵੱਲ ਸੰਕੇਤ ਕਰਦਾ ਹੈ ਜਿਸਨੇ ਭਰਾਵਾਂ ਵਿਚਕਾਰ ਤਖ਼ਤ ਤਾਜ ਲਈ ਮਹਾਂਭਾਰਤ ਦੀ ਜੰਗ ਛੇੜੀ ਸੀ ਅਤੇ ਜਿਸ ਵਿਚ 18 ਖੂਹਣੀਆਂ ਗਰਕ ਹੋ ਗਈਆਂ ਸਨ। ਪਰ ਉਸ ਵੇਲੇ ਦੀ ਬਾਹਰਮੁਖੀ ਸਥਿਤੀ ਦੀ ਇਹ ਮੰਗ ਸੀ ਕਿ ਆਦਿਕਾਲੀ ਕਬੀਲਾ ਸਮਾਜ ਦੀ ਬਰਬਾਦੀ 'ਤੇ ਹੀ ਗੁਲਾਮਦਾਰੀ ਸਮਾਜ ਦੀ ਬਾਦਸ਼ਾਹਤ ਦੀ ਇਮਾਰਤ ਉਸਰਨੀ ਸੀ। ਅਜੋਕੇ ਦੌਰ ਵਿਚ ਸ਼੍ਰੇਣੀ ਸਮਾਜ ਜਿਸ ਸ਼ਿਖ਼ਰ ਉਤੇ ਪਹੁੰਚ ਗਿਆ ਹੈ ਉਸਦਾ ਮੁੱਖ ਲੱਛਣ ਇਹ ਹੈ ਕਿ ਪੈਦਾਵਾਰ ਵੱਡੇ–ਵੱਡੇ ਕਾਰਖਾਨਿਆਂ ਵਿਚ ਸਮੂਹਕ ਤੌਰ 'ਤੇ ਹੋਣ ਲਗ ਪਈ ਹੈ। ਜਿਸਦੇ ਪਿੱਛੇ ਵਿਗਿਆਨਕ ਅਤੇ ਤਕਨੀਕੀ ਖੇਤਰਾਂ ਵਿਚ ਹੋਈਆਂ ਇਨਕਲਾਬੀ ਖੋਜਾਂ ਅਤੇ ਕਾਢਾਂ ਦਾ ਬਹੁਤ ਵੱਡਾ ਹੱਥ ਹੈ। ਪਰੰਤੂ ਪੈਦਾਵਾਰ ਦੇ ਰਿਸ਼ਤੇ ਪੂੰਜੀਵਾਦੀ ਭਾਂਤ ਦੇ ਹੀ ਤੁਰੇ ਆ ਰਹੇ ਹਨ। ਜਿਸਦੇ ਸਿੱਟੇ ਵਜੋਂ ਖੁਸ਼ਹਾਲੀ ਐਤ ਕੰਗਾਲੀ ਵਿਚਕਾਰ ਖੱਪਾ ਇਤਨਾ ਵੱਧ ਗਿਆ ਹੈ ਕਿ ਸ੍ਰੇਨਿਕ ਰਿਸ਼ਤੇ ਸਮਾਜ ਦੇ ਅਗਲੇਰੇ ਵਿਕਾਸ ਦੀ ਰੁਕਾਵਟ ਬਣ ਗਏ ਹਨ। ਜੁਰਮ ਦੇ ਕਿਰਮ ਇਸ ਖੱਪੇ ਵਿਚ ਹੀ ਜੰਮਦੇ-ਪਲਦੇ ਹਨ। 'ਕੌਰਵ ਸਭਾ' ਵਿਚ ਨਾਵਲਕਾਰ ਦੀ ਇਹ ਧਾਰਨਾ ਬਹੁ–ਸੂਤਰੀ ਗੰਢ ਦੇ ਰੂਪ ਵਿਚ ਮੂਰਤੀਮਾਨ ਹੋਈ ਹੈ। ਇਸ ਨਾਵਲ ਦੀ ਕਥਾ ਵੀ ਧਨ ਕਮਾਉਣ ਅਤੇ ਵੰਡਣ ਦੇ ਵਰਤਾਰੇ ਉੱਪਰ ਕੇਂਦਰਿਤ ਹੈ, ਇਕ ਗ਼ਰੀਬ ਘਰ ਦਾ ਮੁੰਡਾ ਮੋਹਨ ਆਪਣੀ ਮਿਹਨਤ ਅਤੇ ਲਿਆਨਤ ਨਾਲ ਸਿਵਲ ਇੰਜਨੀਅਰੀ ਪਾਸੇ ਕਰਕੇ ਲੋਕ ਨਿਰਮਾਣ ਵਿਭਾਗ ਵਿਚ ਐਸ.ਡੀ.ਓ.ਲੱਗ ਜਾਂਦਾ ਹੈ। ਵਿਭਾਗ ਦਾ ਕਾਰਜ ਕਰਨ ਵਾਲੇ ਠੇਕੇਦਾਰਾਂ ਤੋਂ ਕਮਿਸ਼ਨ ਲੈ ਕੇ ਅਤੇ ਕਾਰੋਬਾਰ ਵਿਚ ਹਿੱਸਾ-ਪੱਤੀ ਰੱਖਕੇ ਉਹ ਚੋਖੇ ਧਨ ਦਾ ਮਾਲਕ ਬਣ ਜਾਂਦਾ ਹੈ। ਜਿਸ ਦੀ ਸਹਾਇਤਾ ਨਾਲ ਉਹ ਸਮੇਂ ਦੇ ਅਧਿਕਾਰੀਆ ਨਾਲ ਮਿਲ ਕੇ ਮੌਤ ਅਥਵਾ ਅੜੇ ਥੁੜੇ ਲੋਕਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰਕੇ ਵੱਡਾ ਕਾਲੋਨਾਈਜ਼ਰ ਬਣ ਜਾਂਦਾ ਹੈ। ਉਸ ਦੀ ਧਨ ਕਮਾਉਣ ਦੀ ਹਿਰਸ ਇੰਨੀ ਵੱਧ ਜਾਂਦੀ ਹੈ ਕਿ ਉਹ ਮਿਕਸ ਪਲਾਂਟ ਵੀ ਲਗਾ ਲੈਂਦਾ ਹੈ। ਇਸ ਸਾਰੇ ਕਾਰੋਬਾਰ ਵਿਚੋਂ ਉਹ ਕਾਨੂੰਨੀ ਕਮਾਈ ਤਾਂ ਕਰਦਾ ਹੀ ਹੈ, ਨਾਲੋ-ਨਾਲ ਉਹ ਹੇਰਾ-ਫੇਰੀ ਦੀ ਵੀ ਮੱਦਦ ਲੈਂਦਾ ਹੈ। ਪਰੰਤੂ ਉਸ ਦੀ ਮੌਤ ਤੋਂ ਬਾਅਦ ਜਦੋ ਉਸ ਦੇ ਪੁੱਤਰ ਪੰਕਜ ਅਤੇ ਨੀਰਜ ਆਪਣੇ ਚਾਚੇ ਨਾਲ ਜਾਇਦਾਦ ਦੀ ਵੰਡ ਕਰਦੇ ਹਨ। ਤਾਂ ਗੁਰਦੇਵ ਨਗਰ ਦੇ ਇਕ ਪਲਾਟ ਉਤੇ ਝਗੜਾ ਖੜਾ ਹੋ ਜਾਂਦਾ ਹੈ । ਇਹ ਝਗੜਾ ਵੇਦ ਦੇ ਪਰਿਵਾਰ ਦੀ ਬਰਬਾਦੀ ਦਾ ਕਾਰਨ ਹੋ ਨਿਬੜਦਾ ਹੈ ਜਦ ਕਿ ਪੰਕਜ ਅਤੇ ਨੀਰਜ ਕਿਆਂ ਨੂੰ ਵੀ ਪੁਲਿਸ ਵਕੀਲਾਂ, ਜੱਜਾਂ, ਸਿਆਸੀ ਆਗੂਆਂ ਆਦਿ ਦਾ ਘਰ ਭਰਨਾ ਪੈਂਦਾ ਹੈ । ਪੈਸੇ ਦੇ ਜ਼ੋਰ ਨਾਲ ਭਾਵੇਂ ਉਹ ਦੀਵਾਨੀ ਝਗੜੇ ਵਿਚੋਂ ਪੈਦਾ ਹੋਏ ਫ਼ੌਜਦਾਰੀ ਕੇਸ ਵਿਚੋਂ ਜਿੱਤ ਜਾਂਦੇ ਹਨ। ਪਰ ਨਾਵਲਕਾਰ ਦੀ ਸੂਝ ਦੀ ਇਹ ਵਿਲੱਖਣਤਾ ਹੈ ਕਿ ਉਹ ਦੋਹਾਂ ਧਿਰਾਂ ਨੂੰ ਹੀ ਮੁਜਰਮ ਗਰਦਾਨਦਾ ਹੋਇਆ ਦੋਹਾਂ ਦੀ ਹਾਰ ਵੱਲ ਸੰਕੇਤ ਕਰਦਾ ਹੈ। ਨਾਵਲ ਦੇ ਬਿਰਤਾਂਤ ਅਤੇ ਵਰਨਣ ਅਨੁਸਾਰ ਜੇ ਅਨੁਸਾਰ ਜੇ ਮੋਹਨ ਵੱਡਾ ਮੁਜਰਮ ਹੈ ਤਾਂ ਉਸ ਦੇ ਕਾਰੋਬਾਰ ਦਾ ਭਾਈਵਾਲ ਉਸ ਦਾ ਸਕਾ ਭਰਾ ਵੇਦ ਵੀ ਉਸ ਦੀਆਂ ਹੇਰਾ-ਫੇਰੀਆਂ ਵਿਚ ਸ਼ਾਮਿਲ ਹੈ ਜਿਸ ਨੂੰ ਆਪਣੀ ਕਾਰ-ਕਰਦਗੀ ਦੀ ਕੀਮਤ ਕਮਾਈ ਨਾਲੋਂ ਕਿਤੇ ਵੱਧ ਚੁਕਾਉਣੀ ਪੈਂਦੀ ਹੈ ਉਸ ਦੇ ਇਕੋ-ਇਕ ਪੁੱਤਰ ਕਮਲ ਦਾ ਕਤਲ ਹੋ ਜਾਂਦਾ ਹੈ। ਇਕੋ-ਇਕ ਧੀ ਨੇਹਾ ਦਾ ਬਲਾਤਕਾਰ ਹੋ ਜਾਦਾਂ ਹੈ। ਉਹ ਖੁਦ ਅਤੇ ਉਸ ਦੀ ਪਤਨੀ ਨੀਲਮ ਨੂੰ ਮਾਰੂ ਸੱਟਾਂ ਵੱਜਦੀਆਂ ਹਨ। ਧਨ ਦੀ ਲਾਲਸਾ ਮੋਹਨ ਦੀ ਵਕਤੋਂ ਪਹਿਲਾਂ ਮੌਤ ਦਾ ਕਾਰਨ ਬਣ ਜਾਂਦੀ ਹੈ ਅਤੇ ਪਰਿਵਾਰਕ ਰਿਸ਼ਤਿਆਂ ਵਿਚ ਜੱਦੀ ਵੈਰ ਦਾ

ਕਾਰਨ ਬਣ ਜਾਂਦੀ ਹੈ। ਨਾਵਲ ਦੇ ਪਹਿਲੇ ਭਾਗ ਬਾਰੇ ਨਾਵਲਕਾਰ ਨੇ ਟਿੱਪਣੀ ਦਿੱਤੀ ਹੈ ਕਿ 'ਜੋ ਜਿੱਤ ਗਿਆ, ਸੋ ਹਰ ਗਿਆ। ਜੋ ਹਰ ਗਿਆ, ਸੋ ਮਰ ਗਿਆ।' ਇਹ ਟਿੱਪਣੀ ਉਸ ਦੀ ਚੇਤੰਨ ਸੋਚ ਦਾ ਇਜ਼ਹਾਰ ਹੈ।

### 4. ਸੰਕਟ ਦਾ ਹੱਲ

ਮਿੱਤਰ ਸੈਨ ਮੀਤ ਦੀ ਸਭ ਤੋਂ ਵੱਡੀ ਪ੍ਰਾਪਤੀ ਸੰਕਟਮਈ ਦਸ਼ਾ ਦੀ ਦਿਸ਼ਾ ਸੁਝਾਉਣ ਵਿਚ ਹੈ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਆਪਣੇ ਨਾਵਲਾਂ ਵਿਚ ਲੋਕ ਸੰਘਰਸ਼ ਸੰਮਤੀ ਨਾਂ ਦੀ ਇਕ ਸੰਸਥਾ ਦੇ ਕਿਰਦਾਰ ਅਤੇ ਵਿਹਾਰ ਦਾ ਗਲਪੀ ਚਿੱਤਰ ਰੂਪਮਾਨ ਕੀਤਾ ਹੈ। ਇਸ ਸੰਸਥਾ ਦੇ ਕਿਰਦਾਰ ਅਤੇ ਵਿਹਾਰ ਦਾ ਗਲਪੀ ਚਿੱਤਰ ਰੂਪਮਾਨ ਕੀਤਾ ਹੈ। ਇਸ ਸੰਸਥਾ ਦੇ ਮੋਢੀ ਬਾਬਾ ਗੁਰਦਿੱਤ ਸਿੰਘ ਹਨ ਜਿਹੜੇ ਬਹੁਤ ਵੱਡੇ ਘਰਾਣੇ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਆਪਣੇ ਇਕ ਸਹਿਪਾਠੀ ਛਾਂਗੇ ਦੀ ਆਰਥਿਕ ਮੰਦਹਾਲੀ ਕਾਰਨ ਹੋਈ ਦੁਰਦਸ਼ਾ ਤੋਂ ਦ੍ਰਵਿਤ ਹੋ ਕੇ ਲੋਕ ਲਹਿਰ ਦੀ ਉਸਾਰੀ ਨੂੰ ਆਪਣਾ ਜੀਵਨ ਮਨੋਰਥ ਮਿਥ ਲੈਂਦੇ ਹਨ। ਇਨ੍ਹਾਂ ਦੀ ਅਗਵਾਈ ਵਿਚ ਬਣੀ ਸੰਮਤੀ ਮੀਤ ਦੇ ਪਹਿਲੇ ਨਾਵਲ ਤਫ਼ਤੀਸ਼ ਵਿਚ ਨਿਰਦੋਸ਼ ਪਾਲੇ ਅਤੇ ਮੀਤੇ ਨੂੰ ਕਤਲ ਕੇਸ ਵਿਚੋਂ ਬਰੀ ਕਰਾਉਣ ਦੀ ਜ਼ਿੰਮੇਵਾਰੀ ਆਪਣੇ ਹੱਥਾਂ ਵਿਚ ਲੈਂਦੀ ਹੈ। ਇਸ ਸੰਮਤੀ ਨਾਲ ਪੰਜਾਬ ਵਿਚ ਕਾਰਜਸ਼ੀਲ ਕਈ ਤਰ੍ਹਾਂ ਦੀਆਂ ਲੋਕ ਪੱਖੀ ਸੰਸਥਾਵਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਦੀ ਏਕਤਾ ਸਦਕਾ ਸੰਮਤੀ ਨੂੰ ਕੁਝ ਜਿੱਤਾਂ ਵੀ ਪ੍ਰਾਪਤ ਹੁੰਦੀਆ ਹਨਾ ਸੰਮਤੀ ਪੁਲਿਸ ਦੀ ਗ਼ੈਰਕਾਨੂੰਨੀ ਕਾਰਵਾਈ ਨੂੰ ਕਿਸੇ ਹੱਦ ਤੱਕ ਠੱਲ੍ਹ ਪਾਉਣ ਵਿਚ ਕਾਮਯਾਬ ਹੋ ਜਾਂਦੀ ਹੈ ਅਤੇ ਨਾਲੋ-ਨਾਲ ਸਥਾਪਨਾ ਪੱਖੀ ਸਿਆਸਤ ਦਾ ਵੀ ਡੱਟ ਕੇ ਮੁਕਾਬਲਾ ਕਰਦੀ ਹੈ।

ਸੰਮਤੀ ਦੀ ਇਹ ਬੀਰ -ਗਾਥਾ 'ਕਟਹਿਰਾ'ਅਤੇ 'ਸੁਧਾਰ ਘਰ'ਨਾਵਲਾਂ ਵਿਚ ਵੀ ਸੁਣਾਈ ਗਈ ਹੈ। ਕਈ ਬਾਜ਼ਮੀਰ ਵਕੀਲ ਸੰਮਤੀ ਵਿਚ ਸ਼ਾਮਿਲ ਹੋ ਕੇ ਵਰਤਮਾਨ ਨਿਆਂ-ਪ੍ਰਣਾਲੀ ਦੀਆਂ ਖਾਮੀਆਂ ਦੀਆਂ ਬਾਰੀਕ ਪਰਤਾਂ ਬੇਪਰਦ ਕਰਦੇ ਹਨ।

ਉਨ੍ਹਾਂ ਦੀ ਇਹ ਕਾਰਗੁਜਾਰੀ ਸਰਮਾਏਦਾਰੀ ਵਿਵਸਥਾ ਦੇ ਨਿਆਂ-ਪ੍ਰਬੰਧ ਦੀ ਨਿਰਪੱਖਤਾ ਅਤੇ ਬਰਾਬਰੀ ਦੀ ਮਿੱਥ ਨੂੰ ਟੁਕੜੇ -ਟੁਕੜੇ ਕਰਕੇ ਰੱਖ ਦਿੰਦੀ ਹੈ ਅਤੇ ਪਾਠਕ ਦੇ ਮਨ ਵਿਚ ਇਹ ਧਾਰਨਾ ਬਿਠਾ ਦਿੰਦੀ ਹੈ ਕਿ ਵਰਤਮਾਨ ਕਾਨੂੰਨ ਅਤੇ ਇਸ ਨੂੰ ਲਾਗੂ ਕਰਨ ਵਾਲੀ ਨਿਆਂਪਾਲਕਾ ਨੇ ਅੱਖਾਂ ਤੇ ਪੱਟੀ ਬੱਧੀ ਹੋਈ ਹੈ, ਤਥਾ ਉਸਦੇ ਹੱਥਾਂ ਵਿਚ ਫੜਿਆ ਹੋਇਆ ਇਨਸਾਫ ਦਾ ਤਰਾਜੂ ਪਾਸਕੂ ਵਾਲਾ ਹੈ। ਇਸ ਤਰਾਜੂ ਦਾ ਪਲੜਾ ਹਮੇਸ਼ਾ ਮਾਲਕ-ਸ਼੍ਰੇਣੀਆਂ ਦੇ ਪਾਸੇ ਵੱਲ ਝੁਕਦਾ ਹੈ। ਸੋ ਵਰਤਮਾਨ ਨਿਆਂ-ਪ੍ਰਣਾਲੀ ਤੋ ਇਨਸਾਫ਼ ਦੀ ਆਸ ਰੱਖਣਾ ਖਾਬ ਖਿਆਲੀ ਹੈ। ਪਾਲਾ ਅਤੇ ਮੀਤਾ ਨਿਰਦੋਸ਼ ਹਨ। ਇਹ ਸੱਚ ਅਦਾਲਤ ਵੀ ਜਾਣਦੀ ਹੈ। ਪਰ ਭਾਰੂ ਸ਼੍ਰੇਣੀਆਂ ਦੀ ਸਿਆਸਤ ਦਾ ਵਕਾਰ ਤਾਂ ਹੀ ਕਾਇਮ ਰਹਿ ਸਕਦਾ ਹੈ। ਜੇ ਬੰਟੀ ਦੇ ਕਤਲ ਦੇ ਭੋਗ ਤੋ ਪਹਿਲਾਂ ਫੜੇ ਜਾਣ। ਅਸਲੀ ਕਾਤਲ ਤਾਂ ਹੱਥ ਨਹੀ ਲਗਦੇ। ਸੋ ਪੁਲਿਸ ਮੁੱਖ ਮੰਤਰੀ ਦੇ ਹੁਕਮਾਂ ਦੀ ਪਾਲਣਾ ਕਰਨ ਹਿੱਤ ਬੰਟੀ ਦੇ ਕਤਲ ਦਾ ਕੇਸ ਪਾਲੇ ਅਤੇ ਮੀਤੇ ਦੇ ਸਿਰ ਮੜ ਦਿੰਦੀ ਹੈ ਅਦਾਲਤ ਦੀਆਂ ਸ਼ਹਾਦਤਾਂ ਦੀਆਂ ਅਣਹੋਂਦ ਜਾਂ ਝੂਠੀਆਂ ਗਵਾਹੀਆਂ ਦੀ ਹੋਂਦ ਦੇ ਬਾਵਜੂਦ ਪਾਲੇ ਅਤੇ ਮੀਤੇ ਨੂੰ ਸਜ਼ਾਏ ਮੌਤ ਦੇ ਦਿੰਦੀ ਹੈ। ਜਿਹੜੀ ਸੰਮਤੀ ਦੀਆਂ ਕੋਸ਼ਿਸਾਂ ਸਦਕਾ ਉਮਰ ਕੈਦ ਵਿਚ ਬਦਲ ਜਾਂਦੀ ਹੈ।

ਸੰਮਤੀ ਦੀ ਇਹ ਕਥਾ ਯਥਾਰਥ ਦੀ ਦਿਸ਼ਾ ਦੀ ਪੇਸ਼ਕਾਰੀ ਦੀ ਤਰਕਸ਼ੀਲ ਮਿਸਾਲ ਹੈ। ਹਾਲ ਦੀ ਘੜੀ ਅਦਾਲਤੀ ਅਨਿਆਂ ਅਤੇ ਸਮਾਜੀ ਬੇਇਨਸਾਫ਼ੀ ਦੀਆਂ ਤਾਕਤਾਂ ਬੇਹੱਦ ਬਲਵਾਨ ਹਨ,ਜਿਸ ਕਰਕੇ ਸੰਮਤੀ ਹਾਰਦੀ ਹੈ,ਪਰੰਤੂ ਉਸਦੀ ਹਾਰ ਵਿਚ ਵੀ ਲੋਕ -ਸੰਘਰਸ਼ ਦੀ ਭਵਿੱਖ ਦੀ ਜਿੱਤ ਦਾ ਸੁਪਨਾ ਸਾਕਾਰ ਹੁੰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸ ਪ੍ਰਕਾਰ ਮੀਤ ਦੇ ਇਹ ਨਾਵਲ ਨਾ ਤਾਂ ਇੱਛਾਮੂਲਕ ਰੁਮਾਂਟਿਕ ਆਦਰਸ਼ਵਾਦ ਦੇ ਦੋਸ਼ ਦੇ ਭਾਗੀ ਬਣਦੇ ਹਨ ਅਤੇ ਨਾ ਹੀ ਨਿਪੁੰਸਕ ਹੋ ਚੁੱਕੀ ਮੱਧ ਵਰਗੀ ਸੋਚ ਦੀ ਨਿਰਾਸ਼ਾ ਦਾ ਪੱਖ ਪੂਰਦੇ ਹਨ। ਨਾਵਲਕਾਰ ਨੂੰ ਲੋਕ ਧਿਰ ਦੀ ਹੋਣ ਵਾਲੀ ਜਿੱਤ ਵਿਚ ਅਟਲ ਭਰੋਸਾ ਹੈ।ਉਸ ਦੀ ਇਤਿਹਾਸਮੁਖ ਦਾ ਸਮਾਜਵਾਦੀ ਵਿਵਸਥਾ ਵਿਚ ਪਰਿਵਰਤਨ ਲਾਜ਼ਮੀ ਵਰਤਾਰਾ ਹੈ ਪਰ ਸਮਾਜੀ ਇਨਕਲਾਬ ਲੋਕਾਂ ਦੀਆਂ ਚੇਤੰਨ , ਜੱਥਬੰਦਕ ਅਤੇ ਲਗਾਤਾਰ ਕੋਸ਼ਿਸ਼ਾਂ ਸਦਕਾ ਨੇਪਰੇ ਚੜ੍ਹਨਾ ਹੈ। ਅਜੋਕੇ ਸ਼ਾਮਰਾਜੀ ਵਿਸਵੀਕਰਨ ਦੇ ਦੌਰ ਵਿਚ ਦੁਨੀਆਂ ਭਰ ਦੇ ਸੋਸ਼ਿਤ ਅਤੇ ਮਜਲੂਮ ਲੋਕਾਂ ਦੇ ਚੇਤੰਨ ਏਕੇ ਨਾਲ ਹੀ ਸਮਾਜਵਾਦੀ ਟੀਚੇ ਦੀ ਪ੍ਰਾਪਤੀ ਸੰਭਵ ਹੈ। ਮੀਤ ਦੇ ਨਾਵਲਾਂ ਦੀ ਵੱਡੀ ਖ਼ਾਸੀਅਤ ਹੀ ਇਹ ਹੈ ਕਿ ਉਕਤ ਉਦੇਸ਼ ਉਸਦੇ ਨਾਵਲਾਂ ਦੀ ਬਣਤਰ ਵਿਚ ਧੁਨੀ ਬਣਕੇ ਸਮਾਇਆ ਹੋਇਆ ਹੈ। ਇਸ ਪ੍ਰਕਾਰ ਮੀਤ ਦੇ ਪਹਿਲੇ ਤਿੰਨ ਨਾਵਲ ਜਿੱਥੇ ਵਰਤਮਾਨ ਨਿਆਂ ਪ੍ਰਣਾਲੀ ਅਤੇ ਸਮਾਜ-ਆਰਥਿਕ ਵਿਵਸਥਾ ਨੂੰ ਖਲਨਾਇਕ ਵਜੋਂ ਪੇਸ਼ ਕਰਦੇ ਹਨ, ਉਥੇ ਇਸ ਵਿਵਸਥਾ ਵਿਚੋਂ ਹੀ ਅਨਿਵਾਰੀ ਤੌਰ'ਤੇ ਪੈਦਾ ਹੋਣ ਵਾਲੀ ਨਾਇਕ ਧਿਰ ਦਾ ਵੀ ਸੁਝਾ ਦਿੰਦੇ ਹਨ।

'ਕੌਰਵ ਸਭਾ'ਵਿਚ ਖਲਨਾਇਕ ਧਿਰ ਦਾ ਗੁੰਝਲਦਾਰ ਚਿੱਤਰ ਪਹਿਲੇ ਨਾਵਲਾਂ ਨਾਲੋਂ ਵੀ ਵਧੇਰੇ ਸ਼ਿਦਤ ਨਾਲ ਰੂਪਮਾਨ ਹੋਇਆ ਹੈ। ਨਾਇਕ ਧਿਰ ਦੇ ਜਿਹੜੇ ਅੰਸ਼ ਇਸ ਨਾਵਲ ਵਿਚ ਚਿਤਰੇ ਗਏ ਹਨ ਉਹ ਵੀ ਲੋਕ ਸੰਘਰਸ਼ ਸੰਮਤੀ ਦੇ ਮੇਚ ਦੇ ਨਹੀ ਹਨ। ਪਰੰਤੂ ਪਾਠਕ ਦੇ ਮਨ ਵਿਚ ਨਾਵਲ ਪੜ੍ਹਦਿਆਂ ਜਿਸ ਨਾਇਕ ਧਿਰ ਦਾ ਬਿੰਬ ਉਭਰਦਾ ਹੈ। ਉਹ ਇਸ ਨਾਵਲ ਦੇ ਲੇਖਕ ਮੀਤ ਦੀ ਵਿਸ਼ੇਸ਼ ਪ੍ਰਾਪਤੀ ਹੈ। ਡਾ.ਸੁਰਿੰਦਰ ਦਵੇਸ਼ਵਰ ਨੇ 'ਕੌਰਵ ਸਭਾ'ਬਾਰੇ ਲਿਖੇ ਆਪਣੇ ਲੇਖ ਵਿਚ ਇਸ ਧਾਰਨਾ ਉੱਤੇ ਵਿਸ਼ੇਸ਼ ਬਲ ਦਿੱਤਾ ਹੈ।

ਮੀਤ ਦੇ ਨਾਵਲਾਂ ਦਾ ਕੇਂਦਰੀ ਧੁਰਾ ਖਾਂਦੇ ਪੀਂਦੇ ਲੋਕਾ ਦਾ ਅੰਤਰਰਾਸ਼ਟਰੀ ਸੰਘਰਸ਼ ਹੈ। *1947* ਈ.ਤੋਂ ਪਿਛੋਂ ਪੰਜਾਬ ਵਿਚ ਵੀ ਇਸ ਵਰਗ ਦਾ ਚੋਖਾ ਵਿਕਾਸ ਹੋਇਆ ਹੈ। ਪਰੰਤੂ ਮੁਲਜਮਾਂ, ਵਪਾਰੀਆਂ, ਸਨਅਤਕਾਰਾਂ ਸਿਆਸਤਦਾਨਾਂ, ਸੰਚਾਰ-ਸਾਧਨਾਂ ਦੇ ਮਾਲਕਾਂ, ਧਾਰਮਿਕ ਅਤੇ ਸਿਆਸੀ ਆਗੂਆਂ ਆਦਿ ਦੇ ਮਿੱਸਵਾਲਾ। ਇਹ ਵਰਗ ਕਾਨੂੰਨ ਦੁਆਰਾ ਐਲਾਨੇ ਮੁਜਰਮਾਂ ਨਾਲੋਂ ਵੀ ਵੱਡਾ ਮੁਜਰਮ ਨਾਲੋਂ ਵੀ ਵੱਡਾ ਮੁਜਰਮ ਹੈ, ਜਿਹੜਾ ਭੁੱਖੇ ਭਾਣੇ ਲੋਕਾਂ ਦੀ ਲੁੱਟ ਵਿਚੋਂ ਵੱਧ ਤੋਂ ਵੱਧ ਹਿੱਸਾ ਹਾਸਿਲ ਕਰਨ ਲਈ ਹਰ ਭਾਂਤ ਦੇ ਸਮਾਜ-ਸਦਾਚਾਰਕ ਮੁੱਲਾਂ ਵੱਲ ਪਿੱਠ ਕਰੀ ਬੈਠਾ ਹੈ। ਨਾਵਲਕਾਰ ਦੇ ਤਨਜ਼ ਦਾ ਸਭ ਤੋਂ ਵੱਡਾ ਸ਼ਿਕਾਰ ਇਹੀ ਵਰਗ ਹੋਇਆ ਹੈ।

ਸੰਖੇਪ ਵਿਚ ਮਿੱਤਰ ਸੈਨ ਮੀਤ ਕੋਲ ਜਿਥੇ ਵਰਤਮਾਨ ਕਾਨੂੰਨ ਅਤੇ ਨਿਆਂ-ਪ੍ਰਣਾਲੀ ਦਾ ਸਿਧਾਂਤਕ ਤੇ ਵਿਵਹਾਰਕ ਬੋਧ ਹੈ,ਉਥੇ ਉਹ ਇਸ ਬੋਧ ਨੂੰ ਸਮਾਜ ਦੀਆਂ ਸ਼੍ਰੈਣਿਕ ਹਾਲਤਾਂ ਨਾਲ ਜੋੜਦਾ ਹੋਇਆ ਇਸਦੇ ਫ਼ਲਸਫ਼ੇ ਉਤੇ ਵੀ ਆਪਣੀ ਪਕੜ ਦਾ ਪ੍ਰਮਾਣ ਦਿੰਦਾ ਹੈ। ਇਸ ਤੋਂ ਵੀ ਅੱਗੇ ਉਸ ਕੋਲ ਇਸ ਬੋਧ ਨੂੰ ਗਲਪੀ ਬਿੰਬ ਵਿਚ ਪੇਸ਼ ਕਰਨ ਦੀ ਅਦੁੱਤੀ ਸਮਰਥਾ ਹੈ ਜਿਸ ਕਰਕੇ ਉਹ *1990* ਤੋਂ ਪਿਛੋਂ ਦੇ ਪੰਜਾਬੀ ਨਾਵਲ ਦਾ ਸਿਰਕੱਢ ਹਸਤਾਖ਼ਰ ਹੈ।

# 2
# ਸੰਘਰਸ਼ ਦੀ ਪ੍ਰੇਰਨਾ ਦੀ ਗਾਥਾ 'ਕੌਰਵ ਸਭਾ'

**ਜੋਗਿੰਦਰ ਸਿੰਘ ਰਾਹੀ**

ਕਿਸੇ ਜ਼ਮਾਨੇ ਵਿੱਚ ਸੰਸਾਰ ਪ੍ਰਸਿੱਧ ਵਿਦਵਾਨ ਟੀ. ਐਸ. ਈਲੀਅਟ ਨੇ ਇੱਕ ਲੇਖ ਲਿਖਿਆ ਸੀ: 'ਪੰਪਰਾਗਤ ਅਤੇ ਵਿਅਕਤੀਗਤ ਪ੍ਰਬੁੱਧਤਾ'। ਉਸ ਦਾ ਭਾਵ ਅਰਥ ਇਹ ਸੀ ਕਿ ਜੇ ਤੁਸੀਂ ਕਿਸੇ ਵੀ ਲੇਖਕ ਦਾ ਵਿਸ਼ਲੇਸ਼ਣ ਕਰਨਾ ਹੋਵੇ ਜਾਂ ਉਸਦਾ ਮੁੱਲ ਪਾਉਣਾ ਹੋਵੇ ਤਾਂ ਇਹ ਖ਼ਿਆਲ ਰੱਖੋ ਕਿ ਉਸ ਨੂੰ ਵਿਰਸੇ ਵਿੱਚ ਕੀ ਮਿਲਿਆ ਹੈ? ਤੁਸੀਂ ਉਸਨੂੰ ਵਿਰਸੇ ਨਾਲੋਂ ਵੱਖ ਕਰਕੇ ਕਿਸੇ ਓਪਰੇ ਸ਼ਾਸਤਰ ਦੇ ਆਧਾਰ 'ਤੇ ਠੀਕ ਤਰ੍ਹਾਂ ਨਹੀਂ ਪਰਖ ਸਕਦੇ। ਜਿਵੇਂ ਜੇ ਪੰਜਾਬੀ ਵਿਚ ਗੁਰਦਿਆਲ ਸਿੰਘ ਬਾਰੇ ਕੋਈ ਗੱਲ ਕਰਨੀ ਹੋਵੇ ਤਾਂ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਸਦਾ ਮੁੱਲ ਉਨ੍ਹਾਂ ਦੇ ਆਧਾਰ 'ਤੇ ਹੀ ਪਵੇਗਾ। ਮੈਂ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਬਾਰੇ ਗੱਲ ਕਰ ਰਿਹਾ ਹਾਂ। ਅਸੀਂ ਜੋ ਵੀ ਗੱਲ ਕਰਨੀ ਹੈ, ਉਹਦੇ ਵਿੱਚ ਜਿਹੜੇ ਗਲਪ ਸ਼ਾਸਤਰ ਨਾਲ ਸੰਬੰਧਤ ਨੁਕਤੇ ਹੁੰਦੇ ਹਨ ਉਹਨਾਂ ਦਾ ਖ਼ਿਆਲ ਰੱਖਣਾ ਹੈ ਕਿ ਉਹ ਕਿਹੜੇ ਪਿਛੋਕੜ ਦੇ ਵਿੱਚ ਲਿਖ ਰਿਹਾ ਹੈ। ਇੱਕ ਉਰਦੂ ਦਾ ਸ਼ੇਅਰ ਹੈ:

ਵੋਹ ਬਾਤ ਜਿਸ ਕਾ ਸਾਰੇ, ਫਸਾਨੇ ਮੇਂ ਜ਼ਿਕਰ ਨਾ ਥਾ
ਵੋਹੀ ਬਾਤ ਉਨਕੋ ਨਾ ਗੁਵਾਰ ਗੁਜ਼ਰੀ।

ਜੀਹਦਾ ਕਹਾਣੀ ਵਿੱਚ ਜ਼ਿਕਰ ਹੀ ਨਹੀਂ, ਉਸ ਦੇ ਬਾਰੇ ਅਸੀਂ ਕੀ ਗਿਲਾ ਕਰੀਏ। ਇਹ ਬੜੀ ਅਜੀਬ ਜਿਹੀ ਸਥਿਤੀ ਹੈ। ਪਰ ਮੈਂ ਇਸ ਸ਼ੇਅਰ ਵਿੱਚ ਥੋੜ੍ਹੀ ਜਿਹੀ ਸੋਧ ਕਰ ਲਈ ਹੈ ਕਿ:

ਵੋਹ ਬਾਤ ਜਿਸ ਕਾ ਸਾਰੇ, ਫਸਾਨੇ ਮੈਂ ਜ਼ਿਕਰ ਨਹੀਂ
('ਕੌਰਵ ਸਭਾ ਦੇ ਸੰਬੰਧ ਵਿੱਚ ਮੈਂ ਇਹ ਗੱਲ ਕਹਿ ਰਿਹਾ ਹਾਂ')
ਵੋਹੀ ਬਾਤ ਮੇਰੇ ਲੀਏ ਬਹੁਤ ਖ਼ੁਸ਼ਗਵਾਰ ਨਿਕਲੀ।

ਕੁਝ ਗੱਲ ਅਜਿਹੀਆਂ ਹਨ, ਜਿਹੜੀਆਂ ਇਸ ਨਾਵਲ ਦੇ ਪਾਠ ਵਿਚ ਸਾਹਮਣੇ ਪਈਆਂ ਹੋਈਆਂ ਹਨ, ਸਪਸ਼ਟ ਹਨ, ਉਨ੍ਹਾਂ ਦਾ ਜ਼ਿਕਰ ਹੈ। ਕੁਝ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਦੇ ਨਾਵਲ ਵਿੱਚ ਕਿਧਰੇ ਜ਼ਿਕਰ ਨਹੀਂ। ਹੁਣ ਗਲਪ-ਸ਼ਾਸਤਰ ਦਾ ਮਸਲਾ ਉਠਿਆ ਤੇ ਗਲਪ ਸ਼ਾਸਤਰ ਦੇ ਵਿੱਚ ਇੱਕ ਨੁਕਤਾ ਹੈ, ਜਿਸ ਦੇ ਉੱਤੇ ਅੱਜ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਕਿ ਕਿਸੇ ਵੀ ਰਚਨਾ ਦੇ ਸਾਹਿਤਕੀ ਰਚਨਾ ਪਾਠ ਦੇ ਬਹੁਤ ਹੀ ਮਹੱਤਵਪੂਰਨ ਨੁਕਤੇ, ਸਿੱਧੇ ਪਾਠ ਵਿਚ ਹੁੰਦੇ ਹਨ। ਉਨ੍ਹਾਂ ਨੂੰ ਵੇਖਣ ਲਈ, ਜਾਨਣ ਲਈ, ਪੜ੍ਹਨ ਲਈ, ਸਮਝਣ ਲਈ, ਨਜ਼ਰ ਚਾਹੀਦੀ ਹੈ।

ਇਸ ਸੰਬੰਧ ਵਿੱਚ ਮੈਂ ਇਕ ਲੇਖ ਲਿਖਿਆ ਸੀ ਗੁਰਬਖ਼ਸ਼ ਸਿੰਘ ਦੀ ਕਹਾਣੀ 'ਭਾਬੀ ਮੈਨਾ' ਬਾਰੇ। ਕਹਾਣੀ 'ਭਾਬੀ ਮੈਨਾ' ਵਿੱਚ ਕਿੱਧਰੇ ਵੀ ਹਿਊਮਨ ਸੈਕਰੇਫਾਈਸ ਦਾ ਜ਼ਿਕਰ ਨਹੀਂ ਜਿਹੜੀ ਪ੍ਰਾਚੀਨ ਭਾਰਤ ਵਿੱਚ ਪ੍ਰਚੱਲਿਤ ਹੁੰਦੀ ਸੀ। ਮੈਂ ਉਹਦਾ ਵੇਰਵਾ ਨਹੀਂ ਦੇਣਾ। ਹਿਊਮਨ ਸੈਕਰੇਫਾਈਸ ਇਕੋ ਬੜੀ ਜ਼ਬਰਦਸਤ ਪ੍ਰੰਪਰਾ ਸੀ, ਜੀਹਦੇ ਹਵਾਲੇ ਤੇਰ੍ਹਵੀਂ ਸਦੀ ਦੇ ਵਿੱਚ ਮਿਲ ਜਾਂਦੇ ਹਨ। ਅੱਜ ਵੀ ਮਿਲ ਜਾਂਦੇ ਹਨ। ਹਿਮਾਚਲ ਪ੍ਰਦੇਸ਼ ਜ਼ਿਲ੍ਹਾ ਕਿਨੌਰ ਵਿੱਚ ਹਿਊਮਨ ਸੈਕਰੇਫਾਈਸ ਦਾ ਸਲਾਨਾ

ਮੇਲਾ ਲੱਗਦਾ ਹੈ ਅਤੇ ਸਰਕਾਰ ਨੂੰ ਬੜੀ ਵੱਡੀ ਪੁਲਿਸ ਫੋਰਸ ਲਾਉਣੀ ਪੈਂਦੀ ਹੈ ਤਾਂ ਕਿ ਉਥੇ ਹਿਊਮਨ ਸੈਕਰੇਫਾਈਸ ਨਾ ਹੋਵੇ ਅਤੇ ਅਖ਼ਬਾਰਾਂ ਦੇ ਵਿੱਚ ਵੱਡੀਆਂ ਖ਼ਬਰਾਂ ਛਪਦੀਆਂ ਹਨ। ਹਿਊਮਨ ਸੈਕਰੇਫਾਈਸ ਦਾ ਜ਼ਿਕਰ ‘ਭਾਬੀ ਮੈਨਾ’ ਵਿੱਚ ਕਿਧਰੇ ਨਹੀਂ ਹੈ। ਲੇਕਿਨ ਭਾਬੀ ਮੈਨਾ ਨੂੰ ਜੇ ਠੀਕ ਤਰੀਕੇ ਨਾਲ ਸਮਝਣਾ ਹੋਵੇ ਤਾਂ ਹਿਊਮਨ ਸੈਕਰੇਫਾਈਸ ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ, ਨਹੀਂ ਤਾਂ ਉਹ ਕਹਾਣੀ ਸਮਝ ਨਹੀਂ ਆਵੇਗੀ। ਉਹ ਇਸ ਕਿਸਮ ਦੀ ਕਹਾਣੀ ਹੈ। ਇਹੀ ਨੁਕਤਾ ਮੈਂ ਉਸ ਕਹਾਣੀ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਹੀ ਨਾਵਲ ‘ਕੌਰਵ ਸਭਾ’ ਦੇ ਹਾਸ਼ੀਏ ਵਿੱਚ ਵੀ ਇੱਕ ਰੁੜੀ ਪਈ ਹੋਈ ਹੈ। ਇਸ ਦਾ ਪਤਾ ਸ਼ਾਇਦ ਮਿੱਤਰ ਸੈਨ ਮੀਤ ਨੂੰ ਵੀ ਨਾ ਹੋਵੇ। ਜ਼ਰੂਰੀ ਨਹੀਂ ਲੇਖਕ ਨੂੰ ਆਪਣੇ ਲਿਖਣ ਦੇ ਸਾਰੇ ਪਾਸਾਰਾਂ ਦਾ ਸੁਚੇਤ ਰੂਪ ਵਿੱਚ ਗਿਆਨ ਹੋਵੇ। ਮਨੁੱਖੀ ਸਮਝ ਵਿੱਚ ਕੁਝ ਮਨੋਵਿਗਿਆਨ ਪੱਧਰ ’ਤੇ ਅਜਿਹੀਆਂ ਗੱਲਾਂ ਪਈਆਂ ਹੁੰਦੀਆਂ ਹਨ, ਜਿਹੜੀਆਂ ਅਨੇਕਾਂ ਸਾਲ ਪੁਰਾਣੀਆਂ ਹਨ। ਉਸਨੂੰ ਸੁਚੇਤ ਤੌਰ ’ਤੇ ਪਤਾ ਨਹੀਂ ਹੈ ਪ੍ਰੰਤੂ ਉਹ ਗੱਲਾਂ ਉਸ ਦੇ ਸਮਾਜਿਕ ਕਿਰਦਾਰ ਨੂੰ ਬੜੇ ਜ਼ਬਰਦਸਤ ਤਰੀਕੇ ਨਾਲ ਪ੍ਰਭਾਵਿਤ ਕਰਦੀਆਂ ਹਨ। ਮਨੋਵਿਗਿਆਨ ਬੜੇ ਚੋਰਾਂ ਵਾਲੇ ਰੂਪ ’ਚ ਆਪਣਾ ਅਸਰ ਦਿਖਾਉਂਦੀ ਹੈ। ਨਾਵਲ ‘ਕੌਰਵ ਸਭਾ’ ਦੇ ਹਾਸ਼ੀਏ ਵਿੱਚ ਇੱਕ ਚੀਜ਼ ਪਈ ਹੋਈ ਹੈ, ਉਹ ਹੈ ਕੌਟੱਲਿਆ ਸ਼ਾਸਤਰ। ਕੌਟੱਲਿਆ ਸ਼ਾਸਤਰ ਵਿੱਚ ਜਿਹੜੀ ਪੁਲਿਸ ਦੀ ਮੌਜੂਦਾ ਵਿਵਸਥਾ ਹੈ, ਉਸ ਜ਼ਮਾਨੇ ਵਿੱਚ ਪੁਲਿਸ ਵਰਗੇ ਰਾਜ ਪ੍ਰਬੰਧ ਦਾ ਸਿਲਸਿਲਾ ਸੀ, ਉਸ ਵਿੱਚ ਜਿਹੜਾ ਪੁਲਿਸ ਦਾ ਖੁਫ਼ੀਆ ਵਿੰਗ ਹੈ, ਉਸਦਾ ਰੋਲ ਇਕੋ ਹੀ ਹੈ। ਉਹ ਰੋਲ ਇਹ ਹੈ ਕਿ ਰਾਜੇ ਨੂੰ, ਮਹਾਰਾਜੇ ਨੂੰ ਜਾਂ ਫਿਰ ਸਟੇਟ ਨੂੰ ਬਚਾ ਕੇ ਕਿਵੇਂ ਰੱਖਣਾ ਹੈ? ਸੂਹ ਕਿਵੇਂ ਪਹੁਚਾਉਣੀ ਹੈ। ਉਹ ਇਕੋ ਹੀ ਕੰਮ ਕਰਦੇ ਹਨ, ਇਹ ਕੰਮ ਮੁਗਲਾਂ ਦੇ ਸਮੇਂ ਵੀ ਹੁੰਦਾ ਰਿਹਾ, ਅੰਗਰੇਜ਼ਾਂ ਦੇ ਸਮੇਂ ਵੀ ਹੁੰਦਾ ਰਿਹਾ ਹੈ ਅੱਜ ਸਮੇਂ ਦਾ ਵਿਅੰਗ ਇਹ ਹੈ ਕਿ ਇਹ ਕੰਮ ਅੱਜ ਬੜੇ ਭਿਅੰਕਰ ਰੂਪ ਵਿੱਚ ਹੋ ਰਿਹਾ ਹੈ। ਇਸ ਨਾਵਲ ਵਿੱਚ ਜੋ ਵੀ ਤਾਣਾ–ਬਾਣਾ–ਬਿਰਤਾਂਤ ਦੀ ਸ਼ਕਲ ਵਿੱਚ ਬੁਣਿਆ ਗਿਆ ਹੈ ਉਸੇ ਤਾਣੇ–ਬਾਣੇ ਵਿੱਚ ਕੌਟੱਲਿਆ ਸ਼ਾਸਤਰ ਦੀ ਬਣਾਈ ਹੋਈ ਵਿਵਸਥਾ ਪਈ ਹੋਈ ਹੈ, ਜਿਹੜੀ ਸਾਡੇ ਸੰਸਕਾਰਾਂ ਵਿੱਚ ਉਤਰ ਗਈ ਹੈ। ਸਾਨੂੰ ਇਸ ਦਾ ਪਤਾ ਹੀ ਨਹੀਂ ਹੈ ਕਿ ਇਸ ਵੇਲੇ ਜੋ ਸਾਡੀ ਪ੍ਰਸ਼ਾਸਕੀ ਵਿਵਸਥਾ ਵਿੱਚ ਅਫ਼ਸਰਸ਼ਾਹੀ ਹੈ, ਪੁਲਿਸ ਹੈ, ਪੁਲਿਸ ਨਾਲ ਸੰਬੰਧਤ ਏਜੰਸੀਆਂ ਹਨ, ਉਹ ਸਾਰੀਆਂ ਇੱਕੋ ਕੰਮ ਕਰ ਰਹੀਆਂ ਹਨ ਅਤੇ ਉਨ੍ਹਾਂ ਦਾ ਇੱਕੋ ਇੱਕ ਕੰਮ ਹੈ ਕਿ ਸਟੇਟ ਦੇ ਹਾਕਮਾਂ ਜਾਂ ਜੋ ਸਟੇਟ ਸਾਨੂੰ ਮਿਲੀ ਹੋਈ ਹੈ ਉਸਦੀ ਖਿਦਮਤ ਕਿਵੇਂ ਕਰਨੀ ਹੈ, ਉਸ ਨੂੰ ਬਚਾ ਕੇ ਕਿਵੇਂ ਰੱਖਣਾ ਹੈ, ਉਹਦਾ ਹੁਕਮ ਕਿਵੇਂ ਵਜਾਉਣਾ ਹੈ।

ਇਸ ਨਾਵਲ ਵਿੱਚ ਇੱਕ ਅੰਤਰ ਪਾਠ ਹੈ। ਪਾਠ ਦੇ ਅੰਦਰ ਪਿਆ ਹੋਇਆ ਇਹ ਅੰਤਰ-ਪਾਠ ਜੋ ਨਜ਼ਰ ਆਉਣ ਵਾਲੇ ਨੂੰ ਆ ਜਾਂਦਾ ਹੈ। ਜਿਸ ਨੂੰ ਨਜ਼ਰ ਨਹੀਂ ਆਉਂਦਾ ਉਸ ਨੂੰ ਜਿੰਨਾ ਮਰਜ਼ੀ ਸਮਝਾ ਲਓ, ਉਹਨੂੰ ਪਤਾ ਨਹੀਂ ਲੱਗਣਾ। ਇਹ ਇੱਕ ਅੰਤਰ ਪਾਠ ਹੈ। ਮੈਂ ਉਸ ਦਾ ਵਿਸਥਾਰ ਨਹੀਂ ਦੇਣਾ, ਹਵਾਲਾ ਦੇਣਾ ਹੈ। ਮਹਾਂਭਾਰਤ ਵਿਚ ਧ੍ਰਿਤਰਾਸ਼ਟਰ ਤਾਂ ਅੰਨ੍ਹਾ ਸੀ, ਗੰਧਾਰੀ ਦੀ ਕੀ ਸਮੱਸਿਆ ਸੀ ਕਿ ਉਸਨੇ ਅੱਖਾਂ ’ਤੇ ਪੱਟੀ ਬੰਨ੍ਹ ਲਈ। ਜੇ ਗੰਧਾਰੀ ਅੱਖਾਂ ਦੇ ਉੱਤੇ ਪੱਟੀ ਨਾ ਬੰਨਦੀ ਤਾਂ ਸ਼ਾਇਦ ਮਹਾਂਭਾਰਤ ਨਾ ਹੁੰਦਾ। ਇਸੇ ਤਰ੍ਹਾਂ ਰਮਾਇਣ ਵਿੱਚੋਂ ਹਵਾਲੇ ਦਿੱਤੇ ਗਏ ਹਨ, ਜੀਹਦੇ ਵਿੱਚ ਨੇਹਾ ਨੂੰ ਸੀਤਾ ਮਾਤਾ ਆਖਿਆ ਗਿਆ ਹੈ। ਨੇਹਾ ਨੂੰ ਸੀਤਾ ਮਾਤਾ ਕਹਿਣਾ ਇੱਕ

ਰੂੜ੍ਹਵਾਦੀ ਹਿੰਦੂ ਲਈ ਸ਼ਾਇਦ ਬਹੁਤ ਮਾਰਮਿਕ ਗੱਲ ਹੋਵੇ। ਫਿਰ ਕਿਹਾ ਗਿਆ ਕਿ ਫਲਾਣੇ ਦੇ ਵਿੱਚ ਦਾ ਰਿਸ਼ਤਾ, ਉਹ ਰਾਮ ਤੇ ਲੱਛਮਣ ਵਾਲਾ ਨਹੀਂ ਸੀ ਰਿਹਾ। ਉਹ ਰਿਸ਼ਤਾ ਸੁਗਰੀਵ ਤੇ ਬਾਲੀ ਵਾਲਾ ਬਣ ਗਿਆ ਸੀ। ਇਸ ਤਰ੍ਹਾ ਰਮਾਇਣ ਵਿੱਚੋਂ ਪੁਰਾਣੀ ਪ੍ਰੰਪਰਾ ਦੇ ਅਤੇ ਮਹਾਂਭਾਰਤ ਵਿੱਚੋਂ ਵੀ ਹਵਾਲੇ ਆਉਂਦੇ ਹਨ। ਇਹ ਵੀ ਅੰਤਰ-ਪਾਠ ਹੈ। ਸੋ ਕੁਝ ਅੰਤਰ ਪਾਠ ਅਜਿਹੇ ਸਪਸ਼ਟ ਹਨ, ਕੁਝ ਪਾਠ ਅਜਿਹੇ ਕਰਨ ਜਿਹੜੇ ਸਪਸ਼ਟ ਨਹੀਂ। ਸਾਡੇ ਕੋਲ ਉਹਨਾਂ ਨੂੰ ਸਮਝਣ ਲਈ ਅੰਤਰ ਦ੍ਰਿਸ਼ਟੀ ਚਾਹੀਦੀ ਹੈ। ਅਜਿਹੇ ਅੰਤਰ ਪਾਠਾਂ ਦੀ ਸਹਾਇਤਾ ਨਾਲ ਸਾਰੇ ਨਾਵਲ ਦੇ ਵਿੱਚ ਇੱਕ ਸੁਰ ਚਲਦੀ ਹੈ, ਉਹ ਸੁਰ ਹੈ ਹਵਾਲਿਆਂ ਦੀ। ਭਾਵੇਂ ਜਿਹੜਾ ਸਮਕਾਲੀ ਇਤਿਹਾਸ ਹੈ, ਉਸ ਨੂੰ ਬਿਰਤਾਂਤ ਦਾ ਹਿੱਸਾ ਬਣਾਇਆ ਗਿਆ ਹੈ। ਇਹ ਹਿੱਸਾ ਕਿਵੇਂ ਬਣਾਇਆ? ਇੱਕ ਲੇਖਕ ਹੈ ਜਿਸ ਦਾ ਨਾਂ ਹੈ ਵੇਨ. ਸੀ. ਬੂਥ। ਉਸ ਦੀ ਕਿਤਾਬ 'ਰੈਡਰਿਕ ਆਫ਼ ਫਿਕਸ਼ਨ' ਹੈ। ਉਸ ਕਿਤਾਬ ਦੇ ਵਿੱਚ ਉਹ ਕਹਿੰਦਾ ਹੈ ਕਿ "ਲੇਖਕ ਲਈ ਇਹ ਜ਼ਰੂਰੀ ਨਿਯਮ ਨਹੀਂ ਹੈ ਕਿ ਉਹ ਗੱਲ ਉਤਮ ਪੁਰਸ਼ ਵਿੱਚ ਹੀ ਕਰੇ।" ਪ੍ਰੇਮ ਪ੍ਰਕਾਸ਼ ਪੰਜਾਬੀ ਵਿਚ ਕਹਾਣੀਆਂ ਉਤਮ ਪੁਰਸ਼ ਬਿਰਤਾਂਤ ਵਿੱਚ ਲਿਖਦਾ ਹੈ। ਉਤਮ ਪੁਰਸ਼ ਉਹ ਹੁੰਦਾ ਜਿਸ ਦੇ ਨਾਲ ਗੱਲ ਵਾਪਰ ਰਹੀ ਹੈ। ਉਹੀ ਕਹਾਣੀ ਸੁਣਾ ਰਿਹਾ ਹੁੰਦਾ ਹੈ। ਵੇਨ. ਸੀ. ਬੂਥ ਕਹਿੰਦਾ ਹੈ ਕਿ "ਗੱਲ ਭਾਵੇਂ ਉਤਮ ਪੁਰਸ਼ ਵਿੱਚ ਹੋਵੇ ਤੇ ਭਾਵੇਂ ਅਨਿਆ ਪੁਰਸ਼ ਬਿਰਤਾਂਤ ਵਿੱਚ ਹੋਵੇ ਜਿਹੜੀ ਮਹੱਤਵਪੂਰਨ ਗੱਲ ਹੈ ਉਹ ਹੈ ਆਰਟਿਸਟ ਪਲੋਜੇ ਬਿਲਿਟ ਕਿ ਤੁਹਾਨੂੰ ਗੱਲ ਠੀਕ ਲਗਦੀ ਹੈ ਜਾਂ ਨਹੀਂ ਮਸਲਾ ਇਹ ਹੈ ਕਿ ਗੱਲ ਕਹੀ ਜਾ ਰਹੀ ਹੈ ਭਾਵੇਂ ਕਿਸੇ ਵੀ ਪੁਰਸ਼ ਦੇ ਬਿਰਤਾਂਤ ਦੇ ਰੂਪ ਵਿਚ ਹੋਵੇ, ਕੀ ਉਹ ਗੱਲ ਸੰਭਵ ਹੈ ਵੀ। ਅਰਸਤੂ ਨੇ ਕਿਹਾ ਸੀ ਯਥਾਰਥ ਉਹ ਨਹੀਂ ਜੋ ਅਸੀਂ ਕਹਿ ਦੇਈਏ ਸੰਭਵ ਹੈ, ਸਾਹਿਤ ਦਾ ਯਥਾਰਥ 'ਸੰਭਵ' ਦੇ ਪੈਮਾਨੇ 'ਤੇ ਨਹੀਂ ਪਰਖਿਆ ਜਾਂਦਾ ਹੈ। ਸਾਹਿਤ ਦਾ ਯਥਾਰਥ ਸ਼ਾਇਦ ਦੇ ਪੈਮਾਨੇ 'ਤੇ ਪਰਖਿਆ ਜਾਂਦਾ ਹੈ ਵੇਲ ਸੀ ਬੂਥ ਨੇ ਦੂਸਰੀ ਪੋਜ਼ੀਸ਼ਨ ਲਈ ਹੈ, ਉਸ ਨੇ ਕਿਹਾ ਮਸਲਾ ਭਾਸ਼ਣੀ ਸੁਰ ਦਾ ਹੈ। ਭਾਸ਼ਣੀ ਸੁਰ ਇਹ ਹੈ ਕਿ ਜਦੋਂ ਮੈਂ ਕਹਾਂ ਕਿ ਸਾਰਾ ਸੱਚ ਮੇਰੇ ਪੱਲੇ ਹੈ, ਇਥੇ ਆਰਾਮ ਨਾਲ ਬੈਠ ਜਾਓ, ਜਿਹੜੀ ਗੱਲ ਮੈਂ ਕਹਿੰਦਾ ਹਾਂ ਕਾਪੀ ਲੈ ਕੇ ਨੋਟ ਕਰ ਲਓ। ਉਸ 'ਤੇ ਅਮਲ ਕਰਿਆ ਕਰੋ। ਜਿਵੇਂ ਨਾਨਕ ਸਿੰਘ ਦੀ ਭਾਸ਼ਣੀ ਸੁਰ ਹੈ। ਭਾਸ਼ਣੀ ਸੁਰ ਇਹ ਨਹੀਂ ਕਿ ਜੇਕਰ ਅਸੀਂ ਕਹਿੰਦੇ ਹਾਂ ਕਿ ਇੱਕ ਸੀ ਕਾਂ, ਇੱਕ ਸੀ ਚਿੜੀ। ਹੁਣ ਇਹਦੇ ਵਿੱਚ ਗੱਲ ਦੱਸੀ ਜਾ ਰਹੀ ਹੈ ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਉਹ ਕਹਾਣੀ ਭਾਸ਼ਣੀ ਸੁਰ ਦੇ ਵਿੱਚ ਬਣ ਗਈ ਹੈ। ਇਸ ਤਰ੍ਹਾਂ ਸਾਹਿਤ ਦਾ ਸੱਚ ਨਹੀਂ ਪਰਖਿਆ ਜਾ ਸਕਦਾ। ਦ੍ਰਿਸ਼ ਤੇ ਕਥਾ ਬਾਰੇ ਵੀ ਉਹ ਇਹ ਗੱਲ ਕਹਿੰਦਾ ਹੈ ਤੁਸੀਂ ਜਿਹੜੀ ਗੱਲ ਕਹੋ ਭਾਵੇਂ ਦੋ ਪਾਤਰਾਂ ਦੇ ਵਾਰਤਾਲਾਪ ਦੇ ਰਾਹੀਂ ਦਿਖਾਓ। ਗੱਲ ਭਾਸ਼ਣੀ ਸੁਰ ਦੀ ਹੈ। ਇਹ ਗੱਲ ਮਾਰਗਰੇਟ ਮੈਨ ਡੌਨੇਲਡ ਨੇ ਆਖੀ ਹੈ। ਉਹ ਕਹਿੰਦੀ ਹੈ ਕਿ ਲੇਖਕ ਪਾਗਲ ਹੁੰਦਾ ਹੈ। ਪ੍ਰੰਤੂ ਉਸ ਦਾ ਪਾਗਲਪਨ ਸੋਚਿਆ ਸਮਝਿਆ ਹੁੰਦਾ ਹੈ। ਉਹ ਗੱਲ ਕਰਦਾ ਹੈ ਪਾਗਲ ਲੱਗਦਾ ਹੈ ਲੇਕਿਨ ਉਹਦੇ ਪਾਗਲਪਨ ਵਿੱਚ ਕਲਾ ਹੁੰਦੀ ਹੈ। ਇਸ ਕਰਕੇ ਜੋ ਉਹ ਗੱਲ ਦਰਸਾਉਂਦਾ ਹੈ ਕਦੀ ਉਹ ਸੰਖੇਪ ਵਿਚ ਦੱਸ ਦਿੰਦਾ ਹੈ। ਕਦੀ ਵਿਸਥਾਰ ਵਿੱਚ। ਇਹ ਉਹਦੀਆਂ ਗਾਲਪਿਕ ਨੀਤੀਆਂ ਹੁੰਦੀਆਂ ਹਨ। ਅਜਿਹਾ ਕਰਨ ਦੀ ਉਸ ਨੂੰ ਖੁੱਲ੍ਹ ਹੈ।

ਜਿੱਥੋਂ ਤੱਕ ਪਾਤਰਾਂ ਦੇ ਵਿਅਕਤੀਕਰਨ ਦਾ ਸਵਾਲ ਹੈ। ਜਿਵੇਂ ਹਰ ਬੰਦਾ ਦੂਸਰੇ ਬੰਦੇ ਨਾਲੋਂ

ਵੱਖਰਾ ਹੁੰਦਾ ਹੋਇਆ ਵੀ ਦੂਜਿਆ ਵਰਗਾ ਹੁੰਦਾ ਹੈ। ਜੇਕਰ ਉਹ ਨਹੀਂ ਹੈ ਤਾਂ ਕੋਈ ਕਿਆਮਤ ਵਾਲੀ ਗੱਲ ਨਹੀਂ ਹੈ। ਇਹ ਵਿਧੀ ਗੁਰਦਿਆਲ ਸਿੰਘ ਦੀ ਹੈ। ਗੁਰਦਿਆਲ ਸਿੰਘ ਇਸ ਤਰ੍ਹਾਂ ਕਰਦਾ ਹੈ। ਜੇ ਮਿੱਤਰ ਸੈਨ ਮੀਤ, ਗੁਰਦਿਆਲ ਸਿੰਘ ਤੋਂ ਵੱਖਰਾ ਹੈ ਤਾਂ ਇਹਦਾ ਮਤਲਬ ਹੈ, ਗੱਲ ਪ੍ਰੰਪਰਾ ਦੇ ਸੰਦਰਭ ਵਿੱਚ ਚਲ ਰਹੀ ਹੈ। ਗੱਲ ਅੱਗੇ ਤੁਰ ਰਹੀ ਹੈ। ਗੁਰਦਿਆਲ ਸਿੰਘ ਦਾ ਆਪਣਾ ਤਰੀਕਾ ਹੈ, ਮੀਤ ਦਾ ਆਪਣਾ ਤਰੀਕਾ ਹੈ ਦੋਹਾਂ ਦੇ ਇਕੋ ਤਰੀਕਾ ਹੋਣ ’ਤੇ ਕੋਈ ਪਾਬੰਦੀ ਨਹੀਂ ਹੈ। ਜਿੱਥੋਂ ਤੱਕ ਸਰਲਤਾ ਅਤੇ ਮਾਨਸਿਕ ਤੀਬਰਤਾ ਦੀ ਗੱਲ ਹੈ, ਉਸ ਦਾ ਬਹੁਤ ਜ਼ਿਕਰ ਕਰਨ ਦੀ ਲੋੜ ਨਹੀਂ। ਜਿਥੋਂ ਤੱਕ ਨਾਵਲ ਵਿੱਚ ਨਾਇਕ, ਖਲਨਾਇਕ ਦੀ ਗੱਲ ਹੈ, ਇਹ ਨਾਨਕ ਸਿੰਘ ਤੇ ਕੰਵਲ ਵੇਲੇ ਦੀਆਂ ਗੱਲਾਂ ਹਨ। ਹੁਣ ਨਾਇਕ-ਖਲਨਾਇਕ ਦਾ ਮਸਲਾ ਨਹੀਂ ਰਹਿ ਗਿਆ ਅਤੇ ਨਾਵਲ ਵਿੱਚ ਪ੍ਰਤੀ ਨਾਇਕ ਦੀ ਗੱਲ ਕਰੀਏ ਤਾਂ ਸਵਾਲ ਉੱਠਦਾ ਹੈ ਕਿ ਪ੍ਰਤੀਨਾਇਕ ਕੌਣ ਹੁੰਦਾ ਹੈ? ਪ੍ਰਤੀਨਾਇਕ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਨਾਇਕ ਦਾ ਵਿਰੋਧੀ ਹੁੰਦਾ ਹੈ। ਐਂਟੀ ਹੀਰੋ ਦਾ ਮਤਲਬ ਇਹ ਨਹੀਂ ਕਿ ਉਹ ਹੀਰੋ ਦਾ ਦੁਸ਼ਮਣ ਹੈ। ਐਂਟੀ ਹੀਰੋ ਦਾ ਮਤਲਬ ਹੈ, ਇੱਕ ਅਜਿਹਾ ਪ੍ਰਿੰਸੀਪਲ ਪਾਤਰ, ਜਿਹੜਾ ਹੀਰੋ ਦੇ ਸਮਰੂਪ ਤੋਂ ਭਿੰਨ ਹੈ। ਐਂਟੀ ਹੀਰੋ ਦੀ ਖ਼ੂਬੀ ਇਹ ਹੁੰਦੀ ਹੈ ਕਿ ਵਿਅਕਤੀ ਤੇ ਵਾਤਾਵਰਣ ਦੇ ਦਰਮਿਆਨ ਜਿਹੜੀ ਟੈਂਸ਼ਨ ਰਹਿੰਦੀ ਹੈ, ਇਸ ਦੇ ਵਿੱਚ ਉਹ ਜਿਸ ਚੀਜ਼ ਨੂੰ ਬੁਰਾਈ ਦੇ ਰੂਪ ਵਿਚ ਵੇਖਦਾ ਹੈ, ਉਸਦਾ ਵਿਰੋਧ ਕਰਦਾ ਹੈ। ਵਿਰੋਧ ਕਰਦਾ ਹੋਇਆ ਅਕਸਰ ਉਹ ਮਾਰਿਆ ਜਾਂਦਾ ਹੈ। ਜਿਵੇਂ ਗੁਰਦਿਆਲ ਦੇ ਨਾਵਲਾਂ ਵਿੱਚ ਜਗਸੀਰ ਮਾਰਿਆ ਜਾਂਦਾ ਹੈ। ਬਿਸ਼ਨਾ, ਮੋਦਨ ਆਦਿ ਮਾਰੇ ਜਾਂਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਨਿਰਾਸ਼ਵਾਦੀ ਗੱਲ ਹੈ। ਇਸਦਾ ਮਤਲਬ ਸਿਰਫ਼ ਇਹ ਹੈ ਕਿ ਬੁਰਾਈ ਏਨੀ ਤਕੜੀ ਹੈ ਕਿ ਜੇ ਉਹਦੇ ਖਿਲਾਫ਼ ਲੜਨਾ ਹੈ ਤਾਂ ਮਰਨ ਲਈ ਤਿਆਰ ਰਹੋ। ਇਹ ਛੋਟੀ ਮੋਟੀ ਗੱਲ ਨਹੀਂ ਹੈ। ਜਿਹੜਾ ਇਸ ਤਰ੍ਹਾਂ ਦਾ ਪਾਤਰ ਹੈ, ਉਸ ਨੂੰ ਐਂਟੀ ਹੀਰੋ ਕਹਿੰਦੇ ਹਨ। ਜਿਹੜਾ ਅਜਿਹੇ ਸੰਕਲਪ ਉੱਤੇ ਅਧਾਰਿਤ ਹੋਵੇ, ਉਸ ਨੂੰ ਐਂਟੀ-ਹਿਊਮੇਨਿਜ਼ਮ ਆਖਦੇ ਹਾਂ। ਇਹ ਪਾਤਰ ਜਦੋਂ ਮਾਰਿਆ ਜਾਂਦਾ ਹੈ ਤਾਂ ਉਸ ਦੀ ਮੌਤ ਨੂੰ ਟਰੈਜਿਕ -ਹਿਊਮੇਨਿਜ਼ਮ ਆਖਦੇ ਹਾਂ। ਤੀਜਾ ਨਾਮ ਉਸਦੇ ਲਈ ਹੈ “ਐਬਸਰਡਿਟੀ” ਹੈ ਕਿ ਜ਼ਿੰਦਗੀ ਦੀ ਐਬਰਸਰਡਿਟੀ ਦੇਖੋ ਕਿ ਸੱਚ ਲਈ ਲੜਨ ਵਾਲਾ ਬੰਦਾ ਤਾਂ ਮਾਰਿਆ ਜਾਂਦਾ ਹੈ। ਝੂਠਾ ਬੰਦਾ ਮੌਜਾਂ ਕਰਦਾ ਹੈ। ਇਸ ਨੂੰ ਜ਼ਿੰਦਗੀ ਦੀ ਐਬਰਸਰਡਿਟੀ ਕਹਿੰਦੇ ਹਨ। ਇਹਨਾਂ ਸਾਰੀਆਂ ਵਿਧੀਆਂ, ਗੱਲਾਂ ਨੂੰ ਲੈ ਕੇ ਲੇਖਕ ਨਾਵਲ ਵਿੱਚ ਡਾਕੂਮੈਂਟੇਸ਼ਨ ਕਰਦਾ ਹੈ, ਇਸ ਨਾਵਲ ਦੇ ਵਿੱਚ ਡਾਕੂਮੈਂਟੇਸ਼ਨ ਦਾ ਅਰਥ ਸਮਕਾਲੀ ਇਤਿਹਾਸ ਹੈ। ਲੇਖਕ ਉਸ ਇਤਿਹਾਸ ਨੂੰ ਰਿਕਾਰਡ ਉੱਤੇ ਲਿਆਉਂਦਾ ਹੈ ਪਰ ਅਸੀਂ ਗੱਲਾਂ ਕਰਕੇ ਚੁੱਪ ਕਰ ਜਾਂਦੇ ਹਾਂ। ਇਹ ਡਾਕੂਮੈਂਟੇਸ਼ਨ ਸਿਰ ਇਸ ਤਰ੍ਹਾਂ ਦੀ ਨਹੀਂ ਹੈ ਕਿ ਲੇਖਕ ਨੇ ਗੱਲ ਦੱਸ ਦਿੱਤੀ। ਪ੍ਰੇਮ ਪ੍ਰਕਾਸ਼ ਨੇ ਮੈਨੂੰ ਦੱਸਿਆ ਕਿ “ਮੈਂ ਆਪਣੀਆਂ ਕਹਾਣੀਆਂ ਦਾ ਹੁਲੀਆ ਬਿਆਨ ਨਹੀਂ ਕਰਦਾ। ਮੈਂ ਪਾਤਰ ਦੀ ਗੱਲ ਲਿਖਦਾ ਹਾਂ। ਉਸ ਦਾ ਐਕਸ਼ਨ ਲਿਖਦਾ ਹਾਂ। ਮੈਂ ਉਨ੍ਹਾਂ ਦਾ ਹੁਲੀਆ ਬਿਆਨ ਨਹੀਂ ਕਰਦਾ।” ਹੁਲੀਆ ਬਿਆਨ ਕਰਨ ਦੀ ਲੋੜ ਵੀ ਨਹੀਂ ਹੁੰਦੀ। ਉਸ ਦੀ ਗੱਲ ਦੱਸੋ ਕਿ ਕਿਹੜੇ ਇਲਾਕੇ ਦਾ ਹਾਂ। ਕਿੱਥੋਂ ਦਾ ਹੈ, ਕਿਸ ਵਕਤ ਦਾ ਹੈ। ਇਹੋ ਗੱਲ ਜ਼ਰੂਰੀ ਹੁੰਦੀ ਹੈ। ਇਹ ਦੱਸਣਾ ਕਿ ਕਾਮਰੇਡ ਸੁਰਜੀਤ ਵਰਗੇ ਚਿੱਟੇ ਕੱਪੜੇ ਪਾਏ ਹੋਏ ਸੀ। ਐਹੋ ਜਿਹੀ ਪੱਗ ਬੰਨ੍ਹੀ ਹੋਈ ਸੀ। ਇਹ ਤਾਂ ਬੇਕਾਰ ਹੈ।

ਇਹਦੀ ਕੋਈ ਜ਼ਰੂਰਤ ਨਹੀਂ ਹੈ। ਲੇਖਕ ਡਾਕੂਮੈਂਟੇਸ਼ਨ ਕਰਦਾ ਹੋਇਆ, ਇਕ ਨਿਰੰਤਰ ਬਿਰਤਾਂਤ ਬਣਾਉਂਦਾ ਹੈ। ਮੈਂ ਬਹੁਤ ਜਜ਼ਬਾਤੀ ਆਦਮੀ ਵੀ ਹਾਂ ਅਤੇ ਬਹੁਤ ਸਿਰੜੀ ਆਦਮੀ ਵੀ ਹੈ। 'ਕੌਰਵ ਸਭਾ' ਪਹਿਲਾ ਨਾਵਲ ਹੈ ਜੋ ਮੈਂ ਤਕਰੀਬਨ 16 ਘੰਟੇ ਹਰ ਰੋਜ਼ ਦੇ ਲਗਾ ਕੇ ਪੜ੍ਹਿਆ ਹੈ। ਕਿਉਂਕਿ ਇਹ ਬੜਾ ਹੀ ਗਰਿਪਿੰਗ ਨਾਵਲ ਹੈ। ਕੋਈ ਨਾਵਲ ਗਰਿਪਿੰਗ ਨਹੀਂ ਬਣਦਾ ਜੇ ਸਿਰਫ਼ ਤੁਸੀਂ ਵੇਰਵੇ ਦੱਸੀ ਜਾਓ। ਨਾਵਲ ਗਰਿਪਿੰਗ ਬਣਦਾ ਹੈ, ਬਿਰਤਾਂਤ ਦੇ ਨਾਲ ਤੇ ਬਿਰਤਾਂਤ ਦੇ ਵਿੱਚ ਵਰਣਨ ਪਾਤਰਾਂ ਦੇ ਨਾਲ ਅਪਣੱਤ ਭਾਵ ਜਗਾ ਕੇ। ਅਸੀਂ ਸੋਚਦੇ ਹਾਂ ਕਿ ਗੱਲ ਕਿਵੇਂ ਵਾਪਰੇਗੀ? ਇਹ ਕਿਵੇਂ ਹੋਏਗਾ? ਉਹ ਹੋ ਜਾਏਗਾ, ਅਸੀਂ ਬੜੇ ਖ਼ੁਸ਼ ਹੁੰਦੇ ਹਾਂ, ਜਦੋਂ ਆਪਣੀ ਕਾਰਵਾਈ ਬਘੇਲ ਸਿੰਘ ਆਰੰਭਦਾ ਹੈ। ਫੇਰ ਸੌ ਘੜੇ ਸ਼ਾਂਤ ਸਿਰ ਉੱਤੇ ਪਾਣੀ ਦੇ ਪੈ ਜਾਂਦੇ ਹਨ। ਜਦੋਂ ਬਘੇਲ ਸਿੰਘ ਚਾਲ ਲੱਖ ਰੁਪਏ ਲਪੇਟ ਕੇ ਲੈ ਜਾਂਦਾ ਹੈ। ਉਹ ਲਪੇਟਦਾ ਕਿਸ ਦੇ ਕੋਲੋਂ ਹੈ? ਉਸ ਦਾ ਵੀ ਪਤਾ ਸਾਨੂੰ ਨਾਵਲ ਵਿੱਚੋਂ ਸਾਫ਼ ਜ਼ਾਹਿਰ ਹੈ। 'ਕਾਕਾ ਜੀ' ਦਾ ਜ਼ਿਕਰ ਆਉਂਦਾ ਹੈ। 'ਬੀਬੀ ਜੀ' ਦਾ ਜ਼ਿਕਰ ਆਉਂਦਾ ਹੈ। ਜੱਥੇਦਾਰ ਦਾ ਜ਼ਿਕਰ ਆਉਂਦਾ ਹੈ। ਇਹ ਕਾਕਾ ਜੀ ਕੌਣ ਹਨ, ਇਹ ਬੀਬੀ ਜੀ ਕੌਣ ਹਨ। ਜੱਥੇਦਾਰ ਕੌਣ ਹੈ? ਇਹ ਸਾਰੇ ਜਾਣੇ ਪਛਾਣੇ ਕਿਰਦਾਰ ਹਨ। ਇਹ ਜਿਉਂਦੇ ਹਨ, ਅੱਜ ਸਾਡੇ ਆਲੇ ਦੁਆਲੇ ਫਿਰਦੇ ਹਨ। ਅਸੀਂ ਇਹਨਾਂ ਨੂੰ ਪਹਿਚਾਣ ਸਕਦੇ ਹਾਂ। ਉਹਨਾਂ ਦੁਆਲੇ ਜਿਹੜਾ ਪਾਤਰ ਉਸਾਰਿਆ ਗਿਆ ਹੈ ਜਿਹੜੀ ਡਾਕੂਮੈਂਟੇਸ਼ਨ ਕੀਤੀ ਹੈ, ਉਸ ਦਾ ਵਿਆਪਕ ਪਾਤਰੀਕਰਨ ਹੋਇਆ ਹੈ। ਡੌਰਥੀ ਵਾਲ ਗੈਨਟੈਕ ਲੇਡੀ ਆਲੋਚਕਾ ਹੈ। ਉਹ ਕਹਿੰਦੀ ਹੈ ਕਿ ਭਾਵੇਂ ਨਾਵਲ ਦਾ ਕੰਮ ਹੁੰਦਾ ਹੈ– ਪਾਤਰਾਂ ਨੂੰ ਇੰਡੀਵਿਜ਼ੂਅਲ ਈਜ਼ੇਡ ਰੂਪ 'ਚ ਪੇਸ਼ ਕਰਨਾ, ਇਸ ਦਾ ਅਰਥ ਹੈ ਉਹ 'ਕੱਲੇ ਬੰਦੇ ਵੀ ਲੱਗਣ, ਆਪਣੇ ਕਲਚਰਲ ਦੇ ਪ੍ਰਤੀਨਿਧ ਵੀ ਹੋਣ, ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨਾਵਲ ਵਿਚ ਬਿਰਤਾਂਤ ਦੇ ਰਾਹੀਂ ਗਾਲਪਿਕ ਬਿੰਬ ਚਿਤਰੇ ਜਾਣ 'ਤੇ ਸਾਨੂੰ ਜੋ ਸਮਝ ਆਏਗੀ ਉਹਨੇ ਗਾਲਪਿਕ ਚਿੱਤਰ ਦੇ ਰਾਹੀਂ ਸਮਝ ਆਉਣਾ ਹੈ। ਜੇ ਗਰਿਪ ਕਰਨਾ ਹੈ ਤਾਂ ਗਾਲਪਨਿਕ ਵਰਣਨ ਦੇ ਰਾਹੀਂ ਗਰਿਪ ਕਰਨਾ ਹੈ ਜਿਸਨੂੰ ਇਹ ਨਾਵਲ ਗਰਿਪ ਨਹੀਂ ਕਰਦਾ ਜਾਂ ਨਹੀਂ ਕੀਤਾ। ਮੈਂ ਉਸ ਦੇ ਨਾਲ ਇਹ ਮਸਲਾ ਵਿਚਾਰਨਾ ਚਾਹੁੰਦਾ ਹੈ ਤਾਂ ਇਸਦਾ ਮਤਲਬ ਇਹ ਸਬੂਤ ਹੈ ਕਿ ਨਾਵਲ ਦੇ ਵਿੱਚ ਜਿਹੜੇ ਫਿਨਸ਼ਨਲ ਇਮੇਜਜ ਹਨ। ਉਹ ਰਾਵੀ ਹਨ। ਨਾਵਲ ਸਿਰਫ਼ ਬਿਰਤਾਂਤ ਨਹੀਂ ਹੈ। ਫੋਕੀ ਡਾਕੂਮੈਂਟੇਸ਼ਨ ਨਹੀਂ ਹੈ, ਭਾਵੇਂ ਇਹ ਫਿਕਸ਼ਨਲ ਇਮੇਜਜ ਦੇ ਵਿੱਚ ਪਾਤਰਾਂ ਦੇ ਪਹਿਰਾਵੇ ਜਾਂ ਜ਼ਰੂਰੀ ਤੌਰ 'ਤੇ ਉਹ ਨਾਮ ਨਹੀਂ ਦਿੱਤਾ ਹੁੰਦਾ। ਹੁਣ ਜਦੋਂ ਬਿਰਤਾਂਤ ਨੇ ਬਣਨਾ ਹੈ ਤਾਂ ਕਿੱਦਾ ਬਣਨਾ ਹੈ? ਇਹ ਇਸ ਤਰ੍ਹਾਂ ਬਣਨਾ ਹੈ ਕਿ ਕੋਈ ਵੀ ਬਾਮਾਇਨੀ ਸ਼ਬਦ ਬੇਮਾਅਨੀ ਨਾ ਹੋਵੇ। ਬੇਮਾਅਨੀ ਦਾ ਵੀ ਨੈਰੇਟਿਵ ਹੁੰਦਾ ਹੈ। ਜਿਹੜਾ ਪਾਗਲ ਆਦਮੀ ਹੁੰਦਾ ਹੈ, ਉਹ ਜੇ ਕੋਈ ਲਫ਼ਜ ਬੋਲਦਾ ਹੈ ਤਾਂ ਉਹਦੇ ਪਿੱਛੇ ਕੋਈ ਨਾ ਕੋਈ ਉਸ ਦੀ ਮਾਨਸਿਕਤਾ ਜਾਂ ਡਿਸਟੋਰਡ ਸਾਈਕਾਲੋਜੀ ਕੰਮ ਕਰਦੀ ਹੁੰਦੀ ਹੈ। ਉਹਦੀ ਵੀ ਕੋਈ ਕਹਾਣੀ ਹੁੰਦੀ ਹੈ। (Every Meaningful word that you utter is a narrative and every meaningful word that enter history is narrative) ਉਹ ਬਿਰਤਾਂਤ ਹੈ। ਆਪਣੇ ਆਪ ਵਿੱਚ ਕਹਾਣੀ ਹੈ। ਉਹ ਭਾਵੇਂ ਇੱਕ ਲਫ਼ਜ ਹੋਵੇ। ਤੁਸੀਂ ਮੇਰੇ ਨਾਲ ਗੱਲ ਕਰੋ। ਤਾਂ ਮੈਂ ਕਹਿ ਦਿਆਂ "ਹੂੰ"। ਮੇਰੀ 'ਹੂੰ' ਬਿਰਤਾਂਤ ਹੈ। ਜੋ ਇਸ ਦੇ ਵਿੱਚ ਇਮੇਜਜ ਬਣਦੇ ਹਨ। ਸ਼ਬਦ

ਆਉਂਦੇ ਹਨ। ਟਰੇਜਜ ਆਉਂਦੀਆਂ ਹਨ। ਉਹ ਭਾਵੇਂ ਕਥਾ, ਭਾਵੇਂ ਦ੍ਰਿਸ਼ ਹੈ ਜੋ ਵੀ ਹੈ ਉਹ ਪਾਤਰ ਉਸਾਰਦੀਆਂ ਹਨ। ਅਤੇ ਇਨ੍ਹਾਂ ਪਾਤਰਾਂ ਦੀ ਖ਼ੂਬੀ ਇਹ ਹੁੰਦੀ ਹੈ ਕਿ ਨਾਵਲ ਦੇ ਵਿੱਚ ਸਪਸ਼ਟ ਸਬੂਤ ਹੈ। ਮੈਨੂੰ ਦੱਸਣ ਦੀ ਲੋੜ ਨਹੀਂ, ਉਨ੍ਹਾਂ ਦੀ ਖ਼ੂਬੀ ਉਹ ਹੈ ਜਿਹੜੀ ਜਾਰਜ ਲੂਕਾਚ ਨੇ ਆਖੀ ਸੀ। ਜਾਰਜ ਲੂਕਾਚ ਦਾ ਬੜਾ ਪ੍ਰਸਿੱਧ ਲੇਖ ਹੈ ਜਿਹਦੇ ਵਿੱਚ ਉਹ ਕਹਿੰਦਾ ਹੈ ਕਿ ਜਿਹੜਾ ਇਕ ਬਿਰਤਾਂਤ ਹੈ, ਖ਼ਾਸ ਕਰਕੇ ਨਾਵਲ ਹੈ। ਨਿੱਕੀ ਕਹਾਣੀ ਹੈ, ਉਸ ਦੀ ਖ਼ੂਬੀ ਇਹ ਹੋਣੀ ਚਾਹੀਦੀ ਹੈ ਕਿ ਉਹਦੇ ਵਿੱਚ ਪਾਤਰਾਂ ਦੀ ਇੱਕ ਪੌੜੀ ਬਣੇ। ਸਭ ਤੋਂ ਹੇਠਲੀ ਪੌੜੀ ਉੱਤੇ ਸਭ ਤੋਂ ਨਲੈਕ ਆਦਮੀ, ਸਭ ਤੋਂ ਉਪਰਲੀ ਪੌੜੀ ਉੱਤੇ ਸਭ ਤੋਂ ਲਾਇਕ ਆਦਮੀ ਵਿਚਕਾਰ ਆਪਣੀ-ਆਪਣੀ ਬੁੱਧ ਅਨੁਸਾਰ, ਰੋਲ ਅਨੁਸਾਰ ਬਾਕੀ ਪਾਤਰ ਆਉਣਗੇ। ਇਹ ਜਿਹੜੀ ਪੌੜੀ ਬਣੇਗੀ ਇਸ ਨੂੰ ਉਹ ਕਹਿੰਦਾ "ਹਾਇਰਾਰਕੀ ਆਫ਼ ਕਰੈਕਟਸ" ਏਸ ਨਾਵਲ ਦੇ ਵਿਚ ਤੁਸੀਂ ਦੇਖੋਗੇ ਕਿ ਗੱਲ ਭਾਵੇਂ ਰਾਮਨਾਥ ਤੋਂ ਸ਼ੁਰੂ ਹੁੰਦੀ ਹੈ। ਭਾਵੇਂ ਥਾਣੇ ਦੇ ਕਿਸੇ ਸੰਤਰੀ ਤੋਂ ਜਾਂ ਕਿਸੇ ਅਟਾਰਨੀ ਤੋਂ ਜਾਂ ਜਿੱਥੋਂ ਮਰਜ਼ੀ ਸ਼ੁਰੂ ਹੁੰਦੀ ਹੈ, ਉਸ ਦੀ ਕਹਾਣੀ ਵਿੱਚ ਪਾਤਰ ਹਨ। ਜਿਹੜੇ ਜਿਵੇਂ ਤੁਸੀਂ ਉਤਾਂਹ ਨੂੰ ਜਾਂਦੇ ਹੋ, ਉਹ ਮੁੱਖ ਮੰਤਰੀ ਤੱਕ ਪਹੁੰਚ ਜਾਂਦੇ ਹਨ। ਇਸ ਵਿੱਚ ਇੱਕ ਐਮ. ਪੀ. ਵੀ ਹੈ, ਜਿਹੜਾ ਬਾਅਦ ਵਿੱਚ ਭਾਵੇਂ ਬਿਰਤਾਂਤ ਵਿੱਚੋਂ ਖ਼ਾਰਜ ਹੋ ਜਾਂਦਾ ਹੈ। ਉਹ ਸਾਰੇ ਪਾਤਰ ਹਨ। ਜਿਹੜੇ ਸਾਡੀ ਵਰਤਮਾਨ ਸਮਾਜਿਕ-ਰਾਜਨੀਤਿਕ ਸਥਿਤੀ ਵਿੱਚ ਹੈ। ਜੀਹਦੇ ਵਿੱਚ ਅਸੀਂ ਰਹਿੰਦੇ ਹਾਂ। ਇਹ ਸਮਾਜਿਕ ਰਾਜਨੀਤਿਕ ਸਥਿਤੀ ਬਹੁ-ਦਿਸ਼ਾਵੀ ਹੈ। ਇਸ ਦੀਆਂ ਜਟਿਲਤਾਵਾਂ ਹਨ। ਗੁੰਝਲਾਂ ਹਨ। ਇਨ੍ਹਾਂ ਜਟਿਲਤਾਵਾਂ ਨੂੰ, ਗੁੰਝਲਾਂ ਨੂੰ ਦਰਸਾਉਣ ਵਾਲੇ ਹਨ, ਦਿਖਾਉਣ ਵਾਲੇ ਹਨ, ਦਿਖਾਉਂਦੇ ਵੀ ਹਨ, ਦਰਸਾਉਂਦੇ ਵੀ ਹਨ। ਭਾਵ ਇਹ ਕਿ ਜਦੋਂ ਮਹਾਂਭਾਰਤ ਅਸੀਂ ਸ਼ੁਰੂ ਕਰਦੇ ਹਾਂ ਤਾਂ ਮਹਾਂਭਾਰਤ ਦੇ ਵਿੱਚ ਸ਼ੁਰੂ ਵਿੱਚ ਇੱਕ ਕਹਾਣੀ ਆਉਂਦੀ ਹੈ। ਉਹ ਕਹਾਣੀ ਇਸ ਤਰ੍ਹਾਂ ਹੈ ਕਿ ਵਿਆਸ ਰਿਸ਼ੀ ਬਰਮਾ ਕੋਲ ਗਿਆ ਤੇ ਬਰਮਾ ਨੂੰ ਕਹਿੰਦਾ, "ਮੈਂ ਇੱਕ ਸਿਰਜਣਾਤਮਕ ਰਚਨਾ ਕੀਤੀ ਹੈ ਤੇ ਇਸ ਰਚਨਾ ਨੂੰ ਮੈਂ ਲਿਖਤੀ ਰੂਪ ਵਿਚ ਲਿਆਉਣਾ ਚਾਹੁੰਦਾ ਹਾਂ। ਇਸ ਨੂੰ ਲਿਖਤੀ ਰੂਪ ਵਿਚ ਲਿਆਉਣ ਲਈ ਮੇਰੀ ਮੱਦਦ ਕਰੋ।" ਬਰਮਾ ਉਸ ਨੂੰ ਕਹਿੰਦਾ, "ਤੂੰ ਬ੍ਰਹਸਪਤੀ ਕੋਲ ਜਾ।" ਉਹ ਬ੍ਰਹਸਪਤੀ ਕੋਲ ਚਲਿਆ ਜਾਂਦਾ ਹੈ। ਬ੍ਰਹਸਪਤੀ ਮੰਨ ਗਿਆ ਕਿ ਮੈਂ ਤੇਰੀ ਲਿਖਣ ਵਿੱਚ ਮੱਦਦ ਕਰਾਂਗਾ। ਵਿਆਸ ਕਹਿੰਦਾ, "ਮੈਂ ਬੋਲੀ ਜਾਂਦਾ, ਤੁਸੀਂ ਲਿਖੀ ਜਾਓ।" ਬ੍ਰਹਸਪਤੀ ਕਹਿੰਦਾ ਲੇਕਿਨ ਮੇਰੀ ਇੱਕ ਸ਼ਰਤ ਹੈ ਕਿ ਤੂੰ ਬੋਲੀ ਜਾਣਾ ਹੈ, ਮੈਂ ਲਿਖੀ ਜਾਣਾ ਹੈ। ਮੈਂ ਰੁਕਣਾ ਨਹੀਂ ਹੈ। ਵਿਆਸ; ਰਿਸ਼ੀ ਉਸ ਨੂੰ ਕਹਿੰਦਾ ਇਹ ਸ਼ਰਤ ਮੈਨੂੰ ਮਨਜ਼ੂਰ ਹੈ ਪਰ ਨਾਲ ਮੇਰੀ ਵੀ ਇੱਕ ਸ਼ਰਤ ਹੈ। ਤੂੰ ਓਨਾ ਚਿਰ ਲਿਖਣਾ ਨਹੀਂ, ਜਿੰਨਾ ਚਿਰ ਤੈਨੂੰ ਗੱਲ ਸਮਝ ਨਾ ਆਏ। ਬ੍ਰਹਸਪਤੀ ਕਹਿੰਦਾ ਹੈ ਠੀਕ ਹੈ। ਮੈਂ ਓਨਾ ਚਿਰ ਨਹੀਂ ਲਿਖਦਾ ਜਿੰਨਾ ਚਿਰ ਗੱਲ ਸਮਝ ਨਹੀਂ ਆਉਂਦੀ। ਲਿਖਣਾ ਸ਼ੁਰੂ ਕਰ ਦਿੱਤਾ ਗਿਆ। ਵਿਆਸ ਰਿਸ਼ੀ ਨੇ ਇੱਕ ਚਲਾਕੀ ਕੀਤੀ ਕਿ ਵਿਚੋਂ-ਵਿਚੋਂ ਔਖੇ ਪੈਰ੍ਹੇ ਲਿਖਾ ਦੇਵੇ। ਉਹ ਬ੍ਰਹਸਪਤੀ ਨੂੰ ਸਮਝ ਨਾ ਆਉਣ। ਉਸ ਦੌਰਾਨ ਉਹ ਅਗਲੀ ਗੱਲ ਸੋਚ ਲਵੇ ਤੇ ਫੇਰ ਅੱਗੇ ਕਹਾਣੀ ਚਲਾ ਦੇਵੇ। ਇਉਂ ਮਹਾਂਭਾਰਤ ਲਿਖਤੀ ਰੂਪ ਵਿਚ ਲਿਆਂਦੀ ਗਈ। ਹੁਣ ਜਿਹੜੀ ਕਹਾਣੀ ਹੈ, ਇਸ ਕਹਾਣੀ ਵਿੱਚ ਵੀ ਬਹੁਤ ਕੁਝ ਅਜਿਹਾ ਹੈ ਜਿਹੜਾ ਪਾਠਕ ਨੂੰ ਸਮਝ ਨਹੀਂ ਆਏਗਾ, ਰੁਕਣਾ ਪਵੇਗਾ। ਰੁਕ ਕੇ ਸੋਚਣਾ ਪਵੇਗਾ। ਤਾਂ ਕਹਾਣੀ ਅੱਗੇ ਚੱਲੇਗੀ, ਨਹੀਂ ਤਾਂ ਕਹਾਣੀ ਨੇ ਅੱਗੇ ਨਹੀਂ ਚੱਲਣਾ। ਲੇਕਿਨ

ਜਿਸ ਰੂਪ ਵਿਚ ਇਹ ਨਾਵਲ ਹੈ, ਇਹ ਨਾਵਲ ਸਿਰਫ਼ ਮਹਾਂਭਾਰਤ ਦੇ ਪੈਟਰਨ ਦੀ ਨਕਲ ਨਹੀਂ ਹੈ। ਕਿਉਂਕਿ ਮਹਾਂਭਾਰਤ ਦੇ ਵਿੱਚ ਅਖ਼ੀਰ ਉੱਪਰ ਪਾਂਡਵ ਜਿੱਤ ਜਾਂਦੇ ਹਨ। ਜਿੱਤ ਕੇ ਉਹ ਪਹਾੜਾਂ ਨੂੰ ਨਿਕਲ ਜਾਂਦੇ ਹਨ। ਉਨ੍ਹਾਂ ਨੂੰ ਲੱਗਦਾ ਕਿ ਏਨੀ ਤਬਾਹੀ ਕਿਸ ਗੱਲ ਲਈ? ਉਹ ਪਸ਼ਚਾਤਾਪ ਕਰਨ ਲੱਗਦੇ ਹਨ। ਉਸ ਪਸ਼ਚਾਤਾਪ ਦੇ ਲਈ ਜੋ ਕੁਝ ਜਿੱਤਿਆ ਉਹ ਸਾਰਾ ਕੁੱਝ ਉਨ੍ਹਾਂ ਨੂੰ ਬੇਕਾਰ ਨਜ਼ਰ ਆਉਂਦਾ ਹੈ। ਉਹ ਪਹਾੜਾਂ ਨੂੰ ਨਿਕਲ ਜਾਂਦੇ ਹਨ। ਲੇਕਿਨ ਇਸ ਏਸ ਕਹਾਣੀ ਦੇ ਵਿੱਚ ਜਿਹੜੇ ਪਾਂਡਵ ਧਿਰ ਦੇ ਪਾਤਰ ਆਖੇ ਜਾ ਸਕਦੇ ਹਨ ਜਾਂ ਜਿਹੜਾਂ ਦੀ ਪਛਾਣ ਕੀਤੀ ਜਾ ਸਕਦੀ ਹੋਵੇ। ਦਿਲਚਸਪ ਗੱਲ ਹੈ ਕਿ ਮਹਾਂਭਾਰਤ ਦਾ ਮਾਡਲ ਲੈ ਲਿਆ ਹੈ ਪ੍ਰੰਤੂ ਸਾਰੀ ਕਹਾਣੀ ਵਿੱਚੋਂ ਕ੍ਰਿਸ਼ਨ ਗਾਇਬ ਹੈ। ਇਹ ਜਿਹੜਾ ਕ੍ਰਿਸ਼ਨ ਗਾਇਬ ਹੈ, ਉਸ ਦੇ ਵਿਚੋਂ ਇੱਕੋ ਚੀਜ਼ ਹੋਰ ਗਾਇਬ ਹੈ, ਉਹ ਚੀਜ਼ ਇੰਟੈਲੀਜੈਸ਼ੀਆ ਵੀ ਤੇ ਇੱਕ ਪਲੋਟੀਕਲੀ ਆਈਡੀਆਲੋਜੀ ਹੈ? ਇਸ ਦੇ ਵਿੱਚ ਜੋ ਗੰਧਾਰੀ ਨੇ ਅੱਖਾਂ ’ਤੇ ਪੱਟੀ ਬੰਨੀ ਹੋਈ ਹੈ। ਇਹ ਕਿਸ ਨੇ ਬੰਨ੍ਹੀ ਹੈ? ਗੰਧਾਰੀ ਕੌਣ ਹੈ? ਇਹਦੇ ਵਿੱਚ ਇਹ ਗੱਲ ਗੁੰਝਲ ਵਾਲੀ ਹੈ ਜੋ ਸ਼ਰਤ ਵਿਆਸ ਰਿਸ਼ੀ ਨੇ ਰੱਖੀ ਕਿ ਜਿੰਨਾ ਚਿਰ ਸਮਝ ਨਾ ਆਵੇ, ਓਨਾ ਚਿਰ ਅੱਗੇ ਨਹੀਂ ਤੁਰਨਾ। ਇਹ ਜਿਹੜਾ ਇਹਦੇ ਵਿੱਚ ਤੱਤ ਵਸਤੂ ਹੈ ਇਸ ਨੂੰ ਗਲਪ ਦੀ ਜ਼ੁਬਾਨ ਵਿੱਚ ਅਮਿੱਥੀਕਰਨ ਜਾਂ ਮਿੱਥੀਕਰਨ ਕਹਿੰਦੇ ਹਾਂ। ਭਾਵ ਬਣੀ ਹੋਈ ਮਿੱਥ ਨੂੰ ਤੋੜਨਾ। ਨਾਵਲ ਦਾ ਅੱਜ ਕੰਮ ਪੁਰਾਣੀਆਂ ਬਣੀਆਂ ਹੋਈਆਂ ਮਿੱਥਾਂ ਨੂੰ ਤੋੜਨਾ ਹੈ। ਆਖ਼ਰੀ ਗੱਲ ਜਿਹੜੀ ਮੈਂ ਕਹਿਣੀ ਹੈ, ਉਹ ਗੱਲ ਇਹ ਹੈ ਕਿ ਰਾਮਨਾਥ ਜਿਹੜੀਆਂ ਗੱਲਾਂ ਆਪ ਕਰਦਾ ਰਿਹਾ ਹੈ ਜਦੋਂ ਉਹ ਗੱਲਾਂ ਉਸ ਦੀ ਭਾਣਜੀ ਨਾਲ ਵਾਪਰਦੀਆਂ ਹਨ, ਤਾਂ ਉਸ ਨੂੰ ਸਮਝ ਨਹੀਂ ਆਉਂਦੀ ਕਿ ਅਗਲਾ ਕੇਸ ਕਿਵੇਂ ਤਿਆਰ ਕਰੇ। ਹਰੀਸ਼ ਰਾਏ ਸੁਪਨਿਆਂ ਦੀਆਂ ਗੱਲਾਂ ਕਰੀ ਜਾਂਦਾ ਹੈ। ਅਸਲੀਅਤ ਪੱਥਰ ਉੱਤੇ ਉਹਦੇ ਕੋਲੋਂ ਗੱਲ ਨਹੀਂ ਹੁੰਦੀ। ਜਦੋਂ ਸਾਰ ਹਾਰ ਜਾਂਦੇ ਹਨ, ਤਾਂ ਉਹਨੂੰ ਅਸਲੀਅਤ ਪੱਧਰ ’ਤੇ ਗੱਲ ਸਮਝ ਨਹੀਂ ਆਉਂਦੀ। ਸੁਪਨਿਆਂ ਦੀਆਂ ਗੱਲਾਂ ਕਰਕੇ ਉਹ ਆਪਣਾ ਤੇ ਦੂਜਿਆਂ ਦਾ ਦਿਲ ਪਰਚਾਉਂਦਾ ਹੈ। ਇਸਲਾਮ ਵਿੱਚ ਇੱਕ ਮਿਥ ਹੈ ਕਿ ਜਦੋਂ ਰੱਬ ਨੇ ਆਦਮ ਨੂੰ ਬਣਾਇਆ ਸ਼ੈਤਾਨ ਨੇ ਉਸ ਨੂੰ ਵਰਗਲਾ ਲਿਆ ਤਾਂ ਰੱਬ ਨੇ ਸਜ਼ਾ ਵਜੋਂ ਆਦਮੀ ਨੂੰ ਸਵਰਗ ਵਿੱਚੋਂ ਕੱਢ ਕੇ ਜ਼ਮੀਨ ਉੱਤੇ ਸੁੱਟ ਦਿੱਤਾ। ਦੁੱਖ ਸਹਿਣ ਲਈ। ਪਰ ਨਾਲ ਸ਼ਰਤਾਂ ਰੱਖ ਦਿੱਤੀਆਂ। ਸ਼ੈਤਾਨ ਨੂੰ ਨਰਕ ਵਿੱਚ ਸੁੱਟਿਆ ਤੇ ਨਰਕ ਦਾ ਰਾਜ ਸੌਂਪ ਦਿੱਤਾ। ਉਸ ਨੂੰ ਬਾਹਰ ਨਿਕਲਣ ਦਾ ਕੋਈ ਅਧਿਕਾਰ ਨਹੀਂ। ਆਦਮੀ ਨੂੰ ਇਹ ਕਿਹਾ ਤੂੰ ਜੇ ਆਹ ਚੰਗੀਆਂ ਗੱਲਾਂ ਕਰੇਂਗਾ, ਤੈਨੂੰ ਮੁੜ ਕੇ ਸਵਰਗ ਮਿਲ ਸਕਦਾ ਹੈ। ਆਦਮੀ ਨੂੰ ਇਹ ਛੋਟ ਦੇ ਦਿੱਤੀ। ਹੁਣ ਸਵਰਗ ਲਈ ਆਦਮੀ ਸੰਘਰਸ਼ ਕਰਦਾ ਹੈ। ਇਸ ਨਾਵਲ ਵਿੱਚ ਕੁਝ ਪਾਤਰ ਖ਼ੁਦ ਗ਼ਲਤੀਆਂ ਕਰਦੇ ਰਹੇ ਹਨ। ਸੁਪਨਿਆਂ ਵਾਲਾ ਪਾਤਰ ਹਰੀਸ਼ ਰਾਏ ਖ਼ੁਦ ਕਰੋੜਪਤੀ ਹੈ। ਰਾਮਨਾਥ ਅਦਾਲਤ ਵਿਚ ਉਹ ਗੱਲਾਂ ਕਰਦਾ ਰਿਹਾ ਜੋ ਉਹਦੀ ਭਾਣਜੀ ਦੇ ਨਾਲ ਅਦਾਲਤ ਵਿੱਚ ਹੋਈਆਂ ਜਾ ਹੋਣੀਆਂ ਸਨ। ਰਾਮਨਾਥ ਨੂੰ ਗੱਲ ਸੁਝਣੀ ਬੰਦ ਹੋ ਜਾਂਦੀ ਹੈ। ਉਹ ਪਛਤਾਵੇ ਦੀ ਦੁਨੀਆਂ ’ਚ ਆ ਜਾਂਦਾ ਹੈ। ਪਰ ਹਰੀਸ਼ ਰਾਏ ਕਹਿੰਦਾ ਹੈ, “ਆਪਾਂ ਹਾਰੀਏ ਜਾਂ ਜਿੱਤੀਏ, ਆਪਾਂ ਆਪਣਾ ਸੰਘਰਸ਼ ਜਾਰੀ ਰੱਖਣਾ ਹੈ। ਸਾਨੂੰ ਇਹ ਪਤਾ ਹੈ ਕਿ ਇਹ ਸਟੇਟ ਬੜੀ ਤੱਕੜੀ ਹੈ ਪਰ ਅਸੀਂ ਆਪਣਾ ਸੰਘਰਸ਼ ਨਹੀਂ ਛੱਡਣਾ। ਉਸ ਨੂੰ ਜਾਰੀ ਰੱਖਣਾ ਹੈ।” ਨਾਵਲ ਇਸ ਸੁਰ ਉਪਰ ਸਮਾਪਤ ਹੋ ਜਾਂਦਾ ਹੈ। ਅਸੀਂ ਆਪਣਾ ਸੰਘਰਸ਼ ਜਾਰੀ

ਰੱਖਣਾ ਹੈ। ਹੁਣ ਇਹਦੇ ਵਿੱਚ ਪਾਠਕ ਦੇ ਲਈ ਇੱਕ ਸੁਝਾਅ ਪਿਆ ਹੋਇਆ ਹੈ ਅਤੇ ਇਹ ਮੀਤ ਨੇ ਆਪਣੇ ਢੰਗ ਨਾਲ ਦਿੱਤਾ ਹੈ। ਮੈਨੂੰ ਪੰਜਾਬੀ ਨਾਵਲ ਵਿੱਚ ਇਸਦੀ ਮਿਸਾਲ ਨਹੀਂ ਮਿਲਦੀ ਕਿ ਉਨ੍ਹਾਂ ਨੇ ਤਜਰਬੇ ਦੀ ਕੜਵਾਹਟ ਦੇ ਵਿੱਚੋਂ ਕੁਝ ਅਜਿਹਾ ਸਿੱਖਿਆ, ਜਿਸਨੂੰ ਅਸੀਂ ਪ੍ਰਤੀ ਮਾਨਵਵਾਦ ਜਾਂ ਦੁਖਾਂਤ ਮਾਨਵਵਾਦ ਕਹਿੰਦੇ ਹਾਂ। ਇਸ ਦਾ ਅਰਥ ਇਹ ਹੈ ਕਿ ਅਸੀਂ ਜੋ ਕੁਝ ਅਸਲ ਵਿੱਚ ਕਰਦੇ ਹਾਂ ਇਹ ਹੈ ਤਾਂ ਸਿਰਫ ਭਕਾਈ ਹੀ, ਜਿੱਤਣਾ ਤਾਂ ਅਸੀਂ ਹੈ ਨਹੀਂ। ਇਹ ਫ਼ਲਸਫ਼ਾ ਮਾਰਕਸਿਜ਼ਮ ਨਾਲੋਂ ਸ਼ਾਇਦ ਥੋੜ੍ਹਾ ਜਿਹਾ ਵੱਖਰਾ ਹੈ। ਆਦਮੀ ਨੂੰ ਸਵਰਗ ਮਿਲੇ ਜਾਂ ਨਾ ਮਿਲੇ। ਲੇਕਿਨ ਜਿਹੜੀਆਂ ਰੱਬ ਨੇ ਉਸ ਤੇ ਸ਼ਰਤਾਂ ਲਾਈਆਂ ਹਨ, ਸਵਰਗ ਦੀ ਵਾਪਸੀ ਦੇ ਲਈ, ਉਨ੍ਹਾਂ ਲਈ ਉਸ ਨੇ ਸੰਘਰਸ਼ ਕਰਨਾ ਹੈ। ਇਹ ਸੰਘਰਸ਼ ਕਰਨ ਆਦਮੀ ਦਾ ਗੌਰਵ ਹੈ। ਆਦਮੀ ਬਣਦਾ ਹੀ ਸੰਘਰਸ਼ ਨਾਲ ਹੈ ਤਾਂ ਜਿਹੜੀ ਭਕਾਈ ਅਸੀਂ ਕਰਦੇ ਪਏ ਹਾਂ, ਇਹ ਭਕਾਈ ਬੇਸੁਰੀ ਚੀਜ਼ ਨਹੀਂ, ਇਸਦੀ ਕੋਈ ਸੁਰ ਹੈ, ਨਾਵਲ ਇਸ ਸੁਰ 'ਤੇ ਮੁਕਦਾ ਹੈ।

# 3
# 'ਕੌਰਵ ਸਭਾ' ਦੀ ਸ਼ਿਲਪਕਾਰੀ

**ਜੋਗਿੰਦਰ ਸਿੰਘ ਰਾਹੀ**

ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਬਾਰੇ ਇਹ ਲੇਖ ਇਕ ਚਣੌਤੀ ਦੀ ਪੈਦਾਵਾਰ ਹੈ। ਇਹ ਚਣੌਤੀ ਕਿਧਰੋਂ ਦਿੱਤੀ ਨਹੀਂ ਗਈ, ਬਲਕਿ ਐਧਰੋਂ-ਉਧਰੋਂ ਬਿਖਰੇ ਹੋਏ ਤਿਨਕੇ ਇਕੱਠੇ ਕਰਕੇ ਜੋੜੀ ਗਈ ਹੈ। ਸ਼ੁਰੂ ਤੋਂ ਹੀ ਜਦੋਂ ਇਹ ਨਾਵਲ 2003 ਈ. ਵਿੱਚ ਛਪਿਆ ਤਾਂ ਲਗ-ਭਗ ਇਕ ਜ਼ਬਾਨ ਇਸ ਨੂੰ ਥੀਮ ਦੇ ਪੱਖ ਤੋਂ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਕ ਨਵੇਕਲੀ ਤੇ ਸ਼ਾਹਕਾਰ ਰਚਨਾ ਮੰਨਿਆ ਗਿਆ, ਸੁਤੰਤਰ ਭਾਰਤ ਵਿਚ ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਦੁਰਦਸ਼ਾ ਬਾਰੇ। ਜੇ ਕੁਝ ਸ਼ਿਕਾਇਤ ਹੋਈ ਤਾਂ ਬਸ ਏਨੀ ਕੁ ਕਿ ਇਹ ਨਾਵਲ ਕੁਝ ਗੱਲਾਂ, ਵਿੱਚ ਤਫ਼ਤੀਸ਼ ਤੇ ਕਟਹਿਰਾ ਦਾ ਦੁਹਰਾਓ ਹੈ। ਪਰ ਅਸੰਮਤੀ ਦੀ ਇਹ ਸੁਰ ਮੱਧਮ ਰਹੀ। ਇਸ ਨੂੰ ਜ਼ਿਆਦਾ ਹੁੰਗਾਰਾ ਨਹੀਂ ਮਿਲ ਸਕਿਆ। ਅਸਲ ਵਿੱਚ ਇਹ ਦੁਹਰਾਉ ਨਹੀਂ ਸੀ, ਤਫ਼ਤੀਸ਼ ਨਾਲ ਆਰੰਭ ਹੋਈ ਧਾਰਾ ਦਾ ਅਗਲਾ ਪੜਾਉ ਜਾਂ ਵਿਸਤਾਰ ਸੀ। 'ਦੁਹਰਾਉ' ਕਹਿ ਦੇਣਾ ਕਾਹਲੀ ਵਿੱਚ ਦਿੱਤੀ ਗਈ ਰਾਏ ਸੀ। ਰਾਏ ਆਲੋਚਨਾ ਦਾ ਪਰਿਆਇ ਨਹੀਂ ਹੁੰਦੀ। ਆਲੋਚਨਾ ਕਿਸੇ ਰਚਨਾ ਜਾਂ ਰਚਨਾਵਲੀ ਦੀ ਨਿਯਮਿਤ ਘੋਖ ਦੀ ਪ੍ਰਕ੍ਰਿਆ ਹੈ। ਘੋਖ ਜਾਂ ਵਿਸ਼ਲੇਸ਼ਣ ਦੀ ਪੱਧਰ ਉੱਤੇ ਕਿਸੇ ਵਿਦਵਾਨ ਨੇ ਇਸ ਨੂੰ ਦੁਹਰਾਉ ਸਿੱਧ ਨਹੀਂ ਕੀਤਾ। ਨਾਵਲ ਦੀ ਸ਼ਿਲਪਕਾਰੀ ਬਾਰੇ ਕੁਝ ਸੰਦੇਹਪੂਰਣ ਟਿੱਪਣੀਆਂ ਅਵੱਸ਼ ਹੋਈਆਂ। ਇਹ ਨਿਸ਼ਚਿਤ ਸਨ ਤੇ ਧਿਆਨ-ਯੋਗ ਵੀ। ਪਰ ਸਮੁੱਚੇ ਰੂਪ ਵਿੱਚ, ਇਨ੍ਹਾਂ ਦਾ ਸੁਭਾਅ ਖਿੰਡਰਵਾਂ ਰਿਹਾ।

ਪੰਜਾਬੀ ਸਾਹਿਤ ਆਲੋਚਨਾ ਵਿੱਚ ਸ਼ਿਲਪਕਾਰੀ ਬਾਰੇ ਅਜੇ ਤੱਕ ਨਿਯਮਿਤ ਘੋਖ ਦੀ ਪਰੰਪਰਾ ਨਹੀਂ ਹੈ। ਚਲਦੇ-ਚਲਦੇ ਗੱਲਾਂ ਹੋਈਆਂ ਹਨ, ਪਰ ਅਨੁਸ਼ਾਸਿਤ ਰੂਪ ਵਿਚ ਨਹੀਂ। ਇਹ ਪਰਚਾ ਇਸ ਰੁਚੀ ਨੂੰ ਅਨੁਸ਼ਾਸਿਤ ਬਣਾਉਣ ਦਾ ਪ੍ਰਯਤਨ ਹੈ। ਦੂਸਰੇ ਸ਼ਬਦਾਂ ਵਿੱਚ, ਇਹ ਸੰਵਾਦ ਹੈ, ਉਨ੍ਹਾਂ ਵਿਦਵਾਨ ਦੋਸਤਾਂ ਨਾਲ ਜਿੰਨ੍ਹਾਂ ਨੇ ਇਸ ਨਾਵਲ ਦੀ ਕਲਾ ਬਾਰੇ ਵਿਭਿੰਨ ਮੰਚਾਂ ਤੋਂ ਕੁਝ ਸੰਦੇਹ ਖੜੇ ਕੀਤੇ। ਇਸ ਪਰਚੇ ਦਾ ਦਸਤੂਰ ਇੰਨ੍ਹਾਂ ਸੰਦੇਹਾਂ ਨਾਲ ਨਿਪਟਦੇ ਹੋਏ, ਨਾਵਲਕਾਰੀ ਦੀਆਂ ਕੁਝ ਬੁਨਿਆਦੀ ਸਮੱਸਿਆਵਾਂ ਨਾਲ ਮੁਖ਼ਾਤਬ ਹੋਣਾ ਹੈ।

ਪ੍ਰਾਪਤ ਪ੍ਰਸੰਗ ਵਿੱਚ, ਸਾਡੇ ਸਾਂਹਵੇ ਪਹਿਲਾ ਮਸਲਾ ਇਹ ਹੈ ਕਿ ਜਿਸ ਚੀਜ਼ ਨੂੰ ਅਸੀਂ ਸ਼ਿਲਪਕਾਰੀ ਕਹਿੰਦੇ ਹਾਂ, ਉਹ ਆਖ਼ਰ ਹੈ ਕੀ ਚੀਜ਼? ਇਸਦਾ ਪ੍ਰਕਾਰਜ ਕੀ ਹੈ? ਤੇ ਕਿਵੇਂ ਇਹ ਪ੍ਰਕਾਰਜ ਲੇਖਕ ਵਲੋਂ ਚੰਗੇ-ਮੰਦੇ ਦਾ ਫ਼ਰਕ ਦਰਸਾਉਣ ਲਈ ਵਰਤੀਣਾ ਬਣਦਾ ਹੈ। ਨਾਵਲ ਆਧੁਨਿਕ ਗਲਪ-ਰੂਪ ਹੈ। ਇਸ ਨਾਤੇ ਇਸ ਦੀ ਸ਼ਿਲਪਕਾਰੀ ਦੀਆਂ ਕੁਝ ਖ਼ਾਸ ਬੁਨਿਆਦੀ ਮੰਗਾਂ ਹਨ। ਇਨ੍ਹਾਂ ਦੀ ਸਚੇਤਨਤਾ ਜ਼ਰੂਰੀ ਹੈ। ਜੇ ਇਹ ਸਚੇਤਨਤਾ ਨਹੀਂ ਤਾਂ ਨਾਵਲ, ਨਾਵਲ ਨਹੀਂ ਨਹੀਂ ਹੋਵੇਗਾ, ਹੋਰ ਜੋ ਮਰਜ਼ੀ ਹੋਵੇ। ਇਸਦੀ ਅਹਿਮੀਅਤ ਇਤਿਹਾਸਕ ਹੋ ਸਕਦੀ ਹੈ, ਨਾਵਲੀ ਨਹੀਂ।

ਪੁਰਾਣੇ ਗਲਪ-ਰੂਪਾਂ ਵਿਚ ਬਿਰਤਾਂਤਕਾਰ ਜੋ ਕੁਝ ਕਹਿਣਾ ਚਾਹੁੰਦਾ ਹੈ, ਉਹ ਮੁੱਖ ਰੂਪ ਵਿਚ ਦੋ ਤਰ੍ਹਾਂ ਕਹਿੰਦਾ ਹੈ :

ਪਹਿਲੀ ਇਹ ਕਿ ਉਸਨੂੰ ਤੱਥ ਦੀ ਚਿੰਤਾ ਨਹੀਂ ਹੁੰਦੀ। ਚਿੰਤਾ ਸਿਰਫ਼ ਪ੍ਰਵਚਨ ਹੀ ਹੁੰਦੀ ਹੈ। ਪ੍ਰਵਚਨ ਦੀ ਖ਼ਾਤਰ ਬਿਰਤਾਂਤ ਨੂੰ ਦ੍ਰਿਸ਼ਟਾਂਤ ਰੂਪ ਵਿੱਚ ਵਰਤੇ ਜਾਣ ਦੀ ਪ੍ਰਥਾ ਹਾਵੀ ਰਹੀ। ਇਹ ਪ੍ਰਥਾ ਦੁਨੀਆਂ ਭਰ ਦੇ ਬਿਰਤਾਂਤਾਂ ਦਾ ਲੱਛਣ ਬਣ ਗਈ। ਇਸ ਸੰਸਕਾਰ ਅਧੀਨ ਬਿਰਤਾਂਤਕਾਰ ਜੋ ਪ੍ਰਵਚਨ ਪ੍ਰਸਾਰਨਾ ਲੋਚਦਾ ਸੀ, ਉਹ ਅਕਸਰ ਉਸ ਨੂੰ ਇਕ ਸੂਤਰ ਦੇ ਰੂਪ ਵਿਚ ਦਰਸਾ ਵੀ ਦੇਂਦਾ ਸੀ, ਜਿਵੇਂ ਲਾਲਚੀ ਕੁੱਤੇ ਦੀ ਕਹਾਣੀ ਸੁਣਾ ਕੇ ਆਖ਼ਿਰ ਇਹ ਕਹਿਣਾ ਕਿ 'ਲਾਲਚ ਬੁਰੀ ਬਲਾ ਹੈ'। ਕਈ ਹੋਰ ਹਾਲਤਾਂ ਵਿੱਚ ਨਾਇਕ ਦੀ ਕਹਿਣੀ ਤੇ ਕਰਨੀ ਦ੍ਰਿਸ਼ਟਾਂਤਕ ਰੂਪ ਵਿਚ ਇਸਦਾ ਮਾਧਿਅਮ ਬਣਦੀ ਰਹੀ।

ਹੌਲੀ–ਹੌਲੀ ਇਨਸਾਨ ਦੇ ਤਜਰਬੇ ਦੇ ਵਿਕਾਸ ਨਾਲ ਇਹ ਪ੍ਰਵਿਰਤੀ ਦੇ ਬਦਲਣ ਲੱਗੀ। ਦ੍ਰਿਸ਼ਟਾਂਤਕ ਬਿਰਤਾਂਤ ਦੀ ਥਾਂ ਪ੍ਰਤਿਰੂਪਕ ਬਿਰਤਾਂਤ ਲਈ ਤਰਜੀਹ ਵਿਕਸਿਤ ਹੋਣ ਲੱਗੀ, ਜਿਸ ਵਿਚ ਪਾਤਰਾਂ ਅਤੇ ਘਟਨਾਵਾਂ ਦੀ ਤੱਥਾਂ ਨਾਲ ਸਮਰੂਪਤਾ ਬਣਨ ਤੇ ਵਿਕਸਿਤ ਹੋਣ ਲੱਗੀ। ਇਹ ਤਬਦੀਲੀ ਤਰਕਸ਼ੀਲਤਾ, ਗਿਆਨ, ਮਨੋ–ਵਿਗਿਆਨ, ਮਾਨਵ-ਵਿਗਿਆਨ ਤੇ ਇਤਿਹਾਸ–ਚੇਤਨਾ ਆਦਿ ਦੀ ਜ਼ਮੀਨ ਵਿੱਚੋਂ ਇਕ ਖ਼ੁਦ –ਰੌਅ ਚਸ਼ਮੇ ਵਾਂਗ ਫੁੱਟੀ ਤੇ ਦਰਿਆ ਬਣਦੀ ਚਲੀ ਗਈ, ਸ਼ਿਲਪਕਾਰੀ ਦੀਆਂ ਵਿਭਿੰਨ ਨਦੀਆਂ ਦੇ ਸਮਿਲਨ ਨਾਲ। ਸਮਿਲਨ ਦੇ ਸੁਭਾਅ ਅਨੁਸਾਰ ਕੁਝ ਬਿਰਤਾਂਤ ਨਿੱਕੀ ਕਹਾਣੀ ਦੀ ਦੁਨੀਆਂ ਬਣ ਗਏ ਤੇ ਕੁਝ ਨਾਵਲ ਦੀ। ਇੰਨ੍ਹਾਂ ਦੀ ਵਿਭਿੰਨਤਾ ਅਸੀਂ ਹੋਰਨਾਂ ਥਾਵਾਂ ਉੱਤੇ "ਨਾਵਲ ਦੀ ਵਿਧਾ" ਅਤੇ "ਨਿੱਕੀ ਕਹਾਣੀ ਦੀ ਰੂਪ–ਵਿਧਾ" ਆਦਿ ਲੇਖਾਂ ਵਿਚ ਦਰਸਾ ਚੁੱਕੇ ਹਾਂ। ਏਥੇ ਸਾਡਾ ਸਰੋਕਾਰ ਇਸ ਵਿਭਿੰਨਤਾ ਦੇ ਨਿਖੇੜੇ ਨਾਲੋਂ ਅੱਗੇ ਚੱਲਣਾ ਹੈ। ਜ਼ਿੰਦਗੀ ਵਿਚ ਜਿਹੜੇ ਤੱਥ ਸਾਨੂੰ ਬਿਖਰੇ ਜਾਂ ਬੇਤਰਤੀਬੇ ਲਗਦੇ ਹਨ, ਉਨ੍ਹਾਂ ਨੂੰ ਸਾਰਥਕਤਾ ਦੀ ਲੜੀ ਵਿਚ ਪ੍ਰੋਣ ਲਈ ਜ਼ਰੂਰੀ ਤੇ ਗ਼ੈਰ–ਜ਼ਰੂਰੀ ਨੂੰ ਛਾਂਟਿਆ ਜਾਂਦਾ ਹੈ ਤੇ ਪੁਨਰ-ਗਠਿਤ ਕੀਤਾ ਜਾਂਦਾ ਹੈ। ਇਸ ਪੁਨਰ–ਗਠਨ ਨੂੰ ਪਾਸਾਰ ਤੇ ਸੰਘਣਨ ਦੇਣ ਲਈ, ਇਸ ਵਿਚ ਹੋਰ ਸੋਮਿਆ ਤੋਂ ਮਿਲੇ ਅਨੁਭਵ ਜੋੜੇ ਜਾਂਦੇ ਹਨ। ਕਿਧਰੇ ਵਿਸਤ੍ਰਿਤ ਰੂਪ ਵਿਚ ਤੇ ਕਿਧਰੇ ਸੰਕੁਚਿਤ ਰੂਪ ਵਿੱਚ। ਬਿਰਤਾਂਤਕ ਰਹੱਸ ਦੇ ਸਿਰਜਨ ਲਈ ਘਟਨਾਵਾਂ ਦਾ ਕ੍ਰਮ ਅੱਗੇ–ਪਿੱਛੇ ਕੀਤਾ ਜਾਂਦਾ ਹੈ, ਭਾਸ਼ਾ ਦੀ ਲਕਸ਼ਣਾ–ਰੂਪ ਵਿੱਚ ਸੰਕੇਤਕਾਰੀ ਨਾਲ ਵਿਅੰਜਨਾ–ਕਾਰਜ ਨੂੰ ਦੀਰਘ ਬਣਾਇਆ ਜਾਂਦਾ ਹੈ ਅਤੇ ਵਿਰੋਧਾਭਾਸ, ਅੰਤਰਪਾਠ, ਤਨਾਉ, ਬੁਣਤੀ, ਬਣਤਰ ਅਤੇ ਪ੍ਰਤੀਕਾਤਮਕਤਾ ਆਦਿ ਦੀ ਦੂਹਰੀ ਦ੍ਰਿਸ਼ਟੀ ਵਰਗੀਆਂ ਜੁਗਤਾਂ ਰਾਹੀਂ ਅਗਰਭੂਮੀ ਵਿੱਚ ਲਿਆਂਦਾ ਜਾਂਦਾ ਹੈ। ਅਨਯ–ਪੁਰਖੀ ਬਿਰਤਾਂਤ ਸ਼ੈਲੀ ਦੀ ਥਾਂ ਉੱਤਮਪੁਰਖੀ ਬਿਰਤਾਂਤ–ਸ਼ੈਲੀ ਵੱਲ ਵੀ ਰੁਝਾਨ ਵਧਿਆ।

ਕੌਰਵ ਸਭਾ ਬਾਰੇ ਪਹਿਲਾ ਸਵਾਲ ਇਹ ਉਠਾਇਆ ਗਿਆ ਕਿ ਇਸਦੀ ਸ਼ਿਲਪਕਾਰੀ 'ਦਰਸਾਉਣ' (Telling) ਦੀ ਹੀ, ਦਿਖਾਉਣ (Showing) ਦੀ ਨਹੀਂ। ਇਹ ਸਵਾਲ ਸ਼ਾਸਤ੍ਰੀ ਪੱਧਰ ਉੱਤੇ ਸਭ ਤੋਂ ਪਹਿਲਾਂ ਵੇਨ. ਸੀ. ਬੂਥ ਨੇ ਆਪਣੀ ਪੁਸਤਕ Rhetoric of Fiction ਵਿਚ ਉਠਾਇਆ ਸੀ ਤੇ ਦ੍ਰਿਸ਼ਟੀ –ਬਿੰਦੂ (Point-of-View) ਦੀ ਤਕਨੀਕ ਦੇ ਸੰਦਰਭ ਵਿਚ ਉਠਾਇਆ ਸੀ ਜੋ ਵੀਹਵੀਂ ਸਦੀ ਦੇ ਆਰੰਭ ਦੁਆਲੇ ਹੈਨਰੀ ਜੇਮਜ਼ ਤੋਂ ਸ਼ੁਰੂ ਹੋ ਕੇ ਪਰਸੀ ਲੁੱਬਾਕ ਰਾਹੀਂ ਹੁੰਦੀ ਹੋਈ, ਉਸ ਤੱਕ ਪੁੱਜੀ ਸੀ। 'ਦ੍ਰਿਸ਼ਟੀ ਬਿੰਦੂ' ਦੀ ਤਕਨੀਕ ਦੀ ਵਿਆਖਿਆ ਅਸੀਂ 'ਮਹਿਦੂਦ ਚੇਤਨਾ' ਔਰ 'ਸਿਦਰਤੁਲਮੁੰਤਹਾ' ਦੇ ਹਵਾਲੇ ਨਾਲ ਆਪਣੀ ਪੁਸਤਕ 'ਸਮਾਂ ਤੇ ਸੰਵਾਦ' ਵਿਚ ਇਕ ਤੋਂ ਜ਼ਿਆਦਾ ਥਾਵਾਂ ਉੱਤੇ ਕਰ ਚੁੱਕੇ ਹਾਂ। ਇਸਦੇ ਸੰਖਿਪਤ ਅਰਥ ਇਹ ਹਨ

ਕਿ ਕੋਈ ਵੀ ਵਿਅਕਤੀ, ਪਾਤਰ, ਲੇਖਕ ਜਾਂ ਫ਼ਰਿਸ਼ਤਾ ਵੀ ਆਪਣੇ ਆਪ ਵਿਚ ਸਰਬੱਗ ਯਾਨੀ ਸਰਬ ਗਿਆਤਾ ਨਹੀਂ ਹੋ ਸਕਦਾ। ਕੁਦਰਤ ਨੇ ਉਸ ਨੂੰ ਜੋ ਵੀ ਬਣਾਇਆ ਹੈ ਤੇ ਜਿਸ ਰੂਪ ਵਿਚ ਵੀ ਬਣਾਇਆ ਹੈ, ਉਸਦੀ ਨਜ਼ਰ ਹਮੇਸ਼ਾ ਮਹਿਦੂਦ ਹੋਵੇਗੀ। ਰੱਬ ਵਰਗੀ ਆਖ਼ਰੀਅਤ ਉਸਦੇ ਕਿਸੇ ਵੀ ਖ਼ਿਆਲ, ਦਾਅਵੇ ਜਾਂ ਮੁਲਾਂਕਣ ਦਾ ਨਸੀਬ ਨਹੀਂ ਬਣ ਸਕਦੀ। ਇਸ ਅਨੁਭਵ ਦੀ ਰੋਸ਼ਨੀ ਵਿੱਚ ਆਧੁਨਿਕ ਬਿਰਤਾਂਤਕਾਰ ਲਈ ਜ਼ਰੂਰੀ ਬਣ ਜਾਂਦਾ ਹੈ, ਪਾਤਰਾਂ ਜਾਂ ਪਰਿਸਥਿਤੀਆਂ ਵਿਚਲੇ ਦਵੰਦ ਜਾਂ ਤਨਾਉ ਨੂੰ ਉਨ੍ਹਾਂ ਦੇ ਆਪਣੇ ਦ੍ਰਿਸ਼ਟੀ-ਬਿੰਦੂ ਜਾਂ ਵਿਵੇਕ ਅਨੁਸਾਰ ਚਿਤ੍ਰਨਾ, ਨਾ ਕਿ ਮੁਨਸਿਫ਼ ਬਣਕੇ। ਪਾਤਰਾਂ ਦੇ ਨਜ਼ਰੀਏ ਜਾਂ ਕ੍ਰਿਆਵਾਂ ਪ੍ਰਤਿਕ੍ਰਿਆਵਾਂ ਦੀ ਰਗੜ ਵਿੱਚੋਂ ਜੋ ਵੀ ਖ਼ਿਆਲ ਚੰਗਿਆੜੀ ਵਾਂਗ ਉਭਰੇ, ਉਹ ਖ਼ਿਆਲ ਹੀ ਰਚਨਾ ਦਾ ਸੱਚ ਹੋਵੇਗਾ ਤੇ ਰਚਨਾ ਦੀ ਅਗਰਭੂਮੀ ਵਿਚ ਜਗਮਗਾਏਗਾ। ਇਹ ਖ਼ਿਆਲ ਹੁੰਦਾ ਤਾਂ ਰਚਨਾਕਾਰ ਦੀ ਇਖ਼ਤਰਾਅ ਹੀ, ਪਰ ਉਜਾਗਰ ਹੁੰਦਾ ਹੈ ਸ਼ਿਲਪਾਰੀ ਦੇ ਨਾਟ ਰਾਹੀਂ। ਇਸ 'ਨਾਟ' ਨੂੰ ਹੀ 'ਦਿਖਾਉਣ ਦੀ ਕਲਾ' ਕਹਿੰਦੇ ਹਨ, ਤੇ ਮੁਨਸਿਫ਼ ਜਾਂ ਸਰਬੱਗ ਵਿਅਕਤੀ ਵਾਂਗ ਦਿੱਤੇ ਫ਼ੈਸਲੇ ਨੂੰ, 'ਦਰਸਾਉਣਾ'।

ਪਰ ਜਿਸ ਵਿਦਵਾਨ ਨੇ ਵੀ 'ਦਰਸਾਉਣ' ਦੇ ਪ੍ਰਸੰਗ ਵਿਚ ਕੌਰਵ ਸਭਾ ਦੀ ਬਿਰਤਾਂਤਕਾਰੀ ਵਿੱਚ ਲੇਖਕ ਦੀ ਫ਼ੈਸਲਾਕਾਰੀ ਨਹੀਂ ਹੁੰਦਾ। ਇਹ ਫ਼ੈਸਲਕਾਰੀ ਤੋਂ ਬਿਨਾਂ 'ਦਿਖਾਉਣ' ਵਰਗੀ ਚੀਜ਼ ਵੀ ਹੋ ਸਕਦਾ ਹੈ।

ਕੌਰਵ ਸਭਾ ਵਿਚ ਮਿੱਤਰ ਸੈਨ ਮੀਤ ਦੀ ਬਿਰਤਾਂਤਕਾਰੀ ਬੇਸ਼ਕ ਅਨਯ-ਪੁਰਖੀ ਬਿਰਤਾਂਤਕਾਰੀ ਦੇ ਸੁਣਾਉਮੁਖੀ ਸੁਭਾਵ ਵਾਲੀ ਹੈ, ਪਰ ਇਸ ਵਿਚ ਇਹ ਕਿਧਰੇ ਵੀ ਆਦੇਸ਼-ਭਾਵੀ ਨਹੀਂ। ਆਦੇਸ਼ ਜੋ ਵੀ ਹੈ ਉਹ ਰਚਨਾ ਦੀ ਸੰਰਚਨਾ ਵਿਚ ਨਿਹਿਤ ਹੈ ਤਾ ਪਾਠਕ ਨੂੰ ਖ਼ੁਦ ਰਿੜਕਣਾ ਪੈਂਦਾ ਹੈ। ਇਹ ਪਾਠਕ ਲਈ ਦਰਿਆਫ਼ਤ ਦਾ ਮਸਲਾ ਹੈ, ਲੇਖਕ ਵਲੋਂ ਸਿੱਧਾ ਮਿਲਿਆ ਪ੍ਰਸਾਦਿ ਨਹੀਂ ਹੈ। ਲੇਖਕ ਦੀ 'ਸੁਣਾਉਮੁਖੀ' ਬਿਰਤਾਂਤਕਾਰੀ' ਵਿਚ 'ਦਿਖਾਉਮੁਖੀ ਕਲਾਤਮਕਤਾ' ਹੈ। ਇਸਨੂੰ ਸਿਰਫ਼ 'ਸੁਣਾਉਣ' ਤੇ 'ਦਿਖਾਉਣ' ਦੇ ਕਿਤਾਬੀ ਭਾਂਤ ਦੇ ਫ਼ਰਕ ਵਜੋਂ ਨਿਬੇੜਨਾ ਉਚਿਤ ਨਹੀਂ ਬਣਦਾ। ਮਾਰਗਰਟ ਮੈਕਡਨਾਲਡ ਨੇ ਆਪਣੇ ਲੇਖ "ਗਲਪ ਦੀ ਭਾਸ਼ਾ" ਵਿਚ ਕਿਹਾ ਹੈ ਕਿ ਗਲਪ ਵਿਚ ਸਭ ਤੋਂ ਮਹੱਤਵ-ਪੂਰਣ ਚੀਜ਼ 'ਕਲਾਤਮਕ ਸੰਭਾਵਿਤਾ' ਹੈ। ਇਹ ਗੱਲ ਉਸ ਨੇ ਕਹੀ ਤਾਂ ਅਰਸਤੂ ਦੇ ਸੰਭਾਵਨਾ (Probability) ਦੇ ਸਿਧਾਂਤ ਨੂੰ ਸੋਧਣ ਲਈ ਹੈ, ਪਰ ਇਸਦਾ ਨਿਹਤਾਰਥ ਮਾਅਨੀਖ਼ੇਜ਼ ਹੈ, ਵੇਨ. ਸੀ. ਬੂਥ ਦੇ 'ਦਰਸਾਉਣ' ਤੇ ਦਿਖਾਉਣ' ਦੇ ਸਿਧਾਂਤਕ ਫ਼ਰਕ ਨੂੰ ਸਮਝਣ ਲਈ। ਪੰਜਾਬੀ ਆਲੋਚਕਾਂ ਨੂੰ ਐਸੇ ਸੂਖ਼ਮ ਸਵਾਲ ਮਹਿਦੂਦ ਕਰਨ ਦੀ ਥਾਂ, ਠਰ੍ਹਮੇ ਨਾਲ ਸਮਝਣ ਤੇ ਵਿਸਤਾਰਨ ਦੀ ਲੋੜ ਹੈ।

ਦੂਜਾ ਸਵਾਲ ਜਿਸ ਨੇ ਮੇਰੀ ਸੋਚ ਨੂੰ ਉਤੇਜਿਤ ਕੀਤਾ, ਉਹ ਇਹ ਸੀ ਕਿ ਕੀ ਇਹ ਨਾਵਲ ਨਾਵਲ ਹੈ? ਸਵਾਲ ਇਹ ਸੀ ਕਿ ਜਿਸ ਬਿਰਤਾਂਤ ਨੂੰ ਮੈਂ ਨਾਵਲ ਮੰਨ ਕੇ ਗੱਲ ਕੀਤੀ ਹੈ, ਉਹ ਆਖ਼ਰ ਨਾਵਲ ਬਣਦਾ ਕਿਵੇਂ ਹੈ? ਜਿਸ ਮੌਕੇ ਇਹ ਸਵਾਲ ਉਠਾਇਆ ਗਿਆ, ਉਹ ਚੰਡੀਗੜ੍ਹ ਵਿਖੇ Institute of Punjab Studies ਵਲੋਂ ਹੋਏ ਇਕ ਸੈਮੀਨਾਰ ਦਾ ਸੀ। ਸੈਮੀਨਾਰ ਦਾ ਥੀਮ ਸੀ: "Soc}l Transformation in North-Western Ind} in the Twentieth Century". ਮੇਰੇ ਪਰਚੇ ਦਾ ਵਿਸ਼ੈ ਸੀ, "Criminal Justice System" ਔਰ ਇਹ ਅਧਾਰਿਤ ਸੀ ਕੌਰਵ ਸਭਾ ਉੱਤੇ। ਸੈਮੀਨਾਰ ਦੇ ਥੀਮ ਦੀ ਰੌਸ਼ਨੀ ਵਿਚ ਮੇਰੇ ਲਈ ਕੌਰਵ

ਸਭਾ ਨੂੰ ਸਿਰਫ਼ ਇਕ ਕਲਾ–ਕ੍ਰਿਤੀ ਮੰਨ ਕੇ ਚੱਲਣਾ ਮੁਮਕਿਨ ਨਹੀਂ ਸੀ। ਆਪਣੇ ਪਰਚੇ ਦੀਆਂ ਜ਼ਰੂਰੀਆਤ ਦੇ ਮੁਤਾਬਕ ਮੈਂ ਨਾਵਲ ਵਿੱਚੋਂ ਮਿਲਦੀ ਗਵਾਹੀ ਦੀ ਘੋਖ ਇਕ ਦਸਤਾਵੇਜ਼ ਦੇ ਰੂਪ ਵਿਚ ਕੀਤੀ। ਇਸ ਦੀ ਨਾਵਲੀਅਤਾ ਦਾ ਪਹਿਲੂ ਮੇਰੇ ਚੁਣੇ ਮਜ਼ਮੂਨ ਤੋਂ ਬਾਹਰ ਦੀ ਵਸਤੂ ਸੀ। ਮੇਰੀ ਨਜ਼ਰ ਵਿਚ ਕੋਈ ਵੀ ਸਹਿਤ–ਰਚਨਾ ਆਪਣੇ ਵਿਧਾਗਤ ਸਰੂਪ ਦੇ ਬਾਵਜੂਦ ਸਮਾਜ–ਸ਼ਾਸਤ੍ਰੀ ਨੁਕਤਾ–ਨਿਗਾਹ ਤੋਂ ਇਕ ਸੰਯੁਕਤ ਵਸਤੂ ਹੁੰਦੀ ਹੈ। ਕੋਈ ਵੀ ਪਾਠਕ ਆਪਣੀ ਪੁੱਜਤ ਜਾਂ ਆਪਣੇ ਗਿਆਨ ਖੇਤਰ ਮੁਤਾਬਕ ਇਸ ਨੂੰ ਵਿਭਿੰਨ ਸੰਦਰਭਾਂ ਵਿਚ ਵਾਚ ਸਕਦਾ ਹੈ। ਮੇਰੀ ਉਕਤ ਪਰਚੇ ਦਾ ਮਸਲਾ ਸਾਹਿਤਕਾਰੀ ਜਾਂ ਨਾਵਲਕਾਰੀ ਤਕ ਮਹਿਦੂਦ ਨਹੀਂ ਸੀ। ਨਾਵਲਕਾਰੀ ਦੀ ਨਿਰਖ–ਪਰਖ ਕਿਸੇ ਵੀ ਲਿਹਾਜ਼ ਨਾਲ ਇਸ ਦਾ ਸਰੋਕਾਰ ਨਹੀਂ ਸੀ। ਇਸਦਾ ਕੇਵਲ ਅਤੇ ਕੇਵਲ ਮਕਸਦ ਸਾਡੀ ਵਰਤਮਾਨ 'ਫ਼ੌਜਦਾਰੀ ਨਿਆਂ–ਪ੍ਰਣਾਲੀ' ਨੂੰ ਦ੍ਰਿਸ਼ਟੀਗੋਚਰ ਕਰਨਾ ਸੀ। ਇਹ ਮਸਲਾ ਸਾਡੀ ਪ੍ਰਚਲਿਤ ਕਾਨੂੰਨ ਵਿਵਸਥਾ ਦੇ ਸਮਾਜ–ਵਿਗਿਆਨ ਨਾਲ ਸੰਬੰਧਿਤ ਸੀ।

ਪਰੰਤੂ, ਸਵਾਲ ਪੁੱਛਣ ਵਾਲੇ ਵਿਦਵਾਨ ਦੋਸਤ ਨੇ ਇਸ ਨੂੰ ਨਾਵਲ ਦੀ ਸਾਹਿਤਕਾਰੀ ਦੇ ਮਸਲੇ ਤੱਕ ਘਟਾ ਦਿੱਤਾ। ਐਸਾ ਤਾਂ ਨਹੀਂ ਕਿ ਮੇਰੀਆਂ ਨਜ਼ਰਾਂ ਵਿਚ ਸਵਾਲ ਵਿਚਾਰਨ–ਯੋਗ ਨਹੀਂ ਸੀ। ਵਿਚਾਰਨ–ਯੋਗ ਤਾਂ ਅਵੱਸ਼ ਸੀ। ਪਰ ਜਿਸ ਮੌਕੇ ਉੱਤੇ ਪੁੱਛਿਆ ਗਿਆ, ਉਸ ਵਿਚ ਇਹ ਅਪ੍ਰਾਸੰਗਿਕ ਸੀ। ਇਸ ਲਈ ਮੈਂ ਇਸ ਨੂੰ ਉਸ ਸਮੇਂ ਨਜ਼ਰ–ਅੰਦਾਜ਼ ਕਰਨਾ ਹੀ ਉਚਿਤ ਸਮਝਿਆ। ਅੱਜ ਦਾ ਪਰਚਾ ਉਸ ਰਿਣ ਨੂੰ ਉਤਾਰਨ ਦੀ ਸਨਿਮਰ ਕੋਸ਼ਿਸ਼ ਹੈ।

ਇਹ ਪਰਚਾ ਨਾਵਲ ਦੀ ਸ਼ਿਲਪਕਾਰੀ ਨਾਲ ਸੰਬੰਧਿਤ ਹੈ। ਕੌਰਵ ਸਭਾ ਨਾਵਲ ਹੈ ਜਾਂ ਨਹੀਂ, ਇਹ ਸਵਾਲ ਸ਼ਿਲਪਕਾਰੀ ਦੀ ਚਰਚਾ ਦੇ ਅੰਤਰਗਤ ਹੀ ਨਜਿੱਠਿਆ ਜਾ ਸਕਦਾ ਹੈ। ਨਾਵਲ ਦੀ ਨਾਵਲੀਅਤਾ ਜਾਂ ਸ਼ਿਲਪਕਾਰੀ ਦਾ ਤਅੱਲੁਕ ਇਸਦੀ ਵਿਧਾ ਨਾਲ ਹੈ। ਬਤੌਰ ਵਿਧਾ ਦੇ ਨਾਵਲ ਇਕ ਅਜਿਹਾ ਬਿਰਤਾਂਤ–ਰੂਪ ਹੈ, ਜਿਸ ਵਿਚ ਬੰਦੇ ਦੇ ਸੁਪਨਿਆਂ ਜਾਂ ਸੁਪਨੇ ਨੂੰ ਇਤਿਹਾਸਕ ਪਰਿਸਥਿਤਿਆਂ ਨਾਲ ਲੰਮੇ ਟਕਰਾਉ ਜਾਂ ਤਨਾਉ ਦੇ ਹਾਲਤ ਦੀ ਕਸ਼ਮਕਸ਼ ਵਿਚ ਚਿਤ੍ਰਿਆ ਜਾਂਦਾ ਹੈ। ਇਸ ਕਸ਼ਮਕਸ਼ ਵਿਚ ਸੁਪਨਹਾਰ ਨੂੰ ਗੌਰਵਸ਼ਾਲੀ ਸੰਘਰਸ਼ ਵਿੱਚੋਂ ਗੁਜ਼ਰਦੇ ਹੋਏ ਅਕਸਰ ਦੁਖਾਂਤ ਹੋਣੀ ਦਾ ਪਾਤਰ ਬਣਨਾ ਪੈਂਦਾ ਹੈ। ਗਿਆਨ ਦੀ ਦ੍ਰਿਸ਼ਟੀ ਤੋਂ ਸੰਘਰਸ਼ ਦੀ ਇਹ ਪ੍ਰਕ੍ਰਿਆ ਮਨੁੱਖੀ ਰਿਸ਼ਤਿਆਂ ਦੇ ਇਤਿਹਾਸਕ ਤੇ ਜਨ-ਮਾਣਸੀ ਯਥਾਰਥ ਦਾ ਸਮੂਰਤਨ ਹੋ ਨਿੱਬੜਦੀ ਹੈ। ਇੰਜ ਨਾਵਲ ਨੂੰ ਗੌਰਵ ਅਤੇ ਗਿਆਨ ਦੀ ਇਕ ਦੀਰਘ–ਕਾਲੀਨ ਤੇ ਬਹੁਪਸਾਰੀ ਗੱਦ ਵਾਰਤਾ ਮੰਨਿਆ ਜਾ ਸਕਦਾ ਹੈ।

ਜਿੰਨ੍ਹਾਂ ਨਾਵਲਾਂ ਵਿਚ ਸੁਪਨਹਾਰ ਨਾਇਕ ਦੇ ਸੁਪਨਿਆਂ ਦੀ ਆਖ਼ਰ ਜਿੱਤ ਦਾ ਵਿਸ਼ਵਾਸ ਹਾਵੀ ਹੁੰਦਾ ਹੈ, ਉਨ੍ਹਾਂ ਦੀ ਰਚਨਾ–ਦ੍ਰਿਸ਼ਟੀ ਨੂੰ 'ਮਾਨਵਵਾਦੀ' ਦਾ ਨਾਮਨਕਲੇਚਰ ਦੇਣ ਦੀ ਪ੍ਰਥਾ ਪ੍ਰਚਲਿਤ ਹੈ ਅਤੇ ਉਹ ਰੁਮਾਂਸ ਦੇ ਕਰੀਬ ਮੰਨੇ ਜਾਂਦੇ ਹਨ। ਪਰ ਜਿਹੜੇ ਨਾਵਲੀ ਬਿਰਤਾਂਤ ਸੁਪਨਹਾਰ ਯੋਧਿਆਂ ਦੀ ਦੁਖਾਂਤ ਹੋਣੀ ਵਿਚ ਸੰਪੂਰਣ ਹੁੰਦੇ ਹਨ, ਉਨ੍ਹਾਂ ਲਈ ਹੋਰਨਾਂ ਨਾਮਨਕਲਚੇਰਜ਼ ਤੋਂ ਇਲਾਵਾ ਖ਼ਾਸ ਰਾਖਵਾ ਸੰਕਲਪ 'ਦੁਖਾਂਤ ਮਾਰਕਸਵਾਦ' ਮੰਨਿਆ ਗਿਆ ਹੈ।

ਕੌਰਵ ਸਭਾ ਉਕਤ ਦੋਹਾਂ ਵੰਨਗੀਆਂ ਦੇ ਨਾਵਲ ਨਾਲੋਂ ਵੱਖਰੀ ਪ੍ਰਕਾਰ ਦਾ ਨਾਵਲ ਹੈ। ਇਹ ਪੰਜਾਬੀ ਨਾਵਲ ਵਿੱਚ ਆਪਣੀ ਹੀ ਕਿਸਮ ਦੀ ਕੋਟੀ ਹੈ। ਇਸ ਵਿਚ ਕੋਈ ਐਸਾ ਕੇਂਦਰੀ ਪਾਤਰ ਨਹੀਂ ਜਿਸ ਨੂੰ ਕਿਸੇ ਇਕ ਜਾਂ ਦੂਜੀ ਵੰਨਗੀ ਦੇ ਨਾਇਕ ਦਾ ਰੁਤਬਾ ਦਿੱਤਾ ਜਾ ਸਕੇ। ਦੂਸਰੇ

ਸ਼ਬਦਾਂ ਵਿੱਚ, ਇਸ ਵਿੱਚ ਕੋਈ ਸੁਪਨਹਾਰ ਕਿਰਦਾਰ ਨਹੀਂ । ਬਾਕੀ ਜਿਸ ਚੀਜ਼ ਨੂੰ ਅਸੀਂ 'ਨਾਵਲੀ' ਕਹਿੰਦੇ ਹਾਂ, ਉਹ ਸਭ ਕੁਝ ਇਸ ਵਿੱਚ ਪ੍ਰਾਪਤ ਹੈ । ਸੁਪਨਹਾਰ ਪਾਤਰ ਨਿਪਟ ਮਾਨਵਵਾਦੀ ਕੋਟੀ ਦਾ ਹੋਵੇ ਜਾਂ ਦੁਖਾਂਤ ਮਾਨਵਵਾਦੀ ਕੋਟੀ ਦਾ, ਉਹ ਨਾਇਕ ਦਾ ਹੀ ਇਕ ਜਾਂ ਦੂਜੀ ਕਿਸਮ ਦਾ ਪਰਿਆਇ ਹੁੰਦਾ ਹੈ । ਪਰੰਤੂ, ਜੇ ਇਹ ਪਰਿਆਇ ਕਿਸੇ ਨਾਵਲ ਸਮਝੇ ਜਾਂਦੇ ਬਿਰਤਾਂਤ ਵਿਚ ਪ੍ਰਾਪਤ ਨਹੀਂ ਕਿ ਉਹ ਬਿਰਤਾਂਤ ਰਚਨਾ ਨਾਵਲ ਨਹੀਂ ਰਹਿੰਦੀ । ਇਹ ਬਸ ਸੰਜੋਗ ਦੀ ਗੱਲ ਹੈ ਕਿ ਨਾਵਲ ਵਿਚ ਬਾਕੀ ਸਭ ਪਾਤਰਾਂ ਨਾਲੋਂ ਉਚੇਰੀ ਸਚੇਤਨਾ ਤੇ ਪ੍ਰਤਿਬੱਧਤਾ ਨਾਲ ਸੰਬੰਧਿਤ ਪਾਤਰ, ਬਿਰਤਾਂਤਕ ਵਾਰਤਾ ਦਾ ਕੇਂਦਰੀ ਸੂਤਰ ਸਮਝਿਆ ਜਾਣ ਲੱਗਦਾ ਹੈ । ਵੇਸੇ  ਜੋ ਚੀਜ਼ ਨਾਵਲੀ ਬਿਰਤਾਂਤ ਨੂੰ ਕੇਂਦਰੀ ਸੂਤਰ ਵਿਚ ਬੰਨਦੀ ਹੈ, ਉਹ ਨਾਇਕ ਜਾਂ ਪ੍ਰਮੁੱਖ ਪਾਤਰ ਨਹੀਂ ਹੁੰਦਾ, ਕੇਂਦਰੀ ਸਮੱਸਿਆ ਹੁੰਦੀ ਹੈ । ਇਸ ਨਾਵਲ ਦੀ ਕੇਂਦਰੀ ਸਮੱਸਿਆ 'ਫ਼ੌਜਦਾਰੀ ਨਿਆਂ-ਪ੍ਰਣਾਲੀ' ਹੈ । ਨਾਇਕੀ ਕਿਰਦਾਰ ਦੀ ਥਾਂ, ਕੇਂਦਰੀ ਸਮੱਸਿਆ ਦਾ ਸੰਗਠਨਕਾਰੀ ਸੂਤਰ ਹੋ ਨਿੱਬੜਨਾ ਪੰਜਾਬੀ ਨਾਵਲ ਵਿਚ ਨਵੀਂ ਕਿਸਮ ਦੀ ਸ਼ਿਲਪਕਾਰੀ ਦੀ ਸ਼ੁਰੂਆਤ ਹੈ । ਪਰਮਜੀਤ ਜੱਜ ਦਾ 'ਤ੍ਰਕਾਲਾ' ਵੀ ਇਸ ਵੰਨਗੀ ਦਾ ਹੀ ਨਾਵਲ ਹੈ । ਬਹੁਤ ਸਮਾਂ ਪਹਿਲਾਂ ਲਿਖਿਆ ਗਿਆ ਸੁਰਜੀਤ ਸਿੰਘ ਸੇਠੀ ਦਾ ਨਾਵਲ 'ਆਬਰਾ ਕਦਾਬਰਾ' ਇਨ੍ਹਾਂ ਦਾ ਪੂਰਵਜ ਹੋ ਸਕਦਾ ਹੈ ।

ਜਾਰਜ ਲੁਕਾਚ ਨੇ ਆਪਣੇ ਪ੍ਰਸਿੱਧ ਲੇਖ "Intellectual Physiognomy of literary Characters" ਵਿੱਚ ਕਿਸੇ ਜ਼ਮਾਨੇ ਵਿਚ 'ਪਾਤਰ-ਪੌੜੀ' (Hierarchy of Characters) ਦਾ ਸਿਧਾਂਤ ਪੇਸ਼ ਕੀਤਾ ਸੀ । ਇਸ ਸਿਧਾਂਤ ਅਨੁਸਾਰ ਉਹ ਪਾਤਰਾਂ ਦੀ ਦਰਜੇ ਬੰਦੀ ਵਿਚ, ਸਚੇਤਨਾ ਵਿੱਚ ਸਰਵੋਤਮ ਪਾਤਰ ਨੂੰ ਪ੍ਰਭੁਤਵ ਦੀ ਸਥਿਤੀ ਵਿਚ ਰੱਖਦਾ ਹੈ ਤੇ ਬਾਕੀ ਪਾਤਰਾਂ ਨੂੰ ਉਨ੍ਹਾਂ ਦੀ ਚੇਤਨਾ ਦੀ ਪੱਧਰ, ਪਰਤਾਂ ਅਤੇ ਪਾਸਾਰਾ ਅਨੁਸਾਰੇ ਹੇਠਲੀਆਂ ਕੜੀਆਂ ਉੱਤੇ । ਪਰੰਤੂ, ਇਸ ਨਾਵਲ ਵਿਚ ਮਾਮਲਾ ਚੇਤਨਾ ਦੀਆਂ ਪਰਤਾਂ ਦਾ ਨਹੀਂ, ਉਨ੍ਹਾਂ ਦੇ ਪਾਸਾਰਾਂ ਤੇ ਪ੍ਰਕਾਰਜ ਦਾ ਹੈ । ਇਸ ਲਿਹਾਜ਼ ਨਾਲ ਉਹ ਵੱਡੇ ਪੈਮਾਨੇ ਉੱਤੇ ਸਾਡੀ ਸਮਕਾਲੀਨ ਸਮਾਜਕ, ਸਾਂਸਕ੍ਰਿਤਿਕ ਤੇ ਰਾਜਨੀਤਿਕ ਬਣਤਰ ਦੀਆਂ ਵਿਭਿੰਨ ਵੰਡਾਂ ਤੇ ਉਨ੍ਹਾਂ ਦੀਆਂ ਲਗਭਗ ਸਰਵ-ਪੱਖੀ ਸਮੱਸਿਆਵਾਂ ਦੀਆਂ ਅਲਾਮਤਾਂ ਹੋ ਨਿੱਬੜਦੇ ਹਨ । ਨਾਵਲ ਦਾ ਸਿਰਲੇਖ ਕੌਰਵ ਸਭਾ ਹੈ । ਦੂਸਰੇ ਸ਼ਬਦਾਂ ਵਿੱਚ, ਇਸ ਵਿਚ ਨਾ ਕੋਈ ਕ੍ਰਿਸ਼ਨ ਹੈ ਤੇ ਨਾ ਪਾਂਡਵ, ਸਿਰਫ਼ ਕੌਰਵ ਹਨ । ਨਾਵਲ ਦੀ ਬਿਰਤਾਂਤ-ਰਚਨਾ ਵਿਚ ਮਹਾਂਭਾਰਤ ਦਾ ਪੂਰਾ ਪੈਰਾਡਾਈਮ ਉਪਲਭਦ ਨਹੀਂ, ਕੁਝ ਟਾਂਵੇ-ਟਾਂਵੇ ਪਾਤਰਾਂ ਜਾਂ ਪਸੰਗਾਂ ਨੂੰ ਛੱਡ ਕੇ । ਇਹ ਪਾਠ-ਅੰਤਰ-ਪਾਠ ਨਹੀਂ ਹਨ, ਪਰ ਇਕ ਭਾਂਤ ਦੇ ਮੈਟਾ ਪਾਠਾਂ ਦੀ ਸ਼ਕਲ ਵਿਚ ਪ੍ਰਾਪਤ ਪਾਠ ਉੱਤੇ ਆਲੋਚਨਾਤਮਕ ਟਿੱਪਣੀ ਬਣ ਜਾਂਦੇ ਹਨ, ਨਵੀਆਂ ਪਰਿਸਥਿਤੀਆਂ ਵਿੱਚੋਂ ਉਪਜੇ ਪਾਠ ਦੀਆਂ ਬਦਲਦੀਆਂ ਹੋਈਆਂ ਹਾਲਤਾਂ ਅਨੁਸਾਰ । ਗਹਿਰਾਈ ਤਾਂ ਇਸ ਪ੍ਰਕਾਰਜ ਵਿੱਚ ਵੀ ਹੈ, ਪਰ ਅੰਦਾਜ਼ ਵੱਖਰਾ ਹੈ । ਅੰਦਾਜ਼ ਕਟਾਖਸ਼ ਦਾ ਹੈ । ਕਟਾਖਸ਼ ਨੂੰ ਜੇ ਕੋਈ ਵਿਅੰਗ ਸਮਝਣਾ ਚਾਹਵੇ ਜਾਂ ਵਿਡੰਬਨਾ ਜਾਂ ਤਿੰਨੋਂ ਹੀ ਚੀਜ਼ਾਂ ਇੱਕੋ ਸਮੇਂ, ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ । ਮੇਰੀ ਨਜ਼ਰ ਵਿੱਚ ਕੌਰਵ-ਸਭਾ ਇੱਕੋ ਹੀ ਸਮੇਂ ਤਿੰਨੋਂ ਚੀਜ਼ਾਂ ਹਨ । ਸ਼ਿਲਪਕਾਰੀ ਦੇ ਜ਼ਾਵੀਏ ਤੋਂ ਇਹ ਇਸ ਨਾਵਲ ਦੀ ਖ਼ਾਸ ਵਿਸ਼ੇਸ਼ਤਾ ਹੈ ।

ਮੇਰੇ ਮਹਿਦੂਦ ਗਿਆਨ ਅਨੁਸਾਰ ਇੰਨ੍ਹਾਂ ਤਿੰਨਾਂ ਗੁਣਾਂ ਨੂੰ ਇੱਕੋ ਹੀ ਸਮੇਂ ਕਿਸੇ ਇਕ ਬਿਰਤਾਂਤ ਵਿਚ ਸਮੇਟਣ ਵਾਲਾ ਨਾਵਲ ਪੰਜਾਬੀ ਵਿੱਚ ਦੁਰਲਭ ਹੈ । ਇਸ ਬਿਰਤਾਂਤ ਵਿਚ ਦੁਖਾਂਤ

ਮਾਨਵਵਾਦ ਨਾਲ ਸੰਬੰਧਿਤ  ਨਾਵਲਾਂ ਵਾਲੀ ਦਾਰਸ਼ਨਿਕ ਸੁਰ ਮੱਧਮ ਹੈ, ਜਿਸ ਦਾ ਸੰਬੰਧ 'ਥੀਣ ਜਾਂ ਅਥੀਣ' ਦੇ ਮਸਲੇ ਨਾਲ ਰਿਹਾ ਹੈ। ਪਰ ਇਹ ਸੁਰ ਗ਼ੈਰ-ਹਾਜ਼ਰ ਨਹੀਂ। ਬਸ ਇਹ 'ਥੀਣ ਜਾਂ ਅਥੀਣ' ਦੀ ਥਾਂ ਕਾਨੂੰਨ ਸਾਜ਼ੀ ਦੇ ਫ਼ਲਸਫ਼ੇ ਵਿਚ ਵਟ ਗਈ ਹੈ। ਫ਼ਲਸਫ਼ਾ ਇਸ ਨਾਵਲ ਵਿਚ ਵੀ ਹੈ, ਪਰ ਉਸਦੀ ਜੁਗਤ-ਨਾਇਕ-ਕੇਂਦਰਿਤ ਨਾਵਲ ਨਾਲੋਂ ਵਿਭਿੰਨ ਹੈ। ਇਹ ਸਿਸਟਮ ਦੀ ਵਿਰਾਟਤਾ ਤੇ ਜਟਿਲਤਾ ਇਕ ਐਸੇ ਪਾਤਰ-ਵਿਸਤਾਰ ਵਿਚ ਮਿਲਦੀ ਹੈ ਜਿਸਦੀ ਮਿਸਾਲ ਮਿੱਤਰ ਸੈਨ ਮੀਤ ਤੋਂ ਪਹਿਲੇ ਪੰਜਾਬੀ ਨਾਵਲ ਵਿੱਚ ਨਹੀਂ ਮਿਲਦੀ।

ਕੌਰਵ-ਸਭਾ ਦਾ ਪਾਤਰ-ਜਗਤ ਵਿਸਤ੍ਰਿਤ ਤੇ ਬਹੁਪਸਾਰੀ ਹੋਣ ਦੇ ਬਾਵਜੂਦ, ਇਸ ਵਿਚ ਕੋਈ ਇਕ ਪਾਤਰ ਦੂਜੇ ਪਾਤਰ ਦਾ ਦੁਹਰਾਉ ਨਹੀਂ। ਹਰ ਪਾਤਰ ਆਪਣੀ ਥਾਂ ਵਿਸ਼ੇਸ਼ ਵੱਖਰਾ ਵਿਅਕਤਿਤਵ ਹੈ, ਜਿਵੇਂ ਦੁਨੀਆਂ ਦੇ ਤਮਾਮ ਵਿਅਕਤੀ ਹੁੰਦੇ ਹਨ। ਫਿਰ ਵੀ, ਉਹ ਸਿਸਟਮ ਜਾਂ ਇਸਦੇ ਕਿਸੇ ਇਕ ਜਾਂ ਦੂਜੇ ਪ੍ਰਵਰਗ ਦੇ ਪ੍ਰਤਿਨਿਧ ਹੁੰਦੇ ਹਨ। ਪ੍ਰਵਰਗ ਜਾਤੀਗਤ ਵੀ ਹੋ ਸਕਦੇ ਹਨ ਤੇ ਸ੍ਰੇਣੀਗਤ ਵੀ। ਪ੍ਰਵਰਗਾਂ ਦੇ ਅੰਤਰਗਤ ਵੀ ਪਾਤਰਾਂ ਦਾ ਦਾਇਰਾ ਖ਼ਾਸਾ ਵਸੀਹ ਰਹਿੰਦਾ ਹੈ। ਹਰ ਪ੍ਰਵਰਗ ਆਪਣੇ ਆਪ ਵਿਚ ਇਕ ਲੰਮੀ-ਚੌੜੀ ਦੁਨੀਆਂ ਹੁੰਦਾ ਹੈ। ਕੌਰਵ ਸਭਾ ਦੇ ਸਮੁੱਚੇ ਜਗਤ ਨੂੰ ਵਿਭਿੰਨ ਜਗਤਾਂ ਦਾ ਜੇ ਇਕ ਸੰਯੁਕਤ ਜਗਤ ਮੰਨ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

ਨਾਵਲ ਵਿੱਚ ਪਹਿਲਾਂ ਜਗਤ ਸੁਤੰਤਰਤਾ ਤੋਂ ਛੇਤੀ ਹੀ ਬਾਅਦ ਬੜੀ ਤੇਜ਼ੀ ਨਾਲ ਉਭਰੀ ਨਵ-ਧਨੀ ਸ੍ਰੇਣੀ ਦਾ ਹੈ, ਜੋ ਸਾਡੇ ਜਨ-ਤੰਤਰ ਵਿਚ ਵੇਖਦੇ ਇਕ ਜ਼ਹਿਰੀਲੀ ਜੰਗਲੀ ਬੂਟੀ ਵਾਂਗ ਫੈਲ ਗਈ। ਦੌਲਤ, ਰਿਸ਼ਵਤਕਾਰੀ, ਚੋਰੀ-ਯਾਰੀ ਤੇ ਸੁਪਾਰੀ ਹੱਤਿਆਵਾਂ ਆਦਿ ਇਸਦੀ ਸੁਭਾਵਕ ਰਵਿਸ਼ ਬਣ ਗਏ। ਖੱਬੇ ਪੱਖੀ ਪਾਰਟੀਆਂ ਵੀ ਰਾਜਸੀ ਸਹੂਲਤ ਲਈ ਇਸ ਪ੍ਰਤਿ ਅਸੰਤੁਲਿਤ ਬਣ ਗਈਆਂ। ਬਹਿਤੀ ਗੰਗਾ ਵਿਚ ਹੱਥ ਧੋਣ ਵਾਲੇ ਸਫ਼ੈਦ -ਪੋਸ਼ ਸਿਆਸਤਦਾਨ, ਪੁਲਿਸ-ਅਧਿਕਾਰੀ, ਇਨਕਮ ਟੈਕਸ ਅਧਿਕਾਰੀ, ਅਦਾਲਤੀ ਪ੍ਰਬੰਧ, ਵਕਾਲਤੀ ਦੁਨੀਆਂ ਤੇ ਸਰਬਰਾਹ, ਦਲਾਲ ਪਾਤਸ਼ਾਹ ਤੇ ਲੈਂਪੂਨ ਆਦਿ ਸਭ ਵਪਾਰਕ ਭ੍ਰਿਸ਼ਟਾਚਾਰ ਦੀ ਹੇਠਲੀ ਦੁਨੀਆਂ ਦੇ ਵਾਰਸ ਤੇ ਕਾਰਿੰਦੇ ਬਣ ਗਏ ਹਨ। ਪਾਂਡਵਾਂ ਨੂੰ ਸਭ ਕੁਝ ਲੁਟਾ-ਪੁਟਾ ਕੇ ਮੈਦਾਨ ਛੱਡਣਾ ਪਿਆ ਤੇ ਕੌਰਵ ਚਾਂਘਰਾਂ ਮਾਰਦੇ ਦਨਦਨਾਉਣ ਲੱਗੇ। ਇਹ ਹੈ ਹੋਣੀ ਸੁਤੰਤਰ ਭਾਰਤ ਦੀ, ਜੋ ਕੌਰਵ ਸਭਾ ਵਿਚ ਆਪਣਾ ਤਾਂਢਵ ਵਿਖਾ ਰਹੀ ਹੈ। ਉਪਰ ਅਸਾਂ ਕਟਾਖਸ਼, ਤਨਜ਼ ਅਤੇ ਵਿਅੰਗ ਦੀ ਜਿਸ ਇਕਾਈ ਦਾ ਜ਼ਿਕਰ ਕੀਤਾ ਹੈ, ਉਸ ਨੂੰ ਅੰਗਰੇਜ਼ੀ ਜ਼ਬਾਨ ਵਿਚ ambiguity ਅਰਥਾਤ 'ਬਹੁਅਰਥਤਾ' ਕਹਿੰਦੇ ਹਨ। ਇਸ ਨੂੰ obscurity ਅਰਥਾਤ ਧੁੰਦਲਾਹਟ ਨਾਲ ਰਲਗੱਡ ਕਰਨ ਉਚਿਤ ਨਹੀਂ ਹੋਵੇਗਾ। ਕੌਰਵ ਸਭਾ ਦੀ ਸ਼ਿਲਪਕਾਰੀ ਬਹੁਪਸਾਰੀ ਹੈ।

ਨਾਵਲ ਦੇ ਥੀਮਕ ਪਾਸਾਰ ਜਿੰਨੇ ਅਸਾਂ ਗਿਣਵਾਏ ਹਨ, ਵਾਸਤਵ ਵਿਚ ਉਸ ਤੋਂ ਜ਼ਿਆਦਾ ਹਨ। ਪਰ ਘਟਨਾ-ਸਥੱਲ ਮੁੱਖ ਰੂਪ ਵਿਚ ਦੋ ਹੀ ਹਨ। ਪਹਿਲਾ 'ਮਾਇਆ ਨਗਰ' ਤੇ ਦੂਜਾ ਚੰਡੀਗੜ੍ਹ। ਮਾਇਆ ਨਗਰ ਪਰਦਾਦਾਰੀ ਵਾਲਾ ਨਾਮ ਹੈ। ਅਸਲ ਸ਼ਹਿਰ ਦੀ ਪਹਿਚਾਣ ਗੁੱਝੀ ਨਹੀਂ ਰਹਿੰਦੀ। ਮਾਇਆ ਨਗਰ ਨੂੰ ਭਾਰਤ ਦਾ ਮਾਨਚੈਸਟਰ ਕਿਹਾ ਜਾਂਦਾ ਹੈ। ਮਸ਼ਹੂਰ ਦਯਾਨੰਦ ਹਸਪਤਾਲ ਵੀ ਏਥੇ ਹੀ ਹੈ। ਨੀਲੋਂ ਕੈਨਾਲ ਰੈਸਟ ਹਾਊਸ ਏਥੋਂ ਜ਼ਿਆਦਾ ਦੂਰ ਨਹੀਂ। ਨਾਵਲ ਹਰੀਸ਼ ਰਾਏ ਢਾਂਡਾ ਨੂੰ ਸਮਰਪਿਤ ਹੈ ਜੋ ਏਥੋਂ ਦਾ ਪ੍ਰਮੁੱਖ ਵਕੀਲ ਹੈ ਤੇ ਗ਼ਰੀਬ ਤਬਕੇ ਦੇ ਮੁਦੱਈਆਂ

ਨੂੰ ਅਦਾਲਤ ਵਿਚ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਵਾਲੀ ਸੁਸਾਇਟੀ ਦਾ ਸਰਬਰਾਹ ਹੈ। ਇਸ ਸਭ ਕੁਝ ਤੋਂ ਇਹ ਅਨੁਮਾਨ ਲਾਉਣਾ ਕਠਿਨ ਨਹੀਂ ਕਿ ਮਾਇਆ ਨਗਰ ਅਸਲ ਵਿਚ ਲੁਧਿਆਣਾ ਸ਼ਹਿਰ ਦਾ ਹੀ ਬਦਲਿਆ ਹੋਇਆ ਨਾਮ ਹੈ ਜੋ ਸੁਤੰਤਰਤਾ ਤੋਂ ਬਾਅਦ ਨਵ-ਧਨੀ ਸ਼੍ਰੇਣੀ ਦਾ ਅਪ੍ਰਾਧਕ ਗਤੀਵਿਧੀਆਂ ਨਾਲ ਤੂਸਿਆ ਪਿਆ ਹੈ। ਇਹ ਉਹ ਧੁਰਾ ਹੈ ਜਿੱਥੋਂ ਜੁਰਮ ਦਾ ਧੰਦਾ ਦੂਰ ਦੂਰ ਫੈਲਦਾ ਹੈ।

ਬਿਰਤਾਂਤ ਦਾ ਕੇਂਦਰੀ ਘਟਨਾ ਮਾਇਆ ਨਗਰ ਦੀ ਇੱਕ ਉੱਚ-ਵਰਗੀ ਬਸਤੀ ਵਿਚ ਰਾਤ ਦੇ ਸਮੇਂ ਇਕ ਕੋਠੀ ਉੱਤੇ ਹੋਇਆ ਘਾਤਕ ਹਮਲਾ ਹੈ। ਹਮਲਾਵਰ ਪੇਸ਼ਾਵਰ ਸੁਪਾਰੀ ਮੁਜਰਿਮ ਹਨ। ਜਿਨ੍ਹਾਂ ਨੇ ਦੋ ਪੜ੍ਹੇ-ਲਿਖੇ ਧਨਵਾਨ ਨੌਜਵਾਨਾਂ, ਪੰਕਜ ਤੇ ਨੀਰਜ਼, ਦੀ ਸ਼ਹਿ ਉੱਤੇ ਉਨ੍ਹਾਂ ਦੇ ਚਾਚੇ ਵੇਦ ਪ੍ਰਕਾਸ਼ ਦੇ ਪਰਿਵਾਰ ਨੂੰ ਕਾਰੀ ਸੱਟਾਂ ਮਾਰਨ ਦਾ ਜ਼ਿੰਮਾ ਚੁੱਕਿਆ ਸੀ। ਇਸ ਹਮਲੇ ਵਿਚ ਪਰਿਵਾਰ ਦੇ ਮੁਖੀ ਦੀਆਂ ਲੱਤਾਂ ਚਕਨਾ-ਚੂਰ ਕਰ ਦਿੱਤੀਆਂ ਗਈਆਂ। ਘਰ ਦੀ ਸਵਾਣੀ ਨੀਲਮ ਨੂੰ ਸਿਰ ਦੀਆਂ ਲਾਇਲਾਜ ਜ਼ਰਬਾਂ ਆਈਆਂ। ਨੌਜਵਾਨ ਪੁੱਤਰ ਜਾਨ ਤੋਂ ਹੱਥ ਧੋ ਬੈਠਾ ਅਤੇ ਧੀ ਨੇਹਾ ਨੂੰ ਵਹਿਸ਼ੀਆਨਾਂ ਬਲਾਤਕਾਰ ਤੇ ਸਦਮੇ ਦਾ ਸ਼ਿਕਾਰ ਹੋਣਾ ਪਿਆ। ਝਗੜਾ ਜਾਇਦਾਦ ਦੀ ਨਗੁਣੀ ਵੰਡ ਦਾ ਸੀ।

ਪੰਕਜ ਤੇ ਨੀਰਜ ਦੇ ਪਿਉ ਨੇ ਕਈ ਪ੍ਰਕਾਰ ਦੇ ਬਲੈਕ ਦੇ ਧੰਦੇ ਵਿੱਚੋਂ ਸਿਆਸਤਦਾਨਾਂ, ਜੱਜਾਂ, ਅਫ਼ਸਰਸ਼ਾਹੀ, ਪੁਲਿਸ ਅਧਿਕਾਰੀਆਂ ਤੇ ਇਨਕਮ ਟੈਕਸ ਅਧਿਕਾਰੀਆਂ ਆਦਿ ਦੀ ਮਿਲੀਭੁਗਤ ਨਾਲ ਅੰਨ੍ਹੀ ਜਾਇਦਾਦ ਬਣਾਈ ਸੀ ਤੇ ਉਨ੍ਹਾਂ ਨਾਲ ਸਾਂਝਾ ਖਾਣ-ਪੀਣ ਦੀਆਂ ਬਦ-ਪਰਹੇਜ਼ੀਆਂ ਦਾ ਸਿੱਟਾ ਸਮਿਉਂ ਪਹਿਲਾਂ ਹੀ ਦਿਲ ਦੇ ਦੌਰੇ ਸਿੱਟਾ ਅਨਿਆਈ ਮੌਤ ਮਰ ਗਿਆ ਸੀ। ਛੋਟੇ ਭਰਾ ਵੇਦ ਪ੍ਰਕਾਸ਼ ਨਾਲ ਉਸਦੀ ਮੁਹੱਬਤ ਸੀ। ਪਰ ਪੁੱਤਰਾਂ ਨੂੰ ਚਾਚਾ ਨਾ ਭਾਇਆ ਤੇ ਉਨ੍ਹਾਂ ਚਾਚੇ ਦੇ ਸਾਰੇ ਪਰਿਵਾਰ ਦਾ ਹੀ ਕੰਢਾ ਕੱਢ ਦਿੱਤਾ। ਪਰਿਵਾਰ ਦੀਆਂ ਚਾਰ ਪ੍ਰਕਾਰ ਦੀਆਂ ਕਾਰੀ ਸੱਟਾਂ, ਫ਼ੌਜਦਾਰੀ ਜੁਰਮ ਦੀਆਂ ਸਭ ਤੋਂ ਘਿਨਾਉਣੀਆਂ ਤੇ ਪ੍ਰਤਿਨਿਧ ਸੱਟਾਂ ਹਨ। ਸ਼ਿਲਪਕਾਰੀ ਤੇ ਫ਼ਿਕਰਮੰਦ ਵਿਦਵਾਨਾਂ ਨੇ ਇਹ ਗੱਲ ਸਮਝਣ ਦੀ ਜ਼ਰੂਰਤ ਨਹੀਂ ਸਮਝੀ। ਹਮਲਾਵਰ ਭੇਸ ਬਦਲ ਕੇ ਤੇ ਮੂੰਹ-ਸਿਰ ਲਪੇਟ ਕੇ ਆਏ ਤੇ ਮਾਰ-ਕੁੱਟ ਤੋਂ ਬਾਅਦ ਲੁੱਟ-ਮਾਰ ਕਰਕੇ ਚਲਦੇ ਬਣੇ।

ਪੁਲਿਸ ਤਫ਼ਤੀਸ਼ ਲਈ ਲੰਮੀ-ਚੌੜੀ ਢਿੱਲ -ਮੱਠ ਤੋਂ ਬਾਅਦ ਪੁੱਜੀ। ਫਿਰ ਵੀ, ਦੋਸ਼ੀਆਂ ਬਾਰੇ ਸੁਰਾਗ ਮਿਲ ਗਏ। ਪਰ ਜਿਵੇਂ ਸ਼ਹਿਰ ਦੇ ਧਨਵਾਨ, ਲਾਲਚੀ, ਪ੍ਰਸ਼ਾਸਕ, ਸਾਜ਼ਸ਼ੀ ਸਿਆਸਤਦਾਨ, ਸਰਕਾਰੀ ਵਕੀਲ, ਬੇਅਸੂਲ ਡਾਕਟਰ, ਲੂੰਬੜ ਅਹਿਲਕਾਰ ਤੇ ਕਾਨੂੰਨੀ ਘੋਰਨੇ ਦੋਸ਼ੀਆਂ ਦੀ ਢਾਲ ਬਣ ਕੇ ਖਲੋ ਗਏ, ਉਸਦਾ ਸਿੱਟਾ ਕਿਸੇ ਵੀ ਦੋਸ਼ੀ ਨੂੰ ਦਿਖਾਵੇ ਦੀਆਂ ਔਖਾਂ ਤੋਂ ਜ਼ਿਆਦਾ ਕੋਈ ਮਿਸਾਲੀ ਸਜ਼ਾ ਨਾ ਹੋਈ। ਕਾਨੂੰਨ ਹਮੇਸ਼ਾ ਵਾਂਗ ਧਨਵਾਨ ਦਾ ਗ਼ੁਲਾਮ ਸਾਬਤ ਹੋਇਆ। ਮੁਦੱਈ ਧਿਰ ਬੁਰੀ ਤਰ੍ਹਾਂ ਰੁਲ ਕੇ ਰਹਿ ਗਈ। ਜੇ ਕਿਸੇ ਨੂੰ ਕੋਈ ਸਜ਼ਾ ਮਿਲੀ ਤਾਂ ਸਿਰਫ਼ ਮੁਦੱਈ ਧਿਰ ਨੂੰ। ਸਾਰੇ ਹਾਦਸੇ ਵਿੱਚੋਂ ਐਸ. ਪੀ. ਪੰਜ ਲੱਖ ਦੀ ਰਿਸ਼ਵਤ ਖਾ ਗਿਆ। ਸ਼ਹਿਰ ਦਾ ਐਮ. ਐਲ. ਏ. ਚਾਲੀ ਲੱਖ ਦੀ ਤੇ ਮੁੱਖ ਮੰਤਰੀ ਸੱਠ ਲੱਖ ਦੀ। ਈਮਾਨਦਾਰ ਜੱਜ ਬਦਲ ਦਿੱਤਾ ਗਿਆ। ਉਸ ਦੀ ਥਾਂ ਬੇਈਮਾਨ ਜੱਜ ਲਿਆ ਕੇ ਮਨ-ਮਰਜ਼ੀ ਦਾ ਫ਼ੈਸਲਾ ਲੈ ਲਿਆ ਗਿਆ। ਚੰਗਾ ਵਕੀਲ ਮੁਏਹੀਆਂ ਦੇ ਕੇਸ ਨੂੰ ਥੋੜ੍ਹੇ ਪੈਸਿਆਂ ਉੱਤੇ ਹੱਥ ਪਾਉਣ ਲਈ ਤਿਆਰ ਨਹੀਂ ਸੀ ਕਿਉਂਕਿ ਇਸ ਨਾਲ ਉਸਦਾ 'ਬਾਰ' ਵਿਚ ਵਕਾਰ ਘਟਦਾ ਸੀ। ਹੋਰ ਵਕੀਲ ਆਪਣੀਆਂ

ਲੂੰਬੜ–ਚਾਲਾਂ ਚਲਦੇ ਰਹੇ।

ਤਫ਼ਤੀਸ਼ ਜਦੋਂ ਸ਼ੁਰੂ ਹੀ ਹੋਈ ਸੀ ਤਾਂ ਐਸ.ਐਸ. ਪੀ. ਨੇ ਸਿੱਧੀ ਆਪਣੇ ਹੱਥਾਂ ਵਿਚ ਲੈ ਲਈ ਸੀ। ਇਸ ਲਈ ਨਹੀਂ ਕਿ ਉਹ ਸਾਫ਼–ਸ਼ਫਾਫ਼ ਤਫ਼ਤੀਸ਼ ਚਾਹੁੰਦਾ ਸੀ, ਬਲਕਿ ਮਾਮਲਾ ਜ਼ਿਆਦਾ ਸੰਜੀਦਾ ਸੀ ਤੇ ਇਸ ਵਿੱਚੋਂ ਵੱਡੀ ਰਕਮ ਹੱਥ ਲੱਗਣ ਦੀ ਆਸ ਸੀ। ਪੁਲਿਸ ਨੇ ਤਫ਼ਤੀਸ਼ ਤੋਂ ਪਹਿਲਾਂ ਹੀ ਸਿਧਾਂਤ ਪੇਲ ਦਿੱਤਾ ਕਿ ਇਹ ਕੰਮ ਕਾਲੇ–ਕੱਛੇ ਵਾਲੇ ਡਾਕੂਆਂ ਦਾ ਸੀ। ਸਿਵਲ ਹਸਪਤਾਲ ਵਿਚ ਡਾਕਟਰ ਦਲਾਲਾਂ ਰਾਹੀਂ ਪੈਸਾ ਲੈਣ ਤੋਂ ਪਹਿਲਾਂ ਕਿਸੇ ਵੀ ਜ਼ਖ਼ਮੀ ਜਾਂ ਲਾਸ਼ ਨੂੰ ਹੱਥ ਲਾਉਣ ਲਈ ਤਿਆਰ ਨਾ ਹੋਏ। ਲੇਡੀ ਡਾਕਟਰ ਵਜ਼ੀਰ ਦੀ ਰਿਸ਼ਤੇਦਾਰ ਸੀ ਤੇ ਬਦਤਮੀਜ਼ ਵੀ। ਨੀਲਮ ਦੀ ਸਿਰ ਦੀ ਸੱਟ ਨੂੰ ਧਿਆਨ ਦੇਣ ਲਈ ਸਿਵਲ ਹਸਪਤਾਲ ਵਿਚ ਡਾਕਟਰੀ ਪ੍ਰਬੰਧ ਨਹੀਂ ਸੀ। ਫਿਰ ਵੀ ਫ਼ੌਜਦਾਰੀ ਕੇਸਾਂ ਵਿਚ ਸਿਵਲ ਹਸਪਤਾਲ ਹੀ ਭਰੋਸੇਯੋਗ ਸੀ। ਨੀਲਮ ਦੀ ਭਰਾ ਰਾਮ ਨਾਥ ਨੂੰ ਖ਼ੁਦ ਵਕੀਲ ਹੋਣ ਦੇ ਬਾਵਜੂਦ ਕੁਝ ਸੁਝ ਨਹੀਂ ਸੀ ਰਿਹਾ, ਜਦੋਂ ਉਸਦੀ ਭੈਣ ਨੂੰ ਬਾਰ-ਬਾਰ ਮਿਰਗੀ ਵਰਗੇ ਦੌਰੇ ਪੈ ਰਹੇ ਸਨ। ਪੁਲਿਸ ਦੋਸ਼ੀਆਂ ਦੇ ਨਾਮ-ਪਤੇ ਤੇ ਹੋਰ ਵੇਰਵੇ ਮੰਗ ਰਹੀ ਸੀ ਜੋ ਉਹ ਦੇਣ ਦੀ ਹਾਲਤ ਵਿਚ ਨਹੀਂ ਸਨ। ਰਾਮ ਨਾਥ ਮੌਕੇ ਦਾ ਗਵਾਹ ਨਹੀਂ ਸੀ। ਦੂਜੇ ਪਾਸੇ, ਕਿਸੇ ਵੀ ਡਾਕਟਰ ਨੂੰ ਆਪਣੀ ਮੁਜਰਿਮਾਨਾ ਅਣਗਹਿਲੀ ਦਾ ਡਰ–ਭੌਅ ਨਹੀਂ ਸੀ।

ਤਫ਼ਤੀਸ਼ ਅਜੇ ਮੁਢਲੇ ਪੜਾ 'ਤੇ ਹੀ ਸੀ ਜਦੋਂ ਪੰਕਜ ਦਾ ਮੈਨੇਜਰ, ਤਫ਼ਤੀਸ਼ 'ਚੰਗੀ' ਕਰਨ ਦੇ ਇਨਾਮ ਵਜੋਂ ਦਸ ਹਜ਼ਾਰ ਰੁਪਏ ਦੀ ਰਕਮ ਬਤੌਰ ਸਾਈ ਦੇ ਤਫ਼ਤੀਸ਼ੀ ਅਫ਼ਸਰ ਦੀ ਜੇਬ ਵਿਚ ਪਾ ਗਿਆ। ਨਤੀਜਾਤਨ, ਤਫ਼ਤੀਸ਼ੀ ਅਫ਼ਸਰ ਦਾ ਫ਼ੌਰਨ ਰਵੱਈਆ ਬਦਲ ਗਿਆ। ਧੀ ਨੇਹਾ ਦੀ ਡਾਕਟਰੀ ਰਿਪੋਰਟ ਲਿਖਾਈ ਹੋਰ ਗਈ, ਪਰ ਲਿਖੀ ਉਸਦੇ ਉਲਟ ਗਈ।

ਦਯਾਨੰਦ ਹਸਪਤਾਲ ਵਿਚ ਪੁੱਜਣ ਬਾਅਦ ਵੇਦ ਪ੍ਰਕਾਸ਼ ਤੇ ਨੀਲਮ ਦੀ ਹਾਲਤ ਖ਼ਰਾਬ ਸੀ, ਪਰ ਖ਼ਰਚਾ ਪੂਰਾ ਨਹੀਂ ਸੀ ਫਟ ਰਿਹਾ। ਡਾਕਟਰਾਂ ਦਾ ਰਵੱਈਆ ਸ਼ੁਰੂ ਤੋਂ ਅੰਤ ਤੱਕ ਬਦ-ਦਿਆਨਤੀ ਵਾਲਾ ਰਿਹਾ।

ਮੁੱਖ ਮੰਤਰੀ ਨੇ ਪ੍ਰੈੱਸ ਤੇ ਵਿਦਿਆਰਥੀਆਂ ਦੀਆਂ ਹੜਤਾਲਾਂ ਦੇ ਦਬਾਅ ਹੇਠ ਤਫ਼ਤੀਸ਼ ਐਸ. ਐਸ. ਪੀ. ਦੀ ਥਾਂ ਕਿਸੇ ਦੂਜੇ ਐਸ. ਪੀ. ਦੇ ਹਵਾਲੇ ਕਰ ਦਿੱਤੀ ਜਿਸਦਾ ਨਤੀਜਾ ਆਖ਼ਰ ਲੱਖਾਂ ਕਰੋੜਾਂ ਦੀ ਰਿਸ਼ਵਤਕਾਰੀ ਵਿਚ ਨਿਕਲਿਆ। ਇਸਦਾ ਸਿੱਟਾ ਪੰਕਜ ਅਤੇ ਨੀਰਜ ਆਖ਼ਰ ਬੀਮਾਰੀ ਦੇ ਬਹਾਨੇ ਦਯਾਨੰਦ ਹਸਪਤਾਲ ਦੇ ਏਅਰ–ਕੰਡੀਸ਼ਨਡ ਕਮਰਿਆਂ ਵਿਚ ਦਾਖ਼ਲ ਹੋ ਗਏ ਜਿੱਥੇ ਉਹ ਰਾਤ ਬੀਵੀਆਂ ਨੂੰ ਬੁਲਾ ਸਕਦੇ ਹਨ, ਵਪਾਰ ਚਲਾ ਸਕਦੇ ਸਨ, ਵਪਾਰੀਆਂ ਦੀ ਮਹਿਮਾਨ ਨਿਵਾਜ਼ੀ ਕਰ ਸਕਦੇ ਸਨ, ਸ਼ਰਾਬ ਪੀ ਸਕਦੇ ਸਨ, ਸਿਪਾਹੀਆਂ ਨੂੰ ਨੌਕਰਾਂ ਵਾਗੂੰ ਵਰਤ ਸਕਦੇ ਸਨ ਤੇ ਵੇਲੇ–ਕਵੇਲੇ ਬਾਹਰ ਆ ਜਾ ਸਕਦੇ ਸਨ। ਇਕ ਮਹੱਤਵਪੂਰਨ ਗਵਾਹ ਚੌਵੀ ਸਾਲ ਦਾ ਸੀ। ਉਸਦੀ ਉਮਰ ਨਾਬਾਲਗ਼ ਵਾਲੀ ਲਿਖਵਾ ਲਈ। ਦਯਾਨੰਦ ਹਸਪਤਾਲ ਦਾ ਟਰੱਸਟ ਲੁਧਿਆਣੇ ਦੇ ਵਪਾਰੀਆਂ ਦਾ ਸੀ ਤੇ ਵਪਾਰੀ ਇਨਕਮ ਟੈਕਸ ਵਾਲਿਆਂ ਤੋਂ ਡਰਦੇ ਸਨ। ਇਨਕਮ ਟੈਕਸ ਦੇ ਅਫ਼ਸਰ ਪੰਕਜ ਤੇ ਨੀਰਜ ਦੇ ਸਕੇ–ਸੰਬੰਧੀ ਸਨ। ਇੰਨ੍ਹਾਂ ਸਭ ਨੇ ਜੋ ਚਾਹਿਆ ਸੋ ਡਾਕਟਰਾਂ ਨੇ ਬਿਨਾਂ ਹੀਲ–ਹੁੱਜਤ ਲਿਖ ਦਿੱਤਾ। ਦੂਜੇ ਪਾਸੇ, ਅਦਾਲਤਾਂ ਵਿਚ ਪੇਸ਼ ਹੋਣ ਵਾਲੀਆਂ ਫ਼ਾਈਲਾਂ ਜਾਂ ਅਧੂਰੀਆਂ ਰੱਖੀਆਂ ਗਈਆਂ ਜਾਂ ਕੋਈ ਨਾ ਕੋਈ ਬਹਾਨਾ ਮਾਰ ਕੇ ਅਦਾਲਤ ਵਿਚ ਪੇਸ਼ ਹੀ ਨਾ ਕੀਤੀਆਂ ਗਈਆਂ ਅਤੇ ਜੇ ਪੇਸ਼ ਕੀਤੀਆਂ ਗਈਆਂ ਤਾਂ ਅਧੂਰੇ ਮਨ ਨਾਲ, ਕਈ ਕੁਝ ਲੁਕਾ ਕੇ।

ਉੱਧਰ ਚੰਡੀਗੜ੍ਹ ਵਿਖੇ ਹਾਈਕੋਰਟ ਦੇ ਰਜਿਸਟਰਾਰ ਨੇ ਆਪਣੇ ਲਈ ਤੇ ਦੋ ਜੱਜਾਂ ਲਈ ਮੋਟੀ ਰਿਸ਼ਵਤ ਲੈ ਕੇ ਉਥੇ ਅੜੇ ਕੰਮ ਕਢਵਾ ਦਿੱਤੇ।ਲੁਧਿਆਣੇ (ਮਾਇਆ ਨਗਰੀ) ਵਿਖੇ ਜੋ ਗਵਾਹੀ ਬਣਦੀ ਸੀ, ਉਹ ਜਾਂ ਤਾ ਜ਼ਾਇਆ ਕਰ ਦਿੱਤੀ ਗਈ ਯਾ ਨਾਕਾਫ਼ੀ ਤੇ ਗ਼ੈਰ-ਭਰੋਸੇਯੋਗ ਕਰਾਰ ਦੇ ਦਿੱਤੀ ਗਈ। ਹਰ ਵਿਚੋਲੇ ਜਾਂ ਅਧਿਕਾਰੀ ਨੇ ਆਪਣਾ ਬਣਦਾ ਗੱਫਾ ਲਿਆ। ਇਸ ਸਾਰੇ ਵਰਤਾਰੇ ਵਿਚ ਮੁਦੱਈ ਧਿਰ ਦੇ ਜ਼ਖ਼ਮੀ ਹਸਪਤਾਲ ਵਿਚ ਪਏ ਰੁਲਦੇ ਰਹੇ ਅਤੇ ਅੰਤ ਦੁੱਖੀ ਹੋ ਕੇ ਘਰ ਪਰਤ ਆਏ। ਇਕੱਲਾ ਰਾਮਨਾਥ ਰੁਲਦਾ ਰਿਹਾ। ਬਾਕੀ ਰਿਸ਼ਤੇਦਾਰ ਦੁੱਖੀ ਹੋ ਕੇ ਇਕ ਜਾਂ ਦੂਜਾ ਬਹਾਨਾ ਮਾਰ ਕੇ ਸਾਥ ਛੱਡ ਗਏ। ਕੇਸ ਰਾਜਕੀ ਹੋਣ ਕਰਕੇ ਰਾਮ ਨਾਥ ਨੂੰ ਬਹਿਸ ਦੀ, ਖ਼ੁਦ ਵਕੀਲ ਹੋਣ ਦੇ ਬਾਵਜੂਦ, ਆਗਿਆ ਨਾ ਦਿੱਤੀ ਗਈ। ਕਾਨੂੰਨ ਮੁਦੱਈ ਨਾਲੋਂ ਮੁਲਜ਼ਮ ਦੇ ਹੱਕ ਵਿਚ ਜ਼ਿਆਦਾ ਭੁਗਤਦਾ ਸੀ। ਹਿਊਮਨ ਰਾਈਟਸ ਵਾਲੇ ਵੀ ਮੁਲਜ਼ਮਾਂ ਦਾ ਪੱਖ ਪੂਰਦੇ ਸਨ, ਹਿਊਮਨ ਰਾਈਟਸ ਦੇ ਨਾਂ ਉੱਤੇ।

ਨਾਵਲ ਦੀ ਕੇਂਦਰੀ ਸਮੱਸਿਆ ਦੇ ਪਰਿਚੈ ਲਈ ਉਕਤ ਵੇਰਵਾ ਸੰਖਿਪਤ ਹੈ। ਪਰਚੇ ਦੇ ਅਕਾਰ ਦੀਆਂ ਔਕੜਾਂ ਦੇ ਸਨਮੁੱਖ ਹੋਰ ਤਫ਼ਤੀਸ਼ ਏਥੇ ਮੁਮਕਿਨ ਨਹੀਂ। ਵੈਸੇ ਮਹੱਤਵਪੂਰਣ ਵੇਰਵੇ ਹੋਰ ਵੀ ਬਹੁਤ ਜ਼ਿਆਦਾ ਹਨ। ਸਭ ਤੋਂ ਮਹੱਤਵ–ਪੂਰਣ ਤੱਥ ਤਾਂ ਇਹ ਹੈ ਕਿ ਅਮੀਰ ਦੀ ਪ੍ਰਭੁਤਾ ਤੇ ਕਾਨੂੰਨ ਦੀ ਗ਼ੁਲਾਮੀ ਦੀ ਅਵਸਥਾ ਦਾ ਸਿੱਟਾ ਤਕਰੀਬਨ ਸਭ ਦੋਸ਼ੀ ਬਰੀ ਜਾਂ ਰਿਹਾ ਕਰ ਦਿੱਤੇ ਗਏ। ਵਿਅੰਗ ਇਹ ਹੈ ਕਿ ਇਸ ਵਿਚ ਮੁੱਖ ਮੰਤਰੀ, 'ਮੈਡਮ' ਤੇ 'ਕਾਕਾ ਜੀ' ਨੇ ਪੂਰਾ ਯੋਗਦਾਨ ਪਾਇਆ। ਆਖ਼ਰ ਸੱਠ ਲੱਖ ਦੀ ਖੇਡ ਸੀ। ਅਧਿਕਾਰੀ ਦੋਸ਼ੀਆਂ ਦੀ ਮਹਿਮਾਨ ਨਿਵਾਜ਼ੀ ਦਾ ਮੌਜ –ਮੇਲਾ ਮਾਣਦੇ ਰੰਗੇ ਹੱਥੀਂ ਫੜ੍ਹੇ ਗਏ ਸਨ। ਪਰ ਕੌਣ ਕਹੇ ਰਾਣੀਏ ਅੱਗਾ ਢੱਕ। ਪਾਂਡਵ ਕਹਿ ਸਕਦੇ ਸਨ, ਪਰ ਉਨ੍ਹਾਂ ਤਾਂ ਪਹਿਲਾਂ ਹੀ ਸਨਿਆਸ ਲੈ ਲਿਆ ਹੋਇਆ ਸੀ। ਅਜੇ ਵੀ ਲਿਆ ਹੋਇਆ ਹੈ।

ਦੋਸ਼ੀ ਸਾਧੂ ਸਿੰਘ ਵਰਗੇ ਇਨਸਾਫ਼–ਪਸੰਦ ਮੁਨਸ਼ਫ਼ ਦੀ ਥਾਂ ਆਏ ਬੇਈਮਾਨ ਜੱਜ ਤੋਂ ਆਪਣੀ ਮਰਜ਼ੀ ਦੇ ਫ਼ੈਸਲੇ ਕਰਵਾ ਲੈਂਦੇ ਹਨ। ਪਰ ਸਾਧੂ ਸਿੰਘ ਪਿੱਛੇ ਸਵਾਲ ਛੱਡ ਜਾਂਦਾ ਹੈ ਕਿ : ਭਾਰਤ ਉਨ੍ਹਾਂ ਕਾਨੂੰਨਾਂ ਅਧੀਨ ਸੁਰੱਖਿਅਤ ਰਹਿ ਸਕਦਾ ਹੈ, ਜੋ ਪੁਲਿਸ ਅਤੇ ਤਾਕਤਵਰ ਨੂੰ ਬੇਲਗਾਮ ਤਾਕਤ ਦੇਂਦੇ ਹਨ? ਕੀ ਅਸੀਂ ਉਹ ਕਾਨੂੰਨ ਬਰਦਾਸ਼ਤ ਕਰ ਸਕਦੇ ਹਾਂ ਜੋ *21* ਵੀਂ ਸਦੀ ਵਿਚ *19* ਵੀਂ ਦੀ ਰਹਿੰਦ–ਖੂੰਧ ਬਣ ਕੇ ਰਹਿ ਗਏ ਹਨ? ਖ਼ਾਸ ਕਰ, ਗਵਾਹੀ ਦਾ ਗਲਿਆ–ਸੜਿਆ ਕਾਨੂੰਨ? ਅਸੀਂ ਹੋਰ ਕਿੰਨਾ ਕੁ ਸਮਾਂ ਝੂਠੀਆਂ ਗਵਾਹੀਆਂ ਦਾ ਫ਼ਰਾਡ ਝੱਲ ਸਕਾਂਗੇ? ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਦੀ ਓਟ ਲੈ ਕੇ ਹੋਰ ਕਿੰਨਾ ਕੁ ਸਮਾਂ ਬਦਨਾਮ ਬਦਮਾਸ਼ਾਂ ਨੂੰ ਸ਼ੱਕ ਦਾ ਲਾਭ ਦੇਂਦੇ ਰਹਾਂਗੇ? ਆਖ਼ਰ ਇਹ 'ਸ਼ੱਕ ਦੇ ਲਾਭ' (benefit of doubt) ਵਰਗੀ ਬਦਮਾਸ਼ੀ ਹੈ ਕੀ ਚੀਜ਼? ਵਕਾਲਤ ਦਾ ਮਤਲਬ ਕੀ ਹੈ? ਕੀ ਇਸਦੇ ਅਰਥ 'ਜੁਰਮ' ਦੇ ਨਹੀਂ ਬਣ ਗਏ? ਕੀ ਸਾਨੂੰ ਆਪਣੇ ਨਵੇਂ ਰੱਬ ਦਾ ਧੰਨਵਾਦ ਨਹੀਂ ਕਰਨਾ ਚਾਹੀਦਾ: ਕਾਲੇ ਧਨ ਅਤੇ ਨਵ-ਧਨੀ ਜਮਾਤ ਦੇ ਰੂਪ ਵਿੱਚ ਉਭਰੇ ਰੱਬ ਦਾ?

ਨਾਵਲ ਇਹ ਸਵਾਲ ਉਠਾਉਂਦਾ ਹੋਇਆ ਮੁੱਕਦਾ ਹੈ। ਇਹ ਜਵਾਬਾਂ ਦਾ ਪੁਲੰਦਾ ਨਹੀਂ ਸਵਾਲਾਂ ਦਾ ਫਨੀਅਰ ਹੈ। ਜਵਾਬ ਸੋਚ ਨੂੰ ਤਾਲਾ ਮਾਰਦੇ ਹਨ, ਜਿਵੇਂ ਮਾਤਾ ਕਲਿਆਣੀ ਕੁੰਡਲਿਨੀ ਜਗਾਉਣ ਦੇ ਪਰਦੇ ਪਿੱਛੇ ਸੋਚ ਨੂੰ ਸੁਆਂਦੀ ਹੈ। ਨੇਹਾਂ ਦੀ ਸੋਚ ਜਦੋਂ ਤੱਕ ਸੁੱਤੀ ਸੀ, ਉਹ ਸ਼ਾਂਤ

ਸੀ। ਜਦੋਂ ਜਾਗਦੀ ਹੈ ਤਾਂ ਉਹ ਬੇਚੈਨ ਹੋ ਜਾਂਦੀ ਹੈ। ਐਸੀ ਹਾਲਤ ਦੇ ਸਮਾਧਾਨ ਤੋਂ ਮਾਤਾ ਕਲਿਆਣੀ ਪਾਸਾ ਵੱਟਦੀ ਹੈ। ਪਾਸਾ ਵੱਟਣਾ ਕੋਈ ਇਲਾਜ ਨਹੀਂ ਇਲਾਜ ਸਨਮੁਖ ਹੋਣ ਵਿੱਚ ਹੈ।

ਇਹ ਹੈ ਇਸ ਨਾਵਲ ਦੀ ਸ਼ਿਲਪਕਾਰੀ ਸਾਣ ਹੈ ਪ੍ਰਬੁੱਧਤਾ ਦੀ ਮਾਰਕ ਸ਼ੋਰਰ ਨੇ ਤਦੇ ਹੀ ਸ਼ਿਲਪਕਾਰੀ ਨੂੰ ਦਰਿਆਫ਼ਤ ਦਾ ਜ਼ਰੀਆ ਦਰਸਾਇਆ ਸੀ। ਮਾਤਾ ਕਲਿਆਣੀ ਕੁੰਡਲਿਨੀ ਦੇ ਜਾਗਣ ਦਾ ਅਧਿਆਤਮ ਘੋਟਦੀ ਹੋਈ ਇਸ ਨੂੰ 'ਦੁਰਗਾ ਕਵਚ' ਦਾ ਸੁਰੱਖਿਆ-ਖੇਤਰ ਕਹਿੰਦੀ ਹੈ। ਉਹ ਆਪਣੇ ਧਾਰਮਿਕ ਪ੍ਰਵਚਨਾਂ ਵਿਚ ਇਸਦਾ ਐਸਾ ਦਾਰਸ਼ਨਿਕ ਤੇ ਯੋਗਿਕ ਤਾਣਾ-ਬਾਣਾ ਬੁਣਦੀ ਹੈ ਕਿ ਉਸਦੀ ਲਫ਼ਜ਼ਾਵਲੀ ਚੰਗੇ-ਭਲਿਆਂ ਦੇ ਹੋਸ਼ ਉੜਾ ਦੇਂਦੀ ਹੈ ਤੇ ਇਸ ਮਨੋ-ਅਵਸਥਾ ਨੂੰ ਉਹ ਇਕ ਗਹਿਨ-ਗੰਭੀਰ ਗਿਆਨ-ਅਵਸਥਾ ਸਮਝਣ ਲੱਗ ਪੈਂਦੇ ਹਨ। ਇਸ ਅਵਸਥਾ ਵਿਚ ਵਿਚਰਨ ਵਾਲੇ ਉਸਦੇ ਅਨਿੰਨ ਭਗਤਾਂ ਦੀ ਗਿਣਤੀ ਵਿਸ਼ਾਲ ਹੈ ਤੇ ਅਮਰੀਕਾ ਵਰਗੇ ਦੂਰ-ਦੁਰਾਜ਼ ਦੇਸ਼ਾਂ ਵਿਚ ਵੀ ਪਸਰੀ ਹੋਈ ਹੈ। ਨੇਹਾ ਵੀ ਉਸਦੀ ਅਨਿੰਨ ਤੇ ਮਨ-ਚਾਹੀ ਭਗਤ ਸੀ। ਪਰ ਬਲਾਤਕਾਰ ਦੀ ਦੁਰਘਟਨਾ ਦਾ ਸਿੱਟਾ ਉਸ ਦੁਆਲਿਓ ਮਾਤਾ ਕਲਿਆਣੀ ਦੇ 'ਦੁਰਗਾ ਕਵਚ' ਦੀ ਸੁਰਖਸ਼ਾ ਦਾ ਘੇਰਾ ਟੁੱਟ ਜਾਂਦਾ ਹੈ। ਮਾਤਾ ਦੇ ਅਨੁਯਾਈ ਉਸ ਨੂੰ ਭ੍ਰਸ਼ਟ ਹੋ ਗਈ ਸਮਝ ਕੇ ਉਸ ਨੂੰ ਇਕ ਪ੍ਰਕਾਰ ਆਪਣੇ ਸੰਗਠਨ ਵਿਚੋਂ ਖਾਰਜ ਕਰ ਦੇਂਦੇ ਹਨ। ਮਾਤਾ ਕਲਿਆਣੀ ਖ਼ੁਦ ਵੀ ਉਸ ਤੋਂ ਕਿਨਾਰਾਕਾਸ਼ੀ ਦਾ ਰਾਹ ਚੁਣਦੀ ਹੈ। ਪ੍ਰਤਿਕ੍ਰਿਆ ਵੱਜੋਂ ਨੇਹਾ ਆਪ ਵੀ ਸਮਕਾਲੀਨ ਭਾਰਤ ਵਿਚ ਮਾਤਾ ਵਰਗੇ ਉਸ਼ਟੰਡਾਂ ਤੋਂ ਉਪਰਾਮ ਹੋ ਜਾਂਦੀ ਹੈ। ਮਾਤਾ ਕਲਿਆਣੀ ਦੀ ਪ੍ਰਤਿਕ੍ਰਿਆ ਉਸ ਦੇ ਉਸ਼ਟੰਡ ਦਾ ਸ਼ਰਮਨਾਕ ਇਕਬਾਲ ਹੈ।

ਨਾਵਲ ਦੀ ਸੰਰਚਨਾ ਦੇ ਇਸ ਉਪ-ਪ੍ਰਸੰਗ ਦਾ ਵਿਅੰਗ ਤਾ ਸਪਸ਼ਟ ਹੈ। ਪਰ ਇਸ ਉਪ-ਪ੍ਰਸੰਗ ਤੋਂ ਇਲਾਵਾ ਨਾਵਲ ਦੀ ਸੰਰਚਨਾ ਦੀਆਂ ਹੇਠਲੀਆਂ ਤਹਿਆਂ ਵਿਚ ਦੋ ਉਪ-ਸੰਰਚਨਾਵਾਂ ਵੀ ਹਨ। ਇਹ ਉਪ-ਸੰਰਚਨਾਵਾਂ ਕੁਝ ਐਸੇ ਅਰਥਾਂ ਦੀਆਂ ਸੂਚਕ ਹਨ ਜੋ ਅਗਰਭੂਮੀ ਵਿਚ ਪਈ ਸੰਰਚਨਾ ਵਿਚ ਮੂਰਤੀਮਾਨ ਨਹੀਂ ਹੁੰਦੇ। ਮਾਤਾ ਕਲਿਆਣੀ ਵਰਗੇ ਉਸ਼ਟੰਡਾਂ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਸਮੁੱਚੀ ਸਮਾਜਕ ਵਿਵਸਥਾ ਗੰਭੀਰ ਰੂਪ ਵਿਚ ਪ੍ਰਦੂਸ਼ਿਤ ਹੋਵੇ। ਇਸ ਪ੍ਰਦੂਸ਼ਨ ਦਾ ਇਲਾਜ ਚਤੁਰ ਵਿਅਕਤੀ ਧਾਰਮਿਕ-ਅਧਿਆਤਮਿਕ ਉਸ਼ਟੰਡਾਂ ਦੀ ਸ਼ਕਲ ਵਿਚ ਡੌਲਦੇ ਤੇ ਪ੍ਰਸਾਰਦੇ ਹਨ। ਨਾਵਲ ਦੇ ਬਾਕੀ ਸਾਰੇ ਤਾਣੇ ਬਾਣੇ ਵਿੱਚੋਂ ਉੱਘੜਦੇ ਕਾਲ-ਕੁੰਡ ਵਾਂਗ ਮਾਤਾ ਕਲਿਆਣੀ ਦੇ ਸਬਜ਼-ਬਾਗ ਵੀ ਕਾਲ-ਕੁੰਡ ਹੀ ਹਨ।

ਦੂਜੀ ਉਪ-ਸੰਰਚਨਾ ਅਧਿਆਤਮ ਤੇ ਵਾਸਤਵਿਕਤਾ ਦੇ ਭੇਦ ਸੰਬੰਧੀ ਹੈ। ਮਾਤਾ ਕਲਿਆਣੀ ਦਾ ਕਾਰੋਬਾਰ ਇਸ ਭੇਦ ਨੂੰ ਮਿਟਾਉਂਦਾ ਨਹੀਂ, ਬਲਕਿ ਇਕ ਅੰਤਰ-ਵਿਰੋਧ ਦੇ ਰੂਪ ਵਿਚ ਪ੍ਰਜਵਲਿਤ ਕਰਦਾ ਹੈ। ਸ਼ਿਲਪਕਾਰੀ ਦੇ ਪੱਖ ਤੋਂ ਇਹ ਇਕ ਤਨਜ਼ੀਆ ਵਿਰੋਧਾਭਾਸ ਹੈ। ਇਹ ਵੇਖਣ-ਸੁਣਨ ਵਿਚ ਵਿਰੋਧੀ ਲਗਦਾ ਹੈ, ਪਰ ਦਰਅਸਲ ਹੈ ਨਹੀਂ।

ਵਿਰੋਧਾਭਾਸਾ ਦੀ ਸ਼ਿਲਪ ਨਾਵਲ ਦੀ ਬਣਤਰ ਨੂੰ ਗਹਿਰਾਈ ਦਾ ਅਯਾਮ ਦੇਣ ਵਾਲੀ ਖ਼ਾਸ ਜੁਗਤ ਹੈ। ਤਨਾਉ, ਟਕਰਾਉ, ਕਟਾਖਸ਼, ਵਿਡੰਬਨਾ, ਵਿਅੰਗ ਤੇ ਅੰਤਰਪਾਠ ਆਦਿ ਦੀਆਂ ਜੁਗਤਾਂ ਦੀ ਸਥਿਤੀ ਅਸੀਂ ਮਹਾਂਭਾਰਤ ਦੇ ਪੈਰਾਡਾਈਮ ਦੀ ਚਰਚਾ ਦੇ ਸੰਦਰਭ ਵਿਚ ਸ਼ੁਰੂ ਵਿਚ ਹੀ ਵਿਚਾਰ ਚੁੱਕੇ ਹਾਂ। ਰਹਿ ਗਿਆ ਮਸਲਾ ਬੁਣਤੀ ਦਾ। ਬੁਣਤੀ ਦੀ ਹੋਂਦ, ਅਣਹੋਂਦ ਜਾਂ ਉਸਦੇ ਅੰਤਰਗਤ ਪ੍ਰਤੀਕਾਤਮਕਤਾ ਦੇ ਸਵਾਲ ਇਸ ਨਾਵਲ ਦੀ ਵਿਉਂਤਬੰਦੀ ਵਿਚ ਪ੍ਰਾਸੰਗਿਕ ਨਹੀਂ

ਹਨ। ਬੁਣਤੀ ਕਿਸੇ ਵੀ ਨਾਵਲ ਜਾਂ ਬਿਰਤਾਂਤ ਵਿਚ ਸੂਖ਼ਮ ਮਨੋਭਾਵਾਂ ਜਾਂ ਸੰਵੇਦਨਸ਼ੀਲਤਾ ਨੂੰ ਸੁਝਾਉਣ ਦਾ ਸ਼ਾਸਤਰ ਹੈ ਤੇ ਪ੍ਰਤੀਕਾਤਮਤਕਤਾ ਮਨੁੱਖੀ ਮਨ, ਸੋਚਾਂ ਜਾਂ ਰਿਸ਼ਤਿਆਂ ਦੀਆਂ ਅਜਿਹੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਜ਼ਰੀਆ, ਜਿੰਨ੍ਹਾਂ ਨੂੰ ਸਿੱਧੇ ਬਿਰਤਾਂਤ, ਵਰਣਨ ਜਾਂ ਕਿਸੇ ਹੋਰ ਗਿਆਤ ਵਿਧੀ ਨਾਲ ਖੋਲ੍ਹਣਾ ਸੰਭਵ ਨਾ ਬਣ ਸਕੇ। ਕੌਰਵ ਸਭਾ ਦਾ ਸ਼ਕਤੀਸ਼ਾਲੀ ਸ਼ਾਸਤਰ ਇਸਦੇ ਤੱਥ ਹਨ ਜੋ ਏਨੇ ਵਿਵਿਧ ਤੇ ਪ੍ਰਮਾਣਕ ਹਨ ਕਿ ਹੋਰ ਜੁਗਤਾਂ ਦੀ ਅਹਿਮੀਅਤ ਦੁਜੈਲੀ ਹੋ ਨਿਬੜਦੀ ਹੈ। ਨਾਵਲ ਦਾ ਮੁੱਖ ਸਰੋਕਾਰ ਹੁਣ ਤੱਕ ਦੇ ਆਜ਼ਾਦ ਭਾਰਤ ਵਿਚ ਰਾਜ-ਪ੍ਰਣਾਲੀ, ਸਮਾਜ ਤੰਤ੍ਰ ਤੇ ਮਨੁੱਖੀ ਰਿਸ਼ਤਿਆਂ ਦੀ ਅਮਾਨਵੀਅਤਾ ਨੂੰ ਸਾਹਿਤਕ ਟੋਕ ਦੀ ਪੂਰੀ ਸ਼ਿੱਦਤ ਨਾਲ ਚਿਤ੍ਰਨਾ ਹੈ ਤੇ ਇਹ ਕਾਰਜ ਨਾਵਲਕਾਰ ਨੇ ਤੱਥਾਂ ਦੇ ਵਿਸਤਾਰ ਤੇ ਪੁਨਰਗਠਨ ਰਾਹੀਂ ਇੰਜ ਨਿਭਾਇਆ ਹੈ ਕਿ ਜਿਸਦਾ ਸਿੱਟਾ ਨਾਵਲ ਵਿਚ ਜਗਿਆਸਾ ਨੂੰ ਸਾਣ ਉੱਤੇ ਲਾਉਣ ਵਾਲੇ ਗਾਲਪਨਿਕ ਰਹੱਸ ਵਿਭਿੰਨ ਪੈਂਤੜਿਆਂ ਵਿਚ ਉੱਸਰਦੇ ਵੀ ਹਨ ਤੇ ਟੁੱਟਦੇ ਵੀ, ਨਾਵਲ ਦੀ ਪਕੜ ਦੇ ਹਿੱਤ ਵਿੱਚ।

# 4
# 'ਕੌਰਵ ਸਭਾ': ਏਤੀ ਮਾਰ ਪਈ ਕੁਰਲਾਣੈ

**ਪਰਮਜੀਤ ਸਿੰਘ ਸਿੱਧੂ**

## (I)

ਸ਼ੁਰੂ ਤੋਂ ਹੀ ਸਾਹਿਤ ਦੀ ਵਜੂਦਾਤਮਕਤਾ ਵਾਦ-ਵਿਵਾਦ ਦਾ ਵਿਸ਼ਾ ਰਹੀ ਹੈ। ਸੰਸਕ੍ਰਿਤ ਕਾਵਿ ਸ਼ਾਸਤਰ ਸਾਹਿਤ ਦੇ ਪ੍ਰਯੋਜਨ ਨੂੰ ਸਪਸ਼ਟ ਕਰਨ ਦਾ ਯਤਨ ਕਰਦਾ ਹੈ। ਵੱਖੋ-ਵੱਖਰੀਆਂ ਸੰਪਰਦਾਵਾਂ ਦੇ ਅਚਾਰੀਆ ਸਾਹਿਤਕ ਰਚਨਾਵਾਂ ਦੇ ਸਰੂਪ ਤੇ ਸੰਚਾਰ ਨੂੰ ਆਪੋ-ਆਪਣੀ ਦ੍ਰਿਸ਼ਟੀ ਤੋਂ ਸਮਝਦੇ ਰਹੇ ਹਨ। ਭਾਰਤੀ ਭਾਸ਼ਾਵਾਂ ਦੇ ਵਿਦਵਾਨ 'ਸੰਸਕ੍ਰਿਤ ਕਾਵਿ ਸ਼ਾਸਤਰ' ਨੂੰ ਆਧਾਰ ਬਣਕੇ ਜਾਂ ਫਿਰ ਆਧੁਨਿਕ ਪੱਛਮੀ ਅਧਿਐਨ-ਪ੍ਰਣਾਲੀਆਂ ਨੂੰ ਸੁਤੰਤਰ ਰੂਪ ਵਿਚ ਜਾਂ ਭਾਰਤੀ ਦਾਰਸ਼ਨਿਕ ਸੋਚ ਨਾਲ ਰਲਾਕੇ ਆਪੋ-ਆਪਣੇ ਸਾਹਿਤ ਨੂੰ ਸਮਝਣ ਤੇ ਸੰਚਾਰਨ ਦਾ ਯਤਨ ਕਰਦੇ ਆ ਰਹੇ ਹਨ। ਸਮਾਜ ਵਿਗਿਆਨਕ ਅਤੇ ਭਾਸ਼ਾ ਵਿਗਿਆਨਕ ਆਧਾਰਾਂ ਵਾਲੀਆਂ ਅਧਿਐਨ-ਪ੍ਰਣਾਲੀਆਂ ਦੀ ਵਕਾਲਤ ਕਰਨ ਵਾਲੇ ਵਿਦਵਾਨ ਹਮੇਸ਼ਾ ਸਮੱਗਰੀ ਦੀ ਪ੍ਰਕਿਰਤੀ ਨੂੰ ਆਪਣੇ ਹੱਕ ਵਿਚ ਤਰਕ ਵੱਜੋਂ ਵਰਤਦੇ ਆ ਰਹੇ ਹਨ। ਉਨ੍ਹਾਂ ਦਾ ਮੱਤ ਹੈ ਕਿ ਸੰਸਕ੍ਰਿਤ ਕਾਵਿ ਸ਼ਾਸਤਰ ਦੀ ਅਧਾਰ ਸਮੱਗਰੀ (ਸੰਸਕ੍ਰਿਤ ਸਾਹਿਤ) ਦੇ ਮੁਕਾਬਲੇ ਅਜੋਕੇ ਸਾਹਿਤ ਨੇ ਬਹੁਪਰਤੀ ਵਿਧਾਵਾਂ ਨੂੰ ਆਪਣਾ ਮਾਧਿਅਮ ਬਣਾਇਆ ਹੋਇਆ ਹੈ। ਨਵੀਆਂ ਵਿਧਾਵਾਂ ਦੀ ਵਜੂਦਾਤਮਕਤਾ ਅਤੇ ਨਵ-ਮਾਨਵੀ ਸਰੋਕਾਰ ਮੰਗ ਕਰਦੇ ਹਨ ਕਿ ਆਧੁਨਿਕ ਸਾਹਿਤ ਨੂੰ ਸਮਝਣ ਦੇ ਪਰੰਪਰਾਈ ਸਿਧਾਂਤਾਂ ਦੀ ਥਾਂ ਨਵੇਂ ਸਿਧਾਂਤ ਸਿਰਜੇ ਜਾਣ। ਮਿੱਤਰ ਸੈਨ ਮੀਤ ਦਾ ਨਾਵਲ 'ਕੌਰਵ ਸਭਾ' ਸੰਸਕ੍ਰਿਤ ਪਰੰਪਰਾ ਦੇ ਮੁਕਾਬਲੇ ਆਧੁਨਿਕ ਵਿਧਾ (ਨਾਵਲ) ਵਿਚ ਰਚੀ ਹੋਈ ਕਿਰਤ ਹੈ। ਸਾਨੂੰ ਜਾਪਦਾ ਹੈ ਕਿ ਨਵੇਂ ਸਰੂਪ ਵਾਲੀਆਂ ਸਾਹਿਤਕ ਰਚਨਾਵਾਂ ਆਪਣੀ ਅਰਥ-ਵਿਗਿਆਨਕ ਜੁਗਤ ਵਿਚ ਪਰੰਪਰਾ ਤੋਂ ਮੁਕਤੀ ਪ੍ਰਾਪਤ ਕਰਨ ਦੇ ਸਮਰੱਥ ਅਜੇ ਨਹੀਂ ਹੋਈਆਂ। ਵੈਸੇ ਵੀ ਪਰੰਪਰਾ ਤੋਂ ਵਰਤਮਾਨ ਦੇ ਪਰਤੱਖਣ ਦਾ ਮਾਧਿਅਮ ਬਣਦੀ ਹੈ। ਨਵੇਂ ਜਾਪਦੇ ਸਰੋਕਾਰ ਵੀ ਸਤਹੀ ਪੱਧਰ ਦਾ ਕੇਵਲ ਭੁਲੇਖਾ ਹੀ ਸਿਰਜਦੇ ਹਨ। ਆਪਣੀ ਰੂਹ ਵਿਚ ਇਹ ਸਰੋਕਾਰ ਵੀ ਮਾਨਵੀ ਮੂਲ-ਬਿਰਤੀਆਂ ਦੀ ਆਧਾਰ-ਸ਼ਿਲਾ ਤੇ ਸਿਰਜੀਆਂ ਸਿਰਜਨਾਵਾਂ ਹੁੰਦੀਆਂ ਹਨ। 'ਕੌਰਵ ਸਭਾ' ਇਸ ਦੀ ਇਕ ਬਹੁਤ ਵਧੀਆ ਉਦਾਰਹਣ ਹੈ। ਹੱਥਲੇ ਪਰਚੇ ਵਿਚ ਇਸ ਕਿਰਤ ਦੀ ਅਰਥ ਵਿਗਿਆਨਕ ਜੁਗਤ ਦੇ ਕੁਝ ਪਾਸਾਰਾਂ ਨੂੰ ਉਲੀਕਣ ਦਾ ਯਤਨ ਕੀਤਾ ਜਾ ਰਿਹਾ ਹੈ।

## (II)

**'ਕੌਰਵ ਸਭਾ'**[1] ਇਕ ਵੱਡ-ਆਕਾਰੀ ਗਲਪੀ ਕਿਰਤ ਹੈ। ਮਿੱਤਰ ਸੈਨ ਮੀਤ ਦੀ ਇਹ *1971* ਤੋਂ *2003* ਤੱਕ ਦੀ 'ਸਤਵੀਂ' ਸਿਰਜਨਾ ਹੈ ਅਤੇ 'ਪੰਜਵਾਂ' ਨਾਵਲ ਹੈ। ਇਸ ਦੇ ਤਿੰਨ ਭਾਗ ਹਨ: ਪਹਿਲੇ ਭਾਗ ਵਿਚ *60* ਕਾਂਡ[2] : ਦੂਜੇ ਭਾਗ ਵਿਚ *23* ਕਾਂਡ[3] ਅਤੇ ਤੀਜੇ ਭਾਗ ਵਿਚ *34* ਕਾਂਡ[4] ਹਨ। ਇਸ ਦਾ ਕਥਾਨਕ ਬਠਿੰਡੇ ਦੇ ਇਕ ਕਰਿਆਨੇ ਵਾਲੇ ਦੇ ਪਰਿਵਾਰ ਦੀ ਪ੍ਰਗਤੀ ਦੀ ਸਮਾਜਕ ਪਿੱਠ-ਭੂਮੀ; ਭਾਰਤ ਦੇ ਮਾਨਚੈਸਟਰ ਬਣੇ, ਦਯਾ ਨੰਦ ਹਸਪਤਾਲ, ਪੰਜ ਲੱਖ ਬਿਹਾਰੀ ਤੇ ਯੂ.ਪੀ. ਦੇ ਪਰਵਾਸੀ ਮਜ਼ਦੂਰਾਂ ਵਾਲੇ ਮਾਇਆ ਨਗਰ (ਲੁਧਿਆਣੇ) ਵਿਚ ਇਸ ਪਰਿਵਾਰ ਦੀਆਂ

ਦੋ ਪੀੜ੍ਹੀਆਂ ਦੀ ਸਹਿਯੋਗੀ–ਚੜ੍ਹਤ ਅਤੇ ਫਿਰ ਅੰਤ ਤੇ ਜਾਇਦਾਦ ਉੱਤੇ ਹੱਕ ਤੇ ਮਾਲਕੀ ਦੇ ਦਾਅਵਿਆਂ ਨੂੰ ਸੁਲਝਾਉਣ ਲਈ ਭਤੀਜਿਆ ਦੁਆਰਾ ਚਾਚੇ ਦੇ ਘਰ ਕਰਾਏ ਦੇ ਕਾਤਲ ਭੇਜਣ ਤੇ ਉਨ੍ਹਾਂ (ਕਾਤਲਾਂ) ਦੁਆਰਾ ਉਨ੍ਹਾਂ ਦੀ ਚਾਚੇ ਦੀ ਕੁੜੀ (ਭੈਣ) ਦੇ ਬਲਾਤਕਾਰ, ਚਾਚੇ ਦੇ ਮੁੰਡੇ ਦੇ ਕਤਲ, ਚਾਚੇ–ਚਾਚੀ ਨੂੰ ਗੰਭੀਰ ਰੂਪ ਵਿਚ ਫੱਟੜ ਕਰਨ ਤੇ ਲੁੱਟ ਮਾਰ ਕਰਨ ਦੇ ਵੇਰਵਿਆਂ ਤੋਂ ਆਰੰਭ ਹੁੰਦਾ ਹੈ। ਇਸ ਨਾਵਲ ਦੇ ਕਥਾਨਕ ਦੇ ਬਾਕੀ ਸਾਰੇ ਪਾਸਾਰ ਕਥਾਨਕ ਦੀ ਅਰੰਭਲੀ ਸਮੱਸਿਆ ਨੂੰ ਸੁਲਝਾਉਣ ਲਈ ਸਮੁੱਚੇ ਸਮਾਜਕ ਪ੍ਰਬੰਧ ਨੂੰ ਆਧਾਰ–ਚੌਖਟਾ ਬਣਾਉਂਦੇ ਹਨ। ਸਤਹੀ ਪੱਧਰ ’ਤੇ ਮੋਹਨ ਲਾਲ ਅਤੇ ਦੇਵ ਇਕ ਕਰਿਆਨੇ ਵਾਲੇ ਦੇ ਮੁੰਡੇ ਹਨ। ਜਿਨ੍ਹਾਂ ਨੂੰ ਸਮਾਜ ਪੜ੍ਹਾਈ ਤੇ ਤਰੱਕੀ ਕਰਨ ਦੇ ਮੌਕੇ ਦਿੰਦਾ ਹੈ। ਮੋਹਨ ਲਾਲ ਇੰਜਨੀਅਰ ਬਣਨ ਮਗਰੋਂ ਪੀ. ਡਬਲਿਊ. ਡੀ. ਵਿਚ ਕੰਮ ਕਰਨ ਦੌਰਾਨ, ਸਮਾਜ ਦੁਆਰਾ ਪ੍ਰਦਾਨ ਵਿਵਸਥਾ ਰਾਹੀਂ ਕਮਿਸ਼ਨਾਂ ਚੋਰੀਆਂ ਤੇ ਠੱਗੀਆਂ ਦੇ ਰੂਪ ਵਿਚ ਪਹਿਲਾਂ ਇਕ ਠੇਕੇਦਾਰ ਦਾ ਦਾਮਾਦ, ਫਿਰ ਸਰਕਾਰੀ ਅਫ਼ਸਰਾਂ ਦਾ ਮਿਹਨਤੀ ਤੇ ਭਰੋਸੇਯੋਗ ਚਮਚਾ ਅਤੇ ਅੰਤ ’ਤੇ ਮਾਇਆ ਨਗਰ ਵਿਚ ਇਕ ਸਫ਼ਲ ਸਨਅਤਕਾਰ ਬਣਦਾ ਹੈ। ਇਸ ਵਿਵਸਥਾ ਵਿਚ ਉਸ ਦੇ ਅਸਰ–ਰਸੂਖ਼ ਕਰਕੇ ਉਸ ਤੋਂ ਛੋਟਾ, ਉਸਦੇ ਬੱਚਿਆਂ ਵਰਗਾ, ਭਰਾ ਦੇਵ ਪਹਿਲਾਂ ਕਮੇਟੀ ਵਿਚ ਕਲਰਕ ਤੇ ਬਾਅਦ ਵਿਚ ਉਸ ਦੀਆਂ ਬੇਨਾਮੀ ਮਲਕੀਅਤਾਂ ਦਾ ਕਾਨੂੰਨੀ ਦਾਅਵੇਦਾਰ ਬਣਦਾ ਹੈ। ਉਸ ਦੀ ਮੌਤ ਮਗਰੋਂ ਬਚੀ ਜਾਇਦਾਦ ਦੇ ਬਟਵਾਰੇ ਲਈ ਉਸ ਦੇ ਮੁੰਡੇ ਪੰਕਜ ਤੇ ਨੀਰਜ, ਆਪਣੇ ਚਚੇਰੇ ਭਰਾ ਕਮਲ ਨੂੰ ਕਤਲ ਕਰਨ ਲਈ, ਕਰਾਏ ਦੇ ਕਾਤਲ ਭੇਜਦੇ ਹਨ ਜੋ ਉਸ ਦਾ ਕਤਲ ਕਰਨ, ਚਾਚੇ-ਚਾਚੀ ਨੂੰ ਗੰਭੀਰ ਰੂਪ ਵਿਚ ਫੱਟੜ ਕਰਨ ਤੋਂ ਇਲਾਵਾ ਉਨ੍ਹਾਂ ਦੀ ਚਚੇਰੀ ਭੈਣ, ਨੇਹਾ, ਦਾ ਬਲਾਤਕਾਰ ਵੀ ਕਰਦੇ ਹਨ। ਸੰਚਾਰ ਦੇ ਪੱਧਰ ’ਤੇ ਕਤਲ ਬਲਾਤਕਾਰ ਤੇ ਡਾਕੇ ਦੀਆਂ ਘਟਨਾਵਾਂ ਇਸ ਰਚਨਾ ਦੀ ਗਲਪੀ-ਜੁਗਤ ਨੂੰ ਸਮੁੱਚੀ ਸਮਾਜਕ ਵਿਵਸਥਾ ਦੇ ਸਨਮੁਖ ਖੜ੍ਹਾ ਕਰ ਦਿੰਦੀਆਂ ਹਨ। ਇਸ ਵਿਚ ਸਿਹਤ, ਸੁਰੱਖਿਆ, ਨਿਆਂ ਪ੍ਰਬੰਧ ਰਾਜਨੀਤੀ ਅਤੇ ਧਰਮ ਦੇ ਰੂਪ ਵਿਚ ਸਾਰੀਆਂ ਸਮਾਜਕ ਪ੍ਰਣਾਲੀਆਂ ਸਧਾਰਨ ਮਨੁੱਖ ਲਈ ਇਕ ‘ਕੌਰਵ ਸਭਾ’ ਸਿਰਜਦੀਆਂ ਹਨ। ਦਰੋਪਦੀ ਬਣਿਆ ਸਧਾਰਨ ਮਨੁੱਖ ‘ਕੌਰਵ ਸਭਾ’ ਦੇ ਅੰਤ ’ਤੇ ਨਿਆਂ ਦੀ ਉਡੀਕ ਵਿਚ ‘ਉਪਰ ਅਪੀਲ’ ਕਰਨ ਅਤੇ ਇਸ ਸਹਿਮ ਨਾਲ ਕਿ “ਉਪਰ ਵੀ ਇਹੋ ਕੁਝ ਹੋਣ ਵਾਲਾ ਹੀ ਹੈ” ਦੀ ਦੁਬਿਧਾ ਵਿਚ ਸੋਚਦਾ ਹੈ ਕਿ “ਮਜ਼ਬੂਰ ਹਸਪਤਾਲ ਵਿਚ ਪਏ ਹਨ। ਦੋਸ਼ੀ ਘਰ ਨੂੰ ਚੱਲੇ ਹਨ।”

ਮਹਾਂਭਾਰਤ ਵਿਚ ਕੌਰਵਾਂ ਤੇ ਪਾਂਡਵਾਂ ਵਿਚਕਾਰ ਹਸਤਾਨਪੁਰ ਦੀ ਮਾਲਕੀ ਸੰਘਰਸ਼ ਦਾ ਮੁੱਖ ਹਵਾਲਾ-ਬਿੰਦੂ ਸੀ। ਕੌਰਵ ਸਭਾ ਦੇ ਦੇਵ ਅਤੇ ਉਸ ਦੇ ਭਤੀਜਿਆਂ ਪੰਕਜ ਤੇ ਨੀਰਜ ਵਿਚਕਾਰ ਗੁਰਦੇਵ ਨਗਰ ਵਿਚਲੇ ਇਕ ਹਜ਼ਾਰ ਗਜ਼ ਦੇ ਪਲਾਟ ਦੀ ਮਾਲਕੀ ਦੇ ਹੱਕ ਦਾ ਮਸਲਾ ਟਕਰਾਅ ਦੀਆਂ ਸਥਿਤੀਆਂ ਸਿਰਜਦਾ ਹੈ। ਮਹਾਂਭਾਰਤ ਦੇ ਧ੍ਰਿਤਰਾਸ਼ਟਰ ਦੇ ਅੱਖਾਂ ਤੋਂ ਹੀਣੇ ਹੋਣ ਕਰਕੇ ਰਾਜ-ਭਾਗ ਦਾ ਕੰਮ ਉਸ ਦੇ ਛੋਟੇ ਭਰਾ ਪਾਂਡੂ ਨੂੰ ਸੌਂਪਿਆ ਗਿਆ। ਮੋਹਣ ਲਾਲ ਸਾਰੀਆਂ ਜਾਇਦਾਦਾਂ ਆਪਣੇ ਨਾਂ ਖ਼ਰੀਦਣ ਦੀ ਥਾਂ ਆਪਣੇ ਭਰਾ ਦੇ ਨਾਂ ਤੇ ਖ਼ਰੀਦਦਾ ਹੈ। ਪਾਂਡੂ ਦੇ ਬਿਮਾਰ ਹੋਣ ਮਗਰੋਂ ਧ੍ਰਿਤਰਾਸ਼ਟਰ ਨੂੰ ਹਸਤਨਾਪੁਰ ਦਾ ਰਾਜਾ ਬਣਾਇਆ ਜਾਂਦਾ ਹੈ ਅਤੇ ਉਹ ਆਪਣੇ ਪੁੱਤਰ ਦੁਰਯੋਧਨ ਨੂੰ ਆਪਣਾ ਵਾਰਸ ਯੁਵਰਾਜ ਥਾਪ ਲੈਂਦਾ ਹੈ। ਪਾਂਡੂ ਪੁੱਤਰ ਯੁਧਿਸ਼ਟਰ ਇਸ ਗੱਦੀ ਦਾ ਦਾਅਵੇਦਾਰ ਇਸ ਲਈ ਬਣਦਾ ਹੈ ਕਿ ਉਹ ਜੇਠਾ ਕੁਰੂ ਪੁੱਤਰ ਹੈ। ਇਹ ਰਾਜ ਉਸ ਦੇ ਪਿਤਾ

ਦਾ ਹੈ। ਇਹੋ ਵਿਵਾਦ ਦੋਵਾਂ ਨੂੰ ਮਹਾਂਭਾਰਤ ਦੇ ਮੈਦਾਨ ਤੱਕ ਲੈ ਜਾਂਦਾ ਹੈ। ਪੰਕਜ ਤੇ ਨੀਰਜ ਦਾ ਮੱਤ ਹੈ ਕਿ ਉਨ੍ਹਾਂ ਦੇ ਚਾਚੇ ਕੋਲ *70000* ਰੁਪਏ ਦਾ *1000* ਗਜ਼ ਦਾ ਪਲਾਟ ਖ਼ਰੀਦਣ ਦੀ ਸਮਰੱਥਾ ਨਹੀਂ ਸੀ ਜਦੋਂ ਕਾਰਪੋਰੇਸ਼ਨ ਨੇ ਇਹ ਪਲਾਟ ਉਨ੍ਹਾਂ ਦੇ ਪਿਤਾ ਮੋਹਣ ਲਾਲ ਦੇ ਅਸਰ-ਰਸੂਖ਼ ਕਰਕੇ ਦੇਵ ਦੇ ਨਾਮ 'ਤੇ ਅਲਾਟ ਕੀਤਾ। ਦੇਵ ਦਾ ਦਾਵਾ ਹੈ ਕਿ ਕਾਨੂੰਨੀ ਤੌਰ 'ਤੇ ਉਹ ਹੀ ਇਸ ਪਲਾਟ ਦਾ ਮਾਲਕ ਜਿਸ ਦੀ ਅੱਜ ਦੀ ਕੀਮਤ *7* ਕਰੋੜ ਤੋਂ ਵੀ ਵਧੇਰੇ ਹੈ। 'ਮਹਾਂਭਾਰਤ' ਅਤੇ 'ਕੌਰਵ ਸਭਾ' ਵਿਚ ਇਹ ਦਾਅਵਿਆਂ ਦੀ ਮੁਕਾਬਲੇਬਾਜੀ ਸੰਬੰਧਾਂ ਦੀ ਗਰਮ–ਜੋਸ਼ੀ ਨੂੰ ਨੰਗੇ ਧੜ ਬਰਫੀਲੀਆਂ ਹਵਾਵਾਂ ਸਾਹਮਣੇ ਲਿਆ ਖੜ੍ਹਾ ਕਰਦੀ ਹੈ। ਆਪਸੀ ਸੰਬੰਧ 'ਸੁੰਨ' ਦੀ ਅਵਸਥਾ ਵਿਚ ਚਲੇ ਜਾਂਦੇ ਹਨ। ਦੋਵਾਂ ਪਾਠਾਂ ਵਿਚ ਵਿਅਕਤੀ ਆਪੋ–ਆਪਣੇ ਸਮੇਂ, ਸਥਾਨ ਤੇ ਸਥਿਤੀ ਦੀ ਸੋਝੀ ਗੁਆ ਲੈਂਦੇ ਹਨ। ਸਿੱਟੇ ਵੱਜੋਂ ਜੂਏ ਵਿਚ ਯੁਧਿਸ਼ਟਰ ਅਤੇ ਉਸਦੇ ਭਰਾ ਆਪਣੀ ਪਤਨੀ ਨੂੰ ਵੀ ਦਾਅ ਤੇ ਲਾ ਬੈਠਦੇ ਹਨ। ਰਿਸ਼ਤੇ ਵਿਚ ਦਰੋਪਦੀ ਦੁਰਯੋਧਨ ਦੀ ਭਰਜਾਈ ਹੈ। ਸੰਬੰਧਾਂ ਦੀ ਗਰਮੀ ਭਰਜਾਈ ਨੂੰ ਮਾਂ ਦੇ ਬਰਾਬਰ ਦਰਜਾ ਪ੍ਰਦਾਨ ਕਰਦੀ ਹੈ। ਪਰ ਜਦੋਂ ਵਕਤ ਦੀ ਗਰਦਿਸ਼ ਸੰਬੰਧਾਂ ਨੂੰ ਸੁੰਨ ਕਰ ਦਿੰਦੀ ਹੈ ਤਾਂ ਦਰੋਪਦੀ ਇਕ ਸੰਬੰਧ ਨਹੀਂ ਇਕ ਵਸਤੂ ਬਣ ਜਾਂਦੀ ਹੈ। ਜਿਸਨੂੰ ਭਰੀ ਸਭਾ ਵਿਚ ਬੇਇੱਜ਼ਤ ਕਰਨਾ ਕਿਸੇ ਤਰ੍ਹਾਂ ਵੀ ਨਾਜਾਇਜ਼ ਨਹੀਂ ਜਾਪਦਾ। ਕੌਰਵ ਸਮਰਾਟ ਧ੍ਰਿਤਰਾਸ਼ਟਰ, ਉਸ ਦੇ ਸਭਾ ਵਿਚ ਹਾਜ਼ਰ ਸਾਰੇ ਸਿਆਣੇ ਸੰਬੰਧੀ, ਅਹਿਲਕਾਰ, ਅਚਾਰੀਆ, ਨੀਤੀਵੇਤਾ ਮੂਕ ਦਰਸ਼ਕ ਬਣ ਕੇ ਰਹਿ ਜਾਂਦੇ ਹਨ। 'ਕੌਰਵ ਸਭਾ' ਦੀ 'ਨੇਹਾ' ਪੰਕਜ ਅਤੇ ਨੀਰਜ ਦੀ ਭੈਣ ਹੈ ਭਾਵੇਂ ਕਿ ਉਹ ਉਨ੍ਹਾਂ ਦੇ ਚਾਚੇ ਦੀ ਧੀ ਹੈ। ਉਨ੍ਹਾਂ ਦੀ ਪਲਾਟ 'ਤੇ ਕਬਜ਼ਾ ਕਰਨ ਦੀ ਲਾਲਸਾ ਨੇ ਭੈਣ ਭਰਾ ਦੇ ਸੰਬੰਧਾਂ ਨੂੰ ਸੁੰਨ ਕਰ ਦਿੱਤਾ। ਭੈਣ ਦਾ ਬਲਾਤਕਾਰ ਉਨ੍ਹਾਂ ਲਈ ਬੇਮਾਇਨਾ ਹੋ ਗਿਆ। ਹੁਣ ਉਹ ਸਿਰਫ਼ ਆਪ ਤੇ ਆਪਣੇ ਕਿਰਾਏ ਦੇ ਕਾਤਲਾਂ ਨੂੰ ਕਚਿਹਰੀਆਂ ਦੀ ਕਾਰਗੁਜ਼ਾਰੀ ਵਿਚੋਂ ਮੁਕਤ ਕਰਵਾਉਣ ਲਈ ਹੀ ਕਿਰਿਆਸ਼ੀਲ ਹੁੰਦੇ ਹਨ। ਦਰੋਪਦੀ ਦਾ ਚੀਰਹਰਣ ਹੋਇਆ ਨੇਹਾ ਦਾ ਵੀ ਚੀਰ ਹਰਣ ਹੋਇਆ। 'ਮਹਾਂਭਾਰਤ' ਦੀ ਦਰਪੋਦੀ ਦੇ ਮੁਕਾਬਲੇ 'ਕੌਰਵ ਸਭਾ' ਦੀ ਨੇਹਾ ਬਹੁਤ ਹੀ ਦਰਦਨਾਕ ਸਥਿਤੀਆਂ ਵਿਚੋਂ ਗੁਜ਼ਰਦੀ ਹੈ। ਦਰੋਪਦੀ ਦੀ ਨੰਗੇਜ਼ ਢਕਣ ਲਈ ਕੌਰਵ ਸਭਾ ਵਿਚ ਕ੍ਰਿਸ਼ਨ ਦਰੋਪਦੀ ਦੀ ਪੁਕਾਰ ਸੁਣ ਕੇ ਪਹੁੰਚ ਗਿਆ। 'ਕੌਰਵ ਸਭਾ' ਦੀ ਨੇਹਾ ਚੀਕਾਂ ਮਾਰਦੀ ਰਹੀ ਪਰ 'ਕੌਰਵ ਸਭਾ' ਦੇ ਸਿਰਜਕ ਕੋਲ ਅਤੇ ਨਾ ਹੀ ਉਸਦੇ ਸਮਾਜ ਕੋਲ 'ਕ੍ਰਿਸ਼ਨ' ਨੂੰ ਪੁਕਾਰਨ ਦੀ ਵਿਵਸਥਾ ਸੀ। ਸਿੱਟੇ ਵਜੋਂ ਜੇ ਦਰੋਪਦੀ ਦੀ ਲਾਜ ਮੀਰਾ ਦੇ ਗਿਰਧਰ ਗੋਪਾਲ ਨੇ ਰੱਖ ਲਈ ਸੀ ਤਾਂ 'ਨੇਹਾ' ਨੂੰ ਤਾਂ ਆਪਣੇ ਸਰੀਰ ਤੇ ਆਪਣੀ ਆਤਮਾ 'ਤੇ ਪ੍ਰਸਥਿਤੀਆਂ ਦਾ ਸੰਤਾਪ ਭੋਗਣਾ ਪਿਆ। ਦਰੋਪਦੀ ਦੀ ਲਾਜ ਦੀ ਖ਼ਾਤਰ ਪਾਂਡਵ ਮਹਾਂਭਾਰਤ ਤੱਕ ਪਹੁੰਚ ਗਏ ਪਰ 'ਕੌਰਵ ਸਭਾ' ਦੀ ਨੇਹਾ ਨੂੰ ਆਪਣਾ ਮਹਾਂਭਾਰਤ ਆਪ ਹੀ ਲੜਨਾ ਪਿਆ ਕਿਉਂਕਿ ਮਿਤਰ ਸੈਨ ਮੀਤ 'ਨੇਹਾ' ਦੇ ਰਾਹੀਂ ਸੋਚਦਾ ਹੈ ਕਿ :

> 'ਧਰਿਤਰਾਸ਼ਟਰ ਅੰਨ੍ਹਾ ਸੀ ਇਹ ਉਸ ਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ
> ਅੱਖਾਂ ' ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ?"
> ... .... .... ... .....
> ਜੇ ਹੀ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ।'[5]

ਨੇਹਾ ਆਪਣਾ 'ਮਹਾਂਭਾਰਤ' ਲੜਨ ਲਈ ਜਾਂ ਫਿਰ 'ਮਹਾਂਭਾਰਤ' ਰੋਕਣ ਲਈ ਸਮਾਜ

ਦੇ 'ਮਹਾਂਭਾਰਤ ਮੈਦਾਨ' ਵਿਚ ਉਤਰ ਪੈਂਦੀ ਹੈ। ਮਿਥਿਹਾਸ ਨੇ ਮਹਾਂਭਾਰਤ ਵਿਚ ਸੱਚ ਤੇ ਹੱਕ ਦੀ ਵਿਜੇ ਦਾ ਆਦਰਸ਼ ਸਿਰਜਿਆ ਗਿਆ ਹੈ। ਪਰ 'ਕੌਰਵ ਸਭਾ' ਦੇ ਯਥਾਰਥ ਦੇ ਮਹਾਂਭਾਰਤ ਵਿਚ ਆਦਰਸ਼ਕ ਸਥਿਤੀ ਸਥੂਲ ਸਰੂਪ ਗ੍ਰਹਿਣ ਕਰਨ ਦੇ ਲਾਗੇ ਵੀ ਪਹੁੰਚਣ ਦੇ ਸਮੱਰਥ ਨਹੀਂ ਰਹਿੰਦੀ। 'ਕੌਰਵ ਸਭਾ' ਦੇ ਜਗਤ ਵਿਚ ਗੰਭੀਰ ਰੂਪ ਵਿਚ ਫੱਟੜ ਦੇਵ ਅਤੇ ਉਸ ਦੀ ਪਤਨੀ ਨੀਲਮ ਅਤੇ ਬਲਾਤਕਾਰ ਦੀ ਸਰੀਰਕ ਤੇ ਮਾਨਸਿਕ ਤ੍ਰਾਸਦੀ ਵਿਚੋਂ ਗੁਜ਼ਰ ਰਹੀ ਉਨ੍ਹਾਂ ਦੀ ਧੀ ਨੇਹਾ ਲਈ, ਮਹਾਂਭਾਰਤ ਦਾ ਪਹਿਲਾ ਪੜਾਅ ਸਰਕਾਰੀ ਹਸਪਤਾਲ ਤੋਂ ਆਰੰਭ ਹੁੰਦਾ ਹੈ। ਇਥੇ ਸਾਇਕਲ ਸਟੈਂਡ ਦਾ ਠੇਕੇਦਾਰ ਡਾਕਟਰਾਂ ਲਈ ਦਲਾਲੀ ਕਰਦਾ ਹੈ। ਹਸਪਤਾਲ ਦਾ ਹਰੇਕ ਪੱਧਰ ਦਾ ਅਮਲਾ ਮਰੀਜ਼ਾਂ ਦੀ ਦੇਖਭਾਲ ਕਰਨ ਦੀ ਥਾਂ ਉਨ੍ਹਾਂ ਦੇ ਵਾਰਸਾਂ ਕੋਲੋਂ ਨਾ ਸਿਰਫ਼ 'ਸੇਵਾ ਕਰਾਉਣ ਦੇ ਚੱਕਰ' ਵਿੱਚ ਪਿਆ ਹੋਇਆ ਹੈ ਬਲਕਿ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਵੀ ਵਕਤ ਸਿਰ ਪ੍ਰਦਾਨ ਨਹੀਂ ਕਰਦਾ। ਉਨ੍ਹਾਂ ਲਈ ਮਰੀਜ਼ 'ਵਿਅਕਤੀ' ਨਹੀਂ ਇਕ 'ਗਾਹਕ' ਹੈ ਜਿਸ ਦੇ ਹਰ ਟੈਸਟ, ਦੁਆਈ, ਇਲਾਜ, ਖਾਣੇ ਤੋਂ ਡਾਕਟਰਾਂ ਨੇ ਤੇ ਹਸਪਤਾਲ ਦੇ ਹੋਰ ਅਮਲੇ ਨੇ ਆਪਣੀ 'ਫੀਸ' ਦਾ ਪ੍ਰਬੰਧ ਕਰਨਾ ਹੈ। 'ਕੌਰਵ ਸਭਾ' ਦੀ 'ਨੇਹਾ' ਆਪਣੇ 'ਮਹਾਂਭਾਰਤ' ਦੇ 'ਸਿਹਤ'-ਮੈਦਾਨ ਵਿਚੋਂ ਹਾਰ ਜਾਂਦੀ ਹੈ। ਕਤਲ, ਬਲਾਤਕਾਰ ਅਤੇ ਡਾਕੇ ਦੀਆਂ ਵਾਰਦਾਤਾਂ ਬਾਰੇ ਰੀਪੋਰਟ ਲਿਖਣ-ਲਿਖਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਕਾਰਜ ਪੁਲਿਸ ਪ੍ਰਬੰਧ ਦਾ ਹੈ। ਨੇਹਾ ਦਾ ਦੂਸਰਾ 'ਮਹਾਂਭਾਰਤ' ਪੁਲਿਸ ਦੇ ਪ੍ਰਸੰਗ ਵਿਚ ਸ਼ੁਰੂ ਹੁੰਦਾ ਹੈ। ਪੰਕਜ ਤੇ ਨੀਰਜ ਆਪਣੇ ਪੈਸੇ ਦੇ ਬਲ਼ 'ਤੇ ਪੁਲਿਸ ਦੇ ਕੰਮ ਨੂੰ ਪਹਿਲਾਂ ਰੋਕਣ ਦਾ ਯਤਨ ਕਰਦੇ ਹਨ ਫਿਰ ਉਸਦੀ ਗਤੀ ਧੀਮੀ ਕਰ ਦਿੰਦੇ ਹਨ। ਨੇਤਾ, ਰਾਜਨੀਤਿਕ ਸੱਤਾ, ਮੁੱਖ ਮੰਤਰੀ ਤੇ ਉਸ ਦਾ ਸਕੱਤਰ, ਵਕੀਲ, ਜੱਜ ਇਸ ਮੈਦਾਨ ਦੇ 'ਕੌਰਵੀ ਯੋਧੇ' ਹਨ। 'ਕੌਰਵ ਸਭਾ' ਦਾ ਬਿਰਤਾਂਤ ਇਨ੍ਹਾਂ ਦੀ ਸ਼ਕਤੀ, ਸਮੱਰਥਾ ਅਤੇ ਸੰਚਾਲਨ ਦਾ ਪ੍ਰਦਰਸ਼ਨ ਕਰਦਾ ਹੈ। ਪੁਲਿਸ ਦੀ ਦਲਾਲੀ ਕਰਨ ਵਾਲਾ ਦੋਧੀ ਹੈ। ਐਮ. ਪੀ. ਤੇ ਐਮ. ਐਲ. ਏ. ਸਨਅਤਕਾਰ ਪੰਕਜ ਤੇ ਨੀਰਜ ਦੇ ਹੱਕ ਵਿਚ ਹਨ। ਮੁੱਖ ਮੰਤਰੀ ਅਤੇ ਉਸ ਦਾ ਰਾਜਨੀਤਿਕ ਸਕੱਤਰ ਪੈਸੇ ਵਾਲੀ ਧਿਰ ਤੋਂ ਪਾਰਟੀ ਲਈ 'ਫੰਡ' ਲੈਣ ਨੂੰ ਤਰਜੀਹ ਦਿੰਦੇ ਹਨ। ਕਚਹਿਰੀਆਂ ਵਿਚ ਨਿਆਂ ਕਰਨ ਵਾਲੇ ਜੱਜ ਅਤੇ ਕਰਵਾਉਣ ਵਾਲੇ ਵਕੀਲਾਂ ਲਈ ਮਾਮਲੇ ਦੀ 'ਸੱਚਾਈ' ਨਾਲੋਂ ਮਾਮਲੇ ਦੀ 'ਕਮਾਈ' ਜ਼ਿਆਦਾ ਮਹੱਤਵਪੂਰਨ ਹੈ। ਉਨ੍ਹਾਂ ਦਾ ਨਿਆਂ ਦੋਵਾਂ ਵਿਰੋਧੀ ਧਿਰਾਂ ਵਿਚੋਂ ਕੀਮਤ ਵਾਲੀ 'ਕਮਾਈ' ਕਰਾਉਣ ਵਾਲੀ ਧਿਰ ਦੇ ਹੱਕ ਵਿਚ ਭੁਗਤ ਜਾਂਦਾ ਹੈ। ਨੇਹਾ ਦੇ ਮਹਾਂਭਾਰਤ ਵਿਚ ਨੇਹਾ ਦਾ ਸਾਹਮਣਾ ਉਸ ਦੇ 'ਕ੍ਰਿਸ਼ਨ' ਨਾਲ ਹੁੰਦਾ ਹੈ। ਸਿਹਤ, ਸੁਰੱਖਿਆ, ਨਿਆਂ ਪ੍ਰਬੰਧ ਅਤੇ ਰਾਜਨੀਤਿਕ ਸੱਤਾ ਦੇ ਰੂਪ ਵਿਚ ਕ੍ਰਿਸ਼ਨ ਨੇ ਨੇਹਾ ਦੀ ਧਿਰ ਬਣਨਾ ਸੀ। ਪਰ ਇਸ ਨਾਵਲ ਦੇ ਗਲਪੀ ਜਗਤ ਵਿਚ ਉਸਦਾ 'ਕ੍ਰਿਸ਼ਨ' ਵੀ ਕੌਰਵ ਸਭਾ ਦਾ ਸੰਚਾਲਕ ਹੈ। ਉਸਨੂੰ ਕ੍ਰਿਸ਼ਨ ਤੋਂ ਮਾਰਗ ਦਰਸ਼ਨ ਦੀ ਆਸ ਸੀ ਪਰ ਇਥੇ ਤਾਂ ਮੁਕਾਬਲਾ ਹੀ 'ਕ੍ਰਿਸ਼ਨ' ਨਾਲ ਹੈ। ਨੇਹਾ ਇਕੱਲੀ 'ਕੌਰਵ ਸਭਾ' ਦਾ ਸਾਹਮਣਾ ਕਰਦੀ ਹੈ।

ਮਹਾਂਭਾਰਤ ਦੇ ਅਰਜੁਨ ਦਾ ਸਾਰਥੀ ਕ੍ਰਿਸ਼ਨ ਸੀ। ਜਦੋਂ ਕੌਰਵਾਂ ਵੱਲ ਸਾਰੇ ਰਾਜੇ ਮਹਾਰਾਜੇ ਸਨ ਤਾਂ ਪਾਂਡਵਾਂ ਕੋਲ ਕੇਵਲ ਕ੍ਰਿਸ਼ਨ ਸੀ। ਸਾਡੀ ਮਿਥਿਹਾਸਕ ਤੇ ਧਾਰਮਕ ਪਰੰਪਰਾ ਵੀ ਇਹੋ ਪ੍ਰਚਾਰਦੀ ਹੈ ਕਿ ਜਿਸ ਵੱਲ ਹੋਰ ਕੋਈ ਨਹੀਂ ਹੁੰਦਾ ਉਸ ਦਾ 'ਭਗਵਾਨ ਕ੍ਰਿਸ਼ਨ' ਹੁੰਦਾ ਹੈ। ਮਹਾਂਭਾਰਤ ਦਾ ਅਰਜੁਨ ਆਪਣੇ ਸਖਾ ਤੇ ਸਾਰਥੀ ਕ੍ਰਿਸ਼ਨ ਕਰਕੇ ਯੁੱਧ ਜਿੱਤ ਸਕਿਆ। ਪਰ 'ਕੌਰਵ

ਸਭਾ' ਦਾ ਅਰਜੁਨ ਬਣੀ ਨੇਹਾ ਸਰੀਰਕ ਤੇ ਮਾਨਸਿਕ ਬਲਾਤਕਾਰ ਦਾ ਸੰਤਾਪ ਭੋਗਣ ਮਗਰੋਂ 'ਭਗਵਾਨ' ਦਾ ਆਸਰਾ ਲੈਣ 'ਸਹਿਯੋਗ ਸੰਸਥਾ' ਕੋਲ ਪਹੁੰਚੀ। ਇਸ "ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਭਗਵਾਨ ਸ਼ਿਵ ਦੀ ਆਦੀ ਸ਼ਕਤੀ ਮਾਂ ਪਾਰਵਤੀ ਦਾ ਅਵਤਾਰ ਸਨ। ਉਨ੍ਹਾਂ ਦਾ ਅਵਤਾਰ ਲੋਕ-ਕਲਿਆਣ ਲਈ ਹੋਇਆ ਸੀ।"[6] ਨੇਹਾ ਉਨ੍ਹਾਂ ਦੀ 'ਯੁਵਾ ਸ਼ਕਤੀ' ਦੀ ਮੁੱਖ ਸਚਾਲਕ ਮੈਂਬਰ ਸੀ। 'ਯੁਵਾ ਸ਼ਕਤੀ' ਦੇ ਸਹਿਯੋਗੀਆਂ ਦਾ ਦਾਅਵਾ ਸੀ ਕਿ ਮਾਤਾ ਕਲਿਆਣੀ ਜੀ ਹਰ ਪ੍ਰਸ਼ਨ ਦਾ ਜਵਾਬ ਦਿੰਦੇ ਹਨ। ਪਰ ਨੇਹਾ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਮਾਤਾ ਜੀ ਖਾਮੋਸ਼ ਸਨ। 'ਸੰਸਥਾ' ਦੀ ਪ੍ਰਬੰਧਕੀ ਮੈਂਬਰ ਨੇਹਾ ਜਦੋਂ ਕਸ਼ਟ ਵਿਚ ਸੀ ਤਾਂ ਮਾਤਾ ਦੇ ਨਾਲ ਸੰਸਥਾ ਵੀ ਚੁੱਪ ਹੋ ਗਈ। "ਸੰਚਾਲਕਾਂ ਨੂੰ ਤਾਂ ਨੇਹਾ ਦਾ ਸੈਂਟਰ ਆਉਣਾ ਹੀ ਬੁਰਾ ਲੱਗਾ ਸੀ।"[7] ਨੇਹਾ ਦੇ ਮਹਾਂਭਾਰਤ ਵਿਚ ਤਾਂ 'ਧਰਮ' ਵੀ ਨੇਹਾ ਨੂੰ ਖੜ੍ਹਾ-ਖੜ੍ਹੋਤਾ ਛੱਡ ਗਿਆ ਸੀ। ਅਸਲ ਵਿਚ ਇਹ 'ਧਰਮ' ਮਹਾਂਭਾਰਤ ਦਾ 'ਕ੍ਰਿਸ਼ਨ' ਹੈ ਹੀ ਨਹੀਂ ਸੀ।

ਮਿੱਤਰ ਸੈਨ ਮੀਤ ਦੇ ਇਸ ਨਾਵਲ ਦੇ ਸਿਰਲੇਖ ਵਾਂਗ ਹਰੇਕ ਭਾਗ ਤੋਂ ਪਹਿਲਾਂ ਅੰਕਿਤ ਕਥਨ ਵੀ ਸੰਚਾਰਾਤਮਕ ਜੁਗਤ ਪ੍ਰਸਤੁਤ ਕਰਦੇ ਹਨ:

| | | |
|---|---|---|
| ਭਾਗ ਪਹਿਲਾ | : | ਮੁਕੱਦਮੇਬਾਜ਼ੀ ਜੋ ਜਿੱਤ ਗਿਆ ਸੋ ਹਰ ਗਿਆ<br>ਜੋ ਹਰ ਗਿਆ ਸੋ ਮਰ ਗਿਆ (ਪੰਜਾਬੀ ਕਹਾਵਤ) |
| ਭਾਗ ਦੂਜਾ | : | Law is the slave of Rich (ਅੰਗਰੇਜ਼ੀ ਕਹਾਵਤ) |
| ਭਾਗ ਤੀਜਾ | : | ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,<br>ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ<br>ਇਨ੍ਹਾਂ ਦੁਖਦੇ ਅੰਗਾਂ ਤੇ ਸੱਚ ਨੇ ਇਕ ਜੂਨ ਭੋਗੀ |

ਇਸ 'ਕੌਰਵ ਸਭਾ' ਦੀ ਅਰਥ ਵਿਗਿਆਨਕ ਜੁਗਤ ਨੂੰ ਇਹ ਤਿੰਨੇ ਕਥਨ ਸੂਤਰਿਕ ਰੂਪ ਵਿਚ ਪੇਸ਼ ਕਰਦੇ ਹਲ। ਪਰੰਪਰਾ ਦਾ ਯੁੱਗ ਸਾਮੰਤਵਾਦੀ ਹੋਏ ਜਾਂ ਜਾਗੀਰਦਾਰੀ ਅਤੇ ਭਾਵੇਂ ਅਜੋਕਾ ਲੋਕਤੰਤਰੀ, ਹਰੇਕ ਸਮੇਂ 'ਸੱਚ ਤੇ ਹੱਕ' ਆਪੋ-ਆਪਣਾ 'ਮਹਾਂਭਾਰਤ' ਭੁਗਤਦੇ ਆ ਰਹੇ ਹਨ। ਵੇਦ-ਵਿਆਸ ਦੇ ਆਦਰਸ਼ਕ ਮਹਾ-ਕਾਵਿਕ ਜਗਤ ਵਿਚ ਤਾਂ ਭਗਵਾਨ ਕ੍ਰਿਸ਼ਨ 'ਹੱਕ ਤੇ ਸੱਚ' ਵੱਲ ਸੀ ਪਰ ਯਥਾਰਥ ਦੀ ਦੁਨੀਆਂ ਵਿਚ ਸਮਾਜ ਦਾ ਸਮੁੱਚਾ 'ਨੇਮ ਪ੍ਰਬੰਧ' ਅਮੀਰ ਵਰਗਾਂ ਅਤੇ ਉੱਚ ਸ਼੍ਰੇਣੀਆਂ ਦੀ ਗੁਲਾਮੀ ਕਰਦਾ ਹੀ ਪ੍ਰਤੀਤ ਹੁੰਦ ਹੈ। ਇਹ ਸ਼੍ਰੇਣੀਆਂ ਕਦੇ ਵੀ ਨਹੀਂ ਹਰਦੀਆਂ ਅਤੇ ਇਸ ਲਈ ਇਹ ਕਦੇ ਵੀ ਨਹੀਂ ਮਰਦੀਆਂ। ਜਦਕਿ ਸਧਾਰਨ ਜਨ ਹਰਦਾ ਵੀ ਹੈ ਤੇ ਮਰਦਾ ਵੀ। ਸਧਾਰਨ ਵਿਅਕਤੀ ਤਾਂ ਸੱਚ ਨੂੰ ਕੇਵਲ ਆਪਣੇ ਅੰਗਾਂ ਤੇ ਹੀ ਨਹੀਂ ਭੋਗਦਾ ਬਲਕਿ ਕੌੜੇ ਤੇ ਖਰਵੇਂ ਸੱਚ ਨੂੰ ਤਾਂ ਭੋਗਦਿਆਂ ਉਸ ਦੀ ਪੂਰੀ ਜੂਨ ਗੁਜ਼ਰ ਜਾਂਦੀ ਹੈ। ਪਾਸ਼ ਦਾ ਵੀ ਇਹ ਅੱਧਾ ਸਾਹਿਤਕ ਸੱਚ ਹੀ ਹੈ। ਇਤਿਹਾਸਕ ਪ੍ਰਵਾਹ ਯਥਾਰਥ ਦੇ ਜਗਤ ਦਾ ਜੋ ਦ੍ਰਿਸ਼ ਪੇਸ਼ ਕਰਦਾ ਹੈ ਉਸ ਵਿਚ ਇਕ ਜੂਨ ਹੀ 'ਸੱਚ' ਦੁੱਖ ਨੂੰ ਨਹੀਂ ਭੋਗਦੀ ਬਲਕਿ ਪੀੜ੍ਹੀ-ਦਰ--ਪੀੜ੍ਹੀ ਵਸਤੂ-ਸਥਿਤੀ ਜਿਉਂ-ਦੀ-ਤਿਉਂ ਕਾਇਮ ਰਹਿੰਦੀ ਹੈ। ਅਤੇ ਸੱਚ ਦੇ ਸੰਤਾਪ ਦੇ 'ਦਾਤਾ' ਅਤੇ 'ਭਗਤਾਂ 'ਦੀ ਸ਼੍ਰੇਣੀਗਤ ਪਹਿਚਾਣ ਬਣੀ ਰਹਿੰਦੀ ਹੈ। ਪੰਜਾਬੀ ਅਤੇ ਅੰਗਰੇਜ਼ੀ ਦੀਆਂ ਕਹਾਵਤਾਂ ਕਿਉਂਕਿ ਲੋਕਧਰਾਈ ਵਿਹਾਰ 'ਤੇ ਆਧਾਰਿਤ ਸੋਚ ਦੀ ਉਪਜ ਹਨ, ਇਸ ਲਈ ਵੇਦ ਵਿਆਸ ਤੇ

ਪਾਸ਼ ਵਾਂਗ ਸੁਪਨਈ ਆਦਰਸ਼ਕ ਮਿਥਿਹਾਸਕ ਜਾਂ ਅਧੂਰੇ ਸਾਹਿਤਕ ਸੱਚ ਦੀ ਥਾਂ ਮਾਨਵੀ ਵਜੂਦਾਤਮਕਤਾ ਦੇ ਯਥਾਰਥ ਨੂੰ ਪ੍ਰਤਿਬਿੰਬਤ ਕਰਦੀਆਂ ਹਨ । ਮਿੱਤਰ ਸੈਨ ਮੀਤ 'ਕੌਰਵ ਸਭਾ' ਵਿਚ ਵਰਤਮਾਨ ਮਾਨਵੀ ਸਮਾਜ ਦੇ ਸਾਰੇ ਵਰਤਾਰਿਆਂ ਨੂੰ ਵੇਦ-ਵਿਆਸ ਵਾਂਗ ਆਦਰਸ਼ਕ ਤੇ ਮਿਥਿਹਾਸਕ ਮਾਧਿਅਮ ਰਾਹੀ ਪ੍ਰਸਤੁਤ ਨਹੀਂ ਕਰਦਾ ਅਤੇ ਨਾ ਹੀ ਉਹ ਪਾਸ਼ ਵਾਂਗ ਅਧੂਰੇ ਸਾਹਿਤਕ ਸੱਚ ਨੂੰ ਪੇਸ਼ ਕਰਨ ਤੱਕ ਸੀਮਤ ਰਹਿੰਦਾ ਹੈ । ਉਸ ਦੀ ਇਹ ਸਿਰਜਣਾ ਪੰਜਾਬ ਦੇ ਵਰਤਮਾਨ ਸਮਾਜ ਦੀ ਤਸਵੀਰ ਅਜੋਕੇ ਮਲਟੀ ਮੀਡੀਆ ਯੁੱਗ ਦੀਆਂ ਸੰਚਾਰ-ਪ੍ਰਨਾਲੀਆਂ ਵਾਂਗ ਹੂ-ਬ-ਬਹੂ ਉਸੇ ਤਰ੍ਹਾਂ ਹੀ ਪੇਸ਼ ਕਰਦੀ ਹੈ । ਜਿਵੇਂ ਕੈਮਰੇ ਦੀ ਅੱਖ ਵਿਚੋਂ ਉਹ ਨਜ਼ਰ ਆਉਂਦੀ ਹੈ । ਲੋਕਧਾਰਾਈ ਸੰਚਾਰ ਵਿਧਾਵਾਂ (ਲੋਕ ਗੀਤਾਂ, ਕਹਾਵਤਾਂ ਆਦਿ) ਵਾਂਗ 'ਕੌਰਵ ਸਭਾ'ਦੀ ਮਾਨਵੀ ਯਥਾਰਥ ਦਾ ਪਰਤੱਖਣ ਅਤੇ ਪ੍ਰਸਾਰਨ ਵਿਅਕਤੀਗਤ ਦ੍ਰਿਸਟੀ ਦੀ ਥਾਂ ਸਮੂਹਕ ਦ੍ਰਿਸ਼ਟੀ ਤੋਂ ਕਰਦੀ ਹੈ । ਇਸੇ ਲਈ ਇਸ ਦਾ ਪਾਠਕ ਇਸ ਦੇ ਹਰੇਕ ਕਾਂਡ ਦੀ ਪੜ੍ਹਤ ਮਗਰੋ ਰੁਕਣ ਤੇ ਫਿਰ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਇਤਿਹਾਸਕ ਵਿਕਾਸ ਨੇ ਵਿਅਕਤੀ, ਮਨੁੱਖ ਤੇ ਸਮਾਜ ਨੂੰ ਕਿਥੇ ਲਿਆ ਖੜ੍ਹਾ ਕੀਤਾ ਹੈ ।

**(III)**

ਵਿਸ਼ਵ ਦੀਆਂ ਵਧੇਰੇ ਭਾਸਾਵਾਂ ਕੋਲ ਪਹਿਲਾਂ ਧਾਰਮਿਕ ਅਤੇ ਦਾਰਸ਼ਨਿਕ ਸਾਹਿਤ ਸੀ । ਹੌਲੀ-ਹੌਲੀ ਜੀਵਨ-ਪ੍ਰਵਾਹ ਨਾਲ ਜੁੜੇ ਸਰੋਕਾਰ ਸਾਹਿਤਕ ਰਚਨਾਵਾਂ ਦਾ ਮਾਧਿਅਮ ਬਣੇ । ਗੁਰਬਾਣੀ ਤੇ ਸੂਫ਼ੀ ਕਾਵਿ ਮਗਰੋਂ ਕਿੱਸਾ, ਵਾਰ ਤੇ ਜੰਗਨਾਮਾ ਸਾਹਿਤ ਰਚਨਾਵਾਂ ਅਤੇ ਫਿਰ ਆਧੁਨਿਕ ਪੰਜਾਬੀ ਸਾਹਿਤ ਦੇ ਵਿਧਾ ਰੂਪਾਂ (ਨਾਵਲ, ਨਾਟਕ, ਕਵਿਤਾ ਕਹਾਣੀ ਆਦਿ) ਦੀ ਸਿਰਜਣਾ ਹੋਈ । ਵੀਹਵੀਂ ਸਦੀ ਵਿਚ ਇਕ ਹੋਰ ਭਾਸ਼ਾਈ ਸਿਰਜਣਾ ਨੇ ਸਰੂਪ ਧਾਰਨ ਕੀਤਾ । ਇਸਨੂੰ 'ਪੱਤਰਕਾਰੀ' ਦੇ ਰੂਪ ਵਿਚ ਪਹਿਚਾਣਿਆ ਜਾਂਦਾ ਹੈ । ਧਾਰਮਿਕ ਤੇ ਦਾਰਸ਼ਨਿਕ ਸਾਹਿਤ ਮਾਨਵੀ ਜੀਵਨ ਦੇ ਮੂਲ ਦਾਰਸ਼ਨਿਕ ਸੱਚ ਤੇ ਸਦੀਵੀ ਸੱਚ ਦੀ ਸੰਕਲਪਾਤਮਕਤਾ ਦਾ ਪ੍ਰਵਚਨ ਹੈ ਜਦਕਿ ਬਾਕੀ ਸਾਰੀ ਸਾਹਿਤ ਮਾਨਵੀ ਜੀਵਨ ਦੇ ਨਿਤ ਪ੍ਰਤੀ ਵਰਤਾਰਿਆਂ ਦੀ ਸੰਚਾਰਾਤਮਕਤਾ ਵਾਲਾ ਪ੍ਰਵਚਨ ਸਿਰਜਦਾ ਹੈ । ਇਨ੍ਹਾਂ ਦੋਵਾਂ ਦੇ ਮੁਕਾਬਲੇ 'ਪੱਤਰਕਾਰੀ' ਸਮਾਜ ਦੇ ਸੰਚਾਲਕਾਂ, ਉਨ੍ਹਾਂ ਦੇ ਵਿਰੋਧੀਆਂ ਅਤੇ ਆਮ ਜਨਤਾ ਵਿਚਕਾਰ ਸੰਪਰਕ ਤੇ ਸੰਚਾਰ ਸਥਾਪਤ ਕਰਨ ਵਾਲੇ ਪ੍ਰਵਚਨ ਸਿਰਜਦੀ ਹੈ । ਪੱਤਰਕਾਰੀ ਅਜਿਹੀ ਸਿਰਜਨਾਤਮਕ ਭਾਸ਼ਾਈ ਕਿਰਤ ਹੈ ਜੋ ਕਿਸੇ ਇਕ ਧਿਰ ਦਾ ਹੱਕ ਜਾਂ ਵਿਰੋਧ ਵਿਚ ਖੜ੍ਹ ਕੇ ਤਤਕਾਲਿਕ ਸਥਿਤੀਆਂ ਦਾ ਵਰਣਨ ਕਰਨ ਦੀ ਕੋਸ਼ਿਸ਼ ਕਰਦੀ ਹੈ । ਭਾਸ਼ਾਈ ਸਿਰਜਨਾਵਾਂ ਦੇ ਇਸ ਇਤਿਹਾਸਕ ਵਿਕਾਸ ਅਤੇ ਵਜੂਦਾਤਮਕ ਪ੍ਰਵਾਹ ਦੀ ਵਿਆਕਰਨ ਦੇ ਪਰਿਪੇਖ ਵਿਚ ਜਦੋਂ ਅਸੀਂ ਮਿੱਤਰ ਸੈਨ ਮੀਤ ਦੇ 'ਕੌਰਵ ਸਭਾ' ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਸਪਸ਼ਟ ਤੌਰ 'ਤੇ ਤੀਜੀ (ਪੱਤਰਕਾਰੀ) ਤਰ੍ਹਾਂ ਦੀ ਭਾਸ਼ਾਈ–ਕਿਰਤ ਵਾਲੇ ਲੱਛਣਾਂ ਦੀ ਧਾਰਨੀ ਜਾਪਦੀ ਹੈ ਪਰ ਇਸ ਦਾ ਸਰੂਪ ਦੂਜੀ (ਸਾਹਿਤ) ਤਰ੍ਹਾਂ ਦੀ ਭਾਸ਼ਾਈ ਕਿਰਤਾਂ ਵਾਲਾ ਅੰਕਿਤ ਕੀਤਾ ਗਿਆ ਹੈ । ਸਾਨੂੰ ਜਾਪਦਾ ਹੈ ਕਿ ਮਿੱਤਰ ਸੈਨ ਮੀਤ ਦਾ ਇਹ 'ਨਾਵਲ' ਪੰਜਾਬੀ ਸਾਹਿਤ ਵਿਚ ਇਕ ਨਵੇਂ ਸਿਰਜਨਾਤਮਕ ਵਿਸ਼ਾ-ਸਰੂਪ ਨੂੰ ਲੈ ਕੇ ਪੇਸ਼ ਹੁੰਦਾ ਹੈ । ਇਸ ਵਿਚਲਾ ਬਿਰਤਾਂਤ ਅਜੋਕੇ ਪੰਜਾਬੀ ਸਮਾਜ ਦੀ ਅੱਕਾਸੀ 'ਪੱਤਰਕਾਰੀ' ਵਾਂਗ ਪੇਸ਼ ਕਰਦਾ ਹੈ । ਸਾਹਿਤ ਅਤੇ ਇਤਿਹਾਸ ਦੀ ਆਪਸੀ ਸਾਂਝ, ਵਖਰੇਵੇਂ ਅਤੇ ਅੰਤਰ–ਸੰਬੰਧਤਾ ਨੂੰ ਪਰਗਟ ਕਰਨ ਲਈ ਸਮਝਿਆ ਜਾਂਦਾ ਹੈ ਕਿ "ਇਤਿਹਾਸ ਵਿਚ ਨਾਵਾਂ ਤੇ ਥਾਵਾਂ ਤੋਂ ਬਿਨਾਂ ਕੁਝ ਵੀ ਸੱਚ ਨਹੀਂ ਹੁੰਦਾ ਜਦਕਿ ਸਾਹਿਤ ਵਿਚ ਨਾਵਾਂ ਥਾਵਾਂ ਨੂੰ ਛੱਡ

ਕੇ ਬਾਕੀ ਸਭ ਕੁਝ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਸਮਾਜ ਵਿਚ ਚੱਲ ਰਿਹਾ ਹੈ।'' ਵੀਹਵੀਂ ਸਦੀ ਵਿਚ ਪੱਤਰਕਾਰੀ ਦੇ ਆਉਣ ਮਗਰੋਂ ਅਸੀਂ ਕਹਿ ਸਕਦੇ ਹਾਂ ਕਿ ਪੱਤਰਕਾਰੀ ਸਾਹਿਤ ਵਿਚ ਨਾਂ ਥਾਂ ਅਤੇ ਵਰਤਾਰੇ ਸਾਰੇ ਹੀ ਉਸੇ ਤਰ੍ਹਾਂ ਹੁੰਦੇ ਹਨ। ਜਿਵੇਂ ਸਮਾਜ ਵਿਚ ਵਾਪਰਦੇ ਹਨ, ਕੇਵਲ ਪੱਤਰਕਾਰ ਦੀ ਦ੍ਰਿਸ਼ਟੀ, ਨਿੱਜੀ ਹਿੱਤ ਅਤੇ ਉਸ ਦਾ ਧਿਰੀ–ਝੁਕਾਅ ਸੱਚ ਦੀ ਪੇਸ਼ਕਾਰੀ ਨੂੰ ਇਕ 'ਕੋਣ' ਪ੍ਰਦਾਨ ਕਰਦਾ ਹੈ। 'ਕੌਰਵ ਸਭਾ' ਦਾ ਪ੍ਰਵਚਨ ਬਠਿੰਡੇ ਤੋਂ ਸ਼ੁਰੂ ਹੁੰਦਾ ਹੈ ਅਤੇ ਲੁਧਿਆਣੇ (ਮਾਇਆ ਨਗਰ) ਵਿਚ ਕੇਂਦਰਿਤ ਰਹਿੰਦਾ ਹੈ। ਪਾਤਰਾਂ ਦੇ ਨਾਂ ਭਾਵੇਂ ਕਲਪਿਤ ਜਾਪਦੇ ਹਨ ਪਰ ਪ੍ਰਸਤੁਤ ਬਿਰਤਾਂਤ ਵਰਤਮਾਨ ਪੰਜਾਬੀ ਸਮਾਜ ਦੇ ਸਾਰੇ ਵਰਤਾਰਿਆਂ (ਸਿਹਤ, ਨਿਆਂ, ਸੁਰੱਖਿਆ ਰਾਜਨੀਤਿਕ ਪ੍ਰਬੰਧ ਤੇ ਧਰਮ) ਬਾਰੇ ਜੋ ਸੂਚਨਾ ਸੰਚਾਰਿਤ ਕਰਦਾ ਹੈ। ਉਸ ਦਾ ਮੁਹਾਂਦਰਾ ਹਰ-ਰੋਜ਼ ਦੇ ਅਖ਼ਬਾਰਾਂ ਵਿਚੋਂ ਭਲੀ ਭਾਂਤ ਵੇਖਿਆ ਜਾ ਸਕਦਾ ਹੈ। ਇਸ ਲਈ ਅਸੀਂ ਸਮਝਦੇ ਹਾਂ ਕਿ ਮਿੱਤਰ ਸੈਨ ਮੀਤ ਪੰਜਾਬੀ ਸਾਹਿਤ ਇਤਿਹਾਸ ਨੂੰ ਪੱਤਰਕਾਰੀ ਪ੍ਰਕਿਰਤੀ ਵਾਲੀ ਗਲਪੀ ਰਚਨਾ 'ਕੌਰਵ ਸਭਾ' ਦਾ ਤੋਹਫ਼ਾ ਦਿੰਦਾ ਹੈ।

ਸੰਸਕ੍ਰਿਤ ਕਾਵਿ ਸ਼ਾਸਤਰੀ ਸੁਹਜ, ਸਮੱਸਿਆ-ਪੇਸ਼ਕਾਰੀ ਤੇ ਸਮੱਸਿਆ-ਸਮਾਧਾਨ ਅਤੇ ਮਨੋਰੰਜਨ ਨੂੰ ਸਾਹਿਤ ਦੀ ਸੰਚਾਰਾਤਮਕਤਾ ਦੇ ਪ੍ਰਯੋਜਨਾ ਵਿਚ ਸ਼ਾਮਿਲ ਕਰਦੇ ਹਨ। ਇਸੇ ਲਈ ਸਾਹਿਤਕ ਸਿਰਜਨਾਵਾਂ ਪਹਿਲਾਂ ਮਾਨਵੀ ਵਜੂਦਾਤਮਕਤਾ ਦੇ ਮੂਲ ਜਾਂ ਵਿਹਾਰ ਬਾਰੇ ਪਰੰਪਰਾਈ ਤੇ ਪ੍ਰਾਪਤ ਸਰੋਕਾਰਾਂ ਦੇ ਆਧਾਰ 'ਤੇ ਸਮੱਸਿਆ ਸਿਰਜਦੀਆਂ ਹਨ ਅਤੇ ਨਾਲ ਹੀ ਇਸਦੇ ਸਮਾਧਾਨ ਦਾ ਰਸਤਾ ਵੀ ਵਿਖਾਉਂਦੀਆਂ। ਇਸ ਲਈ ਜੇ ਰਮਾਇਣ ਵਿਚ ਕੈਕਈ ਹੈ ਤਾਂ ਨਾਲ ਹੀ 'ਭਰਤ' ਵੀ ਹੈ ਅਤੇ ਜੇ ਰਾਵਣ ਹੈ ਤਾਂ ਨਾਲ ਹੀ ਰਾਮ ਵੀ ਹੈ। ਇਸੇ ਤਰ੍ਹਾਂ ਮਹਾਂਭਾਰਤ ਵਿਚ ਜੇ ਅਰਜੁਨ ਹੈ ਤਾਂ ਇਕਲੱਵਯ ਅਤੇ ਕਰਣ ਵੀ ਹਨ ਅਤੇ ਜੇ ਇਕ ਪਾਸੇ ਦੁਰਯੋਧਨ ਹੈ ਤਾਂ ਦੂਜੇ ਪਾਸੇ ਯੁਧਿਸ਼ਟਰ ਵੀ ਹੈ। ਮਹਾਕਾਵਿਕ ਮਿਥਿਹਾਸਕ ਜਗਤ ਵਿਚ ਜੇ ਅਰਜੁਨ ਦੁਚਿੱਤੀ ਵਿਚ ਫਸਦਾ ਹੈ ਤਾਂ ਉਸ ਨੂੰ ਉਥੋਂ ਬਾਹਰ ਕੱਢਣ ਲਈ ਕ੍ਰਿਸ਼ਨ ਹੈ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ ਜੇ ''ਏਤੀ ਮਾਰ ਪਈ ਕੁਰਲਾਣੈ'' ਹੈ ਤਾਂ 'ਤੈਂ ਕੀ ਦਰਦ ਨਾ ਆਇਆ'' ਵੀ ਹੈ। ਪਰ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੇ ਪਾਠ ਵਿਚ ਕੇਵਲ ਇਕ ਧਿਰ ਹੈ। ਇਥੇ 'ਕ੍ਰਿਸ਼ਨ' ਅਤੇ 'ਤੈਂ' ਗ਼ੈਰ ਹਾਜ਼ਿਰ ਹਨ। ਮਿੱਤਰ ਸੈਨ ਮੀਤ ਮਹਾਂਭਾਰਤ ਦੀ 'ਕੌਰਵ ਸਭਾ' ਨੂੰ ਆਪਣੀ ਸਿਰਜਣਾ ਦਾ ਆਧਾਰ ਤਾਂ ਬਣਾਉਂਦਾ ਹੈ ਪਰ ਉਹ ਇਸ ਦੀ ਅਰਥ-ਵਿਗਿਆਨਕ ਜੁਗਤ ਨੂੰ ਅਧੂਰੇ ਰੂਪ ਵਿਚ ਹੀ ਗ੍ਰਹਿਣ ਕਰਦਾ ਹੈ। ਇਸ ਲਈ ਉਸ ਦੀ ਇਸ ਕਿਰਤ ਵਿਚ ਪ੍ਰਸਤੁਤ 'ਮਹਾਂਭਾਰਤ' ਅਰਜੁਨ ਬਣੀ ਨੇਹਾ ਦੇ ਹੱਕ ਵਿਚ ਸਮਾਪਤ ਨਹੀਂ ਹੁੰਦਾ। ਉਸ ਕੋਲ ਤਾਂ ਸਿਰਜਕ ਨੇ ਕ੍ਰਿਸ਼ਨ ਦਾ ਵਿਕਲਪ ਵੀ ਨਹੀਂ ਦਿੱਤਾ। ਸਿੱਟੇ ਵੱਜੋਂ ਇਸ 'ਮਹਾਂਭਾਰਤ' ਦੇ ਯੁੱਧ ਵਿਚ 'ਕੌਰਵ ਸਭਾ' ਵਿਜੇ ਪ੍ਰਾਪਤ ਕਰਦੀ ਹੈ ਅਤੇ ਦਰੋਪਦੀ ਵਾਂਗ ਚੀਰ ਹਰਣ ਕਰਵਾ ਚੁੱਕੀ 'ਨੇਹਾ' ਇਹ ਯੁੱਧ ਹਾਰ ਜਾਂਦੀ ਹੈ। ਮਿਥਿਹਾਸਕ ਆਦਰਸ਼ਵਾਦੀ ਮਹਾਕਾਵਿ ਵਿਚ ਵੇਦ-ਵਿਆਸ 'ਕ੍ਰਿਸ਼ਨ ਭਗਵਾਨ' ਨੂੰ ਕਿਰਿਆਸ਼ੀਲ ਹੋਇਆ ਪ੍ਰਸਤੁਤ ਕਰ ਸਕਦਾ ਸੀ। ਜੇ ਮਿੱਤਰ ਸੈਨ ਮੀਤ ਵੀ ਸਾਹਿਤਕ ਸੱਚ ਨੂੰ ਪ੍ਰਸਤੁਤ ਕਰਨ ਲਈ ਕਿਰਤ ਸਿਰਜਦਾ ਤਾਂ ਉਹ ਵੀ ਵੇਦ-ਵਿਆਸ ਭਾਗ ਭਗਵਾਨ ਨੂੰ ਪਾਤਰ ਦੇ ਰੂਪ ਵਿਚ ਪੇਸ਼ ਕਰ ਸਕਦਾ ਸੀ। ਪਰ ਉਹ ਤਾਂ ਇਕ ਨਵਾਂ ਤਜਰਬਾ ਕਰ ਰਿਹਾ ਜਾਪਦਾ ਹੈ ਪੱਤਰਕਾਰੀ ਵਿਚ 'ਭਗਵਾਨ' ਕਦੇ ਵੀ ਇਕ 'ਅਕਤਾਂ' ਬਣਕੇ ਨਹੀਂ ਆਉਂਦਾ ਕਿਉਂਕਿ ਯਥਾਰਥ ਦੇ ਜੀਵਨ ਵਿਚ ਧਰਮ ਹੋ ਸਕਦਾ

ਹੈ, ਧਾਰਮਕ ਸਥਾਨ ਹੋ ਸਕਦੇ ਹਨ, ਧਰਮ-ਗੁਰੂ ਤੇ ਸੰਸਥਾਵਾਂ ਹੋ ਸਕਦੀਆਂ ਹਨ ਪਰ 'ਭਗਵਾਨ' ਹੁੰਦਾ ਹੈ ਕਿ ਨਹੀਂ ਇਹ ਤਾਂ ਸਾਨੂੰ ਵੀ ਪਤਾ ਨਹੀਂ। ਇਸੇ ਲਈ ਪੱਤਰਕਾਰ ਬਾਕੀ ਸਾਰੇ ਧਾਰਮਿਕ ਵਜੂਦਾਂ ਬਾਰੇ ਤਾਂ ਲਿਖ ਦਿੰਦਾ ਹੈ 'ਭਗਵਾਨ' ਬਾਰੇ ਨਹੀਂ। ਮਿੱਤਰ ਸੈਨ ਦੀ 'ਕੌਰਵ ਸਭਾ' ਵਿਚ ਵੀ 'ਕ੍ਰਿਸ਼ਨ' ਗ਼ੈਰ-ਹਾਜ਼ਿਰ ਹੈ। ਇਸ ਲਈ ਇਸ ਦਾ ਸਿਰਲੇਖ ਭਾਵੇਂ ਮਹਾਕਾਵਿ ਮਹਾਂਭਾਰਤ ਨਾਲ ਜੁੜਿਆ ਜਾਪਦਾ ਹੈ ਅਤੇ ਇਸ ਦੇ ਕਥਾਨਕ ਦਾ ਆਰੰਭ ਵੀ ਭਾਵੇਂ ਮਹਾਂਭਾਰਤ ਦੇ ਝਗੜੇ ਦੇ ਸਮਾਨਾਂਤਰ ਹੀ ਵਿਚਰਦਾ ਹੈ ਪਰ ਮੂਲ ਮਿੱਥ ਦੇ ਉਲਟ ਇਥੇ 'ਭਗਵਾਨ' ਨਜ਼ਰ ਨਹੀਂ ਆਉਂਦਾ। ਮਿੱਤਰ ਸੈਨ ਮੀਤ ਦੁਆਰਾ 'ਕੌਰਵ ਸਭਾ' ਤੇ ਆਧਾਰ-ਮਿਥ ਨੂੰ ਅੱਧੇ ਅਧੂਰੇ ਰੂਪ ਵਿਚ ਅਪਨਾਉਣ ਨਾਲ ਹੀ ਪੱਤਰਕਾਰੀ ਪ੍ਰਕਿਰਤੀ ਵਾਲੀ ਗਲਪ-ਰਚਨਾ ਸਿਰਜ ਸਕਣੀ ਸੰਭਵ ਹੋ ਸਕੀ ਹੈ। ਇਹ ਸਿਰਜਣਾ ਸਮਾਜ ਦੀ ਸਥਿਤੀ ਦੇ "ਏਤੀ ਮਾਰ ਪਈ ਕੁਰਲਾਣੈ" ਨੂੰ ਭਲੀ ਭਾਂਤ ਸੰਚਾਰਿਤ ਕਰਦੀ ਹੈ ਪਰ ਇਹ ਪਾਠਕ 'ਤੇ ਛੱਡ ਦਿੰਦੀ ਹੈ ਕਿ ਸਮਾਜਕ ਕੁਰਲਾਹਟ ਨੂੰ ਸੁਣਨ ਮਗਰੋਂ ਉਹ ਕਿਸੇ ਤਰ੍ਹਾਂ ਦੇ ਵਿਚਾਰਾਂ ਤੇ ਵਿਚਾਰਧਾਰਾ ਨੂੰ ਸਿਰਜਦਾ ਹੈ। ਅਖ਼ਬਾਰਾਂ ਪੜ੍ਹਨ ਵਾਲਾ ਪਾਠਕ ਲੋਕਤੰਤਰੀ ਸੋਚ ਨੂੰ ਵਿਹਾਰ ਵਿਚ ਕਦੋਂ ਤੇ ਕਿਵੇਂ ਪਰਿਵਰਤਤ ਕਰਦਾ ਹੈ ਇਹ ਉਸ ਦੀ ਵਿਅਕਤੀਗਤ ਆਜ਼ਾਦੀ ਤੇ ਨਿਰਭਰ ਕਰਦੀ ਹੈ। ਪੱਤਰਕਾਰ ਦਾ ਕੰਮ ਹੈ ਪਾਠਕ ਨੂੰ ਸੂਚ ਤੇ ਸੁਚੇਤ ਕਰਨਾ। ਇਸੇ ਲਈ ਮਿੱਤਰ ਸੈਨ ਮੀਤ ਆਪਣੀ ਇਸ ਕਿਰਤ ਨੂੰ "ਏਤੀ ਮਾਰ ਕੁਰਲਾਣੈ" ਤੱਕ ਹੀ ਸੀਮਤ ਰਖਦਾ ਹੈ। ਪੰਜਾਬ ਸਮਾਜ ਬਾਕੀ ਮਾਨਵੀਂ ਸਮਾਜਾਂ ਵਾਂਗ ਵਿਕਸਿਤ ਹੋ ਰਿਹਾ ਹੈ। ਇਸ ਵਿਚ ਵੀ ਸਿਰਜਣਾ ਦੇ ਨਵੇਂ ਤਜਰਬੇ ਹੋ ਰਹੇ ਹਨ। ਮਿੱਤਰ ਸੈਨ ਮੀਤ ਦੀ ਇਹ ਕਿਰਤ ਇਕ ਨਵੇਂ ਸਿਰਜਣਾ-ਪੱਥ ਨੂੰ ਪ੍ਰਦਰਸ਼ਿਤ ਕਰਦੀ ਜਾਪਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰਨਾ 366
2. ਉਹੀ, ਪੰਨਾ 9-205
3. ਉਹੀ, ਪੰਨਾ 207-267
4. ਉਹੀ, ਪੰਨਾ 269-366
5. ਉਹੀ, ਪੰਨਾ 117
6. ਉਹੀ, ਪੰਨਾ 109
7. ਉਹੀ, ਪੰਨਾ 116

# 5

# ‘ਕੌਰਵ ਸਭਾ’ : ਸਮਾਜਕ ਰਿਸ਼ਤਿਆਂ, ਅਪਰਾਧ ਅਤੇ ਸਜ਼ਾ ਦੇ ਅੰਤਰ ਸੰਬੰਧਾਂ ਦੇ ਸਮੱਸਿਆਕਾਰਾਂ ਦਾ ਪ੍ਰਵਚਨ

**ਪਰਮਿੰਦਰ ਸਿੰਘ**

## (I)

*1.1* ਆਪਣੇ ਪਹਿਲੇ ਨਾਵਲਾਂ ‘ਤਫ਼ਤੀਸ਼’ ਅਤੇ ‘ਕਟਹਿਰਾ’ ਦੇ ਵਾਂਗਰ ਹੀ ਮਿੱਤਰ ਸੈਨ ਮੀਤ ਦਾ ਇਹ ਨਾਵਲ ‘ਕੌਰਵ ਸਭਾ’ ਵੀ ਸਾਡੇ ਮੁਲਕ ਦੇ ਨਿਆਂ ਪ੍ਰਬੰਧ ਦੇ ਧੁਰ ਅੰਦਰ ਤਕ ਧਸੇ ਹੋਏ ਭ੍ਰਿਸ਼ਟਾਚਾਰ ਦੀ ਇਕ ਕਰੂਰਤਾ ਨਾਲ ਭਰੀ ਹੋਈ ਸੱਚੀ ਅਤੇ ਵਿਸਤ੍ਰਿਤ ਤਸਵੀਰ ਪੇਸ਼ ਕਰਦਾ ਹੈ। ਇਹ ਤਸਵੀਰ ਦੀ ਪੇਸ਼ਕਾਰੀ ਵਿਚ ਸਿਰਫ਼ ਨਿਆਂ ਪ੍ਰਬੰਧ ਦੇ ਅਹਿਮ ਹਿੱਸੇ ਵਕੀਲ, ਜੱਜ ਅਤੇ ਹੋਰ ਅਹਿਲਕਾਰਾਂ ਦੇ ਭ੍ਰਿਸ਼ਟਾਚਾਰ ਨਾਲ ਭਰੇ ਹੋਏ ਸੰਚਾਰ ਦੀ ਹੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਸਗੋਂ ਇਹਨਾਂ ਦੇ ਪੁਲਿਸ, ਨੌਕਰਸ਼ਾਹੀ ਅਤੇ ਸਭ ਤੋਂ ਉਪਰ ਰਾਜ ਦੇ ਸਿਆਸੀ ਪ੍ਰਭੂਆਂ ਨਾਲ ਭ੍ਰਿਸ਼ਟ ਅੰਤਰ ਸੰਬੰਧਾਂ ਦਾ ਖ਼ੁਲਾਸਾ ਵੀ ਕੀਤਾ ਗਿਆ ਹੈ। ਸਾਡੇ ਅੱਜ ਦੇ ਰਾਜ ਪ੍ਰਬੰਧ ਦੀ ਇਹ ਇਕ ਅਜਿਹੀ ਤਸਵੀਰ ਹੈ ਜਿਸ ਵਿਚ ਕਿ ਦੂਰ ਦੂਰ ਤਕ ਪੈਸੇ ਦਾ ਬੋਲ ਬਾਲਾ, ਝੂਠ ਦਾ ਪਾਸਾਰ, ਇਸੇ ਆਧਾਰ ’ਤੇ ਹੀ ਉਸਰਦੇ ਮਨੁੱਖੀ ਰਿਸ਼ਤੇ ਅਤੇ ਸੱਚ ਦੀ ਗ਼ੈਰ ਮੌਜੂਦਗੀ ਹੀ ਨਜ਼ਰ ਆਉਂਦੀ ਹੈ। ਸਾਡੇ ਸਿਆਸੀ, ਪ੍ਰਬੰਧਕੀ ਅਤੇ ਨਿਆਂ ਕਾਨੂੰਨ ਦੇ ਤੰਤਰ ਦੀ ਅੰਦਰਲੀ ਪਰ ਸਹੀ ਸਥਿਤੀ ਦੀ ਪੇਸ਼ਕਾਰੀ ਹੀ ‘ਕੌਰਵ ਸਭਾ’ ਦੇ ਬ੍ਰਿਤਾਂਤ ਦਾ ਕੇਂਦਰ ਬਿੰਦੂ ਵੀ ਹੈ ਅਤੇ ਵਿਸਤਾਰ ਵੀ।

ਇਸ ਨਾਵਲ ਦੀ ਕਹਾਣੀ ਇਕ ਨਜ਼ਰੇ ਵੇਖਿਆਂ ਵੇਦ ਅਤੇ ਉਸ ਦੇ ਪਰਿਵਾਰ ’ਤੇ ਹੋਏ ਹਮਲੇ, ਉਸ ਦੇ ਘਰ ਪਏ ਡਾਕੇ ਅਤੇ ਉਸ ਦੇ ਪੁੱਤਰ ਕਮਲ ਦੇ ਦਰਦਨਾਕ ਕਤਲ ਦੀ ਕਹਾਣੀ ਹੈ ਜਿਸ ਵਿਚ ਇਕ ਮੁਜਰਿਮਾਂ ਦੇ ਕਟਹਿਰੇ ਵਿਚ ਉਸਦੇ ਆਪਣੇ ਭਤੀਜੇ ਪੰਕਜ ਅਤੇ ਨੀਰਜ ਆਪਣੇ ਦੁਆਰਾ ਖ਼ਰੀਦੇ ਹੋਏ ਪੇਸ਼ੇਵਰ ਮੁਜਰਿਮਾਂ ਦੇ ਨਾਲ ਖੜ੍ਹੇ ਹਨ। ਪਰ ਇਹ ਕਹਾਣੀ ਰਾਮ ਨਾਥ ਦੁਆਰਾ ਇਹਨਾਂ ਜੁਰਮਾਂ ਦੇ ਖਿਲਾਫ਼ ਇਕ ਨਿਹਚਾ ਅਤੇ ਪ੍ਰਤੀਬੱਧਤਾ ਨਾਲ ਖੜੋ ਕੇ ਕਾਨੂੰਨ ਦੇ ਦਾਇਰੇ ਦੇ ਅੰਦਰ ਰਹਿ ਕੇ ਸੰਘਰਸ਼ ਕਰਨ ਦੀ ਗਾਥਾ ਵੀ ਹੈ। ਇਸ ਸੰਘਰਸ਼ ਦਾ ਆਧਾਰ ਇਕ ਪੱਧਰ ’ਤੇ ਭਾਵੇਂ ਰਾਮ ਨਾਥ ਦਾ ਵੇਦ ਦੇ ਪਰਿਵਾਰ ਨਾਲ ਨਜ਼ਦੀਕੀ ਰਿਸ਼ਤਾ ਹੀ ਹੈ ਪਰ ਉਸਦੇ ਕਿਰਦਾਰ ਦੀ ਭੂਮਿਕਾ ਦੂਸਰੇ ਪੱਧਰ ’ਤੇ ਇਸ ਰਿਸ਼ਤੇ ਤੋਂ ਅਗਾਂਹ ਜਾਣ ਦਾ ਉਪਰਾਲਾ ਵੀ ਹੈ। ਅਜਿਹਾ ਕਰਦੇ ਸਮੇਂ ਉਸ ਦੇ ਕਿਰਦਾਰ ਦਾ ਇਕ ਵਿਸ਼ੇਸ਼ ਰੂਪਾਂਤ੍ਰਣ ਹੁੰਦਾ ਵੀ ਨਜ਼ਰ ਆਉਂਦਾ ਹੈ ਜਿਸਦੇ ਤਹਿਤ ਕਿ ਉਹ ਆਪਣੇ ਵਕੀਲ ਦੇ ਕਿੱਤੇ ਨੂੰ ਵੀਂ ਨਵੇਂ ਅਰਥ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਕ ਆਮ ਸਾਧਾਰਨ ਵਕੀਲ ਤੋਂ ਉੱਪਰ ਉੱਠ ਕੇ ਇਕ ਅਜਿਹੇ ਰਾਹ ਦਾ ਧਾਰਨੀ ਬਣਦਾ ਨਜ਼ਰ ਆਉਂਦਾ ਹੈ ਜਿਸ ਵਿਚ ਕਿ ਆਪਣੀ ਹਾਰ ਬਾਰੇ ਜਾਣਕਾਰੀ ਰੱਖਦੇ ਹੋਏ ਵੀ ਅਤੇ ਇਸ ਬਾਰੇ ਚੇਤੰਨ ਹੁੰਦੇ ਹੋਏ ਵੀ ਕਾਨੂੰਨ ਦੀ ਸ਼ਬਦਾਵਲੀ ਵਿਚ ‘ਉਪਰ ਅਪੀਲ’ ਕਰਨ ਦਾ ਨਿਸ਼ਚਾ ਪ੍ਰਗਟਾਉਂਦਾ ਹੈ। ਇਕ ਹੋਰ ਪੱਧਰ ’ਤੇ ਰਾਮ ਨਾਥ ਦੀ ‘ਉਪਰ ਅਪੀਲ’ ਕਰਨ ਦਾ ਵਾਅਦਾ ਉਸਦੀ ਮਨੁੱਖੀ ਸਥਿਤੀ ਦੀ ਇਕ ਅਜਿਹੀ ਆਪਣੀ ਹੀ ਹੱਦਬੰਦੀ ਦੀ ਵਲਗਣ ਵਿਚ ਘਿਰੀ ਹੋਈ

ਸੀਮਤਾਈ ਵੱਲ ਵੀ ਇਸ਼ਾਰਾ ਕਰਦਾ ਹੈ ਜਿਥੇ ਕਿ ਉਹ ਇਸ ਨਿਆਂ ਪ੍ਰਬੰਧ ਬਾਰੇ ਧੁਰ ਅੰਦਰ ਦੀ ਜਾਣਕਾਰੀ ਰਖਦਾ ਹੋਇਆ ਵੀ ਇਸ ਦੁਆਰਾ ਉਸਾਰੀਆਂ ਹੱਦਾਂ ਤੋਂ ਪਾਰ ਲੰਘ ਕੇ ਜਾਣ ਦਾ ਕੋਈ ਉਪਰਾਲਾ ਨਹੀਂ ਕਰਦਾ। ਉਹ ਜੁਰਮ, ਸਜ਼ਾ ਅਤੇ ਇਨਸਾਫ਼ ਵਰਗੇ ਮਨੁੱਖ ਸਭਿਅਤਾ ਦੇ ਅਹਿਮ ਪਹਿਲੂਆਂ ਦੇ ਅੰਤਰ ਸੰਬੰਧਾਂ ਨਾਲ ਬੁਨਿਆਦੀ ਤੌਰ 'ਤੇ ਕਿਸੇ ਵੀ ਤਰ੍ਹਾਂ ਦੀ ਬਹਿਸ ਤੋਂ ਅਣਭਿੱਜ ਹੀ ਰਹਿੰਦਾ ਹੈ। ਰਾਮ ਨਾਥ ਦੇ ਕਿਰਦਾਰ ਦੀ ਅਜਿਹੀ ਵਿਚਾਰਧਾਰਕ ਹੱਦਬੰਦੀ ਅਸਲ ਵਿਚ ਇਸ ਨਾਵਲ ਦੇ ਬਿਰਤਾਂਤ ਦੀ ਬਣਤਰ, ਵਿਉਂਤਕਾਰੀ ਅਤੇ ਇਸ ਵਿਚ ਸਮੋਏ ਇਸਦੇ ਥੀਮਿਕ ਪੈਟਰਨ ਦੀ ਆਪਣੀ ਹੀ ਜੁਗਤ ਦੇ ਸੰਦਰਭ ਵਿਚ ਰੱਖ ਕੇ ਹੀ ਸਮਝੀ ਜਾ ਸਕਦੀ ਹੈ। ਹਥਲੇ ਪਰਚੇ ਦੇ ਮੁੱਖ ਮਨੋਰਥ ਦੀ 'ਕੌਰਵ ਸਭਾ' ਦੀ ਵਿਚਾਰਧਾਰਾਈ ਜੁਗਤ ਦਾ ਇਕ ਸੰਖੇਪ ਜਿਹਾ ਵਿਸ਼ਲੇਸ਼ਣ ਕਰਦੇ ਹੋਏ ਰਾਮ ਨਾਥ ਦੇ ਕਿਰਦਾਰ ਦੀ ਸਮੱਸਿਆਕਾਰ ਨੂੰ ਸਮਝਣ ਦੀ ਇਕ ਛੋਟੀ ਜਿਹੀ ਕੋਸ਼ਿਸ਼ ਮਾਤਰ ਹੈ।

1.2 'ਕੌਰਵ ਸਭਾ' ਦੀ ਜੁਗਤ ਦੀ ਕੇਂਦਰੀ ਬਿੰਦੂ ਇਸ ਦਾ ਆਪਣਾ ਸਿਰਲੇਖ ਹੀ ਹੈ। ਇਸ ਦੀ ਕਹਾਣੀ 'ਤੇ ਪੰਛੀ ਝਾਤ ਮਾਰਿਆ ਹੀ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਮੁਜਰਿਮਾਂ ਦੇ ਕਟਹਿਰੇ ਵਿਚ ਖੜ੍ਹੇ ਪੰਕਜ ਤੇ ਨੀਰਜ, ਉਹਨਾਂ ਨੂੰ ਮਜ਼ਬੂਤ ਆਰਥਿਕ ਸਥਿਤੀ 'ਤੇ ਪਹੁੰਚਾਉਣ ਵਾਲੇ ਅਤੇ ਨਾਵਲ ਦੇ ਬਿਰਤਾਂਤ ਵਿਚਲੀ ਸਥਿਤੀ ਵਿਚ ਉਹਨਾਂ ਦੀ ਮਦਦ ਕਰਨ ਵਾਲੇ ਸਭ ਵਿਅਕਤੀ ਅਤੇ ਰਾਜਸੀ, ਪ੍ਰਬੰਧਕੀ ਤੰਤਰ ਦੇ ਸਾਰੇ ਜੁਜ਼ ਆਪਣੇ ਹੀ ਹਿੱਤਾਂ ਨੂੰ ਪ੍ਰਣਾਈਆਂ ਅਜਿਹੀਆਂ ਕ੍ਰਿਆਵਾਂ ਦੇ ਧਾਰਨੀ ਹਨ ਜੋ ਕਿ ਆਪਣੀ ਹੀ ਸ਼ਕਤੀ ਦੇ ਵਾਧੇ ਲਈ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਵੱਲ ਹੀ ਸੇਧਤ ਹਨ। ਅਜਿਹਾ ਕਰਦੇ ਸਮੇਂ ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਪੈਦਾ ਹੋਈਆਂ ਇਖ਼ਲਾਕੀ ਕਦਰਾਂ ਕੀਮਤਾਂ ਦਾ ਉਹਨਾਂ ਜ਼ਿੰਦਗੀਆਂ ਵਿਚ ਕੋਈ ਸਥਾਨ ਮਾਤਰ ਵੀ ਨਜ਼ਰ ਨਹੀਂ ਆਉਂਦਾ। ਉਹ ਸਿਰਫ਼ ਤੇ ਸਿਰਫ਼ ਆਪਣੇ ਹਿਤ ਅਤੇ ਆਪਣੀ ਹੀ ਸ਼ਕਤੀ ਦੇ ਪਾਸਾਰ ਪ੍ਰਤੀ ਜ਼ਿੰਮੇਵਾਰ ਦਿਖਾਈ ਦਿੰਦੇ ਹਨ। ਇਹ ਸਥਿਤੀ ਕੌਰਵਾਂ ਦੇ ਦਰਬਾਰ ਦੀ ਉਸ ਸਥਿਤੀ ਵਾਂਗਰ ਹੀ ਹੈ ਜਿਸ ਵਿਚ ਕਿ ਮਨੁੱਖੀ ਪ੍ਰਕਿਰਿਆ ਦਾ ਧੁਰਾ ਰਾਜ ਪ੍ਰਾਪਤ ਕਰਨਾ ਹੀ ਰਹਿ ਜਾਂਦਾ ਹੈ। ਨਾਵਲ ਵਿਚਲੀ ਸਥਿਤੀ ਦਾ ਦੂਸਰਾ ਮੁੱਖ ਪਹਿਲੂ ਉਸ ਸਥਿਤੀ ਦਾ ਲਗਭਗ ਅਣਹੋਂਦ ਹੈ ਜੋ ਕਿ ਅਜਿਹੀਆਂ ਸ਼ਕਤੀਆਂ ਨਾਲ ਲੋਹਾ ਲੈਣ ਦੇ ਸਮਰੱਥ ਹੋਵੇ। ਰਾਮ ਨਾਥ, ਨਿਹਾ, ਕਮਲ ਦੀ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਅਤੇ ਵਿਕਟਮ ਵੈਲਫੇਅਰ ਸੋਸਾਇਟੀ ਵਰਗੇ ਸਹਿਯੋਗੀ ਜਾਂ ਤਾਂ ਕਮਜ਼ੋਰ ਸਥਿਤੀ ਵਿਚ ਹਨ, ਜਾਂ ਹਾਰ ਹੁੱਟ ਚੁੱਕੇ ਹਨ ਅਤੇ ਜਾਂ ਬਿਰਤਾਂਤ ਦੀ ਸਥਿਤੀ ਵਿਚ ਪਛੜ ਕੇ ਦਾਖ਼ਲ ਹੁੰਦੇ ਹਨ। ਇਸ ਲਈ ਸ਼ਕਤੀ ਨਾਲ ਭਰਪੂਰ ਗੁੱਟ ਦੇ ਵਿਰੋਧ ਵਿਚ ਖੜ੍ਹਨ ਅਤੇ ਸੰਘਰਸ਼ ਕਰਨ ਵਾਲੀ ਧਿਰ ਦੀ ਗ਼ੈਰ ਹਾਜ਼ਰੀ ਜਾਂ ਕਮਜ਼ੋਰੀ ਅਜਿਹੀ ਸਥਿਤੀ ਦੀ ਪੇਸ਼ਕਾਰੀ ਹੈ ਜਿਸ ਵਿਚ ਕਿ "ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ।" ਨਾਵਲ ਦੀ ਜੁਗਤ ਵਿਚ ਭਾਵੇਂ ਪੰਡਿਤ ਪਰਮਾ ਨੰਦ ਜੋ ਕਿ ਅਮਰੀਕਾ ਵਿਚ ਧਾਰਮਿਕ ਫ਼ਲਸਫ਼ੇ ਨੂੰ 'ਵਿਗਿਆਨਿਕ ਨਜ਼ਰੀਏ' ਤੋਂ ਪੇਸ਼ ਕਰਦਾ ਹੈ, ਨੇ ਵੇਦ ਦੇ ਪਰਿਵਾਰ ਨੂੰ ਉਲਝੇਵੇਂ ਅਤੇ ਨਿਰਾਸ਼ਾਜਨਕ ਸਥਿਤੀ ਵਿਚੋਂ ਕੱਢਣ ਲਈ ਗੀਤਾ ਅਤੇ ਗਰੁੜ ਪੁਰਾਣ ਵਿਚੋਂ ਉਪਦੇਸ਼ ਦਿੱਤੇ ਅਤੇ ਉਹਨਾਂ ਦੀ ਸਥਿਤੀ ਨੂੰ ਮਹਾਂਭਾਰਤ ਵਿਚ ਪਾਂਡਵਾਂ ਦੀ ਸਥਿਤੀ ਨਾਲ ਮਿਲਾਇਆ, ਪਰ ਇਸ ਕਾਰਜ ਦਾ ਵਿਚਾਰਧਾਰਕ ਅਤੇ ਵਿਹਾਰਕ ਪੱਖ ਉਹਨਾਂ ਨੂੰ ਅਤੇ ਖ਼ਾਸ ਕਰਕੇ ਰਾਮ ਨਾਥ ਨੂੰ ਆਪਣਾ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰਨਾ ਸੀ। ਕਮਲ ਨੂੰ ਅਭਿਮਨਿਊਂ ਦੇ ਕਿਰਦਾਰ ਦੀ ਸੰਗਿਆ ਦੇਣੀ

ਅਤੇ ਮਹਾਂਭਾਰਤ ਦਾ ਯੁੱਧ ਇਸ ਪਰਿਵਾਰ ’ਤੇ ਠੋਸੇ ਹੋਣਾ ਇਕ ਪਾਸੇ ਤਾਂ ਇਹਨਾਂ ਨੂੰ ਪਾਂਡਵਾਂ ਦੇ ਰੂਪ ਵਿਚ ਕੌਰਵਾਂ ਦੇ ਵਿਰੋਧ ਵਿਚ ਖੜ੍ਹੇ ਕਰਨਾ ਹੈ ਤਾਂ ਦੂਸਰੇ ਪਾਸੇ ਇਹ ਮਹਾਂਭਾਰਤ ਦੀ ਗੁੰਝਲਦਾਰ ਅਤੇ ਸੰਘਣੀ ਕਥਾ ਨੂੰ ਅਤੇ ਉਸ ਦੇ ਅੰਤਰ ਵਿਰੋਧਾਂ ਦਾ ਸਰਲੀਕਰਨ ਕਰਕੇ ਪੇਸ਼ ਕਰਨ ਦਾ ਬ੍ਰਿਤਾਂਤਕ ਉਪਰਲਾ ਵੀ ਕਿਹਾ ਜਾ ਸਕਦਾ ਹੈ। ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਦੇ ਵਿਰੋਧ ਨੂੰ ਸ਼ਕਤੀ ਅਤੇ ਰਾਜ ਪ੍ਰਾਪਤੀ ਦੀ ਸੰਘਰਸ਼ ਵਜੋਂ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਸ ਮਹਾਂ ਕਾਵਿ ਦੀਆਂ ਮਨੁੱਖੀ ਸਥਿਤੀਆਂ ਅਤੇ ਇਹਨਾਂ ਵਿਚ ਵਿਚਰਦੇ ਕਿਰਦਾਰ ਅਤਿ ਗੁੰਝਲਦਾਰ ਮਨੋਸਥਿਤੀਆਂ ਵਿਚ ਗੁੱਸੇ ਹੋਏ ਕਿਰਦਾਰ ਹਨ। ਮਹਾਂਭਾਰਤ ਦਾ ਪਾਠ ਇਹਨਾਂ ਨੂੰ ਚਿੱਟੇ ਅਤੇ ਕਾਲੇ ਜਾਂ ਚੰਗਿਆਈ ਅਤੇ ਬੁਰਿਆਈ ਵਾਲੇ ਕਿਰਦਾਰਾਂ ਅਤੇ ਸਥਿਤੀਆਂ ਵਿਚੋ ਮੂਲੋਂ ਹੀ ਨਹੀਂ ਵੰਡਦਾ। ਮਹਾਂਭਾਰਤ ਦੀ ਅਤਿ ਗੁੰਝਲਦਾਰ ਅਤੇ ਬਹੁਪੱਖੀ ਅਰਥਾਂ ਨਾਲ ਭਰਪੂਰ ਸਥਿਤੀ ਦਾ ਸਰਲੀਕਰਨ ਅਸਲ ਵਿਚ ਨਾਵਲ ਅੰਦਰਲੀ ਦੁਖਦਾਈ ਪਰ ਸਰਲ ਸਥਿਤੀ ਅਤੇ ਇਸ ਵਿਚ ਵਿਚਰ ਰਹੇ ਸਧਾਰਨ ਅਤੇ ਇਕਹਿਰੇ ਕਿਰਦਾਰਾਂ ਦੀ ਤਰਜਮਾਨੀ ਕਰਨ ਵਾਲਾ ਹੈ।

*1.3* ‘ਕੌਰਵ ਸਭਾ’ ਦੀ ਬਿਰਤਾਂਤਕਾਰੀ ਅਤੇ ਇਸ ਅਨੁਸਾਰ ਹੀ ਉਸਰੀ ਇਸਦੀ ਜੁਗਤ ਇਕ ਅਜਿਹਾ ਬ੍ਰਿਤਾਂਤਕ ਤਰੀਕਾ ਹੈ ਜੋ ਸਿਰਫ਼ ਇਸ ਲਈ ਯਥਾਰਥਵਾਦੀ ਹੈ ਕਿਉਂਕਿ ਉਹ ਕਿਸੇ ਮੁਕੱਦਮੇ ਦੀ ਮਿਸਲ ਦੀ ਜੁਗਤ ਦੇ ਅਨੁਸਾਰੀ ਹੈ। ਇਕ ਫ਼ੌਜਦਾਰੀ ਮੁਕੱਦਮੇ ਦੀ ਬਣਤਰ ਅਨੁਸਾਰ ਇਸ ਨਾਵਲ ਵਿਚ ਵੀ ਇਕ ਤਰਕਸੰਗਤ ਤਰੀਕੇ ਦੇ ਅਨੁਸਾਰ ਮੁਜਰਿਮਾਂ ਦੀ ਨਿਸ਼ਾਨਦੇਹੀ ਨਾਵਲ ਦੇ ਪਾਠ ਦੇ ਪਹਿਲੇ ਸਫ਼ੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਪੜਾਅ ਦਰ ਪੜਾਅ ਮੁਜਰਿਮਾਂ ਨੂੰ ਟਿੱਕਣ, ਉਹਨਾਂ ਤੇ ਕੇਸ ਦਰਜ ਕਰਨ, ਉਹਨਾਂ ਦੁਆਰਾ ਆਪਣੇ ਆਪ ਨੂੰ ਬਚਾਉਣ ਲਈ ਹਰ ਵਾਜਿਬ/ਗ਼ੈਰ ਵਾਜਿਬ ਢੰਗ ਤਰੀਕੇ ਅਪਨਾਉਣ/ ਵਰਤਣ, ਇਸ ਵਿਚ ਸਹਾਈ ਹੁੰਦੇ ਅਦਾਰੇ ਅਤੇ ਵਿਅਕਤੀ, ਮੁਦੱਈਆਂ ਵੱਲੋਂ ਮੁੱਕਦਮੇ ਦੀ ਤਿਆਰੀ, ਉਸ ਵਿਚ ਆਉਂਦੀਆਂ ਰੁਕਾਵਟਾਂ ਤੇ ਪੈਦਾ ਹੁੰਦੀਆਂ ਉਲਝਣਾਂ, ਮੁਕੱਦਮੇ ਦਾ ਚੱਲਣਾ ਅਤੇ ਫੈਸਲਾ ਸੁਣਾਉਣ ਤਕ ਇਹ ਬ੍ਰਿਤਾਂਤ ਆਪਣਾ ਵਹਾਅ ਬਣਾਉਂਦਾ ਹੈ। ਫ਼ੌਜਦਾਰੀ ਮੁਕੱਦਮੇ ਦੀ ਮਿਸਲ ਦੀ ਜੁਗਤ ਅਤੇ ਇਸਦੀ ਵਿਉਂਤਕਾਰੀ, ਜੋ ਕਿ ਹਰ ਇਕ ਘਟਨਾ ਅਤੇ ਕਾਰਵਾਈ ਨੂੰ ਕਾਰਨ ਦੇ ਸਿੱਟੇ/ ਅਸਰ ਦੇ ਤਰਕ ਅਨੁਸਾਰ ਪਰਖ ਜਾਂ ਢਾਲ ਕੇ ਵਿਕਸਿਤ ਹੁੰਦੀ ਹੈ, ਵਿਚਾਰਧਾਰਕ ਅਤੇ ਵਿਹਾਰਕ ਦੋਹਾਂ ਪੱਖਾਂ ਤੋਂ ਇਕਹਿਰੇ ਪਾਸਾਰ ਵਾਲੀ ਬਣਤਰ ਕਹੀ ਜਾ ਸਕਦੀ ਹੇ। ਇਸ ਵਿਚ ਬ੍ਰਿਤਾਂਤਕ ਸਥਿਤੀਆਂ ਅਤੇ ਇਹਨਾਂ ਵਿਚ ਵਿਚਰਦੇ ਮਨੁੱਖ ਇਕ ਵਿਰੋਧ ਵਿਕਾਸੀ ਜੁਗਤ ਵਿਚ ਬੱਝੇ ਨਾ ਹੋ ਕੇ ਇਕਹਿਰੇ ਧਰਾਤਲ ’ਤੇ ਜਿਉਂਦੇ ਪ੍ਰਵਚਨ ਨੂੰ ਜਨਮ ਦਿੰਦੇ ਹਨ। ਇਸ ਪ੍ਰਵਚਨ ਵਿਚ ਬਿਤ੍ਰਾਂਤਕ ਕਿਰਦਾਰਾਂ ਦੀਆਂ ਗੁੰਝਲਦਾਰ ਮਨੋਸਥਿਤੀਆਂ, ਬਿਰਤਾਂਤ ਦੀਆਂ ਕਦੀ ਵੀ ਹੱਲ ਨਾ ਹੋਣ ਵਾਲੀਆਂ ਗੁੰਝਲਾਂ, ਅਸਪਸ਼ਟਤਾਵਾਂ ਆਦਿ ਜੋ ਕਿ ਪੂਰੀ ਬਿਰਤਾਂਤਕ ਸਥਿਤੀ ਨੂੰ ਵਿਡੰਬਨਾ ਨਾਲ ਭਰਪੂਰ ਬਣਾਉਂਦੀਆਂ ਹਨ, ਲਈ ਕੋਈ ਸਥਾਨ ਰਹਿਣ ਦੀ ਗੁੰਜਾਇਸ਼ ਘੱਟ ਹੀ ਰਹਿੰਦੀ ਹੈ। ਮਹਾਂਭਾਰਤ ਦੀਆਂ ਬਹੁਪਰਤੀ ਅਰਥਾਂ ਨਾਲ ਭਰਪੂਰ ਮਨੁੱਖੀ ਸਥਿਤੀਆਂ ਦਾ ਸਰਲੀਕਰਨ ਵੀ ਇਸੇ ਸੰਦਰਭ ਵਿਚ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ।

ਜੇਕਰ ਨਾਵਲ ਦੀ ਵਿਉਂਤਕਾਰੀ ਅਤੇ ਇਸ ਵਿਚੋਂ ਉਪਜਦੇ ਬ੍ਰਿਤਾਂਤਕ ਪ੍ਰਵਚਨ ਦਾ ਸੁਭਾਅ ਫ਼ੌਜਦਾਰੀ ਮੁਕੱਦਮੇ ਦੀ ਮਿਸਲ ਦੀ ਬਣਤਰ ਵਾਲਾ ਹੈ ਤਾਂ ਇਸ ਨਾਵਲ ਦੇ ਪ੍ਰਵਚਨ ਦਾ ਅਧਿਅਨ

ਵੀ ਇਸ ਤਰ੍ਹਾਂ ਦੀ ਬਣਤਰ ਦੇ ਤਰਕ ਦੇ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿਸੇ ਮੁੱਕਦਮੇ ਦੀ ਕਿਸੇ ਵੀ ਮਹੱਤਵਪੂਰਨ ਜਾਂ ਆਮ ਛੋਟੀ ਜਿਹੀ ਘਟਨਾ ਨੂੰ ਇਕ ਸਪਸਟ ਕਾਰਨ ਤੇ ਇਸਦੇ ਸਿੱਟੇ/ ਅਸਰ ਦੇ ਤਰਕ ਦੇ ਅਨੁਸਾਰ ਹੀ ਸਮਝਿਆ ਤੇ ਪੇਸ਼ ਕੀਤਾ ਜਾਂਦਾ ਹੈ। ਉਸੇ ਤਰ੍ਹਾਂ ਅਧਿਅਨ ਹੇਠਲੇ ਨਾਵਲ ਦੇ ਪ੍ਰਵਚਨ ਨੂੰ ਵੀ ਉਸ ਹੇਠ ਕੰਮ ਕਰਦੇ ਤਰਕ ਦੇ ਅਨੁਸਾਰ ਹੀ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਅਜਿਹੇ ਤਰਕ ਦੇ ਅਨੁਸਾਰ ਹੀ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਅਜਿਹੇ ਤਰਕ ਦੀ ਵਿਚਾਰਧਾਰਕ ਨੇੜਤਾ ਸਮਾਜ ਵਿਗਿਆਨ ਦੇ ਪ੍ਰਵਚਨ ਨਾਲ ਬਣਦੀ ਹੈ। ਇਸ ਲਈ ਇਹ ਸੰਖੇਪ ਜਿਹਾ ਅਧਿਐਨ ਵੀ ਸਮਾਜ ਵਿਗਿਆਨ ਦੀਆਂ ਅੰਤਰ ਦ੍ਰਿਸ਼ਟੀਆਂ ਦੁਆਰਾ ਕੀਤਾ ਅਧਿਅਨ ਹੀ ਹੋ ਸਕਦਾ ਹੈ ਨਾ ਕਿ ਕਿਸੇ ਕਲਾ ਕ੍ਰਿਤ ਨੂੰ ਉਸ ਦੇ ਮੂਲ ਸੁਭਾਅ ਦੇ ਅਨੁਸਾਰ ਸਮਾਜ ਵਿਗਿਆਨ ਦੇ ਅਧਿਅਨ ਨਾਲੋਂ ਸਿਫ਼ਤੀ ਤੌਰ 'ਤੇ ਵੱਖਰੀ ਅਧਿਅਨ ਵਿਧੀ ਰਾਹੀਂ ਕੀਤਾ ਅਧਿਅਨ।

## (2)

'ਕੌਰਵ ਸਭਾ' ਦੇ ਮੁਲੰਕਣ ਦੀ ਇਸ ਸੰਖੇਪ ਜਿਹੀ ਕੋਸ਼ਿਸ਼ ਵਿਚ ਇਸਦੇ ਉਹਨਾਂ ਵਿਚਾਰਧਰਾਈ ਸਮੱਸਿਆਕਾਰਾਂ ਦੀ ਚਰਚਾ ਕੀਤੀ ਜਾਵੇਗੀ ਜੋ ਕਿ ਇਸਦੇ ਪ੍ਰਵਚਨ ਵਿਚ ਸਮੋਏ ਹੋਏ ਹਨ। ਇਸ ਚਰਚਾ ਦਾ ਮੁੱਖ ਨਿਸ਼ਾਨਾ ਰਾਮ ਨਾਥ ਦੇ ਕਾਰਜਾਂ ਨੂੰ ਇਹਨਾਂ ਸਮੱਸਿਆਕਾਰਾਂ ਦੇ ਪਰਿਪੇਖ ਵਿਚ ਰੱਖ ਕੇ ਸਮਝਣ ਦਾ ਰਹੇਗਾ ਅਤੇ ਇਸੇ ਅਧਾਰ 'ਤੇ ਹੀ ਨਾਵਲ ਦੀ ਜੁਗਤ ਦੇ ਅਸਲ ਵਿਚਾਰਧਾਰਾਈ ਆਧਾਰ ਨੂੰ ਵੀ।

2.1 ਇਸ ਨਾਵਲ ਦਾ ਇਕ ਪਮੁੱਖ ਸਮੱਸਿਆਕਾਰ ਅਪਰਾਧ ਵਿਗਿਆਨ ਅਤੇ ਸਾਡੇ ਆਸ ਪਾਸ ਹੁੰਦੇ ਅਪਰਾਧਾਂ ਬਾਰੇ ਸਮਝ ਹੈ। ਇਕ ਪੱਧਰ 'ਤੇ ਸਾਡੇ ਫ਼ੌਜਦਾਰੀ ਨਿਆਂਪ੍ਰਬੰਧ ਦੇ ਹੇਠ ਕੰਮ ਕਰਦੀ ਅਪਰਾਧ ਵਿਗਿਆਨ ਦੀ ਸਮਝ ਦੀ ਪੇਸ਼ਕਾਰੀ ਵਿਡੰਬਨਾ ਅਤੇ ਤਨਜ਼ ਨਾਲ ਭਰਪੂਰ ਹੈ। ਅਪਰਾਧ ਵਿਗਿਆਨ ਦੀ ਆਧੁਨਿਕ ਅਤੇ ਪ੍ਰਚੱਲਤ ਧਾਰਨਾ ਦੇ ਅਨੁਸਾਰ ਸਭਿਅਕ ਮਨੁੱਖ ਆਪਣੇ ਸੁਭਾਅ ਤੋਂ ਹਿੰਸਕ ਅਪਰਾਧ ਰਾਹੀਂ ਆਪਣੇ ਮਸਲੇ ਜਾਂ ਝਗੜੇ ਹੱਲ ਨਹੀਂ ਕਰਦਾ ਸਗੋਂ ਇਸ ਲਈ ਕਾਨੂੰਨ ਦਾ ਆਸਰਾ ਲੈਂਦਾ ਹੈ। ਸਭਿਅਕ ਮਨੁੱਖ ਅਤੇ ਅਪਰਾਧ ਦੇ ਇਸ ਉਲਟ ਰਿਸ਼ਤੇ ਅਨੁਸਾਰ ਸੰਸਾਰ ਦੇ ਇਤਿਹਾਸ ਵਿਚ ਪਹਿਲਾਂ ਇਕ ਅਜਿਹਾ ਪੜਾਅ ਵੀ ਰਿਹਾ ਹੈ ਜਿਸ ਵਿਚ ਕਿ ਹਿੰਸਾ ਰਾਹੀਂ ਹੀ ਮਸਲੇ ਜਾਂ ਝਗੜੇ ਹੱਲ ਕੀਤੇ ਜਾਂਦੇ ਸਨ। ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਐਨਲਾਈਟਨਮੈਂਟ ਦੇ ਪ੍ਰਜੈਕਟ ਦਾ ਇਹੀ ਅਰਥ ਹੈ। ਇਸ ਅਨੁਸਾਰ ਇਹ ਸਭਿਅਤਾ ਜਾਂ ਇਸ ਦੀਆਂ ਕਦਰਾਂ ਕੀਮਤਾਂ ਅਤੇ ਇਹਨਾਂ ਨੂੰ ਪੈਦਾ ਕਰਨ ਵਾਲੀਆਂ ਵਿਚਾਰਧਾਰਾਵਾਂ ਅਤੇ ਮਨੁੱਖੀ ਸਮਾਜ ਦੀ ਪਦਾਰਥਕ ਤਰੱਕੀ ਹੀ ਹੈ ਜੋ ਕਿ ਮਨੁੱਖ ਨੂੰ ਹਿੰਸਕ ਅਪਰਾਧ ਤੋਂ ਦੂਰ ਲੈ ਕੇ ਜਾਂਦੀ ਹੈ। ਇਸੇ ਬਿਆਨ ਦੀ ਦੂਜੀ ਪਰਤ ਇਹ ਹੈ ਕਿ ਸਮਾਜ ਵਿਕਾਸ ਦੇ ਅੰਦਰ ਸਭਿਅਕ ਲੋਕ ਜਾਂ ਸਭਿਅਕ ਜਮਾਤਾਂ ਉਹੀ ਹਨ ਜਿਨ੍ਹਾਂ ਨੇ ਕਿ ਪਦਾਰਥਕ ਤਰੱਕੀ ਕਰ ਲਈ ਹੈ ਅਤੇ ਜੋ ਸਮਾਜਕ ਵਿਕਾਸ ਦੇ ਕਿਸੇ ਇਤਿਹਾਸਕ ਪੜਾਅ 'ਤੇ ਰਾਜ ਕਰਨ ਵਾਲੀਆਂ ਜਾਂ ਉਪਰਲੀਆਂ ਜਮਾਤਾਂ ਹੀ ਹੋ ਸਕਦੀਆਂ ਹਨ। ਅਪਰਾਧ ਵਿਗਿਆਨ ਦੇ ਇਸੇ ਤਰਕ ਵਿਚੋਂ ਹੀ ਜ਼ਮਾਨਤ ਲੈਣ ਦੇ ਕਾਨੂੰਨ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਲੁੱਟੀਆਂ ਜਾਂਦੀਆਂ ਅਤੇ ਲੁੱਟ ਕਰਦੀਆਂ ਜਮਾਤਾਂ ਦੇ ਆਪਸੀ ਅਸਾਵੇਂ ਰਿਸ਼ਤਿਆਂ ਅਤੇ ਸ਼ਕਤੀ ਦਾ ਤਵਾਜਨ ਲੁੱਟ ਕਰਦੀਆਂ ਜਮਾਤਾਂ ਦੇ ਹੱਕ ਵਿਚ ਹੋਣ ਕਰਕੇ ਅਪਰਾਧ

ਵਿਗਿਆਨ ਦੀ ਉਪਰ ਦਰਜ ਸਮਝ ਇਹਨਾਂ ਸ਼ਕਤੀਸ਼ਾਲੀ ਜਮਾਤਾਂ ਦੇ ਹੱਕ ਵਿਚ ਹੀ ਭੁਗਤਦੀ ਹੈ। ਨਿਆਂ ਸ਼ਾਸਤਰ ਅਤੇ ਇਸ 'ਤੇ ਅਧਾਰਿਤ ਨਿਆਂ ਪ੍ਰਬੰਧ ਦਾ ਰਾਜ ਕਰਦੀਆਂ ਜਮਾਤਾਂ ਦੇ ਹੱਕ ਵਿਚ ਭੁਗਤਣ ਦੇ ਪਿੱਛੇ ਜਾਂ ਇਸਦੇ ਜਮਾਤੀ ਖ਼ਾਸੇ ਪਿੱਛੇ ਇਹੀ ਤਰਕ ਕੰਮ ਕਰਦਾ ਹੈ।

ਅਧਿਅਨ ਹੇਠਲੇ ਨਾਵਲ ਦੀ ਮਨੁੱਖੀ ਸਥਿਤੀ ਵਿਚ ਛੁਪੀ ਤਨਜ਼ ਦੀ ਰਮਜ਼ ਇਸੇ ਵਿਚ ਹੈ ਕਿ ਇਸ ਦੇ ਬਿਰਤਾਂਤ ਵਿਚ ਜੁਰਮ ਕਰਨ ਜਾਂ ਕਰਵਾਉਣ ਵਾਲੇ ਉਹੀ ਲੋਕ ਹਨ ਜੋ ਕਿ ਆਮ ਸਮਾਜਕ ਪੈਮਾਨੇ 'ਤੇ ਆਪਣੀ ਆਰਥਿਕ ਸਥਿਤੀ ਅਤੇ ਰੁਤਬੇ ਕਰਕੇ ਸਭਿਅਕ ਅਖਵਾਉਂਦੇ ਹਨ। ਪੰਕਜ ਤੇ ਨੀਰਜ ਅਤੇ ਉਹਨਾਂ ਦੇ ਸਹਿਯੋਗੀ/ਹਮਾਇਤੀ ਸਮਾਜ ਦੇ 'ਸਭਿਅਕ' ਹਲਕਿਆਂ ਨਾਲ ਸੰਬੰਧ ਰੱਖਦੇ ਹਨ ਅਤੇ ਉਹਨਾਂ ਵਿਚ ਪੈਸੇ ਦੇ ਜ਼ੋਰ ਨਾਲ ਕੰਮ ਕਰਵਾਉਣ ਦੀ ਪ੍ਰਵਿਰਤੀ ਪਮੁੱਖ ਹੈ। ਨਾਲ ਹੀ ਉਹਨਾਂ ਵਿਚ ਕਿਸੇ ਵੀ ਕਿਸਮ ਦੀ ਪਿਆਰ ਜਾਂ ਸਤਿਕਾਰ ਕਰਨ ਦੀ ਇਖ਼ਲਾਕੀ ਕਦਰ ਲਈ ਕੋਈ ਥਾਂ ਨਹੀਂ ਹੈ। ਉਹ ਮੁਕੰਮਲ ਤੌਰ 'ਤੇ ਆਪਣੇ ਪੈਸੇ ਦੇ ਆਧਾਰ 'ਤੇ ਹੀ ਆਪਣੀ ਜ਼ਿੰਦਗੀ ਜਿਉਂਦੇ ਹਨ। ਉਹਨਾਂ ਦੇ ਮਨ ਵਿਚ ਇਕ ਵਾਰ ਵੀ ਆਪਣੇ ਦੁਆਰਾ ਕਰਵਾਏ ਅਪਰਾਧ ਪ੍ਰਤੀ ਕੋਈ ਪਛਤਾਵਾ ਜਾਂ ਉਦਰੇਵਾਂ ਨਹੀਂ ਆਉਂਦਾ। ਉਹਨਾਂ ਦਾ ਰੋਣਾ ਜਾ ਤਨਾਅ ਗ੍ਰਸਤ ਹੋਣਾ ਉਸੇ ਹਾਲਤ ਵਿਚ ਹੀ ਹੁੰਦਾ ਹੈ ਜਦੋਂ ਕਿ ਉਹਨਾਂ ਦੇ ਆਪਣੇ ਨਿੱਜ ਨੂੰ ਜਾਂ ਆਪਣੇ ਸਰੀਰ ਨੂੰ ਕੋਈ ਖ਼ਤਰਾ ਮਹਿਸੂਸ ਹੁੰਦਾ ਹੋਵੇ। ਉਹਨਾਂ ਲਈ ਆਪਣੇ ਨਿੱਜ ਤੋਂ ਅੱਗੇ ਕੋਈ ਹਸਤੀ ਨਹੀਂ ਹੈ। ਅਪਰਾਧ ਵਿਗਿਆਨ ਦੀ ਤਨਜ਼ ਭਰਪੂਰੀ ਪੇਸ਼ਕਾਰੀ ਉਸ ਵਕਤ ਨਾਵਲ ਦੇ ਪ੍ਰਵਚਨ 'ਚੋਂ ਖ਼ਤਮ ਹੋ ਜਾਂਦੀ ਹੈ ਜਦੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚੋਂ ਆਏ ਮਜ਼ਦੂਰਾਂ ਦੁਆਰਾ ਕੀਤੇ ਅਪਰਾਧਾਂ ਦਾ ਜ਼ਿਕਰ ਆਉਂਦਾ ਹੈ। ਇਥੇ ਕਿਸੇ ਵੀ ਰਵਾਇਤੀ ਨਜ਼ਰੀਏ ਅਤੇ ਅੱਜ ਕੱਲ ਪ੍ਰਚੱਲਤ ਪੰਜਾਬੀ ਸਾਵਨਵਾਦ ਦੀ ਨਿਗਾਹ ਤੋਂ ਇਨ੍ਹਾਂ ਭਈਏ ਅਖਵਾਉਂਦੇ ਮਜ਼ਦੂਰਾਂ ਨੂੰ ਆਪਣੇ ਬਰਾਦਰੀ ਦੇ ਖ਼ਾਸੇ ਤੋਂ ਹੀ ਅਪਰਾਧੀ ਮੰਨਿਆ ਜਾਂਦਾ ਹੈ। ਨਾਵਲ ਦੇ ਪਾਠ ਦੇ ਅਨੁਸਾਰ ਵੀ "ਲੜਨ ਝਗੜਨ ਅਤੇ ਛੋਟੇ ਮੋਟੇ ਜੁਰਮ ਕਰਨ ਦੀ ਪੈਦਾਇਸ਼ੀ ਆਦਤ ਇਧਰ ਆਏ ਭਈਆਂ ਵਿਚ ਵੀ ਸੀ।... ਛੋਟੀਆਂ ਮੋਟੀਆਂ ਲੜਾਈਆਂ ਝਗੜੇ, ਮਾਰ ਕੁਟਾਈ ਅਤੇ ਚੋਰੀ ਯਾਰੀ ਉਹਨਾਂ ਦੀ ਬਰਾਦਰੀ ਦਾ ਖ਼ਾਸਾ ਸੀ।" (ਸਫਾ *55*) ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕਿ ਆਪਣੀ ਜੰਮਣ ਭੋਂ ਤੋਂ ਦੂਰ ਰਹਿੰਦੇ ਇਹਨਾਂ ਭਈਆਂ ਵਿਚ ਅਪਰਾਧ ਕਰਨ ਦੀ ਪ੍ਰਵਿਰਤੀ ਕੁਦਰਤੀ ਤੌਰ 'ਤੇ ਹੀ ਸੀ। ਅਪਰਾਧ ਵਿਗਿਆਨ ਬਾਰੇ ਇਥੋਂ ਤਨਜ਼ ਦਾ ਗਾਇਬ ਹੋਣਾ ਇਕ ਪਾਸੇ ਤਾਂ ਇਹਨਾਂ ਪਰਵਾਸੀ ਮਜ਼ਦੂਰਾਂ ਦੇ ਅੰਦਰ ਅਪਰਾਧ ਕਰਨ ਦੀ ਮਾਨਸਿਕਤਾ ਦਾ ਹੋਣਾ ਜ਼ਰੂਰੀ ਮੰਨਿਆ ਜਾਣਾ ਹੈ ਤੇ ਦੂਜੇ ਪਾਸੇ ਇਸ ਅਨੁਸਾਰ ਅਪਰਾਧ ਕਰਨ ਦੀ ਪ੍ਰਵਿਰਤੀ ਫਿਰ ਸਿੱਧੇ ਤੌਰ 'ਤੇ ਦੱਬੀਆਂ ਕੁਚਲੀਆਂ ਜਮਾਤਾਂ ਦੇ ਹਿਸੇ ਹੀ ਆਉਂਦੀ ਹੈ। ਇਹਨਾਂ ਨੂੰ ਹੀ ਦੂਜੇ ਸ਼ਬਦਾਂ ਵਿਚ ਅਸਭਿਅਕ ਵੀ ਕਿਹਾ ਜਾਂਦਾ ਹੈ। ਇਥੇ ਅਪਰਾਧ ਵਿਗਿਆਂਨ ਬਾਰੇ ਸਮਝ ਦੀ ਪੇਸ਼ਕਾਰੀ ਆਪਸ ਵਿਚ ਵਿਰੋਧੀ ਵਿਚਾਰਾਂ ਦੀ ਧਾਰਨੀ ਪ੍ਰਤੀਤ ਹੁੰਦੀ ਹੈ। ਨਾਵਲ ਵਿਚਲੇ ਅਜਿਹੇ ਵਿਰੋਧੀ ਵਿਚਾਰ ਇਸਦੀ ਵਿਉਂਤਕਾਰੀ ਵਿਚ ਬ੍ਰਿਤਾਂਤਕਾਰ ਜਾਂ ਕਿਸੇ ਕਿਰਦਾਰ ਦੇ ਬਿਆਨਾਂ/ਬੋਲਾਂ ਵਿਚ ਪੈਦਾ ਹੋਈ ਅਸਪਸ਼ਟਤਾ ਵੀ ਕਹੀ ਜਾ ਸਕਦੀ ਹੈ। ਇਸਦਾ ਇਕ ਆਧਾਰ ਫ਼ੌਜਦਾਰੀ ਮੁਕੱਦਮੇ ਦੀ ਮਿਸਲ ਦੀ ਤਰਜ਼ 'ਤੇ ਇਸ ਨਾਵਲ ਦੀ ਜੁਗਤ ਵਿਚ ਵੀ ਪਿਆ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੇ ਨਾਵਲ ਦੇ ਪ੍ਰਵਚਨ ਦੇ ਹਰ ਹਿੱਸੇ ਨੂੰ ਉਥੇ ਹੀ ਕੋਈ ਬਾਹਰੀ ਤਰਕ ਨਾਲ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪਰ ਅਪਰਾਧ ਵਿਗਿਆਨ ਬਾਰੇ ਇਹ ਆਪਸ ਵਿਰੋਧੀ ਧਾਰਨਾ ਨਾਵਲ ਦੇ ਪ੍ਰਵਚਨ ਵਿਚ ਅਪਰਾਧ ਬਾਰੇ ਨਜ਼ਰੀਏ ਨੂੰ ਇਕ ਢੰਗ ਨਾਲ ਰਵਾਇਤੀ ਨਜ਼ਰੀਏ ਦੇ ਨਜ਼ਦੀਕ ਲੈ ਜਾਂਦਾ ਹੈ।

2.2 ਨਾਵਲ ਦੇ ਪਾਠ ਵਿਚਲਾ ਅਪਰਾਧ ਪ੍ਰਤੀ ਇਹ ਆਪਸੀ ਵਿਰੋਧੀ ਨਜ਼ਰੀਆਂ ਜ਼ਿੰਦਗੀ ਦੇ ਹੋਰ ਪਾਸਾਰਾਂ ਪ੍ਰਤੀ ਵੱਖਰੀਆਂ ਵੱਖਰੀਆਂ ਸ਼ਕਲਾਂ ਵਿਚ ਰੂਪਮਾਨ ਹੁੰਦਾ ਹੈ। ਬਹੁਤ ਵਾਰੀ ਇਹਨਾਂ ਪਸਾਰਾਂ ਪ੍ਰਤੀ ਪਹੁੰਚ ਆਪਣੀ ਹੀ ਜੜ੍ਹਤਾ ਵਿਚ ਬੱਝੀ ਹੋਈ ਰਵਾਇਤੀ ਅਤੇ ਪਿਛਾਖੜੀ ਪਹੁੰਚ ਦੇ ਬਹੁਤ ਨੇੜੇ ਜਾ ਢੁਕਦੀ ਹੈ। ਇਸ ਸੰਦਰਭ ਵਿਚ ਇਕ ਮਹੱਤਵਪੂਰਨ ਪਾਸਾਰ ਸਮਾਜ ਦੇ ਅੰਦਰ ਇਕ ਰਵਾਇਤੀ ਤਰੱਕੀ ਦਾ ਆਯਾਮ ਹੈ। ਸਿਰਫ਼ ਪਦਾਰਥਕ ਤਰੱਕੀ ਦੇ ਇਸ ਆਯਾਮ ਅੰਦਰ ਜ਼ਿੰਦਗੀ ਦੇ ਆਮ ਕੰਮਕਾਜ, ਜੋ ਕਿ ਸਮਾਜਕ ਰੁਤਬੇ ਵਿਚ ਵਾਧੇ ਦਾ ਆਧਾਰ ਬਣਦੇ ਹਨ, ਅਤੇ ਅਪਰਾਧ ਵਿਚ ਕੋਈ ਸਿਫ਼ਤੀ ਫ਼ਰਕ ਕਰਨਾ ਮੁਸ਼ਕਲ ਹੈ। ਇਥੇ ਮੋਹਨ ਦਾ ਇੰਜੀਨੀਅਰ ਬਣ ਕੇ ਅਫ਼ਸਰ ਲੱਗਣ ਅਤੇ ਬਾਅਦ ਵਿਚ ਰਾਜ ਪ੍ਰਬੰਧ ਦੇ ਤੰਤਰ ਵਿਚ ਆਪਣਾ ਸਥਾਨ ਬਣਾ ਕੇ ਆਪਣੀ ਆਰਥਕ ਸਥਿਤੀ ਵਿਚ ਸੁਧਾਰ ਅਤੇ ਸਮਾਜਕ ਰੁਤਬੇ ਨੂੰ ਹੋਰ ਉੱਚਾ ਲਿਜਾਣ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਤਰੱਕੀ ਦੇ ਪਿੱਛੇ ਕੰਮ ਕਰਦੇ ਭ੍ਰਿਸ਼ਟ ਅਮਲ ਸਾਡੇ ਸਮਾਜ ਦੀ ਉਸ ਗੰਦਗੀ ਵੱਲ ਇਸ਼ਾਰਾ ਕਰਦੇ ਹਨ ਜਿਸ ਵਿਚ ਕਿ ਸਾਡੇ ਤਕਰੀਬਨ ਉਹ ਸਾਰੇ ਮੁਹਤਬਰ ਤਬਕੇ ਗ੍ਰਸੇ ਹੋਏ ਹਨ ਜਿਨ੍ਹਾਂ ਕੋਲ ਕਿ ਸ਼ਕਤੀ ਦਾ ਕੇਂਦਰੀਕਰਨ ਹੋਇਆ ਹੈ। ਇਥੇ ਮਸਲਾ ਭਾਵੇਂ ਸੜਕਾਂ ਤੇ ਹੋਰ ਇਮਾਰਤਾਂ ਦੀ ਉਸਾਰੀ ਅੰਦਰ ਵਰਤੇ ਜਾਂਦੇ ਭ੍ਰਿਸ਼ਟ ਤਰੀਕਿਆਂ ਦਾ ਹੋਵੇ, ਜਾਂ ਫਿਰ ਬਾਕੀਆਂ ਨਾਲੋਂ ਪਹਿਲਾਂ ਹੀ ਪ੍ਰੀਮਿਕਸ ਪਲਾਂਟ ਲਾ ਕੇ ਮੁਨਾਫ਼ਾ ਕਮਾਉਣ ਦਾ ਹੋਵੇ, ਅਤੇ ਜਾਂ ਫਿਰ ਆਪਣੇ ਤੋਂ ਉਪਰਲੇ ਅਫ਼ਸਰਾਂ ਨਾਲ ਇਕ ਖ਼ਾਸ ਕਿਸਮ ਦਾ ਆਪਣੇ ਅਤੇ ਉਹਨਾਂ ਦੇ ਸਾਂਝੇ ਮੁਫ਼ਾਦ ਦਾ ਹੋਵੇ, ਸਭ ਦਾ ਸਾਂਝਾ ਅਰਥ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸ ਕੇ ਆਪਣੇ ਆਪ ਨੂੰ ਉੱਚਾ ਉਠਾਉਣ ਦਾ ਹੀ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਸ ਸਿਲਸਿਲੇ ਦੀ ਸਭ ਤੋਂ ਅਹਿਮ ਉਦਾਹਰਣ ਮੋਹਨ ਦੁਆਰਾ ਪੈਟਰੋਲ ਪੰਪ ਲਾਉਣ ਦੀ ਹੈ। ਇਸ ਲਈ ਸਥਾਨ ਦੀ ਚੋਣ ਕਰਨ, ਇਸਨੂੰ ਪੈਟਰੋਲ ਪੰਪ ਲਈ ਪਾਸ ਕਰਵਾਉਣ, ਪਹਿਲਾਂ ਪਹਿਲ ਇਸ ਪੰਪ ਲਈ ਕੁਝ ਖ਼ਾਸ ਕਿਸਮ ਦੇ ਵਾਹਨਾਂ ਨੂੰ ਹੀ ਪੈਟਰੋਲ ਲੈਣ ਦੀ ਖੁੱਲ੍ਹ ਹੋਣੀ ਅਤੇ ਬਾਅਦ ਵਿਚ ਇਹ ਹਰ ਤਰ੍ਹਾਂ ਦੇ ਵਾਹਨਾਂ ਲਈ ਖੁੱਲ੍ਹਣਾ ਇਕ ਅਜਿਹੇ ਭ੍ਰਿਸ਼ਟ ਅਮਲ ਦੀ ਨਿਸ਼ਾਨਦੇਹੀ ਕਰਦਾ ਹੈ ਜਿਸ ਵਿਚ ਅਜਿਹੇ ਅਦਾਰੇ ਸਥਾਪਤ ਕਰਨ ਵਾਲੇ, ਨੌਕਰਸ਼ਾਹੀ ਤੇ ਸਿਆਸੀ ਅਦਾਰੇ, ਅਤੇ ਅਦਾਲਤਾਂ ਦੀ ਸਾਂਝੇਦਾਰੀ ਪ੍ਰਤੱਖ ਹੁੰਦੀ ਹੈ। ਤਰੱਕੀ ਦੇ ਇਸ ਮਿਸਲੀ ਨਮੂਨੇ ਦੀ ਪੈਦਾਵਾਰ ਪੰਕਜ ਅਤੇ ਨੀਰਜ ਹਨ ਜੋ ਕਿ ਐਮ. ਬੀ. ਏ. ਜਾਂ ਮਕੈਨੀਕਲ ਇੰਜੀਨੀਅਰਿੰਗ ਦਾ ਉੱਚ ਵਿਦਿਆ ਹਾਸਲ ਕਰਕੇ ਵੀ ਮਨੁੱਖੀ ਸਭਿਅਤਾ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਤੋਂ ਮੁਕੰਮਲ ਤੌਰ 'ਤੇ ਮਹਿਰੂਮ ਹਨ। ਤਰੱਕੀ ਕਰਨ ਦੇ ਇਸ ਅਮਲ ਦੀ ਸਮੁੱਚੇ ਸਮਾਜ ਦੇ ਵਿਸ਼ਾਲ ਚੌਖਟੇ ਵਿਚ ਰੱਖਕੇ ਨਾਵਲ ਵਿਚ ਕੀਤੀ ਪੇਸ਼ਕਾਰੀ ਤਨਜ਼ ਨਾਲ ਭਰਪੂਰ ਵੀ ਹੈ ਅਤੇ ਇਕ ਆਮ, ਸਭ ਦੁਆਰਾ ਪ੍ਰਵਾਨਿਤ ਅਤੇ ਇਸ ਕਰਕੇ ਜਾਇਜ਼ ਅਮਲ ਵੀ ਹੈ ਆਪਣੇ ਹੀ ਵਿਰੋਧਾਭਾਸ ਵਿਚ ਗ੍ਰਸੀ ਅਜਿਹੀ ਪੇਸ਼ਕਾਰੀ ਹੀ ਅਜਿਹੇ ਅਮਲ ਨੂੰ ਮੁੱਖ ਰੂਪ ਵਿਚ ਇਕ ਅਪਰਾਧੀ ਅਮਲ ਕਹਿਣ ਤੋਂ ਪਿਛਾਂਹ ਹੀ ਰਹਿੰਦੀ ਹੈ।

ਤਰੱਕੀ ਕਰਨ ਦੇ ਵਿਹਾਰਕ ਅਮਲ ਦੀ ਸਮੱਸਿਆਕਾਰੀ ਦਾ ਇਕ ਹੋਰ ਪਹਿਲੂ ਅਤੇ ਮਾਈਕਰੋ ਪੱਧਰ ਦੀ ਗੁੰਝਲਦਾਰ ਅਤੇ ਵਿਰੋਧਾਭਾਸੀ ਅੰਤਰ ਸੰਬੰਧਤਾ ਵਿਚ ਦੇਖਿਆ ਜਾ ਸਕਦਾ

ਹੈ। ਇਸ ਅਨੁਸਾਰ ਮੋਹਨ ਦੀ ਤਰੱਕੀ ਦਾ ਮਿਸਾਲੀ ਨਮੂਨਾ ਸਮਾਜਕ ਜ਼ਿੰਦਗੀ ਨੂੰ ਮੈਕਰੋ ਪੈਮਾਨੇ ’ਤੇ ਦੇਖਿਆਂ ਭਾਵੇਂ ਕੋਈ ਅਪਰਾਧਿਕ ਅਮਲ ਪ੍ਰਤੀਤ ਹੁੰਦਾ ਹੋਵੇ ਪਰ ਛੋਟੇ ਜਾਂ ਮਾਈਕਰੋ ਪੱਧਰ ’ਤੇ ਦੇਖਿਆਂ ਇਸ ਤਰ੍ਹਾਂ ਦੀ ਤਰਜ਼-ਇ-ਜ਼ਿੰਦਗੀ ਬਾਰੇ ਕੋਈ ਨਜ਼ਰੀਆ ਬਣਾਉਣ ਦੇ ਆਯਾਮ ਹੀ ਬਦਲ ਜਾਂਦੇ ਹਨ। ਇਸ ਪੱਧਰ ’ਤੇ ਦੇਖਿਆਂ ਮਨੁੱਖੀ ਅਤੇ ਪਰਿਵਾਰਕ ਰਿਸ਼ਤਿਆਂ ਦੇ ਸੰਦਰਭ ਵਿਚ ਮੋਹਨ ਇਕ ਆਦਰਸ਼ਕ ਭਰਾ ਹੀ ਗਿਣਿਆ ਜਾ ਸਕਦਾ ਹੈ ਕਿਉਂਕਿ ਉਸ ਨੇ ਆਪਣੇ ਤੋਂ ਘੱਟ ਪੜ੍ਹੇ ਲਿਖੇ ਭਰਾ ਵੇਦ ਨੂੰ ਆਪਣੇ ਛੋਟੇ ਸ਼ਹਿਰ ਵਿਚੋਂ ਉਠਾ ਕੇ ਜ਼ਿੰਦਗੀ ਦੇ ਉਪਰਲੇ ਦਰਜੇ ਵਿਚ ਵਸਦਾ ਕੀਤਾ। ਇਸੇ ਅਨੁਸਾਰ ਹੀ ਵੇਦ ਦੀ ਜ਼ਿੰਦਗੀ ਨੂੰ ਵੀ ਸਮਝਿਆ ਜਾ ਸਕਦਾ ਹੈ। ਸਮਾਜਕ ਜ਼ਿੰਦਗੀ ਨੂੰ ਮੈਕਰੋ ਪੈਮਾਨੇ ’ਤੇ ਸਮਝਿਆ ਵੇਦ ਦੁਆਰਾ ਕਮਾਈ ਦੌਲਤ ਨੂੰ ਮੋਹਨ ਦੁਆਰਾ ਕਮਾਈ ਦੌਲਤ ਦੇ ਸੁਭਾਅ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ। ਪਰ ਮਾਈਕਰੋ ਪੱਧਰ ’ਤੇ ਵੇਦ ਵੀ ਇਕ ਆਦਰਸ਼ਕ ਪਤੀ, ਪਿਤਾ ਅਤੇ ਭਰਾ ਹੈ। ਸਮਾਜਕ ਜ਼ਿੰਦਗੀ ਅਤੇ ਇਸ ਵਿਚ ਵੱਸਦੇ ਮਨੁੱਖਾਂ ਦੀ ਜੀਵਨ ਜਾਂਚ ਨੂੰ ਦੇਖਣ ਅਤੇ ਪਰਖਣ ਦਾ ਇਹ ਤਰੀਕਾ ਮੂਲ ਰੂਪ ਵਿਚ ਰਵਾਇਤੀ ਤੌਰ ਤਰੀਕਾ ਹੈ ਅਤੇ ਇਸ ਨਾਵਲ ਦੇ ਮਨੁੱਖੀ ਰਿਸ਼ਤਿਆਂ ਦੇ ਸੁਭਾਅ ਨੂੰ ਸਮਝਣ ਦਾ ਜਿੱਥੋਂ ਤਕ ਸੰਬੰਧ ਹੈ ਉਸ ਵਿਚ ਇਹੀ ਨਜ਼ਰੀਆਂ ਭਾਰੂ ਨਜ਼ਰ ਆਉਂਦਾ ਹੈ। ਨਾਵਲ ਦੇ ਪੂਰੇ ਪਾਠ ਵਿਚ ਸਾਨੂੰ ਕਿਤੇ ਵੀ ਵੇਦ ਦੁਆਰਾ ਕਮਾਈ ਦੌਲਤ ਦੇ ਸੰਬੰਧ ਵਿਚ ਕੋਈ ਟਿੱਪਣੀ ਨਜ਼ਰ ਨਹੀਂ ਆਉਂਦੀ। ਉਹ ਇਕ ਅਜਿਹਾ ਆਮ ਇਨਸਾਨ ਹੈ ਜਿਸਦਾ ਵਜੂਦ ਆਪਣੇ ਵੱਡੇ ਭਰਾ ਮੋਹਨ ਦੇ ਵਜੂਦ ਤੋਂ ਬਗ਼ੈਰ ਨਜ਼ਰ ਹੀ ਨਹੀਂ ਆਉਂਦਾ। ਵੇਦ ਉਹੀ ਕੁਝ ਕਰਦਾ ਰਿਹਾ ਜੋ ਕਿ ਪਹਿਲਾਂ ਉਸਦਾ ਵੱਡਾ ਭਰਾ ਕਹਿੰਦਾ ਸੀ ਅਤੇ ਬਾਅਦ ਵਿਚ ਫੈਕਟਰੀ ਲਾਉਣ ਵੇਲੇ ਉਸਦੇ ਭਤੀਜੇ ਕਹਿੰਦੇ ਰਹੇ। ਇਸ ਤਰ੍ਹਾਂ ਦਾ ਪਰਿਵਾਰਕ ਮੇਲ ਮਿਲਾਪ ਵਾਲਾ ਮਾਹੌਲ ਉਸ ਵਕਤ ਠੀਕ ਠਾਕ ਚਲਦਾ ਰਿਹਾ ਜਦੋਂ ਤਕ ਕਿ ਫੈਕਟਰੀ ਵਿਚ ਪੈਂਦੇ ਘਾਟੇ ਕਰਕੇ ਜਾਇਦਾਦਾਂ ਦੇ ਝਗੜੇ ਖੜ੍ਹੇ ਨਾ ਹੋ ਗਏ। ਫੈਕਟਰੀ ਵਿਚ ਪਏ ਘਾਟੇ ਲਈ ਵੀ ਨਾਵਲਕਾਰ ਨੇ ਕੇਂਦਰੀ ਸਰਕਾਰ ਵੱਲੋਂ ਅਪਣਾਈ ਨਵੀਂ ਉਦਾਰਵਾਦੀ ਆਰਥਕ ਨੀਤੀ ਨੂੰ ਇਸ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਹੈ ਜਿਸ ਅਨੁਸਾਰ ਕਿ ਇਸੇ ਕਰਕੇ ਨਵੇਂ ਉੱਭਰ ਰਹੇ ਸਨਅਤਕਾਰਾਂ ਦੇ ਭ੍ਰਿਸ਼ਟ ਤੌਰ ਤਰੀਕਿਆਂ ਨੂੰ ਠੱਲ ਪੈ ਗਈ ਹੋਵੇ। ਸਬਬਿਡੀਆਂ ਦੇ ਖ਼ਤਮ ਹੋਣ ਅਤੇ ਦਰਾਮਦ ਆਦਿ ’ਤੇ ਕਸਟਮ ਡਿਊਟੀ ਘਟਣ ਕਰਕੇ ਮੋਹਨ ਹੁਰਾਂ ਵਰਗਿਆਂ ਦੀਆਂ ਛੋਟੀਆਂ ਸਨਅਤਾਂ ਨੂੰ ਦੇਸ਼ ਭਰ ਵਿਚ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਨਾਵਲ ਅੰਦਰ ਇਹਨਾਂ ਆਰਥਕ ਨੀਤੀਆਂ ਦੀ ਪੇਸ਼ਕਾਰੀ, ਭਾਵੇਂ ਇਕ ਪੈਰੇ ਵਿਚ ਹੀ ਸਹੀ, ਵੀ ਮੈਕਰੋ ਅਤੇ ਮਾਈਕਰੋ ਪੱਧਰਾਂ ’ਤੇ ਕਿਸੇ ਵਰਤਾਰੇ ਨੂੰ ਸਮਝਣ ਵਿਚ ਪੈ ਰਹੇ ਭੁਲੇਖਿਆਂ ਤੋਂ ਹੀ ਪ੍ਰਭਾਵਿਤ ਹੋਈ ਲੱਗਦੀ ਹੈ। ਨਾਵਲ ਦੇ ਪ੍ਰਵਚਨ ( ਜੋ ਕਿ ਕਹਾਣੀ ਦੀ ਵਿਉਂਤਕਾਰੀ ਅਤੇ ਪੇਸ਼ਕਾਰੀ ਦੇ ਅੰਦਰ ਸਮੋਇਆ ਹੋਇਆ ਹੈ) ਵਿਚ ਇਹਨਾਂ ਦੋਹਾਂ ਪੱਧਰਾਂ ਦੇ ਆਪਸੀ ਰਲਗੱਡ ਹੋਣ ਕਰਕੇ ਪੈਦਾ ਹੋਈਆਂ ਅਸਪਸ਼ਟਤਾਵਾਂ ਅਤੇ ਭੁਲ ਭੁਲੇਖੇ ਅਪਰਾਧ ਦੀ ਪਰਿਭਾਸ਼ਾ ਅਤੇ ਵਿਆਖਿਆ ਵਿਚ ਵੀ ਅਸਪਸ਼ਟਤਾ ਪੈਦਾ ਕਰਦੇ ਹਨ। ਅਪਰਾਧ ਕੀ ਹੈ? ਅਪਰਾਧ ਕਰਦਾ ਕੋਣ ਹੈ, ਕੌਣ ਇਸ ਲਈ ਜ਼ਿੰਮੇਵਾਰ ਹੈ? ਅਤੇ ਕਿਸੇ ਨੂੰ ਇਸਦੀ ਕਿੰਨੀ ਅਤੇ ਕਦੋਂ ਸਜ਼ਾ ਮਿਲਣੀ ਚਾਹੀਦੀ ਹੈ? ਅਪਰਾਧ ਬਾਰੇ ਇਹਨਾਂ ਮੂਲ ਪ੍ਰਸ਼ਨਾਂ ਦਾ ਨਾਵਲ ਦੇ ਪ੍ਰਵਚਨ ਵਿਚ ਕੋਈ ਸਥਾਨ ਨਹੀਂ ਹੈ।

ਅਪਰਾਧ ਦੀ ਪਰਿਭਾਸ਼ਾ ਦੀ ਅਜਿਹੀ ਅਸਪਸ਼ਟਤਾ ਅਤੇ ਕਿਸੇ ਕਿਰਦਾਰ ਦੇ ਮਨੁੱਖੀ ਸੁਭਾਅ

ਤੇ ਮਨੁੱਖੀ ਰਿਸ਼ਤਿਆਂ ਵਿਚ ਉਸਦੀ ਥਾਂ ਅਤੇ ਉਸਦੀ ਕੁਦਰਤ ਦੀਆਂ ਹੋਰ ਕਈ ਮਿਸਾਲਾਂ ਇਸ ਨਾਵਲ ਵਿਚ ਮਿਲ ਜਾਂਦੀਆਂ ਹਨ। ਭਾਵੇਂ ਕਿ ਇਹਨਾਂ ਕਿਰਦਾਰਾਂ ਦੇ ਪੇਸ਼ਕਾਰੀ ਵਿਚ ਕੁਝ ਤਨਜ਼ ਦੀ ਝਲਕ ਮਾਤਰ ਜ਼ਰੂਰ ਮਿਲਦੀ ਹੈ ਪਰ ਇਹ ਪੇਸ਼ਕਾਰੀ ਇਤਨੀ ਸਰਲ ਤੇ ਸਿੱਧੀ ਹੈ ਕਿ ਇਸ ਨਾਲ ਕੁਝ ਭੁਲੇਖੇ ਖੜ੍ਹੇ ਹੋਣੇ ਲਾਜ਼ਮੀ ਹਨ। ਇਹਨਾਂ ਵਿਚੋਂ ਸਭ ਤੋਂ ਪ੍ਰਤੱਖ ਮਿਸਾਲ ਮੇਲੂ ਪਹਿਲਵਾਨ ਦੀ ਹੈ ਜੋ ਕਿ ਸਿੱਘੇ ਤੌਰ 'ਤੇ ਪੁਲਿਸ ਅਫਸਰਾਂ ਅਤੇ ਮੁਜਰਿਮਾਂ ਵਿਚਕਾਰ ਦਲਾਲੀ ਦਾ ਕੰਮ ਕਰਦਾ ਹੈ। ਪਰ ਮੇਲੂ ਦਾ ਪਹਿਲਵਾਨ ਹੋਣਾ, ਉਸ ਦਾ ਖ਼ਾਸਲ ਦੁੱਧ ਵੇਚਣਾ, ਦੁੱਧ ਵਿਚ ਮਿਲਾਵਟ ਕਰਨ ਨੂੰ ਸਭ ਤੋਂ ਵੱਡਾ ਗੁਨਾਹ ਸਮਝਣਾ, ਆਪਣੇ ਕੌਲ ਦਾ ਪੱਕਾ ਹੋਣਾ, ਆਪਣੀ ਬੋਲੀ, ਕੰਮ ਕਾਜ ਅਤੇ ਮੰਗ ਵਿਚ ਸਪਸ਼ਟ ਹੋਣਾ ਹੀ ਇਸ ਗੱਲ ਦੀ ਜ਼ਾਮਨੀ ਹੈ ਕਿ ਉਸਦੀ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਅਤੇ ਉਸ ਕੋਲ ਆਪਣਾ ਕੰਮ ਲੈ ਕੇ ਗਏ ਮੁਜਰਿਮ ਪੇਸ਼ਾ ਲੋਕਾਂ ਸਾਹਮਣੇ ਉਹ ਹਰਮਨ ਪਿਆਰਾ ਹੋਵੇ ਅਤੇ ਉਸ ਦੀ ਮਾਨਤਾ ਹੋਵੇ। ਇਸੇ ਤਰ੍ਹਾ ਦਾ ਇਕ ਕਿਰਦਾਰ ਉਸ ਸਰਕਾਰੀ ਵਕੀਲ ਦਾ ਹੈ ਜੋ ਕਿ ਜੇਕਰ ਇਕ ਵਾਰੀ ਪੈਸੇ ਫੜ ਲਵੈ ਤਾਂ ਰਿਸ਼ਵਤ ਦੇਣ ਵਾਲਿਆ ਦਾ ਕੰਮ ਕਰਵਾਉਣ ਲਈ ਆਪਣਾ ਪੂਰਾ ਤਾਣ ਲਾ ਦੇਂਦਾ ਹੈ। ਸਰਕਾਰੀ ਵਕੀਲ ਦੇ ਸੁਭਾਅ ਦਾ ਇਹ ਪਾਸਾ ਉਸ ਦੀ ਸ਼ਖ਼ਸੀਅਤ ਦਾ ਇਕ ਅਹਿਮ ਗੁਣ ਹੈ, ਇਕ ਅਜਿਹਾ ਗੁਣ ਜੋ ਕਿ ਮਾਈਕਰੋ ਪੱਧਰ 'ਤੇ ਜ਼ਿੰਦਗੀ ਦੀਆਂ ਹਾਂਪੱਖੀ ਕਦਰਾਂ ਕੀਮਤਾਂ ਦਾ ਹੀ ਇਕ ਹਿੱਸਾ ਗਿਣਿਆ ਜਾ ਸਕਦਾ ਹੈ। ਇਸੇ ਕੈਟਾਗਰੀ ਦਾ ਕਿਰਦਾਰਾਂ ਵਿਚ ਹਾਈਕੋਰਟ ਦਾ ਉਹ ਜੱਜ ਵੀ ਗਿਣਿਆ ਜਾ ਸਕਦਾ ਹੈ ਜੋ ਕਿ ਸੁਭਾਅ ਦਾ ਲਾਲਚੀ ਹੋ ਕੇ ਵੀ ਕਲਮ ਦਾ ਪੱਕਾ ਸੀ। ਨਾਵਲ ਦੇ ਪ੍ਰਵਚਨ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਕਿਰਦਾਰ ਮਨੁੱਖ ਦੇ ਸਮਾਜਕ ਜ਼ਿੰਦਗੀ ਨਾਲ ਰਿਸ਼ਤੇ ਬਾਰੇ ਮਹੱਤਵਪੂਰਨ ਸਮੱਸਿਆਕਾਰਾਂ ਨੂੰ ਜਨਮ ਦੇਣ ਦਾ ਸਬੱਬ ਬਣਦੇ ਹਨ। ਵਿਅਕਤੀਗਤ ਪੱਧਰ 'ਤੇ ਇਹ ਸਾਰੇ ਭਾਵੇਂ ਕਿਤਨੇ ਵੀ ਆਪਣੇ ਦੁਆਰਾ ਹੀ ਪਰਿਭਾਸ਼ਤ ਸੱਚ ਨੂੰ ਪਰਣਾਈ ਹੋਈ ਜ਼ਿੰਦਗੀ ਜਿਉਂਦੇ ਹੋਣ, ਪਰ ਮੂਲ ਰੂਪ ਵਿਚ ਇਹਨਾਂ ਦਾ ਸਮਾਜਕ ਰੋਲ ਕਿਸੇ ਵੀ ਤਰ੍ਹਾਂ ਨਾਲ ਸਿਹਤਮੰਦ ਸਮਾਜ ਅਤੇ ਇਸ ਲਈ ਜ਼ਰੂਰੀ ਮਨੁੱਖੀ ਰਿਸ਼ਤਿਆਂ ਦਾ ਲਖਾਇਕ ਨਹੀਂ ਹੋ ਸਕਦਾ। ਇਹਨਾਂ ਕਿਰਦਾਰਾਂ ਬਾਰੇ ਸਮਝ ਬਣਾਉਣ ਵਿਚ ਇਕ ਵਾਰ ਫਿਰ ਤੋਂ ਮੈਕਰੋ ਅਤੇ ਮਾਈਕਰੋ ਪੱਧਰਾਂ ਦੇ ਆਪਸੀ ਵਿਰੋਧਾਭਾਸ ਅਤੇ ਇਸੇ ਅਨੁਸਾਰ ਰਲਗੱਡ ਹੋ ਕੇ ਮਨੁੱਖੀ ਸੁਭਾਅ ਅਤੇ ਉਸ ਦੇ ਰੋਲ ਦੇ ਵਿਚਾਰਧਾਰਕ ਪੱਖੋਂ ਅਹਿਮ ਸਮੱਸਿਆਕਾਰਾਂ ਦਾ ਜਨਮ ਹੁੰਦਾ ਹੈ। ਇਹਨਾਂ ਸਮੱਸਿਆਕਾਰਾਂ ਵਿਚੋਂ ਹੀ ਅਪਰਾਧ ਬਾਰੇ ਸਾਡੀ ਸਮਝ ਵਿਚ ਵੀ ਨਵੀਆਂ ਗੁੰਝਲਾਂ ਪੈਦਾ ਹੁੰਦੀਆਂ ਹਲ। ਇਹ ਗੁੰਝਲਾਂ ਉਦੋਂ ਹੋਰ ਵੀ ਨਾ ਹੱਲ ਹੋਣ ਵਾਲਾ ਸਰੂਪ ਅਖ਼ਤਿਆਰ ਕਰ ਲੈਂਦੀਆਂ ਹਨ ਜਦੋਂ ਅਸੀਂ ਇਹਨਾਂ ਨੂੰ ਨੰਦ ਲਾਲ, ਸਿੰਗਲਾ, ਅਨੇਕਾਂ ਪੁਲਿਸ ਅਫ਼ਸਰਾਂ, ਪ੍ਰਤਾਪ ਸਿੰਘ, ਬਘੇਲ ਸਿੰਘ ਅਤੇ ਇਕ ਨਿੱਕੇ ਜਿਹੇ ਕਿਰਦਾਰ ਵਕੀਲ ਰਾਜ ਕੁਮਾਰ ਨਾਲ ਮੇਲਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਸਾਰੇ ਆਪਣੇ ਆਪ ਨੂੰ ਸਿਰਫ਼ ਆਪਣੇ ਨਿੱਜ ਦੇ ਹਿਤ ਲਈ ਪ੍ਰਤੀਬੱਧ ਰੱਖਦੇ ਹਨ। ਇਹ ਹਿਤ ਸਿੱਧੇ ਤੌਰ ਤੇ ਉਹਨਾਂ ਦੇ ਆਰਥਿਕ ਲਾਭ ਅਤੇ ਇਸ ਨਾਲ ਸਿੱਧੀ ਅਨੁਪਾਤ ਵਿਚ ਸੰਬੰਧਤ ਉਹਨਾਂ ਦੇ ਰੁਤਬੇ ਨਾਲ ਨੇੜੇ ਤੋਂ ਜੁੜੇ ਹੁੰਦੇ ਹਨ। ਮੇਲੂ ਪਹਿਲਵਾਨ ਵਰਗੇ ਕਿਰਦਾਰਾਂ ਦੇ ਮੁਕਾਬਲੇ ਇਹਨਾਂ ਕਿਰਦਾਰਾਂ ਦੀ ਅਪਰਾਧ ਨਾਲ ਭਰੀ ਜ਼ਿੰਦਗੀ ਬਾਰੇ ਰਾਇ ਬਣਾਉਣੀ ਕੋਈ ਮੁਸ਼ਕਲ ਕਾਰਜ ਨਹੀਂ ਹੈ। ਇਹਨਾਂ ਦੇ ਸੰਦਰਭ ਵਿਚ ਦੇਖਿਆਂ ਅਪਰਾਧ ਦੀ ਕੁਦਰਤ ਆਪਣੇ ਮੂਲ ਸੁਭਾਅ ਤੋਂ ਹੀ ਸਧਾਰਨ ਪ੍ਰਤੀਤ ਹੁੰਦੀ ਹੈ। ਪਰ ਮੋਹਨ

ਵਰਗਿਆਂ ਦੇ ਨਾਲ ਨਾਲ ਮੇਲੂ ਪਹਿਲਵਾਨ ਆਦਿ ਦੁਆਰਾ ਕੀਤੇ ਜਾਂਦੇ ਅਪਰਾਧਾਂ ਬਾਰੇ ਨਿਰਣਾ ਕਰਨਾ ਇਕ ਗੁੰਝਲਦਾਰ ਮਸਲਾ ਹੈ। ਮੇਲੂ ਪਹਿਲਵਾਨ ਦੀ ਪੁਲਿਸ ਨਾਲ ਦੋਸਤੀ ਉਸ ਦੇ ਖਾਲਸ ਦੁੱਧ ਵੇਚਣ 'ਤੇ ਆਧਾਰਤ ਹੋਣੀ ਆਪਣੇ ਆਪ ਵਿਚ ਹੀ ਇਸ ਨਾਵਲ ਦੇ ਅੰਦਰ ਪੇਸ਼ ਪੁਲਿਸ ਦੇ ਬਿੰਬ ਅਤੇ ਇਸ 'ਤੇ ਆਧਾਰਿਤ ਉਸਦੇ ਮੂਲ ਸੁਭਾਅ ਨੂੰ ਸਮਝਣ ਵਿਚ ਨਵੀਆਂ ਪਰ ਆਪਣੇ ਆਪ ਵਿਚ ਵਿਰੋਧਾਭਾਸੀ ਗੁੰਝਲਾਂ ਪੈਦਾ ਕਰਦੀ ਹੈ। ਇਸ ਤਰ੍ਹਾਂ ਅਪਰਾਧ ਦੀ ਕੁਦਰਤ ਹੋਰ ਸਮੱਸਿਆਗ੍ਰਸਤ ਅਤੇ ਪੇਚੀਦਾ ਬਣ ਜਾਂਦੀ ਹੈ। ਇਕ ਹੋਰ ਪੱਧਰ 'ਤੇ ਇਹ ਸਭ ਲੋਕ ਭ੍ਰਿਸ਼ਟ ਅਮਲਾਂ ਦੇ ਰਾਹੀਂ ਹੋਣ ਅਤੇ ਆਪਣੇ ਨਿੱਜੀ ਰਿਸ਼ਤਿਆਂ ਵਿਚ ਆਪਣੇ ਦੁਆਰਾ ਹੀ ਉਸਾਰੇ, ਸਚਾਈ, ਪਾਰਦਰਸ਼ਤਾ ਅਤੇ ਈਮਾਨਦਾਰੀ ਦੇ ਸੰਕਲਪਾਂ ਦੇ ਆਧਾਰ 'ਤੇ ਕੋਈ ਵੀ ਨਾਇਕਾਂ ਵਾਲਾ ਕਾਰਜ ਨਾ ਤਾਂ ਹੱਥ ਵਿਚ ਹੀ ਲੈਂਦੇ ਹਨ ਅਤੇ ਨਾ ਹੀ ਕਿਸੇ ਅਜਿਹੇ ਕਾਰਜ ਨੂੰ ਪੂਰਾ ਕਰਨ ਨਾਲ ਆਪਣੇ ਹੀ ਬਣਾਏ ਪ੍ਰਾਜੈਕਟ ਵਿਚ ਸਰਗਰਮ ਹੀ ਹੁੰਦੇ ਹਨ। ਇਹਨਾਂ ਦੇ ਸੁਭਾਅ ਅਤੇ ਕਾਰਜਾਂ ਦੀ ਗੁੰਝਲ ਸਿਰਫ਼ ਮਾਈਕਰੋ ਪੱਧਰ 'ਤੇ ਆਪਣੇ ਨਿੱਜੀ ਅਤੇ ਨਜ਼ਦੀਕੀ ਰਿਸ਼ਤਿਆਂ ਵਿਚ ਸਪੱਸ਼ਟਤਾ ਅਤੇ ਈਮਾਨਦਾਰੀ ਵਿਚੋਂ ਉਪਜਦੀ ਹੈ। ਇਹਨਾਂ ਦੇ ਸੁਭਾਅ ਦਾ ਸਮਸਿਆਕਾਰ ਸਾਨੂੰ ਕਈ ਵਾਰ ਫਿਰ ਤੋਂ ਮੈਕਰੋ ਅਤੇ ਮਾਈਕਰੋ ਪੱਧਰ ਦੇ ਵਿਚਕਾਰ ਪੈਦਾ ਹੋਏ ਅਸਪਸ਼ਟ ਸਥਾਨ ਵੱਲ ਲੈ ਜਾਂਦਾ ਹੈ। ਮਨੁੱਖੀ ਸੁਭਾਅ ਦੀ ਇਹ ਸਮਝ, ਜਿਸ ਅਨੁਸਾਰ ਮਾਪਣ ਦਾ ਪੈਮਾਨਾ ਮਾਈਕਰੋ ਪੱਧਰ 'ਤੇ ਰਿਸ਼ਤਿਆਂ ਦੀ ਸਾਂਝ ਹੁੰਦੀ ਹੈ, ਮੁੱਖ ਤੌਰ 'ਤੇ ਇਕ ਰਵਾਇਤੀ ਅਤੇ ਸਮਾਜ ਦੀ ਮੁੱਖ ਧਾਰਾ ਵਿਚ ਗ੍ਰਸੀ ਵਿਚਾਰਧਾਰਕ ਪਹੁੰਚ ਦੀ ਸਮਝ ਹੈ। ਇਸ ਵਿਚ ਸਮਾਜ ਅੰਦਰ ਮੈਕਰੋ ਪੱਧਰ 'ਤੇ ਵਾਪਰ ਸਕਦੀ ਕਿਸੇ ਵੀ ਭਵਿੱਖਮਈ ਤਬਦੀਲੀ ਦੀ ਕੋਈ ਆਸ ਨਹੀਂ ਹੁੰਦੀ।

2.3 ਮਨੁੱਖੀ ਸੁਭਾਅ ਰਿਸ਼ਤਿਆਂ ਦੀ ਕੁਦਰਤ ਪ੍ਰਤੀ ਉਪਰੋਕਤ ਦਰਜ ਪ੍ਰੰਪਰਾਗਤ ਪਹੁੰਚ ਨਾਵਲ ਦੇ ਪ੍ਰਵਚਨ ਵਿਚਲੇ ਕੁਝ ਹੋਰ ਮਹੱਤਵਪੂਰਨ ਹਿੱਸਿਆਂ ਵਿੱਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਵੇਦ ਅਤੇ ਉਸਦੇ ਪਰਿਵਾਰ 'ਤੇ ਕਰਵਾਏ ਹਮਲੇ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਨ ਵਿਚ ਰਾਮਨਾਥ ਅਤੇ ਪੰਕਜ /ਨੀਰਜ ਹੁਰਾਂ ਦੇ ਨਜ਼ਰੀਏ ਵਿਚੋਂ ਇਕ ਖ਼ਾਸ ਤਰ੍ਹਾਂ ਦੀ ਇਕਮਿਕਤਾ ਨਜ਼ਰ ਆਉਂਦੀ ਹੈ। ਇਹ ਇਕਮਿਕਤਾ ਉਹਨਾਂ ਦੇ ਮਨੁੱਖ ਦੀ ਕੁਦਰਤ, ਪਰਿਵਾਰਕ ਰਿਸ਼ਤਿਆਂ ਅਤੇ ਲਿੰਗ ਆਧਾਰਤ ਸੁਭਾਅ ਪ੍ਰਤੀ ਨਜ਼ਰੀਏ ਵਿਚੋਂ ਉਪਜੀ ਇਕਮਿਕਤਾ ਹੈ। ਪੰਕਜ ਅਤੇ ਨੀਰਜ ਲਈ ਉਹਨਾਂ ਦੇ ਆਪਣੇ ਚਾਚੇ ਵੇਦ ਨਾਲ ਸਾਂਝੇ ਅਤੇ ਕਾਮਯਾਬੀ ਨਾਲ ਚਲਦੇ ਕਾਰੋਬਾਰ ਵਿੱਚ ਪਾਟਕ ਅਤੇ ਫ਼ਰਕ ਪਾਉਣ ਲਈ ਉਹਨਾਂ ਦੀ ਚਾਚੀ ਨੀਲਮ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਭਾੜੇ ਤੇ ਲਾਏ ਅਪਰਾਧ ਜਗਤ ਦੇ ਸਮਾਜ ਵਿਰੋਧੀ ਅਨਸਰਾਂ ਰਾਹੀਂ ਉਹ ਆਪਣੀ "ਮੂੰਹ ਫੱਟ ਚਾਚੀ" (ਪੰਨਾ 79) ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਇਸੇ ਤਰ੍ਹਾਂ ਮੋਹਨ ਤੇ ਵੇਦ ਦੇ ਪਰਿਵਾਰਾਂ ਵਿਚ ਚੱਲੇ ਸਾਂਝੇ ਕਾਰੋਬਾਰ ਅਤੇ ਇਸ ਵਿਚ ਪੈਦਾ ਹੋਏ ਸੰਕਟ ਲਈ ਰਾਮ ਨਾਥ ਵੀ ਆਪਣੇ ਮਨ ਵਿਚ ਨੀਲਮ ਨੂੰ ਹੀ ਦੋਸ਼ੀ ਮੰਨਦਾ ਹੈ। ਇਹ ਨੀਲਮ ਹੀ ਸੀ ਜਿਸਨੇ ਕਿ ਵੇਦ ਨੂੰ ਪਹਿਲਾਂ ਤਾਂ ਉਸਦੀ ਮਰਜ਼ੀ ਦੇ ਉਲਟ ਮਾਇਆ ਨਗਰ ਆਉਣ ਲਈ ਮਜ਼ਬੂਰ ਕੀਤਾ, ਫਿਰ ਲੋਹੇ ਦੀ ਮਿੱਲ ਵਿਚ ਆਪਣੀ ਪੂਰੀ ਪੂੰਜੀ ਲਾਉਣ ਲਈ ਮਨਾਇਆ ਅਤੇ ਫਿਰ ਮਿੱਲ ਵਿਚ ਪੈ ਰਹੇ ਘਾਟੇ ਬਾਰੇ ਮੋਹਨ ਦੇ ਪਰਿਵਾਰ ਦੇ ਖ਼ਿਲਾਫ਼ ਚਰਚਾ ਕੀਤੀ। ਰਾਮਨਾਥ ਦੇ ਇਸ ਨਜ਼ਰੀਏ ਦਾ ਆਧਾਰ ਪਰਿਵਾਰਕ ਰਿਸ਼ਤਿਆਂ ਦੀ ਜੁਗਤ ਵਿਚ ਭਰਾਵਾਂ ਦੇ ਆਪਸੀ ਰਿਸ਼ਤੇ ਅਤੇ ਵਿਆਹ ਤੋਂ ਬਾਅਦ ਮਗਰੋਂ ਬਾਹਰੋਂ ਆਈ ਔਰਤ

(ਜੋ ਪਤਨੀ ਵੀ ਹੁੰਦੀ ਹੈ ਅਤੇ ਭਰਜਾਈ ਆਦਿ ਵੀ ਹੁੰਦੀ ਹੈ) ਪ੍ਰਤੀ ਨਜ਼ਰੀਏ ਵਿਚ ਦੇਖਿਆ ਜਾ ਸਕਦਾ ਹੈ। ਇਸਦੇ ਪਿੱਛੇ ਇਕ ਪੱਧਰ 'ਤੇ ਔਰਤ ਪ੍ਰਤੀ ਸਮਾਜਿਕ ਵਿਵਸਥਾ ਦੀ ਮੁੱਖ ਧਾਰਾ ਵਿੱਚ ਪਿਆ ਨਜ਼ਰੀਆ ਹੈ। ਪੰਕਜ ਅਤੇ ਨੀਰਜ ਹੁਰਾਂ ਦੀਆਂ ਅੱਖਾਂ ਵਿਚ ਕਮਲ ਵੀ ਰੜਕਦਾ ਰਿਹਾ ਹੈ। ਇਸਦੇ ਕਾਰਨ ਪਰਿਵਾਰਕ ਰਿਸ਼ਤਿਆਂ ਅੰਦਰ ਪਈ ਸ਼ਰੀਕੇ ਦੀ ਭਾਵਨਾ ਵੀ ਹੈ ਅਤੇ ਕਮਲ ਦਾ ਅਜਿਹੀ ਵਿਚਾਰਧਾਰਾ ਨਾਲ ਪਰਣਾਏ ਹੋਣਾ ਵੀ ਹੈ ਜੋ ਕਿ ਵਿਗਿਆਨਕ ਵੀ ਹੈ ਅਤੇ ਭਵਿੱਖਮਈ ਤਬਦੀਲੀ ਪ੍ਰਤੀ ਵਚਨਬੱਧ ਵੀ।

ਨਾਵਲ ਵਿਚਲੀਆਂ ਮਨੁੱਖੀ ਸਥਿਤੀਆਂ, ਮਨੁੱਖੀ ਰਿਸ਼ਤਿਆਂ ਦੇ ਸਮੱਸਿਆਕਾਰਾਂ ਬਾਰੇ ਜੋ ਚਰਚਾ ਉਪਰ ਕੀਤੀ ਗਈ ਹੈ ਉਸਦੇ ਸੰਦਰਭ ਵਿਚ ਰੱਖ ਕੇ ਹੀ ਰਾਮਨਾਥ ਵਰਗੇ ਮਹੱਤਵਪੂਰਨ ਕਿਰਦਾਰ ਦੀ ਕੁਦਰਤ ਅਤੇ ਉਸਦੇ ਇਸ ਨਾਵਲ ਦੇ ਪ੍ਰਵਚਨ ਵਿਚ ਸਥਾਨ ਬਾਰੇ ਇਕ ਸਮਝ ਬਣਾਈ ਜਾ ਸਕਦੀ ਹੈ। ਨਾਵਲ ਦੇ ਪ੍ਰਵਚਨ ਵਿਚ ਅਪਰਾਧ ਬਾਰੇ ਪੇਸ਼ ਸੰਕਲਪਾਤਮਕ ਨਜ਼ਰੀਆ ਬਹੁਤ ਹੱਦ ਤੱਕ ਫ਼ੌਜਦਾਰੀ ਕਾਨੂੰਨ ਦੀ ਇਕ ਖ਼ਾਸ ਤਰ੍ਹਾਂ ਦੀ ਸਮਝ ਦੇ ਅਨੁਸਾਰ ਹੀ ਉਸਾਰਿਆ ਗਿਆ ਹੈ ਭਾਵੇਂ ਕਿ ਇਸ ਅਪਰਾਧ ਨੂੰ ਸਜ਼ਾ ਤੋਂ ਬਚਾਉਣ ਲਈ ਸਮਾਜਿਕ, ਪ੍ਰਬੰਧਕੀ ਅਤੇ ਸਿਆਸੀ ਸਥਾਪਤੀ ਦੇ ਰੋਲ ਬਾਰੇ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਅਪਰਾਧ ਦੇ ਸਿਰਫ਼ ਇਸ ਸੰਕਲਪ ਦੇ ਅਨੁਸਾਰ ਹੀ ਰਾਮਨਾਥ ਨਾਵਲ ਦੀ ਕਹਾਣੀ ਵਿੱਚ ਆਪਣਾ ਰੋਲ ਨਿਭਾਉਂਦਾ ਹੈ।

(3)

3.1 ਨਾਵਲ ਦੇ ਪ੍ਰਵਚਨ ਦੇ ਇਕ ਫ਼ੌਜਦਾਰੀ ਮੁਕਦਮੇ ਦੇ ਸੁਭਾਅ ਦੇ ਅਨੁਸਾਰ ਹੋਣ ਦੇ ਸੰਦਰਭ ਵਿੱਚ ਰਾਮਨਾਥ ਲਈ ਮੁੱਖ ਪ੍ਰਸ਼ਨ ਪੰਕਜ ਅਤੇ ਨੀਰਜ ਨੂੰ ਕਤਲ ਅਤੇ ਡਕੈਤੀ ਕਰਵਾਉਣ ਲਈ ਸਜ਼ਾ ਦਿਵਾਉਣ ਦਾ ਹੈ। ਮੁਜਰਿਮਾਂ ਨੂੰ ਸਜ਼ਾ ਦਿਵਾਉਣ, ਇਸ ਟੀਚੇ ਦੇ ਰਾਹ ਵਿਚ ਰੋੜਾ ਬਣਨ ਵਾਲੀਆਂ ਸਥਾਪਤੀ ਦੀਆਂ ਅਨੇਕ ਸੰਸਥਾਵਾਂ ਅਤੇ ਇਹਨਾਂ ਵਿਚ ਉੱਚ ਸਥਾਨ 'ਤੇ ਬਿਰਾਜਮਾਨ ਵਿਅਕਤੀਆਂ ਦੇ ਮੁਜ਼ਰਿਮਾਂ ਨਾਲ ਰਿਸ਼ਤੇ ਨੂੰ ਪਰਦਾਫਾਸ਼ ਕਰਨ ਦਾ ਕਾਰਜ ਆਪਣੇ ਆਪ ਵਿਚ ਹੀ ਇੱਕ ਧੱਕੜ, ਭ੍ਰਿਸ਼ਟ ਅਤੇ ਨਾਇਨਸਾਫ਼ੀ ਕਰਨ 'ਤੇ ਤੁਲੇ ਹੋਏ ਨਿਜ਼ਾਮ ਦੇ ਖਿਲਾਫ਼ ਜਦੋ-ਜਹਿਦ ਦਾ ਕਾਰਜ ਹੈ। ਇਹ ਪੈਂਤੜਾ ਇਕ ਅਜਿਹਾ ਪੈਂਤੜਾ ਹੈ ਜਿਸ 'ਤੇ ਪਹਿਰਾ ਦਿੰਦਿਆਂ ਅਤੇ ਜਿਸਨੂੰ ਅੱਗੇ ਤੋਰਦਿਆਂ ਰਾਮਨਾਥ ਵਰਗੇ ਕਿਰਦਾਰ ਨੂੰ ਵੀ ਅਤੇ ਮੁਸ਼ਕਿਲ ਰਾਹ ਤੋਂ ਗੁਜ਼ਰਨਾ ਪੈਂਦਾ ਹੈ। ਅਨੇਕਾਂ ਇਮਤਿਹਾਨਾਂ ਅਤੇ ਮਾਨਸਿਕ ਦੁਬਿਧਾਵਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਆਪਣੇ ਅਤੇ ਆਪਣੇ ਪਰਿਵਾਰ ਲਈ ਕਈ ਮਾਇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬਹੁਤ ਸਾਰੇ ਮੌਕੇ ਆਉਂਦੇ ਹਨ ਜਦੋਂ ਅਸੀਂ ਇਕੱਲੇ ਰਾਮ ਨਾਥ ਨੂੰ ਪਹਾੜ ਜਿਡੇ ਮਜ਼ਬੂਤ ਵਿਰੋਧੀ ਦੇ ਸਾਹਮਣੇ ਡਟ ਕੇ ਖੜ੍ਹਿਆ ਹੋਇਆ ਦੇਖਦੇ ਹਨ। ਰਾਮ ਨਾਥ ਦੀਆਂ ਇਹ ਸਾਰੀਆਂ ਖ਼ੂਬੀਆਂ, ਮਾਨਸਿਕ ਸਥਿਤੀਆਂ ਇਕ ਅਜਿਹੇ ਨਾਇਕ ਦੀਆਂ ਸਥਿਤੀਆਂ ਹੀ ਕਹੀਆਂ ਜਾ ਸਕਦੀਆਂ ਹਨ। ਜੋ ਕਿ ਕਿਸੇ ਵੀ ਅਜਿਹੇ ਵਿਰੋਧ ਜੋ ਕਿ ਉਸਦੀ ਹੋਂਦ ਲਈ ਹੀ ਖ਼ਤਰਾ ਹੋ ਸਕਦੀਆਂ ਹਨ, ਦੇ ਵਿਰੁੱਧ ਡਟ ਕੇ ਮੁਕਾਬਲਾ ਕਰਨ ਦੀਆਂ ਸਥਿਤੀਆਂ ਹਨ। ਇਕ ਆਮ ਨਿਮਨ ਮੱਧਵਰਗ ਦੇ ਪਰਿਵਾਰ ਵਿਚ ਜੰਮੇ ਪਲੇ ਰਾਮ ਨਾਥ ਲਈ ਅਜਿਹੀਆਂ ਸਥਿਤੀਆਂ ਉਸਨੂੰ ਹਰਾਉਣ ਲਈ ਕਾਫ਼ੀ ਸਨ। ਪਰ ਅਜਿਹੇ ਪਿਛੋਕੜ ਦੇ ਬਾਵਜੂਦ ਇਹਨਾਂ ਵਿਰੁੱਧ ਡਟਣ ਦੀ ਪ੍ਰਕ੍ਰਿਆ ਆਪਣੇ ਆਪ ਵਿਚ ਹੀ ਇਕ ਨਾਇਕ ਦੀ ਭੂਮਿਕਾ ਨਿਭਾਉਣ ਦੀ ਪ੍ਰਕ੍ਰਿਆ ਹੀ ਕਹੀ ਜਾ ਸਕਦੀ ਹੈ।

ਪਰ ਅਜਿਹਾ ਕਰਦੇ ਵਕਤ ਰਾਮ ਨਾਥ ਦੇ ਪ੍ਰਾਜੈਕਟ ਦਾ ਵਿਚਾਰਧਾਰਕ ਆਧਾਰ ਫ਼ੌਜਦਾਰੀ ਕਾਨੂੰਨ ਦੀਆਂ ਧਾਰਾਵਾਂ ਅਨੁਸਾਰ ਮੁਜਰਿਮਾਂ ਨੂੰ ਉਹਨਾਂ ਦੁਆਰਾ ਕੀਤੇ ਅਪਰਾਧ ਦੀ ਸਜ਼ਾ ਦਿਵਾਉਣ ਦਾ ਹੈ। ਇਹਨਾਂ ਦੇ ਅਨੁਸਾਰ ਅਪਰਾਧ ਦੀ ਪਰਿਭਾਸ਼ਾ ਕਿਸੇ ਕੇਸ ਵਿਚ ਹੋਏ ਜਾਂ ਕੀਤੇ ਗਏ ਅਪਰਾਧ 'ਤੇ ਅਧਾਰਤ ਹੀ ਹੋ ਸਕਦੀ ਹੈ। ਇਸੇ ਕਰਕੇ ਨਾਵਲ ਦੀ ਪ੍ਰਤੱਖ ਜੁਗਤ ਅਤੇ ਰਾਮ ਨਾਥ ਦੀ ਕਹਾਣੀ ਵਿਚਲੀ ਸਮੁੱਚੀ ਸਥਿਤੀ ਬਾਰੇ ਨਜ਼ਰੀਏ ਵਿੱਚ ਅਪਰਾਧ ਦੀ ਕੁਦਰਤ ਅਤੇ ਸੁਭਾਅ ਬਾਰੇ ਅਤੇ ਮੋਹਨ, ਵੇਦ, ਮੇਲੂ ਪਹਿਲਵਾਨ ਵਰਗਿਆਂ ਦੀਆਂ ਸ਼ਖ਼ਸੀਅਤਾਂ ਦੇ ਸਮਸਿਆਕਾਰਾਂ ਬਾਰੇ ਉਪਰ ਚਰਚਾ ਕੀਤੀ ਚਰਚਾ ਦੇ ਸੰਦਰਭ ਦਾ ਕੋਈ ਸਥਾਨ ਨਜ਼ਰ ਨਹੀਂ ਆਉਂਦਾ। ਦੂਸਰੇ ਪਾਸੇ ਰਾਮ ਨਾਥ ਦੇ ਨਜ਼ਰੀਏ ਦਾ ਮੁੱਖ ਧੁਰਾ ਇਕ ਅਜਿਹਾ ਨਿਆਂ ਪ੍ਰਬੰਧ ਦੇ ਖ਼ਿਲਾਫ਼ ਜਦੋ-ਜਹਿਦ ਹੈ ਜੋ ਕਿ ਆਪਣੇ ਮੂਲ ਰੂਪ ਵਿਚ ਹੀ ਉਸ ਦੇ ਅਨੁਸਾਰ ਮੁਜਿਰਮਾਂ ਦੀ ਪਿੱਠ ਪਲੋਸਣ ਵਾਲਾ ਹੈ। ਉਸਦਾ ਅਜਿਹਾ ਵਿਚਾਰ ਨਾਵਲ ਵਿਚਲੇ ਕਤਲ ਦੇ ਕੇਸ ਵਿਚ ਮੁਜਰਿਮਾਂ ਦੀ ਮਜ਼ਬੂਤ ਆਰਥਿਕ, ਸਮਾਜੀ ਅਤੇ ਸਿਆਸੀ ਸਥਿਤੀ ਵਿਚੋਂ ਵੀ ਉਪਜਿਆ ਹੈ ਅਤੇ ਰਾਮਨਾਥ ਦੇ ਇਕ ਵਕੀਲ ਵਜੋਂ ਪ੍ਰੈਕਟਿਸ ਦੌਰਾਨ ਮੁਜਰਿਮਾਂ ਦੀ ਪੈਰਵਾਈ ਕਰਨ ਦੇ ਅਮਲ ਤੋਂ ਵੀ। ਰਾਮ ਨਾਥ ਦੀ ਗਵਾਹਾਂ ਦੀ ਗਵਾਹੀ ਦਵਾਉਣ ਅਤੇ ਜਿਰਹਾ ਦੌਰਾਨ ਉਹੀ ਸ਼ਬਦਾਵਲੀ ਜਾਂ ਹਥਕੰਡੇ ਵਰਤਦਾ ਰਿਹਾ ਜੋ ਕਿ ਇਸ ਕੇਸ ਵਿਚ ਪੰਕਜ ਅਤੇ ਨੀਰਜ ਦੇ ਵਕੀਲ ਵਰਤਦੇ ਹਨ।

ਨਾਵਲ ਵਿਚਲੇ ਕਤਲ ਦੇ ਕੇਸ, ਇਸਦੇ ਰਾਮ ਨਾਥ ਨਾਲ ਸੰਬੰਧ, ਇਸ ਵਿਚ ਉਸਦੇ ਰੋਲ ਅਤੇ ਉਸ ਦੁਆਰਾ ਅਪਰਾਧ ਅਤੇ ਇਸਨੂੰ ਸਜ਼ਾ ਤੋਂ ਬਚਾਉਣ ਵਾਲੀਆਂ ਧਿਰਾਂ ਪ੍ਰਤੀ ਉਸਦੇ ਨਜ਼ਰੀਏ ਨੂੰ ਸਮਝਣ ਅਤੇ ਇਸਦਾ ਮੁਲਾਂਕਣ ਕਰਨ ਵਿਚ ਵਿਕਟਮ ਵੈਲਫੇਅਰ ਸੋਸਾਇਟੀ ਦੀ ਅਜੋਕੇ ਨਿਆਂ ਪ੍ਰਬੰਧ ਬਾਰੇ ਪਹੁੰਚ ਬਹੁਤ ਸਾਹਈ ਸਿੱਧ ਹੋ ਸਕਦੀ ਹੈ। ਵਿਕਟਮ ਵੈਲੇਫੇਅਰ ਸੋਸਾਇਟੀ ਦੀ ਸਥਾਪਨਾ ਹੀ ਉਹਨਾਂ "ਅਖੋਤੀ ਸਮਾਜ ਸੇਵੀ ਸੰਸਥਾਵਾਂ" ਦੇ ਪ੍ਰੋਗਰਾਮ ਅਤੇ ਅਮਲਾਂ ਦੇ ਖਿਲਾਫ਼ ਹੋਈ ਸੀ ਜੋ ਕਿ ਮਨੁੱਖੀ ਅਧਿਕਾਰਾਂ ਦੇ ਨਾਂ ਤੇ ਮੁਜਰਮਾਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆਂ ਕਰਵਾਉਣ ਵਿਚ ਕਾਰਜਸ਼ੀਲ ਸਨ। ਮਨੁੱਖੀ ਅਧਿਕਾਰਾਂ ਦਾ ਸਿਧਾਂਤਕ ਪੱਖ ਅਤੇ ਇਸਦੇ ਦੁਆਲੇ ਉਸਰਿਆ ਪ੍ਰਾਜੈਕਟ ਹੀ ਹੈ ਜਿਸ ਕਰਕੇ ਕਿ, ਨਾਵਲ ਦੇ ਪ੍ਰਵਚਨ ਦੇ ਅਨੁਸਾਰ, ਕਾਨੂੰਨ ਮੁਜਰਮਾਂ ਦੇ ਪੱਖੀ ਹੋ ਗਿਆ ਹੈ ਅਤੇ ਮੁਜਰਿਮਾਂ ਨੂੰ ਕੁਝ ਸਹੂਲਤਾਂ ਇਸ ਲਈ ਮਿਲ ਗਈਆਂ ਹਨ ਕਿਉਂਕਿ ਉਹਨਾਂ ਨੂੰ ਵੀ ਇਸ ਸਿਧਾਂਤਕ ਪੱਖ ਤੋਂ ਇਨਸਾਨ ਮੰਨਿਆ ਜਾਣ ਲੱਗ ਪਿਆ ਹੈ। ਨਾਵਲ ਵਿਚਲੀ ਮਨੁੱਖੀ ਅਧਿਕਾਰਾਂ ਬਾਰੇ ਇਹ ਟਿੱਪਣੀ ਇਕ ਪਾਸੇ ਤਾਂ ਤਨਜ਼ ਨਾਲ ਭਰਪੂਰ ਹੈ ਅਤੇ ਦੂਸਰੇ ਪਾਸੇ ਦਿਸਦਾ ਪਾਸਾਰ ਨਾਵਲ ਵਿਚਲੇ ਕਤਲ ਦੇ ਮੁਕਦਮੇ ਦੀ ਸਥਿਤੀ ਦੀ ਵਿਲੱਖਣਤਾ ਤੋਂ ਪਰ੍ਹਾਂ ਜਾ ਕੇ ਇਕ ਅਮੂਰਤ ਵਿਸ਼ਾਲਤਾ ਵਾਲਾ ਹੈ। ਇਸ ਟਿੱਪਣੀ ਵਿਚਲੀ ਤਨਜ਼ ਭਾਵੇਂ ਪੰਕਜ ਅਤੇ ਨੀਰਜ ਹੁਰਾਂ ਦੁਆਰਾ ਕਾਨੂੰਨ ਦੀਆਂ ਧਾਰਾਵਾਂ ਦੇ ਦੁਰਪਯੋਗ ਕਰਨ ਨਾਲ ਹੈ ਪਰ ਇਸਦੀ ਅਮੂਰਤ ਵਿਸ਼ਾਲਤਾ ਅਤੇ ਪਾਸਾਰ ਮਨੁੱਖੀ ਅਧਿਕਾਰਾਂ ਦੇ ਸੰਕਲਪ ਅਤੇ ਇਸ ਦੁਆਲੇ ਉਸਰੇ ਅਮਲ ਦੀ ਇਕ ਤਿੱਖੀ ਆਲੋਚਨਾ ਵੀ ਹੈ। ਸੰਖੇਪ ਵਿਚ ਦੇਖਿਆਂ ਇਹ ਟਿੱਪਣੀ ਅਸਲ ਵਿਚ ਰਾਜ ਦੀ ਉਤਪਤੀ ਅਤੇ ਵਿਕਾਸ ਦੇ ਰਾਹ ਵਿਚ ਪੈਦਾ ਹੋਈਆਂ ਅਤੇ ਪਣਪੀਆਂ ਉਹਨਾਂ ਸਾਰੀਆਂ ਧਾਰਨਾਵਾਂ ਦੇ ਖਿਲਾਫ਼ ਹੈ ਜਿਨ੍ਹਾਂ ਨੇ ਕਿ ਰਾਜ ਦੀ ਸਰਬ ਅਧਿਕਾਰਤਾ ਨੂੰ ਪ੍ਰਸ਼ਨ ਕਰਦੇ ਹੋਏ ਇਸ ਵਿਚ ਮਨੁੱਖ ਦੇ ਸਥਾਨ ਅਤੇ ਉਸਦੀ ਆਜ਼ਾਦ ਹਸਤੀ ਦੀ ਗਵਾਹੀ ਭਰੀ। ਦੁਨੀਆਂ ਦੇ ਇਤਿਹਾਸ ਵਿੱਚ ਇਹ

ਧਾਰਨਾਵਾਂ ਅਤੇ ਇਹਨਾਂ ਦੁਆਲੇ ਉਸਰੇ ਅਮਲ ਤਰੱਕੀ ਪਸੰਦ ਅਮਲ ਦੇ ਉਸ ਪ੍ਰਾਜੈਕਟ ਦਾ ਅਹਿਮ ਹਿੱਸਾ ਹਨ ਜਿਨ੍ਹਾਂ ਨੇ ਰਾਜ ਅਤੇ ਇਸਦੀਆਂ ਸੰਸਥਾਵਾਂ ਕੋਲੋਂ ਮਨੁੱਖ ਨੂੰ ਗ਼ੈਰ ਮਨੁੱਖੀ ਸਥਿਤੀ ਤਕ ਪਹੁੰਚਾਉਣ ਦੇ ਅਧਿਕਾਰ ਖੋਹਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮਨੁੱਖੀ ਅਧਿਕਾਰਾਂ ਦੇ ਆਧੁਨਿਕ ਸੰਕਲਪ ਦੇ ਪਿਛੋਕੜ ਵਿਚ ਵੀ ਯੂਰਪ ਅੰਦਰ ਫਾਸ਼ੀਵਾਦੀ ਰਾਜ ਦਾ ਵਿਕਾਸ ਅਤੇ ਤੀਜੀ ਦੁਨੀਆਂ ਦੇ ਬਸਤੀਵਾਦੀ ਨਿਜ਼ਾਮ ਅਤੇ ਇਹਨਾਂ ਰਾਜਾਂ ਦੁਆਰਾ ਚਲਾਇਆ ਦਮਨ ਚੱਕਰ ਪਏ ਹਨ। ਵਿਕਅਮ ਵੈਲਫੇਅਰ ਸੋਸਾਇਟੀ ਦਾ ਨਿਆਂ ਪ੍ਰਬੰਧ ਦੀ ਕਾਰਗੁਜ਼ਾਰੀ ਅਤੇ ਇਸ ਦੇ ਕੰਮ ਕਾਜ ਵਿਚ ਦਖ਼ਲ ਦੇਣ ਦਾ ਪ੍ਰੋਗਰਾਮ ਨਾ ਸਿਰਫ਼ ਮਨੁੱਖੀ ਅਧਿਕਾਰਾਂ ਅਤੇ ਰਾਜ ਦੇ ਅੰਤਰ ਸੰਬੰਧਾਂ ਬਾਰੇ ਉਪਰੋਕਤ ਕੀਤੀ ਚਰਚਾ ਦੇ ਵਿਰੋਧ ਵਿਚ ਹੀ ਹੈ। ਸਗੋਂ ਇਕ ਅਜਿਹੇ ਸਮਾਜਕ ਨਿਜ਼ਾਮ ਦੀ ਮੁੜ ਸਥਾਪਤੀ ਦਾ ਵੀ ਹੈ ਜਿਸ ਵਿਚ ਕਿ ਮੁਜਰਿਮ ਸਮਝੇ ਜਾਣ ਵਾਲਿਆਂ ਨੂੰ ਵਿਹਾਰਕ ਤੌਰ 'ਤੇ ਸਮਾਜ ਤੋਂ ਬੇਦਖ਼ਲ ਕਰ ਦਿੱਤਾ ਜਾਵੇ। ਇਸੇ ਪ੍ਰੋਗਰਾਮ ਦਾ ਦੂਜਾ ਪ੍ਰਮੁੱਖ ਵਿਚਾਰਧਾਰਕ ਪਾਸਾਰ ਅੱਜ ਕੱਲ ਪ੍ਰਚਲਤ ਉਹ ਰਵਾਇਤੀ ਨਜ਼ਰੀਆ ਹੋ ਸਕਦਾ ਹੈ ਜੋ ਕਿ ਕਿਸੇ ਅਪਰਾਧ ਦੀ ਸਜ਼ਾ ਵਲੋਂ ਆਪਣੀ ਕਮਜ਼ੋਰੀ ਅਤੇ ਆਪਣੇ ਭ੍ਰਿਸ਼ਟਾਚਾਰ ਵਿਚ ਫਸੇ ਹੋਣ ਦੀ ਸੂਰਤ ਵਿਚ ਨਾ ਦੇਣ ਕਰਕੇ ਉਸੇ ਸਜ਼ਾ ਲਈ ਰਾਜ ਪ੍ਰਬੰਧ ਦੇ ਦੂਸਰੇ ਅਹਿਮ ਹਿੱਸੇ ਯਾਨੀ ਕਿ ਪੁਲਿਸ ਅਦਿ ਵੱਲ ਝਾਕ ਰੱਖਣ ਵੱਲ ਇਸ਼ਾਰਾ ਇਸ ਵਿਚ ਵੀ ਪਿਆ ਹੈ ਕਿ ਸੋਸਾਇਟੀ ਦਾ ਇਕ ਪਮੁੱਖ ਅਹੁਦੇਦਾਰ ਫਿਲੌਰ ਵਿਖੇ ਸਥਾਪਤ ਪੁਲਿਸ ਐਕਡਮੀ ਦੀ ਫੈਕਲਟੀ 'ਤੇ ਹੈ। ਸੋਸਾਇਟੀ ਦੇ ਪ੍ਰੋਗਰਾਮ ਦੇ ਪਿੱਛੇ ਇਕ ਅਜਿਹਾ ਸਿਧਾਂਤ ਵੀ ਕੰਮ ਕਰ ਰਿਹਾ ਹੈ ਜਿਸ ਅਨੁਸਾਰ ਸਜ਼ਾ ਦੇਣ ਲਈ ਕਾਨੂੰਨ ਇਤਨਾ ਸਖ਼ਤ ਹੋਣਾ ਚਾਹੀਦਾ ਹੈ ਕਿ ਜੇਕਰ ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਇਕ ਨਿਰਦੋਸ਼ ਨੂੰ ਵੀ ਫਾਂਸੀ ਚੜ੍ਹਨਾ ਪੈ ਜਾਵੇ ਤਾਂ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ। ਰਾਜ ਅਤੇ ਇਸਦੇ ਨਿਆਂ ਪ੍ਰਬੰਧ ਦੇ ਅਧਿਕਾਰਾਂ ਵਿਚ ਵਾਧਾ ਕਰਨ ਦੀ ਇਸਤੋਂ ਸਾਫ਼ ਦਲੀਲ ਕੋਈ ਹੋ ਹੀ ਨਹੀਂ ਸਕਦੀ।

ਭ੍ਰਿਸ਼ਟਚਾਰ ਨਾਲ ਭਰੇ ਨਿਆਂ ਪ੍ਰਬੰਧ ਦੇ ਅੰਦਰ ਇਨਸਾਫ਼ ਲਈ ਜਦੋ-ਜਹਿਦ ਕਰਨ ਦੇ ਬਾਵਜੂਦ ਰਾਮ ਨਾਥ ਦਾ ਅਪਰਾਧ ਅਤੇ ਸਜ਼ਾ ਦੇ ਅੰਤਰ ਸੰਬੰਧਾਂ ਬਾਰੇ ਅਤੇ ਸਮਾਜਕ ਰਿਸ਼ਤਿਆਂ ਬਾਰੇ ਨਜ਼ਰੀਆ ਬਹੁਤ ਹੱਦ ਤੱਕ ਰਵਾਇਤੀ ਹੈ। ਨਿਆਂ ਪ੍ਰਬੰਧ ਦੀ ਕਾਰਜ ਕੁਸ਼ਲਤਾ, ਇਸ ਦੁਆਰਾ ਕਾਨੂੰਨ ਦੀ ਵਿਆਖਿਆ ਅਤੇ ਇਸ ਅਨੁਸਾਰ ਦੋਸ਼ੀਆਂ ਲਈ ਫਾਇਦੇ ਦੀ ਸਥਿਤੀ ਪ੍ਰਤੀ ਰਾਮ ਨਾਥ ਦਾ ਨਜ਼ਰੀਆ ਵਿਕਟਮ ਵੈਲਫੇਅਰ ਸੋਸਾਇਟੀ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਰਾਮ ਨਾਥ ਨੇ ਇਹ ਖ਼ਿਆਲ ਆਪਣੀ ਨਿੱਜੀ ਸਥਿਤੀ ਵਿਚੋਂ ਗ੍ਰਹਿਣ ਕੀਤੇ ਹਨ ਜਦੋਂ ਕਿ ਸੋਸਾਇਟੀ ਨੇ ਇਹਨਾਂ ਨੂੰ ਆਪਣੇ ਬੋਧ ਗਿਆਨ ਤੋਂ ਪ੍ਰਾਪਤ ਕਰਕੇ ਅਮਲ ਵਿਚ ਲਿਆਉਣ ਦਾ ਯਤਨ ਕੀਤਾ ਹੈ। ਰਾਮ ਨਾਥ ਦਾ ਰਵਾਇਤੀ ਕਦਰਾਂ ਕੀਮਤਾਂ ਨਾਲ ਬੱਝਿਆ ਨਜ਼ਰੀਆ ਹੋਰ ਵੀ ਕਈ ਸਥਿਤੀਆਂ ਵਿਚ ਨਜ਼ਰ ਆਉਂਦਾ ਹੈ ਭਾਵੇਂ ਕਿ ਇਹਨਾਂ ਸਥਿਤੀਆਂ ਵਿਚ ਉਸਦਾ ਵਿਵਹਾਰ ਵਿਹਾਰਕ ਪੱਖ ਤੋਂ ਜ਼ਿਆਦਾ ਆਉਂਦਾ ਹੈ ਭਾਵੇਂ ਕਿ ਇਹਨਾਂ ਸਥਿਤੀਆਂ ਵਿਚ ਉਸਦਾ ਵਿਵਹਾਰ ਵਿਹਾਰਕ ਪੱਖ ਤੋਂ ਜ਼ਿਆਦਾ ਪ੍ਰਭਾਵਿਤ ਹੁੰਦਾ ਪ੍ਰਤੀਤ ਹੁੰਦਾ ਹੈ। ਅਜਿਹੀਆਂ ਸਥਿਤੀਆਂ ਵਿਚ ਉਸਦਾ ਔਰਤ ਪ੍ਰਤੀ ਰਵੱਈਆ ਪ੍ਰਮੁੱਖ ਹੈ। ਕਤਲ ਅਤੇ ਡਕੈਤੀ ਦੇ ਦੋਸ਼ੀਆਂ ਪਤੀ ਨਿੱਜੀ ਤੌਰ 'ਤੇ ਬਹੁਤ ਗੁੱਸੇ ਵਿਚ ਹੁੰਦਿਆਂ ਹੋਇਆ ਵੀ ਰਾਮ ਨਾਥ ਨਾਵਲ ਦੀ ਸਥਿਤੀ ਦੇ ਪਹਿਲੇ ਦੌਰ ਵਿਚ ਇਕ ਪਾਸੇ ਤਾਂ ਇਕ ਵਕੀਲ ਦੀ ਭੂਮਿਕਾ ਵਿਹਾਰਕ ਪੱਖੋਂ ਨਿਭਾਉਂਦਾ ਨਜ਼ਰ ਆਉਂਦਾ ਹੈ। ਉਹ ਸਥਿਤੀ ਦੇ ਹਰ

ਪਹਿਲੂ ਨੂੰ ਇਕ ਪੇਸ਼ੇਵਰ ਵਕੀਲ ਦੇ ਤੌਰ 'ਤੇ ਹੀ ਦੇਖਦਾ ਹੈ। ਅਜਿਹਾ ਕਰਦੇ ਸਮੇਂ ਅਸਹਿ ਮਾਨਸਿਕ ਪੀੜਾ ਦੇ ਹੋਣ ਦੇ ਬਾਵਜੂਦ ਉਹ ਹਰ ਕੰਮ ਨੂੰ, ਭਾਵੇਂ ਅਤਿਅੰਤ ਮਾਨਸਿਕ ਵੇਦਨਾ ਵਿਚੋਂ, ਤਰਤੀਬਵਾਰ ਕਰਦਾ ਰਹਿੰਦਾ ਹੈ। ਪਰ ਆਪਣੀ ਪਤਨੀ ਸੰਗੀਤਾ ਦੇ ਸਮਝਾਉਣ ਤੋਂ ਬਾਅਦ ਉਹ ਨਿਹਾ ਦੇ ਬਲਾਤਕਾਰ ਦਾ ਮਾਮਲਾ ਕੇਸ ਦਾ ਹਿੱਸਾ ਬਣਨੋਂ ਰੋਕ ਲੈਂਦਾ ਹੈ। ਸੰਗੀਤਾ ਦੇ ਕਹਿਣ ਤੋਂ ਬਾਅਦ ਉਹ ਆਪਣੇ ਆਪ 'ਤੇ ਇਹੀ ਗਿਲਾ ਕਰਦਾ ਹੈ ਕਿ ਉਸਦੀ ਤਾਂ ਵਕੀਲ ਵਾਂਗੂ ਸਬੂਤਾਂ 'ਤੇ ਨਿਗਾਹ ਰਖਦੇ ਰਖਦੇ "ਸੰਵੇਦਨਸ਼ੀਲਤਾ" ਹੀ ਮਾਰੀ ਗਈ ਸੀ। ਦੁਬਾਰਾ 'ਸੰਵੇਦਨਸ਼ੀਲ' ਹੋਣ ਦਾ ਮਤਲਬ ਇਹ ਸੀ ਕਿ ਉਸਨੇ ਨਿਹਾ ਦੇ ਬਲਾਤਕਾਰ ਦੇ ਮਾਮਲੇ ਨੂੰ ਐਫ. ਆਈ. ਆਰ. ਦਾ ਹਿੱਸਾ ਨਹੀਂ ਬਣਨ ਦਿੱਤਾ। ਅਜਿਹਾ ਕਰਦੇ ਸਮੇਂ ਉਸ ਦਾ ਪਮੁੱਖ ਨਿਸ਼ਾਨਾ ਭਾਵੇਂ ਕਚਹਿਰੀਆਂ ਵਿਚ ਬਲਾਤਕਾਰ ਦੇ ਮਾਮਲਿਆਂ ਵਿਚ ਲੜਕੀਆਂ ਦੀ ਕੀਤੀ ਜਾਂਦੀ ਬੇਹੁਰਮਤੀ ਹੀ ਸੀ ਤੇ ਜਾਂ ਅਜਿਹੀਆਂ ਲੜਕੀਆਂ ਦੇ ਭਵਿੱਖ ਦਾ ਮਾਮਲਾ ਸੀ, ਪਰ ਇਸਦਾ ਸਿੱਟਾ ਕਿਸੇ ਲੜਕੀ ਨਾਲ ਹੋਏ ਧੱਕੇ ਨੂੰ ਦਬਾਉਣ ਅਤੇ ਛੁਪਾਉਣ ਤੋਂ ਵੱਧ ਕੁਝ ਵੀ ਨਹੀਂ ਸੀ। ਰਾਮ ਨਾਥ ਨੇ ਵੀ ਨਿਹਾ, ਆਪਣੀ ਭਾਣਜੀ, ਦੀ ਬੇਹੁਰਮਤੀ ਨੂੰ ਬਚਾਉਣ ਲਈ ਇਸ ਮਾਮਲੇ ਨੂੰ ਲੁਕੋਣ ਵਿਚ ਹੀ ਬਿਹਤਰੀ ਸਮਝੀ।

3.2 ਉਪਰੋਕਤ ਚਰਚਾ ਤੋਂ ਇਹ ਸਪਸ਼ਟ ਹੈ ਕਿ ਰਾਮ ਨਾਥ ਨਾਵਲ ਵਿਚਲੇ ਕੇਸ ਦੌਰਾਨ ਹਰ ਔਕੜ ਦਾ ਬਹਾਦਰੀ ਨਾਲ ਸਾਹਮਣਾ ਕਰਦਾ ਹੋਇਆ ਅਤੇ ਇਨਸਾਫ਼ ਲਈ ਸੰਘਰਸ਼ ਦੇ ਰਾਹ ਤੁਰਦਾ ਹੋਇਆ ਵੀ ਆਪਣੇ ਵਿਚਾਰਧਾਰਕ ਨਜ਼ਰੀਏ ਵਿਚ ਕੁਝ ਰਵਾਇਤੀ ਅਤੇ ਪ੍ਰਚਲਤ ਕਦਰਾਂ ਕੀਮਤਾਂ ਵਿਚ ਹੀ ਬੱਝਿਆ ਹੋਇਆ ਹੈ। ਉਸਦੀ ਮਨੁੱਖ ਰਿਸ਼ਤਿਆਂ ਅਤੇ ਅਪਰਾਧ ਤੇ ਸਜ਼ਾ ਦੇ ਅੰਤਰ ਸੰਬੰਧਾਂ ਬਾਰੇ ਜੜ੍ਹਤਾ ਵਾਲੀ ਵਿਚਾਰਧਾਰਾਈ ਪਹੁੰਚ ਅਸਲ ਵਿਚ ਨਾਵਲ ਦੇ ਪ੍ਰਵਚਨ ਅੰਦਰਲੇ ਮਨੁੱਖ ਦੀ ਸਮਾਜਕ ਜ਼ਿੰਦਗੀ ਦੇ ਇਹਨਾਂ ਆਯਾਮਾਂ ਦੇ ਸਮੱਸਿਆਕਾਰਾਂ ਨਾਲ ਆਪਣੀ ਵਿਚਾਰਧਾਰਕ ਜੁਗਤ ਕਰਕੇ ਬਹੁਤ ਨੇੜੇ ਤੋਂ ਸੰਬੰਧਤ ਹੈ। ਇਹੀ ਕਾਰਨ ਹੈ ਕਿ ਉਸ ਅੰਦਰ ਅਪਰਾਧ ਦੀ ਉਸ ਪ੍ਰਤੱਖ ਸ਼ਕਲ ਤੋਂ ਅਗਾਂਹ ਦੇਖਣ ਦਾ ਵਿਚਾਰ ਹੀ ਪੈਦਾ ਨਹੀਂ ਹੁੰਦਾ ਜੋ ਕਿ ਨਾਵਲ ਦੀ ਕਹਾਣੀ ਵਿਚ ਸਪਸ਼ਟ ਰੂਪ ਵਿਚ ਵਾਪਰਦਾ ਹੈ। ਭਾਵੇਂ ਕਿ ਇਕ ਵਕੀਲ ਵਜੋਂ ਉਸ ਦੀ ਕਾਰਜਸ਼ੈਲੀ ਵਿਚ ਇਕ ਰੂਪਾਂਤਰਣ ਦੇਖਣ ਨੂੰ ਮਿਲਦਾ ਹੈ ਪਰ ਉਸਦੀ ਅਪਰਾਧ ਅਤੇ ਕਾਨੂੰਨ ਅਤੇ ਇਸਦੇ ਸਮਾਜਕ ਪੈਰਾਡਾਈਮ ਨਾਲ ਅੰਤਰ ਸੰਬੰਧਾਂ ਪ੍ਰਤੀ ਬੁਨਿਆਦੀ ਪਹੁੰਚ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਵਾਪਰਦੀ ਅਤੇ ਇਸੇ ਕਰਕੇ ਹੀ ਉਹ ਆਪਣੇ ਸਾਰੇ ਕਾਰਜਾਂ ਵਿਚ ਪੰਕਜ ਅਤੇ ਨੀਰਜ ਵਰਗੇ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਤਕ ਹੀ ਸੀਮਿਤ ਰਹਿੰਦਾ ਹੈ। ਅਜਿਹਾ ਇਸ ਕਰਕੇ ਵੀ ਹੈ ਕਿਉਂਕਿ, ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਿਆ ਹੈ, ਨਾਵਲ ਦੀ ਵਿਉਂਤਕਾਰੀ ਮੂਲ ਰੂਪ ਵਿਚ ਇਕ ਫ਼ੌਜਦਾਰੀ ਮੁਕੱਦਮੇ ਦੀ ਮਿਸਲ ਦੇ ਅਨੁਸਾਰੀ ਹੀ ਹੈ। ਰਾਮ ਨਾਥ ਦੇ ਕਾਰਜਾਂ ਦੀ ਇਹੀ ਸਮੱਸਿਆ ਹੈ ਅਤੇ ਇਹੀ ਸੀਮਾ ਵੀ। ਇਹੀ ਸਮੱਸਿਆਕਾਰ ਨਾਵਲ ਦੇ ਪ੍ਰਵਚਨ ਵਿਚ ਵੀ ਸਮੋਏ ਹੋਏ ਹਨ।!

# 6
# 'ਕੌਰਵ ਸਭਾ' ਦੇ ਸਮਾਜਿਕ ਸੰਕਟ ਦਾ ਯਥਾਰਥ

**ਸਬਿੰਦਰਜੀਤ ਸਿੰਘ ਸਾਗਰ**

ਮਿੱਤਰ ਸੈਨ ਮੀਤ ਦੇ ਪਹਿਲੇ ਨਾਵਲਾਂ ਦੀ ਪ੍ਰਸ਼ੰਸਾ ਕਰਦਿਆਂ ਵਿਦਵਾਨਾਂ ਨੇ ਉਸ ਦੇ ਅਜੋਕੇ ਨਾਵਲ 'ਕੌਰਵ ਸਭਾ' ਦੀ ਵਿਲੱਖਣਤਾ ਦੇ ਉੱਲੇਖ ਕੀਤਾ ਹੈ। ਕੇਸਰ ਸਿੰਘ ਕੇਸਰ ਦਾ ਵਿਚਾਰ ਹੈ ਕਿ ਕੌਰਵ ਸਭਾ "ਪਹਿਲਾਂ ਦੋਹਾਂ ਨਾਵਲਾਂ ਨਾਲ ਵਸਤੂ-ਖੇਤਰ ਦੀ ਸਾਂਝ ਦੇ ਬਾਵਜੂਦ ਇਸ ਪਛਾਣ ਵਿਚ ਇਕ ਮਹੱਤਵਪੂਰਨ ਪਾਸਾਰ ਜੋੜਦਾ ਹੈ ਕਿਉਂਕਿ ਇਹ ਨਾਵਲ ਭ੍ਰਿਸ਼ਟਾਚਾਰ ਦਾ ਬਿਰਤਾਂਤ ਹੀ ਨਹੀਂ, ਪੈਸੇ ਦੀ ਸ਼ਕਤੀ ਦਾ ਪ੍ਰਵਚਨ ਵੀ ਹੈ।" ਕੇਸਰ ਦਾ ਇਹ ਕਥਨ ਮਹੱਤਵਪੂਰਨ ਹੈ। ਇਸ ਲਈ ਨਹੀਂ ਕਿ ਇਹ ਨਾਵਲ ਦੀ ਵਾਸਤਵਿਕ ਸਥਿਤੀ ਨੂੰ ਸਹੀ ਰੂਪ ਵਿਚ ਪ੍ਰਸਤੁਤ ਕਰਨ ਵਿਚ ਸਹਾਈ ਹੋਇਆ ਹੈ ਸਗੋਂ ਇਸ ਲਈ ਕਿ ਇਹ ਉਹ ਧਰਾਤਲ ਮੁਹੱਈਆ ਕਰਦਾ ਹੈ ਜਿਸਦੇ ਮਾਧਿਅਮ ਨਾਲ ਇਸ ਨਾਵਲ ਦੇ ਵਿਸ਼ੇ ਨੂੰ ਡੀਕੋਡ ਕੀਤਾ ਜਾ ਸਕਦਾ ਹੈ। ਸਾਹਿੱਤਕ ਰਚਨਾ ਨੂੰ ਬਗ਼ੈਰ ਡੀਕੋਡ ਕੀਤਿਆਂ ਉਸਦਾ ਮੁੱਲਾਂਕਣ ਕਰ ਸਕਣਾ ਸੰਭਵ ਨਹੀਂ ਹੁੰਦਾ।

## I

ਨਾਵਲ ਦਾ ਵਿਸ਼ਾ ਦੋ ਪਰਿਵਾਰਾਂ ਵਿਚਲੇ ਝਗੜੇ ਨਾਲ ਸੰਬੰਧਤ ਹੈ। ਇਹ ਪਰਿਵਾਰ ਆਪਸ ਵਿਚ ਰਿਸ਼ਤੇਦਾਰ ਹਨ। ਇਕ ਪਰਿਵਾਰ ਵੱਡੇ ਭਰਾ ਮੋਹਨ ਦਾ ਹੈ ਤੇ ਦੂਜਾ ਛੋਟੇ ਭਰਾ ਵੇਦ ਤੇ ਉਸਦੇ ਬੱਚਿਆਂ ਦਾ। ਇਹ ਦੋਵੇਂ ਪਰਿਵਾਰ ਸਧਾਰਨ ਨਹੀਂ ਹਨ ਸਗੋਂ ਮਾਇਆ ਨਗਰ ਦੇ ਚੌਣਵੇਂ ਪਰਿਵਾਰਾਂ ਵਿਚੋਂ ਹਨ। ਵੱਡੇ ਭਰਾ ਦੀ ਮੌਤ ਤੋਂ ਬਾਅਦ ਇਹ ਸਾਂਝ ਦੁਸ਼ਮਣੀ ਵਿਚ ਬਦਲ ਗਈ ਸੀ। ਇਕ ਪਾਸੇ ਸਾਂਝੀ ਲਾਈ ਮਿੱਲ ਰਾਜਨੀਤਕ ਅਸਥਿਰਤਾ ਕਰਕੇ ਬਣਨੋਂ ਰੁਕ ਗਈ ਸੀ ਅਤੇ ਦੂਜੇ ਪਾਸੇ ਇਸੇ ਆਰਥਿਕ ਕਸ਼ਮ-ਕਸ਼ ਕਰਕੇ ਕਈ ਹੋਰ ਸਮੱਸਿਆਵਾਂ ਵੀ ਉੱਭਰ ਪਈਆਂ ਸਨ ਜਿਵੇਂ ਮਾਇਆ ਨਗਰ ਵਿਚਲੇ ਵੇਦ ਦੇ ਪਲਾਟ ਵਿਚੋਂ ਭਰਾ ਦੇ ਮੁੰਡੇ ਵੀ ਹਿੱਸਾ ਮੰਗਦੇ ਹਨ। ਇਸ ਪਰਸਪਰ ਤਨਾਉ ਦੇ ਨਤੀਜੇ ਵਜੋਂ ਵਡੇ ਭਰਾ ਦੇ ਮੁੰਡੇ ਪੰਕਜ ਤੇ ਨੀਰਜ ਚਾਚੇ ਨੂੰ ਕਤਲ ਕਰਨਾ ਤੇ ਇੱਜਤ ਲੁੱਟਣਾ ਨਹੀਂ ਸੀ ਪਰ ਅਪਰਾਧ ਕਰਨ ਵੇਲੇ ਇਹ ਦੋਵੇਂ ਗੱਲਾਂ ਵਾਪਰ ਗਈਆਂ। ਚਾਚੇ ਦੇ ਪੁੱਤਰ ਕਮਲ ਦਾ ਕਤਲ ਹੋ ਗਿਆ ਤੇ ਉਸਦੀ ਭੈਣ ਨਿਹਾ ਦਾ ਬਲਾਤਕਾਰ। ਹੌਲੀ ਹੌਲੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵੀ ਫੜੇ ਗਏ ਤੇ ਉਹਨਾਂ ਨੂੰ ਸੁਪਾਰੀ ਦੇਣ ਵਾਲਿਆਂ ਵੱਲ ਵੀ ਹੱਥ ਉੱਠਣ ਲਗੇ। ਇਹ ਵਾਰਦਾਤ, ਤਫ਼ਤੀਸ਼ ਤੇ ਬਾਅਦ ਕਚਹਿਰੀ ਵਿਚ ਕਾਨੂੰਨੀ ਦਾਅ-ਪੇਚ ਦੀ ਜੰਗ ਵਿਚ ਬਦਲ ਗਈ।

ਲੇਖਕ ਨੇ ਅਜੋਕੇ ਸਮੇਂ ਦੇ ਸਮਾਜਿਕ, ਰਾਜਨੀਤਕ, ਆਰਥਿਕ ਤੇ ਪੁਲਿਸ ਪ੍ਰਸ਼ਾਸਨ ਆਦਿ ਦੀ ਵਾਸਤਵਿਕ ਸਥਿਤੀ ਦੇ ਸੰਦਰਭ ਵਿਚ ਆਪਣੇ ਇਸ ਵਿਸ਼ੇ ਨੂੰ ਉਸਾਰਨ ਦਾ ਯਤਨ ਕੀਤਾ ਹੈ। ਭਾਰਤੀ ਸਮਾਜ ਦੇ ਆਰਥਿਕ ਦ੍ਰਿਸ਼ਟੀ ਤੋਂ ਬਦਲਦੇ ਸਰੂਪ ਨੂੰ ਲੇਖਕ ਨੇ ਨਾਵਲ ਵਿਚ ਬੜੀ ਨਿਪੁੰਨਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਜਿੱਥੇ ਆਰਥਿਕ ਦ੍ਰਿਸ਼ਟੀ ਤੋਂ ਪਰਿਵਰਤਨ ਤੇਜ਼ੀ ਨਾਲ ਵਾਪਰ ਰਿਹਾ ਹੈ ਤੇ ਸਰਕਾਰ ਵੀ ਇਸ ਆਰਥਿਕ ਵਿਸ਼ਵੀਕਰਨ ਦੇ ਹੱਕ ਵਿਚ ਹੈ ਉੱਥੇ ਪੁਲਿਸ ਤੇ ਕਾਨੂੰਨ ਦਾ ਖਾਸਾ ਓਵੇਂ ਹੀ ਹੈ। ਇਹੀ ਹਾਲਤ ਰਾਜਨੀਤਕ ਨੇਤਾਵਾਂ ਤੇ ਰਾਜਨੀਤੀ ਦੇ ਗਲਿਆਰਿਆਂ

ਵਿਚ ਵੀ ਵੇਖੀ ਜਾ ਸਕਦੀ ਹੈ । ਕਰਪਸ਼ਨ ਦਾ ਚੁਫੇਰੇ ਬੋਲਬਾਲਾ ਹੈ । ਬਦਲ ਰਹੀ ਆਰਥਿਕ ਸਥਿਤੀ ਤੇ ਉਸਦੇ ਨਤੀਜੇ ਵਜੋਂ ਜੋ ਪਰਿਵਰਤਨ ਅਰਥਚਾਰੇ ਦੇ ਅਨੁਰੂਪ ਸਮਾਜਿਕ ਖੇਤਰ ਵਿਚ ਆਉਣਾ ਚਾਹੀਦਾ ਸੀ ਉਹ ਵੇਖਣ ਵਿਚ ਬਹੁਤ ਘੱਟ ਆ ਰਿਹਾ ਹੈ । ਦੂਜੇ ਸ਼ਬਦਾਂ ਵਿਚ ਤਥਾ-ਕਥਿਤ ਵਿਸ਼ਵੀਕਰਨ ਦਾ ਜੋ ਪਰਿਵਰਤਨ ਭਾਰਤੀ ਅਰਥਚਾਰੇ ਵਿਚ ਆ ਰਿਹਾ ਹੈ ਉਸਦਾ ਸਰੂਪ ਵੱਖਰਾ ਹੈ ।

ਨਾਵਲ ਵਿਚ ਮੋਹਨ ਲਾਲ ਇਕ ਅਜੇਹਾ ਕਿਰਦਾਰ ਹੈ ਜੋ ਆਰਥਿਕ ਪਵਿਰਤਰਨ ਵੱਲ ਸੰਕੇਤ ਕਰਦਾ ਹੈ । ਉਹ ਸਿਵਿਲ ਇੰਜੀਨੀਅਰਿੰਗ ਕਰਕੇ ਪੀ. ਡਬਲਿਊ. ਡੀ. ਮਹਿਕਮੇ ਵਿਚ ਲਗ ਗਿਆ ਸੀ । ਪਰਿਵਰਤਨ ਲਈ ਆਰੰਭ ਵਿਚ ਜਿਹੜੇ ਗੁਣ ਹੋਣੇ ਚਾਹੀਦੇ ਹਨ ਉਹ ਮੋਹਨ ਲਾਲ ਵਿਚ ਸਨ । ਨਾਵਲ ਵਿਚ ਦੱਸਿਆ ਗਿਆ ਹੈ ਕਿ "ਅੱਜ ਕੱਲ ਮਿਹਨਤੀ ਅਤੇ ਵਫ਼ਾਦਾਰ ਅਫ਼ਸਰਾਂ ਦੀ ਕਮੀ ਹੁੰਦੀ ਜਾ ਰਹੀ ਸੀ । ਮੋਹਨ ਲਾਲ ਵਿਚ ਇਹ ਦੋਵੇਂ ਗੁਣ ਹਨ ।"[1] ਆਰਥਿਕ ਫਾਇਦੇ ਲਈ ਸੰਬੰਧਿਤ ਧਿਰਾਂ ਨੂੰ ਨਾਲ ਜੋੜ ਕੇ ਰੱਖਣ ਤੇ ਆਰਥਿਕ ਵਿਕਾਸ ਲਈ ਚੁਣੌਤੀਆਂ ਲੈਣ ਦੀ ਹਿੰਮਤ ਉਸਦੇ ਵਿਚ ਸੀ । ਮੋਹਨ ਲਾਲ ਵਿਉਪਾਰਕ ਸਾਂਝ ਵਿਚ ਵਿਸ਼ਵਾਸ ਰੱਖਦਾ ਸੀ । ਉਸ ਲਈ ਵਿਉਪਾਰ ਵਿਚ ਰਿਸ਼ਤੇ ਦੀ ਸਾਂਝ ਸਹਾਈ ਸੀ । ਉਸ ਨੇ ਆਪਣੇ ਭਰਾ ਵੇਦ ਨੂੰ ਬੁਲਾ ਕੇ ਆਪਣੇ ਕੰਮ ਵਿਚ ਹਿੱਸੇਦਾਰ ਬਣਾ ਲਿਆ । ਅਫ਼ਸਰਾਂ ਨਾਲ ਤਾਂ ਪਹਿਲਾਂ ਹੀ ਬਣਾ ਕੇ ਰੱਖਣ ਵਿਚ ਵਿਸ਼ਵਾਸ ਸੀ । ਜਦ ਵੀ ਉਹ ਕੋਈ ਨਵੀਂ ਕਲੋਨੀ ਉਸਾਰਨੀ ਸ਼ੁਰੂ ਕਰਦਾ ਕੁਝ ਪਲਾਟ ਅਫ਼ਸਰਾਂ ਲਈ ਰੱਖ ਲੈਂਦਾ । "ਜਦੋਂ ਤਕ ਵਿਉਪਾਰਕ ਸਾਂਝ ਮੋਹਨ ਅਤੇ ਵੇਦ ਵਿਚਕਾਰ ਰਹੀ ਸਭ ਅੱਛਾ ਹੁੰਦਾ ਰਿਹਾ । ਮੋਹਨ ਵੇਦ ਨੂੰ ਜੋ ਜ਼ਿੰਮੇਵਾਰੀ ਸੌਂਪਦਾ ਰਿਹਾ ਉਹ ਉਸ ਨੂੰ ਪੂਰੀ ਇਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ ਰਿਹਾ ।...ਬਦਲੇ ਵਿਚ ਮੋਹਨ ਉਸ ਨੂੰ ਹਿੱਸੇ ਦਾ ਆਉਂਦਾ ਮੁਨਾਫ਼ਾ ਬਿਨਾਂ ਕਿਸੇ ਘਾਟਵਾਧ ਦੇ ਦਿੰਦਾ ਰਿਹਾ ।"[2]

ਪਰ ਇਸ ਸਥਿਤੀ ਵਿਚ ਪਰਵਿਰਤਨ ਮੋਹਨ ਲਾਲ ਦੀ ਮੌਤ ਤੋਂ ਪਹਿਲਾਂ ਆਉਣਾ ਸ਼ੁਰੂ ਹੋ ਗਿਆ ਸੀ । ਵੇਦ ਇਸ ਨਵੀਂ ਸਥਿਤੀ ਬਾਰੇ ਤਾਂ ਪਹਿਲਾਂ ਹੀ ਸ਼ੰਕਿਤ ਸੀ । ਉਸਦਾ ਵਿਚਾਰ ਸੀ ਕਿ "ਮੋਹਨ ਨਾਲ ਸਾਂਝੇਦਾਰੀ ਕਰਨ ਵਿਚ ਹੋਰ ਗੱਲ ਸੀ । ਭਤੀਜਿਆਂ ਨਾਲ ਸਾਂਝੇਦਾਰੀ ਨਿਭੇਗੀ ਜਾਂ ਨਹੀਂ? ਇਸ ਬਾਰੇ ਵੇਦ ਨੂੰ ਯਕੀਨ ਨਹੀਂ ਸੀ । ਉਹ ਪੜ੍ਹੇ ਲਿਖੇ ਸਨ । ਕਾਰੋਬਾਰ ਨਵੇਂ ਢੰਗ ਦਾ ਸੀ ।"[3] ਮੋਹਨ ਲਾਲ ਨੇ ਆਰਥਿਕ ਖੁਸ਼ਹਾਲੀ ਬੜੀ ਮਿਹਨਤ ਤੇ ਮੁਸ਼ਕਿਲ ਨਾਲ ਹਾਸਲ ਕੀਤੀ ਸੀ ਤੇ ਉਹ ਨਹੀਂ ਚਾਹੁੰਦਾ ਸੀ ਕਿ ਉਸਦੇ ਬੱਚੇ ਵੀ ਇਸ 'ਇਤਿਹਾਸ ਨੂੰ ਦੁਹਰਾਉਣ' । ਉਸ ਨੇ ਆਪਣੇ ਵੱਡੇ ਪੁੱਤਰ ਪੰਕਜ ਨੂੰ ਅਮਰੀਕਾ ਤੋਂ ਐਮ.ਬੀ.ਏ. ਕਰਵਾਈ ਸੀ ਤੇ ਛੋਟੇ ਮੁੰਡੇ ਨੀਰਜ ਨੇ ਰੁੜਕੀ ਤੋਂ ਮਕੈਨਿਕਲ ਇੰਜਨੀਅਰਿੰਗ ਕੀਤੀ ਸੀ । ਉਸਨੇ ਲੋਹੇ ਦੀ ਮਿੱਲ ਲਾਉਣ ਦਾ ਇਰਾਦਾ ਕੀਤਾ । ਵੇਦ ਭਾਵੇਂ ਇਸ ਖਲਜਗਣ ਵਿਚ ਪੈਣਾ ਨਹੀਂ ਸੀ ਚਾਹੁੰਦਾ ਪਰ ਵੱਡੇ ਭਰਾ ਦੇ ਕਹਿਣ ਤੇ ਉਹ ਵੀ ਸਹਿਮਤ ਹੋ ਗਿਆ ।

ਮਿੱਲ ਲਾਉਣ ਦਾ ਪ੍ਰੋਜੈਕਟ ਕਾਫ਼ੀ ਵੱਡਾ ਸੀ । ਇਸ ਵਿਚ ਦੋਵੇਂ ਭਰਾਵਾਂ ਦਾ ਪੈਸਾ ਲੱਗ ਗਿਆ ਸੀ । ਸਰਕਾਰ ਤੋਂ ਕਰਜ਼ਾ ਤੇ ਹੋਰ ਸੁਵਿਧਾਵਾਂ ਅਜੇ ਲੈਣੀਆਂ ਹਨ । ਪਰ ਇਸੇ ਵੇਲੇ ਰਾਜ ਵਿਚ ਰਾਜਨੀਤਕ ਪਰਿਵਰਤਨ ਆ ਗਿਆ । ਪਹਿਲੀ ਸਰਕਾਰ ਦੀ ਥਾਂ ਉਤੇ ਨਵੀਂ ਸਰਕਾਰ ਆ ਗਈ । ਨਤੀਜੇ ਵਜੋਂ "ਨਵੇਂ ਕਰਜ਼ਿਆਂ ਦੀਆਂ ਸ਼ਰਤਾ ਸਖ਼ਤ ਹੋ ਗਈਆਂ । ਸਬ-ਸਿਡੀਆਂ ਘਟ ਗਈਆਂ । ਟੈਕਸਾਂ ਵਿਚ ਮਿਲਦੀਆਂ ਛੋਟਾਂ ਬੰਦ ਹੋ ਗਈਆਂ । ਬਾਹਰੋਂ ਆਉਂਦਾ ਮਾਲ ਸਸਤਾ ਪੈਣ

ਲਗਾ। ਕੱਚੇ ਮਾਲ ਅਤੇ ਬਿਜਲੀ ਦੀਆਂ ਦਰਾਂ ਵਧ ਗਈਆਂ।"[4] ਇਹ ਪ੍ਰੋਜੈਕਟ ਵਿਚ ਵਿਚਾਲੇ ਹੀ ਫਸ ਗਿਆ। ਆਰਥਿਕਤਾ ਦੇ ਵਿਕਾਸ ਵਿਚ ਰਾਜਨੀਤਕ ਅਸਥਿਰਤਾ ਨੇ ਗੰਭੀਰ ਸੰਕਟ ਖੜਾ ਕਰ ਦਿਤਾ। ਮਿੱਲ ਵਿਚ ਪਏ ਘਾਟੇ ਨੇ ਕਈ ਨਵੀਆਂ ਸਮੱਸਿਆਵਾਂ ਨੂੰ ਜਨਮ ਦੇ ਦਿੱਤਾ। ਇਸ ਸਥਿਤੀ ਨਾਲ ਮਾਨਸਿਕ ਤਨਾਅ ਕਰਕੇ ਮੋਹਨ ਲਾਲ ਦੀ ਮੌਤ ਹੋ ਗਈ।

ਉਸਦੇ ਬੱਚੇ ਪਿਤਾ ਦੀ ਮੌਤ ਦਾ ਜ਼ਿੰਮੇਵਾਰ ਵੇਦ ਪਰਿਵਾਰ ਨੂੰ ਮਨਣ ਲੱਗ ਪਏ। ਇਸ ਤਰ੍ਹਾਂ ਦੋ ਪਰਿਵਾਰਾਂ ਵਿਚ ਪਏ ਅੰਤਰ ਨੇ ਭਿਆਨਕ ਸੰਕਟ ਖੜਾ ਕਰ ਦਿੱਤਾ। ਇਸ ਆਰਥਿਕ ਸੰਕਟ ਦਾ ਸਮਾਜਿਕ ਰੂਪਾਂਤਰਣ ਦੋਨਾਂ ਪਰਿਵਾਰ ਵਿਚ ਵਾਪਰੀ ਘਟਨਾ ਦੇ ਰੂਪ ਵਿਚ ਵੇਖਣ ਨੂੰ ਮਿਲਿਆ। ਆਪਣੇ ਚਾਚਾ ਦੇ ਪਰਿਵਾਰ ਵਾਲਿਆਂ ਨੂੰ ਸਬਕ ਸਿਖਾਉਣ ਲਈ ਪੰਕਜ ਤੇ ਨੀਰਜ ਨੇ ਕੁਝ ਅਪਰਾਧੀਆਂ ਦਾ ਸਹਾਰਾ ਲਿਆ। ਪੁਲਿਸ ਤਫ਼ਤੀਸ਼ ਵਿਚ ਉਹਨਾਂ ਅਪਰਾਧੀਆਂ ਦਾ ਸੁਰਾਗ ਮਿਲ ਗਿਆ ਜੋ ਇਸ ਵਾਰਦਾਤ ਨੂੰ ਕਰਨ ਵਾਲੇ ਸਨ। ਉਹਨਾਂ ਦੀ ਤਫ਼ਤੀਸ਼ ਤੋਂ ਇਹ ਸੰਕੇਤ ਵੀ ਮਿਲਣ ਲਗੇ ਕਿ ਇਸ ਪਿੱਛੇ ਕਿਹਨਾਂ ਦਾ ਹੱਥ ਸੀ? ਐਸੀ ਸਥਿਤੀ ਵਿਚ ਪੰਕਜ ਤੇ ਨੀਰਜ ਨੂੰ ਲਗਾ ਹੈ ਕਿ ਪੁਲਿਸ ਉਹਨਾਂ ਤਕ ਵੀ ਪਹੁੰਚ ਸਕਦੀ ਹੈ। ਇਸ ਹਾਲਤ ਵਿਚ ਪੁਲਿਸ ਨੂੰ ਪੈਸਾ ਦੇਣ ਤੇ ਰਾਜਨੀਤਕ ਸੰਬੰਧਾਂ ਨੂੰ ਪੈਸੇ ਦੇ ਜ਼ੋਰ ਉਤੇ ਵਰਤ ਕੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਣ ਲਗੀ। ਪੈਸੇ ਦੀ ਖੁਲ੍ਹੀ ਵਰਤੋਂ ਦੇ ਨਾਲ ਕਚਹਿਰੀਆਂ ਦੇ ਦਾਅ-ਪੇਚ ਦੀ ਵੀ ਖੁਲ੍ਹ ਕੇ ਵਰਤੋਂ ਹੋਣ ਲਗ ਪਈ।

## II

ਵੇਦ ਦਾ ਸਾਲਾ ਰਾਮਨਾਥ ਆਪ ਵਕੀਲ ਸੀ ਉਹ ਉਹਨਾਂ ਵਲੋਂ ਕੇਸ ਲੜ ਰਿਹਾ ਸੀ। ਆਪਣੇ ਇਲਾਕੇ ਦਾ ਭਾਵੇਂ ਉਹ ਮੰਨਿਆ ਵਕੀਲ ਸੀ ਪਰ ਇਥੇ ਸਥਿਤੀ ਬਿਲਕੁਲ ਵੱਖਰੀ ਸੀ। ਰਾਮਨਾਥ ਸੋਚਦਾ ਕਿ "ਉਸਨੇ ਪੜ੍ਹਿਆ ਸੀ ਕਿ ਸਭਿਅਕ ਜਮਾਤਾਂ ਸਰੀਰਕ ਹਿੰਸਾ ਦਾ ਸਹਾਰਾ ਨਹੀਂ ਲੈਂਦੀਆਂ। ਖ਼ੂਨ ਖਰਾਬੇ ਦੀ ਥਾਂ ਉਹ ਕਾਨੂੰਨੀ ਲੜਾਈ ਲੜਨ ਵਿਚ ਵਿਸ਼ਵਾਸ ਰੱਖਦੀਆਂ ਹਨ। ਇਹ ਕੇਵਲ ਸਿੱਧਾਂਤ ਹੀ ਨਹੀਂ ਸੀ। ਇਸ ਸਿੱਧਾਂਤ ਨੂੰ ਸੱਚ ਦੀ ਕਸਵੱਟੀ 'ਤੇ ਪੂਰਾ ਉਤਰਦੇ ਰਾਮਨਾਥ ਨਿੱਤ ਦੇਖਦਾ ਸੀ।"[5] ਪਰ ਜੋ ਕੁਝ ਵੇਦ ਦੇ ਪਰਿਵਾਰ ਵਾਲਿਆਂ ਨਾਲ ਵਾਪਰਿਆ ਸੀ ਉਹ ਸਭਿਅਕ ਨਹੀਂ ਸੀ ਕਿਹਾ ਜਾ ਸਕਦਾ। ਇਹ ਘਟਨਾ ਇਸ ਗੱਲ ਦੀ ਗਵਾਈ ਭਰ ਰਹੀ ਸੀ ਕਿ ਆਰਥਿਕ ਵਿਕਾਸ ਵਿਚ ਹਾਲੀ ਵੀ ਪਹਿਲੀਆਂ ਕੀਮਤਾਂ ਦਾ ਦਖ਼ਲ ਸੀ। ਇਸਦੇ ਨਾਲ ਹੀ ਬਦਲੀ ਹੋਈ ਆਰਥਿਕਤਾ ਰਾਜਨੀਤੀ ਵਿਚ ਅਸਥਿਰਤਾ ਕਰਕੇ ਸਮੱਸਿਆਵਾਂ ਵਿਚ ਉਲਝੀ ਹੋਈ ਸੀ।

ਅਜਿਹੀ ਸਥਿਤੀ ਵਿਚ ਭਾਰਤ ਅੰਦਰ ਆਰਥਿਕ ਵਿਕਾਸ ਲਈ ਵੀ ਕਰਪਸ਼ਨ ਦਾ ਹਥਿਆਰ ਹੀ ਵਰਤਣਾ ਪੈ ਰਿਹਾ ਸੀ। ਨਾਵਲਕਾਰ ਇਸ ਗੱਲ ਦਾ ਉੱਲੇਖ ਕਰਦਾ ਹੈ ਕਿ "ਸੰਸਾਰੀਕਰਨ ਦੇ ਇਸ ਦੌਰ ਵਿਚ ਬਹੁ-ਦੇਸ਼ੀ ਕੰਪਨੀਆਂ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕਰ ਰਹੀਆਂ ਸਨ। ਕੇਂਦਰੀ ਸਰਕਾਰ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਤ ਕਰ ਰਹੀ ਸੀ। ਸਨਅਤ ਮੰਤਰੀ ਵਫ਼ਦ ਲੈ ਲੈ ਬਾਹਰਲੇ ਦੇਸ਼ਾਂ ਨੂੰ ਤੁਰੇ ਰਹਿੰਦੇ ਸਨ। (ਪਰ ਇਸ ਪਿੱਛੇ ਆਪਣਾ ਮੰਤਵ ਹੀ ਸੀ)...ਅੰਦਰ ਖਾਤੇ ਬਾਬੂ ਜੀ ਦੀ ਜਪਾਨ ਦੀ ਇਕ ਕੰਪਨੀ ਨਾਲ ਗੱਲ ਚੱਲ ਰਹੀ ਸੀ। ਕੰਪਨੀ ਨੂੰ ਜੇ ਖੁਲ੍ਹੀਆਂ ਰਿਆਇਤਾਂ ਮਿਲ ਜਾਣ ਤਾਂ ਕੰਪਨੀ ਮੋਟਰ-ਸਾਈਕਲਾਂ ਦਾ ਭਾਰੀ ਉਦਯੋਗ ਇਧਰ ਲਾਉਣ ਲਈ ਸੋਚ ਸਕਦੀ ਸੀ। ...ਬਾਬੂ ਜੀ ਆਪ ਹਿੱਸੇਦਾਰ ਨਹੀਂ ਸਨ ਬਣ ਸਕਦੇ। ਨਾ ਉਹਨਾਂ ਕੋਲ ਇੰਨੀ ਪੂੰਜੀ ਸੀ। ਆਪਣੀ ਥਾਂ ਉਹਨਾਂ ਨੇ ਪੰਕਜ ਦਾ ਨਾਂ ਸੁਝਾਇਆ ਸੀ।"[6]

ਇਸ ਆਰਥਿਕ ਸਥਿਤੀ ਵਿਚ ਹੋ ਰਹੇ ਕੁਝ ਹੋਰ ਪਰਿਵਰਤਨਾਂ ਦਾ ਉਲੇਖ ਇਸ ਨਾਵਲ ਵਿਚ ਕੀਤਾ ਗਿਆ ਹੈ ਜਿਸਦਾ ਉੱਦੇਸ਼ ਭਾਵੇਂ ਸਮਾਜਿਕ ਸੰਕਟ ਦੀ ਸਥਿਤੀ ਤੋਂ ਆਮ ਵਿਅਕਤੀ ਦੀ ਸਹਾਇਤਾ ਕਰਨਾ ਹੈ ਪਰ, ਲੇਖਕ ਅਨੁਸਾਰ, ਇਸ ਦੀ ਵਾਸਤਵਿਕਤਾ ਵੱਖਰੀ ਸੀ। ਲੇਖਕ ਅਨੁਸਾਰ ਇਹਨਾਂ ਪਰਿਵਰਤਨਾ ਦੇ ਨਤੀਜੇ ਵੱਜੋਂ ਕੁਝ ਤਥਾ ਕਥਿਤ ਸੰਸਥਾਵਾਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਦਾ ਉੱਲੇਖ ਕਰਦਿਆਂ ਦਸਿਆ ਗਿਆ ਹੈ ਕਿ ਇਹ "ਆਪਣਾ ਨਾਂ ਚਮਕਾਉਣ ਲਈ ਮਨੁੱਖੀ ਅਧਿਕਾਰ ਦਾ ਢਿੰਡੋਰਾ ਪਿੱਟਦੀਆਂ ਰਹਿੰਦੀਆਂ ਹਨ।"[7] ਅੱਗੇ ਉੱਲੇਖ ਕੀਤਾ ਗਿਆ ਹੈ ਕਿ "ਸਰਕਾਰਾਂ ਅਤੇ ਅਦਾਲਤਾਂ ਇਨ੍ਹਾਂ ਸੰਸਥਾਵਾਂ ਦੇ ਦਬਾਅ ਹੇਠ ਆ ਕੇ ਮੁਲਜ਼ਮਾਂ ਨੂੰ ਰਿਆਇਤਾਂ ਤੇ ਰਿਆਇਤਾਂ ਦੇ ਰਹੀਆਂ ਹਨ।...ਕਾਨੂੰਨੀ ਸਹਾਇਤਾ ਦੇਣ ਲਈ ਵੱਖਰਾ ਫੰਡ ਬਣਾ ਦਿੱਤਾ।...ਜੇ ਅਦਾਲਤ ਨੂੰ ਮੁਲਜ਼ਮ ਦੇ ਦੋਸ਼ੀ ਹੋਣ 'ਤੇ ਰੱਤੀ ਭਰ ਵੀ ਸ਼ੱਕ ਪਏ ਤਾਂ ਬਾਕੀ ਸਬੂਤਾਂ ਨੂੰ ਛਿੱਕੇ ਟੰਗ ਕੇ ਉਸਨੂੰ ਬਰੀ ਕਰ ਦੇਵੋ। ਦੋਸ਼ੀਆਂ ਨੂੰ ਮੌਜਾਂ ਲਗ ਗਈਆਂ। ਸੌ ਵਿਚੋਂ ਨੱਬੇ ਬਰੀ ਹੋਣ ਲਗੇ।"[8] ਨਾਵਲਕਾਰ ਅਨੁਸਾਰ "ਮੁਲਜ਼ਮ–ਪੱਖੀ ਇਸ ਰਾਮ ਰੌਲੇ ਵਿਚ ਮੁਲਜ਼ਮਾਂ ਹੱਥੋਂ ਮਾਰ ਖਾਈ ਲੋਕਾਂ ਦੀਆਂ ਆਹਾਂ ਕੋਈ ਨਹੀਂ ਸੁਣਦਾ। ਇਨ੍ਹਾਂ ਪੀੜਤਾਂ ਉਪਰ ਦੂਹਰੀ ਤੀਹਰੀ ਮਾਰ ਪੈ ਰਹੀ ਸੀ। ਪਹਿਲਾਂ ਮੁਲਜ਼ਮ ਉਨ੍ਹਾਂ ਦੇ ਮਨਾਂ ਅਤੇ ਸਰੀਰਾਂ ਨੂੰ ਜ਼ਖ਼ਮੀ ਕਰਦੇ ਸਨ। ਫੇਰ ਅਦਾਲਤਾਂ ਮੁਲਜਮਾਂ ਨੂੰ ਨਿਰਦੋਸ਼ ਆਖਕੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਉਚੇਤ ਦਿੰਦੀਆਂ ਹਨ।"[9] ਦਰਅਸਲ ਨਾਵਲਕਾਰ ਵਰਤਮਾਨ ਕਾਨੂੰਨ ਵਿਵਸਥਾ ਤੇ ਪੁਲਿਸ ਤੇ ਕਚਹਿਰੀਆਂ ਦੀ ਭੂਮਿਕਾ ਤੋਂ ਸੰਤੁਸ਼ਟ ਨਹੀਂ ਹੈ। ਇਕ ਤਾਂ ਇਸ ਖੇਤਰ ਵਿਚ ਹੋ ਰਹੇ ਸੁਧਾਰ ਤੋਂ ਉਹ ਖੁਸ਼ ਨਹੀਂ ਕਿਉਂਕਿ ਨਿਆਂ ਪ੍ਰਨਾਲੀ ਵਿਚ ਸੁਧਾਰ ਦੀ ਥਾਂ ਮੁਲਜਮਾਂ ਨੂੰ ਦਿਤੇ ਗਏ ਹੱਕ ਪੀੜਤ ਵਿਅਕਤੀ ਨੂੰ ਨਿਆਂ ਨਹੀਂ ਦੇਂਦੇ।

ਨਾਵਲ ਵਿਚ ਕਈ ਥਾਈਂ ਕਾਨੂੰਨ ਤੇ ਨਿਆਂ ਪ੍ਰਬੰਧ ਦੀਆਂ ਕਈ ਕਮਜ਼ੋਰੀਆਂ ਦੀ ਆਲੋਚਨਾ ਕੀਤੀ ਗਈ ਹੈ। "ਫੌਜ਼ਦਾਰੀ ਕਾਨੂੰਨ ਦੋਸ਼ੀਆਂ ਨੂੰ ਬੇਕਸੂਰ ਮੰਨ ਕੇ ਚਲਦਾ ਸੀ। ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਲਈ ਮੁੱਦਈ ਧਿਰ ਨੂੰ ਠੋਸ ਸਬੂਤ ਪੇਸ਼ ਕਰਨੇ ਪੈਂਦੇ ਸਨ। ਠੋਸ ਸਬੂਤਾਂ ਦਾ ਮਤਲਬ ਸੀ ਉਹ ਤੱਥ ਜਿਨ੍ਹਾਂ ਤੇ ਦੋਸ਼ੀ ਦਾ ਸੌ ਫੀਸਦੀ ਮੁਲਜ਼ਮ ਹੋਣਾ ਸਿੱਧ ਹੁੰਦਾ ਹੋਵੇ। ਜੇ ਕਹਾਣੀ ਸ਼ੱਕੀ ਲੱਗਣ ਲੱਗੇ ਇਸਦਾ ਫ਼ਾਇਦਾ ਦੋਸ਼ੀਆਂ ਨੂੰ ਮਿਲਦਾ ਸੀ। ਸ਼ੱਕ ਦੇ ਆਧਾਰ 'ਤੇ ਉਸਨੂੰ ਬਰੀ ਕਰ ਦਿੱਤਾ ਜਾਂਦਾ ਸੀ।"[10] ਦਰਅਸਲ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਨਿਆਂ ਪ੍ਰਨਾਲੀ ਸੱਚ ਉਤੇ ਆਧਾਰਿਤ ਨਹੀਂ ਹੈ। ਦੂਜੇ ਅਰਥਾਂ ਵਿਚ ਵਰਤਮਾਨ ਨਿਆਂ ਵਿਵਸਥਾ ਵਿਚ ਅਪਰਾਧ ਦੀ ਸੱਚਾਈ ਤੱਕ ਪਹੁੰਚਣ ਦਾ ਕੋਈ ਉਚਿਤ ਤੇ ਵਿਗਿਆਨਕ ਆਧਾਰ ਨਹੀਂ ਹੈ। ਨਤੀਜੇ ਵੱਜੋਂ "ਕਾਨੂੰਨ ਦੀ ਇਸ ਲੋੜ ਨੂੰ ਪੂਰਾ ਕਰਨ ਲਈ ਮੁੱਦਈ ਧਿਰ ਨੂੰ ਸੱਚ ਵਿਚ ਝੂਠ ਰਲਾਉਂਣਾ ਪੈਂਦਾ ਸੀ। ਕਹਾਣੀ ਨੂੰ ਕਾਨੂੰਨੀ ਨੁਕਤਿਆਂ ਅਨੁਸਾਰ ਢਲਣਾ ਪੈਂਦਾ ਸੀ।"[11] ਰਾਮਨਾਥ ਨਿਹਾ ਨੂੰ ਕਹਿੰਦਾ ਹੈ ਕਿ (ਝੂਠ) "ਬੋਲਣਾ ਪੈਣਾ ਹੈ ਧੀਏ। ਸਾਡੇ ਕਾਨੂੰਨ ਦਾ ਇਕੋ ਦੁਖਾਂਤ ਹੈ। ਸੱਚ ਬੋਲੀਏ ਤਾਂ ਦੋਸ਼ੀ ਬਰੀ ਹੋ ਜਾਂਦੇ ਹਨ। ਝੂਠ ਬੋਲੀਏ ਤਾਂ ਨਿਰਦੋਸ਼ ਵੀ ਸਜ਼ਾ ਪਾ ਜਾਂਦੇ ਹਨ।"[12]

ਨਾਵਲ ਵਿਚ ਵਕਾਲਾਤ ਦੇ ਪੇਸ਼ੇ ਦੇ ਆਦਰਸ਼ ਤੇ ਨਿਆਂ ਵਿਵਸਥਾ ਵਿਚ ਚਲਦੇ ਅਮਲ ਵਿਚਲੇ ਪਾੜੇ ਨੂੰ ਦਰਸਾਇਆ ਗਿਆ ਹੈ। ਰਾਮਨਾਥ ਸੋਚਦਾ ਹੈ ਕਿ ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਵਕੀਲ ਦੇ ਫਰਜ਼ ਬਾਰੇ ਪੜ੍ਹਾਇਆ ਗਿਆ ਸੀ ਕਿ "ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ ਸੀ। ਉਸਦਾ ਫਰਜ਼ ਸਚਾਈ ਸਾਹਮਣੇ ਲਿਆ ਕੇ ਜੱਜ ਨੂੰ ਸੱਚਾਈ ਤਕ ਪੁਜਣ

ਵਿਚ ਮਦਦ ਕਰਨਾ ਸੀ । ਹੋ ਇਸਦੇ ਉਲਟ ਰਿਹਾ ਸੀ । ਵਕੀਲ ਦਾ ਇਕੋ ਇਕ ਉਦੇਸ਼ ਹਰ ਹੀਲੇ ਆਪਣੀ ਧਿਰ ਨੂੰ ਬਚਾਉਣਾ ਬਣ ਗਿਆ ਸੀ ।"[13] ਨਿਆਂ ਵਿਵਸਥਾ ਦੀ ਲਗਾਤਾਰ ਡਿੱਗਦੀ ਹਾਲਤ ਚਿੰਤਾ ਦਾ ਵਿਸ਼ਾ ਸੀ । ਜੇ ਇਹ ਹਾਲਤ ਰਹੀ ਤਾਂ "ਨਿਆਂ–ਪਾਲਿਕਾ ਦਾ ਦਿਨੋ ਦਿਨ ਗਿਰ ਰਿਹਾ ਵਕਾਰ ਹੇਠਲੀ ਪੱਧਰ ਤੱਕ ਪੁੱਜ ਚੁੱਕਾ ਹੋਏਗਾ । ਹੁਣ ਸਰਕਾਰੀ ਵਕੀਲ ਕੰਮ ਕਰਾਉਣ ਲਈ ਮੁਲਜ਼ਮਾਂ ਪਿੱਛੇ ਦਲਾਲ ਭੇਜਦੇ ਸਨ । ਉਸ ਸਮੇਂ ਤਕ ਜੱਜ ਇਹ ਕੰਮ ਕਰਨ ਲੱਗ ਪੈਣਗੇ । ਫੇਰ ਪੰਕਜ (ਵਰਗੇ ਮੁਲਜ਼ਮਾਂ) ਦੀਆਂ ਪੰਜੇ ਉਂਗਲਾਂ ਘਿਓ ਵਿਚ ਹੋਣਗੀਆਂ ।"[14] ਨਾਵਲ ਵਿਚ ਨਿਆਂ ਪ੍ਰਬੰਧ ਵਿਚ ਤਫ਼ਤੀਸ਼ ਤੇ ਅਵਿਗਿਅਨਕ ਲੀਹਾਂ ਤੇ ਨਾ ਹੋਣ ਦਾ ਉੱਲੇਖ ਵੀ ਕੀਤਾ ਗਿਆ ਹੈ । ਭਾਰਤ ਦੀ ਨਿਆਂ ਵਿਵਸਥਾ ਤੇ ਕਾਨੂੰਨ ਅੰਗਰੇਜ਼ੀ ਰਾਜ ਦੀ ਦੇਣ ਹੈ ਜਿਸ ਦਾ ਮੰਤਵ ਸੀ ਕਿ "ਇਕ ਨਿਰਦੋਸ਼ ਨੂੰ ਸਜ਼ਾ ਦੇਣ ਨਾਲੋਂ ਸੌ ਦੋਸ਼ੀ ਬਰੀ ਕੀਤੇ ਚੰਗੇ ।"[15] ਪਰ ਉਨ੍ਹਾਂ ਨੇ ਆਪਣੇ ਦੇਸ਼ ਵਿਚ ਤਫ਼ਤੀਸ਼ ਨੂੰ ਵਿਗਿਆਨਕ ਲੀਹਾਂ ਤੇ ਪਾ ਕੇ ਨਿਆਂ ਪ੍ਰਬੰਧ ਦੀ ਇਸ ਘਾਟ ਨੂੰ ਪੂਰਾ ਕਰ ਲਿਆ ਹੈ ਪਰ "ਅਸੀਂ ਇਸ ਸਿਧਾਂਤ ਨੂੰ ਘਸਾ ਘਸਾ ਮੁਲਜ਼ਮਾਂ ਦੇ ਬਰੀ ਹੋਣ ਦਾ ਹਥਿਆਰ ਬਣਾ ਦਿੱਤਾ ।"[16] ਦਰਅਸਲ ਨਾਵਲ ਵਿਚ ਜਿੱਥੇ ਇਕ ਪਾਸੇ ਆਰਥਿਕ ਪਰਿਵਰਤਨ ਦੀ ਗੱਲ ਕੀਤੀ ਗਈ ਹੈ ਉੱਥੇ ਦੂਜੇ ਪਾਸੇ ਭਾਰਤ ਦੇ ਕਾਨੂੰਨ ਤੇ ਨਿਆਂ ਵਿਵਸਥਾ ਦੇ ਸਹੀ ਨਾ ਹੋਣ ਉਤੇ ਬਲ ਦਿੱਤਾ ਗਿਆ ਹੈ ।

## III

ਜਿੱਥੇ ਨਾਵਲ ਵਿਚ ਕਾਨੂੰਨ ਵਿਵਸਥਾ ਵਿਚਲੇ ਸੰਕਟ ਨੂੰ ਪ੍ਰਗਟਾਇਆ ਗਿਆ ਹੈ ਉੱਥੇ ਇਸ ਨੂੰ ਬਦਲਣ ਲਈ ਹੋ ਰਹੀ ਮੰਗ ਦਾ ਉੱਲੇਖ ਵੀ ਕੀਤਾ ਗਿਆ ਹੈ । ਨਾਵਲ ਵਿਚ ਇਸ ਬਦਲਾਅ ਦੇ ਸਰੂਪ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਇਸ ਨਾਲ ਹੀ ਨਾਵਲ ਦਾ ਮੂਲ ਮੰਤਵ ਜੁੜਿਆ ਹੋਇਆ ਹੈ ।

ਨਾਵਲ ਵਿਚ ਕਾਨੂੰਨ ਨੂੰ ਬਦਲਣ ਸੰਬੰਧੀ ਦੋ ਪ੍ਰਕਾਰ ਦੇ ਵਿਚਾਰ ਵੇਖਣ ਨੂੰ ਮਿਲਦੇ ਹਨ । ਇਕ ਦੀ ਨੁਮਾਇੰਦਗੀ 'ਵਿਕਟਮ ਵੇਲਫੇਅਰ ਸੋਸਾਇਟੀ' ਕਰਦੀ ਹੈ । ਨਾਵਲਕਾਰ ਅਨੁਸਾਰ "ਸੋਸਾਇਟੀ ਦਾ ਸਾਰੇ ਪੰਜਾਬ ਵਿਚ ਦਬ ਦਬਾਅ ਸੀ । ਤਹਿਸੀਲ ਪੱਧਰ ਤੋਂ ਲੈ ਕੇ ਹਾਈ ਕੋਰਟ ਤਕ ਇਸ ਦੀਆਂ ਇਕਾਈਆਂ ਸਨ । ਸੋਸਾਇਟੀ ਦੀਆਂ ਦਲੀਲਾਂ ਨੂੰ ਅਦਾਲਤ ਧਿਆਨ ਨਾਲ ਸੁਣਦੀ ਸੀ ।"[17] ਇੰਨਾ ਹੀ ਨਹੀਂ "ਜਦੋਂ ਸੋਸਾਇਟੀ ਕੇਸ ਹੱਥ ਵਿਚ ਲੈ ਲੈਂਦੀ ਸੀ ਤਾਂ ਕੇਸ ਦੀ ਤੈਅ ਤਕ ਜਾਣ ਲਈ ਖੁਦ ਤਫ਼ਤੀਸ਼ ਕਰਦੀ ਸੀ । ਸੋਸਾਇਟੀ ਦੇ ਸੈਂਕੜੇ ਮੈਂਬਰ ਕੇਸ ਦੇ ਹਰ ਪਹਿਲੂ 'ਤੇ ਨਜ਼ਰ ਰੱਖਦੇ ਸਨ । ਸੋਸਾਇਟੀ ਵੱਲੋਂ ਲੜੇ ਜਾ ਰਹੇ ਮੁਕੱਦਮੇ ਵਿਚ ਕਿਸੇ ਅਫ਼ਸਰ ਨੂੰ ਮੁਲਜ਼ਮਾਂ ਦੀ ਮਦਦ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਸੀ ।"[18] ਉੱਲੇਖ ਕੀਤਾ ਗਿਆ ਹੈ ਕਿ "ਜੇ ਚਲਾਨ ਲੇਟ ਹੋ ਗਿਆ ਤਾਂ ਸੋਸਾਇਟੀ ਮੁੜ ਪੜਤਾਲ ਕਰਵਾ ਸਕਦੀ ਸੀ । ਸੋਸਾਇਟੀ ਨੇ ਪੜਤਾਲੀਆ ਅਫ਼ਸਰ ਦੇ ਕੋਲ ਖੜੋ ਕੇ ਆਪਣੇ ਹੱਕ ਵਿਚ ਸਬੂਤ ਭੁਗਤਾਉਣੇ ਸਨ । ਪਹਿਲੀ ਪੜਤਾਲ ਰੱਦ ਹੋ ਕੇ ਨਵੀਂ ਪੜਤਾਲ ਵਿਚ ਉਨ੍ਹਾਂ ਨੂੰ ਦੋਬਾਰਾ ਦੋਸ਼ੀ ਠਹਿਰਾਇਆ ਜਾ ਸਕਦਾ ਸੀ ।"[19]

ਦੂਜੇ ਵਿਚਾਰ ਵੱਲ ਰਾਮ ਨਾਥ ਤੇ ਹੋਰ ਪਾਤਰ ਸੰਕੇਤ ਕਰਦੇ ਹਨ । ਰਾਮ ਨਾਥ ਇਸ ਸੰਕਟ ਵਿਚੋਂ ਆਪਣੀ ਭੈਣ ਦੇ ਪਰਿਵਾਰ ਨੂੰ ਕੱਢਣਾ ਚਾਹੁੰਦਾ ਹੈ । ਉਸਨੂੰ ਪ੍ਰਧਾਨ ਦੀਆਂ ਗੱਲਾਂ ਰਾਮਨਾਥ ਨੂੰ ਸੁਪਨਮਈ ਲੱਗਦੀਆਂ ਹਨ ਜਦ ਉਹ ਕਹਿੰਦਾ ਹੈ । "ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ । ਪਹਿਲਾਂ ਆਵਾਜ਼ ਇਕ ਮੁਕੱਦਮੇ ਵਿਚ ਉੱਠਗੀ ।

ਦੇਖੋ ਦੇਖੀ ਸਭ ਵਿਚ ਉੱਠਣ ਲੱਗੇਗੀ। ਇਕ ਦਿਨ ਇਹ ਆਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ 'ਤੇ ਆ ਜਾਏਗੀ। ਸਰਕਾਰ ਦੇ ਕੰਨ 'ਤੇ ਜੂੰਅ ਸਰਕੇਗੀ। ਤਖ਼ਤ ਹਿੱਲਣਗੇ। ਨਵੇਂ ਕਾਨੂੰਨ ਬਨਣਗੇ।"[20] ਪ੍ਰਧਾਨ ਦੀ ਗੱਲ ਸੁਣਕੇ ਉਹ ਕਹਿੰਦਾ ਹੈ ਕਿ "ਆਪਾਂ ਉਸ ਸਮੇਂ ਤਕ ਇੰਤਜ਼ਾਰ ਨਹੀਂ ਕਰ ਸਕਦੇ। ਆਪਣੀ ਪੇਸ਼ੀ ਵਿਚ ਇਕ ਮਹੀਨਾ ਬਾਕੀ ਹੈ। ਆਪਾਂ ਨੂੰ ਹੁਣੇ ਕੋਈ ਇੰਤਜ਼ਾਮ ਕਰਨਾ ਪੈਣਾ ਹੈ।"[21]

ਇਸ ਤਰ੍ਹਾਂ ਜਿੱਥੇ ਨਾਵਲਕਾਰ ਸੰਸਥਾ ਦੇ ਰੂਪ ਵਿਚ ਸੰਗਠਿਤ ਹੋ ਕੇ ਇਸ ਵਿਵਸਥਾ ਨੂੰ ਬਦਲਣ ਦੀ ਗੱਲ ਕਰਦਾ ਹੈ ਉੱਥੇ ਇਕ ਵਰਗ ਵਿਸ਼ੇਸ਼ ਨਾਲ ਹੋ ਰਹੇ ਦੁਖਾਂਤ ਨੂੰ ਨਜਿੱਠਣ ਲਈ ਕਾਨੂੰਨ ਨੂੰ ਵਿਗਿਆਨਕ ਲੀਹਾਂ ਉਤੇ ਢਾਲਣ ਦੀ ਗੱਲ ਕਰਦਾ ਹੈ। ਰਾਮਨਾਥ ਨਿਹਾ ਦੇ ਪ੍ਰਸ਼ਨਾਂ ਦੇ ਰੂਪ ਵਿਚ ਇਸ ਪਾਸੇ ਸੰਕੇਤ ਕਰਨ ਦਾ ਯਤਨ ਕੀਤਾ ਗਿਆ ਹੈ। "ਰਾਮ ਨਾਥ ਕੋਲ ਨਿਹਾ ਦੇ ਹਰ ਪ੍ਰਸ਼ਨ ਦਾ ਇਕੋ ਘਸਿਆ ਪਿਟਿਆ ਉੱਤਰ ਸੀ :

> "ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ।"
> "ਫੇਰ ਅਜਿਹੇ ਕਾਨੂੰਨ ਨੂੰ ਬਦਲ ਕਿਉਂ ਨਹੀਂ ਦਿੱਤਾ ਜਾਂਦਾ?"
> "ਬਦਲੇ ਕੌਣ? ਬਦਲਣ ਵਾਲੇ ਖ਼ੁਦ ਮੁਲਜ਼ਮ ਹਨ। ਇਹ ਖ਼ਾਮੀਆਂ ਉਨ੍ਹਾਂ ਨੂੰ ਰਾਸ ਆਉਂਦੀਆਂ ਹਨ। ਲੋਕਾਂ ਨਾਲੋਂ ਉਨ੍ਹਾਂ ਨੂੰ ਆਪਣੀ ਵੱਧ ਚਿੰਤਾ ਹੈ।"[22]

ਜਿੱਥੇ ਇਕ ਪਾਸੇ ਸੁਪਨਮਈ ਤੇ ਕਾਲਪਨਿਕ ਸੋਸਾਇਟੀ ਦਾ ਬਦਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ ਉੱਥੇ ਦੂਜੇ ਪਾਸੇ ਇਕ ਵਰਗ ਵਿਸ਼ੇਸ਼ ਦੇ ਜੀਵਨ ਦੀ ਸਮੱਸਿਆ ਦੇ ਅਮਲੀ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਜਿੱਥੇ ਇਹ ਸੋਸਾਇਟੀ ਨਿਆਂ ਵਿਵਸਥਾ ਅਪਰਾਧ ਦੇ ਸ਼ਿਕਾਰ ਹੋਏ ਵਿਅਕਤੀਆਂ ਦੀ ਮਦਦ ਕਰਨ ਵਿਚ ਸਫ਼ਲ ਨਹੀਂ ਹੁੰਦੀ ਉੱਥੇ ਦੂਜੇ ਪਾਸੇ ਅਜਿਹੀਆਂ ਸੰਸਥਾਵਾਂ ਤੇ ਵਿਅਕਤੀਆਂ ਦਾ ਉੱਲੇਖ ਵੀ ਕੀਤਾ ਗਿਆ ਹੈ ਜੋ ਮਾਨਸਿਕ ਰੂਪ ਵਿਚ ਸੰਕਟ-ਗ੍ਰਸਤ ਪਰਿਵਾਰ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ। ਸਹਿਯੋਗ ਸੰਸਥਾ ਨੇ ਨਿਹਾ ਦੀ ਆਤਮਿਕ ਸ਼ਕਤੀ ਦੇ ਖ਼ੁੱਸ ਜਾਣ ਦੇ ਅਹਿਸਾਸ ਨੂੰ ਮੁੜ ਬਹਾਲ ਕੀਤਾ। ਇਸੇ ਤਰ੍ਹਾਂ ਦੀ ਇਕ ਹੋਰ ਸੰਸਥਾ ਰਾਮਨਾਥ ਦੇ ਸਕੂਲੀ ਜਮਾਤੀ ਪੰਡਿਤ ਪਰਮਾ ਨੰਦ ਦੀ ਸੀ ਜੋ ਧਾਰਮਿਕ ਫ਼ਲਸਫ਼ੇ ਨੂੰ ਵਿਗਿਆਨਕ ਨਜ਼ਰੀਏ ਤੋਂ ਪਰਖਣ ਅਤੇ ਪ੍ਰਚਾਰਨ ਵਿਚ ਮਾਹਿਰ ਦੱਸਿਆ ਗਿਆ ਸੀ। ਉਨ੍ਹਾਂ ਵੱਲੋਂ ਦੋਵੇਂ ਵਕਤ ਹੁੰਦੀ ਕਥਾ ਉਨ੍ਹਾਂ ਦੇ "ਉਖੜੇ ਮਨਾਂ ਨੂੰ ਯਥਾਰਥ ਨਾਲ ਟਕਰਨ ਦਾ ਬਲ ਬਖ਼ਸ਼ਨ ਲਗੀ।...ਉਨ੍ਹਾਂ ਨੇ ਹੱਕ ਸੱਚ ਦੀ ਲੜਾਈ ਹਿਕ ਤਾਣ ਕੇ ਲੜਨੀ ਸੀ।"[23] ਨਿਹਾ ਦੀ ਸਹੇਲੀ ਪਲਵੀ ਅਤੇ ਉਸਦੇ ਮਾਪੇ ਵੀ ਮਾਨਸਿਕ ਰੂਪ ਵਿਚ ਨਿਹਾ ਨੂੰ ਤਕੜਾ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ ਸਨ।

**IV**

ਨਾਵਲ ਦਾ ਵਿਸ਼ਾ ਉਪਰਲੇ ਅਮੀਰ ਵਰਗ ਨਾਲ ਸੰਬੰਧ ਰੱਖਦਾ ਹੈ ਜਿਸ ਵਿਚ ਆਇਆ ਸੰਕਟ ਇਕੋ ਖਾਨਦਾਨ ਦੇ ਦੋ ਪਰਿਵਾਰਾਂ ਨਾਲ ਸੰਬੰਧਤ ਹੈ। ਖਾਨਦਾਨ ਦਾ ਇਕ ਪਰਿਵਾਰ ਸੰਕਟ ਪੈਦਾ ਕਰਨ ਵਾਲਾ ਹੈ ਤੇ ਦੂਜਾ ਉਸ ਸੰਕਟ ਦਾ ਸ਼ਿਕਾਰ ਹੋਣ ਵਾਲਾ। ਇਸ ਤਰ੍ਹਾਂ ਇਹ ਦੋਵੇਂ ਪਰਿਵਾਰ ਅਜੋਕੇ ਯਥਾਰਥ ਦੇ ਦੋ ਪੱਖਾਂ ਨੂੰ ਦਰਸਾਉਣ ਦਾ ਕੰਮ ਕਰਦੇ ਹਨ। ਕਿਉਂਕਿ ਇਸ ਸੰਕਟ ਨੂੰ ਨਿਆਂ ਪ੍ਰਣਾਲੀ ਦੇ ਮਾਧਿਅਮ ਨਾਲ ਪ੍ਰਸਤੁਤ ਕੀਤਾ ਗਿਆ ਹੈ ਇਸ ਲਈ ਆਰਥਿਕ ਜੀਵਨ

ਵਿਚ ਆਏ ਸੰਕਟ ਨੂੰ ਉਹ ਕਾਨੂੰਨ ਵਿਵਸਥਾ ਵਿਚ ਸੁਧਾਰ ਦਵਾਰਾ ਦੂਰ ਕਰਨ ਦਾ ਚਾਹਵਾਨ ਹੈ ਭਾਵੇਂ ਸਥਿਤੀਆਂ ਹਾਲੀ ਇਸ ਦੇ ਅਨੁਕੂਲ ਨਹੀਂ ਹਨ। ਕਾਨੂੰਨ ਨੂੰ ਬਦਲਣ ਦੀ ਜਦ ਗੱਲ ਆਉਂਦੀ ਹੈ ਤਾਂ ਨਾਵਲਕਾਰ ਦੀ ਭਾਸ਼ਾ ਦਾ ਮੁਹਾਵਰਾ ਹੀ ਬਦਲ ਜਾਂਦਾ ਹੈ। ਅਮੀਰ ਵਰਗ ਦੀ ਥਾਂ ਉਹ ਲੋਕਾਂ ਦੀ ਗੱਲ ਕਰਨ ਲਗ ਪੈਂਦਾ ਹੈ। ਰਾਮ ਨਾਥ ਨਿਹਾ ਨੂੰ ਕਹਿੰਦਾ ਹੈ ਕਿ (ਕਾਨੂੰਨ ਨੂੰ) "ਬਦਲੇ ਕੌਣ?" ਬਦਲਣ ਵਾਲੇ ਖੁਦ ਮਲਜ਼ਮ ਹਨ। ਇਹ ਖ਼ਾਮੀਆਂ ਉਨ੍ਹਾਂ ਨੂੰ ਰਾਸ ਆਉਂਦੀਆਂ ਹਨ। ਲੋਕਾਂ ਨਾਲੋਂ ਉਨ੍ਹਾਂ ਨੂੰ ਆਪਣੀ ਵੱਧ ਚਿੰਤਾ ਹੈ।"[24]

ਨਾਵਲ ਦੇ ਤਿੰਨ ਭਾਗ ਹਨ ਜਿਨ੍ਹਾਂ ਦੇ ਆਰੰਭ ਵਿਚ ਕੁਝ ਕਥਨ ਦਿੱਤਾ ਗਿਆ ਹੈ। ਪਹਿਲੇ ਭਾਗ ਦੇ ਆਰੰਭਕ ਸ਼ਬਦ ਵਿਚ ਪੰਜਾਬੀ ਕਹਾਵਤ ਦਿੱਤੀ ਗਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਜੋ ਮੁਕੱਦਮਾ ਜਿੱਤ ਜਾਂਦਾ ਹੈ ਉਹ ਸਮਝੋ ਹਾਰ ਗਿਆ ਤੇ ਜੋ ਹਾਰ ਜਾਂਦਾ ਹੈ ਉਹ ਸਮਝੋ ਮਰ ਗਿਆ। ਇਹ ਕਹਾਵਤ ਨੈਤਿਕ ਦ੍ਰਿਸ਼ਟੀ ਤੋਂ ਪਰਿਵਰਤਨ ਨੂੰ ਨਕਾਰਦੀ ਹੈ। ਦੂਜੇ ਭਾਗ ਵਿਚ ਅੰਗਰੇਜ਼ੀ ਦੀ ਕਹਾਵਤ ਦਿੱਤੀ ਗਈ ਹੈ ਜਿਸ ਦਾ ਭਾਵ ਹੈ ਕਿ ਕਾਨੂੰਨ ਅਮੀਰਾਂ ਦਾ ਗ਼ੁਲਾਮ ਹੈ। ਇਹ ਕਹਾਵਤ ਵੀ ਨਿਆਂ ਪ੍ਰਣਾਲੀ ਵਿਚ ਪਰਿਵਰਤਨ ਪ੍ਰਤਿ ਉਦਾਸੀਨਤਾ ਨੂੰ ਦਰਸਾਉਂਦੀ ਹੈ। ਤੀਜੇ ਭਾਗ ਦੇ ਸ਼ੁਰੂ ਵਿਚ ਪਾਸ਼ ਦੀ ਨਜ਼ਮ ਦੀਆਂ ਕੁਝ ਸਤਰਾਂ ਦਿਤੀਆਂ ਹੋਈਆਂ ਹਨ। "ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,/ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ/ਇਨ੍ਹਾਂ ਦੁਖਦੇ ਅੰਗਾਂ 'ਤੇ ਸੱਚ ਨੇ ਇਕ ਜੂਨ ਭੋਗੀ ਹੈ"[25] ਇਹ ਕਥਨ ਵਿਅਕਤੀਗਤ ਸੰਕਟ ਬਾਰੇ ਤਾਂ ਉੱਲੇਖ ਕਰਦਾ ਹੈ ਪਰ ਇਸ ਵਿਚ ਵੀ ਪਰਿਵਰਤਨ ਪ੍ਰਤਿ ਕੋਈ ਉਤਸ਼ਾਹ ਨਹੀਂ ਨਜ਼ਰ ਆਉਂਦਾ। ਇਹੀ ਕਾਰਨ ਹੈ ਕਿ ਉਹ ਪਰਿਵਰਤਨ ਪ੍ਰਤਿ ਪ੍ਰਤਿਬੱਧ ਸੰਸਥਾ ਨੂੰ ਕਾਲਪਨਿਕ ਰੂਪ ਦੇ ਕੇ ਉਸ ਦੀ ਸੰਭਾਵਿਤ ਜਾਇਜ਼ਕਰਾਰੀ ਨੂੰ ਖ਼ਤਮ ਕਰ ਦਿੰਦਾ ਹੈ। ਵਿਅਕਤੀਗਤ ਸੰਕਟ ਤੇ ਲੋਕਾਂ ਦੇ ਸੰਕਟ ਦੇ ਓਹਲੇ ਵਿਚ ਨਾਵਲਕਾਰ ਵਰਗ ਵਿਸ਼ੇਸ਼ ਦੇ ਮੰਤਵ ਨੂੰ ਓਹਲਾ ਦਿਤਾ ਗਿਆ ਹੈ। ਪਰ ਇਹ ਗੱਲ ਨਾਵਲਕਾਰ ਦੀ ਵਿਅਕਤੀਗਤ ਚੋਣ ਨਹੀਂ ਹੈ। ਬਦਲੇ ਹੋਏ ਹਾਲਾਤ ਵਿਚ ਵਿਸ਼ਾ ਦੀ ਚੋਣ ਕਈ ਵੇਰ ਵਿਅਕਤੀਗਤ ਉੱਦੇਸ਼ ਨੂੰ ਛਲਾਵਾ ਦੇ ਜਾਂਦੀ ਹੈ। ਦਰਅਸਲ ਕੌਰਵ ਸਭਾ ਆਰਥਿਕ ਵਿਸ਼ਵੀਕਰਣ ਦੀਆਂ ਔਕੜਾਂ ਤੇ ਇਸ ਦੀਆਂ ਕਾਨੂੰਨੀ ਸਮੱਸਿਆਵਾਂ ਵਿਚ ਬਦਲਾਅ ਲਿਆਉਣ ਦੀ ਲੋੜ ਵੱਲ ਧਿਆਨ ਦਵਾਉਣਾ ਚਾਹੁੰਦਾ ਹੈ।

## ਹਵਾਲੇ

1. ਮਿੱਤਰ ਸੈਨ ਮੀਤ, **ਕੌਰਵ ਸਭਾ**, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003, ਪੰਨਾ 13.
2. ਉਹੀ, ਪੰਨਾ 15.
3. ਉਹੀ, ਪੰਨਾ 17.
4. ਉਹੀ, ਪੰਨਾ 18.
5. ਉਹੀ, ਪੰਨਾ 10.
6. ਉਹੀ, ਪੰਨਾ 101.
7. ਉਹੀ, ਪੰਨਾ 228.
8. ਉਹੀ

9. ਉਹੀ, ਪੰਨਾ 229.
10. ਉਹੀ, ਪੰਨਾ 292-93.
11. ਉਹੀ, ਪੰਨਾ 293.
12. ਉਹੀ, ਪੰਨਾ 296.
13. ਉਹੀ, ਪੰਨਾ 302.
14. ਉਹੀ, ਪੰਨਾ 314.
15. ਉਹੀ, ਪੰਨਾ 342.
16. ਉਹੀ
17. ਉਹੀ, ਪੰਨਾ 276.
18. ਉਹੀ, ਪੰਨਾ 260.
19. ਉਹੀ, ਪੰਨਾ 276-77.
20. ਉਹੀ, ਪੰਨਾ 306.
21. ਉਹੀ, ਪੰਨਾ 306.
22. ਉਹੀ
23. ਉਹੀ, ਪੰਨਾ 327.
24. ਉਹੀ, ਪੰਨਾ 306.
25. ਉਹੀ, ਪੰਨਾ 268.

# 7
# ‘ਕੌਰਵ ਸਭਾ’ : ਅਨਿਆਂ ਅਤੇ ਨਿਆਂ-ਪ੍ਰਣਾਲੀ ਦਾ ਬਿਰਤਾਂਤ

**ਮਨਜੀਤ ਸਿੰਘ**

‘ਕੌਰਵ ਸਭਾ’ ਮਿੱਤਰ ਸੈਨ ਮੀਤ ਦਾ ਇਕ ਚਰਚਿਤ ਨਾਵਲ ਹੈ। ਗਿਣਤੀ ਦੇ ਹਿਸਾਬ ਨਾਲ ਇਹ ਉਸ ਦਾ ਪੰਜਵਾਂ ਨਾਵਲ ਹੈ। ਇਸ ਤੋਂ ਪਹਿਲਾਂ ਕਰਬੀਨ ਤਿੰਨ ਕੁ ਦਹਾਕਿਆਂ ਦੇ ਵਕਫ਼ੇ ਦੇ ਅੰਤਰਗਤ ਉਸ ਦੇ ਚਾਰ ਹੋਰ ਨਾਵਲ ਪ੍ਰਕਾਸ਼ਤ ਹੋ ਕੇ ਗੰਭੀਰ ਤੇ ਭਰਪੂਰ ਚਰਚਾ ਦਾ ਵਿਸ਼ਾ ਬਣ ਚੁੱਕੇ ਹੋਏ ਸਨ। ਇਹ ਨਾਵਲ ਹਨ : ‘ਅੱਗ ਦੇ ਬੀਜ’, ‘ਕਾਫ਼ਲਾ’, ‘ਤਫ਼ਤੀਸ਼ ’ਤੇ ‘ਕਟਹਿਰਾ’। ਇਨ੍ਹਾਂ ਵਿਚੋਂ ਅਖ਼ੀਰਲੇ ਦੋ ਨਾਵਲ (‘ਤਫ਼ਤੀਸ਼’ ਤੇ ‘ਕਟਹਿਰਾ’), ਵਿਸ਼ੇਸ਼ ਤੌਰ’ਤੇ ਵਿਦਵਾਨਾਂ - ਪਾਠਕਾਂ ਦੇ ਧਿਆਨ ਦਾ ਕੇਂਦਰ ਬਣੇ। ਇਉਂ , ਇਨ੍ਹਾਂ ਪੰਜ ਨਾਵਲੀ-ਕਿਰਤਾਂ ਰਾਹੀਂ ਮਿੱਤਰ ਸੈਨ ਮੀਤ ਨੇ ਪੰਜਾਬੀ-ਨਾਵਲ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ ਅਤੇ ਹੁਣ ਉਹ ਬਤੌਰ ਨਾਵਲਕਾਰ ਕਿਸੇ ਰਸਮੀ ਪਛਾਣਾਂ ਦਾ ਮੁਥਾਜ ਨਹੀਂ। ਉਸ ਦੀ ਪਛਾਣ ਦੀ ਵੱਖਰਤਾ ਦਾ ਮੂਲ ਆਧਾਰ, ਆਪਣੇ ਨਾਵਲਾਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਜੀਵਨ-ਅਨੁਭਵ ਦੀ ਪੇਸ਼ਕਾਰੀ ਨੂੰ ਮੰਨਿਆ ਜਾ ਸਕਦਾ ਹੈ। ਇਸ ਜੀਵਨ-ਅਨੁਭਵ ਦਾ ਸਿੱਧਾ ਸਰੋਕਾਰ ਤਾਂ ਵਕਾਲਤੀ ਕਿੱਤੇ ਨਾਲ ਹੈ, ਪਰ ਅਸਿੱਧੇ ਤੌਰ ’ਤੇ ਸਾਡੇ ਪੁਲਿਸ ਮਹਿਕਮੇ, ਖ਼ੁਫ਼ੀਆ ਏਜੰਸੀਆਂ ਅਤੇ ਸਾਡੀ ਨਿਆਂ-ਪ੍ਰਣਾਲੀ ਨਾਲ ਜੁੜੀਆਂ ਸਰਕਾਰੀ ਸੰਸਥਾਵਾਂ ਦੇ ਅੰਦਰੂਨੀ ਭ੍ਰਿਸ਼ਟ ਤੇ ਅਮਾਨਵੀ ਕਿਰਦਾਰ ਨਾਲ ਹੈ। ‘ਕੌਰਵ ਸਭਾ’ ਨਾਵਲ ਵਿਚ ਜਿਨ੍ਹਾਂ ਸਾਰੀਆਂ ਸੁਰੱਖਿਆ ਤੇ ਨਿਆਂ-ਪ੍ਰਣਾਲੀਆਂ ਦੀ ਅੰਤਰ-ਸੰਬੰਧਤਾਂ ਨੂੰ ਬਾਖ਼ੂਬੀ ਉਭਾਰਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਪ੍ਰਣਾਲੀਆਂ ਨਾਲ ਜੁੜੀਆਂ ਸੰਸਥਾਵਾਂ ਬਣੀਆਂ ਤਾਂ ਜੁਰਮ ਦੇ ਖ਼ਾਤਮੇ ਅਤੇ ਸੁਰੱਖਿਆ ਨਿਆਂ ਮੁਹੱਇਆ ਕਰਨ ਵਾਸਤੇ ਸਨ। ਪਰ ਇਨ੍ਹਾਂ ਵਿਚ ਆਇਆ ਬਹੁਪੱਖੀ ਨਿੱਘਾਰ, ਬਿਲਕੁਲ ਉਲਟੀ ਸਥਿਤੀ ਦਾ ਸੂਚਕ ਹੋ ਨਿਬੜਦਾ ਹੈ। ਇਨ੍ਹਾਂ ਸੰਸਥਾਵਾਂ ਦੀ ਉਲਟ-ਪੁਲਟ ਹੋਈ ਇਸ ਸਥਿਤੀ ਨੂੰ ਸੁਨਿਸ਼ਚਿਤ ਗਲਪੀ-ਪ੍ਰਬੰਧ ਵਿਚ ਬੰਨ੍ਹਣ ਦਾ ਉਦਮ ਜ਼ਾਹਿਰ ਹੈ। ਕਿਉਂਕਿ,ਇਹ ਇਕ ਵਿਸ਼ੇਸ਼ ਪ੍ਰਕਾਰ ਦਾ ਜੀਵਨ-ਅਨੁਭਵ ਹੈ, ਇਸ ਕਰਕੇ ਹਰ ਕੋਈ ਇਸ ਨੂੰ ਹੱਥ ਨਹੀਂ ਪਾ ਸਕਦਾ। ਇਸ ਜੀਵਨ ਅਨੁਭਵ ਦੀ ਪ੍ਰਮਾਣਿਕ ਪੇਸ਼ਕਾਰੀ, ਇਕ ਖ਼ਾਸ ਕਿਸਮ ਦੀ ਵਿਸ਼ੇਸ਼ਗਤਾ ਦੀ ਮੰਗ ਕਰਦੀ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ। ਜੇਕਰ ਸੰਬੰਧਤ ਲੇਖਕ ਕੋਲ ਇਸ ਕਸਬ ਦੀਆਂ ਪੇਚੀਦਗੀਆਂ, ਇਸ ਦੇ ਤਕਨੀਕੀ ਪੱਖਾਂ ਅਤੇ ਕਾਨੂੰਨੀ ਦਾਅ-ਪੇਚਾਂ ਦਾ ਭਰੋਸੇਯੋਗ ਗਿਆਨ ਹੋਵੇ। ਸਿਰਫ਼ ਗਿਆਨ ਹੀ ਨਹੀਂ, ਸਗੋਂ ਉਸ ਕੋਲ ਇਸ ਸਭ ਕੁਝ ਦਾ ਨਿੱਜੀ ਤਜ਼ਰਬਾ ਹੋਣਾ ਵੀ ਲਾਜ਼ਮੀ ਹੈ। ਅਜਿਹੇ ਗਿਆਨ ਤੇ ਤਜ਼ਰਬੇ ਦੀ ਗ਼ੈਰ-ਹਾਜ਼ਰੀ ਵਿਚ ‘ਕੌਰਵ ਸਭਾ’ ਵਰਗੇ ਨਾਵਲ ਦੇ ਬਿਰਤਾਂਤਕ ਉਸਾਰਨਾ ਜੇਕਰ ਅਸੰਭਵ ਨਹੀਂ, ਤਾਂ ਖ਼ਾਸਾ ਮੁਸ਼ਕਲ ਜ਼ਰੂਰ ਹੈ। ਆਪਣੀ ਉਚੇਚ ਵਕਾਲਤੀ ਯੋਗਤਾ ਤੇ ਤਜ਼ਰਬੇ ਸਦਕਾ ਹੀ ਮਿੱਤਰ ਸੈਨ ਮੀਤ, ਇਸ ਨਾਵਲ ਵਿਚ ਅਨਿਆਂ ਅਤੇ ਨਿਆਂ -ਪ੍ਰਣਾਲੀ ਦਾ ਬਿਰਤਾਂਤ ਬਾਖ਼ੂਬੀ ਸਿਰਜ ਸਕਿਆ ਹੈ ਇਸ ਤੋਂ ਪਹਿਲਾਂ ‘ਤਫ਼ਤੀਸ਼ ’ਤੇ ‘ਕਟਹਿਰਾ’ ਨਾਵਲਾਂ ਵਿਚ ਵੀ ਉਹ ਇਸੇ ਕਿਸਮ ਦੇ ਪ੍ਰਯੋਗ ਕਰ ਚੁੱਕਿਆ ਹੋਇਆ ਸੀ। ਭਾਵੇਂ, ‘ਕੌਰਵ ਸਭਾ’ ਆਪਣੇ ਆਪ ਵਿਚ ਇਕ ਸੁਤੰਤਰ ਨਾਵਲ ਹੈ, ਪਰ ਇਸ ਦ੍ਰਿਸ਼ਟੀ ਤੋਂ ਇਸ ਨੂੰ ਸਹਿਜੇ ਹੀ ਇਨ੍ਹਾਂ ਦੋ ਨਾਵਲਾਂ ਦੀ ਨਿਰੰਤਰਤਾ ਵਿਚ ਵੇਖਿਆ ਜਾ ਸਕਦਾ ਹੈ।

ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਇਸ ਨਾਵਲ ਦਾ ਸਮੁੱਚਾ ਬਿਰਤਾਂਤਕ-ਉਸਾਰ, ਡਕੈਤੀ ਦੀ ਇਕ ਅਹਿਮ ਘਟਨਾ ਉਪਰ ਉਸਾਰਿਆ ਹੋਇਆ ਹੈ। ਵਕੀਲ ਰਾਮ ਨਾਥ ਨੂੰ ਸਵੇਰੇ ਪਾਰਕ ਵਿਚ ਸੈਰ ਕਰਦਿਆਂ ਖ਼ਬਰ ਮਿਲਦੀ ਹੈ ਕਿ, ਮਾਇਆ ਨਗਰ ਵਿਚ ਰਹਿੰਦੀ ਉਸ ਦੀ ਭੈਣ ਨੀਲਮ ਦੇ ਘਰ ਡਾਕਾ ਪਿਆ ਹੈ ਅਤੇ ਡਕੈਤਾਂ ਨੇ ਸਾਰੇ ਪਰਿਵਾਰ ਨੂੰ ਜ਼ਖ਼ਮੀ ਕਰ ਦਿੱਤਾ ਹੈ। ਰਾਮ ਨਾਥ ਤੇ ਉਸ ਦੀ ਪਤਨੀ ਸੰਗੀਤਾ ਲਈ ਡਾਕੇ ਨਾਲੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਡਾਕੇ ਦੀ ਖ਼ਬਰ ਦੇਣ ਵਾਲਾ ਫ਼ੋਨ ਨੀਲਮ ਦੇ ਕਿਸੇ ਗੁਆਂਢੀ ਦੇ ਘਰੋਂ ਆਇਆ ਸੀ। ਜਦਕਿ ਉਸ ਦੇ ਜੇਠ ਮੋਹਨ ਲਾਲ ਦਾ ਪਰਿਵਾਰ, ਉਸ ਦੇ ਘਰ ਦੇ ਕੋਲ ਹੀ ਵਸਦਾ ਸੀ। ਮੋਹਨ ਲਾਲ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਇਸ ਵਾਰਦਾਤ ਸੰਬੰਧੀ ਉਨ੍ਹਾਂ ਨੂੰ ਸੂਚਿਤ ਕਿਉਂ ਨਹੀ ਕੀਤਾ?ਮਾਇਆ ਨਗਰ ਵੱਲ ਨੂੰ ਜਾਂਦਿਆ ਆਪਣੇ ਸਾਰੇ ਸਫ਼ਰ ਦੇ ਦੌਰਾਨ ਰਾਮ ਨਾਥ ਦਾ ਸਾਰਾ ਧਿਆਨ ਇਸੇ ਪ੍ਰਸ਼ਨ ਉਪਰ ਕੇਂਦਰਿਤ ਰਹਿੰਦਾ ਹੈ। ਮਨ ਹੀ ਮਨ ਉਹ ਇਸ ਪ੍ਰਸ਼ਨ ਦੀਆ ਪਰਤਾਂ ਨੂੰ ਫਰੋਲਣ ਲੱਗ ਪੈਂਦਾ ਹੈ। ਉਸ ਅੰਦਰ ਸ਼ੱਕ ਉਪਜਦਾ ਹੈ ਕਿ ਡਕੈਤੀ ਦੀ ਇਸ ਸ਼ੱਕ ਨੂੰ ਦ੍ਰਿੜ ਕਰਨ ਲਈ ਉਸ ਕੋਲ ਨੀਲਮ ਤੇ ਮੋਹਨ ਲਾਲ ਦੇ ਪਰਿਵਾਰਾਂ ਦੇ ਬਣਦੇ -ਵਿਗੜਦੇ ਸੰਬੰਧਾਂ ਦੀਆਂ ਕਈ ਦਲੀਲਾਂ ਹਨ। ਕਈ ਕਿਸਮ ਦੇ ਡਰਾਂ, ਸ਼ੱਕਾਂ ਤੇ ਪ੍ਰਸ਼ਨਾਂ ਨਾਲ ਘਿਰਿਆ ਹੋਇਆ ਰਾਮ ਨਾਥ ਜਿਉਂ ਹੀ ਆਪਣੀ ਭੈਣ ਨੀਲਮ ਦੇ ਘਰ ਕੋਲ ਪੁੱਜਦਾ ਹੈ ਤਾਂ ਉਸ ਦਾ ਡਰ ਹੋਰ ਡੂੰਘਾ ਹੋ ਜਾਂਦਾ ਹੈ। ਉਸ ਨੂੰ ਡਰ ਹੈ ਕਿ ਕਿਤੇ ਇਸ ਘਟਨਾ ਨੇ ਕਿਸੇ ਜੀਅ ਦੀ ਜਾਨ ਨਾ ਲੈ ਲਈ ਹੋਵੇ?ਨੀਲਮ ਦੇ ਘਰ ਪੁੱਜਦੇ ਹੀ ਉਸ ਦਾ ਇਹ ਡਰ ਹਕੀਕਤ ਵਿਚ ਬਦਲਦਾ ਹੈ। ਡਕੈਤੀ ਦੀ ਇਸ ਖ਼ੌਫਨਾਕ ਘਟਨਾ ਨੇ ਨੀਲਮ ਦੇ ਇਕਲੌਤੇ ਪੁੱਤਰ ਕਮਲ ਦੀ ਜਾਨ ਲੈ ਲਈ ਹੋਈ ਸੀ ਅਤੇ ਬਾਕੀ ਦਾ ਸਾਰਾ ਪਰਿਵਾਰ ਜ਼ਖ਼ਮੀ ਹੋਇਆ ਹਸਪਤਾਲ ਵਿਚ ਪਿਆ ਹੋਇਆ ਸੀ। ਨੀਲਮ, ਉਸਦਾ ਪਤੀ ਵੇਦ ਤੇ ਧੀ ਨੇਹਾ , ਸਭ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਡਕੈਤਾਂ ਨੇ ਨੇਹਾ ਨਾਲ ਬਲਾਤਕਾਰ ਵੀ ਕੀਤਾ ਸੀ। ਪੁਲਿਸ ਤਫ਼ਤੀਸ਼ ਰਾਹੀਂ , ਘਰ ਦੇ ਨੌਕਰ ਰਾਮੂ ਕੋਲੋਂ ਇਕ ਡਾਕੂ ਦੀ ਸ਼ਨਾਖ਼ਤ ਕਰ ਲੈਂਦੀ ਹੈ। ਉਹ ਉਸ ਦੇ ਦੇਸ਼ ਦਾ ਠੇਕੇਦਾਰ ਰਾਮ ਲੁਭਾਇਆ ਸੀ। ਠੇਕੇਦਾਰ ਦੇ ਪਕੜੇ ਜਾਣ ਮਗਰੋਂ , ਵਾਰਦਾਤ ਵਿਚ ਸ਼ਾਮਲ ਉਸ ਦੇ ਚਾਰ ਹੋਰ ਸਾਥੀ (ਪੰਡਤ, ਦੀਨਾ, ਪੰਚਮ, ਕਾਲੀਆ) ਵੀ ਪੁਲਿਸ ਦੀ ਗਰਿਫ਼ਤ ਵਿਚ ਆ ਜਾਂਦੇ ਹਨ। ਚੋਰੀ ਕੀਤਾ ਸਾਮਾਨ ਅਤੇ ਵਾਰਦਾਤ ਨਾਲ ਸੰਬੰਧਤ ਹਥਿਆਰ ਬਰਾਮਦ ਹੋ ਜਾਂਦੇ ਹਨ। ਬਰਾਮਦ ਕੀਤੇ ਸਾਮਾਨ ਤੇ ਦਸਤਾਵੇਜ਼ਾਂ 'ਚੋਂ ਪੁਲਿਸ ਨੂੰ ਪੰਕਜ ਤੇ ਨੀਰਜ ਦੇ ਇਸ ਵਾਰਦਾਤ ਦੇ ਪਿਛੋਕੜ ਵਿਚ ਕਾਰਜਸ਼ੀਲ ਹੋਣ ਦੇ ਪੱਕੇ ਤੇ ਠੋਸ ਸਬੂਤ ਵੀ ਮਿਲਦੇ ਹਨ। ਇਉਂ ਰਾਮ ਨਾਥ ਦਾ ਸ਼ੱਕ ਵੀ ਹਕੀਕਤ ਵਿਚ ਬਦਲ ਜਾਂਦਾ ਹੈ। ਮੀਡੀਆ, ਇਸ ਵਾਰਦਾਤ ਨੂੰ ਖ਼ੂਬ ਉਛਾਲਦਾ ਹੈ। ਸ਼ਹਿਰ ਵਿਚ ਡਰ ਤੇ ਸਹਿਮ ਦਾ ਵਾਤਾਵਰਨ ਭਾਰੂ ਹੈ। ਵੇਦ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਰਾਮ ਨਾਥ ਅੱਡੀ ਚੋਟੀ ਦਾ ਜ਼ੋਰ ਲਾਉਂਦਾ ਹੈ। ਪਰ, ਸਮੇਤ ਸਾਰੇ ਮੁਜਰਮਾਂ ਦੇ ਪੰਕਜ ਤੇ ਨੀਰਜ, ਆਪਣੇ ਪੈਸੇ ਦੇ ਬਲਬੂਤੇ ਅਤੇ ਸਿਆਸੀ ਰਸੂਖ ਨਾਲ ਬਾ-ਇੱਜ਼ਤ ਬਰੀ ਹੋ ਜਾਂਦੇ ਹਨ। ਰਾਮ ਨਾਥ ਦੀ ਕੀਤੀ ਸਾਰੀ ਮਿਹਨਤ ਅਜਾਈਂ ਜਾਂਦੀ ਹੈ। ਨੇਹਾ ਦਾ ਮਨ ਰੱਖਣ ਲਈ ਉਹ ਉਪਰਲੀ ਅਦਾਲਤ ਵਿਚ ਅਪੀਲ ਕਰਨ ਬਾਰੇ ਜ਼ਰੂਰ ਕਹਿੰਦਾ ਹੈ। ਜਦਕਿ ਅੰਦਰੋਂ ਉਸ ਨੂੰ ਪਤਾ ਹੈ ਕਿ ਉਥੇ ਵੀ ਇਹੋ ਕੁਝ ਹੋਣ ਵਾਲਾ ਹੈ।

ਸੋ ਜ਼ਾਹਿਰ ਹੈ ਕਿ ਇਸ ਨਾਵਲ ਦਾ ਬਿਰਤਾਂਤ , ਡਾਕੇ ਦੀ ਘਟਨਾ ਤੋਂ ਲੈ ਕੇ ਮੁਜਰਮਾਂ ਦੇ ਬਾ-

ਇੱਜ਼ਤ ਬਰੀ ਹੋਣ ਦੇ ਵੇਰਵਿਆਂ ਤੱਕ ਫੈਲਿਆ ਹੋਇਆ ਹੈ । ਨਾਵਲ ਦੇ ਆਰੰਭ ਵਿਚ ਵੀ ਅਸੰਤੁਲਨ ਹੈ ਤੇ ਅੰਤ 'ਤੇ ਵੀ । ਇਉ , ਇਹ ਨਾਵਲ ਅਸੰਤੁਲਨ ਤੱਕ ਦੀ ਯਾਤਰਾ ਤੈਅ ਕਰਦਾ ਨਜ਼ਰ ਆਉਂਦਾ ਹੈ । ਵਿਚ ਵਿਚਾਲੇ ਨਾਵਲੀ -ਬਿਰਤਾਂਤ ਇਧਰ-ਉਧਰ ਖ਼ੂਬ ਫ਼ੈਲਦਾ ਹੈ । ਨਤੀਜੇ ਵਜੋਂ , ਕਈ ਦਿਲਚਸਪ ਵੇਰਵੇ ਚਰਚਾ ਦਾ ਵਿਸ਼ਾ ਬਣਦੇ ਹਨ । ਅਤੇ ਸਾਡੀ ਨਿਆਂ-ਪ੍ਰਣਾਲੀ'ਚ ਆਏ ਨਿੱਘਾਰ ਦਾ ਭਰਪੂਰ ਗਲਪੀ-ਬਿੰਬ ਉਜਾਗਰ ਹੁੰਦਾ ਹੈ । ਭਿੰਨ ਭਿੰਨ ਕਲਾਤਮਕ -ਜੁਗਤਾਂ ਦੀ ਮਦਦ ਨਾਲ ਇਸ ਗਲਪੀ-ਬਿੰਬ ਨੂੰ ਸਿਰਜਣਾ ਹੀ, ਇਥੇ ਨਾਵਲਕਾਰ ਦਾ ਮੂਲ ਮਕਸਦ ਪ੍ਰਤੀਤ ਹੁੰਦਾ ਹੈ । ਦੋ ਭਰਾਵਾਂ (ਵੇਦ ਤੇ ਮੋਹਨ ਲਾਲ )ਦੇ ਬਣਦੇ -ਵਿਗੜਦੇ ਪਰਿਵਾਰਕ ਸੰਬੰਧਾਂ ਦੀ ਕਹਾਣੀ ਅਤੇ ਡਕੈਤੀ ਦੀ ਘਟਨਾ ਨਾਲ ਉਨ੍ਹਾਂ ਸੰਬੰਧਾਂ ਵਿਚ ਪੈਦਾ ਹੋਈ ਵਿਸਫ਼ੋਟਕ ਸਥਿਤੀ ਆਦਿ ਵੇਰਵੇ , ਇਸ ਗਲਪੀ-ਬਿੰਬ ਦੀ ਸਿਰਜਣਾ ਲਈ ਮਾਧਿਅਮ ਬਣਦੇ ਹਨ । ਧਿਆਨ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਇਥੇ ਨਾਵਲਕਾਰ ਦਾ ਬੁਨਿਆਦੀ ਫ਼ੋਕਸ, ਪਾਤਰਾਂ ਦੇ ਪਰਿਵਾਰਕ ਸੰਬੰਧਾਂ ਉਪਰ ਕੇਂਦਰਿਤ ਰਹਿੰਦਾ ਹੈ ।

ਫ਼ੋਕਸੀਕਰਨ ਦੀ ਜੁਗਤ ਨਾਲ ਉਹ ਸਾਡੇ ਅਦਾਲਤੀ-ਸਿਸਟਮ ਦੇ ਅੰਦਰੂਨੀ ਚਰਿੱਤਰ ਨੂੰ ਉਭਾਰਦਾ ਹੈ ਜੋ ਬਸਤੀਵਾਦੀ ਸੋਚ ਦਾ ਧਾਰਣੀ ਹੈ ਅਤੇ ਲੋਕ-ਹਿਤੈਸ਼ੀ ਨਹੀ । ਇਹ ਨਿਆਂ-ਪ੍ਰਣਾਲੀ, ਲੋਕਾਂ ਨੂੰ ਇਨਸਾਫ਼ ਦੇਣ ਦੀ ਥਾਵੇਂ, ਉਨ੍ਹਾਂ ਦਾ ਸ਼ੋਸ਼ਣ ਕਰਨ ਦੇ ਰਾਹੇ ਤੁਰਦੀ ਹੈ ।

ਓਪਰੀ ਨਜ਼ਰੇਂ ਵੇਖਿਆ 'ਕੌਰਵ ਸਭਾ'ਨਾਵਲ , ਕਰਣ ਦੇ ਅਨੁਕਰਣ ਜਾਂ ਵਾਸਤਵਿਕਤਾ ਦੇ ਪ੍ਰਤੀਬਿੰਬਣ ਸਿੱਧਾਂਤ ਅਨੁਸਾਰੀ ਸਿਰਜਿਆ ਨਜ਼ਰ ਆਉਂਦਾ ਹੈ । ਪਰ, ਅਸਲ ਹਕੀਕਤ ਅਜਿਹੀ ਨਹੀਂ ਹੈ । ਪੰਜਾਬੀ ਦੇ ਕੁਝ ਚੁਣੀਂਦਾ ਨਾਵਲਕਾਰਾਂ ਦੀ ਤਰ੍ਹਾਂ ਮਿੱਤਰ ਸੈਨ ਮੀਤ ਵੀ ਸਮਾਜਕ-ਵਾਸਤਵਿਕਤਾ ਨੂੰ ਗਾਲਪਨਿਕ-ਪ੍ਰਵਚਨ (fictional discourse) ਵਿਚ ਉਤਾਰ ਸਕਣ ਵਾਲੀ ਸਮਰੱਥਾ ਰਖਣ ਵਾਲਾ ਨਾਵਲਕਾਰ ਹੈ । ਉਸ ਦੀ ਇਹ ਸਮਰੱਥਾ, ਉਸ ਦੇ ਪਹਿਲੇ ਨਾਵਲਾਂ ਵਿਚੋਂ ਵੀ ਅਕਸਰ ਉਭਰਦੀ ਰਹੀ ਹੈ । ਆਪਣੇ ਦੂਸਰੇ ਨਾਵਲਾਂ ਦੀ ਤਰ੍ਹਾਂ, 'ਕੌਰਵ ਸਭਾ'ਨਾਵਲ ਵਿਚ ਵੀ ਸਾਡੀ ਜਾਣੀ-ਪਛਾਣੀ ਸਮਾਜਕ-ਵਾਸਤਵਿਕਤਾ ਨੂੰ ਰੂਪਾਂਤਰਿਤ ਕਰਕੇ ਉਹ ਆਪਣੇ ਗਾਲਪਨਿਕ-ਪ੍ਰਵਚਨ ਦੀ ਉਸਾਰੀ ਕਈ ਪੱਧਰਾਂ 'ਤੇ ਕਰਦਾ ਹੈ ।

ਇਸ ਗਾਲਪਨਿਕ -ਪ੍ਰਵਚਨ ਦੀ ਸਭ ਤੋਂ ਪਹਿਲੀ ਪੱਧਰ ਪਾਤਰਾਂ (ਵੇਦ ਤੇ ਮੋਹਨ ਲਾਲ) ਦੇ ਬਣਦੇ-ਵਿਗੜਦੇ ਤੇ ਵੱਟਦੇ ਪਰਿਵਾਰਕ-ਸੰਬੰਧਾਂ ਨਾਲ ਸਰੋਕਾਰ ਰੱਖਦੀ ਹੈ । ਨਾਵਲ ਦੇ ਪਹਿਲੇ ਅਧਿਆਏ ਵਿਚ ਪਿੱਛਲ ਝਾਤ ਤੀ ਤਕਨੀਕ (flash back technique) ਦੀ ਮਦਦ ਨਾਲ ਇਨ੍ਹਾਂ ਪਰਿਵਾਰਕ-ਸੰਬੰਧਾਂ ਦੀਆਂ ਕੁਝ ਤੰਦਾਂ ਖੁੱਲ੍ਹਦੀਆਂ ਹਨ । ਖ਼ਾਸ ਕਰਕੇ, ਉਦੋਂ ਜਦੋਂ ਵਕੀਲ ਰਾਮ ਨਾਥ ਡਕੈਤੀ ਦੀ ਖ਼ਬਰ ਸੁਣਨ ਮਗਰੋਂ ਮਾਇਆ ਨਗਰ ਵਲ ਜਾ ਰਿਹਾ ਹੁੰਦਾ ਹੈ ਤਾਂ ਨਾਵਲੀ ਬਿਰਤਾਂਤ ਮਾਇਆਧਾਰੀ ਹੋਣ ਅਤੇ ਮਾਇਆ ਨਗਰ ਦੀਆਂ ਹਕੀਕਤਾਂ ਦਾ ਬਿਰਤਾਂਤ ਪੇਸ਼ ਕਰਦਾ ਹੈ ।

ਇਸ ਗਾਲਪਨਿਕ-ਪ੍ਰਵਚਨ ਦੀ ਦੂਸਰੀ ਪੱਧਰ ਮਾਇਆ ਨਗਰ ਨਾਲ ਸੰਬੰਧ ਰਖਦੀ ਹੈ, ਵੇਦ ਤੇ ਮੋਹਨ ਲਾਲ ਦਾ ਪਰਿਵਾਰ , ਮਾਇਆ ਨਗਰ ਵਿਚ ਵੱਸਦਾ ਹੈ । ਇਹ ਨਗਰ , ਆਪਣੇ ਨਾਂ ਵਿਚ ਹੀ ਬੜੇ ਡੂੰਘੇ ਪ੍ਰਤੀਕਾਤਮਕ ਅਰਥ ਸਾਂਭੀ ਬੈਠਾ ਹੈ । ਨਾਵਲ ਵਿਚ ਮਾਇਆ ਨਗਰ ਦੀ ਖ਼ਾਸੀਅਤ ਬਾਰੇ ਕੁਝ ਸੰਕਲਪਸ਼ੀਲ ਟਿੱਪਣੀਆਂ ਦਰਜ ਹਨ । ਜਿਵੇਂ ਕਿ :"ਮਾਇਆ ਨਗਰ ਵਿਚ

ਹੋਰ ਸਭ ਕੁਝ ਸੀ, ਪਰ ਵਫ਼ਾਦਾਰੀ ਦਾ ਨਾਂ ਨਿਸ਼ਾਨ ਨਹੀਂ ਸੀ। ...ਮਾਇਆ ਨਗਰ ਨੂੰ ਭਾਰਤ ਦਾ ਮਾਨਚੈਸਟਰ ਆਖਿਆ ਜਾਂਦਾ ਸੀ। ....ਮਾਇਆ ਨਗਰ ਦੀ ਆਬੋ ਹਵਾ ਵਿਚ ਪਲੇ ਭਤੀਜਿਆਂ ਉਪਰ ਅੰਨ੍ਹੀ ਸ਼ਰਧਾ ਨਹੀਂ ਸੀ ਰਖੀ ਜਾ ਸਕਦੀ । ... ਮਾਈਆ ਨਗਰ ਦੇ ਰਿਵਾਜ਼ ਹੀ ਪੁੱਠੇ ਹਨ। ਉਪਰਲਿਆਂ ਨੂੰ ਖ਼ਬਰ ਲੈਣ ਆਇਆਂ ਦੀ ਪ੍ਰਾਹੁਣਿਆਂ ਵਾਂਗ ਸੇਵਾ ਕਰਨੀ ਪੈਂਦੀ ਸੀ। ...ਮਾਇਆ ਨਗਰ ਵਿਚ ਚਲਦੀ ਦਾ ਨਾਂ ਗੱਡੀ ਸੀ। "ਇਨ੍ਹਾਂ ਤੇ ਅਜਿਹੀਆਂ ਕੁਝ ਹੋਰ ਟਿੱਪਣੀਆਂ ਤੋਂ ਮਾਇਆ ਨਗਰ 'ਚ ਵੱਸਦੇ ਲੋਕਾਂ ਦੀ ਜੀਵਨ -ਜਾਂਚ ਤੇ ਫ਼ਿਤਰਤ ਦਾ ਪਤਾ ਚਲਦਾ ਹੈ।

ਤੀਸਰੀ ਪੱਧਰ ਉਤੇ ਨਾਵਲੀ ਪ੍ਰਵਚਨ ਨਾਵਲ ਦੇ ਸਿਰਲੇਖ 'ਕੌਰਵ ਸਭਾ'ਤੋਂ ਲੈ ਕੇ, ਨਾਵਲ ਵਿਚ ਮਿਲਦੇ ਮਿਥਿਹਾਸਕ -ਸੰਕੇਤਾਂ ਤੇ ਧਾਰਮਕ -ਵਿਸ਼ਵਾਸਾਂ ਨਾਲ ਸੰਬੰਧਤ ਹੈ। ਨੇਹਾ ਨੂੰ ਅਦਾਲਤ ਕਦੇ ਕੌਰਵ ਸਭਾ ਪ੍ਰਤੀਤ ਹੁੰਦੀ ਹੈ। ਤੇ ਕਦੇ ਕੁਰੁਕਸ਼ੇਤਰ ਦਾ ਮੈਦਾਨ। ਜ਼ਿਰਾਹ ਦੀ ਆੜ ਵਿਚ ਹੋਣ ਵਾਲੇ ਆਪਣੇ ਚੀਰ ਹਰਨ ਤੋਂ ਉਹ ਡਰਦੀ ਹੈ। ਮਾਤਾ ਕਲਿਆਣੀ ਦੇ 'ਦੁਰਗਾ ਕਵਚ'ਦਾ ਵੇਰਵਾ ਵੀ ਇਸੇ ਪੱਧਰ ਨਾਲ ਜੁੜਿਆ ਹੋਇਆ ਹੈ। ਇਸ ਸਾਰੇ ਵੇਰਵੇ ਇਸ ਨਾਵਲ ਵਿਚ ਸਭਿਆਚਾਰਕ ਅਰਥ ਪਾਸਾਰ ਸਿਰਜਦੇ ਹਨ। ਇਸ ਨਾਲ ਨਾਵਲੀ -ਬਿਰਤਾਂਤ , ਦਾਰਸ਼ਨਿਕ ਡੂੰਘਾਈ ਗ੍ਰਹਿਣ ਕਰਦਾ ਹੈ।

ਚੌਥੀ ਪੱਧਰ ਉੱਤੇ ਨਾਵਲੀ ਪ੍ਰਵਚਨ ਰੋਟੀ-ਰੋਜ਼ੀ ਕਮਾਉਣ ਲਈ ਹਿਜ਼ਰਤ ਕਰਕੇ ਪੰਜਾਬ ਵਿਚ ਆਏ ਭੱਈਆਂ ਦਾ ਜੁਰਮ ਦੀ ਦੁਨੀਆਂ ਵਿਚ ਸ਼ਾਮਲ ਹੋਣ ਨਾਲ ਡੂੰਘਾ ਸਰੋਕਾਰ ਰਖਦੀ ਹੈ। ਰਾਤੋ-ਰਾਤ ਅਮੀਰ ਬਣਨ ਦੀ ਲਾਲਸਾ ਅਧੀਨ ਇਨ੍ਹਾਂ ਵਿਚੋਂ ਕੁਝ ਦਿਹਾੜੀਦਾਰ ਮਜ਼ਦੂਰ, ਜੁਰਮ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਅਤੇ ਕਾਲੇ ਕੱਛਿਆਂ ਵਾਲੇ ਗਰੋਹ ਦੇ ਨਾਂ ਹੇਠਾਂ ਵਾਰਦਾਤਾਂ ਕਰਦੇ ਹਨ। ਇਹ ਮਾਇਆ ਨਗਰ ਦੀ ਆਬੋ-ਹਵਾ ਦਾ ਹੀ ਉਨ੍ਹਾਂ ਉਪਰ ਅਸਰ ਮੰਨਿਆ ਜਾ ਸਕਦਾ ਹੈ। ਇਸ ਆਬੋ-ਹਵਾ ਨੇ ਗ਼ਰੀਬ ਤੋਂ ਲੈ ਕੇ ਅਮੀਰ ਤੱਕ ਹਰ ਬੰਦੇ ਦੀ ਫ਼ਿਤਰਤ ਬਦਲ ਦਿੱਤੀ ਹੈ।

ਪੰਜਵੀਂ ਪੱਧਰ ਉਪਰ ਇਹ ਪ੍ਰਵਚਨ ਸਾਡੀ ਲਿਆਂ -ਪ੍ਰਣਾਲੀ ਨਾਲ ਜੁੜੀਆਂ ਸੰਸਥਾਵਾਂ ਵਿਚ ਆਏ ਨਿੱਘਰ ਦੇ ਗਲਪੀ-ਬਿੰਬ ਨੂੰ ਉਜਾਗਰ ਕਰਨ ਨਾਲ ਡੂੰਘਾ ਸਰੋਕਾਰ ਰਖਦੀ ਹੈ। ਪੰਕਜ ਤੇ ਨੀਰਜ ਆਪਣੇ ਪੈਸੇ ਦੇ ਬਲਬੂਤੇ ਪੁਲਿਸ ਮਹਿਕਮੇ ਤੋਂ ਲੈ ਕੇ ਮੁੱਖ ਮੰਤਰੀ ਅਤੇ ਮੁੱਖ ਮੰਤਰੀ ਤੋਂ ਲੈ ਕੇ ਜੱਜਾਂ ਨੂੰ ਖ਼ਰੀਦ ਲੈਂਦੇ ਹਨ ਅਤੇ ਜੁਰਮ ਵਿਚ ਸ਼ਮੂਲੀਅਤ ਦੇ ਠੋਸ ਸਬੂਤ ਹੋਣ ਦੇ ਬਾਵਜੂਦ ਵੀ ਬਾਕੀ ਮੁਜਰਮਾਂ ਸਮੇਤ ਅਦਾਲਤ ਤੋਂ ਬਾ-ਇੱਜ਼ਤ ਬਰੀ ਹੋ ਜਾਂਦੇ ਹਨ। ਸਾਧੂ ਸਿੰਘ ਵਰਗਾ ਨੇਕ ਤੇ ਇਮਾਨਦਾਰ ਜੱਜ ਚਾਹੁੰਦੇ ਹੋਏ ਵੀ ਨਿਆਂ ਨਹੀਂ ਕਰ ਪਾਂਦਾ । ਕਿਉਂਕਿ, ਸਫ਼ਾਈ ਧਿਰ ਦੇ ਵਕੀਲ ਨੰਦ ਲਾਲ ਨੇ ਕਾਨੂੰਨੀ ਦਾਅ -ਪੇਚਾਂ ਤੇ ਸਿਆਸੀ ਰਸੂਖ਼ ਨਾਲ ਆਪਣੇ ਹੱਕ ਵਿਚ ਪੁੱਗਣ ਵਾਲੇ ਜੱਜਾਂ ਦੇ ਤਬਾਦਲੇ ਕਰਵਾਏ ਜਾਂਦੇ ਹਨ। ਇਉਂ ਉਪਰੋਂ ਲੋਕ -ਹਿਤੈਸ਼ੀ ਤੇ ਨਿਆਂ-ਇਨਸਾਫ਼ ਦੇਣ ਵਾਲੀਆਂ ਇਨ੍ਹਾਂ ਸੰਸਥਾਵਾਂ ਦਾ ਅਸਲੀ ਤੇ ਭ੍ਰਿਸ਼ਟ ਕਿਰਦਾਰ ਉਭਰ ਕੇ ਸਾਮ੍ਹਣੇ ਆ ਜਾਂਦਾ ਹੈ। ਮੌਜੂਦਾ ਨਿਆਂ–ਪ੍ਰਣਾਲੀ ਵਿਚ ਵਕੀਲਾਂ ਤੇ ਗਵਾਹਾਂ ਦੀ ਭੂਮਿਕਾ ਹਮੇਸ਼ਾ ਸੰਦਿਗਧ ਬਣੀ ਰਹਿੰਦੀ ਹੈ। ਸਾਡੀ ਨਿਆਂ -ਪ੍ਰਣਾਲੀ ਦੇ ਅਜਿਹੇ ਦੋਸ਼ਪੂਰਨ ਢਾਂਚੇ ਉਪਰ ਪ੍ਰਧਾਨ ਦੀ ਇਹ ਟਿੱਪਣੀ ਕਾਫ਼ੀ ਸਾਰਥਕ ਪ੍ਰਤੀਤ ਹੁੰਦੀ ਹੈ :

ਪਰ ਕਸੂਰ ਗਵਾਹਾਂ ਦਾ ਨਹੀਂ ਸਾਡੇ ਢਾਂਚੇ ਦਾ ਹੈ। ਵਿਗਿਆਨ,

> ਚੰਦ ਦੀ ਹਿੱਕ 'ਤੇ ਪੈਰ ਰੱਖ ਕੇ ਮੰਗਲ -ਗ੍ਰਹਿ ਤੱਕ ਪੁੱਜ ਗਿਆ ਹੈ। ਅਸੀਂ ਅਨ੍ਹਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮ-ਦੀਦ ਗਵਾਹ ਚਾਹੀਦੇ ਹਨ। ਵਿਗਿਆਨਕ ਜੁਗਤਾਂ ਅਸੀ ਨੇੜੇ ਨਹੀਂ ਢੁੱਕਣ ਦਿੰਦੇ।ਹਨੇਰੇ ਕਮਰਿਆਂ ਵਿਚ ਘੜੀਆਂ ਸਾਜਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ ?ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜੇ ਕੀਤੇ ਜਾਣਗੇ। ਝੂਠ ਦੇ ਪੈਰ ਨਹੀਂ ਹੁੰਦੇ। ਕਹਾਣੀ ਸ਼ੱਕੀ ਬਣੇਗੀ। ਸ਼ੱਕ ਦਾ ਫ਼ਾਇਦਾ ਮੁਜਰਮ ਨੂੰ ਮਿਲੇਗਾ। ਉਹ ਬਰੀ ਹੋ ਜਾਏਗਾ। ਮੁਦੱਈ ਦੇਖਦਾ ਰਹਿ ਜਾਏਗਾ। ਇਸੇ ਬੇ-ਇਨਸਾਫ਼ ਵਿਰੁੱਧ ਸਾਡੀ ਲੜਾਈ ਹੈ। (ਪੰਨੇ *305-306*)

ਭਾਵੇਂ ਰਾਮ ਨਾਥ ਨੂੰ ਪ੍ਰਧਾਨ ਦੀ ਇਹ ਟਿੱਪਣੀ ਸੁਪਨਮਈ ਜਿਹੀ ਪ੍ਰਤੀਤ ਹੁੰਦੀ ਹੈ, ਪਰ ਨਾਵਲ ਦੇ ਸਮੁੱਚੇ ਗਾਲਪਨਿਕ -ਪ੍ਰਵਚਨ ਦੇ ਅੰਤਰਗਤ, ਇਸ ਦੀ ਆਪਣੀ ਵਿਸ਼ੇਸ਼ ਅਹਿਮੀਅਤ ਨੂੰ ਸਹਿਜੇ ਕੀਤਿਆਂ ਨਜ਼ਰ -ਅੰਦਾਜ਼ ਨਹੀ ਕੀਤਾ ਜਾ ਸਕਦਾ। ਇਸ ਟਿੱਪਣੀ ਦੇ ਪਿਛੋਕੜ ਵਿਚ ਨਾਵਲਕਾਰ ਦੀ ਫ਼ੋਕਸੀਕਰਨ ਦੀ ਜੁਗਤ ਕਾਰਜਸ਼ੀਲ ਹੈ। ਇਸ ਜੁਗਤ ਦੀ ਮਦਦ ਨਾਲ ਉਹ ਉੱਤਰ-ਬਸਤੀਵਾਦੀ ਦੌਰ ਵਿਚ ਕਾਰਜਸ਼ੀਲ, ਬਸਤੀਵਾਦੀ ਦੌਰ ਦੀ ਦੋਸ਼ਯੁਕਤ ਨਿਆਂ-ਪ੍ਰਣਾਲੀ ਦੀ ਸਾਰਥਕਤਾ ਸਾਹਰੇਂ ਪ੍ਰਸ਼ਨ-ਚਿੰਨ੍ਹ ਲਾਉਂਦਾ ਹੈ। ਸੋ ਜ਼ਾਹਿਰ ਹੈ ਕਿ ਇਥੇ ਮਿੱਤਰ ਸੈਨ ਮੀਤ ਅਨੁਕਰਣ ਜਾਂ ਪ੍ਰਤੀਬਿੰਬਣ ਸਿੱਧਾਂਤ ਦਾ ਅਨੁਸਰਣ ਕਰਨ ਦੀ ਥਾਵੇਂ, ਭਿੰਨ ਭਿੰਨ ਬਿਰਤਾਂਤਕ-ਜੁਗਤਾਂ ਦੀ ਮਦਦ ਨਾਲ ਸਾਡੀ ਜਾਣੀ-ਪਛਾਣੀ ਵਾਸਤਵਿਕਤਾ ਦੀ ਗਾਲਪਨਿਕ ਉਸਾਰੀ ਕਈ ਪੱਧਰਾਂ 'ਤੇ ਕਰਦਾ ਹੈ ਅਤੇ ਇਕ ਬਹੁਪੱਧਰਾ ਗਾਲਪਨਿਕ ਪ੍ਰਬੰਧ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ ਭਾਵੇਂ, ਨਾਵਲ ਵਿਚਲੀਆਂ ਸ਼ਬਦ -ਜੋੜਾਂ ਦੀਆਂ ਗ਼ਲਤੀਆ ਸਾਨੂੰ ਥਾਂ ਥਾਂ ਤੇ ਜ਼ਰੂਰ ਅਖਰਦੀਆਂ ਹਨ, ਪਰ ਇਸ ਦੇ ਬਾਵਜੂਦ ਵੀ ਸਾਨੂੰ ਇਹ ਨਾਵਲ ਗਲਪੀ-ਸਾਰਥਕਤਾ ਵਲ ਵੱਧਦਾ ਨਜ਼ਰ ਆਉਂਦਾ ਹੈ।

# 8
# ਮਿਥਿਹਾਸ ਦੀ ਉਤਰ–ਆਧੁਨਿਕ ਪੁਨਰ ਸਿਰਜਣਾ ਦ੍ਰਿਸ਼ਟੀ : 'ਕੌਰਵ ਸਭਾ'

**ਹਰਬੰਸ ਸਿੰਘ ਧੀਮਾਨ**

'ਗਲਪ' ਭਾਵੇਂ 'ਗੱਪ' ਦੇ ਅਰਥ ਲੈ ਕੇ ਜੰਮਿਆ ਸ਼ਬਦ ਸੀ ਪਰ 'ਮਿੱਥਿਆ' ਕਲਪਨਾ ਅਤੇ ਹੁਣ ਯਥਾਰਥ ਦੀ ਪੁਨਰ ਸੁਰਜੀਤੀ ਦੇ ਨਾਲ-ਨਾਲ ਸਾਹਿਤਕ ਵੰਨਗੀ ਵਜੋਂ ਪ੍ਰਮਾਣਿਤ ਰੂਪ ਹੈ, ਭਾਵੇਂ ਇਸ ਦੀ ਉਤਪਤੀ ਵਿਹਲਿਆਂ ਦੇ ਮਨੋਰੰਜਨ ਲਈ ਹੋਈ ਪਰ ਅੱਜ ਹਰ ਘਟਨਾ, ਵਰਤਾਰੇ ਹਰ ਹੋਣੀ/ਅਣਹੋਣੀ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਸਮਰੱਥ ਵਿਧਾ ਹੈ।

ਵੀਹਵੀਂ ਸਦੀ ਵਿਚ ਬਹੁਤ ਸਾਰੀਆਂ ਘਟਨਾਵਾ ਦੁਰਘਟਨਾਵਾਂ ਦੇ ਰਾਹੀਂ ਤੁਰਦਾ ਗਲਪ ਬਾਹਰੀ ਜਗਤ ਦੇ ਵਰਤਾਰੇ ਰਾਹੀਂ ਮਨੁੱਖੀ ਮਨ ਵਿਚਲੀ ਟੋਹ ਲਾਉਣ ਦੇ ਆਹਰ ਵਿਚ ਤੁਰਿਆ ਆ ਰਿਹਾ ਹੈ। ਇਸੇ ਪ੍ਰਸੰਗ ਵਿੱਚ ਮਨੁੱਖ ਦੀ ਉੱਤਰ ਅਵਸਥਾ ਵਿਚਲੇ ਛਿੜੇ ਯੁੱਧ ਭਰਾਂਤੀਆਂ ਨੂੰ ਨਾਵਲ ਦੇ ਕੇਂਦਰ ਵਿਚ ਲੈ ਆਂਦਾ ਹੈ।

'ਕੌਰਵ ਸਭਾ' ਨਾਵਲ ਮਿੱਤਰ ਸੈਨ ਮੀਤ ਦੀ ਇਕ ਅਜੇਹੀ ਵੱਡੀ-ਅਕਾਰੀ ਗਲਪ ਰਚਨਾ ਹੈ ਜੋ ਯਥਾਰਥਕ ਘਟਨਾਵਾਂ ਦੀ ਲੜੀਵਾਰ ਸਪੱਸ਼ਟ ਤੌਰ ਨੂੰ ਹੀ ਬਿਆਨ ਕਰਦੀਆਂ ਲੱਗਦੀਆਂ ਹਨ ਪਰੰਤੂ ਸਿਰਲੇਖ 'ਕੌਰਵ ਸਭਾ' ਨੇ ਆਪ ਪਾਠਕਾਂ ਅਤੇ ਵਿਚਾਰਵਾਨਾਂ ਨੂੰ ਸੋਚਣ ਲਾ ਦਿੱਤਾ ਹੈ ਕਿਉਂਕਿ ਅਜੇਹੀਆਂ ਹੋਣੀਆਂ/ਅਣਹੋਣੀਆਂ ਅੱਜ ਦੇ ਦੌਰ ਵਿਚ ਹਰ 'ਫ਼ਰਦ' ਦੀ ਜ਼ਿੰਦਗੀ ਦਾ ਹਿੱਸਾ ਬਣ ਸਕਦੀਆਂ ਹਨ। ਇਹ ਸ਼ਬਦ 'ਕੌਰਵ ਸਭਾ' ਇਕ ਦਮ ਪਾਠਕਾਂ ਨੂੰ ਭਾਰਤੀ ਸਮਾਜ ਵਿਚਲੇ ਆਦਰਸ਼ਾਂ ਨੂੰ ਯਾਦ ਕਰਾਉਂਦਿਆਂ 'ਕੌਰਵਾਂ-ਪਾਂਡਵਾਂ' ਨੂੰ ਸਾਡੇ ਚੇਤਿਆਂ ਵਿਚ ਲੈ ਆਉਂਦਾ ਹੈ। 'ਕੌਰਵ ਸਭਾ' ਆਪਣੇ ਆਪ ਵਿਚ ਜਿੱਥੇ ਗਿਣਤੀ ਵਿਚ ਵਧੇਰੇ ਸ਼ਕਤੀਆਂ ਦੇ ਪੁੰਜ, ਸੰਗਠਿਤ, ਚਲਾਕ ਮੱਕਾਰ ਤੇ ਹਰ ਤਰ੍ਹਾਂ ਦੀਆਂ ਵਿਧੀਆਂ ਵਰਤ ਕੇ ਕਾਬਜ਼ ਰਹਿਣ ਦੇ ਆਦੀ ਸਨ। ਉਥੇ ਕਾਮੁਕ ਕਦਰਾਂ-ਕੀਮਤਾਂ ਤੋਂ ਮੁਨਕਰ ਮਾਰ-ਧਾੜ ਦੇ ਧਾਰਨੀ ਅਤੇ ਅੱਯਾਸ਼ ਵੀ ਸਨ। ਇੰਜ ਸਦੀਆਂ ਪੁਰਾਣੀ 'ਮਿੱਥ' ਤੋਂ 'ਮਿਥਿਹਾਸ' ਬਣੀ ਪਰੰਪਰਾ ਨੂੰ ਅਜੋਕੀ ਸਥਿਤੀ ਵਿਚ ਪੁਨਰ ਸੁਰਜੀਤ ਕਰਨ ਦੀ ਕੋਸ਼ਿਸ਼ ਮਿੱਤਰ ਸੈਨ ਮੀਤ ਨੇ ਨੈਤਿਕ ਅਤੇ ਦਾਰਸ਼ਨਿਕ ਪੱਧਰ 'ਤੇ ਕੀਤੀ ਹੈ। ਦੂਜੇ ਸ਼ਬਦਾਂ ਵਿਚ ਦੇਖਿਆ ਜਾਵੇ ਤਾਂ ਘਟਨਾਵਾਂ ਅਤੇ ਸਮਾਜਿਕ ਵਰਤਾਰਿਆਂ ਦੇ ਪ੍ਰਸੰਗ ਬਦਲ ਗਏ ਹਨ। ਪਰੰਤੂ ਘਟਨਾਵਾਂ ਦੀ ਤਰਤੀਬ ਅਤੇ ਵਿਧੀ 'ਕੋਰਵ ਸਭਾ' ਦੀ ਸਮਾਜਿਕ ਬਣਤਰ ਅਨੁਸਾਰ ਹੀ ਤੁਰ ਰਹੀ ਹੈ।

ਇਸ ਗਲਪੀ-ਸੰਸਾਰ ਵਿਚ ਸਭ ਤੋਂ ਪਹਿਲਾ ਨੁਕਤਾ ਇਹ ਉੱਭਰਦਾ ਹੈ ਕਿ 'ਮਾਇਆ ਨਗਰ' ਇਕ ਅਜੇਹਾ ਸੰਗਠਿਤ ਪ੍ਰਬੰਧ ਹੈ ਜੋ ਰਾਜ ਭਾਗ ਦਾ ਦੇਸ਼/ਪ੍ਰਾਂਤ ਦਾ ਪ੍ਰਤੀਕ ਬਣ ਕੇ ਉੱਭਰਿਆ ਹੈ ਜੋ ਸਾਰੀਆਂ ਸ਼ਕਤੀਆਂ ਦਾ ਧਰੁਵੀ ਕੇਂਦਰ ਹੈ ਅਤੇ ਇਹ ਸਗਠਿਤ ਵਰਤਾਰੇ ਦਾ ਕੇਂਦਰ-ਬਿੰਦੂ ਆਧਾਰ ਵੀ ਹੈ। ਭਾਵੇਂ ਕਿ ਇਹ ਕਿਸੇ ਵੀ ਸਮੇਂ ਦਾ ਹੋਵੇ ਤਾਂ ਹੀ ਇਸ ਸੰਬੰਧੀ ਜ਼ਿਕਰ ਆਉਂਦਾ ਹੈ, ''ਮਾਇਆ ਨਗਰ ਵਿਚ ਹੋਰ ਸਭ ਕੁਝ ਸੀ ਪਰ ਵਫ਼ਾਦਾਰੀ ਦਾ ਨਾਂ ਨਿਸ਼ਾਨ ਨਹੀਂ ਸੀ।.ਮਾਇਆ ਨਗਰ ਨੂੰ ਭਾਰਤ ਦਾ ਮਾਨਚੈਸਟਰ ਆਖਿਆ ਗਿਆ ਸੀ... ਮਾਇਆ ਨਗਰ ਦੇ

ਰਿਵਾਜ਼ ਪੁੱਠੇ ਸਨ। ਮਾਇਆ ਨਗਰ ਵਿਚ ਚਲਦੀ ਦਾ ਨਾਂ ਗੱਡੀ ਸੀ।"

ਇਸ ਤਰ੍ਹਾਂ ਇਹ ਸਭ ਕੁਝ ਆਪਣੇ ਅੰਦਰ ਸਮੇਟੀ ਬੈਠਾ ਅਜੇਹਾ ਵਰਤਾਰਾ ਹੈ ਜੋ ਕਦੇ 'ਹਸਤਨਾਪੁਰ' ਅਤੇ ਕਦੇ 'ਕੁਰਕੁਸ਼ੇਤਰ' ਦੇ ਯੁੱਧਾਂ ਦਾ ਕਾਰਨ ਆਧਾਰ ਬਣਿਆ ਸੀ। ਇਥੋਂ ਸਫ਼ਰ ਸ਼ੁਰੂ ਹੁੰਦਿਆਂ ਹੀ ਸਾਰਾ ਬਿਰਤਾਂਤ ਆਪਣੀ ਚਾਲੇ ਤੁਰਦਾ ਹੈ ਜਿਸ ਵਿਚ ਨੀਤੀ ਵੀ ਹੈ, ਰਾਜਸੀ ਸੱਤਾ ਸੁੱਖ ਵੀ ਹੈ, ਖੋਹ-ਖਿੰਝ ਵੀ ਹੈ, ਮੌਕਾ ਪ੍ਰਸਤੀ ਅਤੇ ਸ਼ਕੀਰੀਆਂ ਦਾ ਘਾਣ ਵੀ ਹੈ, ਦਲਾਲੀ ਵੀ ਹੈ, ਰਾਜਸੀ ਲੀਡਰਾਂ/ਹਾਕਮਾਂ ਦੀ ਅੰਦਰਲੀ ਤਸਵੀਰ ਵੀ ਹੈ ਕਿ ਕਾਨੂੰਨ ਕਿਸ ਨਾਲ ਤੁਰਦਾ ਹੈ ਉਹ ਸੱਚ ਵੀ ਹੈ, ਇਸਤਰੀ ਦੀ ਦੁਰਦਸ਼ਾ ਵੀ ਹੈ, ਕਾਨੂੰਨ-ਦਾਨਾਂ ਅਤੇ ਨਿਆਂ ਪਾਲਿਕਾ ਦੀ ਹੋਣੀ ਵੀ ਹੈ ਭਾਵ ਸਭ ਤੋਂ ਵੱਡੀ ਗੱਲ ਮਨੁੱਖੀ ਮਨ ਅੰਦਰਲੇ ਡਰ ਤਣਾਓ ਅਤੇ ਫੇਰ ਅਧਿਆਤਮਿਕ ਟੇਕ ਦੀ ਤਲਾਸ਼ ਵੀ ਹੈ।

ਨਾਵਲ ਵਿਚ ਘਟਨਾਵਾਂ ਭਾਵੇਂ ਇਕ ਡਾਕੇ ਦੀ ਥਾਂ ਸਿਰਫ਼ ਡਰਾਉਣ ਧਮਕਾਉਣ ਨਾਲ ਤੁਰਨੀਆਂ ਸਨ ਪਰੰਤੂ ਭਾੜੇ ਦੀ ਫ਼ੌਜ (ਭਾਈਏ) ਆਪਣੇ ਨਿੱਜੀ ਹਿੱਤਾਂ ਅਤੇ ਲਾਲਚ ਵੱਸ ਬੇਕਾਬੂ ਭੀੜ ਵਾਂਗ ਪੂੰਜੀ (ਮਾਇਆ+ ਵਸਤਾਂ) ਲਾਲਚ ਵਿਚ ਫਸ ਕੇ ਮਨਮਰਜ਼ੀ ਕਰਨ ਤੱਕ ਪਹੁੰਚ ਜਾਂਦੇ ਹਨ, ਜਿੱਥੋਂ ਮੁੜਨਾ ਉਨ੍ਹਾਂ ਲਈ ਸੌਖਾ ਨਹੀਂ ਹੁੰਦਾ ਅਤੇ 'ਜੋ ਅੜਿਆ ਸੋ ਝੜਿਆ' ਵਾਂਗ ਉਹ ਜਿਨਸੀ ਭੁੱਖ ਅਤੇ ਮਾਰ ਟੁੱਕ ਤੱਕ ਵਾਰਤਾ ਕਰ ਜਾਂਦੇ ਹਨ। ਇਸ ਸਾਰੇ ਖਲਾਰੇ ਨੂੰ ਕਿਵੇਂ ਸਮੇਟਣਾ ਹੈ? ਕਿਵੇਂ ਇਸ ਵਿਚੋਂ ਮੁਕਤ ਹੋ ਕੇ ਨਿਕਲਣਾ ਹੈ ਤੇ ਕੀ-ਕੀ ਢੰਗ ਵਰਤਣੇ ਹਨ? ਇਹ ਸਾਰਾ ਕੁਝ ਨਾਵਲ ਦਾ ਹਿੱਸਾ ਬਣ ਕੇ ਸਾਹਮਣੇ ਆਇਆ ਹੈ।

ਵੇਦ ਅਤੇ ਮੋਹਨ ਜਿੱਥੇ ਦੋ ਸਕੇ ਭਰਾ ਹਨ ਉਥੇ ਦੋਹਾਂ ਦੀ ਸੋਚ ਵਿਚ ਅੰਤਰ ਵੀ ਹੈ 'ਮਾਇਆ' ਲਈ ਦੋਵੇਂ ਇਕ ਹੋ ਗਏ ਹਨ ਪਰੰਤੂ ਦੋਵੇਂ 'ਪਰੰਪਰਾ' ਤੇ 'ਨਵੀਨਤਾ' ਦੇ ਦੋ ਧਰੁਵ ਬਣ ਕੇ ਸਾਹਮਣੇ ਆਏ ਹਨ ਤਾਂ ਵੀ ਉਨ੍ਹਾਂ ਦੀ ਅਗਲੀ ਸੰਤਾਨ, ਭਤੀਜੇ-ਭਤੀਜਿਆਂ ਵਿਚ ਕੁੜੀਤਣ, ਭਾਰਤੀ ਸ਼ਰੀਕਾ-ਪਰੰਪਰਾ ਦੀ ਉੱਭਰਵੀਂ ਮਿਸਾਲ ਅਨੁਸਾਰ ਵਿਦਮਾਨ ਹੈ। ਜੋ ਅਖ਼ੀਰ ਨੂੰ 'ਕੌਰਵ ਪਾਂਡਵ' ਵਰਗ ਵਿਚ ਵੰਡੇ ਦਿੱਸਦੇ ਹਨ। ਭਾਵ ਭਰਾ-ਭਰਾ ਦੇ ਖ਼ੂਨ ਦੇ ਪਿਆਸੇ ਬਣ ਜਿਸ ਦਾ ਆਰੰਭ ਵਿਚ ਹੀ ਸੰਕੇਤ ਆਇਆ ਕਿ ਕਿਵੇਂ ਸ਼ਰੀਕੇਬਾਜ਼ੀ ਵਿਚ ਮੁਕਾਬਲਾ ਹੁੰਦਾ ਹੈ ਅਤੇ ਹੈ, "ਸਭਿਅਤ ਜਮਾਤਾਂ ਸਰੀਰਕ ਹਿੰਸਾ ਦਾ ਸਹਾਰਾ ਨਹੀਂ ਲੈਂਦੀਆਂ। ਖ਼ੂਨ ਖ਼ਰਾਬੇ ਦੀ ਥਾਂ ਉਹ ਕਾਨੂੰਨੀ ਲੜਾਈ ਲੜਣ ਵਿਚ ਵਿਸ਼ਵਾਸ ਰਖਦੀਆਂ ਹਨ।" (ਪੰਨਾ *10*)

ਇਹੋ ਗੱਲ ਇਸ ਨਾਵਲ ਵਿਚ ਵੀ ਹੈ ਕਿ "ਮਾਇਆ ਨਗਰ ਵਿਚ ਮੋਹਨ ਵਰਗੇ ਕਈ ਮਿਹਨਤੀ ਅਫ਼ਸਰ ਬੈਠੇ ਸਨ ਉਹ ਵਫ਼ਾਦਾਰ ਭਾਵੇਂ ਘੱਟ ਸਨ ਪਰ ਜੁਗਾੜੀਏ ਵੱਧ ਸਨ" (ਪੰਨਾ *137*) ਅਤੇ ਇੰਜ, "ਮੋਹਨ ਲਾਲ ਅਫ਼ਸਰਾਂ ਦੀ ਭੀੜ ਵਿਚ ਗੁਆਚ ਗਿਆ" (ਪੰਨਾ *13*) ਅਤੇ ਫੇਰ ਚੱਲ ਸੋ ਚੱਲ ਅਤੇ 'ਚੋਰ ਚੋਰ ਮਸੇਰ ਭਾਈ' ਵਾਂਗ ਮੋਹਨ ਤੇ ਵੇਦ ਵੀ, "ਕੋਇਲੇ ਦੀ ਦਲਾਲੀ ਵਿਚੋਂ ਚੰਗਾ ਪੈਸਾ ਬਣਾ ਰਹੇ ਸਨ।"

ਇੱਥੇ ਆ ਕੇ ਇਕ ਗੱਲ ਹੋਰ ਉੱਭਰੀ ਹੈ ਕਿ ਇਸ ਉੱਤਮ-ਅਵਸਥਾ ਵਿਚ ਰਾਜ-ਸ਼ਕਤੀ ਇੱਛਾ ਘੱਟ ਤੇ 'ਮਾਇਆ ਇੱਛਾ ਸ਼ਕਤੀ' ਵੱਧ ਪ੍ਰਬਲ ਹੋ ਕੇ ਉੱਭਰਵੀ ਸ਼ੁਰੂ ਹੋ ਜਾਂਦੀ ਹੈ ਜੋ ਹਰ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਨੂੰ ਪਛਾੜਨ ਲੱਗਦੀ ਹੈ। ਇਹੋ ਗੱਲ ਹੀ 'ਮਹਾਂਭਾਰਤ ਯੁੱਧ' ਦੀ ਆਧਾਰ ਭੂਮੀ ਰਹੀ ਸੀ। ਕਿਉਂਕਿ ਕੌਰਵਾਂ ਨੇ ਪਾਡਵਾਂ ਨੂੰ ਰਾਜ ਭਾਗ ਤਾਂ ਕੀ ਪੰਜ ਪਿੰਡ ਵੀ ਦੇਣੇ ਸਵੀਕਾਰ

ਨਹੀਂ ਸਨ ਕੀਤੇ। ਉਸੇ ਤਰ੍ਹਾਂ ਵੇਦ ਅਤੇ ਉਸ ਦੇ ਭਤੀਜਿਆਂ ਵਿਚਕਾਰ ਇਕ ਜ਼ਮੀਨ ਦੇ ਟੁਕੜੇ (ਭਾਵ ਪਲਾਟ) ਦਾ ਹੀ ਝਗੜਾ ਰਿਹਾ ਤੇ ਫੇਰ ਫੈਕਟਰੀ ਵਿਚ ਪਏ ਘਾਟੇ ਦਾ ਵੀ ਮਸਲਾ ਉਲਝਿਆ ਹੋਇਆਂ ਸੀ। ਵਰਤਮਾਨ ਲੋਕਤੰਤਰੀ-ਪ੍ਰਣਾਲੀ ਅਨੁਸਾਰ ਭਾਰਤੀ ਰਾਜਸੀ ਵਿਵਸਥਾ ਨੂੰ ਵਰਤਮਾਨ ਸੰਦਰਭ ਵਿਚ ਇੰਜ ਪੇਸ਼ ਕੀਤਾ ਹੈ, "ਕੇਂਦਰ ਵਿਚ ਸਰਕਾਰ ਬਦਲ ਗਈ। ਨਵੀਂ ਸਰਕਾਰ ਨੇ ਸਖ਼ਤੀ ਕਰ ਦਿੱਤੀ। ਨਵੇਂ ਕਰਜ਼ਿਆਂ ਦੀਆਂ ਸ਼ਰਤਾਂ ਸਖ਼ਤ ਹੋ ਗਈਆਂ....ਹੇਰਾ-ਫੇਰੀਆਂ ਦੇ ਰਸਤੇ ਬੰਦ ਹੋ ਗਏ।" (ਪੰਨਾ 18) ਫੇਰ ਜੋ ਵਾਪਰਦਾ ਹੈ ਉਹ ਮਹਾਂਭਾਰਤ ਵਿਚਲੇ ਫ਼ਰੇਬ ਅਤੇ ਦੰਭ ਕਰਕੇ ਹੀ ਦਰੋਪਦੀ ਦਾ ਜੂਏ ਵਿਚ ਹਾਰਨਾ ਸੀ ਤੇ ਇਸ ਗਲਪੀ ਰਚਨਾ ਵਿਚ ਦਰੋਪਦੀ ਦੀ ਸੰਸਾਰਕ ਜੀਵਨ, ਜੂਏ ਵਿਚ ਨਿਆਂ ਹੱਥੋਂ ਹਾਰ ਹੋਈ ਹੈ। ਇਸ ਤੋਂ ਪਹਿਲਾਂ ਉਸ ਨਾਲ ਬਲਾਤਕਾਰ ਵੀ ਇਸ ਹਾਰ ਦਾ ਆਰੰਭ ਹੀ ਅੰਤ ਵਰਗਾ ਤਾਂ ਹੈ। ਮਹਾਂਭਾਰਤ ਵਿਚ ਦਰੋਪਦੀ ਪਾਂਡਵਾਂ ਨੇ ਜੂਏ ਵਿਚ ਹਾਰੀ ਸੀ ਅਤੇ ਇਸ ਨਾਵਲ ਵਿਚ ਨੇਹਾ ਲੁੱਟ-ਖਸੁੱਟ ਦੌਰਾਨ ਬਲਾਤਕਾਰ ਦਾ ਸ਼ਿਕਾਰ ਹੋਈ ਹੈ। ਭਾਵੇਂ ਘਟਨਾਵਾਂ ਦਾ ਸੰਦਰਭ ਬਦਲਿਆ ਹੈ, ਪਰ ਘਟਨਾਵਾਂ ਦੇ ਸਿੱਟੇ ਇਕੋ ਜਿਹੇ ਹੀ ਹਨ। ਉਹ 'ਬਲਾਈਂਡ ਕੇਸ' ਵਾਂਗ ਹੀ ਹੁੰਦਾ ਹੈ ਕਿਉਂਕਿ ਗਲਪੀ ਸੰਸਾਰ ਵਿਚ, "ਵਾਰਦਾਤ ਭਿਆਨਕ ਸੀ। ਇਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲੱਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ। ਮੁਲਾਜ਼ਮਾਂ ਬਾਰੇ ਕੋਈ ਸੁਰਾਖ਼ ਨਹੀਂ ਸੀ ਲੱਭ ਰਿਹਾ। ਬਾਲਈਂਡ ਕੇਸ ਸੀ। ਮੁਕੱਦਮਾ ਦਰਜ ਕਰਨ ਵਿਚ ਮੁੱਖ ਅਫ਼ਸਰ ਨੂੰ ਦਿੱਕਤ ਪੇਸ਼ ਆਉਂਦੀ ਸੀ...ਅਫ਼ਸਰ ਅਲੱਗ ਕੰਨ ਖਾ ਰਹੇ ਸਨ। ਮੁੱਖ ਮੰਤਰੀ ਤੱਕ ਨੂੰ ਸੂਚਨਾ ਜਾਣੀ ਸੀ।" (ਪੰਨਾ 23)

ਅਜੇਹੀ ਆਪੋ-ਧਾਪੀ ਵਾਲੇ, ਭਾਵ ਬਦਲਾਵ ਵਾਲੇ ਦੌਰ ਵਿਚ ਬਹੁਤ ਸਾਰੇ ਲੋਕ ਉਹ ਕੁਝ ਕਰ ਜਾਂਦੇ ਹਨ ਜੋ ਉਨ੍ਹਾਂ ਨੇ ਸੋਚਿਆ ਵੀ ਨਹੀਂ ਹੁੰਦਾ। ਰਾਜਸੀ-ਤਬਦੀਲੀ ਜਦੋਂ ਨਵੇਂ ਨੀਤੀ ਘਾੜੇ ਅਜੇ ਆਪਣੇ 'ਪਰ' ਤੋਲ ਰਹੇ ਹੁੰਦੇ ਹਨ, ਨੀਤੀਆਂ ਘੜ੍ਹ ਰਹੇ ਹੁੰਦੇ ਹਨ, ਜਾਂ ਥੱਕਾਣ ਲਾਹ ਰਹੇ ਹੁੰਦੇ ਹਨ। ਇਸ ਸਮੇਂ ਰਾਜ-ਸ਼ਕਤੀ ਜਿੱਥੇ ਸੁਸਤ ਹੁਦੀ ਹੈ ਉਥੇ ਖ਼ਾਤਮੇ ਦਾ ਅਹਿਸਾਸ ਵੀ ਜਗਾਉਂਦੀ ਹੈ ਅਤੇ ਹੇਠਲੇ ਅਧਿਕਾਰੀ ਜੋ ਨੀਤੀ ਚਲਾਉਂਦੇ ਹਨ ਉਹ ਇਸ ਤਰ੍ਹਾਂ ਦੀ ਉੱਭਰਦੀ ਹੈ, "ਰਾਮ ਨਾਥ ਸੇਵਾਦਾਰ ਦਾ ਇਸ਼ਾਰਾ ਸਮਝ ਗਿਆ ਸੀ। ਉਹ ਫ਼ੌਜਦਾਰੀ ਵਕੀਲ ਸੀ। ਆਪਣੇ ਸਾਇਲਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਉਸ ਨੂੰ ਆਪਣੇ ਸ਼ਹਿਰ ਦੇ ਸਿਵਲ ਹਸਪਤਾਲ ਜਾਣਾ ਪੈਂਦਾ ਸੀ। ਡਾਕਟਰਾਂ ਨੂੰ 'ਮਿਲ' ਕੇ ਮਰਜ਼ੀ ਦੀ ਇੰਜਰੀ ਇੰਜਰੀ ਰਿਪੋਰਟ ਤਿਆਰ ਕਰਵਾਈ ਜਾ ਸਕਦੀ ਸੀ। ਰਾਮ ਨਾਥ ਉਹੋ ਕਰਨ ਜਾਂਦਾ ਸੀ ਜੇ ਉਹ ਦੋਸ਼ੀਆਂ ਦਾ ਵਕੀਲ ਹੁੰਦਾ ਤਾਂ ਸਬੂਤੀਆਂ ਹੱਡੀਆਂ ਨੂੰ ਟੁੱਟੀਆਂ ਬਣਵਾ ਲੈਂਦਾ। ਸੋਟੀਆਂ ਨਾਲ ਵੱਜੀਆਂ ਸੱਟਾਂ ਨੂੰ ਗੰਡਾਸਿਆਂ ਨਾਲ ਮਾਰੀਆਂ ਲਿਖਾ ਲੈਂਦਾ। ਇਸੇ ਮਕਸਦ ਦਾ ਇਸ਼ਾਰਾ ਸੇਵਾਦਾਰ ਰਾਮ ਨਾਥ ਨੂੰ ਕਰ ਰਿਹਾ ਸੀ।" (ਪੰਨਾ 27)

ਇਹ ਉਹ ਨੀਤੀ ਹੈ ਜੋ ਹਰ ਤਰ੍ਹਾਂ ਦੇ ਵਰਤਾਰੇ ਵਿਚ ਸਦਾ ਬਹਾ ਰਹੀ ਹੈ ਅਤੇ ਆਦਿ ਕਾਲ ਤੋਂ ਚਲਦੀ ਆ ਰਹੀ ਹੈ ਤਾਂ ਹੀ ਮਿੱਥ ਤੋਂ ਯਥਾਰਥ ਤੇ ਅਜੋਕੇ ਸੱਚ ਦਾ ਹਿੱਸਾ ਬਣ ਗਈ ਹੈ। ਇਹ 'ਰਾਜਸੀ-ਤਾਕਤ' ਤੇ 'ਰਾਜਸੀ ਵਰਤਾਰਾ' ਕਿਸੇ ਨਾ ਕਿਸ ਰੂਪ ਵਿਚ ਵਿਦਮਾਨ ਰਹਿ ਕੇ ਕਾਰਜ ਕਰ ਰਿਹਾ ਹੈ। ਵਰਤਮਾਨ ਰਾਜਸੀ 'ਸਮਾਜੀ-ਪ੍ਰਬੰਧ' ਵਿਚ, "ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸ ਨੂੰ ਕਿਸੇ ਦਾ ਡਰ ਨਹੀਂ। ਜਦੋਂ ਦਿਲ ਕਰਿਆ ਆਏਗੀ" (ਪੰਨਾ 30)...ਅਤੇ "ਕਾਨੂੰਨ

ਦੋਸ਼ੀਆਂ ਦੀ ਪਿੱਠ ਪਲੋਸਦਾ ਹੈ। ਸ਼ੱਕ ਦਾ ਫ਼ਾਇਦਾ ਦੇ ਕੇ ਬਰੀ ਕਰ ਦਿੰਦਾ ਹੈ।" (ਪੰਨਾ 31) ਤਾਂ ਹੀ ਇਸ ਵਰਤਾਰੇ ਵਿਚ 'ਕੌਰਵਾਂ ਦੀ ਸਭਾ' ਦੇ ਮੈਂਬਰਾਂ ਦੀ ਗਿਣਤੀ ਦਿਨ–ਬ–ਦਿਨ ਵਧਦੀ ਜਾਂਦੀ ਹੈ ਤੇ "ਡਾਕਟਰ ਦੋਹਾਂ ਪਾਸਿਆਂ ਤੋਂ ਪੈਸੇ ਝਾੜਦੇ ਹਨ। ਕਈ ਡਾਟਕਰ ਇੱਥੇ ਆਉਣ ਲਈ ਭੱਜ–ਨੱਠ ਕਰ ਰਹੇ ਹਨ। ਇਕ ਜਾਂਦਾ ਹੈ ਆਪਣੇ ਆਰਡਰ ਕਰਵਾ ਲੈਂਦਾ ਹੈ। ਦੂਜਾ ਉਸ ਤੋਂ ਵੱਡਾ ਬਰੀਫ਼ ਕਸ ਲੈ ਜਾਂਦਾ ਹੈ। ਉਹ ਪਹਿਲੇ ਆਰਡਰ ਕੈਂਸਲ ਕਰਵਾ ਕੇ ਆਪਣੇ ਆਰਡਰ ਕਰਵਾ ਲੈਂਦਾ ਹੈ।" (ਪੰਨਾ 32) ਇਸ ਦਾ ਇਕ ਹੋਰ ਪਹਿਲੂ/ਵਰਤਾਰਾ ਚਲਾਕੀ ਅਤੇ ਬਾਹਰੀ ਲੁੱਟ ਦਾ ਵਿਚ ਵਿਚਾਲੇ ਚਲਣ ਲੱਗਦਾ ਹੈ...", ਹਸਪਤਾਲ ਦੇ ਬਾਹਰ ਆਪਣੀ ਐਕਸ-ਰੇ ਕਰਨ ਦੀ ਕਲੀਨਿਕ ਸੀ, ਜਿਹੜੀ ਉਸ ਦੀ ਪਤਨੀ ਦੇ ਨਾਂ 'ਤੇ ਖੋਲ੍ਹੀ ਹੋਈ ਸੀ।... ਉਹ ਇਕ ਦੋ ਉਹ ਐਕਸ-ਰੇ ਹੀ ਕਰਦਾ ਸੀ ਜਿਸ ਵਿਚ ਫ਼ੀਸ ਮਿਲਦੀ ਸੀ। ਬਾਕੀਆਂ ਲਈ ਇਕੋ ਬਹਾਨਾ ਸੀ। ਫ਼ਿਲਮਾਂ ਖ਼ਤਮ ਸਨ। ਰੋਂਦੇ ਕੁਰਲਾਂਦੇ ਮਰੀਜ਼ ਵਾਪਸ ਚਲੇ ਜਾਂਦੇ ਸਨ।" (ਪੰਨਾ 33) ਜਿੱਥੇ ਇਹ ਵਰਤਮਾਨ ਵਰਤਾਰੇ ਵਿਚ ਜੀਂਦੇ ਜਾਗਦੇ ਸਰੋਕਾਰ ਲੱਗਦੇ ਹਨ ਉਥੇ ਮਨੁੱਖੀ ਮਾਨਸਿਕਤਾ ਦੇ ਉੱਤਰ–ਵਰਤਾਰੇ ਦਾ ਅਟੁੱਟ ਅੰਗ ਵੀ ਬਣ ਗਏ ਜਿਸ ਵਿਚ 'ਸ਼ਕੂਨੀ–ਮਾਮਾ' ਵਰਗੇ ਲੋਕਾਂ ਰਾਹੀਂ 'ਦਲਾਲ–ਵਿਸਸਥਾ'ਭਾਰੂ ਤੇ ਸਮਾਜਿਕ–ਪ੍ਰਮਾਣਿਕ ਸੰਸਥਾ ਦਾ ਰੂਪ ਅਖ਼ਤਿਆਰ ਕਰਕੇ 'ਮੌਕਾ ਪ੍ਰਸਤੀ' ਅਨੁਸਾਰ ਭਾਰਤੀ–ਸਮਾਜਿਕ ਪ੍ਰਬੰਧ ਪ੍ਰਣਾਲੀ (ਨਿਆਂ ਅਤੇ ਰਾਜਤੰਤਰ) ਨੂੰ ਸੰਨ ਲਾਣ ਤੱਕ ਅੱਪੜ ਗਈ ਹੈ। ਇਸ ਵਰਤਾਰੇ ਵਿਚ 'ਵੇਦ' ਵਰਗੇ "ਕੋਠੀਆਂ ਦੁਕਾਨਾਂ ਲੈਣ ਦੇਣ ਦਾ ਕੰਮ" ਕਰਦੇ ਹਨ ਅਤੇ ਜਿੱਥੇ ਪਹਿਲਾਂ 'ਸ਼ਕੁਨੀ ਮਾਮੇ' ਆਪਣੀ ਤਾਕਤ ਨਾਲ ਆਪਣੇ ਭਾਣਜਿਆਂ (ਕੌਰਵਾਂ) ਰਾਹੀਂ ਤਾਕਤ ਦਿਖਾਉਂਦੇ ਰਹੇ ਉਥੇ ਉੱਤਰ–ਵਿਵਸਥਾ ਵਿਚ 'ਰਾਮ ਨਾਥ' ਵਰਗੇ ਮਾਮੇ ਆਪ 'ਹਾਰ' ਵੱਲ ਜਾਣ ਨੂੰ ਮਜ਼ਬੂਰ ਹੋ ਜਾਂਦੇ ਹਨ ਤੇ ਉਸ ਸੰਬੰਧ ਵਿਚ, "ਰਾਮ ਨਾਥ ਦਾ ਪੁਲਿਸ ਖਹਿੜਾ ਨਹੀਂ ਸੀ ਛੱਡ ਰਹੀ। ਕਦੇ ਮੌਕਾ ਦੇਖਣ ਆ ਜਾਂਦੀ ਸੀ, ਕਦੇ ਗਵਾਹ ਖੜੇ ਕਰਾਉਣ। ਕਦੇ ਉਹ ਚੋਰੀ ਹੋਏ ਸਮਾਨ ਦੀ ਲਿਸਟ ਮੰਗ ਲੈਂਦੀ ਸੀ ਕਦੇ ਚੋਰੀ ਹੋਏ ਸਮਾਨ ਦੇ ਬਿੱਲ। ਕਦੇ ਥਾਣੇ ਆ ਕੇ ਦੋਸ਼ੀਆਂ ਦਾ ਸ਼ਨਾਖ਼ਤ ਕਰੋ। ਕਦੇ ਫੜੇ ਸਮਾਨ ਦੀ।" (ਪੰਨਾ 65) ਇਸੇ ਤਰ੍ਹਾਂ ਹਰ ਦੌਰ ਵਿਚ ਦਲਾਲਾਂ ਦੀਆਂ ਪੌ–ਬਾਰ੍ਹਾਂ ਹੀ ਹੁੰਦੀਆਂ ਰਹੀਆਂ ਹਨ ਕਿਉਂਕਿ "ਪ੍ਰਤਾਪ ਸਿੰਘ ਵਿਚ ਇਕ ਵਾਧਾ ਸੀ। ਉਹ ਆਪਣੇ ਅਫ਼ਸਰਾਂ ਨਾਲ ਬਣਾ ਕੇ ਰੱਖਦਾ ਸੀ। ਅਫ਼ਸਰਾਂ ਦੀ ਕੋਠੀ ਗੇੜਾ ਮਾਰਦਾ ਸੀ। ਬੱਚਿਆਂ ਨੂੰ ਖਰੀਦੋ–ਫ਼ਰੋਖ਼ਤ ਕਰਾਉਂਦਾ ਸੀ। ਅਫ਼ਸਰਾਂ ਦੇ ਬੈਡਰੂਮ ਤੱਕ ਉਸ ਦੀ ਪਹੁੰਚ ਸੀ।" (ਪੰਨਾ 87-88) ਇਸ ਨਾਲ ਇਹ ਦਲਾਲ ਮੌਕਾ ਆਉਣ ਤੇ ਕਿਵੇਂ 'ਚਲਾਕੀ' ਵੀ ਕਰ ਜਾਂਦੇ ਹਨ ਨਾਵਲੀ ਪ੍ਰਸੰਗ ਵਿਚ ਆਪਣਾ ਕਾਰਜ ਕਰਦੇ ਹਨ। ਅਜੇਹੀ ਆਪਾ ਧਾਪੀ ਵਾਲੀ ਸਥਿਤੀ ਵਿਚ ਬਘੇਲ ਸਿੰਘ ਵਰਗੇ 'ਰਾਜਸੀ ਆਗੂ' ਵੀ ਆਪਣੇ ਹੱਥ ਰੰਗਣੋਂ ਪਿੱਛੇ ਨਹੀਂ ਹੱਟਦੇ ਅਤੇ ਉਸ ਦਾ ਕਾਰਨਾਮਾ ਵੀ 'ਮੁੱਖ ਮੰਤਰੀ' ਰਾਹੀਂ ਜਾਂ ਉਸ ਦੇ ਟਾਊਟਾਂ ਰਾਹੀਂ ਕਰ ਵਖਾਇਆ ਸੀ ਤਾਂ ਹੀ ਉਹ ਚੋਰ–ਮੋਰੀ ਰਖਵਾਉਣ ਵਿਚ ਕਾਮਯਾਬ ਹੋਇਆ ਤੇ, "ਬਘੇਲ ਸਿੰਘ ਨੇ ਪੜਲਾਤ ਕਰਕੇ ਦੱਸਿਆ। ਮੁੱਖ ਮੰਤਰੀ ਵੱਲੋਂ ਕੋਈ ਇਸ਼ਾਰਾ ਨਹੀਂ ਸੀ। ਮੁਕਾਮੀ ਪੁਲਿਸ ਸੋਸਾਇਟੀ ਕੋਲੋਂ ਡਰ ਰਹੀ ਸੀ। ਅਫ਼ਸਰ ਤਫ਼ਤੀਸ਼ ਦੌਰਾਨ ਵੱਡੀਆਂ ਗ਼ਲਤੀਆਂ ਕਰ ਬੈਠੇ ਸਨ।....ਡਰਦੇ ਉਹ ਪ੍ਰਧਾਨ ਦੇ ਇਸ਼ਾਰਿਆਂ ਤੇ ਨੱਚ ਰਹੇ ਸਨ।" (ਪੰਨਾ 308)

ਰਾਜਸੀ ਅਤੇ ਸਮਾਜਿਕ ਪ੍ਰਬੰਧ ਵਿਚ ਸ਼ਾਮਿਲ ਲੋਕਾਂ ਦੀਆਂ ਆਪਸੀ ਸਕੀਰੀਆਂ ਉਨ੍ਹਾਂ ਵਿਚ

ਵਿਸ਼ਵਾਸ ਪੈਦਾ ਕਰਨ ਤੇ ਰੱਖਣ ਦਾ ਆਧਾਰ ਬਣੀਆਂ ਹੁੰਦੀਆਂ ਹਨ ਕਿਉਂਕਿ ਉਹ ਸ਼ੁਰੂ ਤੋਂ ਹੀ ਇਕ ਦੂਜੇ ਨੂੰ ਜਾਣਦੇ ਅਤੇ ਸਮਝਦੇ ਹੁੰਦੇ ਹਨ। ਇੰਜ ਹੀ 'ਨਿਆਇ-ਪ੍ਰਣਾਲੀ' ਤੇ ਵਿਅੰਗ ਕਰਦਿਆਂ ਪ੍ਰਤਾਪ ਸਿੰਘ (ਦਲਾਲ) ਅਤੇ ਪੰਕਜ (ਮੋਹਨ ਦਾ ਪੁੱਤਰ ਜੋ ਮੁਜ਼ਰਮਾਂ ਵਿਚ ਸ਼ਾਮਿਲ ਹੈ) ਵਿਚਕਾਰ ਵਕੀਲ ਕਰਨ ਸੰਬੰਧੀ ਵੀ ਅਜੇਹਾ ਨੁਕਤਾ ਉੱਭਰਤਾ ਹੈ ਆਖਦਾ ਹੈ ਕਿ "ਗੁੱਡ ! ਵਕੀਲ ਆਪਾਂ ਵਾਸੁਦੇਵਾ ਨੂੰ ਕਰਾਂਗੇ। ਉਹ ਲਾਅ ਮਨਿਸਟਰ ਦਾ ਸਕਾ ਭਾਣਜਾ ਹੈ। ਇਸ ਦੀ ਭੂਆ ਦਾ ਦਿਉਰ ਸੁਪਰੀਮ ਕੋਰਟ ਦਾ ਜੱਜ ਹੈ। ਦੋਵੇਂ ਮਹੀਨੇ ਦੋ ਮਹੀਨੇ ਬਾਅਦ ਇੱਥੇ ਚੱਕਰ ਮਾਰਦੇ ਹਨ।...ਇਸ ਵਕੀਲ ਨਾਲ ਮੇਰੀ ਬੁੱਕਲ ਸਾਂਝੀ ਹੈ।...ਇਹ ਵਕੀਲ ਹਰ ਪੱਖੋਂ ਠੀਕ ਰਹੇਗਾ।" (ਪੰਨਾ *147*) ਹੋਰ ਤੇ ਹੋਰ ਅਗਾਂਹ ਤੁਰਦਿਆਂ ਪ੍ਰਤਾਪ ਸਿੰਘ ਇਕ ਹੋਰ ਸਾਂਝ ਦਾ ਇਜ਼ਹਾਰ ਇੰਜ ਹੀ ਕਰਦਾ ਹੈ, "ਕਰਾਈਮ ਬਰਾਂਚ ਦਾ ਆਈ.ਜੀ. ਮੇਰਾ ਯਾਰ ਹੈ। ਵਕੀਲ ਕੋਲੋਂ ਅੱਜ ਹੀ ਦਰਖ਼ਾਸਤ ਟਾਈਪ ਕਰਵਾਉਂਦੇ ਹਾਂ। ਉਹ ਅਰਜੀ ਮੈਂ ਪੁਲਿਸ ਮੁਖੀ ਕੋਲੋਂ ਉਸ ਦੇ ਨਾਂ ਮਾਰਕ ਕਰਵਾ ਲਵਾਂਗਾ। ਉਸ ਕੋਲੋਂ ਪੜਤਾਲ ਕਰਵਾ ਕੇ ਤੁਹਾਨੂੰ ਕੇਸ ਵਿਚੋਂ ਕਢਵਾ ਦੇਵਾਂਗਾ।" (ਪੰਨਾ *149*) ਇੰਜ, "ਪੈਸੇ ਵਿਚ ਬੜੀ ਤਾਕਤ ਹੈ। ਕਾਨੂੰਨ ਇਸ ਦਾ ਗ਼ੁਲਾਮ ਹੈ, "ਤੇ ਸਰੂਰ ਵਿਚ ਆਇਆ ਪ੍ਰਤਾਪ ਸਿੰਘ ਵਾਅਦੇ ਤੇ ਵਾਅਦੇ ਕਰਦਾ ਗਿਆ। ਇਹ ਗਾਲ੍ਹੜੀ ਅਤੇ ਚਲਾਕ ਹੋਣ ਦੀ ਨਿਸ਼ਾਨੀ ਵੀ ਹੈ।"

ਉੱਤਰ-ਵਿਵਸਥਾ ਵਿਚ ਜਿੱਥੇ ਸੰਸਥਾਵਾਂ ਨੂੰ ਆਪਣੀ ਹੋਂਦ ਲਈ ਜੂਝਣਾ ਪੈਂਦਾ ਹੈ ਉਥੇ ਹਰ ਵਿਅਕਤੀ ਆਪਣੀ 'ਸੋਚ ਅਤੇ ਚਾਲ' ਅਨੁਸਾਰ ਕਾਰਜ ਕਰਨ ਦੀ ਨੀਤੀ ਤੇ ਚੱਲਦਾ ਹੈ। ਉਹ ਆਪਣੇ ਮਨ ਦੀ ਗੱਲ ਦੀ ਸੂਝ ਅਤੇ ਸੋਝੀ ਆਪਣੇ ਅੰਦਰਲੇ 'ਆਪੇ' ਨੂੰ ਵੀ ਨਹੀਂ ਪੈਣ ਦਿੰਦਾ। ਇਸੇ ਤਰ੍ਹਾਂ ਹੀ 'ਪੁਲਿਸ-ਤੰਤਰ' ਵੀ ਅਜੇਹੇ ਵਰਤਾਰੇ ਦਾ ਹਿੱਸਾ ਬਣ ਕੇ ਰਹਿ ਜਾਂਦਾ ਹੈ ਕਿਉਂਕਿ ਉਹ ਹਮੇਸ਼ਾ ਸਥਾਪਤੀ ਨਾਲ ਹੀ ਰਿਹਾ ਹੈ ਉਹ ਉਸ ਦੀ ਮਜ਼ਬੂਤੀ ਤੇ ਲਾਚਾਰੀ ਵੀ ਹੈ। ਕਿਉਂਕਿ 'ਪੁਲਿਸ ਤੰਤਰ' ਸਥਾਪਤੀ ਵਿਵਸਥਾ ਦਾ 'ਸਰਕਾਰੀ ਗੁੰਡਾ' ਹੁੰਦਾ ਹੈ ਜੋ ਨਿਆਂ ਦੀ ਓਟ ਵਿਚ ਮਨ ਆਈਆਂ ਕਰਦਾ ਹੈ ਤਾਂ ਹੀ ਰਾਮ ਨਾਥ ਵੀ ਇਸ 'ਮੱਕੜੀ ਜਾਲ' 'ਚੋਂ ਨਿਕਲਣ ਬਾਰੇ ਸੋਚਦਿਆਂ ਫ਼ਿਰਕਮੰਦ ਰਹਿੰਦਾ ਹੈ ਅਤੇ ਉਹ, "ਬਿਹਾਰ ਜਾਣ ਦੇ ਨਫ਼ੇ ਨੁਕਸਾਨਾਂ ਦੇ ਨਾਲ-ਨਾਲ ਪੁਲਿਸ ਕੋਲੋਂ ਖਹਿੜਾ ਛੁਡਾਉਣ ਦੇ ਢੰਗ ਤਰੀਕੇ ਵੀ ਸੋਚ ਰਿਹਾ ਸੀ।" (ਪੰਨਾ *159*) ਇਹ ਸੋਚ ਪਾਂਡਵਾਂ ਦੇ ਹਮਦਰਦ ਦੀ ਪਹਿਲੀ ਹਰ ਦੀ ਨਿਸ਼ਾਨੀ ਵਰਗੀ ਹੈ ਜੋ ਦੁਚਿੱਤੀ ਦਾ ਸ਼ਿਕਾਰ ਹੋ ਜਾਂਦਾ ਹੈ। ਮਹਾਂਭਾਰਤ ਵਿਚ ਇਕ ਸਮੇਂ ਅਜੇਹੀ ਸਥਿਤੀ 'ਅਰਜਨ' ਦੀ ਵੀ ਬਣੀ ਸੀ ਤਾਂ ਕ੍ਰਿਸ਼ਨ 'ਸਾਰਥੀ' ਨੇ ਰਾਹ ਦਰਸਾਇਆ ਸੀ। ਇਕ ਹੋਰ ਚਲਾਕੀ ਕਿ 'ਗੁੰਮਰਾਹ ਕਰਕੇ ਕੁਰਾਹੇ ਪਾਉਣ ਦੀ 'ਖੇਡ' ਦੀ ਖੇਡ ਵੀ ਸਾਹਮਣੇ ਆਉਂਦੀ ਹੈ, ਕਿਉਂਕਿ "ਕਿਸੇ ਦੋਸ਼ੀ ਦੇ ਪਿੰਡੋਂ ਫੜੇ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ, ਨਾਲ ਗਏ ਬੰਦੇ ਨੂੰ ਕੀ ਪਤਾ ਲੱਗਦਾ ਸੀ ਕਿ ਫੜਿਆ ਗਿਆ ਬੰਦਾ ਅਸਲੀ ਸੀ ਜਾਂ ਕਿਸੇ ਬੇਕਸੂਰ ਨੂੰ ਅੜਾਇਆ ਜਾ ਰਿਹਾ ਹੈ।" (ਪੰਨਾ *159*) ਇਹੋ ਸ਼ਕਤੀ ਅਜੋਕੇ ਸਮੇਂ 'ਚ 'ਰਾਜਤੰਤਰ' ਅੱਗੇ ਆਮ ਮਜ਼ਲੂਮ ਦੀ 'ਹਾਰ' ਦਾ ਮਸਲਾ ਵੀ ਬਣ ਕੇ ਸਾਹਮਣੇ ਆਇਆ ਹੈ। ਉਂਜ ਵੀ ਹਰ ਦੌਰ ਵਿਚ ਨਿਆਇ ਖਰੀਦਿਆ ਜਾਂਦਾ ਰਿਹਾ ਹੈ ਤੇ ਅਜੋਕੀ ਵਿਵਸਥਾ ਵਿਚ ਤਾਂ ਹੋਰ ਵੀ ਮਹਿੰਗਾ ਹੋ ਕੇ ਰਹਿ ਗਿਆ ਹੈ। ਇੰਜ ਵੀ ਆਖਿਆ ਜਾ ਸਕਦਾ ਹੈ ਕਿ 'ਉੱਤਰ ਵਿਵਸਥਾ' ਵਿਚ 'ਨਾਇਕ' ਭਾਵੇਂ ਮਰਿਆ ਨਹੀਂ ਪਰ 'ਹਾਰ' ਜ਼ਰੂਰ ਮਹਿਸੂਸ ਕਰ ਰਿਹਾ ਹੈ ਕਿਉਂਕਿ ਜਿਸ 'ਹਾਕਮ' ਰਾਜਸੀ ਆਗੂ ਨੂੰ 'ਅਨਿਆਂ' ਵਿਰੁੱਧ ਖਲੋ ਕੇ ਨਿਆਂ ਦਾ ਸਾਥ ਦੇਣਾ ਬਣਦਾ ਹੈ ਉਹ ਵੀ 'ਵਿਕਾਊ ਮੰਡੀ'

ਦਾ ਮਾਲ ਬਣ ਕੇ ਰਹਿ ਗਿਆ ਹੈ। ਇਸ ਮੱਕਾਰੀ–ਵਿਵਸਥਾ ਵਿਚ, "ਸਿਆਸੀ ਬੰਦਿਆਂ ਦਾ ਕੋਈ ਭਰੋਸਾ ਨਹੀਂ। ਅੱਜ ਇਕ ਦੀ ਝੋਲੀ ਕੱਲ੍ਹ ਨੂੰ ਦੂਜੇ ਦੀ। ਦੋਹਾਂ ਧਿਰਾਂ ਤੋਂ ਪੈਸੇ ਲੈ ਲੈਂਦੇ ਹਨ। ਆਪਣੇ ਤੇ ਬਣਦੀ ਨਜ਼ਰ ਆਵੇ ਪਾਣੀ ਅਫ਼ਸਰਾਂ ਵੱਲ ਰੋੜ੍ਹ ਦਿੰਦੇ ਹਨ।...ਸਿਆਸੀ ਲੋਕ ਆਪਸ ਵਿਚ ਇਕਮਿਕ ਹੋ ਜੇਂਦੇ ਹਨ। ਅਫ਼ਸਰ ਮੁਕੱਦਮੇ ਭੁਗਤਦੇ ਮਰ ਜਾਂਦੇ ਹਨ।" (ਪੰਨਾ 166) ਇਸ ਤਰ੍ਹਾਂ ਦੀ ਵਿਵਸਥਾ ਵਿਚ "ਕਾਮਯਾਬ ਵਿਉਪਾਰੀ (ਵਿਅਕਤੀ) ਉਹੋ ਹੈ ਜੋ ਕਰੋੜਾਂ ਦੀ ਕਾਂਪ ਤਾਂ' ਝੱਲ ਜਾਵੇ ਪਰ ਭੇਤ ਬਾਹਰ ਨਾ ਕੱਢੇ।" (ਪੰਨਾ 167) ਕਿਉਂਕਿ, "ਅਫ਼ਸਰ ਅਤੇ ਨੇਤਾ ਚੰਗੇ ਸਮਿਆਂ ਵਿਚ ਸਾਥ ਦੇਂਦੇ ਹਨ। ਕਦੇ ਭੀੜ ਪੈ ਜਾਵੇ ਤਾਂ ਪੂਛ ਦਬਾ ਕੇ ਭੱਜ ਜਾਂਦੇ ਹਨ।" (ਪੰਨਾ 170) ਇਹ ਹਰ ਸਮੇਂ ਦਾ ਸੱਚ ਰਿਹਾ ਹੈ ਤੇ ਅੱਜ ਵੀ ਇਹੋ ਹੀ ਸੱਚ ਹੈ। ਇਹ ਬੋਲ ਵੀ ਰਾਜਸੀ ਲੀਡਰਾਂ ਦੇ ਕਿਰਦਾਰ ਬਾਰੇ ਬਘੇਲ ਸਿੰਘ ਅਤੇ ਮੁੱਖ ਮੰਤਰੀ ਦੀ ਚਾਲ ਨੂੰ ਉਘਾੜਦੇ ਨਜ਼ਰ ਆਉਂਦੇ ਹਨ ਅਤੇ ਮੁੱਖ ਮੰਤਰੀ ਦਾ ਇਹ ਕਹਿਣਾ ਕਿ, "ਕਿਸ ਤਰ੍ਹਾਂ ਰਿਹਾ ਫੇਰ?" ਮੁੱਖ ਮੰਤਰੀ ਨੂੰ ਇਸ ਮੁਲਾਕਾਤ ਦੇ ਮਕਸਦ ਦਾ ਪਤਾ ਸੀ। ਜਿੱਤੇ ਦੇ ਅਹਿਸਾਸ ਨਾਲ ਭਰੇ ਮੁੱਖ ਮੰਤਰੀ ਨੇ ਕੁਰਸੀ ਤੇ ਬੈਠਦਿਆਂ ਹੀ ਆਪਣੀ ਸਿਆਸੀ ਤਾਕਤ ਦਾ ਅਹਿਸਾਸ ਕਰਾਇਆ।" (ਪੰਨਾ 204)

ਪੁਰਾਤਨ ਭਾਰਤੀ ਸਮਾਜਿਕ ਪਰੰਪਰਾ ਰਾਹੀਂ ਅਜੋਕੀ ਭਾਰਤੀ ਸਮਾਜਿਕ ਪਰੰਪਰਾ ਨੂੰ ਪੁਨਰ ਸੁਰਜੀਤ ਕਰਦਿਆਂ ਜਿੱਥੇ ਇਸਤਰੀ ਦੀ ਦੁਰਦਸ਼ਾ ਦਾ ਉਲੇਖ ਕੀਤਾ ਹੈ ਉਥੇ ਮਿਥਿਹਾਸਕ–ਸੰਕੇਤਾਂ ਰਾਹੀਂ ਦਰੋਪਦੀ 'ਚੀਰ ਹਰਣ' ਨੂੰ ਮੁੜ ਦੁਹਰਾਉਂਦਿਆਂ ਦਰੋਪਦੀ ਵਰਗੀ ਹੋਣੀ ਹੰਢਾਉਣ ਵਾਲੀਆਂ ਇਸਤਰੀਆਂ ਵਿਚ ਮਾਨਸਿਕ ਡਰ ਦੀ ਭਾਵਨਾ ਨੂੰ ਐਨਾ ਪ੍ਰਬਲ ਰੂਪ ਵਿਚ ਉਜਾਗਰ ਕੀਤਾ ਹੈ ਕਿ ਦਰੋਪਦੀਆਂ ਦੇ ਸਾਕ–ਸੰਬੰਧੀ ਵੀ ਇਸ ਤਰ੍ਹਾਂ ਦੇ ਵਰਤਾਰੇ ਤੋਂ ਮੁਨਕਰ ਹੋਣ ਲਈ ਮਜ਼ਬੂਰ ਹੁੰਦੇ ਦਰਸਾਏ ਗਏ ਹਨ, 'ਅਜੋਕੀ ਦਰੋਪਦੀ' ਨਾਲ ਜੋ ਕੁਝ ਵਾਪਰ ਸਕਦਾ ਹੈ ਤੇ ਵਾਪਰਦਾ ਹੈ ਉਹ ਇਹੋ ਜਿਹਾ ਹੋ ਸਕਦਾ ਹੈ "ਉਸ ਦੇ ਮੱਥੇ ਤੇ ਗੁੱਸੇ ਅਤੇ ਨਫ਼ਰਤ ਦੀ ਝਲਕ ਸੀ। ਦੋਹਾਂ ਗੱਲਾਂ ਉਪਰ ਦੰਦੀਆਂ ਦੇ ਨਿਸ਼ਾਨ ਸਨ ਜਿਨ੍ਹਾਂ ਵਿਚੋਂ ਖ਼ੂਨ ਨਿੰਮ ਰਿਹਾ ਸੀ। ਗਰਦਨ ਅਤੇ ਠੋਡੀ ਉਪਰਲੇ ਨਹੁੰਦਰਾਂ ਦੇ ਨਿਸ਼ਾਨਾਂ ਵਿਚੋਂ ਵੀ ਲਾਲੀ ਦੀ ਭਾਹ ਮਾਰ ਰਹੀ ਸੀ। ਅੱਖਾਂ ਬਹਿ ਚੁਕੇ ਹੰਝੂਆਂ ਕਾਰਣ ਸੁੱਜੀਆਂ ਹੋਈਆਂ ਸਨ।...ਕੰਨਾਂ ਵਿਚੋਂ ਵਾਲੀਆਂ ਧੂਹ ਕੇ ਖਿੱਚੀਆਂ ਗਈਆਂ ਸਨ।" (ਪੰਨਾ 29) ਜਦੋਂ ਦਰੋਪਦੀ ਹੋਸ਼ ਕਰੇਗੀ ਤਾਂ ਇਹੋ ਹੀ ਕੂਕੇਗੀ, "ਮੇਰੀ ਇੱਜ਼ਤ ਲੁੱਟੀ ਗਈ। ਮੈਨੂੰ ਜ਼ਹਿਰ ਕੇ ਕੇ ਮਾਰ ਦਿਓ!" (ਪੰਨਾ 29) ਅਜੇਹੀ ਸਥਿਤੀ ਵਿਚ ਇਕ ਸਿਆਣੀ ਸੁਝਵਾਨ ਤੇ ਇਜ਼ੱਤ/ਮਰਿਆਦਾ ਧਾਰਨੀ ਦਰੋਪਦੀ ਬਾਰੇ ਇਹ ਵੀ ਸੋਚਿਆ ਜਾਂਦਾ ਹੈ ਕਿ " ਲੋਕ ਠੀਕ ਆਖਦੇ ਹਨ। ਵਕੀਲਾਂ ਦੇ ਸੀਨੇ ਵਿਚ ਦਿਲ ਨਹੀਂ ਹੁੰਦਾ। ਉਹ ਸ਼ਰਮ ਦੀ ਮਾਰੀ ਆਤਮ ਹੱਤਿਆ ਕਰਨ ਨੂੰ ਫਿਰਦੀ ਹੈ।" (ਪੰਨਾ 37) ਦੂਜੇ ਪਾਸੇ ਸੰਵੇਦਨਸ਼ੀਲਤਾ ਅਤੇ ਵਿਅਕਤੀ ਦੀ ਦੂਰਦਰਸ਼ਤਾ ਕੁਝ ਇਸ ਤਰ੍ਹਾਂ ਵੀ ਤੁਰਦੀ ਹੈ ਕਿ ਉਹ ਦੁਬਾਰਾ ਦੁਰਘਟਨਾ ਨੂੰ ਸੋਚ ਕੇ ਵੀ ਠਠੰਬਰ ਜਾਂਦਾ ਹੈ। ਨੇਹਾ ਨੂੰ ਵੀ ਅਜੇਹਾ ਹੀ ਸਬਕ ਪੜ੍ਹਿਆ ਜਾਂਦਾ ਹੈ ਕਿ 'ਕਾਨੂੰਨ ਅੰਨਾ ਅਤੇ ਨਿਰਦਈ ਹੈ' ਇਸ ਲਈ ਉਹ ਕਹਾਣੀ ਨੂੰ ਦੁਹਰਾਵੇਗੀ ਤਾਂ ਹੀ 'ਕੌਰਵ ਸਭਾ' ਵਿਚ ਜਿੱਤ ਸਕੇਗੀ ਜੇਕਰ ਅਜੇਹਾ ਨਹੀਂ ਤਾਂ ਕੁ ਵੀ ਨਹੀਂ ਭਾਵ ਹਾਰੀ ਦਰੋਪਦੀ ਸਦਾ ਹੀ ਹਾਰੀ ਰਹੇਗੀ। ਸਮਾਜਿਕ ਵਰਤਾਰੇ ਵਿਚ ਅੱਜ ਇਹ ਸਾਰਾ ਕੁਝ ਖੁੱਲੇ ਦੀ ਥਾਂ 'ਗੁਪਤ' ਰੱਖਣ ਵਿਚ ਹੀ ਚੰਗਾ ਸਮਝਿਆ ਜਾਂਦਾ ਹੈ। ਇਥੇ ਆ ਕੇ ਦਰੋਪਦੀ ਉਤਰ–ਵਿਵਸਥਾ ਵਿਚ ਹੈ ਜੇ ਉਹ 'ਸੱਚ' ਬਿਆਨਦੀ ਹੈ ਤਾਂ ਭਵਿੱਖ ਧੁੰਧਲਕੇ ਵਿਚ ਰਹੇਗਾ ਜੇਕਰ ਨਹੀਂ ਤਾਂ ਮਾਨਸਿਕ

ਹਾਰ ਹੈ ਤੇ ਨਿੱਤ ਦੀ ਮੌਤ ਦਾ ਦ੍ਰਿਸ਼ ਅੱਖਾਂ ਅੱਗੇ ਰਹੇਗਾ। ਇਕ ਪਾਸੇ, "ਡਾਕਟਰ ਨੇ ਸਾਫ਼ ਲਿਖਿਆ ਹੈ। ਲੜਕੀ ਪਾਕ ਹੈ। ਪਰਚੇ ਵਿਚ ਬਲਾਤਕਾਰ ਦਾ ਜ਼ਿਕਰ ਨਹੀਂ। ਪਿੱਛੋਂ ਪਤਾ ਨਹੀਂ ਪੁਲਿਸ ਨੇ ਇਸ ਜ਼ੁਰਮ ਨੂੰ ਕਿਉਂ ਘਸੋੜ ਲਿਆ।" (ਪੰਨਾ 298) ਤੇ ਦੂਜੇ ਪਾਸੇ, "ਪੁਲਿਸ ਵੱਲੋਂ ਕਬਜ਼ੇ ਵਿਚ ਲਏ ਗਏ ਉਸ ਦੇ ਅੰਡਰਵੀਅਰ ਬਾਰੇ ਸੀ। ਅੰਡਰਵੀਅਰ ਉਪਰ ਲੱਗੇ ਖ਼ੂਨ ਦੇ ਧੱਬਿਆਂ ਬਾਰੇ ਸੀ। ਉਸ ਦਾ ਇਸ਼ਾਰਾ ਬੈੱਡ ਤੇ ਵਿਛੀ ਚਾਦਰ ਅਤੇ ਦੋਸ਼ੀਆਂ ਦੇ ਕਪੜਿਆਂ ਵੱਲ ਸੀ ਜਿੰਨਾ ਉਪਰ ਵੀਰਯ ਦੇ ਧੱਬੇ ਹੋਣ ਦਾ ਜ਼ਿਕਰ ਸੀ।" (ਪੰਨਾ 299) ਇਸ ਤਰ੍ਹਾਂ ਦੁਚਿੱਤੀ ਅੱਜ ਦਾ 'ਫ਼ਰਦ' ਹੰਢਾ ਰਿਹਾ ਹੈ ਤੇ ਪਹਿਲਾਂ ਵੀ ਸੀ ਪਰ, "ਕਾਨੂੰਨ ਸਾਨੂੰ ਨਾ ਸੱਚ ਬੋਲਣ ਦਿੰਦੈ ਨਾ ਝੂਠ। ਸੱਚ ਬੋਲਾਂਗੇ ਤਾਂ ਤੱਥਾਂ ਨੇ ਕਾਨੂੰਨ ਦੁਆਰਾ ਘੜੀ–ਜ਼ੁਰਮ ਦੀ ਪਰਿਭਾਸ਼ਾ ਵਿਚ ਫਿੱਟ ਨਹੀਂ ਬੈਠਣਾ। ਦੋਸ਼ੀ ਬਰੀ ਹੋਣ ਜਾਣਗੇ।" (ਪੰਨਾ 299) ਇਹ ਅਜੇਹੀ ਵਿਵਸਥਾ ਹੈ, ਜੋ ਵਿਅਕਤੀ ਵਿਸ਼ੇਸ਼ ਨੂੰ ਆਤਮਘਾਤ ਵੱਲ ਲਿਜਾਂਦੀ ਹੈ। ਨੇਹਾ ਵੀ ਅਜੇਹਾ ਸੋਚਣ ਲਈ ਮਜ਼ਬੂਰ ਹੁੰਦੀ ਹੈ, "ਉਹ ਚਾਦਰ ਓੜ ਕੇ ਪੈ ਜਾਂਦੀ। ਘੰਟਿਆਂ ਵੱਧੀ ਪਈ ਰਹਿੰਦੀ। ਛੱਤ ਵੱਲ ਤੱਕਦੀ ਰਹਿੰਦੀ। ਛੱਤ ਉਪਰ ਕਤਲ ਬਲਾਤਕਾਰ ਅਤੇ ਲੁੱਟ–ਖੋਹ ਦੇ ਦ੍ਰਿਸ਼ ਉਘੜਨ ਲੱਗਦੇ। ਇਹ ਦ੍ਰਿਸ਼ ਦੇਖ–ਦੇਖ ਉਸ ਦਾ ਮਨ ਚੀਕਾਂ ਮਾਰਨ ਅਤੇ ਰੋਣ ਕੁਰਲਾਉਣ ਨੂੰ ਕਰਨ ਲੱਗਦਾ।" (ਪੰਨਾ 298) ਇਹ ਸਾਰੀਆਂ ਸਥਿਤੀਆਂ ਜਿੱਥੇ ਮਨੁੱਖ ਨੂੰ ਨਿਰਾਸ਼ਾ, ਦੁਬਿਧਾ, ਮਾਨਸਿਕ ਤਣਾਓ ਅਤੇ ਆਤਮਘਾਤ ਵੱਲ ਲਿਜਾਂਦੀਆਂ ਹਨ ਉਥੇ ਮਾਨਸਿਕ ਰੋਗੀ ਵੀ ਬਣਾਉਣ ਲਈ ਜ਼ਿੰਮੇਵਾਰ ਹਨ।

ਭਾਰਤੀ ਮਿਥਿਹਾਸਕ ਦੌਰ ਦੀ ਕਥਾ ਵਿਚ ਤਾਂ ਦਰੋਪਦੀ ਦਾ ਚੀਰ–ਹਰਣ ਜਿੱਥੇ ਕੌਰਵਾਂ ਨੇ ਭਰੀ ਸਭਾ ਵਿਚ ਕੀਤਾ ਸੀ ਉਥੇ ਉਸ ਦੇ ਉਲਟ ਅੱਜ ਦੀ ਦਰੋਪਤੀ ਦਾ ਚੀਰ–ਹਰਣ ਭਾਵੇਂ ਇਕੱਲਤਾ ਵਿਚ ਕੀਤਾ ਜਾਵੇ ਪਰ ਉਸ ਦੀ ਹੋਣੀ ਅਤੇ ਨਤੀਜੇ ਭਰੀ ਸਭਾ ਵਿਚ ਹੀ ਭੁਗਤਣੇ ਪੈਂਦੇ ਹਨ ਜਿਸ ਦਾ ਜ਼ਿਕਰ ਕਰਦਿਆਂ ਵੀ ਝਿਜਕ ਮਹਿਸੂਸ ਹੁੰਦੀ ਹੈ। ਨੇਹਾ ਨੇ ਸ਼ਿੰਦੋ ਦਾ 'ਚੀਰਹਰਣ' ਦਾ ਬਿਰਤਾਂਤ ਪੜ੍ਹ ਕੇ ਹੀ ਤੋਬਾ ਕਰ ਲਈ ਕਿਉਂਕਿ ਉਸ ਨੇ ਜਿਸ 'ਮਾਮੇ' ਤੇ ਐਨਾ ਭਰੋਸਾ ਜਿਤਾਇਆ ਸੀ ਉਹ ਵੀ ਪਾਂਡਵ ਨਾ ਹੋ ਕੇ ਕੌਰਵ ਸਭਾ ਦਾ ਹੀ 'ਕੀੜਾ' ਨਿਕਲਿਆ ਸੀ। ਉਸ ਨੂੰ ਸਮਝ ਆ ਗਈ ਸੀ ਕਿ ਸਭਾ ਵਿਚ ਹੋਰ ਕੋਈ ਨਹੀਂ ਆਪਣੇ ਹੀ ਚਲਾਕੀ ਨਾਲ 'ਚੀਰ–ਹਰਣ' ਦੀ ਕਥਾ ਸੁਣ ਕੇ ਸਵਾਦ ਪੂਰਾ ਕਰਦੇ ਹਨ। ਉਸ ਦੀ ਸੋਚ ਵਿਚ "ਕਦੇ ਦੁਸ਼ਾਸ਼ਨ ਬਣ ਕੇ ਰਾਮ ਨਾਥ ਨੇ ਸ਼ਿੰਦੋ ਦੇ ਚੀਰ–ਹਰਣ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ ਨੇਹਾ ਬੇਟੀ ਦਾ ਚੀਰ–ਹਰਣ ਕਰਨਾ ਸੀ। ਭੀਸ਼ਮ ਪਿਤਾਮਾ ਵਾਂਗ ਮਜ਼ਬੂਰ ਰਾਮ ਨਾਥ ਨੇ ਛਟ ਪਟਾ ਕੇ ਰਹਿ ਜਾਣਾ ਸੀ।" (ਪੰਨਾ 312) ਇਥੇ ਆ ਕੇ 'ਵਕੀਲ ਜਮਾਤ' ਦੀਆਂ ਕਰਤੂਤਾਂ ਤੇ ਲਾਲਸਾ ਨੂੰ ਮੁਆਫ਼ੀ ਵਾਲਾ ਮੰਨ ਕੇ ਰਾਮ ਨਾਥ ਇੰਜ ਸਫ਼ਾਈ ਦੇਣ ਲੱਗਦਾ ਹੈ, "ਅਸੀਂ ਸਭ ਵਕੀਲ, ਸਭ ਸ਼ਿੰਦੋਆਂ ਅਤੇ ਨੇਹਾਂ ਦੇ ਗੁਨਾਹਾਰ ਹਾਂ। (ਪੰਨਾ 302)

ਪੁਰਾਤਨ ਭਾਰਤੀ ਸਭਿਆਚਾਰਕ ਵਿਵਸਥਾ ਵਿਚ ਮਾਨਸਿਕ ਦਵੰਦ ਵਿਚੋਂ ਨਿਕਲਣ ਦਾ ਰਾਹ ਅਧਿਆਤਮਕ ਟੇਕ ਮੰਨਿਆ ਜਾਂਦਾ ਰਿਹਾ ਹੈ। ਇਸੇ ਲਈ ਦਰੋਣਾਚਾਰੀਆ ਭਾਵੇਂ ਕੌਰਵਾਂ ਤੇ ਪਾਡਵਾਂ ਦਾ ਸਾਂਝਾ ਗੁਰੂ ਕਿਹਾ ਅਤੇ ਰਹੇਗਾ ਪਰ ਮੌਕਾ ਪਾ ਕੇ ਉਹ ਕਿਧਰੇ ਵੀ ਲੜਣ ਲਈ ਤਿਆਰ ਹੋ ਜਾਂਦੀ ਹੈ। ਇਸ ਧਾਰਮਿਕ ਵਿਸ਼ਵਾਸ ਨੂੰ ਪਕਿਆਉਣ ਲਈ 'ਨੇਹਾ' ਵੀ ਜਿੱਥੇ ਪਹਿਲਾਂ ਯੋਗ ਸਾਧਨਾ ਰਾਹੀਂ 'ਦੁਰਗਾ ਕਵਚ' ਦਾ ਪ੍ਰਭਾਵ ਗ੍ਰਹਿਣ ਕਰਨ ਵਿਚ ਲੱਗੀ ਰਹੀ ਸੀ ਉਥੇ ਉਹ ਮੰਨਦੀ

ਸੀ ਕਿ "ਯੋਗ ਸਾਧਨਾ ਰਾਹੀਂ ਇਸ ਸੁੱਤੀ ਸ਼ਕਤੀ ਨੂੰ ਜਗਾਇਆ ਜਾ ਸਕਦਾ ਸੀ । ਜਾਗੀ ਸ਼ਕਤੀ ਮੂਲਾਧਾਰ ਚੱਕਰ ਤੋਂ ਉੱਠ ਕੇ ਤਾਲੂਏ ਵੱਲ ਉਥਾਨ ਕਰਦੀ ਸੀ । ਇਸ ਉਥਾਨ ਦੌਰਾਨ ਉਹ ਵਿਚਕਾਰਲੇ ਚੱਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਸੀ ।" (ਪੰਨਾ *109*) ਪਰੰਤੂ ਨੇਹਾ ਨਾਲ ਜੋ ਵਾਪਰਦਾ ਸੀ ਉਹ ਸੀ ਕਿ, "ਯੋਗ ਸਾਧਨਾ ਦੌਰਾਨ ਉਂਗਲਾਂ ਅਤੇ ਹਥੇਲੀਆਂ ਵਿਚੋਂ ਠੰਡੀਆਂ ਤਰੰਗਾਂ ਨਿਕਲਦੀਆਂ ਸਨ । ਜਿਉਂ ਜਿਉਂ ਕੁੰਡਲਣੀ ਮਾਂ ਦਾ ਉਥਾਨ ਹੁੰਦਾ ਸੀ ਤਿਉਂ ਤਿਉਂ ਤਰੰਗਾਂ ਦੀ ਠੰਡਕ ਵੱਧਦੀ ਜਾਂਦੀ ਸੀ ।" (ਪੰਨਾ *110*) ਇਸ ਸਾਰੇ ਦੇ ਬਾਵਜੂਦ ਜਦੋਂ ਦਰੋਪਦੀ ਨਿਸ਼ਚਾ ਕਰਕੇ ਤੁਰਦੀ ਸੀ ਤਾਂ ਉਹ ਕੌਰਵਾਂ ਤੋਂ ਬਦਲਾ ਲੈਣ ਦੀ ਸੋਚਦੀ ਰਹੀ ਤੇ ਅੰਤ ਤੱਕ ਸਫ਼ਲ ਵੀ ਹੋਈ ਸੀ, ਪਰੰਤੂ ਨੇਹਾ ਉਤੇ ਇਹ ਉਲਟ ਅਸਰ ਹੋਇਆ ਅਤੇ ਉਸ ਦੀ ਸੋਚ ਵਿਚ, "ਮਨੁੱਖ ਦੇ ਹੱਥ ਕੁਝ ਵੀ ਨਹੀਂ । ਨਾ ਜਨਮ ਉਸ ਦੀ ਮਰਜ਼ੀ ਨਾਲ ਹੁੰਦਾ ਹੈ ਨਾ ਮੌਤ ਪੁੱਛ ਕੇ ਆਉਂਦੀ ਹੈ । ਮਨੁੱਖ ਕੇਵਲ ਕਰਤਾ ਹੈ । ਕਰਨ ਕਰਾਉਣ ਵਾਲਾ ਪ੍ਰਮਾਤਮਾ ਹੈ । ਪ੍ਰਮਾਤਮਾ ਸਭ ਦਾ ਭਲਾ ਚਾਹੁੰਦਾ ਹੈ । ਉਸ ਦੀ ਰਜ਼ਾ ਵਿਚ ਰਹਿਣ ਵਿਚ ਹੀ ਸੁੱਖ ਹੈ ।" (ਪੰਨਾ *327*) ਇਹ ਉਹ ਦੇ ਮਨ ਵਿਚ ਘਰ ਕਰਨ ਲੱਗ ਪਿਆ । ਇੰਜ ਅੱਜ ਦੀ ਕੌਰਵ ਸਭਾ ਵਿਚ ਹਾਰਨ ਕਾਰਣ ਅੱਜ ਦੀ ਦਰੋਪਰਦੀ ਵਿਆਕੁਲ ਹੈ ਤੇ ਉਸ ਦੇ ਸਹਾਇਕ ਵੀ, ਤਾਂ ਹੀ "ਉਨ੍ਹਾਂ ਦੇ ਮਨਾਂ ਵਿਚ ਆਇਆ ਠਹਿਰਾਅ ਗਾਇਬ ਸੀ । ਕਮਲ ਦੀ ਯਾਦ ਉਨ੍ਹਾਂ ਨੂੰ ਮੁੜ ਸਤਾਉਣ ਲੱਗੀ ਸੀ । ਦੋਹਾਂ ਦੇ ਕਮਰਿਆਂ ਦੀ ਬੱਤੀਆਂ ਸਾਰੀ ਸਾਰੀ ਰਾਤ ਜਗਦੀਆਂ ਰਹਿੰਦੀਆਂ ਸਨ । ਸਾਰੀ ਰਾਤ ਉਹ ਕਰਵਟਾਂ ਲੈਂਦੇ ਸਨ ।" (ਪੰਨਾ *317*) ਇਹ ਸਾਰਾ ਕੁਝ ਭਵਿੱਖ ਦੀ ਚਿੰਤਾ ਵਿਚੋਂ ਡਰ ਤੇ ਤਣਾਓ ਦਾ ਉਭਰਨਾ ਹੀ ਹੈ । ਸਿੱਟੇ ਵਜੋਂ ਨੇਹਾ ਸਾਰੇ ਵਰਤਾਰੇ ਨੂੰ ਕੁਦਰਤੀ ਵਰਤਾਰੇ ਵਜੋਂ ਸਵੀਕਾਰ ਕਰਕੇ ਆਪਣੀ ਸ਼ਕਤੀ ਨੂੰ ਘਟਾ ਕੇ ਵੇਖਦੀ ਹੈ ਜਿਸ ਕਰਕੇ ਉਹ ਨਿਰਣਾ ਲੈਣ ਵਿਚ ਅਸਫ਼ਲ ਰਹਿੰਦੀ ਹੈ । ਕੌਰਵ ਸਭਾ ਵੇਲੇ ਵੀ ਨਤੀਜਿਆਂ ਤੋਂ ਪਹਿਲਾਂ ਅਜੇਹਾ ਹੀ ਵਾਪਰਦਾ ਰਿਹਾ ਹੈ । ਪਰੰਤੂ ਉਥੇ ਦਰੋਪਦੀ ਨੇ ਆਪਣੀ 'ਦ੍ਰਿੜਤਾ ਤੇ ਮਾਨਸਿਕ ਸ਼ਕਤੀ' ਕਾਰਨ ਕੌਰਵਾਂ ਨੂੰ ਹਾਰ ਦਿਖਾ ਦਿੱਤੀ ਸੀ, ਪਰ ਅੱਜ ਦੀ ਦਰੋਪਦੀ (ਨੇਹਾ) ਨਾਲ ਖਲੋਣ ਵਾਲਾ ਇਕ ਸੱਚਾ ਪਾਂਡਵ ਨਹੀਂ ਹੈ ਜਿਸ ਕਰਕੇ ਦਰੋਪਦੀ ਇਕੱਲੀ ਰਹਿ ਗਈ ਹੈ । ਅਜੇਹੀ ਦਵੰਦਾਤਮਕ ਅਤੇ ਚਿੰਤਾਮਈ ਸਥਿਤੀ ਵਿਚ ਉਸ ਸਾਹਮਣੇ ਇਹ ਸਵਾਲ ਵੀ ਹੈ ਕਿ ਉਸ ਕਿਸ ਤੇ ਇਤਬਾਰ ਕਰੇ ਤੇ ਕਿਸ ਤੇ ਨਾ ਕਰੇ?

ਚੰਗਿਆਈ/ਨੇਕੀ/ਸੱਚ ਅਤੇ ਦਲੇਰੀ ਕਦੇ ਵੀ ਮੇਰੇ ਨਹੀਂ ਲਿੱਸੇ ਜ਼ਰੂਰ ਹੁੰਦੇ ਰਹੇ ਹਨ । ਇੰਜ ਹੀ 'ਕੌਰਵ ਸਭਾ' ਵਿਚਲਾ ਸਾਧੂ ਸਿੰਘ ਸੁਭਾਅ ਅਤੇ ਚਰਿੱਤਰ ਪੱਖੋਂ ਨਾਂ ਨਾਲ ਇਨਸਾਫ਼ ਕਰਦਾ ਹੈ ਪਰ ਉਹ ਵੀ ਸਵੈ-ਸੰਵਾਦ ਵਿਚ ਦਵੰਦ ਦਾ ਸ਼ਿਕਾਰ ਹੈ ਕਿਉਂਕਿ ਉਹ ਇਕੱਲਾ ਤੇ ਨਿਹੱਥਾ ਕਰ ਦਿੱਤਾ ਹੈ । ਇਸ ਲਈ ਉਹ ਸੋਚਦਾ ਹੈ, "ਸਾਰੇ ਵਕੀਲ ਇਕੋ ਥੈਲੀ ਦੇ ਚੱਟੇ ਵੱਟੇ ਸਨ । ਡੱਡੂਆਂ ਵਾਂਗ ਇਕੋ ਰਾਗ ਅਲਾਪ ਰਹੇ ਸਨ । ਇਕੱਠੇ ਹੋ ਕੇ ਉਨ੍ਹਾਂ ਨੇ ਅਭਿਮਨੀਉਂ ਵਾਂਗ ਉਸ ਨੂੰ ਚੱਕਰਵਿਊ ਵਿਚ ਫਸਾ ਲਿਆ ਸੀ ।" (ਪੰਨਾ *322*) ਭਾਵ ਕਿ 'ਨਿਆਇ ਸ਼ਾਸਤਰੀ ਵੀ ਕੌਰਵ ਸਭਾ ਦੇ ਹੀ ਹਿੱਸੇ ਹਨ । ਨੰਦ ਲਾਲ ਤਾਂ ਵਧੇਰੇ ਹੀ ਸਪੱਸ਼ਟਤਾਵਾਦੀ ਹੈ ਉਹ ਬੋਲਦਾ ਹੈ, "ਘਬਰਾਓ ਨਹੀਂ । ਮੇਰੀ ਅਗਲੀ ਚਾਲ ਇਸ ਤੋਂ ਵੀ ਖ਼ਤਰਨਾਕ ਹੋਵੇਗੀ । ਜੱਜ ਦੇ ਹੱਥ ਛੇ ਮਹੀਨੇ ਲਈ ਬੰਨੇ ਜਾਣਗੇ ।" (ਪੰਨਾ *323*) ਇਹ ਤਾਂ ਉਸ ਸਥਿਤੀ ਦਾ ਪੁਨਰ-ਸਿਰਜਣ ਹੈ ਜਿਸ ਦੇ ਸਿੱਟੇ ਵਜੋਂ ਕੌਰਵ ਸਭਾ ਵਿਚ ਭੀਸ਼ਮ ਪਿਤਾਮਾ ਅਤੇ ਦਰੋਣਾਚਾਰੀਆ ਵੀ ਬੇਬੱਸ ਹੋ ਕੇ ਰਹਿ ਗਏ ਸਨ । ਇਹ ਕਿੰਨੀ

ਵਿਡੰਬਨਾ ਹੈ ਕਿ ਇੰਜ ਦਰੋਪਤੀ ਜਿੱਤਦੀ-ਜਿੱਤਦੀ ਵੀ ਹਾਰਦੀ ਹੈ। ਇਹੋ ਹੀ ਉੱਤਰ ਅਵਸਥਾ ਦੀ ਪਛਾਣ ਹੈ।

ਕੌਰਵਾਂ ਦੀ ਸੈਨਾ ਵਾਂਗ ਇਸ ਨਾਵਲ ਵਿਚ ਵੀ ਭਈਏ (ਪਰਵਾਸੀ ਮਜ਼ਦੂਰ ਜਮਾਤ) ਕਿਰਾਏ ਦੇ ਹਨ ਜਿਸ ਕਰਕੇ ਉਨ੍ਹਾਂ 'ਤੇ ਵਧੇਰੇ ਜ਼ਿੰਮੇਵਾਰੀ ਆਇਦ ਨਹੀਂ ਹੁੰਦੀ। ਉਹ ਤਾਂ ਇਸ ਸਮਾਜਿਕ ਬਣਤਰ ਵਿਚ ਪ੍ਰਦੇਸੀ ਹਨ ਪਰੰਤੂ ਵਰਤਾਰੇ ਵਿਚਲੀਆਂ ਘਟਨਾਵਾਂ ਨੂੰ ਸਿਰੇ ਚਾੜ੍ਹਨ ਵਾਲੇ 'ਪਿਆਦੇ' ਹੁੰਦਿਆਂ ਵੀ ਆਪਣਾ ਅਸਰ ਰੱਖਦੇ ਹਨ। 'ਪਿਆਦੇ' ਹਰ ਯੁੱਗ ਵਿਚ ਲਾਲਚੀ, ਰਾਤੋਂ-ਰਾਤ ਅਮੀਰ ਬਣਨ ਦੇ ਚਾਹਵਾਨ ਹਨ ਜਿਸ ਕਰਕੇ ਇਨ੍ਹਾਂ ਦੀ ਲਾਲਸਾ ਵੀ ਬਾਕੀਆਂ ਨਾਲੋਂ ਘੱਟ ਨਹੀਂ ਹੈ।

ਇਹ ਨਾਵਲ ਤਿੰਨ ਭਾਗਾਂ ਨੂੰ ਇਕ ਜੁੱਟ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਹੈ। ਪਹਿਲੇ ਭਾਗ ਵਿਚ ਘਟਨਾ ਦਾ ਵਾਪਰਨਾ ਤੇ ਸੰਘਰਸ਼ ਵੱਲ ਤੁਰਨਾ ਹੈ, ਦੂਜੇ ਭਾਗ ਵਿਚ ਸ਼ਕਤੀ ਦਾ ਫੈਲਾਓ ਅਤੇ ਤੀਜੇ ਭਾਗ ਵਿਚ ਫੈਲਾਓ ਦੀਆਂ ਦਿਸ਼ਾਵਾਂ ਤੇ ਹੋਣੀਆਂ ਦਾ ਬਿਰਤਾਂਤ ਹੈ, ਜੋ ਮੰਨਣਾ ਹੀ ਪੈਂਦਾ ਹੈ, ਦੀ ਟੇਕ ਲੈ ਕੇ ਤੁਰਦਾ ਰਿਹਾ ਹੈ। ਇਸ ਤਰ੍ਹਾਂ 'ਨੇਕੀ ਦੀ ਜਿੱਤ ਅਤੇ ਬਦੀ ਦੀ ਹਾਰ' ਦੀ ਮਿੱਥ ਨੂੰ ਤੋੜਦਾ ਇਹ ਨਾਵਲ, ਨਾਇਕ ਵਿਹੂਣੇ ਸਮਾਜ ਦੀ ਤਸਵੀਰ ਪੇਸ਼ ਕਰਦਾ ਹੈ ਜਿਸ ਵਿਚ ਨਾਇਕ ਬਣਦਾ-ਬਣਦਾ ਵਿਅਕਤੀ ਵਿਸ਼ੇਸ਼ ਖ਼ਲਨਾਇਕ ਬਣ ਕੇ ਸਾਹਮਣੇ ਆਉਂਦਾ 'ਮਜ਼ਬੂਰ ਮਨੁੱਖ' ਹੈ। ਕਿਉਂਕਿ ਅਜੋਕੇ ਸਮਾਜ ਵਿਚ ਨਾਇਕਤਵ ਅਤੇ ਖ਼ਲਨਾਇਕਤਵ ਦੋ ਵੱਖੋ-ਵੱਖਰੇ ਅਸਤਿਤਵ ਨਹੀਂ ਸਗੋਂ ਇਹ ਇਕੋ ਹੀ ਮਨੁੱਖ ਦੇ ਦੋ ਪਹਿਲੂ ਬਣ ਗਏ ਹਨ ਜਿਸ ਕਰਕੇ ਨਾਇਕ ਅਤੇ ਖ਼ਲਨਾਇਕ ਦਾ ਸਪੱਸ਼ਟ ਤੌਰ 'ਤੇ ਨਿਰਣਾ ਕਰਨਾ ਔਖਾ ਹੋ ਗਿਆ ਹੈ। ਇਸ ਤਰ੍ਹਾਂ ਇਹ ਗੱਲ ਵੀ ਸਪੱਸ਼ਟ ਹੈ ਕਿ ਕਿਸੇ ਵੀ ਦੌਰ ਦਾ ਸੱਤਾ ਧਾਰੀ ਸਮਾਜ ਆਪਣੀ ਹੈਂਕੜੀ ਅਤੇ ਹਿੰਸਕ ਰਾਜਨੀਤੀ ਦਾ ਤਿਆਗ ਨਹੀਂ ਕਰਦਾ ਸਗੋਂ ਹੋਰਾਂ ਸ਼ਕਤੀਆਂ ਨੂੰ ਵੀ ਆਪਣੇ ਮਨੋਰਥ ਪੂਰਤੀ ਲਈ ਸ਼ਾਮਿਲ ਕਰਕੇ ਵਰਤਣ ਦੀਆਂ ਜੁਗਤਾਂ ਲੱਭਦਾ ਰਹਿੰਦਾ ਹੈ। ਇਤਿਹਾਸ ਫਰੋਲਦਿਆਂ ਅਸੀਂ ਅੱਜ ਤੱਕ ਜਿਸ ਨਿਆਂ ਪ੍ਰਣਾਲੀ ਦੀਆਂ ਟਾਹਰਾਂ ਬੰਦੇ ਮਾਰਦੇ ਆਏ ਹਨ ਉਨ੍ਹਾਂ ਵਿਚਲਾ 'ਤੰਤਰ' ਇਕ ਛੜਯੰਤਰ ਦਾ ਰੂਪ ਧਾਰ ਕੇ ਸਾਡੇ ਸਾਹਮਣੇ ਆਇਆ ਹੈ ਅਤੇ ਇੰਜ ਭਾਸਣ ਲੱਗਦਾ ਹੈ ਕਿ ਸਾਰਾ ਸਮਾਜ ਹੀ 'ਕੌਰਵ ਸਭਾ' ਬਣ ਗਿਆ ਹੈ।

ਨਿਰਸੰਕੋਚ ਅਸੀਂ ਕਹਿ ਸਕਦੇ ਹਾਂ ਕਿ ਇਸ ਗਲਪੀ ਸੰਸਾਰ ਰਾਹੀਂ ਅਸੀਂ ਭਾਰਤੀ ਮਿਥਿਹਾਸ ਵਿਚ ਪਈ ਮਿੱਥ ਕਥਾ (ਨੇਕੀ ਦੀ ਜਿੱਤ) ਦੀ ਆਧੁਨਿਕ ਦੌਰ ਵਿਚ ਪੁਨਰ-ਸੁਰਜੀਤੀ ਰਾਹੀਂ ਯਥਾਰਥਕ ਹੋਣੀ ਦਾ ਬੁਨਿਆਦੀ ਤੌਰ 'ਤੇ ਨਵਾਂ ਅਰਥ ਗ੍ਰਹਿਣ ਕਰਨ ਯੋਗ ਹੋ ਸਕਦੇ ਹਾਂ ਅਤੇ ਉੱਤਰ ਆਧੁਨਿਕ ਦੌਰ ਵਿਚ ਮਾਇਆ ਨਗਰੀ ਵਿਚ ਵੱਸਦੇ ਵੇਦ, ਵਾਸੁਦੇਵ, ਪੂੰਜੀ, ਨਾਇਕ, ਖ਼ਲਨਾਇਕ ਦੇ ਰਾਹੀਂ ਸਮੁੱਚੇ ਸਮਾਜ ਅਤੇ ਸਾਰੇ 'ਤੰਤਰਾਂ' ਦੇ ਅਰਥ ਵੀ ਸਮਝ ਵਿਚ ਸਫ਼ਲ ਹੋ ਸਕਦੇ ਹਾਂ। ਸੋ ਇਸ ਨਾਵਲ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਸ ਨੇ ਮਿਥਿਹਾਸ ਦੀਆਂ ਘਟਨਾਵਾਂ ਦੀ ਆਧੁਨਿਕ ਪੁਨਰ-ਸੁਰਜੀਤੀ ਅਤੇ ਨਵੀਨ ਅਰਥਾਂ ਦੀ ਸਿਰਜਣਾ ਕਰਕੇ ਯਥਾਰਥਕ ਦ੍ਰਿਸ਼ਟੀ ਨਾਲ 'ਗਲਪੀ-ਸੰਸਾਰ' ਰਾਹੀਂ ਸਮਾਜਿਕ ਸੱਚ ਉਘਾੜਿਆ ਹੈ। ਇਹ ਵੀ ਨਾਵਲ ਦੀ ਪ੍ਰਾਪਤੀ ਹੈ ਕਿ ਉਹ ਪਾਠਕ ਨੂੰ ਟੁੰਬਣ ਤੇ ਉਤਸ਼ਾਹਿਤ ਕਰਨ ਅਤੇ ਸੋਚਣ ਲਈ ਮਜ਼ਬੂਰ ਕਰਦਾ ਹੈ।

# 9
# 'ਕੌਰਵ ਸਭਾ' : ਭਾਰਤੀ ਲੋਕਤੰਤਰ ਦੀ ਮਿੱਥ

**ਮਾਨ ਸਿੰਘ ਢੀਂਡਸਾ**

ਮਿੱਤਰ ਸੈਨ ਮੀਤ ਦਾ ਨਾਵਲ "ਕੌਰਵ ਸਭਾ" ਭਾਰਤੀ ਪੂੰਜੀਵਾਦੀ ਸਮਾਜ ਦੀ ਸਮੁੱਚੀ ਵਿਵਸਥਾ ਦੇ ਮਨੁੱਖ–ਵਿਰੋਧੀ ਸਰੂਪ ਦੀ ਪ੍ਰਕਿਰਤੀ ਦਾ ਵਿਗਿਆਨਕ ਵਿਸ਼ਲੇਸ਼ਣ ਮਨੁੱਖੀ ਹੋਂਦ ਦੀ ਸੰਕਟਮਈ ਦ੍ਰਿਸ਼ਟੀ ਤੋਂ ਕਰਦਾ ਹੈ। 'ਮਾਇਆ' ਦੀ ਅਸਾਵੀਂ ਵੰਡ ਉਤੇ ਉਸਦੀ ਇਸ ਵਿਵਸਥਾ ਵਿਚ ਸੁਮੱਚੇ ਮਨੁੱਖੀ ਸਮਾਜ ਦੀ ਹੋਂਦ ਹੀ ਗੰਭੀਰ ਸੰਕਟ ਵਿਚ ਹੈ। ਕੌਰਵ ਸਭਾ ਇਕ ਪਾਸੇ 'ਮਾਇਆ' ਦੀ ਵੰਡ ਅਤੇ ਪ੍ਰਾਪਤੀ ਲਈ ਸ਼ਾਸਕ–ਸਪੰਨ ਵਰਗ ਦੀਆਂ ਉਸਾਰੀਆਂ ਹੋਈਆਂ ਸੰਸਥਾਵਾਂ ਦੀ ਮਨੁੱਖੀ ਸਮਾਜ ਲਈ ਨਿਰਾਥਕਤਾ ਅਤੇ ਕਰੂਪਤਾ ਨੂੰ ਪ੍ਰਗਟਾਉਂਦਾ ਹੈ। ਦੂਜੇ ਪਾਸੇ ਇਹ ਨਾਵਲ ਸੰਕਟ–ਗ੍ਰਸਤ ਸਥਿਤੀ ਵਿਚੋਂ ਭਾਰਤੀ ਸਮਾਜ ਨੂੰ ਕੱਢ ਸਕਣ ਵਾਲੀਆਂ ਸੰਭਾਵਨਾਵਾਂ ਵੱਲ ਵੀ ਸੰਕੇਤ ਕਰਦਾ ਹੈ। ਸਮੁੱਚਾ ਨਾਵਲੀ ਬਿਰਤਾਂਤ ਮਨੁੱਖ–ਵਿਰੋਧੀ ਅਤੇ ਮਨੁੱਖ–ਪੱਖੀ ਸ਼ਕਤੀਆਂ ਦੇ ਤਨਾਉ ਅਤੇ ਟਕਰਾਉ ਰਾਹੀਂ ਸਿਰਜਿਆ ਗਿਆ ਹੈ। ਇਨ੍ਹਾਂ ਸ਼ਕਤੀਆਂ ਦੇ ਤਨਾਉ ਅਤੇ ਟਕਰਾਉ ਦੀ ਤੀਖਣ ਸਜੀਵ ਸਿਰਜਣ ਹੀ ਨਾਵਲ ਨੂੰ ਪੜ੍ਹਨਯੋਗ ਬਣਾਉਂਦਾ ਹੈ।

ਪੰਜਾਬ ਦੇ ਸਭ ਤੋਂ ਵੱਡੇ ਮਹਾਂਨਗਰ ਦੇ ਜੀਵਨਮਈ ਬਿਰਤਾਂਤ ਰਾਹੀਂ ਇਹ ਨਾਵਲ ਭਾਰਤੀ ਸਮਾਜ ਦੀ ਭਵਿੱਖ ਵਿਚ ਸੰਭਾਵਿਤ ਡੂੰਘੀ ਹੋ ਰਹੀ ਸਥਿਤੀ ਨੂੰ ਮੁਖ਼ਾਤਬ ਹੈ। ਨਾਵਲ ਵਿਚ ਸਿਰਜਤ ਸਥਿਤੀ ਅਜੇ ਮਹਾਂਨਗਰਾਂ ਵਿਚ ਹੀ ਬਣੀ ਹੈ ਜੋ ਹੌਲੀ-ਹੌਲੀ ਸਮੁੱਚੇ ਭਾਰਤੀ ਸਮਾਜ ਨੂੰ ਆਪਣੀ ਲਪੇਟ ਵਿਚ ਲੈ ਲਵੇਗੀ। ਭਾਰਤੀ ਪੂੰਜੀਵਾਦ ਤੋਂ ਉਤਪੰਨ ਸਮਾਜ ਦੀ ਕਰੂਪਤਾ ਦੇ ਯਥਾਰਥ ਨੂੰ ਪ੍ਰਗਟਾਉਣ ਲਈ ਲੁਧਿਆਣਾ ਮਹਾਂਨਗਰ ਦੇ ਜੀਵਨ ਦੀ ਚੋਣ ਮਹੱਤਵਪੂਰਣ ਹੈ। ਨਾਵਲੀ ਸਿਰਜਣਾ ਵਿਚ ਇਸ ਦਾ 'ਮਾਇਆ ਨਗਰੀ' ਦੇ ਰੂਪ ਵਿਚ ਨਾਮਕਰਨ ਇਸ ਵਿਵਸਥਾ ਦੇ ਆਧਾਰ ਨੂੰ ਪ੍ਰਗਟਾਉਣ ਦਾ ਪ੍ਰਤੀਕ ਹੈ। ਨਾਵਲਕਾਰ ਪੰਜਾਬੀ ਪ੍ਰਸੰਗ ਰਾਹੀਂ ਉਸਾਰੇ ਇਸ ਪ੍ਰਤੀਕ ਰਾਹੀਂ ਪੂੰਜੀਵਾਦ ਦੇ ਮਨੁੱਖ–ਵਿਰੋਧੀ ਰੂਪ ਨੂੰ ਪ੍ਰਗਟਾਉਂਦਾ ਹੈ। ਪੂੰਜੀਵਾਦ ਦਾ ਇਹ ਭਾਰਤੀ ਰੂਪ ਇਸ ਸਮਾਜ ਦੀਆਂ ਮਨੁੱਖ ਪੱਖੀ ਪਰੰਪਰਾਵਾਂ, ਸਮਾਜਕ ਨੈਤਿਕ ਬਣਤਰਾਂ, ਧਾਰਮਿਕ ਚਿੰਤਨ ਅਤੇ ਭਵਿੱਖਮੁਖੀ ਸੰਭਾਵਨਾਵਾਂ ਦੇ ਸੰਦਰਭ ਵਿਚ ਪੇਸ਼ ਹੋਇਆ ਹੈ।

'ਕੌਰਵ ਸਭਾ' ਨਾਵਲ ਦਾ ਸਮੁੱਚਾ ਬਿਰਤਾਂਤ ਪ੍ਰਮੁੱਖ ਤੌਰ 'ਤੇ ਇਹਿਤਾਸਕ ਕਾਲਕ੍ਰਮ ਅਨੁਸਾਰ ਸਿਰਜਿਆ ਗਿਆ ਹੈ। ਇਤਿਹਾਸਕ ਕਾਲਕ੍ਰਮ ਵਿਚ ਸਿਰਜੀਆਂ ਗਈਆਂ ਘਟਨਾਵਾਂ ਸਮਾਨੰਤਰ ਤੌਰ 'ਤੇ ਦੋ ਵਿਰੋਧੀ ਧਿਰਾਂ ਨੂੰ ਪੇਸ਼ ਕਰਦੀਆਂ ਹਨ। ਇਹ ਦੋਵੇਂ ਵਿਰੋਧੀ ਧਿਰਾਂ ਦੇ ਵਿਰੋਧੀ ਵਿਚਾਰਧਾਰਾਵਾਂ ਦਾ ਸਿਰਜਨ ਕਰਦੀਆਂ ਹਨ। ਇਕ ਧਿਰ ਇਨਸਾਫ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ ਤਾਂ ਦੂਜੀ ਧਿਰ ਬੇਇਨਸਾਫੀ ਕਰਨ ਉਪਰੰਤ 'ਮਾਇਆ' ਦੇ ਜ਼ੋਰ ਨਾਲ ਸਮੁੱਚੇ ਪ੍ਰਬੰਧ ਨੂੰ ਆਪਣੀ ਮਰਜੀ ਅਨੁਸਾਰ ਚਲਾਉਣ ਲਈ ਯਤਨਸ਼ੀਲ ਹੈ। ਦੋਵਾਂ ਧਿਰਾਂ ਦੇ ਇਸ ਸੰਘਰਸ਼ ਨੂੰ ਸਿਰਜਦਾ ਇਹ ਨਾਵਲ ਭਾਰਤੀ ਪੂੰਜੀਵਾਦੀ ਪ੍ਰਬੰਧ ਦੇ ਕਰੂਰ ਯਥਾਰਥ ਨੂੰ ਪ੍ਰਗਟਾਉਂਦਾ ਹੈ। ਇਨਸਾਫ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਮਨੁੱਖਪੱਖੀ ਵਿਚਾਰਧਾਰਾ ਦੇ ਪਾਤਰ ਬਹੁਤ ਕਮਜ਼ੋਰ ਸਥਿਤੀ ਵਿਚ ਹਨ, ਪਰੰਤੂ ਇਸ ਧਿਰ ਦੇ ਪਾਤਰਾਂ ਦੀ ਟੇਕ ਅਜੇ ਵੀ ਭਾਰਤੀ ਲੋਕਤੰਤਰ ਦੀਆਂ ਸੰਸਥਾਵਾਂ ਉਤੇ ਹੈ। ਇਸ

ਦੇ ਵਿਪਰੀਤ ਮਨੁੱਖ ਵਿਰੋਧੀ, ਮਾਇਆਵਾਦੀ ਧਿਰ ਬਹੁਤ ਹੀ ਸ਼ਕਤੀਸ਼ਾਲੀ ਸਥਿਤੀ ਵਿਚ ਹੈ। ਨਿਹਾ, ਕਮਲ, ਵੇਦ, ਮਾਇਆ, ਰਾਮ ਨਾਥ ਅਤੇ ਸੰਗੀਤਾ ਆਦਿ ਪਾਤਰ ਪ੍ਰਤੀਕ ਪੱਧਰ ਉਤੇ ਭਾਰਤੀ ਜਨ-ਸਮੂਹ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਦੇ ਹਨ। ਇਹ ਪਾਤਰ ਸਮੁੱਚੀ ਵਿਵਸਥਾ (ਭਾਰਤੀ ਨਿਆਂਪਾਲਕਾ, ਕਾਰਜਪਾਲਕਾ, ਵਿਧਾਨ ਪਾਲਕਾ) ਦੇ ਸਨਮੁਖ ਆਮ ਮਨੁੱਖ ਦੀ ਹੋਣੀ ਦੇ ਸੰਕਟ ਦੇ ਯਥਾਰਥ ਨੂੰ ਸਿਰਜਦੇ ਹਨ।

ਵੇਦ ਅਤੇ ਉਸ ਦੇ ਪਰਿਵਾਰ ਦਾ ਜੀਵਨ 'ਮਾਇਆ ਨਗਰੀ' ਆਉਣ ਤੋਂ ਪਹਿਲਾਂ ਭਾਈਚਾਰਕ ਸਾਂਝ ਉਤੇ ਉਸਰਿਆ ਸੁਖਾਂ ਭਰਪੂਰ ਜੀਵਨ ਸੀ। 'ਮਾਇਆ ਨਗਰੀ' ਵਿਚ ਮਾਇਆ ਦਾ ਸੁੱਖ ਪ੍ਰਾਪਤ ਕਰਨ ਪਿਛੋਂ ਵੀ ਇਹ ਪਰਿਵਾਰ 'ਪਿਛੇ ਰਹਿ ਗਏ' ਜੀਵਨ ਨੂੰ ਤਾਂਘਦਾ ਰਹਿੰਦਾ ਹੈ। ਪਰਿਵਾਰਕ ਤਬਾਹੀ ਉਪਰੰਤ ਇਹ ਤਾਂਘ ਹੋਰ ਵੀ ਤੀਖਣ ਹੋ ਜਾਂਦੀ ਹੈ। ਪਰੰਪਰਕ ਭਾਈਚਾਰਕ ਜੀਵਨ ਦੇ ਸੁੱਖ ਨੂੰ ਵੇਦ ਅਤੇ ਉਸ ਦਾ ਪਰਿਵਾਰ, ਵੇਦ ਦੇ ਵੱਡੇ ਭਰਾ ਮੋਹਨ ਅਤੇ ਭਰਜਾਈ ਮਾਇਆ ਦੇਵੀ ਦੇ ਸੰਬੰਧਾਂ ਵਿਚੋਂ ਭੋਗਦਾ ਹੋਇਆ ਆਰਥਿਕ ਸੰਪੰਨਤਾ ਨੂੰ ਪ੍ਰਾਪਤ ਕਰਦਾ ਹੈ। ਇਸ ਪਰੰਪਰਕ ਖੇਤੀ ਆਧਾਰ 'ਤੇ ਸਮਾਜਕ ਬਣਤਰ ਵਿਚੋਂ ਪੈਦਾ ਹੋਈ ਮਾਨਸਿਕਤਾ ਕਾਰਨ ਨਾਵਲ ਦਾ ਕੇਂਦਰੀ ਪਾਤਰ ਰਾਮ ਨਾਥ ਅਤੇ ਉਸਦਾ ਪਰਿਵਾਰ ਕਮਜ਼ੋਰ ਪਰਿਵਾਰਕ-ਆਰਥਿਕ ਸਥਿਤੀ ਦੇ ਬਾਵਜੂਦ ਆਪਣੇ ਭੈਣ-ਭਣੋਈਏ ਦੇ ਪਰਿਵਾਰ ਨੂੰ ਸਾਂਭਣ ਅਤੇ ਬਚਾਉਣ ਤੋਂ ਇਲਾਵਾ ਇਨਸਾਫ ਪ੍ਰਾਪਤੀ ਦਾ ਸੰਘਰਸ਼ ਵੀ ਲੜਦਾ ਹੈ। ਮਾਇਆ ਦੇਵੀ ਵੀ ਪੁਰਾਤਨ ਸਮਾਜਕ-ਬਣਤਰ ਦੀ ਹੀ ਉਪਜ ਹੈ। ਮਾਇਆ ਦੇਵੀ ਬਾਰੇ ਅੰਕਿਤ ਹੈ :

> ਕਿਸੇ ਹੋਰ ਵਲੋਂ ਨਹੀਂ ਅਜਿਹੀ ਵਾਰਦਾਤ ਦੀ ਚਿਤਾਵਨੀ ਖ਼ੁਦ ਨੀਲਮ ਦੀ ਜਿਠਾਨੀ ਕੋਲੋਂ ਮਿਲੀ ਸੀ। ਚਾਚੇ ਭਤੀਜਿਆਂ ਵਿਚਕਾਰ ਸੌ ਮਨ ਮੁਟਾਵ ਹੋਇਆ ਹੋਵੇ। ਮਾਇਆ ਦੇਵੀ ਲਈ ਵੇਦ ਅਤੇ ਉਸ ਦਾ ਪਰਿਵਾਰ ਪਹਿਲਾਂ ਵਾਂਗ ਆਪਣਾ ਸੀ। ਮੋਹਨ ਦੇ ਜਿਉਂਦੇ ਹੋਰ ਗੱਲ ਸੀ। ਹੁਣ ਮੁੰਡੇ ਆਪ ਹੁਦਰੇ ਹੋਏ ਫਿਰਦੇ ਸਨ। ਉਨ੍ਹਾਂ ਦੇ ਚਾਲੇ ਠੀਕ ਨਹੀਂ ਸਨ। ਦਾਰੂ ਪੀਂਦੇ ਮੁੰਡਿਆਂ ਨੂੰ ਕਈ ਵਾਰ ਮਾਇਆ ਦੇਵੀ ਨੇ ਭੈੜੇ ਮਨਸੂਬੇ ਘੜਦੇ ਸੁਣਿਆ ਸੀ।

ਪੁਰਾਤਨ ਸਮਾਜਕ ਬਣਤਰ ਵਿਚੋਂ ਪੈਦਾ ਹੋਏ ਮਨੁੱਖਪੱਖੀ ਭਾਈਚਾਰਕ ਸੰਸਕਾਰਾਂ ਨੂੰ ਨਾਵਲ ਵਿਚ ਬਹੁਤ ਸਾਰੇ ਪਾਤਰਾਂ ਦੇ ਪ੍ਰਤੀਕਰਮਾਂ ਰਾਹੀਂ ਪਰਗਟਾਇਆ ਗਿਆ ਹੈ। ਨਿਹਾ ਦੇ 'ਧੀ ਵਰਗੇ' ਮਾਰਮਿਕ ਬਿਆਨ ਤੋਂ ਨੰਦ ਲਾਲ ਦਾ ਸ਼ਰਮਸਾਰ ਹੋਣਾ ਅਜੇਹਾ ਇਕ ਪਰਿਮਾਣ ਹੈ। ਇਸ ਨਾਵਲ ਦਾ ਬਿਰਤਾਂਤ ਜਿਉਂ ਜਿਉਂ ਵਿਕਾਸ ਕਰਦਾ ਹੈ ਤਿਉਂ ਤਿਉਂ ਨਾਵਲੀ ਸਿਰਜਨਾ ਦੇ ਮਨੁੱਖੀ-ਰਿਸ਼ਤੇ ਮਨੁੱਖੀ ਸਾਂਝ ਤੋਂ ਵਿਹੂਣੇ ਹੁੰਦੇ ਜਾਂਦੇ ਹਨ ਅਤੇ ਆਪਣਾ ਅਰਥ ਗੁਆ ਰਹੇ ਹਨ। ਨਾਵਲ ਦੀ ਸਿਰਜਨਾ ਰਾਹੀਂ ਇਸ ਯਥਾਰਥ ਨੂੰ ਪ੍ਰਗਟਾਇਆ ਗਿਆ ਹੈ ਕਿ ਮਨੁੱਖੀ ਸਾਂਝ ਉਤੇ ਆਧਾਰਤ ਰਿਸ਼ਤਾ-ਨਾਤਾ ਸੰਬੰਧ ਪੂੰਜੀਵਾਦੀ ਖ਼ੁਦਗਰਜ਼ੀ ਭਰਪੂਰ ਸੰਬੰਧਾਂ ਦੇ ਸਨਮੁਖ ਖਤਮ ਹੋ ਰਹੇ ਹਨ। ਲੇਖਕ ਨੇ ਦੋਵੇਂ ਪ੍ਰਕਾਰ ਦੇ ਸੰਬੰਧਾਂ ਦੀ ਸਮਾਨੰਤਰ ਸਿਰਜਣਾ ਰਾਹੀਂ ਇਸ ਯਥਾਰਥ ਨੂੰ ਪਰਗਟਾਇਆ ਹੈ ਕਿ ਵਿਰਸੇ ਵਿਚੋਂ ਪ੍ਰਾਪਤ ਇਹ ਸੰਸਕਾਰ ਪੂੰਜੀਵਾਦੀ ਆਧੁਨਿਕ ਰਿਸ਼ਤਿਆਂ ਨਾਲੋਂ ਵਧੇਰੇ ਹੰਢਣਸਾਰ ਅਤੇ ਮਨੁੱਖਪੱਖੀ ਹਨ।

ਮਨੁੱਖੀ ਸਮਾਜਕ ਵਿਕਾਸ ਦੀ ਦ੍ਰਿਸ਼ਟੀ ਤੋਂ ਪੂੰਜੀਵਾਦੀ ਵਿਵਸਥਾ ਨੂੰ ਜਗੀਰਦਾਰੀ ਵਿਵਸਥਾ

ਨਾਲੋਂ ਸਭਿਅਤਾ ਦਾ ਅਗਲੇਰਾ ਪੜਾਅ ਮੰਨਿਆ ਜਾਂਦਾ ਹੈ। ਪਰੰਤੂ ਇਹ ਨਾਵਲ ਵਿਲੱਖਣ ਰੂਪ ਵਿਚ ਮਨੁੱਖੀ-ਰਿਸ਼ਤਿਆਂ ਦੀ ਦ੍ਰਿਸ਼ਟੀ ਤੋਂ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਕੀ ਇਹ ਵਿਕਾਸ ਸਭਿਅਤਾ ਤੋਂ ਅਸਭਿਅਤਾ ਵੱਲ ਨਹੀਂ? ਨਾਵਲ ਦੇ ਆਰੰਭ ਵਿਚ ਇਸ ਦ੍ਰਿਸ਼ਟੀ ਦਾ ਪ੍ਰਗਟਾਅ ਰਾਮ ਨਾਥ ਦੀ ਸੋਚ ਰਾਹੀਂ ਹੋਇਆ ਹੈ, "ਰਾਮ ਨਾਥ ਨੂੰ ਇਸ ਤਾੜਨਾ ਦੀ ਖ਼ਬਰ ਮਿਲੀ ਸੀ ਪਰ ਉਸ ਨੇ ਇਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਅਪਰਾਧ ਵਿਗਿਆਨ ਪੜ੍ਹਾਇਆ ਜਾਂਦਾ ਸੀ। ਇਸ ਵਿਗਿਆਨ ਦੇ ਇਕ ਪਾਠ ਦਾ ਅਧਿਐਨ ਕਰਦੇ ਸਮੇਂ ਉਸਨੇ ਪੜ੍ਹਿਆ ਸੀ ਕਿ ਸਭਿਅਕ ਜਮਾਤਾਂ ਸਰੀਰਕ ਹਿੰਸਾ ਦਾ ਸਹਾਰਾ ਨਹੀਂ ਲੈਂਦੀਆਂ। ਖ਼ੂਨ ਖਰਾਬੇ ਦੀ ਥਾਂ ਉਹ ਕਾਨੂੰਨੀ ਲੜਾਈ ਲੜਨ ਵਿਚ ਵਿਸ਼ਵਾਸ ਰੱਖਦੀਆਂ ਹਨ। ਇਹ ਕੇਵਲ ਸਿਧਾਂਤ ਹੀ ਨਹੀਂ ਸੀ। ਇਸ ਸਿਧਾਂਤ ਨੂੰ ਸੱਚ ਦੀ ਕਸਵੱਟੀ 'ਤੇ ਪੂਰਾ ਉਤਰਦੇ ਰਾਮ ਨਾਥ ਨਿੱਤ ਦੇਖਦਾ ਸੀ। ਇਕ ਭਈਆ ਦੂਸਰੇ ਭਈਏ ਦਾ ਪੰਜਾਹ ਰੁਪਏ ਦੇ ਝਗੜੇ ਕਾਰਨ ਗਲ਼ ਵੱਢ ਦਿੰਦਾ ਸੀ। ਪਰ ਮਾਇਆ ਨਗਰ ਵਿਚ ਲੋਕਾਂ ਦੇ ਮੁਕੱਦਮੇ ਵੀ ਚਲਦੇ ਸਨ ਅਤੇ ਸਾਂਝੇ ਕਾਰੋਬਾਰ ਵੀ। ਪਤੀ-ਪਤਨੀ ਤਲਾਕ ਲੈਕੇ ਵੀ ਇਕ ਦੂਜੇ ਦੇ ਘਰ ਰਾਤ ਕੱਟ ਜਾਂਦੇ ਸਨ।"

"ਕੌਰਵ ਸਭਾ" ਵਿਚ ਪੂੰਜੀਵਾਦੀ ਵਿਵਸਥਾ ਤੋਂ ਉਤਪੰਨ ਭਾਰਤੀ ਸਥਿਤੀ ਦੇ ਵਿਸ਼ੇਸ਼ਕ੍ਰਿਤ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਨਾਵਲ ਵਿਚ ਇਸ ਯਥਾਰਥ ਨੂੰ ਸਿਰਜਿਆ ਗਿਆ ਹੈ ਕਿ ਕਾਰਜਪਾਲਕਾ, ਨਿਆਂਪਾਲਕਾ ਅਤੇ ਵਿਧਾਨਪਾਲਕਾ ਮਿਲਕੇ ਜਨਤਕ ਜਾਇਦਾਦ ਦੀ ਲੁੱਟ ਕਰਦੇ ਹਨ। ਮੋਹਨ, ਦੇਵ ਦਾ ਆਮ ਸਾਧਾਰਨ ਵਿਉਪਾਰੀ ਤੋਂ ਕਰੋੜਪਤੀ ਬਣਨ ਦਾ ਸਫ਼ਰ ਇਸ ਯਥਾਰਥ ਨੂੰ ਪਰਿਮਾਣਕ ਰੂਪ ਵਿਚ ਪੇਸ਼ ਕਰਦਾ ਹੈ। ਵਿਵਸਥਾ ਦੇ ਇਹ ਅੰਗ ਸੁਲਾਹ-ਸਫ਼ਾਈ ਨਾਲ ਆਪੋ-ਆਪਣਾ ਹਿੱਸਾ ਵੰਡ ਲੈਂਦੇ ਹਨ। ਨਾਵਲ ਦੇ ਮਹੱਤਵਪੂਰਣ ਪਾਤਰਾ ਮੋਹਨ ਅਤੇ ਵੇਦ ਵਿਚ ਪੂੰਜੀ ਦੀ ਵੰਡ ਨੂੰ ਲੈ ਕੇ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ। ਪੰਕਜ ਵੀ ਆਪਣੇ ਬਚਾਅ ਲਈ ਨਜ਼ਾਇਜ ਤਰੀਕਿਆਂ ਨਾਲ ਕਮਾਏ ਹੋਏ ਧਨ ਨੂੰ ਕਾਰਜਪਾਲਕਾ, ਨਿਆਂਪਾਲਕਾ ਅਤੇ ਨੌਕਰਸ਼ਾਹੀ ਵਿਚ ਵੰਡ ਦੇਦਾ ਹੈ। ਮਾਇਆ ਦੀ ਵੰਡ ਲਈ ਦਾਅ-ਪੇਚ ਤਾਂ ਵਰਤੇ ਜਾਂਦੇ ਹਨ, ਪਰ ਸਮੱਸਿਆ ਹਿੰਸਾ ਤੱਕ ਨਹੀਂ ਪਹੁੰਚਦੀ। ਵਿਵਸਥਾ ਦੇ ਇਸ ਪ੍ਰਕਾਰ ਦੇ ਪ੍ਰਗਟਾਅ ਰਾਹੀਂ ਇਸ ਯਥਾਰਥ ਨੂੰ ਬਾਖ਼ੂਬੀ ਪ੍ਰਗਟਾਇਆ ਗਿਆ ਹੈ ਕਿ ਭ੍ਰਿਸ਼ਟਾਚਾਰ ਭਾਰਤੀ ਪ੍ਰਬੰਧ ਨੂੰ ਚਪੜਾਸੀ ਤੋਂ ਲੈਕੇ ਮੁੱਖ-ਮੰਤਰੀ ਤੱਕ ਜੋੜਨ ਅਤੇ ਚਲਾਉਣ ਦਾ ਕੇਂਦਰੀ ਨੁਸਖਾ ਹੈ।

ਪੂੰਜੀਵਾਦੀ ਵਿਵਸਥਾ ਤੋਂ ਉਪਜਿਆ ਭਾਰਤੀ ਸਥਿਤੀ ਦਾ ਦੂਜਾ ਰੂਪ ਪੂੰਜੀ ਨੂੰ ਹਿੰਸਾ ਰਾਹੀਂ ਪ੍ਰਾਪਤ ਕਰਨ ਦਾ ਹੈ। ਇਸ ਵਿਧੀ ਦੀ ਵਰਤੋਂ ਪੰਕਜ ਅਤੇ ਨੀਰਜ ਆਪਣੇ ਚਾਚੇ ਵੇਦ ਤੋਂ ਗੁਰਦੇਵ ਨਗਰ ਵਿਚਲਾ ਪਲਾਟ ਪ੍ਰਾਪਤ ਕਰਨ ਲਈ ਵਰਤਦੇ ਹਨ। ਇਹ ਰੂਪ ਸਮੁੱਚੀ ਭਾਰਤੀ ਵਿਵਸਥਾ ਵਿਚ ਵਧ ਰਹੀ ਹਿੰਸਾ ਦਾ ਪ੍ਰਤੀਕ ਹੈ ਜੋ ਇਸ ਗੱਲ ਦਾ ਸੂਚਕ ਹੈ ਕਿ ਪੈਸੇ ਰਾਹੀਂ ਹਿੰਸਾ ਕਰਵਾਈ ਵੀ ਜਾ ਸਕਦੀ ਹੈ, ਕਾਨੂੰਨ ਅਤੇ ਪ੍ਰਬੰਧ ਨੂੰ ਖ਼ਰੀਦਿਆ ਵੀ ਜਾ ਸਕਦਾ ਹੈ। ਨਾਵਲ ਭਈਆਂ ਦੇ ਕਿਰਦਾਰ ਦੀ ਸਿਰਜਣਾ ਰਾਹੀਂ ਇਸ ਯਥਾਰਥ ਨੂੰ ਪ੍ਰਗਟਾਉਂਦਾ ਹੈ ਕਿ ਮਜ਼ਦੂਰ ਵਰਗ ਲਈ ਪੂੰਜੀਪਤੀ ਵਰਗ ਇਹ ਭਰਮ ਸਿਰਦਾ ਹੈ ਕਿ ਮਜ਼ਦੂਰੀ ਕਰਨ ਨਾਲੋਂ ਹਿੰਸਾ ਕਰਕੇ ਪੈਸਾ ਸੋਖਿਆਂ ਹੀ ਕਮਾਇਆ ਜਾ ਸਕਦਾ ਹੈ। ਪੰਕਜ ਅਤੇ ਨੀਰਜ ਨੂੰ ਜਦੋਂ ਗੁਰਦੇਵ ਨਗਰ ਵਾਲਾ ਪਲਾਟ ਦਾਅ-ਪੇਚਾਂ ਰਾਹੀਂ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਹਿੰਸਾ ਉਤੇ ਉਤਰ ਆਉਂਦੇ ਹਨ। ਭਾਰਤੀ ਪ੍ਰਬੰਧ ਵਿਚ ਕੁਝ ਸਮੇਂ ਤੋਂ

ਪ੍ਰਚਲਤ ਹੋਇਆ ਕਾਬਜ਼ ਜਮਾਤਾਂ ਦਾ ਹਿੰਸਕ ਵਰਤਾਰਾ ਨਾਵਲ ਵਿਚ ਪੰਕਜ–ਨੀਰਜ ਰਾਹੀਂ ਪੇਸ਼ ਹੋਇਆ ਹੈ। ਇਹ ਹਿੰਸਕ ਵਾਰਤਾਰਾ ਇਸ ਗੱਲ ਦਾ ਸੂਚਕ ਹੈ ਕਿ ਭਾਰਤੀ ਸਮਾਜ ਸਭਿਅਤਾ ਤੋਂ ਅਸਭਿਅਤਾ ਵੱਲ ਵਧ ਰਿਹਾ ਹੈ। ਨਾਵਲ ਵਿਚੋਂ ਕੇਂਦਰੀ ਨੁਕਤਾ ਇਹ ਉਭਰਦਾ ਹੈ ਕਿ ਸਮੁੱਚਾ ਭਾਰਤੀ ਪ੍ਰਬੰਧ ਹਿੰਸਾ ਅਤੇ ਭਰਿਸ਼ਟਾਚਾਰ ਦੇ ਸੁਮੇਲ ਰਾਹੀਂ ਚਲ ਰਿਹਾ ਹੈ। ਪੰਕਜ ਅਤੇ ਨੀਰਜ ਦੇ ਪਾਤਰਾਂ ਦੀ ਮਾਨਸਿਕ ਸਥਿਤੀ ਦੇ ਸਿਰਜਣ ਰਾਹੀਂ ਵਿਉਪਰੀ/ਪੂੰਜੀਪਤੀ ਵਰਗ ਦੀ ਮਾਨਸਿਕ ਸਥਿਤੀ ਵਿਚ ਵਾਪਰ ਰਹੇ ਪਰਿਵਰਤਨ ਨੂੰ ਪ੍ਰਗਟਾਇਆ ਗਿਆ ਹੈ। ਇਹ ਪਾਤਰ ਭਾਵੇਂ ਸਚੇਤ ਪੱਧਰ ਉਤੇ ਹਿੰਸਕ ਵਰਤਾਰਾ ਕਰਨਾ ਨਹੀਂ ਚਾਹੁੰਦੇ ਜਾਂ ਹਿੰਸਾ ਉਸ ਸੀਮਾ ਤੱਕ ਹੀ ਕਰਨਾ ਚਾਹੁੰਦੇ ਹਨ ਤਾਂ ਜੋ ਵਿਰੋਧੀ ਧਿਰ ਨੂੰ ਡਰਾਇਆ ਧਮਕਾਇਆ ਜਾ ਸਕੇ, ਪਰੰਤੂ ਅਚੇਤ ਤੌਰ ਤੇ ਇਹ ਪਾਤਰ (ਵਰਗ) ਹਿੰਸਕ ਵਰਤਾਰੇ ਵਲ ਵਧ ਰਿਹਾ ਹੈ। ਪੰਕਜ ਅਤੇ ਨੀਰਜ ਦੀ ਮਾਂ ਦਾ ਪਾਤਰ ਮਾਇਆ ਦੇਵੀ ਇਸ ਯਥਾਰਥ ਨੂੰ ਪ੍ਰਗਟਾਉਂਦੀ ਹੈ।

> ਦਾਰੂ ਪੀਂਦੇ ਮੁੰਡਿਆਂ ਨੂੰ ਕਈ ਵਾਰ ਮਾਇਆ ਦੇਵੀ ਨੇ ਭੈੜੇ ਮਨਸੂਬੇ ਘੜਦੇ ਸੁਣਿਆ ਸੀ। ਕਦੇ ਉਹ ਆਖਦੇ ਸਨ ਚਾਚੇ ਵੇਦ ਨੂੰ ਆਪਣੇ ਡਉਲਿਆਂ ਤੇ ਮਾਣ ਹੈ। ਜਵਾਨੀ ਵਿਚ ਪਹਿਲਵਾਨੀ ਕਰਦੇ ਨੇ ਉਸ ਨੇ ਡਉਲੇ ਬਣਾਏ ਸਨ। ਉਹ ਵੇਦ ਦੇ ਡਉਲਿਆਂ ਦਾ ਚੂਰਮਾ ਬਣਾ ਦੇਣਗੇ। ਨੀਲਮ ਨੂੰ ਆਪਣੀ ਅਕਲ ਉਪਰ ਹੰਕਾਰ ਸੀ। ਉਹ ਉਸ ਦੇ ਦਿਮਾਗ ਦੀ ਖੱਖੜੀ ਖੱਖੜੀ ਕਰ ਦੇਣਗੇ...ਉਹ ਆਪਣੀ ਛੋਟੀ ਭੈਣ ਨੂੰ ਭਰੇ ਬਜ਼ਾਰ ਨੰਗਾ ਕਰਨ ਦੀ ਸੋਚ ਰਹੇ ਸਨ।

"ਕੌਰਵ ਸਭਾ" ਨਾਵਲ ਦਾ ਮਹੱਤਵ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ–ਪਰਿਭਾਸ਼ਤ ਕਰਨ ਦਾ ਯਤਨ ਕਰਦਾ ਹੈ। ਮਹਾਂਭਾਰਤ ਵਿਚ ਹਸਤਨਾਪੁਰ ਰਾਜਸੱਤਾ ਉਤੇ ਕਾਬਜ਼ ਭਾਵੇਂ ਕੌਰਵ ਸਨ, ਪਰੰਤੂ ਉਸ ਸਭਾ ਵਿਚ ਭੀਸ਼ਮ ਪਿਤਾਮਾ, ਬਿਦਰ, ਕਿਰਪਾਚਾਰੀਆਂ, ਦਰੋਣਾਆਚਾਰੀਆਂ ਅਤੇ ਦਾਨਵੀਰ ਕਰਨ ਵਰਗੇ ਯੁੱਗ ਪੁਰਸ਼ ਵੀ ਸ਼ਾਮਲ ਸਨ। ਇਹ ਯੁਗ ਪੁਰਸ਼ ਭਾਵੇਂ ਸੱਤਾ ਦਾ ਹਿੱਸਾ ਸਨ, ਪਰੰਤੂ ਦਿਲੋਂ ਸੱਤਾ ਦੀ ਬੇਇਨਸਾਫੀ ਨਾਲ ਸਹਿਮਤ ਨਹੀਂ ਸਨ। ਪਰੰਤੂ ਅਜੋਕੇ ਕੌਰਵ ਸ਼ਾਸਕ ਵਰਗ ਵਿਚ ਅਜਿਹਾ ਕੋਈ ਯੁਗ ਪੁਰਸ਼ ਸ਼ਾਮਲ ਨਹੀਂ ਬਲਕਿ ਸਾਰੇ ਹੀ ਕੌਰਵ ਹਨ। ਇਸ ਪ੍ਰਕਾਰ ਹੀ ਨਾਵਲ 'ਕੌਰਵ ਸਭਾ' ਦੇ ਪੀੜਤ ਪਾਤਰ ਆਮ ਵਿਅਕਤੀ ਹਨ ਜੋ ਸ਼ਾਹੀ ਘਰਾਣੇ ਦੇ ਪਾਤਰਾਂ ਵਾਂਗ ਕਿਸੇ ਵੀ ਕਲਾ ਵਿਚ ਨਿਪੁੰਨ ਨਹੀਂ। ਮਹਾਂਭਾਰਤ ਵਿਚ ਦਰੋਪਤੀ ਨੂੰ ਤਾਂ ਨਗਨ ਹੋਣ ਤੋਂ ਮਾਇਆਵੀ ਕ੍ਰਿਸ਼ਨ ਨੇ ਬਚਾਅ ਲਿਆ ਸੀ, ਪਰੰਤੂ ਨਿਹਾ ਦਾ ਬਲਾਤਕਾਰ ਹੋ ਜਾਂਦਾ ਹੈ। ਦੁਰਯੋਧਨ ਕੋਲ ਤਾਂ ਇਕ ਦੁਸ਼ਾਸਨ ਸੀ, ਪਰੰਤੂ ਅਜੋਕੇ ਸ਼ਕਤੀਸਪੰਨ ਵਰਗ ਕੋਲ ਦੁਸ਼ਾਸਨ ਹੀ ਦੁਸ਼ਾਸਨ ਹਨ।

ਮਹਾਂਭਾਰਤ ਵਿਚ ਭੀਮ ਨੇ ਤਾਂ ਕ੍ਰਿਸ਼ਨ ਦੀ ਨਿਰਦੇਸ਼ਨਾ ਅਧੀਨ ਦੁਰਯੋਧਨ ਨੂੰ ਮਾਰ ਮੁਕਾਇਆ ਸੀ, ਪਰੰਤੂ ਨਾਵਲ "ਕੌਰਵ ਸਭਾ" ਦੇ ਭੀਮ ਵੇਦ ਦੀਆਂ ਟੁੱਟੀਆਂ ਹੱਡੀਆਂ ਜੁੜਨ ਵਿਚ ਹੀ ਨਹੀਂ ਆਉਂਦੀਆਂ। ਪਾਂਡਵ ਮਹਾਂਭਾਰਤ ਵਿਚ ਧਰਮ–ਯੁੱਧ ਜਿੱਤ ਕੇ ਨਾਇਕ ਬਣ ਜਾਂਦੇ ਹਨ, ਪਰੰਤੂ ਨਾਵਲ "ਕੌਰਵ ਸਭਾ" ਦੇ ਪਾਤਰ ਇਨਸਾਫ ਲਈ ਲੜਦੇ ਲੜਦੇ ਘੋਰ ਸੰਕਟ ਵਿਚ ਗ੍ਰਸੇ ਜਾਂਦੇ ਹਨ। ਮਹਾਂਭਾਰਤ ਵਿਚ ਸਮੁੱਚਾ ਸ਼ਾਸਕ ਵਰਗ ਸ਼ਾਕੁਨੀ, ਦੁਰਯੋਧਨ ਦੇ ਛੜਯੰਤਰ ਅਤੇ

ਧਰਿਤਾਰਾਸ਼ਟਰ ਦੀ ਮਹੱਤਵ-ਅਕਾਂਖਿਆਂ ਦਾ ਭਾਈਵਾਲ ਬਣਨ ਲਈ ਤਿਆਰ ਨਹੀਂ, ਪਰੰਤੂ "ਕੌਰਵ ਸਭਾ" ਵਿਚ ਸਮੁੱਚਾ ਸ਼ਕਤੀ ਸਪੰਨ ਸ਼ਾਸਕ ਵਰਗ ਇਨਸਾਫ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਆਮ ਮਨੁੱਖ (ਨਿਹਾ, ਕਮਲ, ਵੇਦ) ਦੇ ਵਿਰੋਧ ਵਿਚ ਇਕਜੁੱਟ ਹੈ। ਮਹਾਂਭਾਰਤ ਵਿਚ ਅੰਤ ਉਤੇ 'ਨੇਕੀ ਦੀ ਬਦੀ ਉਤੇ ਜਿਤ ਹੁੰਦੀ ਹੈ', ਪਰੰਤੂ "ਕੌਰਵ ਸਭਾ" ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ 'ਬਦੀ ਅਤੇ ਨੇਕੀ ਦੀ ਜਿਤ' ਦੀ ਮਿਥ ਨੂੰ ਤੋੜਦਾ ਹੋਇਆ ਇਹ ਗਿਆਨ ਕਰਵਾਉਂਦਾ ਹੈ ਕਿ ਆਧੁਨਿਕ ਲੋਕਤਾਂਤਰਿਕ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੈ।

ਮੱਧਕਾਲੀਨ ਬਿਰਤਾਂਤਕ ਕਾਵਿ ਨਾਇਕ ਸਿਰਜਨ ਰਾਹੀਂ ਨੇਕੀ ਦੀ ਬਦੀ ਉਤੇ ਫਤਹਿ ਦੀ ਮਿਥ ਸਿਰਜਦਾ ਹੈ, ਪਰੰਤੂ ਆਧੁਨਿਕ ਸਾਹਿਤ ਵਿਸ਼ੇਸ਼ ਰੂਪ ਵਿਚ ਗਲਪ, ਅਨਾਇਕ ਦੇ ਸੰਕਟ ਦੀ ਪੇਸ਼ਕਾਰੀ ਕਰਦਾ ਹੈ। ਨਾਵਲ "ਕੌਰਵ ਸਭਾ" ਦੀ ਪ੍ਰਮੁੱਖ ਚਿੰਤਾ ਵੀ ਅਜੋਕੀ ਸੰਕਟਗ੍ਰਸਤ ਸਥਿਤੀ ਵਿਚ 'ਨਾਇਕ' ਤਲਾਸ਼ਣ ਦੀ ਹੈ ਜੋ ਇਸ ਸੰਕਟਮਈ ਅਣਮਨੁੱਖੀ ਸਥਿਤੀ ਨੂੰ ਮਨੁੱਖੀ ਸਥਿਤੀ ਵਿਚ ਪਰਿਵਰਤਿਤ ਕਰ ਸਕੇ। ਇਸ ਪ੍ਰਕਾਰ ਭਾਰਤੀ ਸਥਿਤੀ ਵਿਚ ਨਾਵਲਕਾਰ ਨੇ ਉਨ੍ਹਾਂ ਸਾਰੀਆਂ ਸੰਭਾਵਨਾਵਾਂ ਵੱਲ ਸੰਕੇਤ ਕੀਤੇ ਹਨ ਜੋ ਅਜੋਕੀ ਅਣਮਨੁੱਖੀ ਸਥਿਤੀ ਨੂੰ ਮਨੁੱਖੀ ਸਥਿਤੀ ਵਲ ਮੋੜ ਦੇ ਸਕਦੀਆਂ ਹਨ। ਨਾਵਲਕਾਰ ਇਨ੍ਹਾਂ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੋਇਆ "ਨਾਇਕ" ਰੂਪ ਵਿਚ ਜਾਂ ਭਵਿਖਰਥੀ ਯਥਾਰਥ ਦੇ ਰੂਪ ਵਿਚ ਪੇਸ਼ ਕਰਦਾ ਹੈ, ਪਰੰਤੂ ਵਿਅਕਤਗਤ ਗੁਣ ਉਤੇ ਆਧਾਰਤ ਸੰਭਾਵਤ ਨਾਇਕ ਕਮਲ ਦਾ ਕਤਲ ਨਾਵਲ ਦੇ ਆਰੰਭ ਵਿਚ ਹੀ ਕਰਵਾ ਦੇਂਦਾ ਹੈ। ਅਜੇਹੇ ਕਤਲ ਦਾ ਖਤਰਾ ਰਾਮ ਨਾਥ ਲਈ ਵੀ ਬਣਿਆ ਹੋਇਆ ਹੈ। ਸ਼ਕਤੀਸ਼ਾਲੀ ਧਿਰ ਦੇ ਪ੍ਰਤੀਕ ਪਾਤਰ ਪੰਕਜ ਅਤੇ ਨੀਰਜ ਵੀ ਕਮਲ ਦੀ ਅਗਾਂਹ-ਵਧੂ ਸੋਚ ਤੋਂ ਭੈਭੀਤ ਹਨ। ਨਾਵਲਕਾਰ ਅਚੇਤ ਜਾਂ ਸਚੇਤ ਰੂਪ ਵਿਚ ਇਸ ਯਥਾਰਥ ਦੀ ਸਿਰਜਣਾ ਕਰ ਰਿਹਾ ਹੈ ਕਿ ਅਜੋਕੀ ਵਿਵਸਥਾ ਦਾ ਯਥਾਰਥ ਇਹ ਹੈ ਕਿ ਕਾਬਜ਼ ਧਿਰ ਅਜੋਕੇ ਸਮੇਂ ਵਿਚ ਨਾਇਕੱਤਵ ਨੂੰ ਪਣਪਣ ਤੋਂ ਪਹਿਲਾਂ ਹੀ ਖ਼ਤਮ ਕਰਨ ਦੇ ਯਤਨ ਵਿਚ ਹੈ। ਇਹ ਨਾਵਲ ਨਾਇਕ ਦੀ ਮੌਤ ਦੇ ਯਥਾਰਥ ਨੂੰ ਪ੍ਰਗਟਾਉਂਦਾ ਹੈ। ਨਾਵਲ ਨਾਇਕ ਦੀ ਮਿਥ ਨੂੰ ਤੋੜਦਾ ਹੈ।

ਨਾਵਲ "ਕੌਰਵ ਸਭਾ" ਦੀ ਮੁੱਖ ਚਿੰਤਾ ਅਣਮਨੁੱਖੀ ਪੂੰਜੀਵਾਦੀ ਸਥਿਤੀ ਵਿਚੋਂ ਮਨੁੱਖੀ ਸਮਾਜ ਸਿਰਜਣ ਦੀ ਹੈ। ਇਸ ਚਿੰਤਾ ਦੀ ਪੂਰਤੀ ਲਈ ਲੇਖਕ "ਕੌਰਵ ਸਭਾ" ਦੇ ਕਾਲਪਨਿਕ ਸੰਸਾਰ ਦੀ ਸਿਰਜਨਾ ਕਰਦਾ ਹੋਇਆ ਅਜੋਕੀ ਵਿਵਸਥਾ ਦੀ ਵਿਕਰਾਲ ਮਨੁੱਖ-ਵਿਰੋਧੀ ਸਥਿਤੀ ਦੀ ਵਾਸਤਵਿਕਤਾ ਨੂੰ ਪ੍ਰਗਟਾਉਂਦਾ ਹੈ। ਇਸ ਵਿਕਰਾਲ ਸਥਿਤੀ ਨੂੰ ਮਹਾਂਨਗਰ ਦੇ ਜੀਵਨ ਬਿਰਤਾਂਤ ਰਾਹੀਂ ਸਿਰਜਿਆ ਗਿਆ ਹੈ। ਨਾਵਲ ਵਿਚ ਪੇਸ਼ ਯਥਾਰਥ ਮਹਾਂਨਗਰ ਦਾ ਯਥਾਰਥ ਹੈ ਜੋ ਪੰਜਾਬ ਪਿੰਡਾਂ ਅਤੇ ਕਸਬਿਆਂ ਦਾ ਸੰਭਾਵਤ ਯਥਾਰਥ ਹੈ। ਨਾਵਲ ਵਿਚ ਸਿਰਜਤ ਸਾਰੀ ਵਿਕਰਾਲ ਸਥਿਤੀ ਵਿਚ ਨੇਹਾ ਅਤੇ ਕਮਲ ਆਮ ਭਾਰਤੀ ਦੇ ਪ੍ਰਤੀਨਿੱਧ ਪਾਤਰ ਹਨ। ਵੇਦ ਵੀ ਆਮ ਭਾਰਤੀ ਦੀ ਪ੍ਰਤੀਨਿੱਧਤਾ ਕਰਨ ਵਾਲਾ ਪਾਤਰ ਹੈ ਜੋ ਵਿਉਪਾਰੀ ਜਮਾਤ ਦਾ ਮਾਨਸਿਕਤਾ ਵਾਲਾ ਨਹੀਂ। ਇਹ ਇਕ ਮੌਕਾ ਮੇਲ ਹੈ ਕਿ ਭਰਾ ਦੇ ਰਾਹੀਂ ਉਹ ਸ਼ਹਿਰ ਦੇ ਵਿੱਚ ਪਹੁੰਚ ਗਿਆ। ਆਮ ਮਨੁੱਖ ਦੇ ਸੰਕਟ ਦੀ ਸਿਰਜਣਾ ਰਾਹੀਂ ਇਹ ਨਾਵਲ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਇਸ ਸੰਕਟਮਈ ਸਥਿਤੀ ਵਿਚੋਂ ਪਾਰ ਕਿਵੇਂ ਲੰਘਿਆ ਜਾਵੇ?

ਨਾਵਲ ਬਿਰਤਾਂਤ ਸਿਰਜਣਾ ਰਾਹੀਂ ਅਜਿਹੀਆਂ ਕੁਝ ਸੰਭਾਵਨਾਵਾਂ ਵੱਲ ਸੰਕੇਤ ਕਰਦਾ ਹੈ। ਨਾਵਲੀ ਸਿਰਜਨਾ ਵਿਚ ਪਹਿਲਾ ਸੰਕੇਤ ਇਹ ਹੈ ਖੇਤੀ ਆਧਾਰਤ ਸਭਿਆਚਾਰ ਵਿਚ ਭਾਈਚਾਰਕ ਅਤੇ ਰਿਸ਼ਤਾ–ਨਾਤਾ ਸੰਬੰਧ ਮਨੁੱਖੀ ਵਿਵਹਾਰ ਨੂੰ ਮਨੁੱਖੀ ਬਣਾਉਂਦਾ ਹੈ। ਪੂੰਜੀ ਜਾਂ ਮਾਇਆ ਦੇ ਵਧ ਰਹੇ ਪ੍ਰਭਾਵ ਕਾਰਨ ਇਹ ਭਾਈਚਾਰਕ ਸੰਬੰਧਾਂ ਅਲੋਪ ਹੋ ਰਹੇ ਹਨ। ਇਨ੍ਹਾਂ ਭਾਈਚਾਰਕ ਸੰਬੰਧਾਂ ਕਾਰਨ ਹੀ ਰਾਮ ਨਾਥ ਵਿਕਾਸ ਕਰਦਾ ਹੈ। ਰਾਮ ਨਾਥ ਆਪਣੇ ਰਿਸ਼ਤਾ–ਨਾਤਾ ਸੰਬੰਧਾਂ ਵਿਚੋਂ ਪੈਦਾ ਹਏ ਸੰਸਕਾਰਾਂ ਕਾਰਨ ਮੁਸੀਬਤ ਸਮੇਂ ਆਪਣੀ ਭੈਣ ਅਤੇ ਭਣਵੱਈਏ ਦੀ ਸਹਾਇਤਾ ਕਰਦਾ ਹੈ। ਰਾਮ ਨਾਥ ਦੇ ਵਿਵਹਾਰ ਵਿਚੋਂ ਇਹ ਤੱਥ ਉਭਰਕੇ ਸਾਹਮਣੇ ਆਉਂਦਾ ਹੈ ਕਿ ਪਰੰਪਰਕ ਰਿਸ਼ਤਾ–ਨਾਤਾ ਸੰਬੰਧ, ਪੂੰਜੀ ਉਤੇ ਆਧਾਰਤ ਸੰਬੰਧਾਂ ਨਾਲੋਂ ਵਧੇਰੇ ਮਨੁੱਖੀ ਹਨ।

ਇਸ ਪ੍ਰਕਾਰ ਹੀ ਇਹ ਨਾਵਲ ਜਿਥੇ ਮਹਾਂਭਾਰਤ ਦੇ ਫ਼ਲਸਫ਼ੇ ਵਿਚਲੀਆਂ ਕੁੱਝ ਮਿਥਾਂ ਨੂੰ ਤੋੜਦਾ ਉਥੇ ਗੀਤਾ ਦੇ ਮਨੁੱਖ-ਪੱਖੀ ਫ਼ਲਸਫ਼ੇ ਨੂੰ ਪੁਨਰ–ਸੁਰਜੀਤ ਵੀ ਕਰਦਾ। "ਕੌਰਵ ਸਭਾ" ਗੀਤਾ ਤੋਂ ਪ੍ਰਾਪਤ ਕੀਤੀ ਨਿਸ਼ਕਰਮ ਕਰਮ ਦਾ ਜ਼ਿਕਰ ਵਾਰ ਵਾਰ ਆਉਂਦੈ। ਇਸ ਨਾਵਲ ਵਿਚ ਜੱਜ ਦਾ ਪਾਤਰ ਸਾਧੂ ਸਿੰਘ ਆਪਣੇ ਧਰਮ ਦੀ ਪਾਲਣਾ ਕਰਦਾ। ਇਹ ਪਾਤਰ ਨਿਸ਼ਕਰਮ ਕਰਮ ਕਰਨ ਵਾਲਾ ਹੈ। ਸਮੁੱਚੇ ਨਾਵਲੀ ਪ੍ਰਬੰਧ ਵਿਚ ਇਹ ਪਾਤਰ ਇਕੱਲਾ ਸੱਚ ਉਤੇ ਡਟਿਆ ਹੋਇਆ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ। ਰਾਮ ਨਾਥ ਵੀ ਘੋਰ ਸੰਕਟ ਵਿਚੋਂ ਗੁਜ਼ਰਦਾ ਹੋਇਆ ਨਿਸ਼ਕਾਮ ਕਰਮ ਦੀ ਦਿਸ਼ਾ ਵਲ ਵੱਧ ਰਿਹਾ ਹੈ। ਨਾਵਲ ਵਿਚ ਇਹ ਸੰਕੇਤ ਕੀਤਾ ਗਿਆ ਹੈ ਕਿ ਜੇਕਰ ਮਨੁੱਖੀ ਪੱਖੀ ਵਿਵਸਥਾ ਦੀ ਸਿਰਜਣਾ ਕਰਨੀ ਹੈ ਤਾਂ ਸਮਾਜ ਦੇ ਸ਼ਹਿਰੀਆਂ ਜਾਂ ਪ੍ਰਬੰਧਕਾਂ ਨੂੰ ਨਿਸ਼ਕਾਮ ਕਰਮ ਦੇ ਫ਼ਲਸਫ਼ੇ ਉਤੇ ਚਲਉਣ ਦੀ ਸਿਖਿਆ ਦੇਣੀ ਪੈਣੀ ਹੈ।

ਪੂੰਜੀਵਾਦੀ ਵਿਵਸਥਾ ਉਤੇ ਉਸਰਿਆ ਲੋਕਤਾਂਤਰਿਕ ਢਾਂਚਾ ਅਤੇ ਇਸ ਦੇ ਤਿੰਨੇ ਅੰਗ (ਕਾਰਜਪਾਲਕਾ, ਨਿਆਂਪਾਲਕਾ ਅਤੇ ਵਿਧਾਨ ਪਾਲਕਾ) ਆਧੁਨਿਕ ਯੁਗ ਵਿਚ ਮਿਥ ਸਿਰਜਦੇ ਹਨ ਕਿ ਇਸ ਪ੍ਰਬੰਧ ਵਿਚ ਸਾਰੇ ਮਨੁੱਖਾਂ ਦੇ ਅਧਿਕਾਰ ਬਰਾਬਰ ਹਨ। ਰਾਜਨੀਤਕ ਪੱਧਰ 'ਤੇ ਆਮ ਮਨੁੱਖ ਸੋਚਦਾ ਹੈ ਕਿ ਵੋਟਾਂ ਪਾ ਲਈਆਂ ਸਰਕਾਰ ਆਪਣੀ ਬਣਾ ਲਈ ਅਤੇ ਹੁਣ ਸਾਨੂੰ ਬਰਾਬਰੀ ਦੇ ਅਧਿਕਾਰ ਪ੍ਰਾਪਤ ਹੋ ਜਾਣਗੇ। ਇਸ ਪ੍ਰਕਾਰ ਹੀ ਆਮ ਵਿਅਕਤੀ ਇਨਸਾਫ ਪ੍ਰਾਪਤੀ ਲਈ ਨਿਆਪਾਲਕਾ ਦਾ ਦਰਵਾਜ਼ਾ ਖੜਕਾਉਂਦਾ ਹੈ। ਅਜਿਹਾ ਭਰਮ ਹੀ ਵਿਧਾਨਪਾਲਕਾ ਬਾਰੇ ਹੈ। ਇਸ ਨਾਵਲ ਦੀ ਮਹੱਤਵਪੂਰਣ ਪ੍ਰਾਪਤੀ ਇਹ ਹੈ ਕਿ ਇਹ ਨਾਵਲ ਲੋਕਤੰਤਰ ਦੀ ਇਸ ਮਿਥ ਨੂੰ ਤਹਿਜ–ਨਹਿਸ ਕਰ ਦੇਂਦਾ ਹੈ। ਨਾਵਲ ਆਮ ਪਾਠਕ ਨੂੰ ਗਿਆਨ ਕਰਵਾਉਂਦਾ ਹੈ ਕਿ ਮਾਇਆ ਦੀ ਪ੍ਰਾਪਤੀ ਲਈ ਲੋਕਤੰਤਰ ਦੇ ਇਨ੍ਹਾਂ ਤਿੰਨਾਂ ਅੰਗਾਂ ਉਤੇ ਕਾਬਜ਼ ਸ਼੍ਰੇਣੀ ਜਿੰਨੀ ਦੇਰ ਆਪਣਾ ਧਰਮ ਨਿਸ਼ਕਾਮ ਕਰਮ ਦੇ ਫ਼ਲਸਫ਼ੇ ਅਨੁਸਾਰ ਨਹੀਂ ਨਿਭਾਉਂਦੇ ਉਸ ਸਮੇਂ ਤੱਕ ਮਨੁੱਖੀ ਬਰਾਬਰੀ ਦਾ ਸੁਪਨਾ ਸਾਕਾਰ ਹੋਣਾ ਸੰਭਵ ਨਹੀਂ। "ਕੌਰਵ ਸਭਾ" ਦੇ ਸਮੁੱਚੇ ਨਾਵਲੀ ਪ੍ਰਬੰਧ ਵਿਚ ਸਾਧੂ ਸਿੰਘ ਦੇ ਪਾਤਰ ਨੂੰ ਛੱਡਕੇ ਸਮੁੱਚੀ ਕਾਬਜ਼ ਧਿਰ ਅਤੇ ਉਸ ਦੀ ਮਸ਼ੀਨਰੀ ਮਾਇਆ ਦੀ ਪ੍ਰਾਪਤੀ ਦੇ ਮਨੋਰਥ ਹਿਤ 'ਮਾਇਆ ਧਰਮ' ਦੀ ਪਾਲਣਾ ਕਰਦੀ ਹੈ।

ਨਾਵਲ "ਕੌਰਵ ਸਭਾ" ਦੇ ਬਿਰਤਾਂਤਕ ਸੰਗਠਨ ਵਿਚ ਇਸ ਸਥਿਤੀ ਵਿਚੋਂ ਇਨਸਾਫ ਪ੍ਰਾਪਤੀ ਲਈ ਇਕ ਹੋਰ ਸੰਭਾਵਨਾ ਨੂੰ ਵੀ ਸਿਰਜਿਆ ਗਿਆ ਹੈ। ਇਹ ਸੰਭਾਵਨਾ ਅਗਾਂਹ–ਵਧੂ, ਪ੍ਰਗਤੀਵਾਦੀ ਸੰਗਠਨਾ ਦੀ ਹੈ। ਮਾਇਆ ਨਗਰੀ ਦੇ ਅਜੇਹੇ ਸੰਗਠਨ ਅਤੇ ਪ੍ਰੈਸ ਆਰੰਭਿਕ ਜਿਹੀ ਲੜਾਈ ਲੜਕੇ ਸਾਧਨਾਂ ਅਤੇ ਸਮਰੱਥਾ ਦੀ ਘਾਟ ਕਰਨ ਚੁੱਪ ਹੋ ਜਾਂਦੇ ਹਨ। ਇਹ ਬਹੁਤੇ ਸੰਗਠਨ

ਨਿਸ਼ਕਾਮ ਕਰਮ ਕਰਨ ਵਾਲੇ ਹਨ। ਮਿਸਾਲ ਦੇ ਤੌਰ 'ਤੇ "ਵਿਕਟਮ ਵੈਲਫੇਅਰ ਸੁਸਾਇਟੀ" ਦੀ ਭੂਮਿਕਾ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਸੰਗਠਨ ਦੀ ਭੂਮਿਕਾ ਵੀ ਸੀਮਤ ਹੈ ਕਿਉਂਕਿ ਇਹ ਸੰਗਠਨ ਕੁੱਝ ਸਾਧਨ ਹੀ ਮੁਹੱਈਆ ਕਰਦਾ ਹੈ ਅਤੇ 'ਲੋਕਤੰਤਰ ਦੇ ਢਾਂਚੇ' ਵਿਚਲੇ ਕਾਨੂੰਨਾਂ ਰਾਹੀਂ ਹੀ ਮੁਲਜਮਾਂ ਨੂੰ ਸਜਾ ਦੁਆਉਣ ਦਾ ਯਤਨ ਕਰਦਾ ਹੈ। ਮੌਜੂਦਾ ਪ੍ਰਬੰਧ ਨੂੰ ਵੰਗਾਰਨ ਦੀ ਇਨ੍ਹਾਂ ਸੰਗਠਨਾਂ ਵਿਚ ਸਮਰਥਾ ਨਹੀਂ। ਇਹ ਸੰਗਠਨ ਇਕ ਸੀਮਾ ਤੱਕ ਸੰਘਰਸ਼ ਕਰ ਸਕਣ ਵਾਲੇ ਸੰਗਠਨ ਹੀ ਹਨ।

ਉਪਰੋਕਤ ਦਮਘੋਟੂ ਸਥਿਤੀ ਵਿਚ ਆਮ ਵਿਅਕਤੀ ਦੀ ਪ੍ਰਤੀਕ ਪਾਤਰ ਨੇਹਾ ਕਿਥੇ ਜਾਵੇ? ਨਾਵਲ ਇਸ ਪ੍ਰਸ਼ਨ ਨੂੰ ਪੈਦਾ ਕਰਦਾ ਹੈ। ਨੇਹਾ ਪਹਿਲਾਂ ਅਜੋਕੇ ਧਾਰਮਿਕ ਮੱਠਾਂ ਵਿਚ ਸ਼ਰਨ ਪ੍ਰਾਪਤ ਕਰਨ ਦਾ ਯਤਨ ਕਰਦੀ ਹੈ, ਜਿਥੋਂ ਉਸ ਨੂੰ ਨਿਰਾਸ਼ਤਾ ਹੀ ਪ੍ਰਾਪਤ ਹੁੰਦੀ ਹੈ। ਇਸ ਉਪਰੰਤ ਨੇਹਾ ਆਪਣੇ ਮਾਮੇ ਦੀਆਂ ਫਾਈਲਾਂ ਦਾ ਅਧਿਐਨ ਕਰਦੀ ਹੈ ਗਿਆਨ ਮਾਰਗ ਉਤੇ ਤੁਰਕੇ ਸੰਘਰਸ਼ ਦਾ ਨਿਸ਼ਚਾ ਕਰਦੀ ਹੈ। ਰਾਮ ਨਾਥ ਵੀ ਆਪਣੀ ਭਾਣਜੀ ਨਾਲ ਹੋਈ ਬੇਇਨਸਾਫੀ ਕਾਰਨ ਨਿਸ਼ਕਾਮ ਕਰਮ ਵੱਲ ਵੱਧਦਾ ਹੈ। ਵਿਕਟਮ ਵੈਲਫੇਅਰ ਸੁਸਾਇਟੀ ਦਾ ਪ੍ਰਤੀਨਿੱਧ ਪਾਤਰ ਹਰੀਸ਼ ਸੰਘਰਸ਼ ਦੇ ਮਹੱਤਵ ਨੂੰ ਪ੍ਰਗਟ ਕਰਦਾ ਹੈ, ਭਾਵ ਸੰਘਰਸ਼ ਹੀ ਪ੍ਰਾਪਤੀ ਹੈ। ਨਾਵਲ ਗੁੱਝੇ ਰੂਪ ਵਿਚ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਸ ਵਿਕਰਾਲ ਸਥਿਤੀ ਦਾ ਸਾਹਮਣਾ ਗਿਆਨ ਅਤੇ ਸੰਘਰਸ਼ ਦੇ ਸੁਮੇਲ ਰਾਹੀਂ ਹੀ ਕੀਤਾ ਜਾ ਸਕਦਾ ਹੈ। ਨੇਹਾ ਗਿਆਨ ਮਾਰਗ ਉਤੇ ਚਲ ਪੈਂਦੀ ਹੈ ਅਤੇ ਹਰੀਸ਼ ਨਾਵਲ ਦੇ ਅੰਤ ਉਤੇ ਆਖਦਾ ਹੈ,

> "ਆਪਾਂ ਹਾਰੀਏ ਜਾਂ ਜਿੱਤੀਏ, ਆਪਾ ਆਪਣਾ ਸੰਘਰਸ਼ ਜਾਰੀ ਰੱਖਣਾ ਹੈ।
> ਸਾਨੂੰ ਇਹ ਪਤਾ ਹੈ ਕਿ ਇਹ ਸਟੇਟ ਬੜੀ ਤਕੜੀ ਹੈ ਪਰ ਅਸੀਂ ਆਪਣਾ
> ਸੰਘਰਸ਼ ਨਹੀਂ ਛੱਡਣਾ। ਉਸ ਨੂੰ ਜਾਰੀ ਰੱਖਣਾ ਹੈ।"

ਨਾਵਲ "ਕੌਰਵ ਸਭਾ" ਦਾ ਪੰਜਾਬੀ ਨਾਵਲ ਪਰੰਪਰਾ ਵਿਚ ਮੁੱਲ ਮਹੱਤਵਪੂਰਣ ਹੈ ਕਿਉਂ ਕਿ ਪੰਜਾਬੀ ਨਾਵਲ ਦੀ ਯਥਾਰਥਵਾਦੀ ਪ੍ਰਗਤੀਵਾਦੀ ਧਾਰਾ ਹੀ ਮੁੱਖ ਧਾਰਾ ਹੈ। ਇਹ ਨਾਵਲ ਇਸ ਧਾਰਾ ਦਾ ਹੀ ਵਿਕਾਸ ਹੈ ਕਿਉਂਕਿ ਇਹ ਨਾਵਲ ਵਿਵਸਥਾ ਦੇ ਸੰਕਟ ਦੀ ਚਿੰਤਾ ਵਿਚੋਂ ਉਪਜਕੇ ਇਸ ਸੰਕਟ ਨੂੰ ਸਮਝਣ ਅਤੇ ਸੰਕਟ ਤੋਂ ਪਾਰ ਜਾਣ ਦੀਆਂ ਸੰਭਾਵਨਾਵਾਂ ਉਤੇ ਕੇਂਦਰਿਤ ਹੈ। ਇਸ ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਆਧੁਨਿਕ ਭਾਰਤੀ ਸਮਾਜ ਦੇ ਵਿਆਪਕ ਯਥਾਰਥ ਦਾ ਪੱਲਾ ਨਹੀਂ ਛੱਡਦਾ। ਨਾਵਲਕਾਰ ਅਗਾਂਹ-ਵਧੂ ਸਭਾ-ਸੁਸਾਇਟੀਆਂ ਬਾਰੇ ਭਾਵੁਕ ਉਪਭਾਵੁਕ ਦ੍ਰਿਸ਼ਟੀ ਨਹੀਂ ਅਪਣਾਉਂਦਾ ਬਲਕਿ ਇਨ੍ਹਾਂ ਸੰਗਠਨਾਂ ਦੀ ਸੀਮਾ ਦੇ ਯਥਾਰਥ ਨੂੰ ਪ੍ਰਗਟਾਉਂਦਾ ਹੈ। ਇਹ ਨਾਵਲ ਸ਼ੁੱਧ-ਯਥਾਰਥਵਾਦੀ ਨਾਵਲ ਅਤੇ ਕਈ ਵਾਰ ਅਜਿਹੇ ਨਾਵਲ ਵਿਚੋਂ ਓਪਰੀ ਨਜ਼ਰੇ ਨਿਰਾਸ਼ਤਾ ਵੀ ਉਪਜਦੀ ਹੈ। ਨਾਵਲ ਦੇ ਅੱਧ ਵਿਚ ਜਦੋਂ ਕੇਸ ਰਾਮ ਨਾਥ, ਨੇਹਾ ਦੇ ਹੱਥੋਂ ਨਿਕਲਦਾ ਜਾਪਦਾ ਹੈ ਉਸ ਸਮੇਂ ਨਿਰਾਸ਼ਤਾ ਦਾ ਅਭਾਸ ਹੁੰਦਾ ਹੈ। ਪਰੰਤੂ ਨਾਵਲ ਦੇ ਦੂਜੇ ਅੱਧ ਭਵਿਖਾਰਥੀ ਸੰਭਾਵਨਾ ਵੱਲ ਸੰਕੇਤ ਨਾਵਲ ਨੂੰ ਮੁੱਲਵਾਨ ਬਣਾਉਂਦੇ ਹਨ। ਇਸ ਨਾਵਲ ਦਾ ਮਹੱਤਵ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਮੀਤ ਦੇ ਪਹਿਲੇ ਨਾਵਲ ਵਾਂਗ ਵਿਵਸਥਾ ਦੇ ਕਿਸੇ ਇਕ ਅੰਗ ਉਤੇ ਕੇਂਦਰਤ ਨਹੀਂ ਬਲਕਿ ਇਹ ਨਾਵਲ ਅਜੋਕੀ ਸਮੁੱਚੀ ਵਿਵਸਥਾ ਦੀ ਚੀਰ-ਫਾੜ ਕਰਦਾ ਹੋਇਆ ਸਜੀਵ ਨਾਵਲ ਸੰਸਾਰ ਦੀ ਸਿਰਜਣਾ ਕਰਦਾ ਹੈ। ਇਹ ਨਾਵਲ ਮੀਤ ਦੇ ਨਾਵਲ ਸਹਿਤ ਅਤੇ ਪੰਜਾਬੀ ਨਾਵਲ ਸਹਿਤ ਦੀ ਵਡਮੁੱਲੀ ਪ੍ਰਾਪਤੀ ਹੈ।

# 10

# 'ਕੌਰਵ ਸਭਾ' ਦਾ ਸਮੱਸਿਆਕਾਰ ਅਤੇ ਨਾਵਲੀ-ਬਿਰਤਾਂਤ

**ਗੁਰਪਾਲ ਸਿੰਘ ਸੰਧੂ**

ਨਾਵਲ 'ਕੌਰਵ ਸਭਾ' ਬਾਰੇ ਇਹ ਪਰਚਾ ਲਿਖੇ ਜਾਣ ਤੱਕ, ਇਹ ਨਾਵਲ ਅਤੇ ਨਾਵਲਕਾਰ ਮਿੱਤਰ ਸੈਨ ਮੀਤ ਦੋਵੇਂ ਹੀ ਮਸ਼ਹੂਰ ਵੀ ਹੋ ਚੁੱਕੇ ਹਨ ਅਤੇ ਸੰਜੀਦਗੀ ਨਾਲ ਵਿਚਾਰੇ ਵੀ ਜਾ ਰਹੇ ਹਨ। ਮਿੱਤਰ ਸੈਨ ਮੀਤ ਦੇ ਨਾਵਲਾਂ ਨਾਲ ਪੰਜਾਬੀ ਨਾਵਲਕਾਰੀ ਵਿਚ ਵੱਖਰੇ ਕਿਸਮ ਦੀ ਬਿਰਤਾਂਤਕਾਰੀ ਹੋਂਦ ਵਿਚ ਆਉਂਦੀ ਹੈ। ਨਿਰਸੰਦੇਹ, ਇਹ ਬਿਰਤਾਂਤਕਾਰੀ ਨੇ ਪੰਜਾਬੀ ਨਾਵਲ ਦੇ ਪਾਠਕਾਂ ਅਤੇ ਵਿਚਾਰਵਾਨਾਂ ਦੋਵਾਂ ਲਈ ਹੀ ਨਵੇਂ ਮੰਜਰ, ਮਸਲੇ ਅਤੇ ਚਣੌਤੀਆਂ ਪੈਦਾ ਕੀਤੀਆਂ ਹਨ। ਦਿਲਚਸਪ ਗੱਲ ਤਾਂ ਇਹ ਹੈ ਕਿ **ਤਫ਼ਤੀਸ਼, ਕਟਹਿਰਾ ਅਤੇ ਕੌਰਵ ਸਭਾ** ਤਿੰਨ੍ਹਾਂ ਹੀ ਨਾਵਲਾਂ ਵਿਚ ਨਾਵਲਕਾਰ ਆਪਣੀ ਮਖ਼ਸੂਸ ਬਿਰਤਾਂਤਕਾਰੀ ਦੀ ਪ੍ਰਕਿਰਿਆ ਵਿਚ ਨਿਖ਼ਾਰ ਲਿਆਉਣ ਅਤੇ ਹਾਸਲ ਕਰਨ ਲਈ ਜਦੋ-ਜਹਿਦ ਕਰਦਾ ਦਿਖਾਈ ਦਿੰਦਾ ਹੈ। ਇਹ ਵੀ ਵਜ੍ਹਾ ਹੈ ਕਿ 'ਕੌਰਵ ਸਭਾ' ਵਿਚ ਉਸਦੀ ਬਿਰਤਾਂਤਕਾਰੀ ਦੀ ਇਹ ਵਿਧੀ ਉਚੇਚੇਪਣ ਤੋਂ ਦੂਰ ਜਾ ਕੇ ਸਹਿਜ ਬਿਰਤਾਂਤ ਸਿਰਜਣ ਵਿਚ ਸਫਲਤਾ ਹਾਸਲ ਕਰਦੀ ਦੇਖੀ ਜਾ ਸਕਦੀ ਹੈ।

(1)

ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਬਿਰਤਾਂਤ-ਵਿਧੀ ਵਿਚ ਯਥਾਰਥ, ਬਿਰਤਾਂਤਕ ਹਵਾਲੇ, ਨਾਵਲੀ ਕਥਾ ਅਤੇ ਨਾਵਲੀ ਅਰਥ-ਸਿਰਜਣ ਦੀ ਪ੍ਰਕਿਰਿਆ ਦੇ ਬਿਲਕੁਲ ਨਵੇਂ ਸਮੀਕਰਨ ਪੇਸ਼ ਹੋ ਰਹੇ ਹਨ। ਪੰਜਾਬੀ ਨਾਵਲ ਆਮ ਤੌਰ 'ਤੇ ਯਥਾਰਥ, ਬਿਰਤਾਂਤਕ ਹਵਾਲਿਆਂ, ਕਥਾ ਅਤੇ ਅਰਥ-ਸਿਰਜਣ ਵਿਚ ਲਾਕੀਰੀ ਅਤੇ ਇਕਹਿਰੀ ਲੜੀ ਵਰਗੀ ਸਿਲਸਿਲੇਵਾਰ ਪ੍ਰਕਿਰਿਆ ਬਣਾ ਕੇ ਚਲਦਾ ਰਿਹਾ ਹੈ। ਇਸੇ ਕਰਕੇ ਇਹਨਾਂ ਨਾਵਲੀ ਪਾਠਾਂ ਵਿਚ ਨਾਵਲੀ ਅਰਥ-ਸਿਰਜਣਾ ਦੀਆਂ ਭਿੰਨ ਭਿੰਨ ਪਰਤਾਂ ਇਕ ਦੂਜੇ ਵਿਚੋਂ ਨਿਕਲਕੇ ਅਤੇ ਮੁੜ ਆਪਸ ਵਿਚ ਜੁੜਕੇ ਅਰਥ ਪੈਦਾ ਕਰਨ ਵਿਚ ਸਰਗਰਮ ਰਹਿੰਦੀਆਂ ਹਨ। ਸਿੱਟੇ ਵਜੋਂ ਅਸੀਂ ਪੰਜਾਬੀ ਨਾਵਲ ਨੂੰ ਯਥਾਰਥ, ਬਿਰਤਾਂਤਕ ਹਵਾਲਿਆਂ, ਕਥਾ ਅਤੇ ਅਰਥ-ਸਿਰਜਣਾ ਚਾਰਾਂ ਹੀ ਪੱਧਰਾਂ ਵਿਚੋਂ ਕਿਸੇ ਇਕ ਪੱਧਰ ਨੂੰ ਆਧਾਰ ਬਣਾ ਕੇ ਸਮਝ ਵੀ ਸਕਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਵੀ ਕਰ ਸਕਦੇ ਹਾਂ। ਪਰ ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਅਧਿਐਨ ਤੇ ਮੁਲਾਂਕਣ ਕਰਨ ਸਮੇਂ ਅਸੀਂ ਵਿਧੀਗਤ ਸੰਕਟਾਂ ਅਤੇ ਸਮੱਸਿਆਵਾਂ ਦਾ ਸ਼ਿਕਾਰ ਹੁੰਦੇ ਹੋਏ ਇਹਨਾਂ ਨਾਵਲਾਂ ਦੀ ਅਰਥ-ਉਤਪਾਦਨ ਕਰਨ ਦੀਆਂ ਸੰਭਾਵਨਾਵਾਂ ਦੇ ਰਾਹ ਤੁਰਨ ਦੀ ਥਾਂ 'ਨਾਵਲੀ ਹਵਾਲਿਆਂ ਅਤੇ ਕਥਾ' ਉਤੇ ਹੀ ਨਿਗ੍ਹਾ ਟਿਕਾ ਲੈਂਦੇ ਹਾਂ। ਇਸੇ ਕਰਕੇ ਹੀ ਸਾਨੂੰ ਮੀਤ ਸਿਰਫ਼ 'ਨਿਆਂ ਪ੍ਰਣਾਲੀ' ਦੇ ਲੁਕਵੇਂ ਅਤੇ ਦਿਸਣਹਾਰ ਯਥਾਰਥ ਦਾ ਚਿਤਰਨ ਕਰਨ ਵਾਲਾ ਨਾਵਲਕਾਰ ਦਿਖਾਈ ਦਿੰਦਾ ਹੈ। ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਮੀਤ ਦੀ ਨਾਵਲਕਾਰੀ ਬਾਰੇ ਲਿਖਣ ਵਾਲੇ ਸੰਜੀਦਾ ਵਿਚਾਰਵਾਨ ਵੀ ਉਸਦੀ ਪਹਿਚਾਣ ਅਤੇ ਮੁੱਲ 'ਨਿਆਂ ਪ੍ਰਣਾਲੀ ਦੇ ਯਥਾਰਥ' ਦੀ ਪੇਸ਼ਕਾਰੀ ਦੇ ਵਸੀਲੇ ਨਾਲ ਹੀ ਪਾਉਂਦੇ ਹਨ।

ਪਰ, ਇਹਨਾਂ ਨਾਵਲਾਂ ਦੀ ਸਥਿਤੀ ਇਸ ਤੋਂ ਬਿਲਕੁਲ ਉਲਟ ਹੈ। ਮੀਤ ਦੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਵਿਚ ਯਥਾਰਥ, ਬਿਰਤਾਂਤਕ ਹਵਾਲੇ, ਕਥਾ ਅਤੇ ਨਾਵਲੀ-ਅਰਥ ਬਿਰਤਾਂਤ-ਸਿਰਜਣਾ

ਲਈ ਗਤੀਸ਼ੀਲ ਜੁੜੇ ਹੋਏ ਤੱਤਾਂ ਦੀ ਥਾਂ ਅੰਤਰ-ਸੰਬੰਧਤ ਜ਼ਰੀਏ (Agencies) ਹਨ। ਇਸੇ ਕਰਕੇ ਇਹ ਗੁਨਾਹ, ਜੁਰਮ ਅਤੇ ਨਿਆਂ ਦੇ ਨਿਜ਼ਾਮ ਦੀ ਸਿਰਫ਼ ਕਥਾ ਹੀ ਨੂੰ ਬਿਆਨ ਨਹੀਂ ਕਰਦੇ, ਸਗੋਂ ਕਥਾ ਦੇ ਜ਼ਰੀਏ ਨਾਲ, ਅੱਜ ਦੇ ਸਭਿਅਕ ਸਮਾਜ ਦੇ ਜਰਜ਼ਰੇ ਹੋਏ ਚੁੱਕੇ ਪ੍ਰਤੀਕ-ਪ੍ਰਬੰਧਾਂ ਅਤੇ ਹਿੱਲ ਰਹੀਆਂ ਬੁਨਿਆਦਾਂ ਦੇ ਹਵਾਲੇ ਨਾਲ ਮਨੁੱਖਤਾ ਦੇ ਡਗਮਗ ਚੁੱਕੇ ਵਰਤਮਾਨ ਅਤੇ ਧੁੰਦਲੇ ਹੋ ਚੁੱਕੇ ਭਵਿੱਖ ਦੀ ਤਸਵੀਰਕਸ਼ੀ ਕਰਦੇ ਹਨ। ਇਥੇ ਹੀ ਬਸ ਨਹੀਂ ਬਿਰਤਾਂਤੀਕਰਨ ਦੀ ਇਹ ਪ੍ਰਕਿਰਿਆ, ਅਜਿਹੇ ਸਬਜੈਕਟ ਦੇ ਦੁਖਾਂਤ ਦੀ ਪੇਸ਼ਕਾਰੀ ਕਰਦੀ ਹੈ, ਜੋ ਨਿਜ਼ਾਮ ਦੀ ਲਚਕਤਾ ਅਤੇ ਹਿਰਸਾਂ ਦੀ ਵਿਕਰਾਲਤਾ ਨੇ ਸੁਪਨਹੀਣ ਅਤੇ ਦਿਸ਼ਾਹੀਣ ਬਣਾ ਦਿੱਤਾ ਹੈ। ਇਸੇ ਕਰਕੇ, ਇਹ ਨਾਵਲ ਅਜਿਹੇ ਮੁਆਸ਼ਰੇ ਦਾ ਵਿਸਤ੍ਰਿਤ ਬਿੰਬ ਪੇਸ਼ ਕਰਦੇ ਹਨ ਜਿਥੇ ਸਰਗਰਮ ਅਤੇ ਹੌਸਲਾਪ੍ਰਸਤ ਮਨੁੱਖ ਵੀ ਸਿਰਫ਼ ਮੁਜ਼ਾਹਮਤੀ ਅਤੇ ਚਾਰਾਗੋਈ ਤੱਕ ਹੀ ਸੀਮਤ ਹੋ ਚੁੱਕੇ ਹਨ। ਸਪਸ਼ਟ ਹੈ ਕਿ ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਵਿਚ ਯਥਾਰਥ, ਬਿਰਤਾਂਤਕ ਹਵਾਲੇ, ਕਥਾ ਅਤੇ ਅਰਥ-ਸਿਰਜਣਾ ਅਜਿਹੀ ਖੇਡ ਦੇ ਰੂਪ ਵਿਚ ਸਰਗਰਮ ਹਨ, ਜੋ ਅਰਥਾਂ ਦੀ ਪੇਸ਼ਕਾਰੀ ਦੀ ਥਾਂ ਅਰਥ-ਉਤਪਾਦਨ ਦੀ ਵਿਧੀ ਨੂੰ ਧਾਰਨ ਕਰਦੀ ਹੈ। ਇਸੇ ਕਰਕੇ ਇਥੇ ਨਾਵਲੀ ਅਰਥਾਂ ਦੀ ਸਿਰਜਣਾ ਵਿਚ ਨਾਵਲੀ ਕਥਾ ਅਤੇ ਹਵਾਲੇ, ਬਿਰਤਾਂਤਕ ਰੂਪਕਾਂ ਦਾ ਰੰਗ ਅਖ਼ਤਿਆਰ ਕਰਕੇ ਸਿੱਧੇ ਅਤੇ ਸਪਾਟ ਅਰਥਾਂ ਨੂੰ ਪੇਸ਼ ਕਰਨ ਦੀ ਥਾਂ, ਪ੍ਰਤੀਕਾਤਕਮ ਅਰਥਾਂ ਦੀ ਸਿਰਜਣਾ ਕਰਦੇ ਹਨ।

(2)

**ਕੌਰਵ ਸਭਾ** ਨਾਵਲ ਅੱਜ ਦੇ ਨਿਜ਼ਾਮ ਵਿਚ ਪੈਦਾ ਹੋ ਚੁੱਕੀਆਂ 'ਬਹੁਪਰਤੀ ਬੇਤਰਤੀਬੀਆਂ', ਬਹੁਰੰਗੇ ਸੰਤਾਪਾਂ ਅਤੇ ਬਹੁਪਾਸਾਰੀ ਸੰਕਟਾਂ ਦਾ ਚਿਤਰਣ ਕਰਕੇ 'ਸਹਿਜਤਾ ਤੋਂ ਥਿੜਕੇ' ਅਤੇ 'ਵਿਕਾਰਾਂ ਤੇ ਹਿਰਸਾਂ ਨਾਲ ਵਰੋਸਾਏ' ਹੋਏ ਭਾਈਚਾਰੇ ਦੇ ਦੁਖਾਂਤ ਦੀ ਪੇਸ਼ਕਾਰੀ ਕਰਦਾ ਹੈ। ਇਸ ਦੁਖਾਂਤ ਦੀ ਵਿਆਖਿਆ ਭਾਵੇਂ ਅਸੀਂ ਮਹਾਂਭਾਰਤ ਦੇ ਕਥਾ-ਸੰਦਰਭ ਵਿਚਲੇ 'ਕੌਰਵਾਂ' ਦੀ ਉਚ-ਅਕਾਂਖਿਆਵਾਂ, ਧੋਖੇਬਾਜ਼ੀਆਂ ਅਤੇ ਹਿਰਸਾਂ ਦੀ ਦੁਖਾਂਤਕ ਦਾਸਤਾਨ ਦੇ ਹਵਾਲੇ ਨਾਲ ਕਰ ਲਈਏ, ਜਾਂ ਫਿਰ ਪੂੰਜੀਵਾਦੀ ਆਰਥਿਕਤਾ ਤੇ ਸਿਆਸਤ ਦੀ ਭ੍ਰਿਸ਼ਟੀ ਹੋਈ ਲੋਟੂ ਖਸਲਤ ਨਾਲ ਪੈਦਾ ਹੋਈ, ਜਮਾਤੀ ਵਿਹਾਰ-ਪ੍ਰਣਾਲੀ ਦੇ ਸੰਦਰਭ ਵਿਚ ਕਰ ਲਈਏ। ਸਾਰ-ਤੱਤ ਇਹ ਹੀ ਨਿਕਲਦਾ ਹੈ ਕਿ ਸਮਕਾਲੀ ਨਿਜ਼ਾਮ ਵਿਚ 'ਮਨੁੱਖ ਅਤੇ ਮਨੁੱਖਤਾ' ਬੇਮਾਇਨਾ ਹੋ ਕੇ ਸਿਰਫ਼ ਵਰਤਣਹਾਰ ਸ਼ੈ ਬਣਕੇ ਰਹਿ ਗਈ ਹੈ। ਇਸੇ ਕਰਕੇ ਇਸਦੇ ਸਾਰੇ ਸਰੋਕਾਰ 'ਮਾਲਕ ਅਤੇ ਮਾਲਕੀਅਤ' ਦੀ ਤਰਜ਼ ਉਤੇ ਹੀ ਉਸਰ ਸਕਦੇ ਹਨ। ਇਥੇ 'ਮਾਲਕ' ਹੋ ਕੇ ਆਪਣੀ 'ਮਾਲਕੀਅਤ' ਨੂੰ ਉਜਾਗਰ ਕਰ ਦੇਣਾ ਹੀ ਹਰ ਕਿਸਮ ਦੀ ਨਿਆਂਸ਼ੀਲਤਾ ਨੂੰ ਕਾਇਮ ਕਰ ਦਿੰਦਾ ਹੈ ਅਤੇ ਇਸ ਤੋਂ ਬਗ਼ੈਰ ਕੋਈ ਵੀ ਅਜਿਹੀ ਨੈਤਿਕ, ਸਮਾਜਿਕ, ਧਾਰਮਿਕ ਜਾਂ ਸ਼ਿਸ਼ਟਾਚਾਰਕ ਆਧਾਰ ਭੂਮੀ ਨਹੀਂ ਹੈ, ਜੋ ਕਿਸੇ ਵੀ ਮਾਲਕ ਦੀ ਮਾਲਕੀਅਤ ਦੀ ਨਿਆਂਸ਼ੀਲਤਾ ਨੂੰ ਖਾਰਜ ਕਰ ਸਕੇ। ਇਹ ਭਾਈਚਾਰਾ 'ਕੌਰਵ ਸਭਾ' ਦਾ ਹੀ ਸਾਕਾਰ ਰੂਪ ਅਖ਼ਤਿਆਰ ਕਰ ਚੁੱਕਾ ਹੈ, ਜਿਸਦਾ ਮਸਲਾ, ਸਰੋਕਾਰ ਅਤੇ ਮੰਜ਼ਿਲ ਮਾਲਕ ਬਨਣ ਅਤੇ ਮਾਲਕੀਅਤ ਉਜਾਗਰ ਕਰਨ ਦੀ ਸਰਗਰਮੀ ਵਿਚ ਹੀ ਹੈ, ਮਾਨਵਵਾਦੀ, ਨੈਤਿਕ ਅਤੇ ਕਲਿਆਣਕਾਰੀ ਮਾਨਵੀ ਸਮੂਹ ਦੀ ਮਿਸਾਲ ਬਨਣ ਵਿਚ ਨਹੀਂ।

**ਕੌਰਵ ਸਭਾ** ਦਾ ਸਮੱਸਿਆਕਾਰ (Problamatics) ਹੈ ਮਨੁੱਖ ਦੀ ਮਾਲਕ ਹੋਣ ਅਤੇ ਮਾਲਕੀਅਤ ਕਾਇਮ ਕਰਨ ਦੀ ਸਮਰੱਥਾ ਅਤੇ ਹੈਸੀਅਤ ਨੂੰ ਉਜਾਗਰ ਕਰਨ ਦੀ ਪਰਮ-ਅਕਾਂਖਿਆ

ਦੀ ਪੇਸ਼ਕਾਰੀ ਕਰਨਾ। ਅਸਲ ਵਿਚ ਮਾਲਕ ਹੋਣ ਤੇ ਮਲਕੀਅਤ ਲਾਗੂ ਕਰਨ ਦੀ ਸਮਰੱਥਾ ਤੇ ਹੈਸੀਅਤ ਕਾਬਜ਼ ਹੋਣ, ਦਬਦਬਾ ਕਾਇਮ ਕਰਨ ਅਤੇ ਭਾਰੂ ਇਕਬਾਲ ਕਰਵਾਉਣ ਨਾਲ ਸਰਸ਼ਾਰ ਪ੍ਰਤੀਕ ਪ੍ਰਬੰਧ, ਜ਼ਿੰਦਗੀ ਦੇ ਹਰ ਖੇਤਰ ਵਿਚ ਫੈਲ ਜਾਂਦਾ ਹੈ। ਇਸੇ ਕਰਕੇ ਹੀ ਨਿਜ਼ਾਮ ਦੇ ਮੁਤਾਬਕ ਹੀ ਮਾਲਕ ਹੋਣ ਦੇ ਨਾਲ ਹੀ ਮਾਲਕੀ ਦੀ ਨਿਆਂਸ਼ੀਲਤਾ ਹਰ ਥਾਂ ਕਾਇਮ ਹੋ ਜਾਂਦੀ ਹੈ ਅਤੇ ਜ਼ਿੰਦਗੀ ਦੀਆਂ ਸਾਰੀਆਂ ਹੀ ਤਰਜ਼ਾਂ ਇਸ ਅਨੁਸਾਰ ਰਾਵ੍ਹਾਂ ਹੋ ਜਾਂਦੀਆਂ ਹਨ। ਆਪਣੇ ਸਮੱਸਿਆਕਾਰ ਨੂੰ ਵਿਆਪਕ ਸੰਦਰਭਾਂ ਵਿਚ ਸੰਚਿਤ ਕਰਨ ਲਈ ਇਸ ਨਾਵਲ ਵਿਚ ਕਥਾ ਸੰਦਰਭ ਤੇ ਤਿੰਨ ਪਾਸਾਰ ਨਿਸਚਤ ਕੀਤੇ ਗਏ ਹਨ।

ਪਹਿਲਾ, ਮਾਲਕ, ਮਲਕੀਅਤ, ਕਬਜ਼ੇ ਤੇ ਦਬਦਬੇ ਦੀ ਮਾਨਸਿਕਤਾ ਦੀ ਵਿਸ਼ੇਸ਼ ਕਾਲੀ (Temporal) ਅਤੇ ਪਾਰਗਾਮੀ (Trancedental) ਪਰਿਕਲਪਣਾ।

ਦੂਜਾ, ਸਮਾਜਿਕ ਵਿਕਾਸ ਦੀ ਪਰੰਪਰਾ ਵਿਚ ਇਸ ਪ੍ਰਕਿਰਿਆ ਰਾਹੀਂ ਦੁਹਰਾਏ ਜਾਣ ਵਾਲੇ ਸੰਕਟਾਂ ਤੇ ਸੰਦਰਭਾਂ ਨੂੰ ਵਿਆਪਕ ਪ੍ਰਸੰਗ ਵਿਚ ਵਿਉਂਤ-ਬੱਧ ਕਰਨਾ।

ਤੀਜਾ, ਸਮਾਕਲੀ ਸਮਾਜਿਕ ਦ੍ਰਿਸ਼ਾਂ ਵਿਚ ਇਸ ਪ੍ਰਕਿਰਿਆ ਦੀ ਸਰਗਰਮੀ ਦੇ ਸਿੱਟੇ ਵਜੋਂ ਵਾਪਰਨ ਵਾਲੇ ਦਿਲ ਕੰਬਾਊ ਅਤੇ ਹਿਰਦੇਵੇਧਕ ਕਥਾ-ਸੰਦਰਭ ਦੀ ਸਿਰਜਣਾ।

**ਕੌਰਵ ਸਭਾ** ਦੇ ਨਾਵਲੀ ਬਿਰਤਾਂਤ ਵਿਚ ਇਹ ਤਿੰਨੇ ਪਾਸਾਰ ਲਗਾਤਾਰ ਬਰਾਬਰ ਚਲਦੇ ਰਹਿੰਦੇ ਹਨ ਅਤੇ ਹਮੇਸ਼ਾ ਇਕ ਦੂਜੇ ਨੂੰ ਨਿਖਾਰਦੇ ਰਹਿੰਦੇ ਹਨ। ਜਿਵੇਂ,

> "ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਰਾਮ ਲਕਸ਼ਣ ਵਾਲਾ ਪਿਆਰ ਸੁਗਰੀਵ ਬਾਲੀ ਵਿਚ ਬਦਲ ਜਾਏਗਾ।" (ਕੌਰਵ ਸਭਾ : ਪੰਨਾ *15*)

ਜਾਂ

> "ਮਹਾਂਭਾਰਤ ਵਾਂਗ ਉਨ੍ਹਾਂ ਨਾਲ ਕਪਟ ਹੋਇਆ ਸੀ। ਉਹਨਾਂ ਦੇ ਨਿਹੱਥੇ ਅਭਿਮੰਨੀਓ ਦਾ ਕਤਲ ਹੋਇਆ ਸੀ। ਯੁੱਧ ਉਹਨਾਂ ਉਪਰ ਥੋਪਿਆ ਗਿਆ ਸੀ। ਉਹਨਾਂ ਨੇ ਹੱਕ ਸੱਚ ਦੀ ਲੜਾਈ ਹਿਕ ਤਾਣ ਕੇ ਲੜਨੀ ਸੀ। ਬਿਨ੍ਹਾਂ ਚੰਗੇ-ਮੰਦੇ ਨਤੀਜੇ ਦੀ ਪ੍ਰਵਾਹ ਕਰੇ, ਉਹਨਾਂ ਗਵਾਹਾਂ ਵਾਲੇ ਕਟਹਿਰੇ 'ਚ ਖੜ੍ਹਨਾ ਸੀ। ਨਿਸ਼ਕਾਮ ਕਰਮ ਦਾ ਫਲ ਮਿੱਠਾ ਹੋਣਾ ਸੀ।" (ਕੌਰਵ ਸਭਾ : ਪੰਨਾ *327*)

ਜਾਹਿਰ ਹੈ ਕਿ ਨਾਵਲ **ਕੌਰਵ ਸਭਾ** ਦੇ ਕਥਾ-ਵਿਸਤਾਰ ਵਿਚ ਵਰਤਮਾਨ ਤੇ ਅਤੀਤ, ਸਮਕਾਲ ਤੇ ਪਰੰਪਰਾ ਅਤੇ ਮਾਨਵੀ ਵਿਗਠਨ ਦੇ ਘਟਨਾ-ਚੱਕਰ ਆਪਸ ਵਿਚ ਘੁਲ ਮਿਲਕੇ ਪੇਸ਼ ਹੁੰਦੇ ਰਹਿੰਦੇ ਹਨ। ਇਸੇ ਕਰਕੇ ਨਾਵਲੀ ਬਿਰਤਾਂਤ ਦਾ ਇਕ ਸਿਰਾ ਵੇਦ ਅਤੇ ਮੋਹਨ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਸਿਰਾ ਬਾਲੀ ਤੇ ਸੁਗਰੀਵ ਨਾਲ। ਇਸਦੇ ਨਾਲ ਹੀ ਇਸ ਵਿਚ ਮਹਾ ਰਾਜ ਪਾਂਡੂ ਅਤੇ ਧ੍ਰਿਤਰਾਸ਼ਟਰ ਦੀ ਯੁੱਗਾਂ ਪੁਰਾਣੀ ਨਿੱਜ-ਕੇਂਦਰੀ ਸਿਆਸਤੀ ਅਤੇ ਸ਼ਾਸਤਰੀ ਚੇਤਨਾ ਥਾਂ ਪਰ ਥਾਂ ਸੰਮਿਲਤ ਹੈ। ਸਿੱਟੇ ਵਜੋਂ ਸਮਕਾਲੀ ਯਥਾਰਥ ਦੇ ਸਾਰੇ ਘੇਰਿਆਂ ਅਤੇ ਕੌਰਵ ਸਭਾ ਦੇ ਕਥਾ-ਸੰਦਰਭ ਦੀ ਪੁਰਾਤੱਤਵੀ ਚੇਤਨਾ (Archetypology) ਨਾਵਲ ਦੇ ਇਸ ਕਥਾ-ਵਿਸਤਾਰ ਨੂੰ ਮਹਾਂਭਾਰਤ ਦੀਆਂ ਸਿਮਰਤੀਆਂ ਅਨੁਸਾਰ ਹੀ ਵਿਕਾਸ ਤੇ ਵਿਸਤਾਰ ਪ੍ਰਦਾਨ ਕਰਦੀ ਹੈ।

ਇਸ ਲਿਹਾਜ਼ ਨਾਲ ਵਿਚਾਰ ਕਰਦਿਆਂ ਅਤੇ **ਕੌਰਵ ਸਭਾ** ਦੇ ਸਮੱਸਿਆਕਾਰ ਨੂੰ ਸਮਝਦਿਆਂ

ਦੋ ਗੱਲਾਂ ਦਾ ਨਿਖੇੜਾ ਕਰਨਾ ਬੜਾ ਜ਼ਰੂਰੀ ਹੈ। ਪਹਿਲੀ ਇਹ ਨਾਵਲ ਮਹਾਂਭਾਰਤ ਦੇ ਕਥਾ–ਸੰਦਰਭ ਦੀ ਪੁਨਰ–ਪੇਸ਼ਕਾਰੀ ਨਹੀਂ ਕਰਦਾ ਸਗੋਂ ਇਸਦੇ ਕਥਾ ਸੰਦਰਭ ਨੂੰ ਵਿਕਸਿਤ (Deconstruct) ਕਰਦਾ ਹੈ। ਇਸੇ ਕਰਕੇ ਇਹ ਮਾਲਕ, ਮਾਲਕੀਅਤ ਅਤੇ ਹਿਰਸਾਂ ਨਾਲ ਲਬਰੇਜ਼ ਮਾਨਵੀ ਸਥਿਤੀਆਂ ਦਾ ਅਜਿਹਾ ਸਮਕਾਲੀ ਦ੍ਰਿਸ਼ ਪੇਸ਼ ਕਰਦਾ ਹੈ, ਜਿਸ ਤਰ੍ਹਾਂ ਕਿ 'ਮਹਾਂਭਾਰਤ' ਨੇ ਆਪਣੇ ਯੁੱਗ ਦੀ ਬਿਰਤਾਂਤਕ–ਸੰਵੇਦਨਾ ਦੇ ਅਨੁਸਾਰ ਪੇਸ਼ ਕੀਤਾ ਸੀ। ਸੋ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧਾਰ ਨਹੀਂ ਬਣਾਉਂਦਾ, ਸਗੋਂ ਉਸ ਮਾਨਵੀ-ਸਥਿਤੀ ਨੂੰ ਆਧਾਰ ਬਣਾਉਂਦਾ ਹੈ, ਜਿਸ ਨੂੰ ਕਿਸੇ ਜ਼ਮਾਨੇ ਵਿਚ 'ਮਹਾਂਭਾਰਤ' ਵਰਗਾ ਮਹਾਂਕਾਵਿ ਲਿਖਣ ਸਮੇਂ ਰਿਸ਼ੀ ਵਿਆਸ ਨੇ ਬਣਾਇਆ ਸੀ। ਇਸ ਸਬੰਧ ਵਿਚ ਇਹ ਨੁਕਤਾ ਵੀ ਖ਼ਾਸ ਧਿਆਨ ਦੀ ਮੰਗ ਕਰਦਾ ਹੈ, ਕਿ ਜਿਥੇ 'ਮਹਾਂਭਾਰਤ' ਕੌਰਵਾਂ ਦੀ ਹਾਰ/ਕਪਟ ਦੀ ਹਾਰ ਦੀ ਕਥਾ ਨੂੰ ਪੇਸ਼ ਕਰਦੀ ਹੈ। ਨਾਵਲ 'ਕੌਰਵ ਸਭਾ' ਉਹਨਾਂ ਦੀ ਜਿੱਤ ਦੀ 'ਵਿਡੰਬਨਾ' ਨੂੰ ਪੇਸ਼ ਕਰਦਾ ਹੈ। ਇਸ ਕਰਕੇ ਇਹ ਦੋਵੇਂ ਪਾਠ 'ਪੂਰਕ ਪਾਠਾਂ' ਦੀ ਕੋਟੀ ਵਿਚ ਰੱਖੇ ਜਾਣ ਵਾਲੇ ਹਨ, ਇਕ ਦੂਜੇ ਉਤੇ ਆਧਾਰਤ ਪਾਠ ਨਹੀਂ।

ਇਸ ਦੇ ਨਾਲ ਹੀ ਇਹ ਖ਼ਿਆਲ ਵੀ ਸੰਜੀਦਗੀ ਨਾਲ ਵਿਚਾਰਣ ਵਾਲਾ ਹੈ ਕਿ ਨਾਵਲ ਦੇ ਬਿਰਤਾਂਤਕ ਪਾਸਾਰ ਮੰਡਲ ਨੂੰ ਸਿਰਫ਼ ਪੂੰਜੀਵਾਦੀ ਅਰਥ–ਚਾਰੇ ਅਤੇ ਸਿਆਸੀ ਨਿਜ਼ਾਮ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਹਕੀਕਤ ਤਾਂ ਇਹ ਹੈ ਕਿ ਜਿਸ ਮਾਨਵੀ ਸਥਿਤੀ ਦੇ ਵਿਸਤ੍ਰਿਤ ਪਾਸਾਰਾਂ ਦੀ ਗੱਲ ਇਹ ਨਾਵਲ ਕਰ ਰਿਹਾ ਹੈ, ਉਸਦਾ ਇਕ ਰੰਗ ਰੂਪ ਪੂੰਜੀਵਾਦੀ ਨਿਜ਼ਾਮ ਵਿਚ ਵੀ ਮਿਲਦਾ ਹੈ। ਪੂੰਜੀਵਾਦੀ ਵਰਤ ਵਰਤਾਰਾ ਉਹਦਾ ਇਕ ਵੇਲੇ ਦਾ ਸਰੂਪ ਹੈ ਅਤੇ ਇਸਦੇ ਹੋਰ ਸਰੂਪ ਬਾਕੀ ਵੇਲਿਆਂ ਅਤੇ ਵਾਰਾਂ ਵਿਚ ਵੀ ਮਿਲਦੇ ਹਨ। ਇਥੋਂ ਤੱਕ ਕਿ ਸਮਾਜਵਾਦੀ ਨਿਜ਼ਾਮ ਵੀ ਮਾਲਕ, ਮਾਲਕੀਅਤ ਅਤੇ ਹਿਰਸਾਂ ਦੀ ਖੇਡ ਤੋਂ ਸੌ ਫੀ ਸਦੀ ਬਚ ਨਹੀਂ ਸਕਿਆ। ਇਸ ਨਿਜ਼ਾਮ ਦੀ ਵੀ ਆਪਣੀ ਇਕ ਕੌਰਵ ਸਭਾ ਹੈ। ਇਸ ਨਾਵਲ ਦੀ ਖ਼ੂਬਸੂਰਤੀ ਅਤੇ ਪ੍ਰਾਪਤੀ ਇਹ ਹੈ ਕਿ ਇਸਨੇ ਕੌਰਵ ਸੰਵੇਦਨਾ ਦੀ ਵਿਸ਼ੇਸ਼ਕਾਲੀ ਅਤੇ ਪਾਰਗਾਮੀ ਖਸਲਤ ਦੀ ਅੰਤਰਕਿਰਿਆ ਰਾਹੀਂ ਨਾਵਲੀ ਬਿਰਤਾਂਤ ਦੀ ਉਸਾਰੀ ਕਰਕੇ ਹਿਰਸ਼ਾਂ ਨੂੰ ਪਾਲਣਹਾਰ ਮਨੁੱਖੀ ਸੁਭਾਅ ਦੀ ਹੋਣੀ ਨੂੰ ਪੇਸ਼ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

## (3)

ਅਸੀਂ ਨਾਵਲ **ਕੌਰਵ ਸਭਾ** ਦੇ ਕਥਾਗਤ ਵਿਸਤਾਰ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਵੇਖ ਸਕਦੇ ਹਾਂ। ਪਹਿਲਾ ਹਿੱਸਾ ਹੈ ਮੋਹਨ ਅਤੇ ਵੇਦ ਦਾ ਰਲਕੇ ਕਾਰੋਬਾਰ ਕਰਨਾ ਅਤੇ ਇਸ ਵਿਚ ਤਰੱਕੀਆਂ ਕਰਕੇ ਦਿਖਾਉਣੀਆਂ। ਇਹ ਤਰੱਕੀਆਂ ਸਹਿਜਤਾ ਤੋਂ ਪੂਰੀ ਤਰ੍ਹਾਂ ਦੂਰ ਹੁੰਦੀਆਂ ਹੋਈਆਂ ਕਪਟਤਾ, ਚਲਾਕੀਆਂ ਅਤੇ ਜੁਗਾੜਬਾਜੀਆਂ ਉਤੇ ਆਧਾਰ ਹਨ। ਇਸੇ ਕਰਕੇ ਇਹਨਾਂ ਵਿੱਚ ਸਰਗਰਮ ਹੋਣ ਦੀ ਪ੍ਰਕਿਰਿਆ ਮਾਨਵਵਾਦੀ ਸੰਵੇਦਨਾ ਤੋਂ ਦੂਰ ਹੋਕੇ ਹਿਰਸਾਂ ਦੀ ਦੌੜ ਵਿਚ ਕਾਮਯਾਬ ਹੋ ਕੇ ਲੋਕਾਂ ਕੋਲੋਂ ਸਫ਼ਲ ਮਨੁੱਖ ਹੋਣ ਦਾ ਇਕਬਾਲ ਕਰਵਾ ਲੈਂਦੇ ਹਨ। ਇਹੀ ਕੌਰਵ ਸਭਾ ਦੀ ਪਹਿਲੀ ਮਿਲਣੀ ਹੈ, ਜਿਥੇ ਮੋਹਨ ਅਤੇ ਵੇਦ ਕੌਰਵੀ ਰੁੱਖ ਅਖ਼ਤਿਆਰ ਕਰਦੇ ਹੋਏ ਆਪਣੀ ਕਪਟ ਦੀ ਰੰਗਸ਼ਾਲਾ ਨੂੰ ਧਰਮਕਸ਼ੇਤਰ ਸਾਬਤ ਕਰਵਾ ਲੈਂਦੇ ਹਨ।

ਦੂਜੇ ਹਿੱਸੇ ਵਿਚ ਰੰਗਸ਼ਾਲਾ ਧਰਮਕੁਸ਼ੇਤਰ ਸਾਬਤ ਹੀ ਹੁੰਦੀ ਹੈ ਹੱਕ ਸੱਚ ਅਨੁਸਾਰ ਬਣਦੀ

ਨਹੀਂ। ਇਸੇ ਕਰਕੇ ਇਹ ਮੋਹਨ ਦੀ ਮੌਤ ਤੋਂ ਬਾਅਦ ਆਪਣੇ ਅਸਲੀ ਰੂਪ ਵਿਚ ਆ ਜਾਂਦੀ ਹੈ। ਸਿੱਟੇ ਵਜੋਂ ਪਰਿਵਾਰਿਕ ਲੜਾਈ ਝਗੜਾ, ਵੇਦ, ਨੀਲਮ ਤੇ ਕਮਲ ਨੂੰ ਨੀਵਾਂ ਦਿਖਾਉਣ ਲਈ, ਜਰਾਇਮ ਪੇਸ਼ਾ ਭਈਆਂ ਨੂੰ ਪੈਸੇ ਦੇ ਕੇ ਮਾਰਕੁੱਟ ਕਰਵਾਉਣ ਦੀ ਸਾਜਿਸ਼ ਰਚਣਾ, ਭਾਰੂ ਹੋਣ ਦੀ ਹਿਰਸ ਦੀ ਪੂਰਤੀ ਦਾ ਹੀ ਅਗਲਾ ਪੜ੍ਹਾ ਹੈ। ਇਸੇ ਦਾ ਹੀ ਸਿੱਟਾ ਨਿਕਲਦਾ ਹੈ, ਕਿ ਜਰਾਇਮ ਪੇਸ਼ਾ ਭਈਏ ਨੇਹਾ ਨਾਲ ਬਲਾਤਕਾਰ ਕਰਦੇ ਹਨ, ਕਮਲ ਦਾ ਕਤਲ ਹੋ ਜਾਂਦਾ ਹੈ ਅਤੇ ਨੀਲਮ ਅਤੇ ਵੇਦ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਂਦੇ ਹਨ।

ਤੀਜੇ ਹਿੱਸੇ ਵਿਚ ਨਾਵਲਕਾਰ ਮਾਇਆ ਨਗਰ ਦੇ ਵਿਸ਼ਾਲ ਨਿਜ਼ਾਮ ਦੇ ਦ੍ਰਿਸ਼ ਦਾ ਚਿਤਰਨ ਕਰਦਾ ਹੈ। ਮਾਇਆ ਨਗਰ ਵਿਚ ਸਾਰੇ ਹੀ ਲੋਕ ਉਸੇ ਪ੍ਰਕਾਰ ਹੀ ਕਾਰੋਬਾਰ ਅਤੇ ਤਰੱਕੀਆਂ ਦੀ ਆਹਰ ਵਿਚ ਦੌੜ ਰਹੇ ਹਨ, ਜਿਵੇਂ ਕਿਸੇ ਵੇਲੇ ਮੋਹਨ, ਵੇਦ ਅਤੇ ਖੁਦ ਰਾਮਨਾਥ ਯਤਨਸ਼ੀਲ ਸਨ। ਇਹ ਸਾਰੇ ਆਪਣੀ ਆਪਣੀ ਰੰਗਸ਼ਾਲਾ ਤਾਮੀਰ ਕਰਕੇ ਇਸਨੂੰ ਧਰਮਕਸ਼ੇਤ੍ਰ ਦੀ ਵਸਤੂ ਬਣਾਉਣ ਲਈ ਕਾਰਾਗਰ ਹਨ। ਇਹ ਸਾਰੇ ਆਪਣੇ ਆਪਣੇ ਫ਼ਰਜਾਂ ਅਤੇ ਸਰਗਰਮੀਆਂ ਵਿਚ ਉਸੇ ਤਰ੍ਹਾਂ ਹੀ ਪ੍ਰਤਿਬੱਧ ਹਨ, ਜਿਸ ਤਰ੍ਹਾਂ ਭੀਸ਼ਮ, ਆਚਾਰੀਆ ਦਰੋਣ, ਕ੍ਰਿਪਾਚਾਰੀਆ ਅਤੇ ਧ੍ਰਿਤਰਾਸ਼ਟਰ ਆਦਿ ਮਹਾਂਪੁਰਸ਼ ਕੌਰਵਾਂ ਦੇ ਜੂਏ ਵਿਚ ਜਿੱਤੇ ਹੋਏ ਇੰਦਰਪ੍ਰਸਥ ਦੀ ਰਾਖੀ ਲਈ ਤਿਆਰ–ਬਰ–ਤਿਆਰ ਖੜੇ ਸਨ। ਇਸੇ ਕਰਕੇ ਮਾਇਆ ਨਗਰ ਦੇ ਬਹੁਪਰਤੀ ਅਤੇ ਬਹੁਦਿਸ਼ਾਵੀ ਧਰਮਲੋਕ ਵਿਚ ਕਾਰੋਬਾਰ ਅਤੇ ਤਰੱਕੀਆਂ ਦੇ ਰਾਹਗੀਰ ਇਹ ਮਹਾਂਪੁਰਸ਼ ਹੱਕ–ਸੱਚ ਅਤੇ ਨਿਆਂ ਦੇ ਤਲਬਗਾਰ ਵੇਦ, ਨਿਹਾ, ਨੀਲਮ ਅਤੇ ਰਾਮਨਾਥ ਦੇ ਮਦਦਗਾਰ ਨਾ ਬਣਕੇ ਕੌਰਵ ਸਭਾ ਨੂੰ ਨਿਖਾਰਨ ਵਿਚ ਆਪਣੀ ਭੂਮਿਕਾ ਅਦਾ ਕਰਦੇ ਹਨ। ਥਾਣੇ ਦੇ ਮੁਲਾਜ਼ਮਾਂ ਤੋਂ ਲੈ ਕੇ ਆਈ.ਜੀ. ਪੁਲਿਸ ਤੇ ਮੁੱਖਮੰਤਰੀ, ਹਸਪਤਾਲ ਦੇ ਕਰਿੰਦਿਆਂ ਤੋਂ ਲੈਕੇ ਸੀਨੀਆ ਡਾਕਟਰ ਅਤੇ ਹੋਰ ਮੋਹਤਬਰ ਲੋਕ, ਇਸੇ ਕੌਰਵ ਰਾਜ ਵਿਚ ਕਾਰੋਬਾਰ ਤੇ ਤਰੱਕੀਆਂ ਕਰਨ ਦੇ ਆਹਰ ਵਿਚ ਆਪਣਾ ਨਾਤਾ ਦੁਖੀਆਂ ਨਾਲ ਤੋੜ ਕੇ ਦੋਸ਼ੀਆਂ ਨਾਲ ਕਾਇਮ ਕਰ ਲੈਂਦੇ ਹਨ।

ਨਾਵਲੀ ਕਥਾ ਦਾ ਚੌਥਾ ਹਿੱਸਾ ਉਹਨਾਂ ਲੋਕਾਂ ਦੀ ਪੇਸ਼ਕਾਰੀ ਕਰਦਾ ਹੈ, ਜੋ ਇਸ ਨਿਜ਼ਾਮ ਦੀ ਤੋਰ ਤੁਰਨ ਦੀ ਥਾਂ ਹੱਕ ਸੱਚ ਲਈ ਜਦੋ-ਜਹਿਦ ਕਰਦੇ ਹਨ। ਅੱਜ ਦੇ ਕੌਰਵ ਰਾਜ ਵਿਚ ਭਾਂਵੇ ਇਹ ਕ੍ਰਿਸ਼ਨ ਅਤੇ ਅਰਜਨ ਵਾਂਗ ਮਹਾਂਬਲੀ ਨਹੀਂ ਹਨ, ਪਰ ਫਿਰ ਵੀ ਹੱਕ ਸੱਚ ਲਈ ਲੜਾਈ ਜਰੂਰ ਲੜ ਰਹੇ ਹਨ। ਵਕੀਲ ਰਾਮਨਾਥ, ਜੱਜ ਸਾਧੂ ਸਿੰਘ, ਹਰੀਸ਼ ਰਾਏ ਅਤੇ ਵਿਕਟਮ ਵੈਲਫੇਅਰ ਸੋਸਾਇਟੀ ਹੱਕ ਸੱਚ ਅਤੇ ਨਿਆਂ ਦੀ ਬਹਾਲੀ ਲਈ ਧਰਮਯੁੱਧ ਲੜ ਰਹੇ ਹਨ। ਪਰ ਇਹਨਾਂ ਕੋਲ ਨਾ ਤਾਂ ਦੈਵੀ ਸ਼ਸਤਰ ਹਨ ਅਤੇ ਨਾ ਹੀ ਅਵਤਾਰ ਸਰੂਪ। ਇਸ ਕਰਕੇ ਅੱਜ ਦੀ ਕੌਰਵ ਸਭਾ ਇਹਨਾਂ ਉਤੇ ਭਾਰੂ ਹੋ ਜਾਂਦੀ ਹੈ ਅਤੇ ਜਿੱਤ ਕੌਰਵਾਂ ਦੀ ਹੁੰਦੀ ਹੈ।

> ਮਜਰੂਬ ਹਸਪਤਾਲ ਵਿਚ ਪਏ ਹਨ, ਦੋਸ਼ੀ ਘਰ ਨੂੰ ਚਲੇ ਗਏ ਹਨ।
>
> ਅੱਗੇ ਵੱਧਕੇ ਨਿਹਾ ਦੇ ਸਿਰ ਤੇ ਹੱਥ ਰੱਖਕੇ ਨਾਲ ਉਸਨੇ ਨਿਹਾ ਨਾਲ ਹਮਦਰਦੀ ਪਰਗਟਾਈ ਨਾਲੇ ਫੈਸਲੇ ਦੇ ਅਰਥ ਸਮਝਾਏ।
>
> "ਹੌਸਲਾ ਰੱਖ ਧੀਏ। ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ। ਆਪਾਂ ਉਪਰ ਅਪੀਲ ਕਰਾਂਗੇ।"
>
> ਨਿਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਆਖਿਆ ਜ਼ਰੂਰ। ਉਂਝ ਉਸਨੂੰ ਪਤਾ ਸੀ ਕਿ

ਉਪਰ ਵੀ ਇਹੋ ਕੁਝ ਹੋਣ ਵਾਲਾ ਹੈ। (ਕੌਰਵ ਸਭਾ, ਪੰਨਾ 366)

ਇਸ ਨਾਵਲੀ ਕਥਾ ਦੇ ਸਮੁੱਚੇ ਪਾਸਾਰ ਮੰਡਲਾਂ ਵਿਚ ਜਿੱਤ ਕੌਰਵ ਸਭਾ ਦੀ ਹੀ ਹੁੰਦੀ ਹੈ। ਹੱਕ ਸੱਚ ਲਈ ਸੰਘਰਸ਼ ਕਰ ਰਹੇ ਕਿਰਦਾਰ ਤਾਂ ਸਿਰਫ਼ ਖੁਸ਼ਫਹਿਮੀਆਂ ਹਾਸਲ ਕਰਦੇ ਹਨ। ਅਸਲ ਪ੍ਰਾਪਤੀਆਂ ਤਾਂ ਉਹਨਾਂ ਤੋਂ ਬਹੁਤ ਦੂਰ ਹਨ। ਇਸ ਕਰਕੇ ਉਹਨਾਂ ਦੀ ਹਾਰ ਨਿਸਚਤ ਹੈ। ਪਰ ਕੌਰਵ ਸਭਾ ਦਾ ਨਾਵਲੀ ਵਿਵੇਕ ਇਸ ਤੋਂ ਅਗੇ ਜਾਂਦਾ ਹੋਇਆ ਇਸ ਤਰਕ ਨੂੰ ਸਥਾਪਤ ਕਰਦਾ ਹੈ, ਕਿ ਜੋ ਜਿੱਤ ਗਿਆ ਉਹ ਵੀ ਹਾਰ ਗਿਆ। ਇਥੇ ਜਿੱਤ ਸਿਰਫ਼ ਇਕ ਨੁੰਮਣਾ ਹੈ, ਉਸਦੀ ਤਹਿ ਹੇਠ ਤਾਂ ਨਿੱਜੀ, ਭਾਈਚਾਰੇ ਅਤੇ ਮੁਆਸ਼ਰੇ ਦੀ ਹਾਰ ਲੁਕੀ ਹੋਈ ਹੈ। **ਕੌਰਵ ਸਭਾ** ਇਸ ਸਮੂਹਿਕ ਹਾਰ ਦੇ ਦੁਖਾਂਤ ਉਤੇ ਹੀ ਨਜ਼ਰ ਕੇਂਦ੍ਰਿਤ ਕਰਦਾ ਹੈ। ਇਥੇ ਦੁਰਯੋਧਨ ਅਤੇ ਦੁਸ਼ਾਸ਼ਨ ਸਦਾ ਦੀ ਨੀਂਦ ਸੌਣ ਦੀ ਥਾਂ, ਜੂਏ ਵੀ ਨਵੀਂ ਖੇਡ ਲਈ ਲਲਕਾਰ ਰਹੇ ਹਨ। ਉਹਨਾਂ ਦੀ ਫੌਜ਼ ਜੇਲ੍ਹ ਚੋਂ ਰਿਹਾ ਹੋ ਚੁੱਕੀ ਹੈ। ਹਸਤਾਪੁਰ ਫਿਰ ਤੋਂ ਕੌਰਵਾਂ ਦੇ ਹੱਥੀਂ ਅਸੁਰੱਖਿਅਤ ਤੇ ਅਤੇ ਪਾਂਡਵ ਦੋਚਿੱਤੀਆਂ ਦਾ ਸ਼ਿਕਾਰ ਹਨ। ਮਹਾਂਭਾਰਤ ਦੀ ਕਥਾ ਦੇ ਉਲਟ ਹੁਣ ਕੌਰਵ ਸਭਾ ਜੇਤੂ ਹੈ। ਮਾਲਕ, ਮਾਲਕੀਅਤ ਅਤੇ ਹਿਰਸ਼ਾਂ ਦੇ ਨਵੇਂ ਖੇਤਰਾਂ ਉੱਤੇ ਜਿੱਤ ਪ੍ਰਾਪਤ ਕਰਕੇ ਹੁਣ ਪੰਕਜ ਤੇ ਨੀਰਜ ਨਵੇਂ ਅਸ਼ਵਮੇਘ ਯੱਗ ਦਾ ਐਲਾਨਨਾਮਾ ਕਰਨ ਲਈ ਤਿਆਰ ਹਨ। ਇਹੀ ਅਸਲ ਹਾਰ ਦਾ ਦ੍ਰਿਸ਼ ਹੈ।

(4)

ਕੌਰਵ ਸਭਾ ਦੇ ਨਾਵਲੀ–ਬਿਰਤਾਂਤ ਦੀ ਅਰਥ–ਸਿਰਜਨਾ ਵਿਚ ਇਹ ਬੜੀ ਅਹਿਮ ਪ੍ਰਕਿਰਿਆ ਹੈ ਇਥੇ ਸਮਕਾਲੀ ਯਥਾਰਥ ਵਿਚ ਸਰਗਰਮ ਸਿਆਸਤ ਅਤੇ ਸ਼ਕਤੀ ਦੇ ਦ੍ਰਿਸ਼ ਵੀ ਅੰਤਿਮ ਤੌਰ 'ਤੇ ਸਮੁੱਚੇ ਨਿਜ਼ਾਮ ਉਪਰ ਮਾਲਕੀ ਕਾਇਮ ਕਰਨ ਜਾਂ ਮਾਲਕ ਸਾਬਤ ਕਰਨ ਦੀ ਸਿਲਸਿਲੇਵਾਰ ਸਰਗਰਮੀ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਇਸੇ ਕਰਕੇ ਨਾਵਲ ਦੇ ਕਥਾਗਤ ਵਿਕਾਸ ਦੀ ਯਾਤਰਾ ਨਿਜ਼ਾਮ ਦੇ ਭਿੰਨ ਭਿੰਨ ਵਰਤਾਰਿਆਂ ਉਤਰ ਪਰਤ-ਦਰ-ਪਰਤ ਕਾਬਜ਼ ਹੋਣ ਅਤੇ ਇਸਦੇ ਮਾਲਕ ਇਕਬਾਲ ਕਰਵਾਉਣ ਦੀ ਯਾਤਰਾ ਹੈ। ਦੂਜੇ ਸ਼ਬਦਾਂ ਵਿਚ ਇਸ ਸਿਲਸਿਲੇ ਨੂੰ ਅਸੀਂ ਵੇਦ ਅਤੇ ਰਾਮ ਨਾਥ ਦੇ ਮਾਲਕੀਅਤ ਤੋਂ ਬੇਦਖ਼ਲ ਹੋਣ ਦੀ ਸਥਿਤੀ ਵੀ ਕਹਿ ਸਕਦੇ ਹਾਂ। ਜ਼ਾਹਿਰ ਹੈ ਕਿ ਸਮੁੱਚਾ ਸਮਾਜਿਕ ਪ੍ਰਬੰਧ ਦੀ ਸ਼ਕਤੀ ਤੇ ਸੱਤਾ ਦੇ ਵਸੀਲਿਆਂ ਉਪਰ ਕਾਬਜ਼ ਹੋਣ ਦੀ ਜਦੋ-ਜਹਿਦ ਦਾ ਆਖਾੜਾ ਬਣਿਆ ਹੋਇਆ ਹੈ। ਇਸੇ ਕਰਕੇ ਇਸ ਜਦੋ-ਜਹਿਦ ਅਤੇ ਅਖਾੜੇ ਭਿੰਨ–ਭਿੰਨ ਪੱਧਰ ਅਤੇ ਭਿੰਨ–ਭਿੰਨ ਦਰਜੇਬੰਦੀਆਂ ਹਨ, ਜਿਨ੍ਹਾਂ ਦੇ ਪੇਸ਼ਕਾਰੀ ਕਰਦੇ ਸਮੇਂ ਨਾਵਲੀ ਬਿਰਤਾਂਤ ਦੀ ਬਿਤਾਂਤੀਕਰਨ ਦੀ ਪ੍ਰਕਿਰਿਆ ਵੀ ਵੱਖਰੇ-ਵੱਖਰੇ ਕਿਸਮ ਦੀਆਂ ਅਰਥਗਤ ਦਰਜੇਬੰਦੀਆਂ ਦੀ ਸਿਰਜਣਾ ਕਰਦੀ ਹੈ।

ਇਸ ਗੱਲ ਨੂੰ ਹੋਰ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਇਹ ਵੀ ਕਿਹਾ ਜਾ ਸਕਦਾ ਹੈ, ਕਿ ਇਸ ਲੇਖ ਦੇ ਮੁੱਢ ਵਿਚ ਨਾਵਲਕਾਰ ਦੀ ਜਿਹੜੀ ਵੱਖਰੀ ਕਿਸਮ ਦੀ ਬਿਰਤਾਂਤਕਾਰੀ ਬਾਰੇ ਚੇਤਨ ਹੋਣ ਦੀ ਜ਼ਰੂਰਤ ਦਾ ਜ਼ਿਕਰ ਕੀਤਾ ਗਿਆ ਸੀ, ਉਹ ਉਸਦੀਆਂ ਅਰਥਗਤ ਦਰਜੇਬੰਦੀਆਂ ਨੂੰ ਸਾਕਾਰ ਕਰਨ ਦੀ ਲੋੜ ਤੇ ਤਲਬ ਵਿਚੋਂ ਹੀ ਸੰਭਵ ਹੋ ਸਕਦਾ ਹੈ। ਨਾਵਲ **ਕੌਰਵ ਸਭਾ** ਦੇ ਨਾਵਲੀ ਬਿਰਤਾਂਤ ਦਾ ਪਹਿਲਾ ਘੇਰਾ ਅੱਜ ਦੇ ਸਮਾਜਿਕ ਪ੍ਰਬੰਧ ਵਿਚਲੀਆਂ ਪ੍ਰਣਾਲੀਆਂ ਦੀ ਕਾਰਜ ਵਿਧੀ ਦੇ ਨਿਰਆਧਾਰ ਅਤੇ ਭ੍ਰਿਸ਼ਟ ਹੋਣ ਦੇ ਦ੍ਰਿਸ਼ਾਂ ਦੀ ਪੇਸ਼ਕਾਰੀ ਕਰਦਾ ਹੈ। ਪਰ ਇਸ ਘੇਰੇ ਦੀ ਵਿਕਰਾਲਤਾ ਦਾ ਅਸਰ ਬਿਰਤਾਂਤ ਦੇ ਦੂਜੇ ਅਰਥਗਤ ਘੇਰੇ ਵਿਚ

ਉਜਾਗਰ ਹੁੰਦਾ ਹੈ, ਜਿਥੇ ਇਸ ਦਾ ਸ਼ਿਕਾਰ ਗੁਨਾਹ ਕਰਨ ਵਾਲੇ ਹੋਣ ਦੀ ਥਾਂ ਪੂਰੀ ਤਰ੍ਹਾਂ ਬੇਗੁਨਾਹ ਹੋ ਜਾਂਦੇ ਹਨ। ਜਿਥੇ ਪੰਕਜ ਤੇ ਨੀਰਜ ਦੀ ਕਰੋਪੀ ਦਾ ਸ਼ਿਕਾਰ ਕਮਲ ਅਤੇ ਨੇਹਾ ਬਣਦੇ ਹਨ। ਇਥੇ ਵੀ ਬਸ ਨਹੀਂ ਕਮਲ ਦੀ ਤਾਂ ਮੌਤ ਹੋ ਜਾਣ ਕਰਕੇ ਉਸਦੀ ਤਾਂ ਕਹਾਣੀ ਮੁੱਕ ਜਾਂਦੀ ਹੈ ਪਰ ਨੇਹਾ ਤਾਂ ਲੰਮੀ ਉਮਰ ਤੱਕ ਜ਼ੁਲਮ, ਗਿਲਾਨੀ ਅਤੇ ਧਿਰਕਾਰ ਦੀ ਮੌਤ ਤੋਂ ਵੀ ਬਦਤਰ ਜ਼ਿੰਦਗੀ ਗੁਜਾਰਨ ਲਈ ਮਜ਼ਬੂਰ ਹੈ।

ਇਸੇ ਅਰਥਗਤ ਦਰਜੇਬੰਦੀ ਦਾ ਹੀ ਅਗਲਾ ਪੱਧਰ ਇਹ ਉਭਰਦਾ ਹੈ, ਕਿ ਇਥੇ ਹਰ ਇਕ ਵਿਅਕਤੀ ਆਪਣੀ ਆਪਣੀ ਹੈਸੀਅਤ ਦੇ ਮੁਤਾਬਕ ਇਸ ਪ੍ਰਬੰਧ ਵਿੱਚ ਪੈਦਾ ਹੋਏ ਲੁੱਟ ਦੇ ਵਸੀਲਿਆਂ ਨਾਲ ਹੀ ਰਸਾਈ ਕਾਇਮ ਕਰਨ ਦੇ ਰਾਹੇ ਪਿਆ ਹੋਇਆ ਹੈ। ਇਸੇ ਕਰਕੇ ਸਮੁੱਚੇ ਪ੍ਰਬੰਧ ਦੀ ਮਸ਼ੀਨਰੀ ਆਪਣੇ ਆਪ ਹੀ ਜ਼ਾਲਮ ਅਤੇ ਸਕ੍ਰੀਤਿਆਂ ਦੀ ਸੇਵਾ ਸੰਭਾਲ ਲਈ ਰਵ੍ਹਾਂਦਾਰੀ ਕਾਇਮ ਕਰ ਰਿਹਾ ਹੈ। ਨਾਵਲੀ ਬਿਰਤਾਂਤ ਵਿਚ ਪੇਸ਼ ਮਾਇਆ ਨਗਰ ਦਾ ਸਮੁੱਚਾ ਵਿਧਾਨ ਹੀ ਸਕਤਿਆਂ ਦੀ ਪੈਰੋਕਾਰ ਬਣਕੇ ਤੁਰਨ ਲਈ ਤੱਤਪਰ ਹੈ। ਇਹੀ ਵਜ੍ਹਾ ਹੈ ਕਿ ਮਾਇਆ ਨਗਰ ਦਾ ਹਰ ਇਕ ਬਸ਼ਿੰਦਾ ਇਸ ਵਾਰਦਾਤ ਵਿਚੋਂ ਆਪਣਾ ਆਪਣਾ ਲਾਹਾ ਲੈਣ ਲਈ ਯਤਨਸ਼ੀਲ ਵੀ ਹੈ ਅਤੇ ਆਸਵੰਦ ਵੀ ਹੈ। ਇਹਨਾਂ ਕੋਸ਼ਿਸ਼ਾਂ ਅਤੇ ਗਤੀਵਿਧੀਆਂ ਦਾ ਸਿੱਟਾ ਇਹ ਨਿਕਲਦਾ ਹੈ, ਕਿ ਇਸ ਵਾਰਦਾਤ ਦੇ ਦੋਸ਼ੀ ਬਰੀ ਹੋ ਜਾਂਦੇ ਹਨ ਅਤੇ ਮੁੱਦਈ ਕੁਝ ਵੀ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦੇ ਹਨ।

ਪਰ ਨਾਵਲ **ਕੌਰਵ ਸਭਾ** ਦੀ ਅਰਥ ਸਿਰਜਣ ਪ੍ਰਕਿਰਿਆ ਇਥੇ ਠਹਿਰਦੀ ਨਹੀਂ। ਇਸ ਕਰਕੇ ਇਸ ਦਾ ਸਮੁੱਚਾ ਕਥਾ ਸੰਦਰਭ ਹੀ ਇਸ ਦੋ-ਧਾਰੀ ਸਥਿਤੀ ਦੇ ਚਾਰ–ਚੁਫੇਰੇ ਫੈਲਦਾ ਰਹਿੰਦਾ ਹੈ ਅਤੇ ਨਾਵਲ ਦੇ ਅੰਤ ਵਿਚਲੀ ਨਿਹਾ ਅਤੇ ਰਾਮਨਾਥ ਦੀ "ਹਾਰ" ਅਸਲ ਵਿਚ ਸਾਰੇ ਦਾ ਸਾਰੇ ਕਥਾਗਤ ਵੇਰਵਿਆਂ ਵਿਚ ਪਸਰ ਕੇ ਸਮਕਾਲੀ ਸਮਾਜਿਕ ਯਥਾਰਥ ਦੀ ਦੁਖਾਂਤਕ ਅਤੇ ਵਿਕਰਾਲਤਾ ਨਾਲ ਭਰੇ ਹੋਏ ਪਾਸਾਰ ਮੰਡਲਾਂ ਦੀ ਕਰੂਰਤਾ ਨੂੰ ਉਜਾਗਰ ਕਰ ਦਿੰਦੇ ਹਨ। ਜਾਹਿਰ ਹੈ ਕਿ ਨਾਵਲ ਦੇ ਅੰਤ ਵਿਚ ਸਿਰਫ਼ ਨੇਹਾ ਅਤੇ ਰਾਥ ਨਾਥ ਹੀ ਹਾਰੀ ਹੰਭੀ ਅਤੇ ਚਕਨਾਚੂਰ ਮਨੋਸਥਿਤੀ ਦਾ ਸ਼ਿਕਾਰ ਹਨ। ਬਾਕੀ ਸਾਰੇ ਕਿਰਦਾਰ ਤਾਂ ਜਿੱਤ ਅਤੇ ਜਸ਼ਨ ਨਾਲ ਮਦਹੋਸ਼ ਹਨ। ਅੱਜ ਦੇ ਨਿਜ਼ਾਮ ਦੇ ਸਿਕੰਦਰ ਆਪਣੇ ਆਪਣੇ ਨੇਜਿਆਂ ਉਤੇ ਝੂਲ ਰਹੇ ਪਰਚਮਾਂ ਨਾਲ ਮੁਆਸ਼ਰੇ ਉਤੇ ਆਪਣੀ ਜਿੱਤ ਦਾ ਸਿੱਕਾ ਚਲਾਉਂਦੇ ਹਨ। ਉਹ ਇਸ ਉਪਰ ਆਪਣੀ ਮਾਲਕੀਅਤ ਦਾ ਐਲਾਨ ਕਰ ਚੁੱਕੇ ਹਨ, ਜਿਸ ਨੂੰ ਸਾਰਾ ਭਾਈਚਾਰਾ ਮੰਨ ਵੀ ਰਿਹਾ ਹੈ ਅਤੇ ਜਿਸਦੇ ਸਾਹਮਣੇ ਉਹ ਨਤਮਸਤਕ ਵੀ ਹੈ।

ਅਜਿਹੀ ਸਥਿਤੀ ਵਿਚ ਹੀ ਨਾਵਲੀ ਅਰਥਾਂ ਦੇ ਅਸਲ ਦ੍ਰਿਸ਼ ਸਾਕਾਰ ਹੁੰਦੇ ਹਨ। ਜਿਸ ਕਰਕੇ ਨਾਵਲੀ ਬਿਰਤਾਂਤ ਦੇ ਸਾਰੇ ਸੰਦਰਭ ਹੀ ਆਪਣੇ ਆਪਣੇ ਪ੍ਰਸੰਗ ਵਿਚ ਦੋ ਪ੍ਰਸ਼ਨ ਪੈਦਾ ਕਰਦੇ ਦੇਖੇ ਜਾ ਸਕਦੇ ਹਨ। ਪਹਿਲਾ ਪ੍ਰਸ਼ਨ ਪੈਦਾ ਹੁੰਦਾ ਹੈ। ਧਰਮਕਸ਼ੇਤ੍ਰ ਦੇ ਫਨਾ ਹੋਣ ਦਾ। ਜੇ ਇਸ ਹਾਲਾਤ ਵਿਚ ਹੱਕ, ਸੱਚ ਤੇ ਧਰਮ ਹੀ ਰਚਨਾ- ਵਿਉਂਤਾ ਦਾ ਹਿੱਸਾ ਬਣ ਚੁੱਕੇ ਹਨ ਤਾਂ ਧਰਮਕਸ਼ੇਤ੍ਰ ਦੀਆਂ ਨੀਹਾਂ ਦਾ ਢਹਿ–ਢੇਰੀ ਹੋਣਾ ਸਹਿਜ ਹੈ। ਇਸੇ ਸਹਿਜਤਾ ਦਾ ਹੀ ਵਿਸਤਾਰ ਨਿਆਂਪ੍ਰਸਤ ਬੰਦਿਆਂ ਅਤੇ ਨਿਓਟਿਆਂ ਦੀ ਓਟ ਬਨਣ ਵਾਲੇ ਮੋਹਤਬਰ ਲੋਕਾਂ ਦਾ ਸਕਤਿਆਂ ਦਾ ਤਾਬੇਦਾਰ ਬਨਣ ਅਤ ਉਹਨਾਂ ਦੀ ਇੱਛਾ ਅਨੁਸਾਰ ਆਪਣੀ ਚਾਲ ਢਾਲ ਨੂੰ ਸੁਰਬੱਧ ਕਰਨ ਵਿਚ ਵੇਖਿਆ ਜਾ ਸਕਦਾ ਹੈ। ਜ਼ਾਹਿਰ ਹੈ ਕਿ ਕੌਰਵ ਸਭਾ ਦਾ ਵਿਸ਼ਾਲ ਪ੍ਰਬੰਧ ਇਸੇ ਅਧੋਗਤੀ ਵਿਚੋਂ ਹੀ ਆਪਣੀ ਸ਼ਕਤੀ ਪ੍ਰਾਪਤ ਕਰ ਰਿਹਾ ਅਤੇ ਇਸੇ ਨੂੰ ਫਿਰ ਤੋਂ ਫੈਲਾ ਰਿਹਾ ਹੈ। ਅਜਿਹੀ ਹਾਲਤ ਵਿਚ ਧਰਮਕਸ਼ੇਤ੍ਰ

ਦਾ ਖੰਡਿਤ ਅਤੇ ਢਹਿ–ਢੇਰੀ ਹੋਣਾ ਲਾਜਮੀ ਹੈ ਅਤੇ ਖਿੰਡਰੇ ਪੁੰਡਰੇ ਧਰਮਕਸ਼ੇਤ੍ਰ ਵਿਚ ਨਿਹਾ ਦੀ ਹਸਤੀ ਦਾ ਕਾਇਮ ਰਹਿਣਾ ਕਿਸੇ ਵੀ ਹਾਲਤ ਵਿਚ ਸੰਭਵ ਨਹੀਂ।

ਨਾਵਲ **ਕੌਰਵ ਸਭਾ** ਦੀ ਪ੍ਰਤੀਕਾਤਮਕ ਅਤੇ ਸੰਕੇਤਕੀ ਅਰਥ ਸੰਚਾਰ ਪ੍ਰਕਿਰਿਆ ਅਜਿਹੀ ਸਥਿਤੀ ਵਿਚ ਹੀ ਦੂਜੇ ਮਾਨਵਵਾਦੀ ਪ੍ਰਸ਼ਨ ਨੂੰ ਉਭਾਰਦੀ ਹੈ ਕਿ ਕੀ ਨਿਹਾ ਵੀ ਆਪਣੇ ਸਿਰ ਦੇ ਵਾਲਾਂ ਨੂੰ ਖੁਲ੍ਹਾ ਰਖੇਗੀ। ਨਾਵਲੀ ਬਿਰਤਾਂਤ ਦੇ ਪੂਰੇ ਪਾਠ ਤੋਂ ਬਾਅਦ ਇਹ ਮਸਲਾ ਉਭਰ ਰਿਹਾ ਹੈ ਕਿ ਕੀ ਸੱਚਮੁੱਚ ਹੀ ਸਾਰਾ ਨਿਜ਼ਾਮ ਨਿੱਘਰਦਾ ਜਾ ਰਿਹਾ ਹੈ ਅਤੇ ਕੀ ਹਰ ਇਕ ਸ਼ਖ਼ਸ਼ ਨੇ ਹੀ ਇਸ ਦਾ ਹਿੱਸਾ ਬਣ ਜਾਣਾਂ ਹੈ। ਕੀ ਹਰ ਇਕ ਆਦਮੀ ਦੁਸ਼ਾਸਨ ਅਤੇ ਦੁਰਯੋਧਨ ਦਾ ਸਾਂਝੀਦਾਰ ਬਣ ਕੇ, ਦਰੋਪਦੀ ਜਾਂ ਨਿਹਾ ਨੂੰ ਵਾਲਾਂ ਤੋਂ ਫੜਕੇ ਘਸੀਟਦਾ ਹੋਇਆ ਕੌਰਵ ਸਭਾ ਵਿਚ ਲੈ ਕੇ ਆਵੇਗਾ ਅਤੇ ਆਪ ਆਪਣੇ ਹੱਥੀਂ ਉਸਦਾ ਚੀਰ ਹਰਨ ਕਰਨ ਵਿਚ ਭਾਗੀਦਾਰ ਹੋਵੇਗਾ। ਜਾਂ, ਉਹ ਕ੍ਰਿਸ਼ਨ ਦਾ ਉੱਤਰਅਧਿਕਾਰੀ ਬਣਕੇ ਆਪਣੇ ਯੁੱਗ ਦੀ ਦਰੋਪਦੀ ਦਾ ਹਰਨ ਹੋਣ ਨੂੰ ਰੋਕੇਗਾ। ਹੋ ਭਾਵੇਂ ਕੁਝ ਵੀ ਸਕਦਾ ਹੈ। ਪਰ **ਕੌਰਵ ਸਭਾ** ਦੀ ਸਫਲਤਾ ਅਤੇ ਪ੍ਰਾਪਤੀ ਇਹ ਹੈ ਕਿ ਇਸਨੇ ਸਾਡੇ ਸਮਕਾਲੀ ਯਥਾਰਥ ਵਿਚੋਂ ਅਜਿਹੇ ਕਥਾ ਸੰਦਰਭ ਦੀ ਸਿਰਜਣਾ ਕਰ ਲਈ ਹੈ, ਜੋ ਇਕੋ ਵੇਲੇ ਯੁੱਗਾਂ ਤੋਂ ਤੁਰੀ ਆ ਰਹੀ ਮਾਨਵੀ ਸਥਿਤੀ ਅਤੇ ਅੱਜ ਦੇ ਸਮਾਜਿਕ ਯਥਾਰਥ ਵਿਚ ਖ਼ੂਬਸੂਰਤ ਸੰਤੁਲਨ ਕਾਇਮ ਕਰਕੇ, ਅਜਿਹੇ ਬਿਰਤਾਂਤਕ ਪ੍ਰਵਚਨ ਦਾ ਨਿਰਮਾਣ ਕਰਦਾ ਹੈ, ਜੋ ਸਮਕਾਲੀ ਯਥਾਰਥ ਦੇ ਦਿਸਣਹਾਰ ਪਾਸਾਰਾਂ ਦੇ ਹਵਾਲੇ ਨਾਲ ਪਾਰਗਾਮੀ ਮਨੁੱਖੀ ਸਥਿਤੀ ਦੀ ਪੇਸ਼ਕਾਰੀ ਕਰ ਰਿਹਾ ਹੈ।

(5)

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਕੌਰਵ ਸਭਾ ਸਮਕਾਲੀ ਪੰਜਾਬੀ ਨਾਵਲ ਵਿਚ ਗੰਭੀਰਤਾ ਨਾਲ ਅਤੇ ਵੱਖਰੇ ਕਿਸਮ ਦੀ ਵਿਸ਼ਲੇਸ਼ਨੀ ਵਿਧੀ ਨਾਲ ਸਮਝੇ ਜਾਣ ਵਾਲੀ ਰਚਨਾ ਹੈ। ਇਸ ਨੂੰ ਪਰੰਪਰਾਗਤ ਢੰਗ ਨਾਲ ਪੜ੍ਹਨਾ, ਸਮਝਣਾ ਅਤੇ ਇਸ ਦਾ ਮੁਲਾਂਕਣ ਪੇਸ਼ ਕਰਨਾ, ਇਸ ਦੇ ਅਰਥਗਤ ਸੰਦਰਭਾਂ ਨੂੰ ਉਜਾਗਰ ਕਰਨ ਦੀ ਥਾਂ, ਅਰਥਾਂ ਨੂੰ ਰੋਲਣ ਅਤੇ ਉਲਝਾਉਣ ਵਿਚ ਸ਼ਰੀਕ ਹੋਣਾ ਹੈ। ਨਿਰਸੰਦੇਹ ਇਹ ਅੱਜ ਦੇ ਨਿਜ਼ਾਮ ਵਿਚ ਪੈਦਾ ਹੋ ਚੁੱਕੀਆਂ ਅਤੇ ਫੈਲ ਰਹੀਆਂ ਬਹੁਪਰਤੀ ਬੇਤਰਤੀਬੀਆਂ, ਬਹੁਪਾਸਾਰੀ ਸੰਕਟਾਂ, ਬਹੁਰੰਗੇ ਸੰਤਾਪਾਂ ਨੂੰ ਪੇਸ਼ ਕਰਕੇ ਸਹਿਜਤਾ ਤੋਂ ਥਿੜਕੇ ਅਤੇ ਵਿਕਾਰਾਂ ਤੇ ਹਿਰਸਾਂ ਨਾਲ ਵਰਸਾਏ ਹੋਏ ਭਾਈਚਾਰੇ ਦੇ ਸਮੂਹਿਕ ਦੁਖਾਂਤ ਨੂੰ ਪੇਸ਼ ਕਰਨ ਵਾਲਾ ਮਹੱਤਵਪੂਰਨ ਨਾਵਲ ਹੈ।

# 11

# ਸੰਸਾਰੀਕਰਨ ਦਾ ਯਥਾਰਥਵਾਦੀ ਪ੍ਰਗਟਾਅ : 'ਕੌਰਵ ਸਭਾ'

**ਭੀਮ ਇੰਦਰ ਸਿੰਘ**

ਮਿੱਤਰ ਸੈਨ ਮੀਤ ਸਮਕਾਲੀ ਪੰਜਾਬੀ ਨਾਵਲਕਾਰੀ ਵਿਚ ਇਕ ਚਰਚਿਤ ਨਾਂ ਹੈ। 'ਤਫ਼ਤੀਸ਼' ਤੇ 'ਕਟਿਹਰਾ' ਤੋਂ ਬਾਅਦ ਨਵ-ਪ੍ਰਕਾਸ਼ਿਤ ਨਾਵਲ 'ਕੌਰਵ ਸਭਾ' ਉਸਦੀ ਨਾਵਲਕਾਰੀ ਦੇ ਸਫ਼ਰ ਦੀ ਅਗਲੇਰੀ ਪ੍ਰਮਾਣਿਕ ਪੁਲਾਂਘ ਹੈ, ਜੋ ਉਸਦੇ ਪਿਛਲੇ ਦਹਾਕੇ ਦੀ ਨਿਰੰਤਰ ਤੇ ਨਿੱਠ ਕੇ ਕੀਤੀ ਹੋਈ ਸਾਧਨਾ ਦਾ ਸਬੂਤ ਹੈ। ਇਸ ਨਾਵਲ ਰਾਹੀਂ ਮੀਤ ਨੇ ਆਪਣੀ ਵਿਚਾਰਧਾਰਾ, ਨਾਵਲ-ਸੰਵੇਦਨਾ ਅਤੇ ਸੁਹਜ-ਸੰਚਾਰ-ਜੁਗਤਾਂ ਰਾਹੀਂ ਅਤਿਅੰਤ ਪ੍ਰਭਾਵਸ਼ਾਲੀ ਅੰਦਾਜ਼ ਸਿਰਜਿਆ ਹੈ, ਜਿਸ ਰਾਹੀਂ ਉਹ ਸੰਸਾਰੀਕਰਨ ਤੋਂ ਬਾਅਦ ਪੈਦਾ ਹੋਏ ਸਮਕਾਲੀ ਵਰਤਾਰਿਆਂ, ਪਰਸਥਿਤੀਆਂ ਅਤੇ ਪਰਪੰਚਾਂ ਦੀ ਯਥਾਰਥਵਾਦੀ ਦ੍ਰਿਸ਼ਟੀ ਤੋਂ ਨਿਸ਼ਾਨਦੇਹੀ ਕਰਦਾ ਹੈ। ਉਹ ਅਜੋਕੇ ਕਾਨੂੰਨੀ, ਸਿਆਸੀ, ਆਰਥਿਕ, ਸਭਿਆਚਾਰਕ, ਪਰਿਵਾਰਕ ਆਦਿ ਸੰਕਟਾਂ ਦੀ ਮਾਰ ਹੇਠ ਆਏ ਮਨੁੱਖ ਦੀ ਤ੍ਰਾਸਦੀ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕਰਦਾ ਹੈ। ਕੌਰਵ ਸਭਾ ਨਾਵਲ ਵਿਚ ਲੇਖਕ ਵੀਹਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿੱਚ ਸਾਡੇ ਦੇਸ਼ ਵਿਚਲੇ ਪੱਛੜੇ ਪੂੰਜੀਵਾਦ ਦੇ ਸਿੱਟੇ ਵਜੋਂ ਪੈਦਾ ਹੋਏ ਜੀਵਨ ਯਥਾਰਥ ਨੂੰ ਇਸ ਦੀ ਇਤਿਹਾਸਕ ਗਤੀ ਵਿੱਚ ਪਕੜਨ ਦਾ ਯਤਨ ਕਰਦਾ ਹੈ। ਨਾਵਲ ਵਿਚ ਪੂੰਜੀ ਦੇ ਤਰਕ ਦੀ ਸਿਰਜਣਾ ਇਸ ਤਰ੍ਹਾਂ ਕੀਤੀ ਗਈ ਹੈ ਕਿ ਜ਼ਾਹਿਰ ਤੌਰ 'ਤੇ ਸਮੁੱਚੇ ਪੰਜਾਬ ਦੇ ਸ਼ਹਿਰੀ ਜੀਵਨ ਦੀ ਵਿਨਾਸ਼ਮਾਨ ਗਤੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ।

ਕੌਰਵ ਸਭਾ ਨਾਵਲ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਉਪਰੰਤ ਪੂੰਜੀਵਾਦ ਦੇ ਅਸਾਵੇਂ-ਵਿਕਾਸ (Unevent Development) ਦੇ ਸਿੱਟੇ ਵਜੋਂ ਪੰਜਾਬ ਦੇ ਸਨਅਤੀ ਵਿਕਾਸ 'ਤੇ ਅਧਾਰਤ ਸਭਿਆਚਾਰ ਵਿਚ ਨਵੇਂ ਸਥਾਪਤ ਹੋ ਰਹੇ ਰਿਸ਼ਤੇ ਤੇ ਕੀਮਤਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ, ਨਿਗਰ 'ਤੇ ਕਠੋਰ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਨਾਵਲ ਵਿੱਚ ਸੰਸਾਰੀਕਰਨ ਦੇ ਸਿੱਟੇ ਵਜੋਂ ਸਾਡੇ ਸਭਿਆਚਾਰ ਉਪਰ ਸਨਅਤੀ ਪੂੰਜੀ ਅਤੇ ਉਪਭੋਗੀ ਸਭਿਆਚਾਰ ਦੇ ਪੈ ਰਹੇ ਪ੍ਰਭਾਵ ਅਤੇ ਇਸ ਦੇ ਜ਼ਾਲਮ ਚਿਹਰੇ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਹੋ ਕਾਰਨ ਹੈ ਕਿ ਡਾ. ਕੇਸਰ ਸਿੰਘ 'ਕੇਸਰ' ਨੇ ਇਸ ਨਾਵਲ ਨੂੰ 'ਪੈਸੇ ਦੀ ਸ਼ਕਤੀ ਦਾ ਪ੍ਰਵਚਨ' ਕਿਹਾ ਹੈ। ਸੰਸਾਰੀਕਰਨ ਦੀ ਪ੍ਰਕ੍ਰਿਆ ਤੋਂ ਬਾਅਦ ਪੂੰਜੀ ਦੇ ਮਾਇਆ ਜਾਲ ਤੇ ਇਸ ਦੇ ਨਵੇਂ ਮੁਖੌਟਿਆਂ ਦੀ ਪਛਾਣ ਵੱਡੀ ਪੱਧਰ 'ਤੇ ਇਸ ਨਾਵਲ ਵਿਚ ਪੇਸ਼ ਹੋਈ ਹੈ। ਅਜੋਕੇ ਸੰਸਾਰੀਕਰਨ ਰਾਹੀਂ ਸ਼ਹਿਰੀ ਮੰਡੀ (ਮਾਇਆ ਨਗਰ) ਦੇ ਜੀਵਨ ਦੀਆਂ ਮੂਲ ਇਕਾਈਆਂ ਦੁਆਰਾ ਸਿਰਜਿਤ ਇਸ ਮਾਇਆ-ਜਾਲ ਦੀ ਸੰਰਚਨਾ ਦਾ ਪ੍ਰਭਾਵਸ਼ਾਲੀ ਗਲਪੀ ਰੂਪ ਵੀ ਇਸ ਨਾਵਲ ਵਿਚ ਪੇਸ਼

---

* Globalization is propagated not to bring a better and more just world to the masses of the people but, as has always been the case with imperialism, to advance the interests of those who already enjoy power and privilege.

\- James Patras & Henry Veltmeyer. ***Unmasked Globalization.*** p. 284.

ਹੋਇਆ ਹੈ। ਉਦਾਹਰਣ ਦੇ ਤੌਰ 'ਤੇ ਨਾਵਲ ਹੇਠ ਲਿਖੇ ਸ਼ਬਦ ਵੇਖੇ ਜਾ ਸਕਦੇ ਹਨ :

> ਸੰਸਾਰੀਕਰਨ ਦੇ ਇਸ ਦੌਰ ਵਿੱਚ ਬਹੁਤ ਸਾਰੀਆਂ ਬਹੁ-ਕੌਮੀ ਕੰਪਨੀਆਂ ਭਾਰਤ ਵਿੱਚ ਪੈਰ ਜਮਾਉਣ ਦੇ ਯਤਨ ਕਰ ਰਹੀਆਂ ਸਨ। ਕੇਂਦਰੀ ਸਰਕਾਰ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰ ਰਹੀ ਸੀ। ਸਨਅਤ ਮੰਤਰੀ ਵਫ਼ਦ ਲੈ ਲੈ ਬਾਹਰਲੇ ਦੇਸ਼ਾਂ ਨੂੰ ਤੁਰੇ ਰਹਿੰਦੇ ਸਨ। ਕੁਝ ਦੇਸ਼ਾਂ ਦਾ ਚੱਕਰ ਬਾਬੂ ਜੀ ਵੀ ਉਨ੍ਹਾਂ ਨਾਲ ਲਾ ਆਏ ਸਨ। (ਪੰਨਾ *101*)

ਉਪਰੋਕਤ ਸਤਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਨਾਵਲਕਾਰ ਇਸ ਗੱਲੋਂ ਚੇਤੰਨ ਹੈ ਕਿ ਹੁਣ ਸਾਡੀਆਂ ਬੁਰਜੂਆਂ ਜਮਾਤਾਂ ਦਾ ਖਾਸਾ ਦਲਾਲ-ਬੁਰਜੂਆਜ਼ੀ ਵਾਲਾ ਨਹੀਂ ਰਿਹਾ, ਸਗੋਂ ਹੁਣ ਇਹ ਵਿਕਸਤ ਸਰਮਾਏਦਾਰੀ ਦੀਆਂ ਛੋਟੀਆਂ ਭਾਈਵਾਲ ਬਣ ਚੁੱਕੀਆਂ ਹਨ। ਨਾਵਲ ਵਿਚ ਅਜੋਕੇ ਸੰਸਾਰੀਕਰਨ ਦੀ ਇਕ ਵਿਰੋਧਤਾਈ ਇਹ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਹੁਣ ਇਹ ਸਾਡੀਆਂ ਹਾਕਮ ਜਮਾਤਾਂ, ਭਾਵ ਨਾਵਲ ਵਿਚਲੇ ਪਾਤਰ ਬਾਬੂ ਜੀ ਐਮ.ਪੀ. ਤੇ ਹੋਰ ਮੰਤਰੀਆਂ ਦੇ ਸੱਦੇ 'ਤੇ ਆਉਂਦਾ ਹੈ। ਇਸ ਤਰ੍ਹਾਂ ਨਾਵਲਕਾਰ ਆਪਣੀਆਂ ਗਲਪ ਜੁਗਤਾਂ ਰਾਹੀਂ ਮੰਡੀ-ਸਮਾਜ ਦੇ ਅੰਤਰ-ਵਿਰੋਧਾਂ ਤੇ ਅੰਤਰ-ਸਾਝਾਂ ਨੂੰ ਚਿਤਰਦਾ ਹੋਇਆ ਮੰਡੀ-ਸਮਾਜ ਦੇ ਵਿਕਾਸ ਤੇ ਵਿਨਾਸ਼, ਉਨਤੀ ਤੇ ਪਤਨ ਅਤੇ ਉਭਾਰ ਤੇ ਨਿਘਾਰ ਦੇ ਦਵੰਦਮਈ ਵਿਵੇਕ ਨੂੰ ਸਿਰਜਣ ਦਾ ਯਤਨ ਕਰਦਾ ਹੈ। ਨਵਾਲਕਾਰ ਸੰਸਾਰੀਕਰਨ ਦੇ ਸਿੱਟੇ ਵਜੋਂ ਮੰਡੀ ਸਮਾਜ ਵਿਚ ਵੱਧ ਰਹੀ ਕਿਰਤ ਦੀ ਲੁੱਟ, ਰਿਸ਼ਵਤਖੋਰੀ, ਕਾਨੂੰਨ ਤੇ ਰਾਜਸੀ ਧੱਕੇਸ਼ਾਹੀ ਆਦਿ ਦਾ ਵੀ ਬੜੀ ਖੂਬਸੂਰਤੀ ਨਾਲ ਜ਼ਿਕਰ ਕਰਦਾ ਹੈ। ਅਜਿਹਾ ਕਰਦਿਆਂ ਉਹ ਭਾਰਤੀ ਬੁਰਜੂਆਜ਼ੀ ਦੁਆਰਾ ਸੰਸਾਕਰੀਕਰਨ ਦੇ ਦਬਾਅ ਹੇਠ ਕੀਤੇ ਜਾ ਰਹੇ ਵੱਡੇ ਬਦਲਾਅ ਅਤੇ ਉਸ ਦੀ ਅੰਤਰ-ਰਾਸ਼ਟਰੀ ਮੰਡੀ ਦੇ ਵਿੱਤੀ ਪੂੰਜੀ ਨਾਲ ਵਧ ਰਹੀ ਨੇੜਤਾ ਨੂੰ ਵੀ ਆਪਣੇ ਨਾਵਲ ਦਾ ਵਿਸ਼ਾ ਬਣਾਉਂਦਾ ਹੈ। ਉਦਾਹਰਣ ਦੇ ਤੌਰ 'ਤੇ ਨਾਵਲ ਵਿੱਚ ਬਾਬੂ ਜੀ ਐਮ.ਪੀ. ਅਤੇ ਪੰਕਜ ਦੀ ਸਾਂਝ ਹੇਠ ਲਿਖੇ ਵੇਰਵੇ ਇਸ ਗੱਲ ਦੀ ਗਵਾਹੀ ਭਰਦੇ ਹਨ:

> ਜਰਮਨੀ ਤੋਂ ਇਕ ਪੇਸ਼ਕਸ਼ ਇਕ ਵਿਦੇਸ਼ੀ ਮਿੱਤਰ ਰਾਹੀਂ ਪੰਕਜ ਕੋਲ ਆਈ ਸੀ। ਭਾਰਤੀ ਫ਼ੌਜ ਆਪਣੀਆਂ ਤੋਪਾਂ ਦੇ ਬਹੁਤ ਸਾਰੇ ਕਲਪੁਰਜ਼ੇ ਅਮਰੀਕਾ ਕੋਲੋਂ ਖਰੀਦਦੀ ਸੀ। ਜਰਮਨੀ ਦੀ ਉਹੋ ਕੰਪਨੀ ਕਲਪੁਰਜ਼ੇ ਭਾਰਤ ਵਿੱਚ ਬਨਾਉਣ ਦੀ ਸਮਰੱਥਾ ਰੱਖਦੀ ਸੀ। ਭਾਰਤ ਦੇ ਸੁਰੱਖਿਆ ਮੰਤਰਾਲੇ ਵਿਚ ਜੇ ਪਹੁੰਚ ਹੋ ਜਾਵੇ ਤਾਂ ਕੰਪਨੀ ਪੰਕਜ ਨਾਲ ਹਿੱਸੇਦਾਰੀ ਰੱਖ ਕੇ ਕੰਮ ਸ਼ੁਰੂ ਕਰ ਸਕਦੀ ਸੀ। ਬਾਬੂ ਜੀ ਇਸ ਪ੍ਰੋਜੈਕਟ ਦੇ ਸਿਰੇ ਚੜ੍ਹ ਜਾਣ ਲਈ ਵੀ ਯਤਨਸ਼ੀਲ ਸਨ। ਇਥੋਂ ਵੀ ਸੋਨੇ ਦੀ ਖਾਨ ਲੱਭ ਸਕਦੀ ਸੀ। (ਪੰਨਾ *101*)

ਉਪਰੋਕਤ ਵੇਰਵੇ ਰਾਹੀਂ ਨਾਵਲਕਾਰ ਕਹਿਣਾ ਚਾਹੁੰਦਾ ਹੈ ਕਿ ਸੰਸਾਰੀਕਰਨ ਦੀਆਂ ਨੀਤੀਆਂ ਕਾਰਨ ਸਾਡੀ ਬੁਰਜੂਆਜ਼ੀ ਦੀ ਇਹ ਇੱਛਾ ਹੈ ਕਿ ਅੰਤਰ-ਰਾਸ਼ਟਰੀ ਮੰਡੀ ਦੀਆਂ ਲੋੜਾਂ ਅਨੁਸਾਰ ਉਤਪਾਦਨ ਕੀਤਾ ਜਾਵੇ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਸਾਡੇ ਆਪਣੇ ਦੇਸ਼ ਵਿੱਚ ਇਕ ਅੰਦਰੂਨੀ ਬਸਤੀਵਾਦ (Internal Colonialism) ਆਪਣੀ ਜ਼ਮੀਨ ਤਿਆਰ ਕਰ ਚੁੱਕਾ ਹੈ, ਜਿਸ ਗੱਲ ਦਾ ਪ੍ਰਗਟਾਵਾ ਨਾਵਲ ਵਿੱਚ ਬਹੁਤ ਥਾਵਾਂ 'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹੋ ਕਾਰਨ ਹੈ ਕਿ ਨਾਵਲ ਵਿਚਲਾ ਸਮਾਜਿਕ ਯਥਾਰਥ ਅਨਿਆ ਤੇ ਹੋਰ ਅਨੇਕਾਂ ਤਨਾਵਾਂ ਨਾਲ ਭਰਿਆ ਪਿਆ

ਹੈ। ਅਸੀਂ ਵੇਖਦੇ ਹਾਂ ਕਿ ਨਾਵਲ ਵਿੱਚ ਇਸ ਤਰ੍ਹਾਂ ਦੇ ਵੇਰਵੇ ਥਾਂ–ਥਾਂ ’ਤੇ ਮਿਲਦੇ ਹਨ ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਇਆ ਹੈ, ਜੁਰਮ, ਦੁਰਾਚਾਰ, ਮੌਕਾਪ੍ਰਸਤੀ ਵਧੀ ਹੈ ਅਤੇ ਨੈਤਿਕ ਮੁੱਲਾਂ ਦਾ ਸਫ਼ਾਇਆ ਹੋਇਆ ਹੈ। ਸੰਸਾਰੀਕਰਨ ਤੋਂ ਬਾਅਦ ਇਕ ਅਜਿਹਾ ਸਿਸਟਮ ਪੈਦਾ ਹੋਇਆ ਹੈ ਜੋ ਮਨੋਰਥ ਰਹਿਤ, ਮੁੱਲ ਰਹਿਤ, ਕਲਚਰ ਰਹਿਤ ਅਤੇ ਸਭ ਤੋਂ ਵੱਧ ਸਿਸਟਮ ਰਹਿਤ ਹੈ। ਇਸ ਤਰ੍ਹਾਂ ਨਾਵਲਕਾਰ ਸੰਸਾਰੀਕਰਨ ਦੇ ਯਥਾਰਥ ਦੀਆਂ ਲੁਕਵੀਆਂ ਪਰਤਾਂ ਨੂੰ ਉਘਾੜ ਕੇ ਵਿਅਕਤੀ ਦੇ ਨਾਲ–ਨਾਲ ਵਿਵਸਥਾ (System) ਦੇ ਖੋਟ ਵੱਲ ਵੀ ਇਸ਼ਾਰਾ ਕਰ ਜਾਂਦਾ ਹੈ।

ਸੰਸਾਰੀਕਰਨ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਮੌਕਾਪ੍ਰਸਤੀ ਦੀ ਸਿਆਸਤ ਨੂੰ ਵੀ ਇਹ ਨਾਵਲ ਬੜੀ ਖੂਬਸੂਰਤੀ ਨਾਲ ਪੇਸ਼ ਕਰਦਾ ਹੈ। ਨਾਵਲ ਵਿਚਲੀਆਂ ਵੱਖ-ਵੱਖ ਘਟਨਾਵਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਸੰਸਾਰੀਕਰਨ ਦੇ ਅਜੋਕੇ ਦੌਰ ਵਿਚ ਸਾਡੀ ਸਿਆਸਤ ਵਿਚੋਂ ਨੈਤਿਕਤਾ, ਅਹਿੰਸਾ, ਪਰ–ਉਪਕਾਰ ਆਦਿ ਮਾਨਤਾਵਾਂ ਗੁਆਚ ਗਈਆਂ ਹਨ। ਸੰਸਾਰੀਕਰਨ ਦੇ ਨਤੀਜੇ ਵਜੋਂ ਉਤਪਾਦਨ ਸੰਬੰਧਾਂ ਅਤੇ ਉਤਪਾਦਨ ਸ਼ਕਤੀਆਂ ਵਿਚ ਆਏ ਅੰਤਰ ਕਾਰਨ ਸਿਆਸਤ ਦਾ ਸਰੂਪ ਵੀ ਬਦਲਿਆ ਹੈ। ਨਾਵਲਕਾਰ ਇਸ ਗੱਲ ’ਤੇ ਜ਼ੋਰ ਦੇਣਾ ਚਾਹੁੰਦਾ ਹੈ ਕਿ ਹੁਣ ਬੁਰਜੂਆ ਸਿਆਸਤ ਕੋਲੋਂ ‘ਸੱਚ ਤੇ ਨਿਆਂ’ ਦੀ ਕੋਈ ਆਸ ਬਾਕੀ ਨਹੀਂ ਰਹੀ। ਅਜੋਕੀ ਬੁਰਜੂਆ ਸਿਆਸਤ ਸੱਤਾ–ਸੁਰੱਖਿਆ ਅਤੇ ਪੂੰਜੀ ਦੇ ਇਕੱਤਰੀਕਰਨ ਤਕ ਮਹਿਦੂਦ ਹੋ ਕੇ ਰਹਿ ਗਈ ਹੈ। ਨਾਵਲ ਵਿਚਲੇ ਸਿਆਸੀ ਪਾਤਰ ਜਿਵੇਂ ਮੁੱਖ ਮੰਤਰੀ, ਜਥੇਦਾਰ ਬਘੇਲ ਸਿੰਘ ਅਤੇ ਬਾਬੂ ਜੀ ਐਮ.ਪੀ. ਆਦਿ ਦੇ ਕਿਰਦਾਰ ਅਜੋਕੀ ਭ੍ਰਿਸ਼ਟ ਸਿਆਸਤ ਦੀ ਮੂੰਹ ਬੋਲਦੀ ਤਸਵੀਰ ਹਨ। ਇਹਨਾਂ ਪਾਤਰਾਂ ਦੇ ਵੱਖ–ਵੱਖ ਥਾਵਾਂ ’ਤੇ ਨਿਭਾਏ ਕਿਰਦਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬੁਰਜੂਆ ਸਿਆਸਤਦਾਨ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਹਰ ਤਰ੍ਹਾਂ ਦੀ ਮੌਕਾਪ੍ਰਸਤੀ ਦਾ ਸਹਾਰਾ ਲੈ ਰਹੇ ਹਨ। ਹਰ ਬੁਰਜੂਆ ਸਿਆਸੀ ਦਲ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸ ਚੁੱਕਾ ਹੈ। ਗੁੰਡੇ ਤੇ ਅਪਰਾਧੀ ਲੋਕ ਸਿਆਸਤ ਵਿਚ ਸਰਗਰਮ ਹੋ ਕੇ ਅਪਰਾਧ ਦਾ ਸਿਆਸੀਕਰਨ ਕਰ ਰਹੇ ਹਨ। ਸੰਸਾਰੀਕਰਨ ਦੇ ਇਸ ਆਰਥਿਕ ਮੰਦੀ ਅਤੇ ਵਿਚਾਰਹੀਣਤਾ ਵਾਲੇ ਦੌਰ ਵਿੱਚ ਹਾਕਮ ਜਮਾਤਾਂ ਵਲੋਂ ਹਿੰਦੂ ਫਾਸ਼ੀਵਾਦ ਲਈ ਜ਼ਮੀਨ ਤਿਆਰ ਕਰਨ ਦੇ ਵੇਰਵੇ ਵੀ ਨਾਵਲ ਵਿਚ ਦ੍ਰਿਸ਼ਟੀਗੋਚਰ ਹੋਏ ਹਨ। ਇਹਨਾਂ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਬੁਰਜੂਆ ਸਿਆਸਤ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਵੱਲੋਂ ਧਿਆਨ ਹਟਾ ਕੇ ਅਤੀਤ ਦੇ ਪ੍ਰਤੀਕਾਂ ਅਤੇ ਧਾਰਮਿਕ ਅੰਧ ਵਿਸ਼ਵਾਸ਼ ਵਾਲਾ ਮਹੌਲ ਸਿਰਜਣਾ ਚਾਹੁੰਦੀ ਹੈ। ਇਸ ਗੱਲ ਦਾ ਪ੍ਰਗਟਾਵਾ ਨਾਵਲ ਵਿਚਲੀਆਂ ਹੇਠ ਲਿਖੀਆਂ ਸਤਰਾਂ ਤੋਂ ਹੋ ਜਾਂਦਾ ਹੈ :

> ਇਨ੍ਹੀ ਦਿਨੀਂ ਪੁਰਾਤਨ ਭਾਰਤੀ ਪਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਪੂਰੇ ਜ਼ੋਰ-ਸ਼ੋਰ ਨਾਲ ਹੋ ਰਿਹਾ ਸੀ। ਧਿਆਨ ਸਾਧਨਾ ਲੋਕਾਂ ਦਾ ਧਿਆਨ ਖਿੱਚ ਰਹੀ ਸੀ। ਨਵੇਂ-ਨਵੇਂ ਸਾਧੂ ਨਵੀਆਂ–ਨਵੀਆਂ ਸੰਸਥਾਵਾਂ ਖੜੀਆਂ ਕਰ ਰਹੇ ਸਨ। ਅਖ਼ਬਾਰਾਂ ਵਿਚ ਮੁਫ਼ਤ ਲਗਦੇ ਧਿਆਨ ਸ਼ਿਵਰਾਂ ਦੇ ਵੱਡੇ-ਵੱਡੇ ਇਸ਼ਤਿਹਾਰ ਛਪ ਰਹੇ ਹਨ। (ਪੰਨਾ *110*)

ਨਾਵਲਕਾਰ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਵੀ ਦਵਾਉਣਾ ਚਾਹੁੰਦਾ ਹੈ ਕਿ ਅਜ਼ਾਦੀ ਤੋਂ ਬਾਅਦ ਉਤਰ–ਬਸਤੀਵਾਦੀ ਦੌਰ ਵਿੱਚ ਭਾਰਤ ਦੀ ਕੌਮੀ ਬੁਰਜੂਆਜ਼ੀ ਨੇ ‘ਨਹਿਰੂ-ਮਾਡਲ’

ਅਧੀਨ ਸਰਮਾਏਦਾਰੀ ਢਾਂਚੇ ਨੂੰ ਹੀ ਜਾਰੀ ਰੱਖਿਆ। ਆਰਥਿਕਤਾ ਦੇ ਇਸ ਮਾਡਲ ਦੇ ਸਿੱਟੇ ਵਜੋਂ ਭਾਰਤੀ ਕਿਸਮ ਦਾ ਪੂੰਜੀਵਾਦ ਹੋਂਦ ਵਿੱਚ ਆਇਆ। ਵੀਹਵੀਂ ਸਦੀ ਦੇ ਅਖ਼ੀਰ ਤਕ ਪਹੁੰਚਦਿਆਂ ਇਹ ਮਾਡਲ ਆਰਥਿਕਤਾ ਦੇ ਪਛੜੇ ਵਿਕਾਸ ਕਾਰਨ ਅਨੇਕ ਮੁਸ਼ਕਲਾਂ ਵਿਚ ਫਸ ਗਿਆ, ਜਿਸ ਨੇ ਅੱਗਿਉਂ ਸਿਆਸੀ, ਸਮਾਜਿਕ, ਸਭਿਆਚਾਰਕ ਤੇ ਕਾਨੂੰਨੀ ਵਿਗਾੜਾਂ ਨੂੰ ਜਨਮ ਦਿੱਤਾ। ਇਹਨਾਂ ਵਿਗਾੜਾਂ ਦੇ ਸਿੱਟੇ ਵਜੋਂ ਇਥੇ ਭ੍ਰਿਸ਼ਟ ਅਫ਼ਸਰਸ਼ਾਹੀ, ਆਫ਼ਰੀ ਹੋਈ ਸਿਆਸਤ, ਕਾਲਾ ਧਨ, ਘੁਟਾਲੇ ਅਤੇ ਠੱਗੀਆਂ, ਪੁਲਿਸ ਤੇ ਹੋਰ ਰਾਜਕੀ ਮੁਲਾਜ਼ਮਾਂ ਦੀ ਸਹਾਇਤਾ ਨਾਲ ਗ਼ੈਰ–ਕਾਨੂੰਨੀ, ਧੋਖਾਧੜੀ ਅਤੇ ਮਾਫ਼ੀਆ ਆਦਿ ਹੋਂਦ ਵਿਚ ਆਏ। ਨਾਵਲਕਾਰ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹੈ ਕਿ ਅੱਜ ਇਹ ਢਾਂਚਾ ਸਾਡੇ ਦੇਸ਼ ਦੇ ਇਕ ਵੱਡੇ ਹਿੱਸੇ, ਖ਼ਾਸ ਕਰਕੇ ਸ਼ਹਿਰੀ ਹਿੱਸਿਆ ਵਿਚ ਰਸਮੀਂ ਤੌਰ 'ਤੇ ਬਣੇ ਕਾਨੂੰਨੀ ਰਾਜ ਨਾਲ ਸਹਿਹੋਂਦ ਵਾਲਾ ਮਰਤਬਾ ਪ੍ਰਾਪਤ ਕਰ ਚੁੱਕਾ ਹੈ। ਅਜੋਕੀ ਕਾਨੂੰਨੀ ਤੇ ਰਾਜ ਵਿਵਸਥਾ ਛੇਤੀ ਤੋਂ ਛੇਤੀ ਧਨ ਇਕੱਠਾ ਕਰਨ ਦਾ ਵਸੀਲਾ ਬਣ ਕੇ ਰਹਿ ਗਈ ਹੈ। ਨਾਵਲ ਵਿਚਲੀਆਂ ਘਟਨਾਵਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਹੁਣ ਇਹ ਵਿਵਸਥਾ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਬਜਾਏ ਖ਼ੁਦ ਇਕ ਸਮੱਸਿਆ ਬਣ ਕੇ ਰਹਿ ਗਈ ਹੈ, ਜਿਸ ਦਾ ਹੱਲ ਲੋਕਾਂ ਨੂੰ ਕਰਨਾ ਪੈਣਾ ਹੈ। ਨਾਵਲ ਵਿਚ ਮੋਹਨ ਲਾਲ ਦੇ ਜੀਵਨ ਵੇਰਵਿਆਂ ਰਾਹੀਂ ਨਿੱਜੀ ਸਰਮਾਏ ਦੀ ਵਧ ਰਹੀ ਅਜਾਰੇਦਾਰੀ ਅਤੇ ਰਾਜਕੀ ਸਰਮਾਈ ਦੀ ਘਟ ਰਹੀ ਤਾਕਤ ਨੂੰ ਵਿਖਾਇਆ ਗਿਆ ਹੈ। ਨਾਵਲ ਦੀਆਂ ਹੇਠ ਲਿਖੀਆਂ ਸਤਰਾਂ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਨਹਿਰੂ ਮਾਡਲ ਅਧੀਨ ਬਣੇ ਸਟੇਟ ਸੈਕਟਰ ਨੇ ਉਹਨਾਂ ਧਿਰਾਂ ਨੂੰ ਬੇਅੰਤ ਨਫ਼ਾ ਪਹੁੰਚਾਇਆ ਜਿਹੜੀਆਂ ਧਿਰਾਂ ਇਸ ਸਰਮਾਏ ਨੂੰ ਕੰਟਰੋਲ ਕਰ ਰਹੀਆਂ ਸਨ :

> ਜਿਸ ਅਫ਼ਸਰ ਨੇ ਮਿਕਸ ਪਲਾਂਟ ਵਿਚ ਮਦਦਗਾਰ ਸਾਬਤ ਹੋਣਾ ਸੀ, ਉਨ੍ਹਾਂ ਦੇ ਹਿੱਸੇ–ਪੱਤੀਆਂ ਰੱਖ ਕੇ ਦਿਨਾਂ ਵਿਚ ਮਿਕਸ ਪਲਾਂਟ ਗੱਡ ਦਿੱਤਾ।...ਪਲਾਂਟ ਦਾ ਖਰਚਾ ਦੋ ਸਾਲ ਵਿੱਚ ਨਿਕਲ ਗਿਆ। ਜਦੋਂ ਤਕ ਮਿਕਸ ਪਲਾਂਟ ਵਿਚੋਂ ਹੁੰਦੀ ਕਮਾਈ ਦੀ ਸਮਝ ਹੋਰ ਵਿਉਪਾਰੀਆਂ ਨੂੰ ਲਗਦੀ ਉਦੋਂ ਤੱਕ ਮੋਹਨ ਲਾਲ ਕਈ ਕਰੋੜ ਕਮਾ ਚੁੱਕਾ ਹੁੰਦਾ। (ਪੰਨਾ 13)

ਪੂੰਜੀਵਾਦ ਦੇ ਸਿੱਟੇ ਵਜੋਂ ਹੋਏ ਤਕਨਾਲੌਜੀ ਦੇ ਵਿਕਾਸ, ਸੂਚਨਾ ਤੇ ਸੰਚਾਰ ਮਾਧਿਅਮਾਂ ਅਤੇ ਪੂੰਜੀ ਦੀ ਤਰਕ ਨੇ ਸੰਸਾਰੀਕਰਨ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਵੱਖ–ਵੱਖ ਨਾਵਲੀ ਵੇਰਵਿਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸੰਸਾਰੀਕਰਨ ਦੇ ਇਸ ਦੌਰ ਵਿਚ ਹਾਕਮ ਜਮਾਤਾਂ ਆਪਣੀ ਵਿਚਾਰਧਾਰਕ ਸਰਦਾਰੀ (Ideological-Hegemony) ਰਾਹੀਂ ਪੂੰਜੀ ਦੇ ਰਿਸ਼ਤਿਆਂ ਦੀ ਸਥਾਪਤੀ ਦੀ ਵਿਚਾਰਧਾਰਾ ਨੂੰ ਹੀ ਫੈਲਾਅ ਰਹੀਆਂ ਹਨ। ਇਸ ਦਾ ਸਭ ਤੋਂ ਸ਼ਕਤੀਸ਼ਾਲੀ ਰੂਪਾਂਤਰਣ ਨਿੱਜੀ ਪੂੰਜੀ ਦੇ ਹਰ ਹੀਲੇ ਇਕੱਤਰੀਕਰਨ ਅਤੇ ਇਸ ਦਿਸ਼ਾ ਵੱਲ ਲਲਕ ਪੈਦਾ ਕਰਨ ਰਾਹੀਂ ਹੋ ਰਿਹਾ ਹੈ। ਬੁਰਜੂਆ ਸਿਆਸਤ ਨੇ ਕੇਵਲ ਰਾਜਸੱਤਾ ਉਪਰ ਹੀ ਕਬਜ਼ਾ ਨਹੀਂ ਕੀਤਾ ਹੋਇਆ ਬਲਕਿ ਕਾਨੂੰਨ, ਧਰਮ, ਆਰਥਿਕਤਾ ਆਦਿ 'ਤੇ ਵੀ ਉਸ ਨੇ ਆਪਣੀ ਜਕੜ ਨੂੰ ਮਜ਼ਬੂਤ ਬਣਾਇਆ ਹੋਇਆ ਹੈ। ਇਹੋ ਕਾਰਨ ਹੈ ਕਿ ਪੰਕਜ, ਨੀਰਜ, ਅਜੇ, ਮੁੱਖ ਮੰਤਰੀ, ਬਘੇਲ ਸਿੰਘ, ਵੱਖ-ਵੱਖ ਵਕੀਲ ਤੇ ਜੱਜ, ਪੁਲਿਸ ਕਰਮਚਾਰੀ, ਸਿਹਤ–ਮਹਿਕਮੇ ਨਾਲ ਸੰਬੰਧਤ ਕਰਮਚਾਰੀ, ਠੇਕੇਦਾਰ ਆਦਿ ਗੱਲ ਕੀ ਨਾਵਲ ਵਿਚਲਾ ਸਮੁੱਚਾ ਸਮਾਜਿਕ ਯਥਾਰਥ ਹੀ ਮੰਡੀ ਦੀ ਤੋਰ ਵਿਚ

ਬੌਂਦਲਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਸਮੁੱਚਾ ਸਮਾਜ 'ਮਾਇਆ ਨਗਰ' ਦੀ ਚਮਕ–ਦਮਕ ਅਤੇ ਉਸ ਅੰਦਰਲੇ ਤਾਣੇ–ਬਾਣੇ ਅਨੁਸਾਰ ਬਦਲ ਰਿਹਾ ਹੈ। ਜਿਵੇਂ ਇਸਦੇ ਨਾਂ ਤੋਂ ਹੀ ਸਿੱਧ ਹੈ ਕਿ ਮਾਇਆ ਨਗਰ ਨੂੰ ਕੇਵਲ ਪੈਸਾ ਹੀ ਕੰਟਰੋਲ ਕਰ ਰਿਹਾ ਹੈ ਅਤੇ ਮਾਇਆ ਨਗਰ ਦੇ ਵੱਡੇ ਹਿੱਸੇ ਦੀ ਸੋਚ ਨੂੰ ਕਾਬੂ ਕਰਨ ਵਾਸਤੇ ਲੋੜਾਂ ਦੀ ਪੂਰਤੀ ਮੰਡੀ ਹੀ ਕਰ ਰਹੀ ਹੈ। ਇਹੋ ਕਾਰਨ ਹੈ ਕਿ ਮੰਡੀ ਦੀ ਸਿਆਸਤ ਵੀ ਤੱਤ ਰੂਪ ਵਿੱਚ ਵਪਾਰਕ ਕਿਸਮ ਦਾ ਅਦਾਰਾ ਬਣ ਗਈ ਹੈ। ਮੁੱਖ ਮੰਤਰੀ ਅਤੇ ਅਜੇ ਵਰਗੇ ਪਾਤਰਾਂ ਦਾ ਸੁਮੇਲ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ। ਨਾਵਲਕਾਰ ਵਲੋਂ ਲਿਖੀਆਂ ਹੇਠ ਲਿਖੀਆਂ ਸਤਰਾਂ ਬੁਰਜੂਆ ਸਿਆਸਤ ਤੇ ਪੂੰਜੀਪਤੀਆਂ ਦੇ ਇਸ ਸੁਮੇਲ ਦਾ ਪਰਦਾਫ਼ਾਸ ਕਰਦੀਆਂ ਹਨ :

> ਅਜੇ ਮਾਇਆ ਨਗਰ ਦੇ "ਚੈਂਬਰ ਆਫ਼ ਕਮਰਸ" ਦਾ ਸਰਗਰਮ ਮੈਂਬਰ ਸੀ। ਚੈਂਬਰ ਦੇ ਪ੍ਰਧਾਨ ਦੀ ਮੁੱਖ ਮੰਤਰੀ ਨਾਲ ਸਿੱਧੀ ਗੱਲ ਸੀ। ਹੁਕਮਰਾਨ ਪਾਰਟੀ ਨੂੰ ਜਦੋਂ ਵੀ ਕਦੇ ਪੈਸੇ ਦੀ ਜ਼ਰੂਰਤ ਪੈਂਦੀ ਸੀ, ਸੁਨੇਹਾ ਸਿੱਧਾ ਪ੍ਰਧਾਨ ਕੋਲ ਪੁੱਜਦਾ ਸੀ। ਪ੍ਰਧਾਨ ਆਪਣੇ ਮੈਂਬਰਾਂ ਨੂੰ ਬੁਲਾਉਂਦਾ ਸੀ। ਵਿਤ ਅਨੁਸਾਰ ਭਾਰ ਪਾਉਂਦਾ ਸੀ। ਰਕਮ ਮੁੱਖ ਮੰਤਰੀ ਦੀ ਕੋਠੀ ਪੁੱਜ ਜਾਂਦੀ ਸੀ। (ਪੰਨਾ*177*)

ਭਾਰਤ ਦੀਆਂ ਹਾਕਮ ਜਮਾਤਾਂ, ਜਿਹੜੀਆਂ ਕਿ ਸੰਸਾਰੀਕਰਨ ਦੀਆਂ ਪੈਰੋਕਾਰ ਬਣੀਆਂ ਹੋਈਆਂ ਹਨ, ਦਾ ਕੋਈ ਵਰਤਾਰਾ ਏਨਾ ਸਾਦਾ ਨਹੀਂ ਜਿੰਨਾ ਕਿ ਵੇਖਣ ਨੂੰ ਲੱਗਦਾ ਹੈ। ਭਾਵੇਂ ਕਿ ਸਾਹਿਤ ਦਾ ਸਿੱਧਾ ਸੰਬੰਧ ਮਨੁੱਖ ਦੀ ਮਾਨਸਿਕਤਾ ਨਾਲ ਹੁੰਦਾ ਹੈ, ਪਰ ਮਨੁੱਖੀ ਮਾਨਸਿਕਤਾ ਦਾ ਇਕ ਜਟਿਲ ਸਮਾਜਿਕ, ਆਰਥਿਕ, ਸਭਿਆਚਾਰਕ, ਕਾਨੂੰਨੀ ਤੇ ਸਿਆਸੀ ਸੰਦਰਭ ਵੀ ਹੁੰਦਾ ਹੈ, ਜਿਸ ਨੂੰ ਵੱਖਰਾ ਕਰਕੇ ਮਨੁੱਖੀ ਮਾਨਸਿਕਤਾ ਅਤੇ ਸਾਹਿਤ ਨੂੰ ਸਮਝਣਾ ਕਠਿਨ ਹੀ ਹੁੰਦਾ ਬਲਕਿ ਅਸੰਭਵ ਵੀ ਹੁੰਦਾ ਹੈ। ਪਿਛਲੇ ਸਮੇਂ ਦੌਰਾਨ ਭਾਰਤੀ ਪੰਜਾਬ ਵਿੱਚ ਸੰਸਾਰੀਕਰਨ ਦੀਆਂ ਨੀਤੀਆਂ ਦਾ ਜੋ ਪ੍ਰਵੇਸ਼ ਹੋਇਆ ਹੈ, ਉਸਨੇ ਪੰਜਾਬੀ ਜੀਵਨ ਦੇ ਹਰ ਖੇਤਰ ਨੂੰ ਜੜ੍ਹਾਂ ਤੋਂ ਝੰਜੋੜਿਆ ਹੈ। ਇਸ ਨੇ ਅਜੋਕੇ ਮਨੁੱਖ ਦੇ ਆਪਸੀ ਰਿਸ਼ਤਿਆਂ ਖ਼ਾਸ ਕਰਕੇ ਆਰਥਿਕ–ਸਮਾਜਿਕ ਰਿਸ਼ਤਿਆਂ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਤਬਦੀਲ ਕਰ ਦਿੱਤਾ ਹੈ। ਇਹ ਤਬਦੀਲੀ ਮੰਡੀ–ਸਮਾਜ ਦੇ ਵੱਖ–ਵੱਖ ਵਰਗਾਂ ਦੇ ਮਨਾਂ ਵਿੱਚ ਵੱਖ-ਵੱਖ ਰੂਪਾਂ 'ਚ ਵਾਪਰੀ ਹੈ। ਇਸ ਨਾਵਲ ਵਿਚ ਮੰਡੀ ਸਮਾਜ ਦੇ ਇਸ ਪਰਿਵਰਤਨ ਨੂੰ ਬੜੇ ਸੂਖ਼ਮ ਤਰੀਕੇ ਨਾਲ ਪਕੜਨ ਦੇ ਯਤਨ ਕੀਤੇ ਗਏ ਹਨ। ਉਦਾਹਰਣ ਤੇ ਤੌਰ 'ਤੇ ਹੇਠ ਲਿਖੀਆਂ ਸਤਰਾਂ ਪੇਸ਼ ਹਨ :

> ਏਥੇ (ਮਾਇਆ ਨਗਰ ਵਿੱਚ) ਸਭ ਕੰਮ ਪੈਸੇ ਨਾਲ ਹੁੰਦਾ ਸੀ। ਕਿਸੇ ਨੂੰ ਕੋਈ ਸੰਗ ਸ਼ਰਮ ਨਹੀਂ ਸੀ। ਸੌਦਾ ਕੁਰਸੀ 'ਤੇ ਬੈਠੇ-ਬੈਠੇ ਹੁੰਦਾ ਸੀ। ਸ਼ਰੇਆਮ ਪੈਸੇ ਫੜਦੇ ਸਨ। ਗਿਣਕੇ ਜੇਬ ਵਿੱਚ ਪਾਉਂਦੇ ਸਨ। ਕੋਈ ਫਟਿਆ ਪੁਰਾਣਾ ਹੋਵੇ ਤਾਂ ਬਦਲਾਉਂਦੇ ਸਨ। (ਪੰਨਾ 222)

ਨਾਵਲ ਵਿੱਚ ਇਸ ਤਰ੍ਹਾਂ ਦੇ ਵੇਰਵੇ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਨ੍ਹਾਂ ਵਿਚ ਵਿਖਾਇਆ ਗਿਆ ਹੈ ਕਿ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਕੰਮ ਦੇ ਦਬਾਅ ਵਧੇ ਹਨ ਅਤੇ ਮਾਨਸਿਕ ਸਿਹਤ ਵਿਚ ਗਿਰਾਵਟ ਆਈ ਹੈ। ਇਸ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ

ਕਾਰਨ ਮੰਡੀ–ਸਮਾਜ ਦੀਆਂ ਵੱਖ–ਵੱਖ ਜਮਾਤਾਂ ਦੇ ਲੋਕ ਚੰਗੇਰੇ ਜੀਵਨ ਪੱਧਰ ਦੇ ਬਾਵਜੂਦ ਗੰਭੀਰ ਤਣਾਵਾਂ ਤੇ ਅਨਿਸ਼ਚਿਤਤਾ ਦਾ ਸ਼ਿਕਾਰ ਹਨ। ਨਾਵਲ ਵਿੱਚ ਅਸੀਂ ਵੇਖਦੇ ਹਾਂ ਕਿ ਇਸ ਸਭ ਕਾਸੇ ਕਾਰਨ ਮਾਨਵੀ ਸੰਵੇਦਨਾ ਮਰਦੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਮਾਇਆ ਨਗਰ ਦੇ ਵਾਸੀਆਂ ਨੂੰ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਇਥੋਂ ਦੇ ਲੋਕਾਂ ਕੋਲ ਧਨ ਤਾਂ ਹੈ ਪਰ ਸਕੂਨ ਨਹੀਂ। ਛੋਟੀ ਜਿਹੀ ਮੁਸੀਬਤ ਪੈਣ ’ਤੇ ਹੀ ਇਹਨਾਂ ਦੇ ਬਲੱਡ ਪ੍ਰੈਸ਼ਰ ਸੱਤਵੇਂ ਅਸਮਾਨ ’ਤੇ ਜਾ ਚੜਦੇ ਹਨ ਅਤੇ ਦਿਲ ਫੇਲ੍ਹ ਹੋਣ ਲਗਦੇ ਹਨ। ਨਿੱਜੀਕਰਨ ਦੀ ਪ੍ਰਕਿਰਿਆ ਦੇ ਤਹਿਤ ਸਰਕਾਰੀ ਹਸਪਤਾਲਾਂ ਦੇ ਸਮਾਨਾਂਤਰ ਪ੍ਰਾਈਵੇਟ ਹਸਪਤਾਲ ਖੋਲ੍ਹੇ ਜਾ ਰਹੇ ਹਨ, ਜਿਨ੍ਹਾਂ ਵਿਚ ਕੇਵਲ ਅਮੀਰ ਲੋਕ ਹੀ ਆਪਣਾ ਇਲਾਜ ਕਰਵਾ ਸਕਦੇ ਹਨ। ਇਹ ‘ਪੰਜਤਾਰਾ’ ਹਸਪਤਾਲ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹਨ। ਨਾਵਲ ਵਿਚ ਜਿਸ ਸਮੇਂ ਨੀਲਮ ਨੂੰ ਇਲਾਜ ਲਈ ਦਯਾਨੰਦ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਜਾਂਦਾ ਹੈ ਤਾਂ ਰਾਮਨਾਥ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹਨਾਂ ਦਾ ਖ਼ਾਕਾ ਤਿਆਰ ਕਰਦਾ ਹੋਇਆ ਰਾਮਨਾਥ ਸੋਚਦਾ ਹੈ:

> ਸਭ ਤੋਂ ਗੰਭੀਰ ਸਮੱਸਿਆ ਪੈਸੇ ਦੀ ਸੀ। ਇਸ ਹਸਪਤਾਲ ਦੇ ਖ਼ਰਚਿਆਂ ਨੇ ਹੀ ਉਨ੍ਹਾਂ ਨੂੰ ਕੰਗਾਲ ਬਣਾ ਦਿੱਤਾ ਸੀ। ਅਪੋਲੋ ਹਸਪਤਾਲ ਇਸ ਨਾਲੋਂ ਕਈ ਗੁਣਾਂ ਮਹਿੰਗਾ ਸੀ। (ਪੰਨਾ 65)

ਉਪਰੋਕਤ ਸ਼ਬਦਾਂ ਤੋਂ ਜ਼ਾਹਿਰ ਹੈ ਕਿ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਸਿਹਤ ਸਹੂਲਤਾਂ ਵੀ ਆਮ ਲੋਕਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਪਰ ਦੂਸਰੇ ਪਾਸੇ ਉਸਰ ਰਹੀਆਂ ਪ੍ਰਾਈਵੇਟ ਇਲਾਜ ਦੀਆਂ ਮਹਿੰਗੀਆਂ ਸੰਸਥਾਵਾਂ ਆਮ ਲੋਕਾਂ ਦੇ ਵਿੱਤ ਤੋਂ ਬਾਹਰ ਹਨ। ਇਹੋ ਕਾਰਨ ਹੈ ਕਿ ਰਾਮਨਾਥ ਨੂੰ ਇਲਾਜ ਲਈ ਪੈਸਾ ਥੋੜ੍ਹਾ ਪੈ ਰਿਹਾ ਹੈ। ਹਸਪਤਾਲ ਦੇ ਕੈਸ਼ੀਅਰ ਦਾ ਮੂੰਹ ਹਰ ਸਮੇਂ ਦੈਂਤ ਵਾਂਗ ਖੁੱਲਾ ਹੀ ਰਹਿੰਦਾ ਹੈ ਅਤੇ ਨਿਹਾ ਦੇ ਖ਼ਾਤਿਆਂ ਵਿਚਲਾ ਸਾਰਾ ਪੈਸਾ ਇਸ ਦੈਂਤ ਨੇ ਨਿਗਲ ਲਿਆ ਹੈ।

ਨਾਵਲ ਵਿਚ ਆਏ ਇਸ ਤਰ੍ਹਾਂ ਦੇ ਵੇਰਵੇ ਇਹ ਸਿੱਧ ਕਰਦੇ ਹਨ ਕਿ ਇਥੋਂ ਦੀਆਂ ਹਾਕਮ ਜਮਾਤਾਂ, ਜਿਨ੍ਹਾਂ ਦਾ ਬੁਨਿਆਦੀ ਰੋਲ ਹੀ ਸਰਮਾਏਦਾਰੀ ਨੂੰ ਪ੍ਰਫੁਲਤ ਕਰਨਾ ਸੀ, ਬੜੀ ਤੇਜ਼ੀ ਨਾਲ ਰਾਜਕੀ ਸਰਮਾਏ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਲੱਗੀਆਂ, ਜਿਸ ਦੇ ਸਿੱਟੇ ਵਜੋਂ ਸੰਸਾਰੀਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਆਈ। ਨਾਵਲ ਵਿੱਚ ਪੰਕਜ ਪਰਿਵਾਰ ਦੀ ਅਤੇ ਬਾਬੂ ਜੀ ਐਮ.ਪੀ. ਦੀ ਨੇੜਤਾ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਸਾਡੀਆਂ ਹਾਕਮ ਜਮਾਤਾਂ ਨੇ ਸੰਸਾਰੀਕਰਨ ਦੀ ਪ੍ਰਕਿਰਿਆ ਨੂੰ ਫੈਲਾਉਣ ਵਿਚ ਕੇਂਦਰੀ ਧੁਰੇ ਵਾਂਗ ਕੰਮ ਕੀਤਾ ਹੈ। ਬਾਬੂ ਜੀ ਐਮ.ਪੀ. ਅਤੇ ਹੋਰ ਕੇਂਦਰੀ ਮੰਤਰੀ ਸੰਸਾਰੀਕਰਨ ਦੇ ਸਰੂਪ ਅਤੇ ਤੱਤ ਨੂੰ ਕੰਟਰੋਲ ਕਰਨ ਵਾਲੇ ਹੱਥਾਂ ਵਿੱਚ ਇਕ ਵਾਹਨ ਬਣੇ ਹੋਏ ਹਨ। ਇਹੋ ਕਾਰਨ ਹੈ ਕਿ ਅਜੋਕੀ ਬੁਰਜੂਆ ਸਿਆਸਤ ਮੰਡੀ ਦੇ ਅਸੂਲਾਂ ਨੂੰ ਚਾਰੇ ਪਾਸੇ ਫੈਲਾਉਣ ਲਈ ਪੂਰੀ ਯਤਨਸ਼ੀਲ ਹੈ। ਬਾਬੂ ਜੀ ਐਮ.ਪੀ. ਅਤੇ ਬੁਰਜੂਆ ਸਿਆਸਤ ਦੁਆਰਾ ਸੰਸਾਰੀਕਰਨ ਦੀ ਪ੍ਰਕਿਰਿਆ ਨੂੰ ਲਾਗੂ ਕਰਨ ਤੋਂ ਸਪੱਸ਼ਟ ਹੈ ਕਿ ਸਾਡੀਆਂ ਹਾਕਮ ਜਮਾਤਾਂ ਆਮ ਲੋਕਾਂ ਤੋਂ ਵੱਖਰੀਆਂ ਹੋ ਚੁੱਕੀਆਂ ਹਨ। ਇਹੋ ਕਾਰਨ ਹੈ ਕਿ ਸਟੇਟ ਸ਼ਕਤੀ ਦੁਆਰਾ ਇਨਸਾਫ਼ ਦੇ ਸਾਰੇ ਕਾਇਦੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਕਜ ਹੋਰਾਂ ਨੂੰ ਸਹੂਲਤਾਂ ਉਪਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਦੋਂ ਕਿ ਰਾਮ ਨਾਥ ਵੱਲੋਂ ਉਹਨਾਂ ਸਹੂਲਤਾਂ ਨੂੰ ਨੱਥ ਪਾਉਣ ਲਈ ਦਿੱਤੀਆਂ ਜਾ

ਰਹੀਆਂ ਦਰਖ਼ਾਸਤਾਂ ਬਿਨਾਂ ਕਿਸੇ ਤਰਕ ਦੇ ਰੱਦ ਕੀਤੀਆਂ ਜਾ ਰਹੀਆਂ ਹਨ। ਇਸ ਸਭ ਕਾਸੇ ਦੇ ਆਮ ਲੋਕਾਂ ਲਈ ਸਿੱਟੇ ਬੜੇ ਹੀ ਦਿਲ-ਕੰਬਾਊ ਤੇ ਭਿਆਨਕ ਨਿਕਲ ਰਹੇ ਹਨ। ਇਹਨਾਂ ਭਿਆਨਕ ਸਿੱਟਿਆਂ ਤੋਂ ਬਚਣ ਲਈ ਕਿਸੇ ਲੰਮੇ ਸੰਘਰਸ਼ ਦੀ ਲੋੜ ਮਹਿਸੂਸ ਹੋ ਰਹੀ ਹੈ, ਜਿਸ ਨੂੰ ਪ੍ਰਧਾਨ ਦੇ ਸ਼ਬਦਾਂ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ :

> ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਅਵਾਜ਼ ਇਕ ਮੁਕੱਦਮੇ ਵਿਚ ਉਠੇਗੀ। ਦੇਖੋ ਦੇਖੀ ਸਭ ਵਿੱਚ ਉਠਣ ਲੱਗੇਗੀ। ਇਕ ਦਿਨ ਇਹ ਅਵਾਜ਼ ਕਚਿਹਰੀ ਵਿਚੋਂ ਨਿਕਲ ਤੇ ਸੜਕਾਂ 'ਤੇ ਆ ਜਾਏਗੀ। ਸਰਕਾਰ ਦੇ ਕੰਨ 'ਤੇ ਜੂੰਅ ਸਰਕੇਗੀ। ਤਖ਼ਤ ਹਿਲਣਗੇ। ਨਵੇਂ ਕਾਨੂੰਨ ਬਣਨਗੇ। (ਪੰਨਾ 306)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਿੱਤਰ ਸੈਨ ਮੀਤ ਦਾ ਇਹ ਨਾਵਲ ਮੁੱਖ ਤੌਰ 'ਤੇ ਸੰਸਾਰੀਕਰਨ ਦੀ ਪ੍ਰਕ੍ਰਿਆ ਦੇ ਸਿੱਟੇ ਵਜੋਂ ਪੰਜਾਬ ਦੇ ਸਮਾਜਿਕ, ਰਾਜਨੀਤਕ, ਆਰਥਿਕ, ਧਾਰਿਮਕ, ਕਾਨੂੰਨੀ, ਸਭਿਆਚਾਰਕ ਆਦਿ ਪੱਖਾਂ 'ਤੇ ਪੈ ਰਹੇ ਪ੍ਰਭਾਵਾਂ ਦੇ ਯਥਾਰਥ ਨੂੰ ਸੂਖ਼ਮਤਾ ਤੇ ਕਲਾਤਮਿਕਤਾ ਨਾਲ ਪਕੜਨ ਦਾ ਯਤਨ ਕਰਦਾ ਹੈ। ਨਾਵਲਕਾਰ ਇਸ ਗੱਲੋਂ ਚੇਤੰਨ ਹੈ ਕਿ ਸੰਸਾਰੀਕਰਨ ਤੋਂ ਬਾਅਦ ਭਾਰਤ ਦੇ ਪੱਛੜੇ ਪੂੰਜੀਵਾਦੀ ਵਿਕਾਸ ਨੇ ਵੱਡੇ ਪੈਮਾਨੇ 'ਤੇ ਭ੍ਰਿਸ਼ਟਾਚਾਰ ਨੂੰ ਜਨਮ ਦਿੱਤਾ ਹੈ। ਭ੍ਰਿਸ਼ਟਾਚਾਰ ਬੁਨਿਆਦੀ ਤੌਰ 'ਤੇ ਪੂੰਜੀ ਦੇ ਛੇਤੀ ਤੋਂ ਛੇਤੀ ਇਕੱਤਰੀਕਰਨ ਦੀ ਪ੍ਰਕਿਰਿਆ ਹੈ, ਜਿਸ ਰਾਹੀਂ ਵਿਕੋਲਿਤਰੇ ਢੰਗਾਂ ਨਾਲ ਪੂੰਜੀ ਦਾ ਇਕੱਤਰੀਕਰਨ ਕੀਤਾ ਜਾਂਦਾ ਹੈ। ਨਾਵਲਕਾਰ ਨੇ ਸੰਸਾਰੀਕਰਨ ਦੇ ਸਿੱਟੇ ਵਜੋਂ, ਮੌਜੂਦਾ ਕਾਨੂੰਨ ਵਿਵਸਥਾ ਉਪਰ ਪੂੰਜੀ ਦੇ ਪੈ ਰਹੇ ਕੁਪ੍ਰਭਾਵਾਂ ਦਾ ਬੜਾ ਗਹਿਰਾ ਤੇ ਵਾਸਤਵਿਕ ਚਿਤਰ ਪੇਸ਼ ਕੀਤਾ ਹੈ। ਕੌਰਵ ਸਭਾ ਦੀ ਰਚਨਾ ਪ੍ਰਕਿਰਿਆ ਦਾ ਮੁੱਖ ਅਧਾਰ ਜੀਵਨ-ਯਥਾਰਥ ਦਾ ਉਹ ਪੈਟਰਨ ਹੈ, ਜਿਸਨੂੰ ਨਾਵਲਕਾਰ ਨੇ ਆਪ ਅਨੁਭਵਿਆ ਹੈ। ਨਾਵਲਕਾਰ ਆਪਣੇ ਅਨੁਭਵ ਕੀਤੇ ਯਥਾਰਥ ਨੂੰ ਆਪ-ਮੁਹਾਰੇ ਨਾਵਲ ਵਿਚ ਰੁਪਾਂਤਰਿਤ ਹੀ ਨਹੀਂ ਕਰਦਾ ਬਲਕਿ ਉਹ ਕਿਸੇ ਅੰਤਿਮ ਮਨੋਰਥ ਨੂੰ ਮੁੱਖ ਰੱਖ ਕੇ ਵੀ ਸ਼ਿਲਪ ਔਜਾਰਾਂ ਰਾਹੀਂ ਰਚਨਾ ਕਰਦਾ ਹੈ। ਇਸ ਪ੍ਰਕਿਰਿਆ ਦੌਰਾਨ ਉਹ ਅਨੁਭਵ ਕੀਤੇ ਯਥਾਰਥ ਦੀ ਕੱਚੀ ਸਾਮੱਗ੍ਰੀ ਨੂੰ ਆਪਣੇ ਮਨੋਰਥ ਲਈ ਸ਼ਿਲਪ ਨਿਰਮਾਣ ਵਿਚ ਤਬਦੀਲ ਕਰਦਾ ਹੈ। ਇਹੋ ਕਾਰਨ ਹੈ ਕਿ ਇਹ ਨਾਵਲ ਸਾਨੂੰ ਆਪ-ਹੁਦਰਾ ਜਾਂ ਆਪ-ਮੁਹਰਾ ਨਹੀਂ ਸਗੋਂ ਨਿਰ-ਉਚੇਚ ਤੇ ਸਹਿਜਸੇਤੀ ਪ੍ਰਤੀਤ ਹੁੰਦਾ ਹੈ। ਇਸ ਨਾਵਲ ਨੂੰ ਕੇਵਲ ਤੱਥਮੁਖ ਜਾਂ ਆਦਰਸ਼ਮੁੱਖ ਰਚਨਾ ਹੀ ਨਹੀਂ ਕਿਹਾ ਜਾ ਸਕਦਾ ਬਲਕਿ ਇਸ ਨਾਵਲ ਵਿੱਚ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਜੀਵਨ-ਯਥਾਰਥ ਦੇ ਲੁਕੇ ਹੋਏ ਅਤੇ ਨਾ-ਮੰਨਣਯੋਗ ਪੱਖਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਵਿੱਚ ਜਿਥੇ ਅਨੁਭਵੀ ਖੋਜ ਅਧਾਰਤ ਦ੍ਰਿਸ਼ਟਮਾਨ ਤੇ ਤੱਥਗਤ (Apparent and Factual) ਯਥਾਰਥ ਨੂੰ ਬਿਆਨ ਕੀਤਾ ਗਿਆ ਹੈ ਉਥੇ ਅਦ੍ਰਿਸ਼ਟ ਸੰਭਾਵਿਤ ਯਥਾਰਥ ਵੀ ਪੇਸ਼ ਹੋਇਆ ਹੈ। ਸਰਮਾਏਦਾਰੀ ਸਮਾਜ ਵਿਚ ਮਨੁੱਖੀ ਜੀਵਨ ਦੀਆਂ ਵੱਖ-ਵੱਖ ਪਰਤਾਂ ਦੀ ਜਟਿਲਤਾ ਤੇ ਉਨ੍ਹਾਂ ਦੇ ਬੋਧ ਜਾਂ ਤੱਤ ਸਾਰ ਨੂੰ ਅਖੰਡ ਰੂਪ ਵਿੱਚ ਪ੍ਰਕਾਸ਼ਮਾਨ ਕਰਨ ਦੀ ਵੀ ਇਸ ਨਾਵਲ ਵਿੱਚ ਬੜੀ ਖ਼ੂਬਸੂਰਤੀ ਨਾਲ ਕੋਸ਼ਿਸ਼ ਕੀਤੀ ਗਈ ਹੈ।

# 12
# 'ਕੌਰਵ ਸਭਾ' ਵਿਚ ਅਜੋਕਾ ਪ੍ਰਬੰਧ

**ਰਮਿੰਦਰ ਕੌਰ**

ਕੌਰਵ ਸਭਾ (*2003*) ਮਿੱਤਰ ਸੈਨ ਮੀਤ ਦਾ ਪੰਜਵਾਂ ਨਾਵਲ ਹੈ। ਇਸ ਤੋਂ ਪਹਿਲਾਂ ਮੀਤ ਦੇ ਚਾਰ ਨਾਵਲ **ਅੱਗ ਦੇ ਬੀਜ** (*1971*), **ਕਾਫ਼ਲਾ** (*1986*) ਤਫ਼ਤੀਸ਼ (*1990*) ਤੇ ਕਟਿਹਰਾ (*1993*) ਛਪ ਚੁੱਕੇ ਹਨ। ਤੀਸਰੇ ਨਾਵਲ ਤਫ਼ਤੀਸ਼ ਦੇ ਛਪਣ ਨਾਲ ਹੀ ਮੀਤ ਦੀ ਬਤੌਰ ਨਾਵਲਕਾਰ ਵਿਸ਼ੇਸ਼ ਪਛਾਣ ਬਣੀ ਸੀ। ਇਹ ਪਛਾਣ ਕਟਹਿਰਾ ਦੇ ਛਪਣ ਨਾਲ ਵਿਸ਼ੇਸ਼ ਪੈਂਠ ਵਿੱਚ ਬਦਲ ਗਈ ਜਾਪਦੀ ਹੈ। ਤਫ਼ਤੀਸ਼ ਤੇ ਕਟਹਿਰਾ ਵਿਚ ਲੇਖਕ ਨੇ ਕ੍ਰਮਵਾਰ ਪੁਲਿਸ ਤੇ ਨਿਆਂ ਪ੍ਰਬੰਧ ਦਾ ਵਿਸ਼ੇਸ਼ ਤਨਜ਼ੀਆ ਸ਼ੈਲੀ ਵਿਚ ਆਲੋਚਨਾਤਮਕ ਚਿੱਤਰ ਪੇਸ਼ ਕੀਤਾ ਹੈ। ਅਜਿਹੇ ਦੋਨੋਂ ਵਿਸ਼ੇ ਹੀ ਅੰਤਰ-ਸੰਬੰਧਤ ਰੂਪ ਵਿਚ ਕੌਰਵ ਸਭਾ ਨਾਵਲ ਵਿਚ ਪੇਸ਼ ਹੋਏ ਹਨ। ਇਸ ਨਾਵਲ ਵਿਚ ਕੇਂਦਰੀ ਤੇ ਅਹਿਮ ਘਟਨਾ ਜਾਂ ਵਾਰਦਾਤ ਕਤਲ, ਮਾਰਧਾੜ ਤੇ ਬਲਾਤਕਾਰ ਦੀ ਹੈ। ਇਸ ਨੂੰ ਪਿਛੋਕੜ ਵਿੱਚ ਰੱਖ ਕੇ ਲੇਖਕ ਦਾ ਅਸਲ ਬਲ ਵਾਰਦਾਤ ਨਾਲ ਜੁੜੇ ਸਮੁੱਚੇ ਪ੍ਰਸ਼ਾਸਕੀ ਤਾਣੇ–ਬਾਣੇ ਦੇ ਚਿਹਰੇ ਮੁਹਰੇ ਨੂੰ ਨਿਹਾਰਨ ਉਤੇ ਹੈ। ਇਸ ਨਾਵਲ ਵਿਚ ਪੁਲਿਸ, ਅਦਾਲਤਾਂ, ਸਿਆਸਤ, ਹਸਪਤਾਲਾਂ, ਪੱਤਰਕਾਰੀ ਅਤੇ ਵਪਾਰੀ ਧਿਰ ਦੇ ਸ਼ਕਤੀਸ਼ਾਲੀ ਗਠਜੋੜ ਹੇਠ ਪਿਸਦੇ ਹੱਕ–ਸੱਚ ਦਾ ਚਿੱਤਰ ਪੇਸ਼ ਹੋਇਆ ਹੈ। ਇਹ ਨਾਵਲ ਕਿਸੇ ਇਕ ਧਿਰ ਜਾਂ ਸੰਸਥਾ ਦਾ ਚਿੱਤਰ ਨਾ ਹੋ ਕੇ ਵਿਭਿੰਨ ਕੜੀਆਂ ਧਿਰਾਂ ਵਿਚ ਬੱਝੇ ਸਮੁੱਚੇ ਸਿਸਟਮ ਦੀ ਤਸਵੀਰਕਸ਼ੀ ਹੈ। ਕੌਰਵ ਸਭਾ ਅਨੁਸਾਰ ਸਮਾਜ ਜਾਂ ਸਟੇਟ ਲਈ ਸਿਆਸਤ ਤਾਂ ਹੈ ਪਰ ਇਹ ਸਿਆਸਤ ਆਪਣੇ ਨਿੱਜੀ ਹਿੱਤਾਂ ਦੀ ਸੁਰੱਖਿਅਤਾ ਤੱਕ ਸਿਮਟੀ ਹੋਈ ਹੈ। ਅਕਾਲੀ ਮੁੱਖ ਮੰਤਰੀ ਦਾ ਸਾਰਾ ਜ਼ੋਰ ਵਿਰੋਧੀ (ਜਥੇਦਾਰ) ਗਰੁੱਪ ਦੇ ਵਿਧਾਇਕਾਂ ਨੂੰ ਆਪਣੇ ਨਾਲ ਜੋੜਨ ਉਤੇ ਹੈ। ਇਸ ਨੀਤੀ ਵਿਚੋਂ ਹੀ ਸਿਆਸਤ ਭ੍ਰਿਸ਼ਟ ਹੋਈ ਦਿੱਸਦੀ ਹੈ। ਬਘੇਲ ਸਿੰਘ ਵਰਗੇ ਵਿਧਾਇਕ ਨੂੰ ਆਪਣੀ ਸਿਆਸੀ ਵਫ਼ਾਦਾਰੀ ਬਦਲਣ ਦਾ ਚਾਲੀ ਲੱਖ ਮਿਲਦਾ ਹੈ ਅਤੇ ਭਵਿੱਖ ਵਿੱਚ ਅਜੇਹੀ ਲੁੱਟ ਕਰਨ ਦੀ ਹੋਰ ਖੁਲ੍ਹੀ ਛੁੱਟੀ ਵੀ। ਅਕਾਲੀ ਮੁੱਖ ਮੰਤਰੀ ਖੁਲ੍ਹ ਕੇ ਆਖਦਾ ਹੈ, "ਆਪਣੇ ਜਥੇਦਾਰ ਦਾ ਖਹਿੜਾ ਛੱਡ। ਉਸ ਪਿਛੇ ਲੱਗ ਕੇ ਤੈਨੂੰ ਕੁਝ ਨਹੀਂ ਮਿਲਣਾ। ਇਧਰ ਰਹੇਗਾ ਤਾਂ ਅਜੇਹੇ ਗੱਫੇ ਹਰ ਰੋਜ਼ ਮਿਲਣਗੇ"[1]। ਨਾਵਲ ਵਿੱਚ ਲੋਕਾਂ ਦੀ ਰਾਖੀ ਲਈ ਪੁਲਿਸ ਤਾਂ ਹੈ ਪਰ ਲੋਕ ਸੁਰੱਖਿਅਤ ਨਹੀਂ ਹਨ। ਪੁਲਿਸ ਮਹਿਕਮੇ ਵਿਚ ਫ਼ਰਜ਼, ਡਿਊਟੀ ਤੇ ਧਰਮ ਵਰਗੇ ਸ਼ਬਦ ਵੇਲਾ ਵਿਹਾ ਚੁੱਕੇ ਹਨ। ਭ੍ਰਿਸ਼ਟ ਸਿਆਸਤ ਦੀ ਮਾਰ ਹੇਠ ਪੁਲਿਸੀਆਂ ਤਾਣੇ ਬਾਣੇ ਨੇ ਭ੍ਰਿਸ਼ਟ ਹੋਣਾ ਹੀ ਸੀ। "ਪੁਲਿਸ ਕਪਤਾਨ ਮੁਖ ਮੰਤਰੀ ਦਾ ਖ਼ਾਸ ਬੰਦਾ ਸੀ। ਉਹ ਕਾਕਾ ਜੀ ਦਾ ਜਮਾਤੀ ਸੀ। ਇਸ ਰਿਸ਼ਤੇ ਤੋਂ ਇਲਾਵਾ ਉਹ ਮੈਡਮ ਕੋਲ ਵੀ ਹਾਜ਼ਰੀ ਭਰਦਾ ਸੀ"[2] ਅਜੇਹੀ ਪੇਸ਼ਕਾਰੀ ਅਕਾਲੀ ਮੁੱਖ ਮੰਤਰੀ ਦੇ ਪਰਿਵਾਰ ਦੀ ਭ੍ਰਿਸ਼ਟਾਚਾਰੀ ਸੰਬੰਧੀ ਝਰੋਖਾ ਬਣ ਜਾਂਦੀ ਹੈ। ਨਿਆਂ, ਹੱਕ ਜਾਂ ਇਨਸਾਫ਼ ਲੈਣ ਲਈ ਅਦਾਲਤੀ ਪ੍ਰਬੰਧ ਹੈ। ਪਰ ਇਸ ਨਿਆਂ ਪ੍ਰਬੰਧ ਵਿਚ ਹੀ ਹੱਕ, ਇਨਸਾਫ਼ ਰੁਲਦਾ ਤੇ ਪਿਸਦਾ ਵਿਖਾਈ ਦੇਂਦਾ ਹੈ। ਸਾਧੂ ਸਿੰਘ ਵਰਗੇ ਨਿਆਂ ਲਈ ਵਚਨਬੱਧ ਤੇ ਧਰਮੀ ਜੱਜ ਆਪਣੇ ਆਪ ਨੂੰ ਬੇਵਸ ਤੇ ਨਿੱਹਥਾ ਮਹਿਸੂਸ ਕਰਦੇ ਹਨ। ਇਲਾਜ ਲਈ ਹਸਪਤਾਲ ਹਨ। ਪਰ ਹਸਪਤਾਲਾਂ ਦਾ ਡਾਕਟਰੀ ਅਮਲਾ ਬਿਮਾਰ ਜਾਂ ਫੱਟੜ ਮਰੀਜਾਂ ਦੀ ਪੀੜਾ ਵਧਾਉਣ ਦਾ ਕਾਰਨ ਹੈ।

"ਡਾਕਟਰਾਂ ਦੀ ਅਣਗਹਿਲੀ ਮਰੀਜ਼ਾਂ ਲਈ ਮੁਲਜ਼ਮਾਂ ਨਾਲੋਂ ਵੱਧ ਘਾਤਕ ਸਿੱਧ ਹੋ ਰਹੀ ਸੀ।"[3] ਇਹ ਆਪਣੇ ਪੇਸ਼ੇ ਦੇ ਪੂਰਾ ਮੁੱਲ ਵੱਟਣ ਲਈ ਮਰੀਜਾਂ ਸਾਹਵੇਂ ਲਾਲਚ ਦੀ ਲੰਮੀ ਚਾਦਰ ਵਿਛਾਈ ਬੈਠੇ ਹਨ। ਕੁਲ ਮਿਲਾ ਕੇ ਕੌਰਵ ਸਭਾ ਵਿਚ ਸਿਆਸਤ, ਸੁਰੱਖਿਆ, ਸਿਹਤ ਤੇ ਨਿਆਂ ਪ੍ਰਬੰਧ ਆਪਣੇ ਅਸਲ ਮਕਸਦ ਤੋਂ ਟੁੱਟ ਕੇ ਆਪਣੇ ਨਿੱਜ ਲਈ ਮਾਨਵ ਵਿਰੋਧੀ ਰੁਖ਼ ਅਖ਼ਤਿਆਰ ਕਰੀ ਬੈਠਾ ਹੈ। ਨਾਵਲ ਵਿਚ ਲੁਧਿਆਣਾ ਸ਼ਹਿਰ ਨੂੰ 'ਮਾਇਆ ਨਗਰ' ਦਾ ਨਾਂ ਦਿੱਤਾ ਗਿਆ ਹੈ। ਅਜੋਕਾ ਸਮੁੱਚਾ ਸਿਸਟਮ ਹੀ 'ਮਾਇਆ ਨਗਰ' ਵਜੋਂ ਪੇਸ਼ ਹੋਇਆ ਹੈ। "ਮਾਇਆ ਨਗਰ, ਜੋ ਇਸ ਘਟਨਾ ਦਾ ਵਪਾਰ ਸਥਲ ਹੈ, ਸਰਮਾਏਦਾਰੀ ਅਰਥ ਵਿਵਸਥਾ ਦਾ ਅਦਬੀ ਚਿਹਨ ਹੈ।"[4] ਅਜੋਕਾ ਸਾਰਾ ਪ੍ਰਬੰਧ ਹੀ ਮਾਇਆ ਦੀਆਂ ਨਿੱਜਵਾਦੀ, ਵਿਅਕਤੀਵਾਦੀ ਤੇ ਖ਼ੁਦਗਰਜ਼ ਕੀਮਤਾਂ ਦਾ ਸ਼ਿਕਾਰ ਹੋਇਆ ਨਜ਼ਰ ਆਉਂਦਾ ਹੈ। ਸਭ ਸੰਸਥਾਵਾਂ ਜਾਂ ਪ੍ਰਸਾਸ਼ਕੀ ਵਿਭਾਗ ਆਮ ਬੰਦੇ ਲਈ ਖਲਨਾਇਕਤਾ ਵਾਲਾ ਖਾਸਾ ਅਖ਼ਤਿਆਰ ਕਰੀ ਬੈਠੇ ਹਨ।

ਕੌਰਵ ਸਭਾ ਅਨੁਸਾਰ ਅਜੋਕੇ ਯੁਗ ਵਿਚ ਵਪਾਰ ਕੇਵਲ ਇਕ ਕਿੱਤਾ ਨਹੀਂ ਬਲਕਿ ਇਹ ਹਰ ਵਿਭਾਗ ਜਾਂ ਮਹਿਕਮੇ ਦੇ ਕੰਮ ਕਾਜ ਦੀ ਆਧੁਨਿਕ ਜੁਗਤ ਬਣ ਗਿਆ ਹੈ। ਪੁਲਿਸ, ਸਿਆਸਤ, ਅਦਾਲਤਾਂ ਤੇ ਹਸਪਤਾਲਾਂ ਵਗੈਰਾ ਵਿਚ ਪੈਸੇ ਦੀਆਂ ਮੰਡੀ ਰੁਚੀਆਂ ਦਾ ਬੋਲਬਾਲਾ ਹੈ। ਅਜਿਹੇ ਪ੍ਰਬੰਧ ਵਿਚ ਮੋਹਨ ਲਾਲ ਤੇ ਵੈਦ ਵਰਗਿਆਂ ਦੀ ਆਮ ਤੋਂ ਖ਼ਾਸ ਬਣਦਿਆਂ ਦੇਰ ਨਹੀਂ ਲੱਗਦੀ ਹੈ। ਮੋਹਨ ਲਾਲ ਪੜ੍ਹ ਲਿਖ ਕੇ ਪਹਿਲਾਂ ਅਫ਼ਸਰ ਤੇ ਫਿਰ ਵੱਡਾ ਸਰਮਾਏਦਾਰ ਵਪਾਰੀ ਬਣ ਜਾਂਦਾ ਹੈ। ਅਜਿਹੇ ਭਰਾ ਦੀ ਸਹਾਇਤਾ ਨਾਲ ਵੇਦ ਵੀ ਪਹਿਲਵਾਨੀ ਤੋਂ ਕਲਰਕ ਤੇ ਫਿਰ ਵਪਾਰੀ ਬਣ ਜਾਂਦਾ ਹੈ। ਇਸ 'ਮਾਇਆ ਨਗਰ' (ਲੁਧਿਆਣਾ) ਵਿਚ ਵਪਾਰ ਦੀ ਜੁਗਤ ਨਾਲ ਦੋਵਾਂ ਭਰਾਵਾਂ ਦਾ ਯਕਦਮ ਮਾਇਆ ਪੱਖੋਂ ਗੁੱਡੀ ਅਸਮਾਨ ਨੂੰ ਛੂਹਣ ਲੱਗਦੀ ਹੈ। ਅਜੋਕੇ ਸਿਸਟਮ ਵਿਚ ਮਾਇਆ ਜਾਂ ਅਮੀਰੀ ਜਾਂ ਅਮੀਰੀ ਦੇ ਆਉਣ-ਜਾਣ ਦੀ ਸਥਿਤੀ ਬਹੁਤ ਮਕਾਨਕੀ, ਬਣਾਵਟੀ, ਝਟਪਟ ਤੇ ਟੇਢੇ ਰੂਪ ਵਾਲੀ ਹੈ। ਅਜੇਹੇ ਨਗਰ ਵਿਚ ਸਹਿਜ, ਕੁਦਰਤੀ, ਸਥਾਈ ਤੇ ਸੁਰੱਖਿਅਤ ਕੁਝ ਵੀ ਨਹੀਂ ਹੈ। "ਜਦ ਵੈਦ ਮਾਇਆ ਨਗਰ ਆਇਆ ਸੀ ਉਸ ਦਾ ਸਾਰਾ ਸਮਾਨ ਇਥ ਫੋਰਵੀਲਰ ਵਿਚ ਆ ਗਿਆ ਸੀ।"[5] ਕੁਝ ਸਾਲਾਂ ਵਿਚ ਹੀ "ਵੈਦ ਕੋਲ ਸਭ ਕੁਝ ਸੀ। ਪਾਸ਼ ਕਨੋਲੀ ਵਿਚ ਪੰਜ ਸੌ ਗਜ਼ ਦੀ ਕੋਠੀ ਸੀ। ਦੋ ਹੋਰ ਪਲਾਟ ਉਸ ਦੇ ਨਾਂ ਸਨ। ਮੋਹਨ ਦੀਆਂ ਕਈ ਫ਼ਰਮਾਂ ਵਿੱਚ ਉਹ ਹਿੱਸੇਦਾਰ ਸੀ।"[6] ਅਜੋਕੀ ਸਰਮਾਏਦਾਰੀ ਵਿਵਸਥਾ ਵਿਚ ਉੱਪਰ-ਥੱਲੇ ਜਾਣ ਦੀ ਸਦਾ ਸੰਭਾਵਨਾ ਬਣੀ ਰਹਿੰਦੀ ਹੈ। ਇਸ ਪ੍ਰਬੰਧ ਦੇ ਅਜੇਹੇ ਅਨਿਸ਼ਚਤ ਮਾਹੌਲ ਕਾਰਣ ਹਰ ਕੋਈ ਲੁੱਟਣ ਤੇ ਖੋਹਮਾਰੀ ਲਈ ਤਰਲੋਮੱਛੀ ਹੋ ਰਿਹਾ ਹੈ। ਹਰ ਵਪਾਰੀ ਤੇ ਪ੍ਰਸ਼ਾਸਨਿਕ ਕਰਿੰਦਾ ਪੈਸੇ ਦੀ ਦੌੜ ਵਿੱਚ ਸ਼ਾਮਿਲ ਹੈ। ਪੈਸੇ ਦੀ ਤਲਬ ਜਾਂ ਲਾਲਸਾ ਹੀ ਫਿਰ ਅੱਗੇ ਵਿਭਿੰਨ ਪੀੜਾਂ ਤੇ ਸਮੱਸਿਆਵਾਂ ਦਾ ਕਾਰਨ ਬਣਦੀ ਹੈ।

ਕੌਰਵ ਸਭਾ ਵਿਚ ਲੇਖਕ ਦਾ ਗਲਪੀ ਅਨੁਭਵ ਉਸ ਦਾ ਆਪਣੇ ਪਿੰਡੇ 'ਤੇ ਹੰਢਾਇਆ ਰੋਜ਼ਮਰਾ ਦਾ ਨਿੱਜੀ ਤਜਰਬਾ ਹੈ। ਸਰਕਾਰੀ ਵਕੀਲ ਹੋਣ ਦੇ ਨਾਤੇ ਨਾਵਲਕਾਰ ਹਰ ਤਰ੍ਹਾਂ ਦੀ ਕਾਨੂੰਨੀ ਵਿਵਸਥਾ ਸੰਬੰਧੀ ਸਿਧਾਂਤਕ ਤੇ ਵਾਸਤਵਿਕ ਤੱਥਾਂ-ਸੱਚਾਂ ਨਾਲ ਵਾ-ਬਸਤਾ ਹੈ। ਇਸ ਕਰਕੇ ਕੌਰਵ ਸਭਾ ਨਾਵਲ "ਅਨੁਭਵ ਯਥਾਰਥ ਤੇ ਗਿਆਨ ਯਥਾਰਥੀ ਆਯਾਮ ਦੇ ਸਮਨਵੈ ਦਾ ਅਨੂਠਾ ਪ੍ਰਯੋਗ ਹੈ।"[7] ਉਂਜ਼ ਨਿਰਾ ਗਿਆਨ, ਤਜ਼ਰਬਾ ਜਾਂ ਜੀਵਨ ਦੇ ਤੱਥ-ਸੱਚ ਆਪਣੇ ਆਪ

ਵਿਚ ਕਲਾ ਦੇ ਬਦਲ ਨਹੀਂ ਹਨ। ਇਹ ਕਿਸੇ ਕਲਾ ਲਈ ਕੱਚਾ ਮਸਾਲਾ ਹੁੰਦੇ ਹਨ। ਅਜਿਹਾ ਮਸਾਲਾ ਲੇਖਕ ਦੇ ਅਨੁਭਵ ਤੇ ਕਲਾ ਦੀ ਚਾਸ਼ਨੀ ਵਿਚੋਂ ਲੰਘ ਕੇ ਹੀ ਵਸਤੂ-ਯਥਾਰਥ ਦਾ ਸੰਭਾਵੀ ਕਲਾ-ਰੂਪ ਬਣਦਾ ਹੈ। ਕੌਰਵ ਸਭਾ ਤਜ਼ਰਬੇ ਤੇ ਕਲਾਤਮਿਕ ਅਨੁਭਵ ਦੇ ਸੁਮੇਲ ਦਾ ਯਥਾਰਥਕ ਕਲਾ-ਰੂਪ ਹੈ। ਇਸ ਨਾਵਲ ਵਿੱਚ ਲੇਖਕ ਦੀ ਦ੍ਰਿਸ਼ਟੀ ਇਕ ਆਲੋਚਨਾਤਮਿਕ ਖੋਜੀ ਵਾਲੀ ਹੈ, ਜੋ ਇਹ ਕਾਨੂੰਨ ਜਾਂ ਨਿਆਂ ਦੀਆਂ ਮੌਜੂਦਾ ਸੀਮਾਵਾਂ ਲਈ ਕਈ ਸਵਾਲ ਖੜ੍ਹੇ ਕਰਦੀ ਹੈ। ਜਿਵੇਂ, ਇਸ ਵਿਚ ਵੈਦ ਦੇ ਪੀੜ੍ਹਤ ਪਰਿਵਾਰ ਨੂੰ ਸਿਰਫ਼ ਸਰਕਾਰੀ ਵਕੀਲ ਉਤੇ ਨਿਰਭਰ ਰਹਿਣਾ ਪੈਂਦਾ ਹੈ, ਪਰ ਵਿਰੋਧੀ ਧਿਰ ਮਨਚਾਹੇ ਵਕੀਲ ਖੜੇ ਕਰ ਸਕਦੀ ਹੈ। ਮੁਜ਼ਰਮ ਧਿਰ ਦੇ ਵਕੀਲ ਜਲਾਲਤ ਦੀ ਹੱਦ ਤੱਕ ਮਜਲੂਮ ਧਿਰ ਨੂੰ ਸਵਾਲ ਪੁੱਛ ਸਕਦੇ ਹਨ। ਵਕੀਲ ਕਾਨੂੰਨ ਦੇ ਵਿਆਖਿਆਕਾਰ ਹਨ। ਪਰ ਇੰਨ੍ਹਾਂ 'ਤੇ ਕਾਨੂੰਨ ਦਾ ਕੋਈ ਕੁੰਡਾ ਨਹੀਂ ਹੈ। ਕਾਨੂੰਨ ਦੀ ਨਜ਼ਰ ਵਿਚ "ਇਕ ਨਿਰਦੋਸ਼ ਨੂੰ ਸਜ਼ਾ ਦੇਣ ਨਾਲੋਂ ਸੌ ਦੋਸ਼ੀ ਬਰੀ ਕੀਤੇ ਚੰਗੇ ਮੰਨੇ ਜਾਂਦੇ ਹਨ।"[8] ਅਜਿਹੀ ਸਥਿਤੀ ਮੁਜਰਮਾਂ ਜਾਂ ਜ਼ੁਲਮ ਕਰਨ ਵਾਲਿਆਂ ਲਈ ਕਾਰਗਰ ਹੈ। "ਅਸੀਂ ਇਸ ਸਿਧਾਂਤ ਨੂੰ ਘਸਾ-ਘਸਾ ਕੇ ਮੁਲਜ਼ਮਾਂ ਦੇ ਬਰੀ ਹੋਣ ਦਾ ਹਥਿਆਰ ਬਣਾ ਦਿੱਤਾ ਹੈ।"[9] ਨਾਵਲਕਾਰ ਵਕਤ ਵਿਹਾ ਚੁਕੇ ਅਜੇਹੇ ਸਿਧਾਂਤ ਨੂੰ ਉਲਟਾ ਦੇਣ ਜਾਂ ਬਦਲਣ ਦੀ ਪੁਰਜ਼ੋਰ ਵਕਾਲਤ ਕਰਦਾ ਹੈ। "ਸੌ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਜੇ ਇਕ ਨਿਰਦੋਸ਼ ਨੂੰ ਫਾਂਸੀ ਚੜ੍ਹਨਾ ਪਵੇ ਤਾਂ ਉਸ ਨੂੰ ਚੜ੍ਹ ਜਾਣਾ ਚਾਹੀਦਾ ਹੈ।"[10] ਇਸ ਕਾਨੂੰਨੀ ਵਿਵਸਥਾ ਵਿਚ ਦੋਸ਼ੀਆਂ ਉਤੇ ਦੋਸ਼ ਸਿੱਧ ਕਰਨ ਦੀ ਜ਼ੁੰਮੇਂਵਾਰੀ ਮਜਲੂਮ ਜਾਂ ਪੀੜ੍ਹਤ ਧਿਰ ਉਤੇ ਹੈ। ਫ਼ੌਜਦਾਰੀ ਕੇਸ ਵਿਚ ਸ਼ੱਕ ਦੀ ਗੁੰਜਾਇਸ਼ ਦਾ ਸਾਰਾ ਲਾਭ ਦੋਸ਼ੀ ਧਿਰ ਨੂੰ ਮਿਲਦਾ ਹੈ। ਨਾਵਲਕਾਰ ਆਪਣੇ ਕਿੱਤੇ ਦੀ ਮੁਹਾਰਤ ਕਾਰਣ ਕਾਨੂੰਨੀ ਨਿਯਮਾਂ ਨੂੰ ਅਜੋਕੇ ਸਮੇਂ ਦਾ ਹਾਣੀ ਬਨਾਉਣ ਦਾ ਹਾਮੀ ਹੈ। "ਅਸੀਂ ਅਠਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫ਼ਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਨ ਗਵਾਹ ਚਾਹੀਦੇ ਹਨ। ਹਨੇਰੇ ਕਮਰਿਆਂ ਵਿਚ ਘੜੀਆਂ ਸਾਜਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ।"[11] ਸਾਡੀ ਨਿਆਇਕ ਪ੍ਰਣਾਲੀ ਦਾ ਸਿਰਫ਼ ਤੇ ਸਿਰਫ਼ ਗਵਾਹਾਂ 'ਤੇ ਨਿਰਭਰ ਹੋਣਾ ਨਿਆਂ ਲਈ ਵੱਡਾ ਖਤਰਾ ਬਣਿਆ ਹੋਇਆ ਹੈ। ਮੌਜੂਦਾ ਅਦਾਲਤੀ ਸਿਸਟਮ ਵਿਚ "ਸੱਚ ਬੋਲੀਏ ਤਾਂ ਦੋਸ਼ੀ ਬਰੀ ਹੋ ਜਾਂਦੇ ਹਨ। ਝੂਠ ਬੋਲੀਏ ਤਾਂ ਨਿਰਦੋਸ਼ ਵੀ ਸਜ਼ਾ ਪਾ ਜਾਂਦੇ ਹਨ।"[12] ਇਸ ਤਰ੍ਹਾਂ ਇਨਸਾਫ਼ ਲਈ ਝੂਠ ਜਾਂ ਅਨਿਆਂ ਵਾਲਾ ਫਰੇਬੀ ਤੇ ਫਰਜ਼ੀ ਰਸਤਾ ਅਖ਼ਤਿਆਰ ਕਰਨਾ ਪੈਂਦਾ ਹੈ। ਨਿਆਇਕ ਪ੍ਰਬੰਧ ਦੋਸ਼ੀ ਨੂੰ ਬਚਾਉਣ ਤੇ ਨਿਰਦੋਸ਼ ਨੂੰ ਫਸਾਉਣ ਵਾਲਾ ਹੈ। ਇਸ ਮੌਜੂਦਾ ਕਾਨੂੰਨ ਜਾਂ ਨਿਆਇਕ ਪ੍ਰਣਾਲੀ ਨੂੰ "ਮੁਲਜ਼ਮਾਂ ਨੇ ਮਨੁੱਖੀ ਅਧਿਕਾਰਾਂ ਦਾ ਖਿਆਲ ਤਾਂ ਰਹਿੰਦਾ ਪਰ ਮੁਦੱਈ ਦੇ ਦੁਖਾਂ ਦਾ ਨਹੀਂ।"[13] ਲੇਖਕ ਦੀ ਨਜ਼ਰ ਇਕ ਖੋਜੀ ਤੇ ਜਿਗਿਆਸੂ ਵਾਲੀ ਹੈ। ਸਮੇਂ ਤੇ ਸਥਿਤੀ ਮੁਤਾਬਕ ਨਿਆਇਕ ਸਿਸਟਮ ਵਿੱਚ ਕੀ ਠੀਕ ਅਤੇ ਕੀ ਠੀਕ ਨਹੀਂ? ਇਸ ਦਾ ਰਹੱਸ ਨਾਵਲ ਵਿੱਚ ਖੁਲ੍ਹਦਾ ਹੈ।

ਕੌਰਵ ਸਭਾ ਨਵਾਲ ਦਾ ਨਾਮ ਵਿਸ਼ੇਸ਼ ਤੇ ਬਹੁ-ਅਰਥੀ ਹੈ। ਇਹ ਨਾਮ ਭਾਰਤੀ ਸਾਹਿਤ ਵਿਚ ਕਲਾਸਕੀ ਮਹਾਂ-ਕਾਵਿ 'ਮਹਾਭਾਰਤ' ਨਾਲ ਸੰਬੰਧਤ ਹੈ। 'ਮਹਾਂਭਾਰਤ' ਵਿਚ ਭਰਾਵਾਂ ਦਾ ਆਪਸੀ ਟਕਰਾ ਵੱਡੇ ਯੁੱਧ ਤੇ ਬਰਬਾਦੀ ਦਾ ਕਾਰਣ ਬਣਦਾ ਹੈ। ਕੌਰਵ ਸਭਾ ਵਿਚ ਵੀ ਮੋਹਨ ਲਾਲ ਤੇ ਵੈਦ ਦੋਨਾਂ ਭਰਾਵਾਂ ਦੇ ਪਰਿਵਾਰ ਲਾਲਚ ਵੱਸ ਆਪੋ ਵਿਚ ਉਲਝਦੇ ਹਨ। 'ਮਹਾਂਭਾਰਤ' ਵਿਚ ਕੌਰਵ ਆਪਣੇ ਭਰਾਵਾਂ ਨੂੰ ਬਣਦਾ ਹੱਕ ਇਥੋਂ ਤੱਕ ਕਿ ਪੰਜ ਪਿੰਡ ਵੀ ਦੇਣ ਤੋਂ ਨਾਂਹ ਕਰ ਦੇਂਦੇ ਹਨ।

ਕੌਰਵ ਅਨਿਆਂ, ਧੱਕੇ, ਵਧੀਕੀ, ਪੁੱਤਰ ਮੋਹ ਤੇ ਲਾਲਸਾਵਾਂ ਦੀ ਖਲਨਾਇਕ ਧਿਰ ਵਜੋਂ ਸਾਹਮਣੇ ਆਉਂਦੇ ਹਨ। 'ਮਹਾਂਭਾਰਤ' ਮਨੁੱਖੀ ਰਿਸ਼ਤਿਆਂ ਦੀ ਮੋਹ-ਮਾਇਆ, ਲਾਲਚ, ਕਬਜ਼ੇ ਮਰਯਾਦਾ-ਅਮਰਯਾਦਾ, ਧਰਮ -ਅਧਰਮ, ਨੈਤਿਕ-ਅਨੈਤਿਕ, ਮਨੁੱਖੀ ਸੀਮਾਵਾਂ ਤੇ ਸੰਭਾਵਨਾਵਾਂ ਦੇ ਭੇੜ ਦਾ ਵੱਡਾ ਦੁਖਾਂਤ-ਰੂਪ ਹੈ। ਕੌਰਵ ਸਭਾ ਨਾਵਲ ਵਿੱਚ ਵੀ 'ਮਹਾਂਭਾਰਤ' ਵਰਗੀ ਕੌਰਵ ਦੀ ਸਭਾ ਵਿਖਾਈ ਦੇਂਦੀ ਹੈ। ਪੁਲਿਸ, ਵਕੀਲ, ਜੱਜ, ਵਿਧਾਇਕ, ਸਰਮਾਏਦਾਰ, ਦਲਾਲ, ਡਾਕਟਰ ਤੇ ਬਿਹਾਰੀ ਗੁੰਡੇ ਇਕ ਤਾਣੀ ਦੇ ਰੂਪ ਵਿਚ ਵੈਦ ਪਰਿਵਾਰ ਲਈ ਕੌਰਵਾਂ ਦਾ ਰੂਪ ਹਨ। 'ਮਹਾਂਭਾਰਤ' ਵਿਚ ਕੌਰਵ ਆਪਣੀ ਰਿਸ਼ਤੇ ਵਿਚੋਂ ਲੱਗਦੀ ਭਾਬੀ ਦਰੋਪਦੀ ਨੂੰ ਨਿਰਵਸਤਰ ਕਰਨ ਦਾ ਯਤਨ ਕਰਦੇ ਹਨ। ਦਰੋਪਦੀ ਦਾ ਚੀਰਹਰਨ ਬਹੁ-ਅਰਥੀ ਚਿਹਨ ਹੈ, ਜੋ ਮਨੁੱਖੀ ਰਿਸ਼ਤਿਆਂ, ਲੱਜ ਸ਼ਰਮ, ਮਰਯਾਦਾ, ਨੈਤਿਕਤਾ ਤੇ ਸਭਿਅਕ ਕਦਰਾਂ ਦੀਆਂ ਹੱਦਾਂ ਬੰਨੇ ਲੰਘਣ ਦਾ ਪ੍ਰਗਟਾਅ ਹੈ। ਰਿਸ਼ਤਿਆਂ ਦਾ ਅਜਿਹਾ ਵਿਗਾੜ ਹੀ ਕੌਰਵ ਸਭਾ ਨਾਵਲ ਵਿਚ ਪੇਸ਼ ਹੈ। ਵੇਖਣ ਵਾਲਾ ਪੱਖ ਇਹ ਵੀ ਹੈ ਕਿ ਭਾਰਤੀ ਸਮਾਜ 'ਮਹਾਂਭਾਰਤ' ਦੇ ਸਮਿਆਂ ਤੋਂ ਹੀ ਮਨੁੱਖੀ ਲਾਲਸਾਵਾਂ, ਜਾਇਦਾਦੀ, ਰਿਸ਼ਤਿਆਂ, ਅਹੁਦਿਆਂ ਜਾਂ ਰੁਤਬਿਆਂ ਦੇ ਵਿਗਾੜ ਦੀ ਮਾਰ ਹੇਠ ਰਿਹਾ ਹੈ। ਇਹ ਵਿਗਾੜ ਅੱਗੇ ਹਰ ਪੜਾਅ 'ਤੇ ਹੋਰ ਤਿੱਖਾ ਤੇ ਵਿਸਤ੍ਰਿਤ ਰੂਪ ਅਖ਼ਤਿਆਰ ਕਰਦਾ ਹੈ। ਕੌਰਵ ਸਭਾ ਨਾਵਲ ਅਜੋਕੇ ਯੁਗ ਦੀ ਅਜੇਹੀ ਪੇਸ਼ਕਾਰੀ ਦਾ ਵਿਸ਼ੇਸ਼ ਗਲਪ ਬਿੰਬ ਹੈ। 'ਮਹਾਂਭਾਰਤ' ਦੇ ਸਮੇਂ ਤਾਂ ਸਮਾਜ ਦੇ ਸੁਧਾਰ ਲਈ ਰਿਸ਼ੀਆਂ ਮੁਨੀਆਂ ਵਲੋਂ ਨੈਤਿਕ ਜਾਂ ਮਨੁੱਖੀ ਰਿਸ਼ਤਿਆਂ ਦੇ ਮਾਣ-ਮਰਯਾਦਾ ਸੰਬੰਧੀ ਵਿਸ਼ੇਸ਼ ਕਿਸਮ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਸ ਸਿਖਿਆ ਦੇ ਬਾਵਜੂਦ ਕੌਰਵ ਮਾਨਵੀ ਰਿਸ਼ਤਿਆਂ ਦਾ ਘਾਣ ਕਰਨ ਵਾਲੇ ਵੱਡੇ ਮੋਹਰੇ ਬਣ ਨਿਬੜਦੇ ਹਨ। ਅਜੋਕੇ ਯੁੱਗ ਵਿੱਚ ਤਾਂ ਸਿੱਖਿਆ ਖੇਤਰੀ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰੋਫੈਸ਼ਨਲ ਅਤੇ ਮਕਾਨਕੀ ਕਿਸਮ ਦੀ ਹੋ ਗਈ ਹੈ। ਇਸ ਵਿਚੋਂ ਸਮਾਜਕਤਾ, ਮਾਨਵਤਾ ਤੇ ਨੈਤਿਕਤਾ ਵਗੈਰਾ ਦੀ ਅੰਤਰ-ਅਨੁਸ਼ਾਸਨੀ ਪਹੁੰਚ ਗਾਇਬ ਹੈ। ਅਜੋਕੇ ਵਿਦਿਅਕ ਸਿਸਟਮ ਨਾਲ ਜੁੜੇ ਵਿਦਿਆਰਥੀ ਕਿਵੇਂ ਸੰਪੂਰਨ ਮਨੁੱਖ ਜਾਂ ਮਾਨਵ ਹੋਣ, ਇਹ ਇਕ ਚਿੰਤਾ ਵਾਲਾ ਵਿਸ਼ਾ ਹੈ। ਕੌਰਵ ਸਭਾ ਨਾਵਲ ਵਿਚ ਪੰਕਜ, ਨੀਰਜ ਤੇ ਕਮਲ ਇੰਜਨੀਅਰ ਤੇ ਐਮ.ਬੀ.ਏ. ਦੀ ਉਚੇਰੀ ਪੜ੍ਹਾਈ ਕਰਨ ਵਾਲੇ ਨੌਜਵਾਨ ਆਪਣੀਆਂ ਛੋਟੀਆਂ ਮੋਟੀਆਂ ਪਰਿਵਾਰਕ ਜਾਂ ਘਰੇਲੂ ਸਮੱਸਿਆਵਾਂ ਹੱਲ ਕਰਨ ਤੋਂ ਅਸਮਰੱਥ ਰਹਿੰਦੇ ਹਨ। ਨਾਵਲ ਵਿਚ "ਅਜੇਹੀ ਪੇਸ਼ਕਾਰੀ ਵਿਦਿਅਕ ਪ੍ਰਬੰਧ ਉਪਰ ਸਵਾਲੀਆ ਨਿਸ਼ਾਨ"[14] ਬਣ ਜਾਂਦੀ ਹੈ। ਨਾਵਲਕਾਰ ਨੇ ਅਜੋਕੇ ਰੁਝਾਨ ਦੀਆਂ ਮਾਇਆਧਾਰੀ ਤੇ ਜਾਇਦਾਦੀ ਕੀਮਤਾਂ ਨੂੰ 'ਮਹਾਂਭਾਰਤ' ਜਾਂ ਕੌਰਵਾਂ ਤੱਕ ਜੋੜ ਕੇ ਭਾਰਤੀ ਸੁਭਾਅ ਦੀ ਪਰੰਪਰਾ ਤੋਂ ਚਲੀ ਆਉਂਦੀ ਲਾਲਚਾਈ ਫ਼ਿਤਰਤ ਨੂੰ ਪੇਸ਼ ਕੀਤਾ ਹੈ। ਅੱਜ ਦੇ ਅਥਾਹ ਵਸਤਾਂ ਵਾਲੇ ਖੱਪਤੀ ਰੁਝਾਨ ਵਿਚ ਤਾਂ ਮਨੁੱਖੀ ਲਾਲਸਾਵਾਂ ਦੀ ਚਾਲ ਹੋਰ ਰਵਾਨਗੀ ਤੇ ਤਾਕਤ ਫੜ੍ਹੀ ਹੈ। ਨਾਵਲ ਨੂੰ ਆਧੁਨਿਕ ਯੁੱਗ ਦਾ 'ਮਹਾਂਕਾਵਿ' ਭਾਵ ਵੱਡਾ ਸਾਹਿਤ ਰੂਪ ਮੰਨਿਆ ਜਾਂਦਾ ਹੈ। ਕੌਰਵ ਸਭਾ ਆਪਣੇ ਨਾਮ ਅਤੇ ਵਿਸ਼ੈ-ਵਸਤੂ ਕਰਕੇ ਪਰੰਪਰਾ ਤੋਂ ਆਧੁਨਿਕ ਯੁੱਗ ਤੱਕ ਵਾਪਰ ਰਹੇ ਜਾਂ ਵਾਪਰਦੇ ਅਨਰਥ ਦਾ ਯਥਾਰਥਕ ਚਿਤਰ ਹੈ। ਕੌਰਵਾਂ ਦੀ ਸਭਾ ਵਿਚ ਜਿਵੇਂ ਪਾਡਵਾਂ ਜਾਂ ਦਰੋਪਦੀ ਦੀ ਨਿਆਂ ਲਈ ਪੁਕਾਰ ਮਹਿਜ ਇਕ ਹਉਕਾ ਨਜ਼ਰ ਆਉਂਦੀ ਹੈ ਤਿਵੇਂ ਅਜੋਕੇ ਸਰਕਾਰੀ ਤੰਤਰ ਦੀਆਂ ਸਭ ਸੰਸਥਾਵਾਂ ਸਾਹਮਣੇ ਨੇਹਾ, ਵੈਦ ਜਾਂ ਰਾਮ ਨਾਥ ਦੀ ਇਨਸਾਫ਼ ਲਈ ਕੋਸ਼ਿਸ਼ ਇਕ ਹਸਰਤ ਬਣ ਕੇ ਰਹਿ ਜਾਂਦੀ ਹੈ। ਇਸ ਨਾਵਲ ਵਿਚ

ਅਜੇਹੇ ਪਾਤਰ ਭਾਵੇਂ ਸਮੱਸਿਆਵਾਂ ਦੇ ਵਿਕਅਤੀ ਪ੍ਰਗਟਾਵੇ ਹਨ ਪਰ ਇਹ ਅਜੋਕੇ ਸਮਾਜ ਦਾ ਯਥਾਰਥਕ ਭੁਲਾਵਾਂ ਜਾਂ ਸੱਚ ਹਨ ।

ਕੌਰਵ ਸਭਾ ਨਾਵਲ ਵਿੱਚ ਵੈਦ ਦਾ ਪਰਿਵਾਰ ਸਭ ਤੋਂ ਵੱਡੀ ਪੀੜਿਤ ਧਿਰ ਹੈ । ਪਹਿਲੀ ਪੀੜਾ ਤਾਂ ਗੁੰਡਿਆਂ ਦੀ ਵਾਰਦਾਤ ਨਾਲ ਪਰਿਵਾਰ ਦੇ ਤਬਾਹ ਹੋ ਜਾਣ ਦੀ ਹੈ । ਦੂਜੀ ਪੀੜਾ ਵੈਦ ਪਰਿਵਾਰ ਨੂੰ ਹੱਕ ਜਾਂ ਇਨਸਾਫ਼ ਨਾ ਮਿਲਣ ਸੰਬੰਧੀ ਹੈ । ਇਸ ਪਰਿਵਾਰ ਨਾਲ ਵਾਪਰੀ ਘਟਨਾ ਲਈ ਇਕ ਹੱਦ ਤੱਕ ਵੈਦ ਦੇ ਭਤੀਜੇ ਪੰਕਜ ਤੇ ਨੀਰਜ ਜ਼ਿੰਮੇਵਾਰ ਹਨ । ਪਰ ਪੰਕਜ ਤੇ ਨੀਰਜ ਹੋਰਨਾਂ ਨੂੰ ਪੀੜਾ ਦੇਣ ਵਾਲੇ ਖੁਦ ਵੀ ਪੀੜਾ ਤੋਂ ਮੁਕਤ ਨਹੀਂ ਹਨ । ਇਹ ਖਲਪਾਤਰ ਨਹੀਂ ਹਨ । ਇਹ ਮਾਇਆ ਨਗਰ ਦੀਆਂ ਵਪਾਰਕ, ਮੰਡੀ ਜਾਂ ਪੈਸਾ ਕੀਮਤਾਂ ਦੇ ਪ੍ਰਗਟਾਵੇ ਹਨ । 'ਮਾਇਆ ਨਗਰ' ਜਾਂ ਸ਼ਹਿਰ ਵਿਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਅੰਨ੍ਹੀ ਦੌੜ ਹੈ । ਇਸ ਦੌੜ ਵਿਚ ਇਕ ਦੂਜੇ ਨੂੰ ਠਿੱਬੀ ਲਾਉਣਾ ਵਪਾਰੀ ਨੀਤੀ ਜਾਂ ਸਿਆਣਪ ਮੰਨੀ ਜਾਂਦੀ ਹੈ । ਹੇਰਾਫੇਰੀ, ਦਾਅ-ਮਾਰੀ, ਰਿਸ਼ਵਤਖੋਰੀ, ਗੁੰਡਾਗਰਦੀ ਜਾਂ ਹੋਰ ਚੋਰ ਮੋਰੀਆਂ ਦੀ ਵਰਤੋਂ ਮਾਇਆ ਨਗਰ ਦੀਆਂ ਆਧੁਨਿਕ ਵਾਪਰਕ ਚਾਲਾਂ ਹਨ । ਅਜਿਹੇ ਪ੍ਰਬੰਧ ਜਾਂ ਨਗਰ ਦੀ ਰਾਖੀ ਵਾਲੀਆਂ ਧਿਰਾਂ ਜਿਵੇਂ ਸਿਆਸਤ, ਪੁਲਿਸ ਤੇ ਕਚਹਿਰੀ ਦੀ ਸਥਿਤੀ ਮੰਡੀ ਰੁਚੀਆਂ ਵਾਲੀ ਹੈ । ਅਜਿਹੇ ਪ੍ਰਬੰਧ ਵਿੱਚ "ਅੱਜਕਲ੍ਹ ਫੈਸਲੇ ਗੁਣਾਂ ਦੇ ਆਧਾਰ 'ਤੇ ਘਟ ਹੋਰ ਗੱਲਾਂ ਦੇ ਆਧਾਰ 'ਤੇ ਜ਼ਿਆਦਾ ਹੁੰਦੇ ਹਨ?"[15] ਪੰਕਜ ਤੇ ਨੀਰਜ ਆਪਣੇ ਬਚਾਅ ਲਈ ਖੁਲ੍ਹੀ ਮਾਇਆ ਵਰਤਾਉਣ ਦੀ ਜੁਗਤ ਵਰਤਦੇ ਹਨ । ਇਹ ਹੋਰਨਾਂ ਲਈ ਲੁੱਟ ਦਾ ਯਰਗਮਾਲ ਬਣੇ ਨਜ਼ਰ ਆਉਂਦੇ ਹਨ । ਪੰਕਜ ਤੇ ਨੀਰਜ ਕੋਲੋਂ "ਸਾਰੀ ਪੁਲਿਸ ਨੇ ਹੱਥ ਰੰਗ ਲਏ ਸਨ ।"[16] ਇਸ ਤਰ੍ਹਾਂ ਦੂਜੇ ਲਈ ਸਮੱਸਿਆ ਖੜੀ ਕਰਨ ਵਾਲੇ ਖੁਦ ਵੀ ਮੁਸੀਬਤਾਂ ਦੀ ਘੁੰਮਣ ਘੇ ਰੀ ਵਿਚ ਹਨ । ਸਿਆਸੀ ਨੇਤਾ, ਪੁਲਿਸ, ਵਕੀਲ, ਦਲਾਲ ਤੇ ਜੱਜ ਵਗੈਰਾ ਅਜੋਕੇ ਸਿਸਟਮ ਦਾ ਹਰ ਮੋਹਰਾਂ ਪੰਕਜ ਭਰਾਵਾਂ ਤੋਂ ਪੈਸਾ ਲੁੱਟੀ ਜਾਂ ਚੂੰਡੀ ਜਾ ਰਿਹਾ ਹੈ । ਇੰਨ੍ਹਾਂ ਨੂੰ ਆਪਣੇ ਕੀਤੇ ਜੁਰਮ ਦਾ ਪੈਸੇ ਦੇ ਰੂਪ ਵਿਚ ਵੱਡਾ ਮੁੱਲ ਤਾਰਨਾ ਪੈਂਦਾ ਹੈ । "ਪੰਕਜ ਹੁਰਾਂ ਇਹ ਸਾਜਿਸ ਘੜੀ ਸੀ । ਪਰ ਇਰਾਦਾ ਵੱਡਾ ਭਾਣਾ ਵਰਤਾਉਣਾ ਦਾ ਨਹੀਂ ਸੀ । ਉਹ ਮੂੰਹ ਫੱਟ ਚਾਚੀ ਅਤੇ ਸੱਪ ਵਾਂਗ ਫ਼ਨ ਚੁੱਕ ਰਹੇ ਕਮਲ ਨੂੰ ਥੋੜ੍ਹਾ ਜਿਹਾ ਸਬਕ ਸਿਖਾਉਣਾ ਚਾਹੁੰਦੇ ਸਨ ।"[17] ਪਰ ਇਹ ਸਾਜਿਸ਼ ਆਪ ਮੁਹਾਰੀ ਘਟਨਾ ਰੂਪ ਵਿੱਚ ਵਾਪਰਦੀ ਹੈ । ਇਸ ਵੱਡੀ ਵਾਰਦਾਤ ਵਿਚ ਪੰਕਜ ਨੀਰਜ ਵੀ ਫਸ ਜਾਂਦੇ ਹਨ । ਇਹ ਆਪਣੇ ਬਚਾਅ ਲਈ ਪੈਸੇ ਰਾਹੀਂ ਪੁਲਿਸ ਸੂਤ ਕਰਦੇ ਹਨ ਤਾਂ ਵਿਧਾਇਕ ਬਘੇਲ ਸਿੰਘ ਵਿਚਕਾਰ ਆ ਜਾਂਦਾ ਹੈ । ਇਹ ਬਘੇਲ ਸਿੰਘ ਸਿਆਸੀ ਬਾਘ ਦੀ ਤਰ੍ਹਾਂ ਹੈ । ਇਹ ਮੁੱਖ ਮੰਤਰੀ ਦੇ ਨਾਂ ਉੱਤੇ ਇਕ ਕਰੋੜ ਵਿੱਚ ਸੌਦਾ ਕਰਦਾ ਹੈ । "ਬਘੇਲ ਸਿੰਘ ਚਾਲੀ ਲੱਖ ਦੀ ਪਹਿਲੀ ਕਸ਼ਿਤ ਲੈ ਕੇ ਚੰਡੀਗੜ੍ਹ ਲਈ ਰਵਾਨਾ"[18] ਹੁੰਦਾ ਹੈ । ਪੁਲਿਸ ਤੋਂ ਬਾਅਦ ਬਘੇਲ ਸਿੰਘ ਨਾਲ ਸੌਦਾ ਕਰਕੇ ਪੰਕਜ ਭਰਾਵਾਂ ਨੂੰ ਕੁਝ ਰਾਹਤ ਮਿਲਦੀ ਹੈ । ਪਰ ਫਿਰ ਇਹ ਕੇਸ 'ਵਿਕਟਮ ਸੇਵਾ ਸੋਸਾਇਟੀ' ਆਪਣੇ ਹੱਥੀਂ ਲੈ ਲੈਂਦੀ ਹੈ । "ਪਹਿਲਾਂ ਬਘੇਲ ਸਿੰਘ ਅੜ ਗਿਆ । ਹੁਣ ਸੋਸਾਇਟੀ ਆ ਟਪਕੀ"[19] । ਜੇ ਇਕ ਧਿਰ ਸੂਤ ਆਉਂਦੀ ਹੈ ਤਾਂ ਦੂਜੀ ਵਿਗੜ ਜਾਂਦੀ ਹੈ । ਇਸ ਤਰ੍ਹਾਂ ਮਾਇਆਧਾਰੀ ਹੋਣ ਦੇ ਬਾਵਜੂਦ ਪੰਕਜ ਤੇ ਨੀਰਜ ਨਿਰੰਤਰ ਪੀੜਤ ਤੇ ਪਰੇਸ਼ਾਨ ਰਹਿੰਦੇ ਹਨ । ਨਾਵਲਕਾਰ ਨੇ ਸਮੁੱਚਾ ਸਿਸਟਮ ਹੀ ਸਮੱਸਿਆਜਨਕ ਵਰਤਾਰੇ ਵਜੋਂ ਪੇਸ਼ ਕੀਤਾ ਹੈ । "ਇਹ ਮਾਇਆ ਨਗਰ ਸੀ । ਇਥੇ ਸਭ ਰਿਸ਼ਤੇ ਮਾਇਆ ਦੁਆਲੇ ਘੁੰਮਦੇ ਹਨ ।"[20] ਇਥੇ ਸਮਝੌਤੇ ਜਾਂ ਸੌਦੇ ਵਕਤੀ ਹਨ । ਸਥਾਈ

ਸਾਂਝ ਜਾਂ ਸਾਥ ਕਿਤੇ ਨਹੀਂ ਹੈ। "ਪੰਕਜ ਹੋਰਾਂ ਦਾ ਮੁੱਖ ਮੰਤਰੀ ਨਾਲ ਚਲਾਨ ਪੇਸ਼ ਕਰਨ ਤਕ ਦਾ ਸੌਦਾ ਹੋਇਆ ਸੀ।"[21] ਇਸ ਸਿਸਟਮ ਵਿਚ ਸਾਧਨ ਵਿਹੂਣੇ ਤਾਂ ਦੁਖੀ ਹਨ ਹੀ, ਸਾਧਨਾਂ ਵਾਲੇ ਵੀ ਸੁਖੀ ਨਹੀਂ ਹਨ। "ਇਥੋਂ ਦੇ ਲੋਕਾਂ ਕੋਲ ਧਨ ਤਾਂ ਸੀ ਪਰ ਸਕੂਨ ਨਹੀਂ ਸੀ।"[22] ਕਿਉਂਕਿ ਨਿੱਜੀ ਜਾਇਦਾਦ ਵਾਲੇ ਪ੍ਰਬੰਧ ਵਿਚ ਸਭ ਹੀ ਮਾਇਆ ਦੀਆਂ ਅਲਾਮਤਾਂ ਦੀ ਮਾਰ ਹੇਠ ਹਨ। ਬਾਕੀ ਸਭ ਸਮੱਸਿਆਵਾਂ ਅਜਿਹੇ ਆਧਾਰ ਉਤੇ ਤਰਦਾ ਰੂਪ ਹਨ। ਮਾਇਆ ਲਈ ਹਰੇਕ ਦੂਜੇ ਨੂੰ ਲੰਘਣ ਜਾਂ ਕੱਟਣ ਲਈ ਤਰਲੋ ਮੱਛੀ ਹੈ। ਮੋਹਨ ਲਾਲ ਅਤੇ ਵੈਦ ਜਦ ਮਾਇਆ ਵੱਲੋਂ ਮਾਲਾਮਾਲ ਹੋਏ ਆਮ ਤੋਂ ਖ਼ਾਸ ਹੋ ਜਾਂਦੇ ਹਨ, ਤਾਂ ਇੰਨ੍ਹਾਂ ਦਾ ਖ਼ੂਨ ਦਾ ਰਿਸ਼ਤਾ ਪੇਤਲਾ ਪੈਣ ਲੱਗਦਾ ਹੈ। ਦੋਵਾਂ ਭਰਾਵਾਂ ਦੀ ਅਗਲੀ ਪੀੜ੍ਹੀ ਜਾਇਦਾਦ ਜਾਂ ਪਲਾਟਾਂ ਦੀ ਵੰਡ ਵੰਡਾਈ ਤੋਂ ਆਪੋ ਵਿਚ ਉਲਝਦੀ ਹੈ। ਪੰਕਜ ਤੇ ਨੀਰਜ ਆਪਣੀ ਚਾਚੀ ਨੀਲਮ ਦੇ ਚਚੇਰੇ ਭਰਾ ਕਮਲ ਨੂੰ ਡਰਾਉਣ ਧਮਕਾਉਣ ਦੀ ਸਾਜਿਸ਼ ਘੜਦੇ ਹਨ। ਇਸ ਸਾਜਿਸ਼ ਦੇ ਸਿੱਟੇ ਵਜੋਂ ਵਾਪਰੀ ਘਟਨਾ ਵਿਚ ਨੀਲਮ ਸਿਰ ਦੀ ਸੱਟ ਲੱਗਣ ਕਾਰਣ ਆਪਣੀ ਸੁਧ-ਬੁਧ ਗਵਾ ਬੈਠਦੀ ਹੈ। ਵੈਦ ਦੀਆਂ ਲੱਤਾਂ ਤੋੜ ਦਿੱਤੀਆਂ ਜਾਂਦੀਆਂ ਹਨ। ਬਿਹਾਰੀ ਮੁਜਰਮਾਂ ਦਾ ਟੋਲਾ ਕਮਲ ਦਾ ਕਤਲ ਕਰ ਦੇਂਦਾ ਹੈ। ਨੇਹਾ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਅਜੇਹੀ ਘਟਨਾ ਨੇੜੇ ਤੇ ਰਿਸ਼ਤਿਆਂ ਅਤੇ ਸਮੁੱਚੇ ਸਮਾਜ ਦੇ ਅਜੋਕੇ ਯਥਾਰਥ ਤੇ ਡੂੰਘਾ ਵਿਅੰਗ ਬਣ ਜਾਂਦੀ ਹੈ। "ਬਲਾਤਕਾਰ ਕੇਵਲ ਨੇਹਾ ਦਾ ਨਹੀਂ ਸਾਰੀਆਂ ਕਦਰਾਂ ਨਾਲ" ਅਤੇ "ਕਤਲ ਕੇਵਲ ਕਮਲ ਦਾ ਨਹੀਂ ਸਾਰੇ ਮਨੁੱਖੀ ਰਿਸ਼ਤਿਆਂ"[23] ਦਾ ਹੋ ਰਿਹਾ ਜਾਪਦਾ ਹੈ। ਵੇਦ ਦੀਆਂ ਹੱਢੀਆਂ ਜਾਂ ਲੱਤਾਂ ਦਾ ਟੁੱਟਣਾ ਵੀ ਅਜੋਕੇ ਵਰਤਾਰੇ ਵਿਚ ਆਰਥਕ ਤੇ ਸਮਾਜਕ ਪੱਖੋਂ ਟੁੱਟ ਜਾਣ ਤੇ ਅਰਥ ਦੇਂਦੇ ਹੈ। ਗਹਿਣਿਆਂ ਦੇ ਹਾਰ ਸ਼ਿੰਗਾਰ ਦੀ ਸ਼ੌਕੀਨ ਤੇ ਆਪਣੀ ਸੁੰਦਰਤਾ ਪ੍ਰਤੀ ਚੇਤਨ ਰਹਿਣ ਵਾਲੀ ਵੈਦ ਦੀ ਪਤਨੀ ਨੀਲਮ ਇਕੋ ਸੱਟ ਨਾਲ ਸਦਾ ਲਈ ਹੋਸ਼-ਹਵਾਸ ਗਵਾ ਬੈਠਦੀ ਹੈ। ਨੀਲਮ ਦੀ ਸੁੱਧ ਬੁੱਧ ਗਵਾਚ ਜਾਣਾ ਅਜੋਕੇ ਪ੍ਰਬੰਧ ਦੀ ਮਾਰ ਹੇਠ ਹਰੇਕ ਦੀ ਸੋਚ ਜਾਂ ਚੇਤਨਾ ਦੇ ਖੁੱਸ ਜਾਣ ਦਾ ਪ੍ਰਤੀਕ ਹੈ। ਇਸ ਵਿਵਸਥਾ ਵਿਚ ਜਿਵੇਂ ਪੰਕਜ ਤੇ ਨੀਰਜ ਸੋਚਦੇ ਹਨ, ਉਵੇਂ ਵਾਪਰਦਾ ਨਹੀਂ ਹੈ। ਜੋ ਵਾਪਰਦਾ ਹੈ, ਉਹ ਉਨ੍ਹਾਂ ਲਹੀ ਵੀ ਮੁਸੀਬਤ ਬਣ ਜਾਂਦਾ ਹੈ। ਹਰ ਬੰਦਾ/ਪਾਤਰ ਸਥਿਤੀ ਦੇ ਵੇਗ ਸਾਹਵੇਂ ਨਿਗੂਣਾ ਜਾਪਦਾ ਹੈ। ਵਾਤਾਵਰਣ ਜਾਂ ਸਥਿਤੀ ਦੀ ਹਨੇਰੀ ਹਰੇਕ ਨੂੰ ਕੱਖਾਂ ਵਾਂਗ ਇਧਰ-ਉਧਰ ਉਡਾਈ ਫਿਰਦੀ ਹੈ। ਪੰਕਜ ਤੇ ਨੀਰਜ ਸਥਿਤੀ ਨੂੰ ਕਾਬੂ ਕਰਨ ਲਈ ਹਰ ਹੀਲਾ ਵਰਤਦੇ ਹਨ। ਪਰ ਫਿਰ ਵੀ ਉਹ ਸਥਿਤੀ ਵਿਚ ਫਸੇ ਵਿਖਾਈ ਦਿੰਦੇ ਹਨ। ਇਹ ਇਕ ਤਰ੍ਹਾਂ ਨਾਲ ਦੁਖਾਂਤ-ਮਾਨਵਵਾਦ ਦਾ ਸਿਧਾਂਤ ਹੈ। ਇਥੇ ਹਰ ਬੰਦਾ ਦੁੱਖ ਨਾਲ ਲੜਦਾ ਹੋਇਆ ਦੁਖੀ ਹੈ। ਇਸ ਸਮਾਜ ਵਿਚ ਹਰੇਕ ਦੀ ਸਥਿਤੀ ਜਾਂ ਸੁਰੱਖਿਅਤ ਬੇਯਕੀਨੀ ਹੈ। ਵੈਦ ਪਰਿਵਾਰ ਇਕੋ ਘਟਨਾ/ਦੁਰਘਟਨਾ ਨਾਲ ਹੀ ਅਰਸ਼ ਤੋਂ ਫਰਸ਼ 'ਤੇ ਆਣ ਡਿਗਦਾ ਹੈ। ਬਿਹਾਰੀ ਗੁੰਡਿਆਂ ਦੀ ਵਾਰਦਾਤ ਨਾਲ ਵੈਦ ਪਰਿਵਾਰ ਸਰੀਰਕ, ਸਮਾਜਕ, ਮਾਨਸਿਕ, ਦਿਮਾਗੀ ਤੇ ਆਰਥਿਕ ਤੌਰ 'ਤੇ ਚਕਨਾਚੂਰ ਹੋ ਜਾਂਦਾ ਹੈ। ਨੇਹਾ ਨੂੰ ਉਮਰ-ਭਰ ਲਈ ਆਪਣੇ ਨਾਲ ਹੋਏ ਜਬਰ-ਜਿਨਾਹ ਦੀ ਮਾਨਸਿਕ ਪੀੜਾ ਨਾਲ ਜੁਝਣਾ ਪੈਂਦਾ ਹੈ। ਮੁਲਜਮ ਧਿਰ ਇਲਾਜ ਤੇ ਮੁਕੱਦਮੇ ਵਿਚ ਉੱਜੜ ਜਾਂਦਾ ਹੈ। ਮੁਲਜ਼ਮ ਧਿਰ ਪ੍ਰਸ਼ਾਸਕੀ ਢਾਂਚੇ ਹੱਥੋਂ ਲੁੱਟੀ ਜਾ ਰਹੀ ਹੈ। ਇਥੇ ਹਰੇਕ ਦੀ ਸਿਰਫ਼ ਪੈਸੇ ਨਾਲ ਹੀ ਸਰਦਾਰੀ ਤੇ ਵਫ਼ਾਦਾਰੀ ਹੈ। ਮਾਇਆ ਨਗਰ ਵਿਚ "ਹੋਰ ਸਭ ਕੁਝ ਸੀ ਪਰ ਵਫ਼ਾਦਾਰੀ ਦਾ ਨਾਂ ਨਿਸ਼ਾਨ ਨਹੀਂ ਸੀ।"[24]

ਕੌਰਵ ਸਭਾ ਨਾਵਲ ਵਿੱਚ ਪੁਲਿਸ, ਕਚਹਿਰੀ, ਵਕੀਲ, ਦਲਾਲ, ਡਾਕਟਰ, ਵਿਧਾਇਕ ਸਭ ਹੱਕ, ਇਨਸਾਫ਼ ਲਈ ਖਤਰਾ ਬਣੇ ਨਜ਼ਰ ਆਉਂਦੇ ਹਨ। ਨਾਵਲ ਵਿਚ ਪ੍ਰਸ਼ਾਸਨ ਦੀਆਂ ਵੱਖ-ਵੱਖ ਨਰਦਾਂ ਅੰਤਰ-ਸੰਬੰਧਿਤ ਰੂਪ ਵਿਚ ਇਕ ਵੱਡੇ ਸਿਸਟਮ ਵਿਚ ਬੱਝੀਆਂ ਖਲਨਾਇਕਤਾ ਵਾਲਾ ਰੁਖ਼ ਅਖ਼ਤਿਆਰ ਕਰੀ ਬੈਠੀਆਂ ਹਨ। ਅਜਿਹੇ ਨਗਰ ਜਾਂ ਪ੍ਰਬੰਧ ਦਾ ਇਕੋ-ਇਕ ਧਰਮ ਤੇ ਫ਼ਰਜ਼ ਮਾਇਆ ਹੈ। ਕੌਰਵ-ਸਭਾ ਵਿਚ ਮਾਇਆ ਤੇ ਵਿਗਾੜਾਂ ਦਾ ਵਿਕਰਾਲ਼ ਰੂਪ ਪੇਸ਼ ਹੋਇਆ ਹੈ। ਬਿਹਾਰੀ ਗੁੰਡੇ ਫਿਰੌਤੀ ਲੈ ਕੇ ਵਾਰਦਾਤ ਕਰਦੇ ਹਨ। ਪੰਕਜ ਤੇ ਨੀਰਜ ਪਲਾਟਾਂ ਤੋਂ ਕਬਜ਼ਾ ਛੁਡਾਉਣ ਲਈ ਚਾਚੇ ਦੇ ਪਰਿਵਾਰ ਵਿਰੁੱਧ ਸਾਜ਼ਿਸ਼ ਘੜਦੇ ਹਨ। ਬਘੇਲ ਸਿੰਘ ਵਿਧਾਇਕ ਮਾਇਆ ਲੈ ਕੇ 'ਜਥੇਦਾਰ ਗਰੁੱਪ' ਦਾ ਸਾਥ ਛੱਡ ਕੇ ਮੁੱਖ-ਮੰਤਰੀ ਦਾ ਝੋਲੀ ਚੁੱਕ ਬਣ ਜਾਂਦਾ ਹੈ। ਵਕੀਲ ਤੇ ਦਲਾਲ ਮੋਟੀ ਰਕਮ ਮਿਲਣ ਦੀ ਆਸ ਤਹਿਤ ਪੰਕਜ ਭਰਾਵਾਂ ਦੇ ਘਰੀ ਗੇੜੇ ਕੱਢਦੇ ਹਨ। ਸਰਕਾਰੀ ਹਸਪਤਾਲ ਵਿਚ ਵੀ ਇਲਾਜ ਲਈ ਪਹਿਲਾਂ ਮਹਿੰਗਾ ਮੁੱਲ ਤਾਰਨਾ ਪੈਂਦਾ ਹੈ। ਵਧੇਰੇ ਸਰਕਾਰੀ ਵਕੀਲ ਤੇ ਜੱਜ ਪੈਸੇ ਖ਼ਾਤਰ ਮੁਜਰਮ ਧਿਰ ਦੀ ਸੁਰਖਿਆ ਛੱਤਰੀ ਬਣ ਨਜ਼ਰ ਆਉਂਦੇ ਹਨ। ਸਮੁੱਚੇ ਸਿਸਟਮ ਦੀਆਂ ਸਭ ਧਿਰਾਂ ਜੁਰਮ ਦੇ ਵਾਧੇ ਅਤੇ ਸਮਾਜ ਦੀ ਸ਼ਾਂਤੀ ਲਈ ਖ਼ਤਰਾਂ ਬਣੀਆਂ ਦਿਸਦੀਆਂ ਹਨ। ਅਜਬ ਵਿਅੰਗ ਹੈ ਕਿ ਨਿਆਂ ਲਈ ਅਜਿਹੀਆਂ ਧਿਰਾਂ ਕੋਲ ਜਾਣ ਬਿਨਾਂ ਕੋਈ ਚਾਰਾ ਨਹੀਂ ਹੈ। ਆਪਣੇ ਵਿੱਤ ਮੁਤਾਬਕ ਰਾਮ ਨਾਥ, ਵੈਦ, ਨੇਹਾ, ਸਾਧੂ ਸਿੰਘ ਜੱਜ, ਹਰੀਸ਼ ਰਾਏ ਵਕੀਲ ਤੇ ਸੇਵਾ ਸੋਸਾਇਟੀ ਵਗੈਰਾ ਇਨਸਾਫ਼ ਲਈ ਪੂਰੀ ਵਾਹ ਲਾਉਂਦੇ ਹਨ। ਦੂਜੇ ਪਾਸੇ ਪੰਕਜ-ਨੀਰਜ, ਬਾਬੂ ਜੀ (ਐਮ.ਪੀ), ਬਘੇਲ ਸਿੰਘ (ਵਿਧਾਇਕ) ਮੁੱਖ ਮੰਤਰੀ, ਪੁਲਿਸ ਕਪਤਾਨ, ਆਈ.ਜੀ., ਪ੍ਰਤਾਪ ਸਿੰਘ (ਰਜਿਸਟਰਾਰ-ਹਾਈ ਕੋਰਟ), ਭਗਤ ਰਾਜ ਜੱਜ, ਠੇਕੇਦਾਰ ਰਾਮ ਲੁਭਾਇਆ (ਬਿਹਾਰੀ), ਮੇਲੂ ਪਹਿਲਵਾਨ (ਡੇਅਰੀ ਵਾਲਾ), ਡਾਕਟਰੀ ਅਮਲਾ, ਨੰਦ ਲਾਲ ਤੇ ਸਿੰਗਲਾ ਵਕੀਲ ਵਗੈਰਾ ਸਭ ਮਾਇਆ/ਪੈਸਾ ਕੀਮਤਾਂ ਦੇ ਤਾਕਤਵਰ ਮੋਹਰਿਆਂ ਵਜੋਂ ਸੱਚ ਦਾ ਗਲ਼ਾ ਘੁੱਟਦੇ ਹਨ। ਅਜਿਹੀਆਂ ਧਿਰਾਂ ਸਾਹਮਣੇ ਨੇਹਾ ਤੇ ਰਾਮਨਾਥ ਦੀ ਇਨਸਾਫ਼ ਲਈ ਜਦੋ-ਜਹਿਦ ਮਹਿਜ ਇਕ ਚਾਹਤ ਹੀ ਬਣੀ ਰਹਿ ਜਾਂਦੀ ਹੈ। ਪਰ ਇਸ ਹਾਰ ਦੇ ਬਾਵਜੂਦ ਨਾਵਲ ਵਿੱਚੋਂ ਦੋਵਾਂ ਪਾਸਿਆਂ ਦੇ ਸੰਘਰਸ਼ ਦੇ ਨਿਰੰਤਰ ਜਾਰੀ ਰਹਿਣ ਦੀ ਸੰਭਾਵਨਾ ਨਜ਼ਰ ਆਉਂਦੀ ਹੈ। ਦੋਵਾਂ ਧਿਰਾਂ ਦੇ ਅਜੇਹੇ ਸਾਮਾਨਾਂਤਰ ਭੇੜ ਕਾਰਨ ਹੀ "ਇਸ ਨਾਵਲ ਦੀ ਵਿਧੀ ਦਵੰਦ"25 ਵਾਲੀ ਜਾਪਦੀ ਹੈ। ਅਜੇਹੀ ਪੇਸ਼ਕਾਰੀ ਲੇਖਕ ਦੀ ਉਸਾਰੂ ਤੇ ਸਿਰਜਨਾਤਮਕ ਰਚਨਾ-ਦ੍ਰਿਸ਼ਟੀ ਹੈ। ਇਸ ਨਾਵਲ ਦਾ ਵਿਸ਼ੇਸ਼ ਪਹਿਲੂ ਇਹ ਹੈ ਕਿ ਇਸ ਵਿਚ ਕਿਸੇ ਧਿਰ ਦੀ ਜਿੱਤ ਜਾਂ ਹਾਰ ਦਾ ਨਿਬੇੜਾ ਸੌਖਾ ਨਹੀਂ ਹੈ। ਜੱਜ ਸਾਧੂ ਸਿੰਘ, ਵਕੀਲ ਹਰੀਸ ਰਾਏ ਤੇ ਸੇਵਾ ਸੋਸਾਇਟੀ ਦੇ ਹਰਕਤ ਵਿਚ ਆਉਣ ਨਾਲ ਮੁਲਜਮ ਧਿਰ ਉਤੇ ਵੀ ਸਾੜਸਤੀ ਆਈ ਵਿਖਾਈ ਦੇਂਦੀ ਹੈ। ਸਾਧੂ ਸਿੰਘ ਜੱਜ 'ਦੁੱਧ ਦਾ ਦੁੱਧ' ਤ 'ਪਾਣੀ ਦਾ ਪਾਣੀ' ਨਿਤਾਰਨ ਲਈ ਪੂਰੀ ਵਾਹ ਲਾ ਦੇਂਦਾ ਹੈ। ਐਨ ਕੰਢੇ 'ਤੇ ਆ ਕੇ ਭਗਤ ਰਾਮ ਜੱਜ ਰਾਹੀਂ ਕੇਸ ਦਾ ਫੈਸਲਾ ਪੰਕਜ-ਨੀਰਜ ਦੇ ਹੱਕ ਵਿਚ ਹੋ ਜਾਂਦਾ ਹੈ। ਨਾਵਲ ਦੀ ਵਿਸ਼ੇਸ਼ਤਾ ਇਹ ਕਿ ਇਸ ਸਿਸਟਮ ਵਿਚ ਨਿਆਂ, ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰੀ ਭਾਵਨਾ ਦਾ ਭੇਖ ਆਮ ਆਦਮੀ ਲਈ ਮਨ-ਲਭਾਉਣਾ ਹੈ। ਇਸ ਵਿੱਚ ਆਮ ਆਦਮੀ ਹੱਕ, ਸੱਚ, ਇਨਸਾਫ਼ ਤੇ ਸੁਰਖਿਆ ਦੀ ਸਿਰਫ ਆਸ ਹੀ ਰੱਖ ਸਕਦਾ ਹੈ। ਪਰ ਇਸ ਦੀ ਸੰਭਾਵੀ ਪੂਰਤੀ ਸੰਭਵ ਨਹੀਂ ਜਾਪਦੀ ਹੈ। ਕਿਤੇ ਲੋਕ ਅੱਕ ਕੇ ਅਜੇਹੇ ਪ੍ਰਬੰਧ ਨੂੰ ਬਦਲਣ, ਰੱਦਣ ਜਾਂ ਫੂਕਣ ਹੀ ਨਾ ਤੁਰ ਪੈਣ,

ਇਸ ਕਰਕੇ ਹਕੂਮਾਂ ਜਾਂ ਹਾਕਮਾਂ ਵੱਲੋਂ ਲੋਕ ਰੋਹ ਨੂੰ ਠੱਲ ਪਾਉਣ ਲਈ ਕੁਝ ਪ੍ਰਸ਼ਾਸਕੀ ਸੰਸਥਾਵਾਂ ਦੇ ਰੂਪ ਵਿਚ ਸੁਰਖਿਆ ਤੇ ਨਿਆਂ ਦੇਣ ਦੇ ਪ੍ਰਪੰਚ ਰਚੇ ਵਿਖਾਈ ਦੇਂਦੇ ਹਨ। ਕੁਲ ਮਿਲਾ ਕੇ ਇਹ ਸੰਸਥਾਵਾਂ ਸਥਾਪਿਤ ਸਿਸਟਮ ਅਤੇ ਮਾਇਆਧਾਰੀਆਂ ਲਈ ਹੀ ਕਿਲਾ ਰੂਪ ਹਨ। ਕੌਰਵ ਸਭਾ ਨਾਵਲ ਵਿੱਚ ਮਾਇਆਧਾਰੀ ਸਮਾਜ ਦੀਆਂ ਵਿਰੋਧਤਾਵਾਂ, ਪੀੜਾ, ਸਮੱਸਿਆਵਾਂ ਦਾ ਜਮਾਤੀ ਤੇ ਅੰਤਰਾਂ-ਜਮਾਤੀ ਸੰਦਰਭ ਖੁਲ੍ਹਦਾ ਹੈ। ਇਸ ਵਿਚ ਹਰੇਕ ਬੇਚੈਨ, ਅਸੁਰਖਿਅਤ ਤੇ ਖ਼ੌਫ਼ਜ਼ਦਾ ਹੈ। ਸਾਡੇ ਲੋਕਤੰਤਰੀ ਪ੍ਰਬੰਧ ਦੀਆਂ ਅਜੋਕੀਆਂ ਸਭ ਸੰਸਥਾਵਾਂ ਤੇ ਧਿਰਾਂ ਕਿਵੇਂ ਮਾਨਵ-ਵਿਰੋਧੀ ਖ਼ਾਸਾ ਅਖ਼ਤਿਆਰ ਕਰੀ ਬੈਠੀਆਂ ਹਨ, ਕੌਰਵ ਸਭਾ ਇਸ ਪੇਸ਼ਕਾਰੀ ਦਾ ਉੱਤਮ ਕਲਾ-ਰੂਪ ਹੈ।

**ਤਫ਼ਤੀਸ਼** ਤੇ **ਕਟਹਿਰਾ** ਵਾਂਗ ਕੌਰਵ ਸਭਾ ਦੀ ਪੇਸ਼ਕਾਰੀ ਦਾ ਅਹਿਮ ਪੱਖ ਇਸ ਦੀ ਭਾਸ਼ਾ ਹੈ। ਮਿੱਤਰ ਸੈਨ ਮੀਤ ਦੀ ਨਾਵਲੀ ਭਾਸ਼ਾ ਵਿੱਚ ਮਸ਼ਕਰੀ, ਤਨਜ਼, ਵਿਅੰਗ ਦੇ ਕਈ ਬਹੁ-ਅਰਥਕ ਪਹਿਲੂ ਹਨ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਅਜੇਹੀ ਭਾਸ਼ਾ ਵਾਲਾ ਮੀਤ ਇਕੋ-ਇਕ ਨਾਵਲਕਾਰ ਹੈ। ਅਜੇਹੀ ਭਾਸ਼ਾ ਇਕ ਨਾਵਲੀ ਵਿਧੀ ਵਾਂਗ ਸਮੁੱਚੇ ਬਿਰਤਾਂਤ ਦੇ ਆਰ-ਪਾਰ ਫੈਲੀ ਹੋਈ ਹੋਈ ਹੈ। ਕੌਰਭ ਸਭਾ ਦਾ ਬਿਰਤਾਂਤ ਕਦੇ "ਪ੍ਰਸ਼ਨ ਸੂਚਕ, ਕਦੇ ਵਿਸਮਿਕ ਤੇ ਕਦੇ ਉਲਟ-ਅਰਥ ਵਾਲਾ"[26] ਬਹੁਪਖੀ ਤੇ ਬਹੁਅਰਥੀ ਬਣ ਜਾਂਦਾ ਹੈ। ਅਜੇਹੀ ਭਾਸ਼ਾ ਵਿਚ ਅਜੋਕੇ ਪ੍ਰਬੰਧ ਦੇ ਅੰਤਰ-ਵਿਰੋਧਾਂ ਨੂੰ ਪੇਸ਼ ਕਰਨ ਵਾਲਾ ਕੌਰਵ ਸਭਾ ਆਪਣੀ ਕਿਸਮ ਦਾ ਇਕੋ-ਇਕ ਨਾਵਲ ਹੈ।

### ਹਵਾਲੇ


1. **ਕੌਰਵ ਸਭਾ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003, ਪੰਨਾ 205
2. ਉਹੀ, ਪੰਨਾ 173
3. ਉਹੀ, ਪੰਨਾ 31
4. ਡਾ. ਟੀ.ਆਰ. ਵਿਨੋਦ, 'ਕੌਰਵ ਸਭਾ ਦੀ ਸਿਆਸਤ', **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਣ**, ਸੰਪਾ. ਸੁਖਦੇਵ ਸਿੰਘ ਖਾਹਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003, ਪੰਨਾ-38
5. ਕੌਰਵ ਸਭਾ, ਪੰਨਾ 15
6. ਉਹੀ, ਪੰਨਾ-15
7. ਡਾ. ਸੁਖਦੇਵ ਸਿੰਘ ਖਾਹਰਾ 'ਸੰਪਾਦਕੀ', ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ, ਪੰਨਾ 12
8. **ਕੌਰਵ ਸਭਾ**, ਪੰਨਾ 342
9. ਉਹੀ
10. ਉਹੀ
11. ਉਹੀ, ਪੰਨਾ-305
12. ਉਹੀ, ਪੰਨਾ 298
13. ਉਹੀ

14. ਡਾ. ਲਖਬੀਰ ਸਿੰਘ, "ਕੌਰਵ ਸਭਾ ਵਿਚ ਵਰਤਮਾਨ ਵਿਵਸਥਾ ਦਾ ਪ੍ਰਤਿਬਿੰਧ" **ਕੌਰਵ ਸਭਾ : ਆਲੋਚਨਾਤਮਿਕ ਵਿਸ਼ਲੇਸ਼ਣ**, ਪੰਨਾ 81
15. ਕੌਰਵ ਸਭਾ, ਪੰਨਾ–73
16. ਉਹੀ, ਪੰਨਾ 283
17. ਉਹੀ, ਪੰਨਾ–79
18. ਉਹੀ, ਪੰਨਾ–204
19. ਉਹੀ, ਪੰਨਾ–315
20. ਉਹੀ, ਪੰਨਾ–254
21. ਉਹੀ, ਪੰਨਾ–282
22. ਉਹੀ, ਪੰਨਾ–207
23. ਵਿਸਥਾਰ ਲਈ ਵੇਖੋ, ਡਾ. ਸਤਿੰਦਰ ਸਿੰਘ ਨੂਰ, 'ਅੰਤਮ ਨਿਆਂ ਦੀ ਤਲਾਸ਼ 'ਚ ਯਤਨਸ਼ੀਲ ਨਾਵਲ ਕੌਰਵ ਸਭਾ', **ਕੌਰਵ ਸਭਾ–ਆਲੋਚਨਾਮਕ ਵਿਸ਼ਲੇਸ਼ਣ**, ਪੰਨਾ–24
24. ਕੌਰਵ ਸਭਾ, ਪੰਨਾ–14
25. ਡਾ. ਕੇਸਰ ਸਿੰਘ ਕੇਸਰ, "ਪੈਸੇ ਦੀ ਸ਼ਕਤੀ ਦਾ ਪ੍ਰਵਚਨ", **ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ**, ਪੰਨਾ–18
26. ਡਾ. ਸੁਖਦੇਵ ਸਿੰਘ ਖਾਹਰਾ "ਸੰਪਾਦਕੀ", ਉਹੀ, ਪੰਨਾ–12-13

# 13
# 'ਕੌਰਵ ਸਭਾ' : ਥੀਮਕ ਅਧਿਐਨ

**ਸਰਬਜੀਤ ਕੌਰ**

ਪੰਜਾਬੀ ਸਾਹਿਤਕ ਜਗਤ ਵਿਚ ਨਾਵਲ ਹੀ ਇਕ ਅਜਿਹਾ ਕਥਾ ਰੂਪ ਹੈ ਜਿਸਨੂੰ ਮਹਾਂਕਾਵਿ ਨਾਲ ਸਮਾਨਤਾ ਦਿੱਤੀ ਜਾਂਦੀ ਹੈ। ਇਹ ਸਮਾਜ ਦੇ ਕਿਸੇ ਵੀ ਪੱਖ ਨੂੰ ਆਪਣੇ ਘੇਰੇ ਵਿਚ ਸਮਾ ਸਕਣ ਦੀ ਸਮਰੱਥਾ ਰੱਖਦਾ ਹੈ। ਹਰੇਕ ਯੁੱਗ ਦਾ ਸਾਹਿਤ ਆਪਣੇ ਸਮੇਂ ਦੀ ਸਾਂਸਕ੍ਰਿਤੀ, ਰਾਜਨੀਤੀ, ਧਰਮ, ਅਰਥ ਅਤੇ ਸਮਾਜਕ ਦਸ਼ਾ ਆਦਿ ਦਾ ਡੂੰਘਾ ਅਸਰ ਕਬੂਲਦਾ ਹੈ। ਜਿਸ ਕਰਕੇ ਸਮੇਂ ਦੇ ਕਰੂਰ ਸੱਚ ਦੀ ਸਾਹਿਤ ਵਿਚ ਬੜੀ ਅਹਿਮੀਅਤ ਹੈ। ਸ਼ਿੱਦਤ ਤੇ ਬਾਰੀਕਬੀਨੀ ਨਾਲ ਉਲੀਕਿਆ ਸੱਚ ਸਾਹਿਤਕਾਰ ਦੀ ਪ੍ਰਸਿੱਧੀ ਨੂੰ ਘੱਟਣ ਨਹੀਂ ਦਿੰਦਾ। ਅਜਿਹੇ ਤੱਥ-ਸੱਚ ਨੂੰ ਆਪਣੀਆਂ ਲਿਖਤਾਂ ਵਿਚ ਪੇਸ਼ ਕਰ ਰਿਹਾ ਨਾਵਲਕਾਰ ਮਿੱਤਰ ਸੈਨ ਮੀਤ ਆਪਣੀ ਹੋਂਦ ਦਾ ਦਾਅਵੇਦਾਰ ਹੈ। "ਬੋਦੀ ਵਾਲਾ ਤਾਰਾ"[1] ਕਹੇ ਜਾਂਦੇ ਇਸ ਨਾਵਲਕਾਰ ਨੇ ਪੰਜਾਬੀ ਨਾਵਲ ਜਗਤ ਨੂੰ ਪੰਜ ਨਾਵਲ : ਅੱਗ ਦੇ ਬੀਜ (*1971* ਈ.) ਕਾਫ਼ਲਾ (*1986* ਈ.), ਤਫ਼ਤੀਸ਼ (*1990* ਈ.), ਕਟਹਿਰਾ (*1993* ਈ.) ਅਤੇ ਕੌਰਵ ਸਭਾ (*2003* ਈ.) ਦਿੱਤੇ। ਭਾਵੇਂ ਇਹ ਬੋਦੀ ਵਾਲਾ ਤਾਰਾ ਅਸਮਾਨ ਵਿਚ ਕਦੇ-ਕਦੇ ਹੀ ਦਿੱਸਦਾ ਹੈ ਪਰ ਇਸ ਦੀ ਚਮਕ ਨੇ ਹਰੇਕ ਪਾਠਕ ਨੂੰ ਪ੍ਰਭਾਵਿਤ ਕੀਤਾ ਹੈ। ਤਫ਼ਤੀਸ਼ ਤੇ ਕਟਹਿਰਾ ਨਾਵਲਾਂ ਵਿਚ ਨਾਵਲਕਾਰ ਕਾਨੂੰਨ ਅਤੇ ਪੁਲਿਸ ਪ੍ਰਬੰਧ ਬਾਰੇ ਜ਼ਿਕਰ ਕਰ ਚੁੱਕਾ ਸੀ। ਪਰੰਤੂ ਜਿਸ ਕਿੱਤੇ ਵਿਸ਼ੇਸ਼ ਦੇ ਪ੍ਰਮਾਣਿਕ ਅਨੁਭਵਾਂ ਨੂੰ ਕੌਰਵ ਸਭਾ ਵਿਚ ਪਾਠਕਾਂ ਦੇ ਸਨਮੁਖ ਕੀਤਾ ਹੈ ਉਹ ਆਪਣੀ ਨਿਵੇਕਲੀ ਪਛਾਣ ਤੇ ਮੌਲਿਕ ਹੁਨਰ ਦਾ ਪ੍ਰਤੀਕ ਹੈ।

ਆਪਣੇ ਮਜ਼ਮੂਨ ਦੇ ਵਿਸ਼ੇ ਵੱਲ ਪਰਤਦਿਆਂ ਮਿੱਤਰ ਸੈਨ ਮੀਤ ਦਾ ਨਾਵਲ ਕੌਰਵ ਸਭਾ ਦੀ ਨਿਵੇਕਲੀ ਥੀਮਗਤ ਕਲਾਤਮਕ ਪਕੜ ਦੇ ਵਿਭਿੰਨ ਪਹਿਲੂਆਂ ਨੂੰ ਖੋਲਣ ਦਾ ਯਤਨ ਕਰਾਂਗੇ। ਇਸ ਨਾਵਲ ਦੀ ਬੁਣਤਰ ਦੇ ਵੱਖ-ਵੱਖ ਪਾਸਾਰ ਆਪਣੀ ਵੱਖਰੀ-ਵੱਖਰੀ ਹੋਂਦ ਰੱਖਣ ਦੇ ਬਾਵਜੂਦ ਇਕ ਬਿੰਦੂ ਉਪਰ ਆ ਕੇ ਜੁੜ ਜਾਂਦੇ ਹਨ ਤੇ ਪਾਠਕ ਨੂੰ ਸੁਚੇਤ ਕਰਦੇ ਹਨ। ਇਹ ਸੁਚੇਤਨਾ ਜਿੰਨ੍ਹੀ ਵਿਅਕਤੀਗਤ ਹੈ ਉਸ ਤੋਂ ਕਿਤੇ ਜ਼ਿਆਦਾ ਸਮੂਹਿਕ ਹੈ। ਜੁਰਮ ਤੇ ਹਿੰਸਾ ਦਾ ਰੋਲ, ਪੁਲਿਸ ਵਿਭਾਗ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ, ਰਾਜਨੀਤੀ ਦਾ ਕੁੱਠਾ ਰੋਲ, ਵਰਤਮਾਨ ਸਮੇਂ ਵਿਚ ਮੀਡੀਏ ਦੀ ਭੂਮਿਕਾ, ਕਾਲੇ ਧਨ ਦੀ ਖਪਾਈ, ਰਿਸ਼ਤਿਆਂ ਦੀ ਜ਼ਖ਼ਮੀ ਹੋਂਦ, ਧਾਰਮਿਕ ਸੰਸਥਾਵਾਂ ਦੀ ਅਸਲੀਅਤ ਅਤੇ ਸਵੈ ਸੇਵੀ ਜਥੇਬੰਦੀਆਂ ਦੀ ਭੂਮਿਕਾ ਆਦਿ ਇਸ ਨਾਵਲ ਦੇ ਸਿਰਜਣਾਤਮਕ ਧਰਾਤਲ ਵਿਚ ਅਹਿਮ ਯੋਗਦਾਨ ਪਾਉਂਦੇ ਹਨ। ਸਮਾਜ ਵਿਚ ਇਹ ਸਾਰਾ ਖਲਾਰਾ ਪੂੰਜੀ ਦੀ ਖਿੱਚ ਤੇ ਸਰਦਾਰੀ ਹਾਸਿਲੀ ਲਈ ਪਸਰਿਆ ਪਿਆ ਹੈ।

ਆਰੰਭ ਤੋਂ ਲੈ ਕੇ ਹੁਣ ਤਕ ਸਮਾਜ ਕਈ ਪੜਾਅ ਤੈਅ ਕਰਦਾ ਆਇਆ ਹੈ। ਇਨ੍ਹਾਂ ਸਾਰੇ ਪੜਾਵਾਂ ਵਿਚ ਜਨ-ਸਧਾਰਨ ਲਈ ਕੋਈ ਰਿਹਾਈ ਨਹੀਂ ਰਹੀ। ਉਹ ਕਿਤੇ ਨਾ ਕਿਤੇ ਜਕੜੀ ਮਹਿਸੂਸ ਕਰਦੀ ਰਹੀ ਹੈ। ਦੋ ਧਿਰਾਂ ਵਿਚ ਵੰਡਿਆ ਸਮਾਜ ਹਮੇਸ਼ਾ ਜਨ-ਅਸਧਾਰਨ (ਅਮੀਰ ਤਬਕਾ) ਵੱਲ ਦੀ ਗੱਲ ਕਰਦਾ ਆ ਰਿਹਾ ਹੈ। ਜੇ ਇੰਜ ਕਹਿ ਲਿਆ ਜਾਵੇ ਕਿ ਇਹ ਉਪਰਲਾ ਤਬਕਾ ਹੀ ਸਮਾਜਕ ਵਿਵਸਥਾ ਦੀ ਤੋਰ/ਪ੍ਰਬੰਧ ਨੂੰ ਨਿਸ਼ਚਿਤ ਕਰਦਾ ਹੈ ਤਾਂ ਕੋਈ ਅਤਿਕਥਨੀ ਨਹੀਂ

ਹੋਵੇਗੀ। ਉਪਰਲਾ ਤਬਕਾ ਹਮੇਸ਼ਾ ਆਪਣੀ ਸ਼ਕਤੀ ਅਤੇ ਸੱਤਾ ਕਰਕੇ ਸਿਹਤ, ਸੁਰੱਖਿਆ, ਨਿਆਂ, ਰਾਜਨੀਤੀ, ਧਰਮ, ਅਰਥ ਪ੍ਰਬੰਧ ਨੂੰ ਆਪਣੇ ਹੱਕ ਵਿਚ ਭੁਗਤਾਉਂਦਾ ਆ ਰਿਹਾ ਹੈ। ਇਸ ਸਾਰੇ ਦਾ ਮਾਨਚਿਤਰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਕੌਰਵ ਸਭਾ ਵਿਚ ਖਿੱਚਿਆ ਹੈ। ਡਾ. ਟੀ.ਆਰ. ਵਿਨੋਦ ਇਸ ਨਾਵਲ ਦੇ ਅਖ਼ੀਰੀ ਪੰਨਿਆਂ 'ਹੁੰਘਾਰਾ' ਦੇ ਅੰਤਰਗਤ ਲਿਖਦੇ ਹਨ ਕਿ ਇਹ, ਨਾਵਲ ਸਦੀਆਂ ਪੁਰਾਣੀ ਸੰਪੰਨ ਵਰਗਾਂ ਦੀ ਸਟੇਟ ਦਾ ਹੀ ਆਧੁਨਿਕ ਸੰਸਕਰਣ ਹੈ, ਜਿਸ ਵਿਚ ਸਰਮਾਏਦਾਰੀ ਵਿਵਸਥਾ ਦੀ ਨਾਮ-ਨਿਹਾਦ ਨਿਰਪੱਖ ਸਟੇਟ ਦੇ ਕਿਰਦਾਰ ਅਤੇ ਵਿਹਾਰ ਦੀ ਗਲਪੀ ਤਨਕੀਦ ਪੇਸ਼ ਕਰਦੀ ਹੈ..."[2] ਨਾਵਲ ਵਿਚ ਸਮੂਹਿਕ ਰੂਪ ਵਿਚ ਦੋ ਧਿਰਾਂ ਵਿਚਰ ਰਹੀਆਂ ਹਨ। ਇਕ ਪਾਸੇ ਪੰਕਜ, ਨੀਰਜ, ਉਸਦੇ ਰਿਸ਼ਤੇਦਾਰ, ਦੋਸਤ, ਵਕੀਲ, ਜੱਜ, ਐਮ.ਪੀ., ਮੁੱਖ ਮੰਤਰੀ, ਪੁਲਿਸ ਆਦਿ ਅਤੇ ਦੂਜੇ ਪਾਸੇ ਨੇਹਾ, ਉਸਦਾ ਪਰਿਵਾਰ, ਰਾਮਨਾਥ, ਕਲਿਆਣਕਾਰੀ ਸੰਸਥਾਵਾਂ ਆਦਿ ਹਨ। ਪੂੰਜੀ ਦੀ ਸਰਦਾਰੀ ਵਾਲੀ ਧਿਰ ਦੇ ਹੱਥਾਂ ਵਿਚ ਸਮਾਜਕ ਪ੍ਰਬੰਧ ਖੇਡ ਰਿਹਾ ਹੈ। ਇਸ ਖੇਡ ਨੂੰ ਉਹ ਆਪਣੇ ਹੱਥ ਵਿਚ ਭੁਗਤਾਉਂਦੇ ਹਨ ਤੇ ਦੂਜੀ ਧਿਰ ਇਸ ਖੇਡ ਨੂੰ ਮੂਕ ਦਰਸ਼ਕ ਬਣਕੇ ਵੇਖਣ ਤੋਂ ਇਲਾਵਾ ਕੁਝ ਨਹੀਂ ਕਰ ਸਕਦੀ। ਇਸਦਾ ਕੀ ਕਾਰਨ ਹੋ ਸਕਦਾ ਹੈ? ਜਿਉਂ-ਜਿਉਂ ਥੀਮਕ ਪਾਸਾਰ ਖੁੱਲ੍ਹਣਗੇ ਇਸ ਹਕੀਕਤ ਦੇ ਗਵਾਹ ਬੋਲਣਗੇ।

ਜ਼ੁਲਮ ਤੇ ਹਿੰਸਾ, ਟੁੱਟਦੀ ਰਿਸ਼ਤਾ-ਨਾਤਾ ਪ੍ਰਣਾਲੀ ਦਾ ਜਿਹੜਾ ਚਿਤਰ ਪੇਸ਼ ਕੀਤਾ ਗਿਆ। ਉਸਦਾ ਕਿੱਸਾ ਜਾਇਦਾਦ ਦੀ ਵੰਡ ਤੋਂ ਸ਼ੁਰੂ ਹੁੰਦਾ ਹੈ। ਇਹ ਵੰਡ ਇਸ ਦੁਖਾਂਤ ਦੇ ਉਪਜ ਦਾ ਸੋਮਾ ਹੈ। ਮੋਹਨ ਲਾਲ ਦੀ ਮੌਤ ਤੋਂ ਬਾਅਦ ਜਾਇਦਾਦ ਦੀਆਂ ਵੰਡੀਆਂ ਪੈਂਦੀਆਂ ਹਨ ਕਿਉਂਕਿ ਮੋਹਨ ਲਾਲ ਵਾਲੀ ਸਾਂਝ ਉਸਦੇ ਪੁੱਤਰ ਆਪਣੇ ਚਾਚੇ ਨਾਲ ਨਹੀਂ ਨਿਭਾ ਸਕਦੇ। ਰਿਸ਼ਤਿਆਂ ਦੀਆਂ, ਮੋਹ ਪਿਆਰ ਦੀਆਂ ਟੁੱਟਦੀਆਂ ਤੰਦਾਂ ਵਿਚੋਂ ਹੀ ਜ਼ੁਲਮ ਤੇ ਹਿੰਸਾ ਸਿਰ ਚੁੱਕਦੇ ਹਨ, ਸਾਂਝੇਦਾਰੀ ਨਾਤੇਦਾਰੀ ਟੁੱਟਦੀ ਹੈ। ਕਾਰਨ ਪੈਸਾ ਹੈ। ਇਸੇ ਲਈ ਰਿਸ਼ਤੇ ਬਣਦੇ ਤੇ ਟੁੱਟਦੇ ਆਏ ਹਨ। ਇਸੇ ਕਾਰਨ ਸਮਾਜਕ ਵਿਵਸਥਾ ਹਰ ਯੁੱਗ ਵਿਚ ਤਬਦੀਲ ਹੁੰਦੀ ਰਹੀ ਹੈ। ਮਨੁੱਖ ਜ਼ੁਲਮ ਕਿਉਂ ਕਰਦਾ ਹੈ ਤੇ ਕਿਉਂ ਕਰਵਾਉਂਦਾ ਹੈ? ਪੈਸੇ ਦੀ ਪ੍ਰਾਪਤੀ ਲਈ। ਇਸੇ ਲਈ ਉਹ ਹਿੰਸਕ ਕਾਰਵਾਈਆਂ ਕਰਦਾ ਹੈ ਤੇ ਕਰਵਾਉਂਦਾ ਹੈ। ਪੰਕਜ ਤੇ ਨੀਰਜ ਤੇ ਦੂਜੇ ਪਾਸੇ ਪੰਜ ਭਈਏ ਇਸੇ ਉਦੇਸ਼ ਨੂੰ ਮਿੱਥ ਕੇ ਚਲਦੇ ਹਨ। ਡਕੈਤੀਆਂ, ਮਾਰ-ਕੁੱਟ, ਕਤਲ ਤੇ ਬਲਾਤਕਾਰਾਂ ਵਰਗੇ ਜੁਰਮ ਭਈਆਂ ਲਈ ਕੋਈ ਔਖੀ ਗੱਲ ਨਹੀਂ। ਨੇਹਾ ਦੇ ਪਰਿਵਾਰ ਨਾਲ ਵਾਪਰੀ ਇਹ ਦਰਦਨਾਕ ਘਟਨਾ ਇਸ ਨਾਵਲ ਦੀ ਕੇਂਦਰੀ ਧੁਰੀ ਹੈ ਜਿਸ ਦੁਆਲੇ ਸਾਰੇ ਨਾਵਲ ਦੀ ਉਸਾਰੀ ਹੁੰਦੀ ਹੈ। ਇਸ ਪਿੱਛੋ ਪੁਲਿਸ ਦੀ ਕਾਰਵਾਈ ਸ਼ੁਰੂ ਹੁੰਦੀ ਹੈ ਤਫ਼ਤੀਸ਼, ਮੁਕੱਦਮਾ, ਥਾਣੇ, ਹਸਪਤਾਲ, ਕਚਹਿਰੀਆਂ ਦੇ ਭ੍ਰਿਸ਼ਟ ਪ੍ਰਬੰਧ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਥੋਂ ਤਕ ਜੁਰਮ ਦੀ ਨਾਵਲਕਾਰ ਨੇ ਗੱਲ ਕੀਤੀ ਹੈ ਇਸਨੂੰ ਭਈਆਂ ਨਾਲ ਜੋੜਿਆ ਹੈ। ਜਿਥੇ ਪੰਜਾਬ ਵਿਚ ਭਈਆਂ ਦੀ ਗਿਣਤੀ ਵਿਚ ਵਾਧਾ ਹੋਇਆ ਉਥੇ ਜੁਰਮ ਵੀ ਵੱਧ ਗਏ ਹਨ। ਇਥੋਂ ਤੱਕ ਕਿ ਸਥਾਨਕ ਰਾਜਨੀਤੀ ਵਿਚ ਭਈਆਂ ਦੀ ਅਹਿਮ ਭੂਮਿਕਾ ਦਿਖਾਈ ਗਈ ਹੈ। ਇਹ ਮਹਾਂਨਗਰਾਂ ਵਿਚ ਹੀ ਨਹੀਂ ਪੰਜਾਬ ਵਿਚ ਵੀ 'ਗੁੰਡਾ ਮਾਹੌਲ' ਫੈਲਾਉਣ ਵਿਚ ਕਾਮਯਾਬ ਹੋਏ ਹਨ। ਇਸ ਨਾਲ ਪੰਜਾਬ ਦੇ ਆਪਣੇ ਭਾਈਚਾਰੇ ਨੂੰ ਸੱਟ ਤਾਂ ਵੱਜੀ ਹੈ 'ਭਈਆ ਸਭਿਆਚਾਰ' ਵੀ ਪਲਰ-ਪਸਰ ਰਿਹਾ ਹੈ। ਅੱਜ ਪੰਜਾਬੀ ਭਾਈਚਾਰਾ ਆਪਣਾ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਭਈਆਂ ਦੀ ਸੇਵਾ ਲੈਂਦਾ ਹੈ। ਇਕ ਦੂਜੇ ਤੋਂ ਅੱਗੇ ਲੰਘਣ ਤੇ ਨੀਚਾ ਵਿਖਾਉਣ

ਦੀ ਪ੍ਰਵਿਰਤੀ ਇਕ ਤਾਂ ਪੂੰਜੀਵਾਦੀ ਸ਼ਹਿਰੀਕਰਨ ਦਾ ਪ੍ਰਭਾਵ ਹੈ ਤੇ ਦੂਜਾ ਮਨੁੱਖ ਦਾ ਵਿਅਕਤੀਵਾਦੀ ਹੋ ਜਾਣਾ। ਇਸ ਕਰਕੇ ਉਹ ਆਪਣੀ ਧੀ-ਭੈਣ ਦੀ ਇੱਜਤ ਨੂੰ ਆਪਣੀ ਇੱਜ਼ਤ ਤੋਂ ਦੂਰ ਰੱਖਕੇ ਵੇਖਦਾ ਹੈ। ਇਥੋਂ ਤਕ ਕਿ ਡਾਕਟਰ ਤੇ ਮਰੀਜ ਦਾ ਰਿਸ਼ਤਾ, ਪੁਲਿਸ ਤੇ ਮੁਜ਼ਰਿਮ ਦਾ ਰਿਸ਼ਤਾ, ਜੱਜ ਤੇ ਵਕੀਲ ਦਾ ਰਿਸ਼ਤਾ, ਵਕੀਲ ਤੇ ਕਲਾਇੰਟ ਦਾ ਰਿਸ਼ਤਾ, ਪੁਲਿਸ ਤੇ ਬੇਗੁਨਾਹਾਂ ਦੇ ਰਿਸ਼ਤੇ 'ਵਿਰੋਧੀ ਗੁੱਟਾਂ' ਵਿੱਚ ਵੰਡੇ ਪ੍ਰਤੀਤ ਹੁੰਦੇ ਹਨ। ਸਭ ਮਾਇਆ ਨਗਰ ਦੀ ਮਾਇਆ ਵਿਚ ਖ਼ਪਤ ਹੋ ਗਏ ਤੇ ਕੁਝ ਖ਼ਪਤ ਹੋ ਰਹੇ ਹਨ।

ਪੰਕਜ ਤੇ ਨੀਰਜ ਨੇ ਭਈਆਂ ਦੇ ਇਕ ਠੇਕੇਦਾਰ ਰਾਮ ਲੁਭਾਇਆ ਨਾਲ ਰਲ ਕੇ ਵੇਦ ਪਰਿਵਾਰ ਨੂੰ ਡਰਾਉਣ ਧਮਕਾਉਣ ਤੇ ਬਦਲਾ ਲੈਣ ਲਈ ਸਾਰਾ ਪ੍ਰਪੰਚ ਰਚਿਆ। ਕਾਰਨ ਸਿਰਫ਼ ਮਾਇਆ ਨਗਰ ਦੀ ਇਕ ਕਲੋਨੀ ਵਿਚਲੇ ਪਲਾਟ ਦੇਣ ਤੋਂ ਵੇਦ ਦਾ ਇਨਕਾਰ ਕਰਨਾ ਸੀ। ਵੇਦ ਤੇ ਉਸਦੀ ਪਤਨੀ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਗਿਆ, ਕਮਲ ਦਾ ਕਤਲ ਕੀਤਾ ਤੇ ਨੇਹਾ ਦਾ ਬਲਾਤਕਾਰ। ਵਾਰਦਾਤ ਹੋਣ ਤੋਂ ਬਾਅਦ ਪੁਲਿਸ ਵਿਭਾਗ ਦੀ ਜਿਹੜੀ ਕਾਰਵਾਈ ਸਾਹਮਣੇ ਆਉਂਦੀ ਹੈ ਉਹ ਨਿਰਾਸ਼ਾਜਨਕ ਹੈ। ਪੁਲਿਸ ਸੂਚਨਾ ਮਿਲਣ ਤੋਂ ਦੋ ਘੰਟੇ ਬਾਅਦ ਵੇਦ ਦੀ ਕੋਠੀ ਪਹੁੰਚਦੀ ਹੈ। ਚੌਵੀ ਘੰਟੇ ਤਾਇਨਾਤ ਰਹਿਣ ਵਾਲੀ ਪੁਲਿਸ ਦਾ ਥਾਣੇ ਵਿਚੋਂ ਗਾਇਬ ਰਹਿਣਾ ਮਾੜੇ ਪ੍ਰਬੰਧ ਦਾ ਪ੍ਰਤੀਕ ਹੈ ਲੋਕ ਪੁਲਿਸ ਨੂੰ ਕਾਰਵਾਈ ਕਰਨ ਲਈ ਲੱਭ ਰਹੇ ਹਨ ਅਤੇ ਪੁਲਿਸ ਅਫ਼ਸਰ ਘਰਾਂ ਵਿਚ ਸੁੱਤੇ ਪਏ ਹਨ। ਇਹ ਵਿਭਾਗ ਮੁਜ਼ਰਿਮਾਂ ਨੂੰ ਭੱਜਣ ਦਾ ਖੁਦ ਮੌਕਾ ਦਿੰਦਾ ਹੈ। ਪੁਲਿਸ ਜਿਵੇਂ ਇਸ ਕੇਸ ਦੀ ਤਫ਼ਤੀਸ਼ ਕਰਦੀ, ਮੁਲਜ਼ਮਾਂ ਨੂੰ ਫੜ੍ਹਦੀ ਇਸ ਤੋਂ ਇਹ ਪ੍ਰਤੱਖ ਹੈ ਕਿ ਇਹ ਵਿਭਾਗ ਸਹੀ ਤਫ਼ਤੀਸ਼ ਕਰ ਸਕਦਾ ਹੈ, ਪਰ ਪੈਸੇ ਦੀ ਚਮਕ ਇਨ੍ਹਾਂ ਨੂੰ ਆਪਣੇ ਅਸਲ ਮਕਸਦ ਤੋਂ ਭਟਕਾ ਦਿੰਦੀ ਹੈ। ਪੈਸੇ ਖ਼ਾਤਰ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਹਨ, ਦੂਜੇ 'ਤੇ ਵਧੀਕੀਆਂ ਕਰਦੇ ਹਨ, ਗ਼ਲਤ ਰਿਪੋਟਾਂ ਤਿਆਰ ਕਰਦੇ, ਫਾਇਲਾਂ ਬਦਲਦੇ ਹਨ। ਐਸ.ਐਸ.ਪੀ., ਪੰਕਜ ਦੀ ਗ੍ਰਿਫ਼ਤਾਰੀ ਰੋਕਣ ਲਈ ਮੋਟੀ ਰਕਮ ਲੈਂਦਾ ਹੈ, ਆਈ.ਜੀ. ਵੀ ਇਨ੍ਹਾਂ ਨੂੰ ਇਨਕੁਆਰੀ ਵਿਚੋਂ ਕੱਢਣ ਲਈ ਰਿਸ਼ਵਤ ਬਟੋਰਦਾ ਹੈ। ਇਸ ਤਰ੍ਹਾਂ ਮੁਨਸ਼ੀ ਤੋਂ ਲੈ ਕੇ ਮੁੱਖ ਅਫ਼ਸਰ ਤਕ ਦਾ ਸਾਰੇ ਦਾ ਸਾਰਾ ਅਮਲਾ ਰਿਸ਼ਵਤਖੋਰੀ ਹੇਠ ਦੱਬਿਆ ਪਿਆ ਹੈ। ਸੋ ਆਮ ਜਨਤਾ ਫਰਿਆਦ ਕਰੇ ਤਾਂ ਕਿਸ ਕੋਲ? ਅਗਰ ਪੁਲਿਸ ਮੁਦਈ ਧਿਰ ਦਾ ਸਾਥ ਦੇਵੇ ਤਾਂ ਨਿਆਂ ਦੀ ਆਸ ਬੱਝ ਸਕਦੀ ਹੈ ਜ਼ੁਲਮ ਸਿਤਮ ਨੂੰ ਨੱਥ ਪੈ ਸਕਦੀ ਹੈ।

ਸਿਹਤ ਸੇਵਾਵਾਂ ਦੇ ਨਾਂ ਹੇਠ ਚਲ ਰਹੇ ਸਰਕਾਰੀ ਤੇ ਗ਼ੈਰ ਸਰਕਾਰੀ ਹਸਪਤਾਲਾਂ ਦੀ ਘਿਨੌਣਾ ਦ੍ਰਿਸ਼ ਡਾਕਟਰਾਂ ਲਈ ਨਫ਼ਰਤ ਪੈਦਾ ਕਰਦਾ ਹੈ। ਮਰੀਜ਼ਾਂ ਦੀ ਦੇਖ-ਭਾਲ ਵੱਲ ਧਿਆਨ ਦੇਣ ਦੀ ਬਜਾਏ ਇਹ ਲੋਕ ਕਾਨੂੰਨ ਦੀਆਂ ਬੁਣਤਰਾਂ ਵੱਲ ਵਧੇਰੇ ਧਿਆਨ ਦਿੰਦੇ ਹਨ। ਹਸਪਤਾਲ ਵਿਚ ਵੇਦ ਪਰਿਵਾਰ ਨੂੰ ਆਇਆਂ ਪੰਜ-ਛੇ ਘੰਟੇ ਹੋ ਗਏ ਹਨ ਪਰ ਅਜੇ ਤਕ ਡਾਟਕਰ ਉਨ੍ਹਾਂ ਦੀ ਸੇਵਾ ਵਿਚ ਨਹੀਂ ਪੁੱਜੇ। ਲੇਡੀ ਡਾਕਟਰ ਨੂੰ ਜਿਥੇ ਨੇਹਾ ਵਰਗੇ ਮਰੀਜ ਦੀ ਹਰ ਤਰ੍ਹਾਂ ਨਾਲ ਮਦਦ ਕਰਨੀ ਚਾਹੀਦੀ ਹੈ ਉਥੇ ਉਦਾ ਵਿਵਹਾਰ ਨਿੰਦਾਮਈ ਹੈ। ਇਹ ਡਾਕਟਰ ਹਰ ਢੰਗ ਵਰਤ ਕੇ ਆਪਣੇ ਅਹੁਦੇ ਦਾ ਫਾਇਦਾ ਉੱਠਾ ਰਹੇ ਹਨ। ਨੇਹਾ ਜਨਾਨਾ ਵਾਰਡ ਵਿਚ ਪਈ ਤੜਫ ਰਹੀ ਹੈ ਪਰ ਉਸਦੀ ਕੋਈ ਪੁੱਛ ਨਹੀਂ, ਨੀਲਮ ਤੇ ਵੇਦ ਦੀ ਤਰਸਯੋਗ ਹਾਲਤ ਇਹ ਦੱਸ ਰਹੀ ਹੈ ਕਿ ਡਾਕਟਰਾਂ ਵਿਚ ਇਨਸਾਨੀਅਤ ਨਾਂ ਦੀ ਕੋਈ ਚੀਜ਼ ਨਹੀਂ। ਰੱਬ ਵਾਗੂੰ ਪੂਜੇ ਜਾਂਦੇ ਡਾਕਟਰਾਂ ਨੂੰ ਜੇਕਰ ਅੱਜ

ਹੈਵਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹਸਪਤਾਲ ਦੇ ਪ੍ਰਬੰਧ ਬਾਰੇ ਇਨ੍ਹਾਂ ਟਿੱਪਣੀਆਂ ਤੋਂ ਪਤਾ ਲੱਗਦਾ ਹੈ :

ੳ. ਕਿਸੇ ਨੇ ਕੁਝ ਨਹੀਂ ਕੀਤਾ। ਇਕ ਜਮਾਦਾਰ ਜਿਹਾ ਆਇਆ ਸੀ। ਵਾਲ ਕੱਟ ਕੇ ਖ਼ੂਨ ਪੂੰਝ ਕੇ ਪੱਟੀ ਕਰ ਗਿਆ। ਕਹਿੰਦਾ ਪਹਿਲਾਂ ਡਾਟਕਰ ਸੱਟਾਂ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫਿਰ ਇਲਾਜ ਸ਼ੁਰੂ ਹੋਊ। ਭਾਈ ਕੁਝ ਕਰੋ। ਇਥੇ ਇਹ ਮਰਜੂ ਵਿਚਾਰੀ।[3]

ਅ. ਅੰਕਲ ਮੈ ਨਰਸ ਨੂੰ ਪੁਛਿਆ ਸੀ ਕਿ ਡਾਕਟਰ ਕਿਉਂ ਨਹੀਂ ਆਉਂਦੀ। ਉਹ ਕਹਿੰਦੀ ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸਨੂੰ ਕਿਸੇ ਦਾ ਡਰ ਨਹੀਂ ਜਦੋਂ ਦਿਲ ਕੀਤਾ ਆਏ। ਪਲੀਜ ਕੁਝ ਕਰੋ ਮੇਰੀ ਸਹੇਲੀ ਮਰ ਜਾਏਗੀ।[4]

ਸਾਇਕਲ ਸਟੈਂਡ ਦਾ ਠੇਕੇਦਾਰ ਨੂੰ ਪਹਿਲਾਂ ਬੁਲਾਉਣ ਲਈ ਫੀਸ ਦੀ ਭਾਲ ਵਿਚ ਹੈ। ਉਹ ਨਹੀਂ ਜਾਣਦਾ ਮਰੀਜ ਲਈ ਕੁਝ ਮਿੰਟਾਂ ਦੀ ਦੇਰੀ ਸਾਰੀ ਉਮਰ ਦੀ ਦੇਰ ਹੋ ਸਕਦੀ ਹੈ। ਕਾਨੂੰਨ ਦੇ ਨਾਂ 'ਤੇ ਮਰੀਜ ਨੂੰ ਡਾਕਟਰੀ ਸਹਾਇਤਾ ਤੋਂ ਵਾਂਝੇ ਰੱਖਣਾ ਕਾਨੂੰਨ ਦੇ ਅਸਲ ਮਕਸਦ ਦਾ ਮਜ਼ਾਕ ਹੈ। ਇਸ ਬਾਰੇ ਨਾਵਲ ਦੇ ਪਾਤਰ ਜਾਣਦੇ ਹਨ, ਸੁਚੇਤ ਹਨ, ਫਿਰ ਵੀ ਕੁਝ ਕਰਨ ਦੇ ਸਮਰੱਥ ਨਹੀਂ। ਆਖ਼ਿਰ ਕਿਉਂ? ਕਿਉਂਕਿ ਕਾਨੂੰਨ ਮਦਦਗਾਰ ਨਹੀਂ ਬਣਦਾ। ਜੇਕਰ ਕਾਨੂੰਨ ਹੀ ਆਪਣੇ ਕਰਤੱਵ ਤੋਂ ਭੱਟਕ ਰਿਹਾ ਹੈ ਤਾਂ ਆਮ ਇਨਸਾਨ ਕੀ ਕਰ ਸਕਦਾ ਹੈ? ਉਹ ਤਾਂ ਸਿਰਫ਼ ਹਾਲਾਤ ਤੇ ਹਾਲਤ ਪ੍ਰਤੀ 'ਹਾਅ' ਹੀ ਭਰ ਸਕਦਾ ਹੈ। ਡਾਕਟਰਾਂ ਦੀ ਹਾਲਤ ਏਨੀ ਮਾੜੀ ਹੋ ਚੁੱਕੀ ਹੈ ਕਿ ਉਹ ਆਪਣੇ ਮਰੀਜ ਮਗਰ ਭੱਜਣ ਦੀ ਬਜਾਏ ਪੈਸੇ ਮਗਰ ਭੱਜ ਰਹੇ ਹਨ। ਉਹਨਾਂ ਵਾਰਡਾਂ ਵਿਚ ਬਦਲੀਆਂ ਕਰਵਾ ਰਹੇ ਹਨ ਜਿਨ੍ਹਾਂ ਵਿਚ 24 ਘੰਟੇ ਕੋਈ ਨਾਲ ਕੋਈ ਲੜਾਈ-ਝਗੜੇ ਦਾ ਕੇਸ ਆਉਂਦਾ ਹੋਵੇ ਤੇ ਦੋਹਾਂ ਧਿਰਾਂ ਕੋਲੋਂ ਪੈਸੇ ਝਾੜ ਕੇ ਉਨ੍ਹਾਂ ਦੇ ਝੋਲੀ ਵਿਚ ਡਿਗਦੇ ਹੋਣ। ਡਾਕਟਰਾਂ ਨੂੰ ਜਿਨ੍ਹਾਂ ਸਮਾਂ ਹਸਪਤਾਲਾਂ ਵਿਚ ਰਹਿਣਾ ਚਾਹੀਦਾ ਹੈ ਉਨ੍ਹਾਂ ਨਹੀਂ ਰਹਿੰਦੇ। ਪ੍ਰਾਇਵੇਟ ਤੌਰ 'ਤੇ ਹਸਪਤਾਲ ਜਾਂ ਫਿਰ ਹੋਰ ਕੰਮ (ਐਕਸੇ ਜਾਂ ਦਵਾਈਆਂ ਦੀ ਦੁਕਾਨ ਆਦਿ) ਖੋਲ੍ਹੇ ਹੋਏ ਹਨ, ਮਰਜੀ ਨਾਲ ਹਸਪਤਾਲ ਆਉਂਦੇ ਹਨ। ਜੇਕਰ ਕਿਸੇ ਮਰੀਜ ਨੇ ਆਪਣਾ ਚੰਗਾ ਇਲਾਜ ਕਰਵਾਉਂਣਾ ਹੈ ਤਾਂ ਪ੍ਰਾਇਵੇਟ ਤੌਰ ਤੇ ਸਰਕਾਰੀ ਡਾਕਟਰ ਦੀ ਫੀਸ ਭਰਨ। ਲਗਦੀ ਵਾਏ ਸਾਰੀਆਂ ਉਂਗਲਾਂ ਨਾਲ ਘਿਉਂ ਤਾਂ ਆਨੰਦ ਮਾਣ ਰਹੇ ਹਨ। ਪਵਿੱਤਰ ਮੰਨਿਆ ਜਾਂਦਾ ਇਹ ਪੇਸ਼ਾ ਅੱਜ ਆਪਣੇ ਅਸਲੀ ਅਰਥ ਕਿਵੇਂ ਗਵਾ ਰਿਹਾ ਹੈ? ਇਸ ਨਾਵਲ ਵਿਚ ਇਸਦਾ ਚਿਤਰਨ ਪਾਠਕ ਨੂੰ ਹਿਲਾ ਕੇ ਡਾਕਟਰੀ ਪੇਸ਼ੇ ਪ੍ਰਤਿ ਨਫ਼ਰਤ ਭਰ ਦਿੰਦਾ ਹੈ।

ਸਿਆਸਤ ਦੀ ਕਾਰਗੁਜਾਰੀ ਉਪਰ ਵੀ ਕੌਰਵ ਸਭਾ ਨਾਵਲ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਐਮ.ਪੀ. (ਬਾਬੂ ਜੀ) ਤੋਂ ਲੈ ਕੇ ਮੁੱਖ ਮੰਤਰੀ ਤਕ ਸਾਰੇ ਦੇ ਸਾਰੇ ਕਿਰਦਾਰ ਸਰਕਾਰ ਦੇ ਰਾਜਸੀ ਵਿਭਾਗ ਦੇ ਕੁਹਜ ਨੂੰ ਚਿਤਰ ਰਹੇ ਹਨ। ਨਾਵਲ ਦੀ ਕਥਾ ਬਾਬੂ ਜੀ ਰਾਹੀਂ ਸਿਆਸਤ ਵਿਚ ਦਾਖਲ ਹੁੰਦੀ ਹੈ। ਪੰਕਜ ਤੇ ਨੀਰਜ ਬਾਬੂ ਜੀ ਨਾਲ ਜਦ ਰਾਬਤਾ ਕਾਇਮ ਕਰਦੇ ਹਨ ਤਾਂ ਬਾਬੂ ਜੀ ਉਨ੍ਹਾਂ ਨੂੰ ਇਹ ਕਹਿ ਕੇ ਵਿਸ਼ਵਾਸ ਵਿਚ ਲੈ ਲੈਂਦਾ ਹੈ ਕਿ ਲੋੜ ਪੈਣ 'ਤੇ ਮੁੱਖ ਮੰਤਰੀ, ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਤੋਂ ਦਖਲ ਦਿਵਾਉਂਣਗੇ। ਇਹ ਨੇਤਾ ਲੋਕ ਇਕ ਤੀਰ ਨਾਲ ਦੋ ਸ਼ਿਕਾਰ ਕਰਦੇ ਹਨ। ਇਨ੍ਹਾਂ ਨੂੰ ਕਿਸੇ ਵੀ ਧਿਰ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਕੇਵਲ ਆਪਣੇ 'ਨਿੱਜ

ਭਵਿੱਖ' ਨੂੰ ਸੰਵਾਰਨ ਲਈ ਪੈਸੇ ਨਾਲ ਹੀ ਸਾਰੇ ਰਿਸ਼ਤੇ ਗੰਢਦੇ ਹਨ। ਬਘੇਲ ਸਿੰਘ (ਐਮ.ਐਲ.ਏ.) ਆਪਣੇ ਸਿਆਸੀ ਭਵਿੱਖ ਦੇ ਮਦੇ ਨਜ਼ਰ ਪੰਕਜ ਤੇ ਨੀਰਜ ਦੇ ਕੰਮ ਵਿਚ ਰੁਕਾਵਟ ਪਾਉਂਦਾ ਹੈ। ਉਸਨੂੰ ਕੇਵਲ ਤੇ ਕੇਵਲ ਸਿਆਸੀ ਭਵਿੱਖ ਦੀ ਚਿੰਤਾ ਖਾਈ ਜਾ ਰਹੀ ਹੈ ਹੋਰ ਕੁਝ ਨਹੀਂ ਸੁਝਦਾ। ਜਦਕਿ ਪੰਕਜ ਤੇ ਨੀਰਜ ਸਮਝਦੇ ਹਨ ਕਿ ਬਘੇਲ ਸਿੰਘ ਉਹਨਾਂ ਦੇ ਨਾਲ ਹੈ। ਜਿਵੇਂ:

> ਬਘੇਲ ਸਿੰਘ ਦਾ ਸਿਆਸੀ ਭਵਿੱਖ ਖਤਰੇ ਵਿਚ ਸੀ। ਜੇ ਪਾਰਟੀ ਦੋ-ਫਾੜ ਨਾ ਹੋਈ ਤਾਂ ਮੁੱਖ ਮਤਰੀ ਨੇ ਉਸਦਾ ਟਿਕਟ ਵਾਲਾ ਪੱਤਾ ਕੱਟ ਦੇਣਾ ਸੀ। ਜੇ ਪਾਰਟੀ ਬਚੀ ਰਹੀ ਉਸ ਨੂੰ ਟਿਕਟ ਮਿਲ ਵੀ ਗਿਆ ਤਾਂ ਵੀ ਉਸ ਦੇ ਜਿੱਤਣ ਦੀ ਕੋਈ ਸੰਭਾਵਨਾ ਨਹੀਂ ਸੀ। ਅਸੁਰੱਖਿਅਤ ਮਹਿਸੂਸ ਕਰਦਾ ਬਘੇਲ ਸਿੰਘ ਅਸਰ ਰਸੂਖ ਦੀ ਥਾਂ ਪੈਸੇ ਬਣਾਉਣ ਵੱਲ ਧਿਆਨ ਦੇ ਰਿਹਾ ਸੀ। ਦੋਵਾਂ ਸਥਿਤੀਆਂ ਵਿਚ ਪੈਸੇ ਦੀ ਜ਼ਰੂਰਤ ਸੀ। ਜੇ ਟਿਕਟ ਮਿਲ ਗਿਆ ਤਾਂ ਅਸਰ ਰਸੂਖ ਦੀ ਘਾਟ ਕਾਰਨ ਪੈਸਾ ਪਾਣੀ ਵਾਂਗ ਵਹਾਉਣਾ ਪੈਂਦਾ ਸੀ। ਟਿਕਟ ਨਾ ਮਿਲਿਆ ਤਾਂ ਅਗਲੇ ਪੰਜ ਸਾਲ ਆਰਾਮ ਨਾਲ ਕੱਢਣ ਲਈ ਪੈਸਾ ਚਾਹੀਦਾ ਸੀ।[5]

ਬਘੇਲ ਸਿੰਘ, ਪੰਕਜ ਤੇ ਨੀਰਜ ਕੋਲੋਂ ਮੋਟੀ ਰਕਮ ਵਸੂਲਦਾ ਹੈ। ਇਸ ਮੋਟੀ ਰਕਮ ਵਸੂਲਣ ਮਗਰ ਜੋ ਕੁਝ ਵਾਪਰਦਾ ਹੈ। ਉਹ ਰਾਜਸੀ ਭ੍ਰਿਸ਼ਟਾਚਾਰ ਅਤੇ ਅਪਰਾਧੀਕਰਨ ਦਾ ਚਿਤਰਣ ਕਰਦਾ ਹੈ। ਮੁੱਖ ਮੰਤਰੀ, ਦੂਜੇ ਮੰਤਰੀ (ਖ਼ਾਸ ਕਰ ਜਿਵੇਂ ਐਮ.ਐਲ.ਏ.) ਆਪਣੀ ਪੁਜੀਸ਼ਨ ਨੂੰ ਕਾਇਮ ਰੱਖਣ ਲਈ ਕੋਹਜੀਆਂ ਚਾਲਾਂ ਚੱਲਦੇ ਹਨ। ਮੁੱਖ ਮੰਤਰੀ ਆਪਣੀ ਪਾਰਟੀ ਗੁੱਟਬੰਦੀ ਨੂੰ ਪੱਕਿਆਂ ਕਰਨ ਲਈ ਬਘੇਲ ਸਿੰਘ ਨੂੰ ਫਰੰਟ ਤੇ ਲਿਆ ਕੇ ਪੰਕਜ ਤੇ ਨੀਰਜ ਦੇ ਕੇਸ ਨਿਪਟਾਣ ਦਾ ਭਰੋਸਾ ਦਿਵਾਉਂਦਾ ਹੈ। ਮੋਟੀ ਰਕਮ ਵਸੂਲ ਕਰਨ ਉਪਰੰਤ 40 ਲੱਖ ਦੀ ਕਿਸ਼ਤ ਨਾਲ ਮੁਖ ਮੰਤਰੀ ਵਿਰੋਧੀ ਧਿਰ ਦੇ ਸਰਗਰਮ ਆਗੂ ਬਘੇਲ ਸਿੰਘ ਨੂੰ ਖ਼ਰੀਦ ਲੈਂਦਾ ਹੈ। ਸੋਨੇ ਦੀਆਂ ਖਾਣਾਂ ਲੱਭਣ ਲਈ ਇਹ ਨੇਤਾ ਹਮੇਸ਼ਾ ਆਪਣੀਆਂ ਅੱਖਾਂ ਖੁੱਲੀਆਂ ਰੱਖਦੇ ਹਨ। ਇਸ ਗੱਲ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ ਕਿ ਦੇਸ਼ ਉਪਰ ਇਸਦਾ ਕੀ ਅਸਰ ਹੋਵੇਗਾ। ਵਿਸ਼ਵੀਕਰਨ ਦੇ ਵਰਤਾਰੇ ਕਾਰਨ ਸਾਰੀ ਦੁਨੀਆਂ ਇਕ ਮੰਡੀ ਦਾ ਰੂਪ ਧਾਰਨ ਕਰ ਗਈ ਹੈ। ਜਿਸਦਾ ਲਾਭ ਵਿਕਸਤ ਦੇਸ਼ ਲੈ ਰਹੇ ਹਨ। ਇਨ੍ਹਾਂ ਨੂੰ ਲਾਭ ਦੇਣ ਪਿਛੇ ਵੀ ਰਾਜਸੀ ਨੇਤਾਵਾਂ ਦਾ ਪੂਰਾ-ਪੂਰਾ ਹੱਥ ਹੁੰਦਾ ਹੈ। ਵਿਕਸਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਵਿਚ ਸਨਅਤਾਂ ਨੇਤਾਵਾਂ ਨਾਲ ਰਲ ਕੇ ਹੀ ਲਗਾਈਆਂ ਜਾ ਰਹੀਆਂ ਹਨ। ਇਸ ਵਿਚ ਹਮੇਸ਼ਾ ਨੇਤਾ ਹੀ ਫਾਇਦਾ ਖੱਟਦੇ ਹਨ ਦੇਸ਼ ਉਥੇ ਦਾ ਉਥੇ ਰਹਿੰਦਾ ਹੈ। ਇਸੇ ਕਾਰਨ ਮਿੱਤਰ ਸੈਨ ਮੀਤ ਨੂੰ ਅੱਜ ਦਾ ਯੁੱਗ ਮਹਾਂਭਾਰਤ ਦਾ ਯੁੱਗ ਨਜ਼ਰ ਆਉਂਦਾ ਹੈ। ਜਿਥੇ ਨਿਆਂ ਨਹੀਂ, ਸੱਚ ਨਹੀਂ ਪਿਆਰ ਨਹੀਂ, ਭਾਈਚਾਰਾ ਨਹੀਂ, ਪੈਸਾ ਪ੍ਰਧਾਨ ਹੈ।

ਨਿਆਂਪਾਲਿਕਾ ਸਮਾਜ ਦਾ ਇਕ ਐਸਾ ਬਿੰਦੂ ਹੈ ਜਿਸ ਵੱਲ ਆਮ ਜਨਤਾ ਬੜੀ ਆਸ ਭਰੀ ਨਜ਼ਰ ਨਾਲ ਤੱਕਦੀ ਹੈ। ਉਹ ਸੋਚਦੀ ਹੈ ਜੇਕਰ ਹੋਰ ਸਭ ਥਾਂਈ ਉਨ੍ਹਾਂ ਨੂੰ ਹਾਰ ਮਿਲੀ ਹੈ ਤਾਂ ਇਥ ਜ਼ਰੂਰ ਨਿਆਂ ਮਿਲੇਗਾ। ਜਨਤਾ ਹੇਠਲੀਆਂ ਅਦਾਲਤਾਂ ਤੋਂ ਇਨਕਾਰ ਹੋਣ 'ਤੇ ਵੀ ਨਿਰਾਸ਼ ਨਹੀਂ ਹੁੰਦੀ। ਉੱਚੀਆਂ ਤੇ ਹੋਰ ਉੱਚੀਆਂ ਅਦਾਲਤਾਂ ਵਿਚ ਜਾਣ ਦੀ ਆਸ ਕਰਦੀ ਹੈ ਪਰ ਬਹੁਤੀ ਵਾਰ ਫੈਸਲੇ ਉਨ੍ਹਾਂ ਦੇ ਹੱਕ ਵਿਚ ਨਹੀਂ ਹੁੰਦੇ। ਮਿੱਤਰ ਸੈਨ ਮੀਤ ਇਹ ਤਾਂ ਦੱਸਦਾ ਹੈ ਕਿ ਨਿਆਂ ਨਾਮ ਦੀ

ਕੋਈ ਚੀਜ਼ ਹੈ ਪਰ ਕਿਥੇ? ਇਸ ਗੱਲੋਂ ਸਾਰਾ ਨਾਵਲ ਖ਼ਾਮੋਸ਼ ਹੈ । ਅਦਾਲਤੀ ਕਾਰਵਾਈਆਂ ਵਿਚ ਜਿਸ ਤਰ੍ਹਾਂ ਦੀ ਭ੍ਰਿਸ਼ਟਾਚਾਰੀ ਫੈਲੀ ਹੋਈ ਹੈ ਨੰਦ ਲਾਲ ਤੇ ਸਿੰਗਲਾ ਜਿਹੇ ਵਕੀਲ ਇਸ ਦੀ ਪ੍ਰਤਿਨਿਧਤਾ ਕਰ ਰਹੇ ਹਨ । ਝੂਠ–ਸੱਚ ਨਿਤਾਰਨ ਲਈ ਮੋਟੀਆਂ ਰਕਮਾਂ ਲੈਂਦੇ ਹਨ । ਕੀ ਫਿਰ ਵੀ ਇਹ ਸੱਚ ਦਾ ਪੱਖ ਪੂਰਦੇ ਹਨ? ਨਿਆਂ ਦਿਵਾਉਂਦੇ ਹਨ? ਇਹ ਜੱਜਾਂ ਨਾਲ ਮਿਲਕੇ ਕੇਸ ਦਾ ਹੁਲੀਆ ਹੀ ਵਿਗਾੜ ਦਿੰਦੇ ਹਨ । ਕਾਨੂੰਨ ਦੇ ਅਜਿਹੇ ਦਾਅ ਪੇਚ ਲਗਾਉਂਦੇ ਹਨ ਕਿ ਮੁਦਈ ਧਿਰ ਨੂੰ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਸ਼ਾਇਦ ! ਜੁਲਮ ਮੁਜ਼ਰਿਮ ਨੇ ਨਹੀਂ ਉਸ ਨੇ ਕੀਤਾ ਹੈ । ਜੱਜ, ਵਕੀਲ ਤੇ ਕਚਹਿਰੀ ਦੇ ਹੋਰ ਮੁਲਾਜ਼ਮ ਕੌਰਵ ਸਭਾ ਦੇ ਪ੍ਰਤੀਕ ਹਨ ਜੋ ਮੁਦਈ ਧਿਰ ਨੂੰ ਹਰ ਤਰ੍ਹਾਂ ਨਾਲ ਲੁੱਟਦੇ ਹਨ । ਇਹ ਸੱਚ ਹੈ ਕਿ ਕਾਨੂੰਨ ਮੁਲਜ਼ਮਾਂ ਨੂੰ ਧਰਮਰਾਜ ਦੇ ਪੁੱਤਰ ਸਮਝਦਾ ਹੈ ਤੇ ਉਨ੍ਹਾਂ ਦੇ ਹੱਕ ਵਿਚ ਭੁਗਤਦਾ ਹੈ । ਜੇਕਰ ਅਜਿਹੀ ਸਭਾ ਵਿਚ ਸਾਧੂ ਸਿੰਘ ਵਰਗਾ ਜੱਜ ਪ੍ਰਵੇਸ਼ ਕਰਦਾ ਹੈ ਤਾਂ ਉਹ ਕੌਰਵਾਂ ਦੇ ਰਾਹ ਵਿਚ ਰੁਕਾਵਟ ਬਣਦਾ ਹੈ । ਉਸਦੇ ਫੈਸਲੇ ਦੀ ਸਪੱਸ਼ਟਤਾ ਤੇ ਨਿਆਂ ਦੇਣ ਵਾਲੇ ਸੁਭਾਅ ਤੋਂ ਸਭ ਜਾਣੂ ਹਨ । ਇਸ ਲਈ ਕੇਸ ਜਾਣ ਬੁੱਝ ਕੇ ਉਸਦੀ ਬਦਲੀ ਹੋਣ ਤਕ ਖਿੱਚ ਕੇ ਖੜ੍ਹਿਆ ਜਾਂਦਾ ਹੈ । ਜੋ ਪਾਠਕ ਦੇ ਮਨ ਵਿਚ ਇਹ ਸ਼ੰਕਾ ਪੈਦਾ ਕਰਦਾ ਹੈ ਕਿ ਫੈਸਲਾ ਨਹੱਕ ਹੋ ਗਿਆ ਹੈ । ਸਾਧੂ ਸਿੰਘ ਦੀ ਬਦਲੀ ’ਤੇ ਸਾਧੂ ਸਿੰਘ ਦੀਆਂ ਹੀ ਨਹੀਂ ਮੁਦਈ ਧਿਰ ਦੀਆਂ ਵੀ ਦਿਲ ਦੀਆਂ ਦਿਲ ਵਿਚ ਰਹਿ ਜਾਂਦੀਆਂ ਹਨ । ਭਗਤ ਰਾਮ ਜੱਜ ਵੱਲੋਂ ਸੁਣਾਇਆ ਗਿਆ ਫੈਸਲਾ ਸਾਡੀ ਭਾਰਤੀ ਨਿਆਂ ਪ੍ਰਣਾਲੀ ਉਪਰ ਧੱਬਾ ਲਗਾਉਂਦਾ ਹੈ ਕਿ ਅਜਿਹੀਆਂ ਅਦਾਲਤਾਂ ਕਦੇ ਨਿਆਂ ਨਹੀਂ ਕਰ ਸਕਦੀਆਂ । ਇਹ ਦੁਖਾਂਤਕ ਸਥਿਤੀ ਵਿਚ “ਮਜਰੂਬ ਹਸਪਤਾਲ ਵਿਚ ਹੀ ਪਏ ਰਹਿੰਦੇ ਹਨ ਤੇ ਦੋਸ਼ੀ ਘਰ ਚਲੇ ਜਾਂਦੇ ਹਨ ।” ਫਿਰ ਵੀ ਇਕ ਆਸ, ਇਕ ਚਿਣਗ ਬਾਕੀ ਰਹਿੰਦੀ ਹੈ ਜੋ ਨਾਵਲਕਾਰ ਨੇ ਪਾਤਰਾਂ ਦੇ ਮਨਾਂ ਅੰਦਰ ਭਰ ਕੇ ਰੱਖੀ ਕਿ, ਇਸ ‘ਅਦਾਲਤ ਦਾ ਫੈਸਲਾ’ ਅੰਤਿਮ ਨਹੀਂ, ‘ਉਪਰ ਅਪੀਲ’ ਕੀਤੀ ਜਾ ਸਕਦੀ ਹੈ । ਪ੍ਰਬੰਧਾਂ ਦੀ ਤਕੜਾਈ ਅੱਗੇ ਭਾਵੇਂ ਸਾਧੂ ਸਿੰਘ ਵਰਗੇ ਸਾਧੂ ਸੁਭਾਅ ਦੇ ਬੰਦਿਆਂ ਦੀ ਕੋਈ ਪੇਸ਼ ਨਹੀਂ ਜਾਂਦੀ ਪਰ ਇਨ੍ਹਾਂ ਦੇ ਵਿਵਹਾਰ ਦਾ ਅਸਰ ਪ੍ਰਬੰਧਾਂ ਦੇ ਨੁਮਾਇੰਦਿਆਂ ਨੂੰ ਸੋਚਣ ’ਤੇ ਮਜ਼ਬੂਰ ਜ਼ਰੂਰ ਕਰਦੇ ਹਨ । ਜਿਵੇਂ ਨੰਦ ਲਾਲ ਨੂੰ ਮਹਿਸੂਸ ਹੁੰਦਾ ਹੈ ਕਿ ਉਸਨੇ ਗ਼ਲਤ ਕੀਤਾ ਹੈ ਪਰੰਤੂ ਵਿਅਕਤੀਗਤ ਪਸ਼ਚਾਤਾਪ ਕੋਈ ਨਵਾਂ ਰੰਗ ਨਹੀਂ ਲਿਆਉਂਦਾ । ਅੱਜ ਪਸ਼ਚਾਤਾਪ ਕਰਕੇ ਜੇਕਰ ਉਹ ਆਪਣੇ ਆਪ ਨੂੰ ਸੁਧਾਰਦਾ ਹੈ ਤਾਂ ਕੱਲ ਨੂੰ ਉਸੇ ਦੀ ਜਗ੍ਹਾ ਕੋਈ ਹੋਰ ਆਣ ਮੱਲਦਾ ਹੈ । ਕਿਉਂਕਿ ਇਕ ਦੂਜੇ ਦੀ ਥਾਂ ਮੱਲਣ ਦੀ ਦੌੜ ਸਾਰੀਆਂ ਕਦਰਾਂ–ਕੀਮਤਾਂ ਨੂੰ ਪਿੱਛੇ ਛੱਡ ਜਾਂਦੀ ਹੈ । ਸਮੂਹਿਕ ਜਕੜਬੰਦੀ ਤੋ ਨਿਜ਼ਾਤ ਲਈ ਮਜ਼ਲੂਮ ਧਿਰ ਦੀ ਸਮੂਹਿਕ ਜਥੇਬੰਦੀ ਹੀ ਸੋਚ ਵਿਚ ਕ੍ਰਾਂਤੀ ਲਿਆ ਸਕਦੀ ਹੈ ।

ਵਰਤਮਾਨ ਸਮੇਂ ਵਿਚ ਮੀਡੀਆ ਜਿਸ ਤਰ੍ਹਾਂ ਦੀ ਭੂਮਿਕਾ ਅਦਾ ਕਰ ਰਿਹਾ ਹੈ ਉਹ ਵੀ ਆਮ ਵਰਗ ਦੇ ਹੱਕ ਵਿਚ ਨਹੀਂ ਭੁਗਤ ਰਹੀ । ਅੱਜ ਦਾ ਮੀਡੀਆ ਸਟੇਟ ਦਾ ਥੰਮ ਨਹੀਂ ਰਿਹਾ । ਮੁੱਖ ਸੁਰਖੀਆਂ ਲੱਭ ਕੇ ਇਕ ਤਾਂ ਆਪਣੇ ਆਪ ਨੂੰ ਵਧੇਰੇ ਵਿਕਣਯੋਗ ਬਣਾ ਰਿਹਾ ਹੈ ਤੇ ਦੂਜਾ ਰਾਜਨੀਤੀਵਾਨਾਂ, ਵਕੀਲਾਂ, ਪੁਲਿਸ ਅਫ਼ਸਰਾਂ, ਡਾਕਟਰਾਂ ਆਦਿ ਦੀ ਮਾਰਕਿਟ ਵੈਲੀਓ ਵਧਾਉਣ ਦਾ ਸਾਧਨ ਮਾਤਰ ਰਹਿ ਗਿਆ ਹੈ । ਲੋਕਤੰਤਰੀ ਰਾਜ ਵਿਚ ਪ੍ਰੈਸ ਦੀ ਆਜ਼ਾਦੀ ਦੀ ਗੱਲ ਕੀਤੀ ਜਾਂਦੀ ਹੈ ਪਰ ਸਰਮਾਏਦਾਰੀ ਨਿਜ਼ਾਮ ਇਸਨੂੰ ਆਪਣੇ ਹੱਕ ਲਈ ਵਰਤ ਰਿਹਾ ਹੈ । ਪ੍ਰੈਸ ਮਸਲੇ ਦੀ ਤਹਿ ਤਕ ਪਹੁੰਚਣ ਦੀ ਬਜਾਏ ਮੁੱਖ ਸੁਰਖੀਆਂ ਵਿਚ ਹੀ ਉਲਝ ਕੇ ਰਹਿ ਗਈ ਹੈ । ਜੋ ਲੋਕਤੰਤਰੀ

ਰਾਜ ਦੇ ਉਦੇਸ਼ ਦੇ ਉਲਟ ਹੈ। ਜੇਕਰ ਇਹ ਕਿਸੇ ਪ੍ਰਬੰਧ ਦੇ ਵਿਰੋਧ ਵਿਚ ਬੋਲਦੀ ਵੀ ਹੈ ਤਾਂ ਉਸਦਾ ਕਾਰਨ ਉਸ ਪ੍ਰਬੰਧ ਦੇ ਅਫ਼ਸਰਾਂ ਦਾ ਆਪਸੀ ਵਿਰੋਧ ਅਤੇ ਇਕ ਦੂਜੇ ਨੂੰ ਨੀਚਾ ਵਿਖਾ ਕੇ ਆਪਣੀ ਸਰਦਾਰੀ ਕਾਇਮ ਕਰਨਾ ਹੈ। ਅਜਿਹੀ ਵਿਵਸਥਾ ਵਿਚ ਪ੍ਰੈਸ ਦੀ ਸੁੰਤਤਰਤਾ ਅਤੇ ਪ੍ਰਤਿਬੱਧਤਾ ਪੂੰਜੀਵਾਦੀ ਧਿਰ ਦੇ ਹਿੱਤਾਂ ਵਿਚ ਤੁਰਦੀ ਫਿਰਦੀ ਅਤੇ ਸਾਹ ਲੈਂਦੀ ਹੈ।

ਸਰਕਾਰ ਤੋਂ ਬਚਣ ਲਈ ਕਾਲਾ ਧਨ ਕਿਸ ਪ੍ਰਕਾਰ ਜਾਇਦਾਦ ਵਿਚ ਖਪਾਇਆ ਜਾਂਦਾ ਹੈ। ਇਹ ਵੀ ਨਾਵਲ ਦਾ ਇਕ ਥੀਮਕ ਪਾਸਾਰ ਹੈ। ਇਹ ਪਾਸਾਰ ਜਿੰਨਾ ਨਿੱਕਾ ਨਜ਼ਰ ਆਉਂਦਾ ਹੈ ਇਸਦਾ ਘੇਰਾ ਉਨਾ ਹੀ ਵਿਸ਼ਾਲ ਹੈ। ਇਸ ਵਿਚ ਸਾਰੇ ਪ੍ਰਬੰਧਾਂ ਦਾ ਰੋਲ ਵੇਖਣ ਨੂੰ ਮਿਲਦਾ ਹੈ। ਪੁਲਿਸ ਅਫ਼ਸਰ, ਵਕੀਲ, ਜੱਜ, ਨੇਤਾ ਆਦਿ ਸਭ ਆਪਣੇ ਕਾਲੇ ਧਨ ਨੂੰ ਚਿੱਟਾ ਕਰਨ ਲਈ ਵੱਡੀਆਂ-ਵੱਡੀਆਂ ਕਾਲੋਨੀਆਂ ਵਿਚ ਪਲਾਟ ਖਰੀਦਦੇ ਹਨ। ਜਿਥੇ ਵੱਡੇ-ਵੱਡੇ ਸਨਤਕਾਰ ਆਪਣੇ ਕਾਲੇ ਧਨ ਨੂੰ ਕਲੋਨੀਆਂ ਖਰੀਦ ਕੇ ਖਪਾਉਂਦੇ ਹਨ ਉਥੇ ਅਫ਼ਸਰਸ਼ਾਹੀ ਪਲਾਟ ਖਰੀਦ ਕੇ ਆਪਣਾ ਕਾਲਾ ਧਨ ਚਿੱਟਾ ਕਰ ਲੈਂਦੇ ਹਨ :

> ਅਫ਼ਸਰਾਂ ਦਾ ਕਾਲਾ ਧਨ ਖਪ ਜਾਂਦਾ ਸੀ। ਮੁਨਾਫ਼ਾ ਵੀ ਚੰਗਾ ਹੋ ਜਾਂਦਾ ਸੀ।[6]

ਇਸ ਤਰ੍ਹਾਂ ਜਿਹੜੇ ਵੀ ਮਹਿਕਮੇ ਦੇ ਅਫ਼ਸਰ ਪਲਾਟ ਖਰੀਦਦੇ ਉਹ ਅਫ਼ਸਰ ਵੀ ਵੱਲ ਰਹਿੰਦੇ ਤੇ ਸਮਾਂ ਆਉਣ 'ਤੇ ਕੰਮ ਵੀ ਆਉਂਦੇ, ਪੰਕਜ ਤੇ ਨੀਰਜ ਦੇ ਦੋ ਪੈਟਰੋਲ ਪੰਪ, ਇਕ ਗੈਸ ਏਜੰਸੀ ਤੇ ਹੋਰ ਇਕ ਦੋ ਸ਼ਹਿਰਾਂ ਵਿਚ ਸਥਾਪਿਤ ਮਿੱਲਾਂ ਆਦਿ ਇਸ ਤਰ੍ਹਾਂ ਦੀ ਸਾਂਝੇਦਾਰੀ/ਨਾਤੇਦਾਰੀ ਦਾ ਹੀ ਨਤੀਜਾ ਹਨ।

ਨਾਵਲੀ ਕਥਾ ਵਿਚ ਸਮਾਜਕ ਸੰਸਥਾਵਾਂ ਵੀ ਇਕ ਸਥਾਨ 'ਤੇ ਆ ਕੇ ਆਪਣੀ ਹੋਂਦ ਤੋਂ ਮੁਨਕਰ ਹੋ ਜਾਂਦੀਆਂ ਹਨ। ਇਹ ਆਪਣੇ ਆਪ ਵਿਚ ਹੀ ਪ੍ਰਸ਼ਨ ਚਿੰਨ੍ਹ ਬਣ ਜਾਂਦੀਆਂ ਹਨ। ਇਸ ਸੰਬੰਧ ਵਿਚ ਨਾਵਲਕਾਰ ਨੇ ਦੋ ਸੰਸਥਾਵਾਂ : ਵਿਕਟਿਮ ਵੈਲਫੇਅਰ ਸੋਸਾਇਟੀ ਅਤੇ ਯੁਵਾ ਸ਼ਕਤੀ ਇਕਾਈ ਦਾ ਜ਼ਿਕਰ ਕੀਤਾ ਹੈ। ਵਿਕਟਮ ਵੈਲਫੇਅਰ ਸੋਸਾਇਟੀ ਗਰੀਬਾਂ, ਮਜ਼ਲੂਮਾਂ ਤੇ ਬੇਸਹਾਰਿਆਂ ਦੀ ਜਿਥੋਂ ਤਕ ਹੋ ਸਕੇ ਮੱਦਦ ਕਰਦੀ ਹੈ। ਮੁਫ਼ਤ ਕੇਸ ਲੜਦੀ ਹੈ। ਇਹ ਸੋਸਾਇਟੀ ਨੇਹਾ ਦੇ ਪਰਿਵਾਰ ਦਾ ਕੇਸ ਆਪਣੇ ਹੱਥ ਵਿਚ ਲੈਂਦੀ ਹੈ। ਇਸ ਦੇ ਬਾਵਜੂਦ ਨੇਹਾ ਦੇ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਦਾ। ਪੈਸੇ ਦੀ ਸਰਦਾਰੀ ਅੱਗੇ ਅਜਿਹੀਆਂ ਸੰਸਥਾਵਾਂ ਬਹੁਤਾ ਚਿਰ ਟਿਕ ਨਹੀਂ ਸਕਦੀਆਂ। ਦੂਜੇ ਪਾਸੇ ਯੁਵਾ ਸ਼ਕਤੀ ਇਕਾਈ ਜੋ ਮਾਤਾ ਕਲਿਆਣੀ ਨੇ ਸਥਾਪਿਤ ਕੀਤੀ ਹੈ। ਅਮੀਰਾਂ ਤੋਂ ਪੈਸੇ ਕੱਢਵਾਉਣ ਦਾ ਇਕ ਸੁਗਲ ਹੈ। ਉਹ ਆਪਣੇ ਆਪ ਨੂੰ ਪਾਰਬਤੀ ਦਾ ਅਵਤਾਰ ਸਮਝਦੀ ਹੈ। ਧਾਰਮਿਕ ਅੰਧ-ਵਿਸ਼ਵਾਸਾਂ ਤਹਿਤ ਇਹ ਲੋਕਾਂ ਨੂੰ ਯੋਗ ਸਾਧਨਾਵਾਂ ਦੀ ਸਿੱਖਿਆ ਦਿੰਦੀ ਹੈ ਜੋ ਦੁੱਖਾਂ-ਕਲੇਸ਼ਾਂ ਤੋਂ ਮੁਕਤੀ ਮਾਰਗ ਤਕ ਪਹੁੰਚਾਉਂਦੀਆਂ ਹਨ। ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ ਜੋ ਮਾਤਾ ਦੀਆਂ ਸਿੱਖਿਆਵਾਂ ਉਪਰ ਤੁਰਦਾ ਹੈ ਉਸ ਨਾਲ ਮਾਤਾ ਦਾ ਕਵਚ ਹਮੇਸ਼ਾ ਰਹਿੰਦਾ ਹੈ ਤੇ ਉਸਦੀ ਰੱਖਿਆ ਕਰਦਾ ਹੈ। ਇਸ ਕਵਚ ਦਾ ਭਰਮ ਉਸ ਵਕਤ ਟੁੱਟਦਾ ਹੈ ਜਦ ਨੇਹਾ ਦੇ ਪਰਿਵਾਰ ਨਾਲ ਦੁਖਾਂਤ ਵਾਪਰਦਾ ਹੈ। ਨੇਤਾ ਮਾਤਾ ਤੋਂ ਮਨ ਹੀ ਮਨ ਪੁੱਛਦੀ ਹੈ ਕਿ, "ਉਸ ਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ ਦੇ ਭਰਾ ਨੂੰ ਸੁਰੱਖਿਆ ਕਿਉਂ ਨਹੀਂ ਮਿਲੀ? ਉਸਦੇ ਪਰਿਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ? ਪਰ ਮਾਤਾ ਜੀ ਚੁੱਪ ਸਨ।"[7]

ਇਹ ਧਾਰਮਿਕ ਸੰਸਥਾਵਾਂ ਧਰਮ ਦੇ ਨਾਂ ਤੇ ਨਫ਼ਰਤ ਫੈਲਾਉਂਦੀਆਂ ਹਨ। ਸਮਾਜ ਦੇ ਕੋਹਜੇ ਨਿਯਮ ਇਹ ਵੀ ਉਨੀ ਹੀ ਸ਼ਿਦਤ ਨਾਲ ਲਾਗੂ ਕਰਦੀਆਂ ਜਿੰਨਾ ਸਮਾਜ ਕਰਦਾ ਹੈ। ਨੇਹਾ ਘਟਨਾ ਤੋਂ ਬਾਅਦ ਜਦ ਇਸ ਸੰਸਥਾ ਨਾਲ ਰਾਬਤਾ ਕਾਇਮ ਕਰਨਾ ਚਾਹੁੰਦੀ ਹੈ ਤਾਂ ਕੋਈ ਉਸਦੀ ਮਦਦ ਨਹੀਂ ਕਰਦਾ, ਕੋਈ ਮੈਂਬਰ ਵੀ ਉਸ ਵੱਲ ਵੇਖਦਾ[32] ਨਹੀਂ। ਉਹਨਾਂ ਦਾ ਵਿਵਹਾਰ ਨੇਹਾ ਨੂੰ ਅਪਵਿੱਤਰ ਸਮਝਦਾ ਹੈ। ਜੋ ਉਸਨੂੰ ਆਤਮ ਹੱਤਿਆ ਲਈ ਮਜ਼ਬੂਰ ਕਰਦਾ ਹੈ। ਇਹ ਅਜਿਹੀਆਂ ਸੰਸਥਾਵਾਂ ਦੀ ਕਾਰਗੁਜਾਰੀ ਉਪਰ ਕਰੜਾ ਵਿਅੰਗ ਹੈ। ਇਹ ਮਨੁੱਖ ਨੂੰ ਸ਼ਾਂਤੀ ਤੇ ਸਹਿਜ ਦੇਣ ਲਈ ਨਹੀਂ ਹਨ। ਇਨ੍ਹਾਂ ਦਾ ਜਨਮ ਧਰਮ ਦੇ ਨਾਂ ਤੇ ਅਮੀਰ ਲੋਕਾਂ ਨੂੰ ਆਪਣੇ ਵੱਲ ਲਾ ਕੇ ਦਾਲ ਫੁਲਕਾ ਚਲਾਉਣ ਲਈ ਹੋਇਆ ਹੈ। ਇਹਨਾਂ ਦੇ ਆਗੂਆਂ ਕੋਲ ਕੋਈ ਦੈਵੀ ਸ਼ਕਤੀ ਨਹੀਂ ਹੁੰਦੀ ਜੋ ਮਨੁੱਖ ਦੀ ਰੱਖਿਆ ਕਰ ਸਕੇ। ਭਾਵ ਅੱਜ ਮਨੁੱਖ ਨੂੰ ਆਪਣੀ ਰੱਖਿਆ ਖੁਦ ਕਰਨੀ ਪਵੇਗੀ। ਇਸੇ ਤਰ੍ਹਾਂ ਜੋਤਿਸ਼ ਵਿੱਦਿਆ ਤਹਿਤ ਪੰਡਿਤਾਂ ਦੀ ਵੇਦ ਪਰਿਵਾਰ ਦੀ ਸਹੀ ਸਲਾਮਤੀ ਦੀ ਕੀਤੀ ਭਵਿੱਖਬਾਣੀ ਗ਼ਲਤ ਸਾਬਤ ਹੁੰਦੀ ਹੈ। ਉਹਨਾਂ ਦੇ ਦੁੱਖ ਘੱਟਣ ਦੀ ਥਾਂ ਵੱਧਦੇ ਜਾਂਦੇ ਹਨ। ਕਹਿਣ ਤੋਂ ਭਾਵ ਅਜਿਹੀਆਂ ਭਰਮੀ ਸੰਸਥਾਵਾਂ ਸਮੇਂ ਦੇ ਕਰੂਰ ਸੱਚ ਅੱਗੇ ਠਹਿਰ ਨਹੀਂ ਸਕਦੀਆਂ। ਇਨ੍ਹਾਂ ਦੇ ਵਹਿਮਾਂ-ਭਰਮਾਂ ਨੂੰ ਇਕ-ਇਕ ਕਰਕੇ 'ਸਮੇਂ ਦਾ ਸੱਚ' ਤੋੜਦਾ ਜਾਂਦਾ ਹੈ ਤੇ ਇਨ੍ਹਾਂ ਦੀ ਨਿਰਾਰਥਕਤਾ ਸਾਹਮਣੇ ਆ ਜਾਂਦੀ ਹੈ। ਜਿਨ੍ਹਾਂ ਲਈ ਅਮੀਰ ਤੇ ਗਰੀਬ ਤਬਕਾ ਆਪਣਾ ਵਕਤ ਤੇ ਪੈਸਾ ਤਾਂ ਬਰਬਾਦ ਕਰਦੇ ਹੀ ਹਨ ਆਪਣੀਆਂ ਮਾਨਸਿਕ ਉਲਝਣਾਂ ਵੀ ਵਧਾਉਂਦੇ ਹਨ। ਜੇਕਰ ਉਹ ਜ਼ਿੰਦਗੀ ਦੀਆਂ ਮਹੀਨ ਤਰਬਾਂ, ਹਕੀਕਤਾਂ ਨੂੰ ਤਰਕ ਨਾਲ ਲੈਣ ਤਾਂ ਇਨ੍ਹਾਂ ਦੇ ਹੱਲ ਉਹ ਆਪ ਕੱਢ ਸਕਦੇ ਸਨ।

ਨਾਵਲਕਾਰ ਦਾ ਬਿਰਤਾਂਤੀ ਵੇਰਵੇ ਸਮੇਂ ਪ੍ਰਸ਼ਨ ਚਿੰਨ੍ਹਾਂ ਵਾਲੀ ਸ਼ੈਲੀ ਇਸਤੇਮਾਲ ਕਰਨਾ ਸਮਾਜ ਦੇ ਹਰੇਕ ਪ੍ਰਬੰਧ ਉਪਰ ਪ੍ਰਸ਼ਨ ਚਿੰਨ ਖੜ੍ਹੇ ਕਰਨਾ ਹੈ। ਸਾਰਾ ਨਾਵਲੀ ਪਾਠ ਪਾਠਕ ਦੀ 'ਚੇਤਨਾ ਉਭਾਰਨ' ਦਾ ਪਾਠ ਹੈ ਤੇ ਸਮੁੱਚੇ ਪ੍ਰਬੰਧ ਦੇ 'ਜਲੂਸ' ਦਾ ਚਿਤਰਨ ਹੈ। ਇਸ ਜਲੂਸ ਨੂੰ ਰੋਕਣਾ ਕਿਸੇ ਇਕ ਦੁਆਰਾ ਨਹੀਂ ਬਲਕਿ ਸਮੂਹਿਕ ਇਕਸੁਰਤਾ, ਇਕਜੁੱਠਤਾ ਰਾਹੀਂ ਸੰਭਵ ਹੈ। ਜਿਸ ਤਰ੍ਹਾਂ ਕੌਰਵ ਸਭਾ ਦੇ ਅਨਿਆਂ ਨੇ ਮਹਾਂਭਾਰਤ ਲਿਆ ਦਿੱਤਾ ਸੀ। ਉਸੇ ਤਰ੍ਹਾਂ ਮਾਰਕਸਵਾਦ ਅਨੁਸਾਰ ਅਜਿਹੇ ਪ੍ਰਬੰਧ ਲਈ ਕ੍ਰਾਂਤੀ ਦੀ ਲੋੜ ਹੈ। ਕਈ ਵਾਰ ਪਾਠਕ ਪੜ੍ਹਦਾ-ਪੜ੍ਹਦਾ ਇਹ ਸੋਚਦਾ ਹੈ ਕਿ ਜੇਕਰ ਇਕ ਪ੍ਰਬੰਧ ਨੇ ਮੁਦਈ ਧਿਰ ਨੂੰ ਕੁਝ ਨਹੀਂ ਦਿੱਤਾ ਤਾਂ ਅਗਲਾ ਪ੍ਰਬੰਧ ਇਸ ਦੀ ਮੱਦਦ ਜ਼ਰੂਰ ਕਰੇਗਾ। ਜਦ ਇਕ-ਇਕ ਕਰਕੇ ਸਾਰੇ ਵਿਭਾਗਾਂ ਦਾ ਸੱਚ ਨੰਗਾ ਹੁੰਦਾ ਜਾਂਦਾ ਹੈ ਤਾਂ ਆਮ ਮਨੁੱਖ ਸੋਚਦਾ ਹੈ ਕਿ ਆਖਿਰ ਉਹ ਕਿਥੇ ਖੜਾ ਹੈ? ਉਸਦੀ ਹੋਂਦ ਕੀ ਹੈ?

ਸਮੁੱਚੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਹਿਲੀ ਵਾਰ ਇਸ ਨਾਵਲ ਵਿਚ ਸਮਾਜ ਦੇ ਹਰੇਕ ਪ੍ਰਬੰਧ ਦਾ ਸਮੱਗਰ ਰੂਪ ਵਿਚ ਚਿਤਰਨ ਕੀਤਾ ਗਿਆ ਹੈ। ਇਹ ਚਿਤਰਨ ਵਰਣਾਤਮਕ ਨਾ ਹੋ ਕੇ ਵਾਰਤਾਲਾਪੀ (ਵਿਹਾਰਕ) ਵਿਧੀ ਰਾਹੀਂ ਕੀਤਾ ਗਿਆ ਹੈ। ਹਰ ਪ੍ਰਬੰਧ ਦੇ ਹਾਲਾਤ ਉਸ ਪ੍ਰਬੰਧ ਨਾਲ ਸੰਬੰਧਿਤ ਪਾਤਰ ਖੁਦ ਬਿਆਨ ਕਰਦੇ ਹਨ। ਇਕ ਯਥਾਰਥਵਾਦੀ ਸਾਹਿਤਕਾਰ ਹੀ 'ਸਮੇਂ ਦੇ ਸੱਚ' ਦੀ ਪੇਸ਼ਕਾਰੀ ਆਪਣੇ ਪਾਤਰਾਂ ਰਾਹੀਂ ਕਰਦਾ ਹੈ। ਉਹ ਸਮਾਜ ਦਾ ਜਾਤੀ-ਵਿਰੋਧ, ਜੀਵਨ, ਜੀਵਨ-ਘੋਲ, ਉਨ੍ਹਾਂ ਦੇ ਆਪਸੀ ਤੇ ਆਲੇ-ਦੁਆਲੇ ਨਾਲ ਰਿਸ਼ਤੇ, ਕਦਰਾਂ-ਕੀਮਤਾਂ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਬਦਾ ਹੈ। ਮਿੱਤਰ ਸੈਨ ਮੀਤ ਇਕ ਯਥਾਰਥਵਾਦੀ ਸਹਿਤਕਾਰ ਵਜੋਂ

ਉਭਰਦਾ ਹੈ। ਉਸਨੇ ਨਿਆਂ, ਪੁਲਿਸ, ਰਾਜਨੀਤੀ, ਸਿਹਤ ਸਹੂਲਤਾਂ, ਧਾਰਮਿਕ ਸੰਸਥਾਵਾਂ, ਜਨਤਕ ਜਥੇਬੰਦੀਆਂ, ਜ਼ੁਲਮ, ਦੁੱਖ-ਦਰਦ, ਹੱਕ, ਸੱਚ ਆਦਿ ਦੀ ਜਿਸ ਢੰਗ ਨਾਲ ਸਮੱਗਰੀ ਪੇਸ਼ਕਾਰੀ ਕੀਤੀ ਹੈ। ਲੱਗਦਾ ਹੈ ਕਿ ਉਸਨੇ ਸਮੱਸਿਆਵਾਂ ਨੂੰ ਵਿਅਕਤੀਗਤ ਰੂਪ ਵਿਚ ਵੇਖਿਆ ਹੈ। ਲੇਖਕ ਦਾ ਵਕੀਲ ਦੇ ਪੇਸ਼ੇ ਨਾਲ ਸੰਬੰਧਿਤ ਹੋਣਾ ਇਸਦਾ ਵੱਡਾ ਸਬੂਤ ਹੈ। ਲੇਖਕ ਘਟਨਾਵਾਂ ਨੂੰ ਲੜੀਬੱਧ/ਤਰਤੀਬਵਾਰ ਘੋਖਦਾ, ਉਨ੍ਹਾਂ ਦੇ ਕਾਰਨਾਂ ਦਾ ਪਤਾ ਲਗਾਉਂਦਾ ਤੇ ਫਿਰ ਗਤੀਮਾਨ ਰੂਪ ਵਿਚ ਵਿਚਰਦੀਆਂ ਦਿਖਾਉਂਦਾ ਹੈ। ਇਸ ਵਿਚ ਨਾਵਲਕਾਰ ਨੇ ਚੇਤਨਾ ਪ੍ਰਵਾਹ ਜਾਂ ਪਿੱਛਲ ਝਾਤ ਦੀ ਨਾਵਲੀ ਵਿਧੀ ਜਾਂ ਸ਼ੈਲੀ ਦੀ ਵਰਤੋਂ ਤੋਂ ਗੁਰੇਜ਼ ਕਰਦਿਆਂ ਪਾਠਕ ਨਾਲ ਸਿੱਧੀ ਗੱਲ ਕੀਤੀ ਹੈ। ਸਮਾਜ ਵਿਚ ਕੀ ਹੋ ਰਿਹਾ ਹੈ? ਬਾਰੇ ਚਿੰਤਤ ਕਰਦਾ, ਜਾਗ੍ਰਿਤ ਕਰਦਾ ਹੈ ਅਤੇ ਇਸ ਘਟੀਆ ਪ੍ਰਬੰਧ ਖਿਲਾਫ਼ ਕੁਝ ਕਰ ਗੁਜਰਨ ਲਈ ਹਲਾਸ਼ੇਰੀ ਦਿੰਦਾ ਹੈ।

## ਹਵਾਲੇ ਤੇ ਟਿੱਪਣੀਆਂ


1. 'ਭੂਮਿਕਾ', ਇੰਦਰ ਸਿੰਘ ਖ਼ਾਮੋਸ਼, **ਤਫ਼ਤੀਸ਼**
2. 'ਹੁੰਗਾਰਾ', **ਕੌਰਵ ਸਭਾ**
3. **ਕੌਰਵ ਸਭਾ**, ਪੰਨਾ-28
4. ਉਹੀ, ਪੰਨਾ-50
5. ਉਹੀ, ਪੰਨਾ-174
6. ਉਹੀ, ਪੰਨਾ-86
7. ਉਹੀ, ਪੰਨਾ-133

# 14
# ਭ੍ਰਿਸ਼ਟ ਲੋਕਤੰਤਰੀ ਪ੍ਰਬੰਧ ਦੀ ਤ੍ਰਾਸਦੀ ਦਾ ਪ੍ਰਵਚਨ : 'ਕੌਰਵ ਸਭਾ'

**ਸੁਖਵੀਰ ਬੀਹਲਾ**

'ਕੌਰਵ ਸਭਾ' (2003) ਨਾਵਲ ਦਾ ਖ਼ਾਮੋਸ਼ ਪਾਠ ਲੇਖਕ ਵਲੋਂ ਵਿਆਖਿਆ ਵਜੋਂ ਸਮੁੱਚੇ ਨਾਵਲ ਦੇ ਬਿਰਤਾਂਤ ਵਿਚ ਖੋਲ੍ਹ ਦਿੱਤਾ ਗਿਆ ਹੈ। ਇਸ ਕਰਕੇ ਇਹ ਨਾਵਲ ਦੇ ਪ੍ਰਵਚਨ ਦੀ ਪੜ੍ਹਤ ਪਾਠ ਕੇਂਦਰਤ ਰਚਨਾ ਦੇ ਵਿਹਾਰ ਵਿਚ ਨਿਹਿਤ ਹੈ। ਇਹ ਰਚਨਾ ਜੋ ਬੋਲ ਰਹੀ ਹੈ ਉਸ ਨੂੰ ਪਕੜਨਾ ਹੀ ਰਚਨਾ ਦੀ ਪੜ੍ਹਤ ਨਾਲ ਇਨਸਾਫ਼ ਹੈ ਭਾਵ ਸਿਧਾਂਤਕ ਚੌਖਟਿਆ ਤੱਕ ਘਟਾ ਕੇ ਦੇਖਣ ਨਾਲ ਇਸ ਰਚਨਾ ਦੀ ਚੇਤਨਾ ਨਾਲ ਬੇਇਨਸਾਫ਼ੀ ਹੋਣ ਦਾ ਡਰ ਹੈ। ਮੈਨੂੰ ਇਥੇ ਇਹ ਗੱਲ ਕਹਿਣ ਤੋਂ ਗੁਰੇਜ਼ ਨਹੀਂ ਕਿ ਇਹ ਰਚਨਾ ਸਿਧਾਂਤਕ ਚੌਖਟਿਆਂ ਤੋਂ ਬਾਹਰ ਵੀ ਵਿਚਰਦੀ ਹੈ। ਇਸ ਰਚਨਾ ਦੀਆਂ ਸਭ ਸਿਧਾਂਤਕ ਪੜ੍ਹਤਾਂ ਸੀਮਤ ਹਨ। ਇਹ ਨਾਵਲ ਆਪਣੇ ਕਥਾ-ਸਿਧਾਂਤ ਕਰਕੇ ਪੰਜਾਬੀ ਨਾਵਲ ਵਿਚ ਮੁੱਲਵਾਨ ਵਾਧਾ ਕਰਦਾ ਪੰਜਾਬੀ ਗਲਪ-ਸ਼ਾਸਤਰ ਵਿਚ ਵਾਧਾ ਕਰਦਾ ਹੈ। ਮਿੱਤਰ ਸੈਨ ਮੀਨ ਦਾ ਇਹ ਪੰਜਵਾਂ ਨਾਵਲ ਹੈ ਇਸ ਤੋਂ ਪਹਿਲਾਂ **ਅੱਗ ਦੇ ਬੀਜ** (1981), **ਕਾਫ਼ਲਾ** (1986), **ਤਫ਼ਤੀਸ਼** (1990) ਅਤੇ **ਕਟਹਿਰਾ** (1993) ਚਾਰ ਨਾਵਲਾਂ ਦੀ ਰਚਨਾ ਨਾਲ ਲੇਖਕ ਆਪਣੇ ਨਾਵਲਾਂ ਦੀ ਵੱਖਰੀ ਭੂਮੀ ਕਰਕੇ ਪਛਾਣ ਬਣਾ ਚੁੱਕਾ ਹੈ। ਇਸ ਨਾਵਲ ਨਾਲ ਜਿੱਥੇ ਲੇਖਕ ਬਿਰਤਾਂਤ ਸਿਰਜਣ ਵਿਚ ਪ੍ਰਪੱਕ ਹੁੰਦਾ ਹੈ ਉਥੇ ਸਵੈ ਅਨੁਭਵ ਨੂੰ ਸਮੀਖਿਆਤਮਕ ਨੁਹਾਰ ਵੀ ਦਿੰਦਾ ਹੈ। ਇਸ ਕਰਕੇ ਇਹ ਨਾਵਲ ਬਿਰਤਾਂਤ ਨੂੰ ਵਿਅੰਗ ਰਾਹੀਂ ਰਸਪੂਰਨ, ਉਤੇਜਿਕ ਪਰ ਖੁਲਾਸਾਪੂਰਨ, ਦ੍ਰਿਸ਼ਾਮੂਲਕ, ਦਸ਼ਾਮੂਲਕ ਅਤੇ ਦਿਸ਼ਾਮੂਲਕ ਬਣਾਉਣ ਵਿਚ ਸਫ਼ਲ ਹੈ। ਲੇਖਕ ਨੇ ਇਤਿਹਾਸ ਚੇਤਨਾ (ਧਰਿ ਰਾਸ਼ਟਰ ਤਾਂ ਅੱਖਾਂ ਤੋਂ ਅੰਨਾ ਸੀ ਪਰ ਕੰਧਾਰੀ ਨੂੰ ਅੱਖਾਂ 'ਤੇ ਪੱਟੀ ਬੰਨਣ ਦੀ ਕੀ ਮਜਬੂਰੀ ਸੀ) ਤੋਂ ਲੈ ਕੇ ਅਜੋਕੇ ਪ੍ਰਸੰਗ ਵਿਚ ਫਰਜਾਂ ਤੋਂ ਕੁਤਾਹੀ ਕਰਨ ਵਾਲੇ ਗ਼ੈਰ ਜ਼ੁੰਮੇਵਾਰ ਲੋਕਾਂ ਦੀ ਬੀਮਾਰ ਮਾਨਸਿਕਤਾ ਨੂੰ ਬੇਨਕਾਬ ਕੀਤਾ ਹੈ। ਇਹ ਨਾਵਲ ਸਥਾਨਕ ਅਦਾਲਤਾਂ ਦੇ ਭ੍ਰਿਸ਼ਟ ਪ੍ਰਬੰਧ, ਪੁਲਿਸ ਅਤੇ ਰਾਜਨੀਤਕ ਲੋਕਾਂ ਦੇ ਗੰਦੇ ਕਿਰਦਾਰ, ਭ੍ਰਿਸ਼ਟ ਅਫ਼ਸਰਸ਼ਾਹੀ ਦੀ ਤੇ ਵਕੀਲ-ਜੱਜਾਂ ਦੀ ਮਰ ਚੁੱਕੀ ਜ਼ਮੀਰ, ਲੋਕਾਂ ਨੂੰ ਸਹੂਲਤਾਂ ਦੇਣ ਵਾਲੇ ਲੋਕਾਂ ਦੀ ਮੁਨਾਫ਼ਾਗਤ ਸੋਚ, ਹਸਪਤਾਲੀ ਕਰਮਚਾਰੀਆਂ ਤੇ ਡਾਕਟਰਾਂ 'ਚੋਂ ਮਰ ਚੁੱਕੀ ਮਾਨਵਤਾ, ਵਿਕੀ ਹੋਈ ਪ੍ਰੈਸ ਤੇ ਅੰਨੇ ਕਾਨੂੰਨ ਦੀਆ ਵਿਰਲਾਂ ਨੂੰ ਵਿਅੰਗ ਰਾਹੀਂ ਬੇਕਿਰਕ ਬੇਨਕਾਬ ਕਰਨ ਦਾ ਜਜ਼ਬਾ ਦਰਕਾਰ ਰੱਖਦਾ ਹੈ। ਅਸਲ ਵਿਚ ਇਹ ਨਾਵਲ ਮੰਡੀ ਦੌੜ ਵਿਚ ਖ਼ਪਤ ਸਭਿਅਚਾਰ ਦਾ ਸ਼ਿਕਾਰ ਹੋਏ ਪਾਤਰਾਂ ਰਾਹੀਂ ਪੈਦਾ ਕੀਤੀ ਤ੍ਰਾਸਦੀ ਕਰਕੇ ਗਿਰ ਚੁੱਕੇ ਮਾਨਵੀ ਇਖ਼ਲਾਕ ਦਾ ਗਿਰਾਫ਼ ਹੈ। ਇਹ ਨਾਵਲ ਇਕ ਪਾਸੇ ਸਮਾਜਕ ਪ੍ਰਬੰਧਾਂ ਦੇ ਬਦਲਾਅ ਦੀ ਮੰਗ ਕਰਕੇ ਉੱਤਮ ਪ੍ਰਬੰਧ ਦੀ ਸਿਰਜਣਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਅਜਿਹੇ ਪ੍ਰਬੰਧਾਂ ਦੀ ਥਾਂ ਇਨ੍ਹਾਂ ਦੇ ਹੋਂਦ ਵਿਚ ਨਾ ਹੋਣ ਦੀ ਮੰਗ ਕਰਦਾ ਹੈ ਕਿ ਬੰਦੇ ਨੂੰ ਇਸਦੀ ਲੋੜ ਹੀ ਨਾ ਪਵੇ ਜੇ ਉਹ ਮਨੁੱਖ ਬਣਕੇ ਹੀ ਰਹੇ। ਇਹ ਨਾਵਲ ਮਨੁੱਖ ਵਲੋਂ ਸਿਰਜੇ ਪ੍ਰਬੰਧ ਰਾਹੀਂ ਮਨੁੱਖ ਨੂੰ ਨਾ ਪੂਰੇ ਜਾ ਸਕਣ ਵਾਲੇ ਘਾਟੇ ਨੂੰ ਨਾ ਉਪਜਾਉਣ ਦੇ ਹੱਕ ਵਿਚ ਹੈ। ਅਦਾਲਤਾਂ ਦੇ ਹੁਕਮ ਰਾਹੀਂ ਮਨੁੱਖ ਦੇ ਕਈ ਅਜਿਹੇ ਘਾਟੇ ਪੂਰੇ ਨਹੀਂ ਕੀਤੇ ਜਾ ਸਕਦੇ ਜੋ ਮਨੁੱਖਤਾ ਦੇ ਗਿਰੇ

ਗਿਰਾਫ਼ ਕਰਕੇ ਪੈਦਾ ਹੁੰਦੇ ਹਨ। ਇਹ ਨਾਵਲ ਇਸੇ ਤ੍ਰਾਸਦੀ ਤੋਂ ਸੁਚੇਤ ਕਰਵਾਉਂਦਾ ਹੈ।

> 'ਕੀ ਜਵਾਨ ਪੁੱਤਰ ਦੀ ਮੌਤ ਦਾ ਕੋਈ ਮੁੱਲ ਹੁੰਦਾ ਹੈ? ਕੀ ਕੁਆਰੀ ਧੀ ਦੀ ਇੱਜ਼ਤ ਦਾ ਕੋਈ ਮੁੱਲ ਹੁੰਦਾ ਹੈ।?' ਪੰਨਾ 216

'ਕੌਰਵ ਸਭਾ' ਨਾਵਲ ਵਿਚ 'ਮਾਇਆ' ਕੇਂਦਰ ਵਿਚ ਹੈ। ਮਾਇਆ ਆਪਣੇ ਆਪ ਵਿਚ ਸ਼ਕਤੀ ਹੈ। ਮਾਇਆ ਕਮਾਉਣਾ ਕਿਸੇ ਵੀ ਪਾਤਰ ਦਾ ਅੰਤਿਮ ਲਕਸ਼ ਨਹੀਂ ਹੈ ਸਗੋਂ ਮਾਇਆ ਨੂੰ ਸਾਧਨ ਵਜੋਂ ਇਕੱਠੇ ਕਰਨਾ ਜਾਂ ਵਰਤਣਾ ਅੰਤਿਮ ਲਕਸ਼ ਹੈ। ਮਾਇਆ ਹੀ ਸ਼ਕਤੀ ਸਿਰਜ ਸਕਦੀ ਹੈ ਅਤੇ ਮਾਇਆ ਹੀ ਸ਼ਕਤੀ ਖ਼ਰੀਦ ਸਕਦਾ ਹੈ ਜੋ ਚਾਹੇ ਕਰ ਸਕਦਾ ਹੈ ਜੋ ਚਾਹੇ ਵੇਚ ਸਕਦਾ ਹੈ। ਮਾਇਆ ਹੀ ਕਾਬਲੀਅਤਾ ਨੂੰ ਖ਼ਰੀਦਦੀ ਹੈ ਜੋ ਸ਼ਕਤੀ ਨੂੰ ਹੀ ਪ੍ਰੌੜਤਾ ਦਿੰਦੀ ਹੈ। ਇਹ ਸ਼ਕਤੀ ਸੁਖ ਸਹੂਲਤਾਂ ਦੇ ਸਾਧਨਾਂ ਨੂੰ ਇਕੱਠੇ ਕਰਨ, ਆਪਣੀ ਹੋਂਦ (ਨਾਂ) ਜਤਾਉਣ, ਆਪਣਾ ਸਿੱਕਾ ਮਨਾਉਣ ਵੱਡੇ ਬਨਣ ਦੀ ਦੌੜ ਦੇ ਰੂਪ ਵਿਚ ਮਾਇਆ ਨੂੰ ਸਾਧਨ ਵਜੋਂ ਅਪਣਾਉਂਦੀ ਹੈ। ਸੋ ਮਾਇਆ ਹੀ ਖ਼ਪਤ ਸਭਿਆਚਾਰ ਦੇ ਵਰਤਾਰੇ ਨੂੰ ਸਿਰਜਦੀ ਹੈ। ਇਸੇ ਅਨੁਸਾਰ ਹੀ ਇਹ ਵਰਤਾਰਾ ਸੈੱਟ ਹੁੰਦਾ ਹੇ। ਮਾਇਆ ਦੀ ਦੌੜ ਹੀ ਕੌਰਵਾਂ ਦੀ ਸਭਾ (ਗ਼ੈਰ ਇਖ਼ਲਾਕ) ਸਿਰਜਦੀ ਹੈ ਜੋ ਜੋੜ-ਤੋੜ, ਝੂਠ ਦੇ ਪੁਲੰਦੇ, ਦਾਅ-ਪੇਚ, ਧੱਕੇਸ਼ਾਹੀ, ਬੇਈਮਾਨੀ ਰਾਹੀਂ ਭ੍ਰਿਸ਼ਟ ਪ੍ਰਬੰਧ ਨੂੰ ਸਿਰਜਦੀ ਹੈ। ਇਸ ਦੌੜ ਨੇ ਇਨਸਾਨ ਨੂੰ ਸ਼ੈਤਾਨ ਬਣਾ ਦਿੱਤਾ ਹੈ। ਹਰ ਕੋਈ ਸਵੈ ਦੇ ਵੱਡੇਪਣ ਨੂੰ ਦਰਸਾਉਣ ਲਈ ਮੁਨਾਫ਼ਾਖੋਰ, ਮੌਕਾ ਪ੍ਰਸਤ, ਜੁਗਾੜੂ ਬਣ ਚੁੱਕਾ ਹੈ। ਭਾਰਤੀ ਨਗਰ ਜੀਵਨ ਦੇ ਪ੍ਰਸੰਗ ਵਿਚ ਮਾਇਆ ਨਗਰ ਇਸੇ ਵਰਤਾਰੇ ਦਾ ਰੂਪ ਹੈ।

> 'ਮਾਇਆ ਨਗਰ ਵਿਚ ਚਲਦੀ ਦਾ ਨਾਂ ਗੱਡੀ ਸੀ'। ਪੰਨਾ 266

ਮਾਇਆ ਨਗਰ ਵਿਚ 'ਚਲਦੀ' ਦਾ ਆਧਾਰ ਮਾਇਆ ਹੈ। ਇਹ ਨਗਰ ਕਾਲੇ ਧੰਦਿਆਂ ਤੇ ਕਮਰਸ਼ੀਅਲਪੁਣੇ ਦਾ ਧਰਾਤਲ ਹੈ। ਮਾਇਆ ਹਥਿਆਉਣ ਲਈ ਪੁੱਠੇ ਸਿੱਧੇ ਭ੍ਰਿਸ਼ਟ ਰਹ ਲੱਭਣ ਤੋਂ ਗੁਰੇਜ਼ ਨਾ ਕਰਕੇ ਫ਼ਰਜ਼ਾਂ ਤੇ ਇਖ਼ਲਾਕ ਨੂੰ ਛਿੱਕੇ ਟੰਗ ਕੇ ਮਾਇਆ ਕਮਾਉਣ ਲੋਕ ਆਪਣਾ ਧਰਮ ਸਮਝਦੇ ਹਨ। ਇਸ ਲਈ ਕਿਸੇ ਨੂੰ ਵੀ ਕੋਈ ਨੁਕਸਾਨ ਤੱਕ ਪਹੁੰਚ ਜਾਵੇ ਕਿਸੇ ਨੂੰ ਕੋਈ ਗੁਰੇਜ਼ ਨਹੀਂ। ਮਾਇਆ ਕਮਾਉਣ ਤੇ ਸਭ ਸਾਧਨਾਂ ਤੱਕ ਪਹੁੰਚਣ ਲਈ ਸਾਡੇ ਲੋਕਤੰਤਰੀ ਪ੍ਰਬੰਧ ਵਿਚ ਐਨੀਆਂ ਖ਼ਾਮੀਆਂ ਹਨ ਜਿਨ੍ਹਾਂ ਨੂੰ ਮੌਕਾਪ੍ਰਸਤੀ, ਮੁਨਾਫ਼ਾਖੋਰੀ, ਕਮਰਸ਼ੀਅਲ ਸੋਚ ਆਪਣੇ ਅਨੁਸਾਰ ਵਰਤਦੀ ਹੈ। ਇਸ ਪ੍ਰਬੰਧ ਵਿਚੋਂ ਕਾਨੂੰਨੀ ਮਾਹਿਰ (ਵਕੀਲ, ਜੱਜ) ਅਦਾਲਤੀ ਕਰਮਚਾਰੀ, ਪੁਲਸੀਏ, ਡਾਕਟਰ, ਅਫ਼ਸਰਸ਼ਾਹੀ, ਨੇਤਾ ਲੋਕ, ਦਲਾਲ, ਪ੍ਰੈਸ ਵਾਲੇ ਸਵੈ ਹਿੱਤਾਂ ਲਈ ਚੋਰ ਮੋਰੀਆਂ ਤਲਾਸ਼ਣ ਵਿਚ ਸਫ਼ਲ ਰਹਿੰਦੇ ਹਨ। ਇਹ ਪ੍ਰਬੰਧ ਚੋਰ ਮੋਰੀਆਂ ਕਰਕੇ ਮਾਇਆ ਸ਼ਕਤੀ ਰਾਹੀਂ ਸਰਮਾਏਦਾਰੀ ਦਾ ਦਲਾਲ ਬਣਕੇ ਰਹਿ ਗਿਆ ਹੈ। ਇਸ ਕਰਕੇ ਲੋਕਤੰਤਰੀ ਢਾਂਚਾ ਸਿਰਫ਼ ਨਾਂ ਦਾ ਹੀ ਲੋਕਤੰਤਰ ਬਣਕੇ ਰਹਿ ਗਿਆ ਹੈ ਅਸਲ ਵਿਚ ਇਹ ਸਰਮਾਏਦਾਰੀ ਦੇ ਹੱਕ ਵਿਚ ਭੁਗਤਣ ਵਾਲਾ ਭ੍ਰਿਸ਼ਟ ਤੰਤਰ ਬਣ ਗਿਆ ਹੈ। ਇਥੇ ਸਰਮਾਏਦਾਰੀ ਦੇ ਪ੍ਰਸੰਗ ਵਿਚ ਦੇਖੀਏ ਤਾਂ ਇਸ ਨਾਵਲ ਦਾ ਪਾਤਰ ਵੇਦ ਸਰਮਾਏਦਾਰ ਹੈ ਚੰਗੇ ਪੈਸੇ, ਪੂੰਜੀ ਦਾ ਮਾਲਕ ਹੈ। ਰਾਮ ਨਾਥ ਇਕ ਪਾਸੇ ਸਰਮਾਏਦਾਰੀ ਵਜੋਂ ਉਭਰਦਾ ਹੈ ਅਤੇ ਦੂਸਰੇ ਪਾਸੇ ਵੇਦ ਪਰਿਵਾਰ ਦੀ ਤ੍ਰਾਸਦਿਕ ਸਥਿਤੀ ਕਰਕੇ ਸਣੇ ਵੇਦ ਪਰਿਵਾਰ ਦੇ ਸਰਮਾਏਦਾਰੀ ਦੇ ਉਲਟ ਪਾਸੇ ਖੜ੍ਹਾ ਹੈ। ਵੇਦ ਪਰਿਵਾਰ ਤੇ ਰਾਮਨਾਥ ਆਦਿ ਧਿਰ ਵਲੋਂ ਲਾਈ ਗਈ ਪੂੰਜੀ ਸਰਮਾਏਦਾਰੀ ਦਾ ਪੱਖ ਨਹੀਂ ਪੂਰਦੀ। ਪੂੰਜੀ

ਸਰਮਾਏਦਾਰੀ ਵਿਚ ਉਦੋਂ ਬਦਲਦੀ ਹੈ ਜਦੋਂ ਇਸ ਨਾਵਲ ਦੇ ਪਾਤਰ ਪੂੰਜੀ ਨਾਲ ਸਵੈ ਹਿੱਤਾਂ ਨੂੰ ਅੱਗੇ ਰੱਖ ਕੇ ਦੂਸਰੇ ਨੂੰ ਨੁਕਸਾਨ ਪਹੁੰਚਾਉਣ ਤੋਂ ਗੁਰੇਜ਼ ਨਹੀਂ ਕਰਦੇ ਜਦੋਂ ਪਾਤਰਾਂ ਦਾ ਪੈਸੇ ਕਰਕੇ ਇਖ਼ਲਾਕੀ ਕਿਰਦਾਰ ਗਿਰ ਜਾਂਦਾ ਹੈ। ਸੋ ਇਸ ਨਾਵਲ ਦੀ ਸਮੱਸਿਆ ਪੂੰਜੀ ਕਰਕੇ ਦਰੜਨ ਵਾਲੀ ਅਤੇ ਦਰੜੀ ਜਾ ਰਹੀ ਧਿਰ ਦਰਮਿਆਨ ਹੈ। ਸਰਮਾਏਦਾਰੀ ਧਿਰ ਵਿਚ ਇਸ ਨਾਵਲ ਦੇ ਪਾਤਰ ਪੰਕਜ, ਪੰਚਮ, ਠੇਕੇਦਾਰ, ਕਾਲੀਆ, ਦੀਨਾ, ਪੰਡਤ, ਨੀਰਜ, ਵਿਨੇ, ਸਤੀਸ਼, ਅਜੇ, ਭ੍ਰਿਸ਼ਟ ਵਕੀਲ-ਜੱਜ, ਪੁਲਸੀਏ, ਡਾਕਟਰ, ਅਰਦਲੀ ਆਦਿ ਸਭ ਭ੍ਰਿਸ਼ਟ ਵਿਆਕਤੀ ਹਨ। ਇਸਦੇ ਦੂਸਰੇ ਪਾਸੇ ਨੇਹਾ, ਵੇਦ, ਨੀਲਮ, ਰਾਮਨਾਥ ਤੇ ਉਨ੍ਹਾਂ ਦਾ ਪਰਿਵਾਰ ਦਲਿਤ ਸ਼੍ਰੇਣੀ ਵਜੋਂ ਦਰੜੇ ਜਾਣ ਕਰਕੇ ਉੱਭਦੇ ਹਨ। ਇਸ ਨਾਵਲ ਦਾ ਮਸਲਾ ਜਾਤਾਂ ਦਾ ਨਹੀਂ ਸਗੋਂ ਜਮਾਤਾਂ ਦਾ ਹੈ। ਅਸਲ ਵਿਚ ਇਹ ਨਾਵਲ ਇਨਸਾਫ਼ ਦੀ ਪੁਕਾਰ ਕਰ ਰਹੀ ਦਲਿਤ ਧਿਰ ਦਾ ਤ੍ਰਾਸਦਿਕ ਪ੍ਰਵਚਨ ਹੈ। ਲਾਜ਼ਮੀ ਨਹੀਂ ਕਿ ਸਾਰੇ ਪੂੰਜੀ ਵਾਲੇ ਹੀ ਲੋਟੂ, ਮਰ ਚੁੱਕੀ ਜ਼ਮੀਰ ਵਾਲੇ ਹੁੰਦੇ ਹਨ। ਇਕ ਗਰੀਬ ਵੀ ਸਰਮਾਏਦਾਰ ਹੋ ਸਕਦਾ ਹੈ ਬਾਸ਼ਰਤ ਉਸਦੀਆਂ ਰੁਚੀਆਂ ਭ੍ਰਿਸ਼ਟ ਹੋਣ। ਸੋ ਮੇਰੀ ਨਜ਼ਰ ਵਿਚ ਇਹ ਨਾਵਲ ਭ੍ਰਿਸ਼ਟ ਰੁਚੀਆਂ ਕਰਕੇ ਦਮਿਤਾਂ (Subaltorns) ਦੇ ਤ੍ਰਾਸਦਿਕ ਬਿੰਬ ਸਿਰਜ ਕੇ ਮਨੁੱਖ ਦੇ ਜਾਂਗਲੀ ਹੋ ਚੁੱਕੇ ਵਿਹਾਰ 'ਤੇ ਕਿੰਤੂ ਕਰਦਾ ਹੈ। ਦਮਿਤ ਇਸ ਕਰਕੇ ਦਮਿਤ ਨਹੀਂ ਕਿ ਉਸ ਨੂੰ ਇਨਸਾਫ਼ ਨਹੀਂ ਮਿਲਦਾ। ਇਨਸਾਫ਼ ਮਿਲਣਾ ਤਾਂ ਇਕ ਸਮਾਜਕ ਪ੍ਰਬੰਧ ਜ਼ੁੰਮੇ ਹੈ ਜਦੋਂ ਕਿ ਤ੍ਰਾਸਦੀ ਨਾ ਉੱਭਰਨ ਦੇਣਾ ਮਰ ਚੁੱਕੀ ਮਨੁੱਖਤਾ ਕਰਕੇ ਹੈ ਭਾਵ ਬੰਦੇ ਵਿਚ ਪਸ਼ੂ, ਜਾਂਗਲੀ ਬਿਰਤੀਆਂ ਮਨਫ਼ੀ ਹੋਣ ਕਰਕੇ ਹੈ। ਇਹ ਨਾਵਲ ਦਮਿਤਾਂ ਦੇ ਨਾਲ ਉੱਭਰੇ ਸੱਚ ਦੀ ਤ੍ਰਾਸਦੀ ਨੂੰ 'ਪਾਸ਼' ਦੀਆਂ ਸਤਰਾਂ ਰਾਹੀਂ ਪ੍ਰੋੜਤਾ ਦਿੰਦਾ ਹੋਇਆ ਇਹ ਹੋਣਾ ਹੀ ਨਹੀਂ ਚਾਹੀਦਾ ਸੀ ਉਭਾਰਦਾ ਲਗਦਾ ਹੈ।

> 'ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ
> ਇਨ੍ਹਾਂ ਦੁਖਦੇ ਅੰਗਾਂ 'ਤੇ ਸੱਚ ਨੇ ਇਕ ਜੂਨ ਭੋਗੀ ਹੈ।' ਪੰਨਾ *268*

ਪੂੰਜੀਵਾਦੀ ਖ਼ਪਤ ਸਭਿਆਚਾਰ ਨੇ ਮਨੁੱਖ ਵਿਚੋਂ ਵਫ਼ਾਦਾਰੀ ਨੂੰ ਮਨਫ਼ੀ ਕਰ ਦਿੱਤਾ ਹੈ। ਇਹ ਨਾਵਲ ਮੰਨ ਕੇ ਚਲਦਾ ਹੈ ਕਿ ਮਾਇਆ ਵਿਚ ਵਫ਼ਾਦਾਰੀ ਦਾ ਨਾਮ ਨਿਸ਼ਾਨ ਨਹੀਂ। (ਪੰਨਾ *14*) ਚੌਵੀ ਘੰਟੇ ਬੰਦੇ ਦੀ ਸ਼ਕਤੀ ਜੁਗਾੜਬੰਦੀ ਵਿਚ ਬਦਲਦੀ ਰਹਿੰਦੀ ਹੈ। ਸਮਾਜ ਵਿਚ ਬੰਦੇ ਦੀ ਸਿਆਣਪ ਵੀ ਉਸਦੇ ਮਾਇਆ ਕਮਾਉਣ ਦੇ ਢੰਗਾਂ ਵਿਚ ਹੈ। ਮਾਇਆ ਕਮਾਉਣ ਦੇ ਹਰ ਇਕ ਦਾਅ–ਪੇਚ ਨੂੰ ਵੀ ਕਾਬਲੀਅਤ ਦਾ ਹੀ ਹਿੱਸਾ ਸਮਝਿਆ ਜਾਂਦਾ ਹੈ। ਮਾਇਆ ਕਮਾਉਣ ਦੇ ਤਰੀਕੇ ਬੇਸ਼ੱਕ ਗਲਤ ਹੀ ਕਿਉਂ ਨਾ ਹੋਣ। ਲੋਕ ਮਾਨਸਿਕਤਾ ਵਿਚ ਮਿਹਨਤੀ ਨੂੰ ਲੇਖਕ ਵਿਅੰਗ ਨਾਲ ਡੀਕੋਡ ਕਰਦਾ ਹੈ।

> 'ਮਾਇਆ ਨਗਰ ਵਿਚ ਮੋਹਨ ਵਰਗੇ ਕਈ ਮਿਹਨਤੀ ਅਫ਼ਸਰ ਬੈਠੇ ਸਨ। ਉਹ ਵਫ਼ਾਦਾਰ ਭਾਵੇਂ ਘੱਟ ਸਨ ਪਰ ਜੁਗਾੜੀਏ ਵੱਧ ਸਨ।' ਪੰਨਾ *13*

ਭ੍ਰਿਸ਼ਟ ਪ੍ਰਬੰਧ ਵਿਚ ਉਪਰਲੀ ਸ਼ਾਖ ਤੋਂ ਲੈ ਕੇ ਹੇਠਾਂ ਤੱਕ ਬੇਈਮਾਨੀ, ਚਲਾਕੀ, ਸਿਆਸਤ, ਝੂਠ ਦਾ ਗਲਬਾ ਹੈ। ਮੁੱਖ ਮੰਤਰੀ ਤੋਂ ਲੈ ਕੇ ਕੋਰਟ ਵਿਚ ਪਾਣੀ ਦੀ ਤੋਟ ਵਿਚ ਰੇਹੜੀ 'ਤੇ ਸੋਢੇ ਵੇਚਣ ਵਾਲੇ ਤੱਕ ਸਭ 'ਵਸਤੂ' ਤੇ 'ਸ਼ਕਤੀ' ਕੇਂਦਰਤ ਹੋ ਕੇ ਮਾਇਆ ਖੋਰੀ ਭ੍ਰਿਸ਼ਟ ਹੋ ਚੁੱਕੇ ਹਨ। ਇਸ ਉਪਰਲੀ ਸ਼ਾਖ ਤੋਂ ਹੇਠਲੀ ਸ਼ਾਖ ਤੱਕ ਪੁੱਠੇ, ਝੂਠੇ, ਬੇਈਮਾਨ, ਮਾੜੇ ਤਰੀਕਿਆਂ ਨਾਲ ਮਾਇਆ

ਕਮਾਉਣਾ ਅਤੇ ਇਖ਼ਲਾਕ ਤੋਂ ਗਿਰ ਕੇ ਕੰਮ ਕਰਨਾ ਭ੍ਰਿਸ਼ਟਾਚਾਰੀ ਦਾ ਬਹੁਕੋਣਾ ਰੂਪ ਹੈ। ਨੰਦ ਲਾਲ ਸਿੰਗਲਾ, ਪ੍ਰਤਾਪ ਸਿੰਘ, ਬਘੇਲ ਸਿੰਘ, ਮੁੱਖ ਮੰਤਰੀ, ਬਾਬੂ ਜੀ, ਹੋਮ ਸੈਕਟਰੀ, ਮੇਲੂ ਡਾਇਰੀ ਵਾਲਾ, ਨੇਮੀ ਨਾਥ, ਵਾਸੁਦੇਵ, ਪੁਲਿਸ ਮੁਖੀ, ਮੁੱਖ ਅਫ਼ਸਰ, ਸੁੰਦਰ ਸਿੰਘ, ਜਗਜੀਤ ਸਿੰਘ, ਸਿਹਤ ਮੰਤਰੀ, ਡਾਕਟਰ, ਜੱਜ, ਜ਼ਿਲ੍ਹਾ ਅਟਾਰਨੀ, ਸਿਹਤ ਅਫ਼ਸਰ ਆਦਿ ਇਸੇ ਲੜੀ ਦੇ ਪਾਤਰ ਹਨ। ਇਸ ਤਰ੍ਹਾਂ ਭ੍ਰਿਸ਼ਟਾਚਾਰੀ ਅਤੇ ਰਿਸ਼ਵਤਖੋਰੀ ਦੀ ਸਿੱਧੀ ਬਣੀ ਪਰਿਭਾਸ਼ਾ ਨਹੀਂ ਇਹ ਗਿਰੀ ਜ਼ਮੀਰ, ਗਿਰ ਚੁੱਕੇ ਇਖ਼ਲਾਕ, ਮੁਨਾਫ਼ਾਖੋਰੀ ਦੀ ਲਾਲਸਾ ਦੇ ਪੁੱਠੇ ਤਰਕ, ਬੇਈਮਾਨੀ ਕਰਕੇ ਵੀ ਉਭਰਦੀ ਹੈ, ਇਸ ਕਰਕੇ ਸਮੁੱਚਾ ਪ੍ਰਬੰਧ ਸਵੈ ਹਿੱਤਾਂ ਲਈ 'ਸ਼ੁਹਰਤ' ਕੇਂਦਰਤ ਰੂਪ ਧਾਰ ਚੁੱਕਾ ਹੈ।

ਇਸ ਭ੍ਰਿਸ਼ਟ ਪ੍ਰਬੰਧ ਬਾਰੇ ਇਹ ਨਾਵਲ ਖੁਲਾਸਾ ਕਰਕੇ ਚੱਲਦਾ ਹੈ ਕਿ ਨਿਰਦੋਸ਼ਾਂ (ਮੁੱਦਈ ਧਿਰ) ਨੂੰ ਇਨਸਾਫ਼ ਨਹੀਂ ਮਿਲਣਾ ਅਖ਼ੀਰ ਵਿਚ ਦੋਸ਼ੀ (ਮੁਲਜ਼ਮ) ਬਰੀ ਹੋ ਜਾਣਗੇ। ਇਹ ਨਾਵਲ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਦੋਸ਼ੀ ਕਿਵੇਂ ਬਰੀ ਹੋ ਜਾਣਗੇ, ਨਿਰਦੋਸ਼ ਕਿਸ ਤਰ੍ਹਾਂ ਹੰਬ-ਟੁੱਟ ਜਾਣਗੇ? ਇਹ ਗੱਲ ਉਤਸੁਕਤਾ ਪੂਰਨ ਇਸ ਨਾਵਲ ਵਿਚ ਬਣੀ ਰਹਿੰਦੀ ਹੈ। ਇਹ ਨਾਵਲ ਇਸੇ ਰਸਪੂਰਨ ਬਿਰਤਾਂਤ ਵਿਚ ਭ੍ਰਿਸ਼ਟ ਪ੍ਰਬੰਧ ਦੀਆਂ ਪਰਤਾਂ ਖੋਲਣ ਵਿਚ ਸਫ਼ਲ ਹੈ। ਜੇ ਦੇਖਿਆ ਜਾਵੇ ਤਾਂ ਇਹ ਨਾਵਲ ਭ੍ਰਿਸ਼ਟ ਪ੍ਰਬੰਧ ਦੇ ਲੁਕਵੇਂ ਯਥਾਰਥ ਦਾ ਸਮੀਖਿਆਤਮਕ ਰੁਪਾਂਤਰਣ ਹੈ। ਲੋਕਤੰਤਰੀ ਢਾਂਚੇ ਵਿਚ ਕਾਨੂੰਨ ਭ੍ਰਿਸ਼ਟ ਵਿਅਕਤੀਆਂ ਦੇ ਹੱਥ ਦੀ ਕਠਪੁਤਲੀ ਬਣਕੇ ਰਹਿ ਜਾਣ ਕਰਕੇ ਇਹ ਨਾਵਲ ਕਾਨੂੰਨ ਨੂੰ ਪੈਸੇ ਦਾ ਗੁਲਾਮ ਮੰਨ ਕੇ ਚਲਦਾ ਹੈ। ਇਮਾਨਦਾਰ ਜੱਜ 'ਸਾਧੂ' ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਪੈਸਾ ਹੀ ਸਭ ਕੁਝ ਨਹੀਂ ਹੁੰਦਾ ਵਕਾਲਤ ਕਰਨ ਵਾਲੇ ਲੋਕਾਂ ਦੇ ਸਾਇਲ ਪ੍ਰਤੀ ਇਖ਼ਲਾਕੀ ਫ਼ਰਜ਼ ਵੀ ਹੁੰਦੇ ਹਨ। (ਉਦਰਿਤ, ਪੰਨਾ-320) ਇਸੇ ਤਰ੍ਹਾਂ ਹੀ ਹਰੀਸ਼ ਰਾਏ ਵਰਗੇ ਨੌਜਵਾਨ ਵਕੀਲ ਜ਼ੁੰਮੇਵਾਰ, ਸੱਚੇ-ਸੁੱਚੇ ਹੋ ਕੇ ਰੋਲ ਮਾਡਲ ਬਣਦੇ ਹਨ। ਇਨ੍ਹਾਂ ਦੇ ਮੁਕਾਬਲੇ ਦੂਸਰੇ ਜੱਜ ਅਤੇ ਵਕੀਲ ਭ੍ਰਿਸ਼ਟਾਚਾਰੀ ਦੀ ਵਕਾਲਤ ਕਰਕੇ ਪੈਸੇ ਨੂੰ ਕੇਂਦਰ ਵਿਚ ਰੱਖ ਕੇ ਸ਼ਕਤੀ ਤੇ ਸ਼ੁਹਰਤ ਦਾ ਸਾਧਨ ਮੰਨਦੇ ਹਨ। ਇਹਨਾਂ ਲੋਕਾਂ ਦੀ ਨਜ਼ਰ ਵਿਚ ਕਾਨੂੰਨ ਪੈਸੇ ਕਮਾਉਣ ਲਈ ਬਣਿਆ ਪੈਸੇ ਦਾ ਗੁਲਾਮ ਹੈ ਅਤੇ ਲੋਕ ਜੀਵਨ ਦੇ ਅਨੁਭਵ ਤੋਂ ਵਿਹੂਣੇ ਜੱਜਾਂ ਦਾ ਫ਼ਰਜ਼ਾਂ ਪ੍ਰਤੀ ਵੀ ਇਹੋ ਗਿਰਿਆ ਵਤੀਰਾ ਹੈ। ਨੇਤਾ ਲੋਕ ਵੀ ਸਵੈ ਹਿੱਤਾਂ ਅਨੁਸਾਰ ਕਾਨੂੰਨ ਨੂੰ ਡੀਕੋਡ ਕਰਦੇ ਹਨ। ਸਮੁੱਚੇ ਤੌਰ ਤੇ ਇਸ ਢਾਂਚੇ ਵਿਚ ਕਾਨੂੰਨ ਸਰਮਾਏਦਾਰਾਂ ਦਾ ਰਖਵਾਲਾ (Law is the slave of the rich.....Page 206) ਬਣ ਕੇ ਰਹਿ ਗਿਆ ਹੈ। ਇਸ ਨਾਵਲ ਦਾ ਪਾਤਰ ਬਾਬੂ ਜੀ ਦੋਸ਼ੀ ਪੰਕਜ, ਨੀਰਜ ਹੋਰਾਂ ਦੀ ਕੀਤੀ ਜਾ ਰਹੀ ਖਿਚਾਈ ਨੂੰ ਉਨ੍ਹਾਂ ਨਾਲ ਹੋ ਰਹੀ ਬੇਇਨਸਾਫ਼ੀ ਵਜੋਂ ਡੀਕੋਡ ਕਰਦਾ ਹੈ ਤੇ ਦੂਸਰੇ ਭ੍ਰਿਸ਼ਟ ਵਿਅਕਤੀ ਕਾਨੂੰਨ ਨੂੰ ਪੈਸੇ ਅਨੁਸਾਰ ਕੋਡ ਕਰਦੇ ਹਨ। ਨਾਵਲਕਾਰ ਇਹਨਾਂ ਗੱਲਾਂ ਨੂੰ ਹੇਠ ਲਿਖੇ ਵਿਅੰਗਾਂ ਵਿਚ ਖਿਚਦਾ ਹੈ :

> 'ਰਾਜਧਾਨੀਆਂ ਵਿਚ ਬੈਠੇ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਵਿਚ ਘੁੰਮਦੇ ਅਤੇ ਏ ਅਰ ਕੰਡੀਸ਼ਨ ਵਿਚ ਬੈਠ ਕੇ ਫੈਸਲਾ ਕਰਨ ਵਾਲੇ ਜੱਜਾਂ ਨੂੰ ਆਮ ਜਨਤਾ ਦੇ ਦੁੱਖਾਂ ਦਾ ਕੀ ਪਤੈ? ਉਨ੍ਹਾਂ ਨੂੰ ਮੁਲਜ਼ਮ ਦੇ ਮਨੁੱਖੀ ਅਧਿਕਾਰਾਂ ਦਾ ਖਿਆਲ ਤਾਂ ਰਹਿੰਦਾ ਹੈ ਪਰ ਮੁਦੱਈ ਦੇ ਦੁੱਖਾਂ ਦਾ ਨਹੀਂ। ਪੰਨਾ 298
>
> ਬਾਬੂ ਜੀ ਦੇ ਬੋਲ 'ਉਨ੍ਹਾਂ ਨੇ ਬੇਇਨਸਾਫ਼ੀ ਵਿਰੁੱਧ ਖੜੋਣ ਦਾ ਵਾਅਦਾ ਕੀਤਾ ਸੀ। ਪੰਕਜ ਹੋਰਾਂ ਦੇ ਹੱਕ ਵਿਚ ਖੜੋਣ ਦਾ ਨਹੀਂ।' ਪੰਨਾ 69

'ਸਭ ਹੋ ਜਾਂਦਾ ਹੈ। ਪੈਸੇ ਵਿਚ ਬੜੀ ਤਾਕਤ ਹੈ। ਕਾਨੂੰਨ ਇਸ ਦਾ ਗੁਲਾਮ ਹੈ।' – ਪੰਨਾ *149*

'ਉਏ ਕੁਝ ਨਹੀਂ ਹੁੰਦਾ ਪੈਸੇ ਨਾਲ ਸਭ ਠੀਕ ਹੋ ਜਾਏਗਾ।' ਪੰਨਾ *103*

ਪੈਸੇ ਦੇ ਗੁਲਾਮ ਕਾਨੂੰਨੀ ਪ੍ਰਬੰਧ ਵਿਚ ਮੁੱਦਈ ਅਤੇ ਇਨਸਾਫ਼ ਪਸੰਦ ਇਨਸਾਨ ਜ਼ਿਆਦਾਤਰ ਚੁੱਪ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ ਕਿਉਂਕਿ ਚਾਰੇ ਪਾਸੇ ਹੀ ਭ੍ਰਿਸ਼ਟ ਵਿਆਕਤੀ ਹੋਣ ਕਰਕੇ ਸੱਚ ਦੇ ਹੱਕ ਵਿਚ ਖੜੋਨਾ ਔਖਾ ਹੋ ਜਾਂਦਾ ਹੈ। ਅਜਿਹੇ ਵਿਅਕਤੀ ਜਾਂ ਤਾਂ ਜ਼ਿਆਦਾਤਰ ਸਿਸਟਮ ਦਾ ਸ਼ਿਕਾਰ ਹੋ ਕੇ ਸਿਸਟਮ ਨੂੰ ਘੋਖਦੇ ਰਹਿੰਦੇ ਹਨ ਜਾਂ ਭ੍ਰਿਸ਼ਟ ਸਿਸਟਮ ਵਿਚ ਹੰਭ ਕੇ ਵੈਹ ਜਾਂਦੇ ਹਨ। ਸਾਡੇ ਕਾਨੂੰਨੀ ਪ੍ਰਬੰਧ ਦੀਆਂ ਖ਼ਾਮੀਆਂ ਨੂੰ ਦੂਰ ਕਰਨਾ ਉਨ੍ਹਾਂ ਲੋਕਾਂ ਵਸ ਵਿਚ ਹੈ ਜਿਹੜੇ ਕਾਨੂੰਨ ਨੂੰ ਆਪਣੇ ਅਨੁਸਾਰ ਢਾਲਦੇ ਹਨ। ਕਾਨੂੰਨ ਮੁਲਾਜ਼ਮਾਂ ਦੇ ਪੱਖ ਵਿਚ ਭੁਗਤਦਾ ਗਵਾਹੀ ਵਿਚ ਯਕੀਨ ਰੱਖਦਾ ਹੈ। ਕਾਨੂੰਨ ਨੇ ਪੁਲਿਸ, ਜੱਜਾਂ ਨੂੰ ਅਜਿਹੇ ਅਖ਼ਤਿਆਰ ਦਿੱਤੇ ਹਨ ਜਿਹੜੇ ਮੁਲਜ਼ਮਾਂ ਲਈ ਸਹੀ ਬੈਠਦੇ ਹਨ। ਅਸੀਂ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਦੀ ਥਾਂ ਉਨ੍ਹਾਂ ਤਰੀਕਿਆਂ ਦੀ ਪ੍ਰੋੜਤਾ ਕਰਦੇ ਹਾਂ ਜਿਹੜੇ ਲਚਕਦਾਰ ਹੋ ਕੇ ਮੁਲਜ਼ਮਾਂ ਨੂੰ ਫ਼ਾਇਦਾ ਦੇ ਸਕਣ ਅਤੇ ਦੋ ਨੰਬਰ ਦਾ ਮਾਇਆ ਦਾ ਸਾਧਨ ਬਣ ਸਕਣ। ਮੁਲਜ਼ਮਾਂ ਲਈ ਗਵਾਹੀ ਖਰੀਦੀ ਜਾਣੀ ਔਖੀ ਨਹੀਂ ਅਤੇ ਸੱਚੀ ਗਵਾਹੀ ਮਿਸਲਾਂ ਦੀ ਅਦਲਾ–ਬਦਲੀ ਨਾਲ ਰੱਦ ਕੀਤੀ ਜਾ ਸਕਣੀ ਔਖੀ ਨਹੀਂ। ਮੁਲਜ਼ਮਾਂ ਪੱਖੀ ਹੋ ਕੇ ਕਾਨੂੰਨ ਬਣਾਉਣ ਵਾਲਿਆਂ ਦੇ ਮਾਇਆਰਧਾਰੀ ਵਤੀਰੇ ਨੂੰ ਲੇਖਕ ਨੇ ਕਰੜੇ ਹੱਥੀਂ ਲਿਆ ਹੈ।

'ਕਸੂਰ ਗਵਾਹਾਂ ਦਾ ਨਹੀਂ ਸਾਡੇ ਢਾਂਚੇ ਦਾ ਹੈ। ਵਿਗਿਆਨ, ਚੰਦ ਦੀ ਹਿੱਕ 'ਤੇ ਪੈਰ ਰੱਖ ਕੇ ਮੰਗਲ ਗ੍ਰਹਿ ਤੱਕ ਪੁੱਜ ਗਿਆ ਹੈ ਅਸੀਂ ਅਠਾਰਾਂ ਸੌ ਬਹੱਤਵ ਦੇ ਕਾਨੂੰਨ ਨੂੰ ਜੱਫ਼ਾ ਮਾਰੀ ਬੈਠੇ ਹਾਂ। ਹਰ ਜ਼ੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਵਿਗਿਆਨਕ ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ। ਪੰਨਾ *305*

ਇਸ ਹੀ ਪ੍ਰਸੰਗ ਵਿਚ ਨੇਹਾ ਅਤੇ ਰਾਮਨਾਥ ਦਾ ਸੰਵਾਦ ਹੈ।

'ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ।

'ਫੇਰ ਅਜਿਹੇ ਕਾਨੂੰਨ ਨੂੰ ਬਦਲ ਕਿਉਂ ਨਹੀਂ ਦਿੱਤਾ ਜਾਂਦਾ?

'ਬਦਲੇ ਕੌਣ? ਬਦਲਣ ਵਾਲੇ ਖੁਦ ਮੁਜਰਮ ਹਨ। ਇਹ ਖਾਮੀਆਂ ਉਨ੍ਹਾਂ ਨੂੰ ਰਾਸ ਆਉਂਦੀਆਂ ਹਨ।' ਪੰਨਾ *300*

ਇਸ ਕਾਨੂੰਨੀ ਪ੍ਰਬੰਧ ਵਿਚ ਗਵਾਹ 'ਝੂਠ' ਦੇ ਪੁਲੰਦੇ ਅਤੇ ਮੁਲਜ਼ਮ ਰੱਬ ਦੇ ਦੂਤ ਬਣ ਕੇ ਰਹਿ ਗਏ ਹਨ। ਸਾਡਾ ਕਾਨੂੰਨੀ ਪ੍ਰਬੰਧ ਝੂਠ ਦਾ ਪ੍ਰਬੰਧ ਬਣਕੇ ਰਹਿ ਗਿਆ ਹੈ। ਇਸ ਪ੍ਰਬੰਧ ਵਿਚ ਸੱਚ ਝੂਠ ਬਣਕੇ ਰਹਿ ਜਾਂਦਾ ਹੈ ਅਤੇ ਝੂਠ ਨੂੰ ਸੱਚ ਸਾਬਤ ਕੀਤਾ ਜਾਂਦਾ ਹੈ। ਇਹ ਝੂਠ ਨੂੰ ਕੱਟਣ ਲਈ ਸੌ ਝੂਠਾਂ ਦਾ ਸਹਾਰਾ ਲੈਣਾ ਪੈਂਦਾ ਹੈ ਕਿਉਂਕਿ ਅਦਾਲਤਾਂ ਵਿਚ ਝੂਠ ਵੀ ਤਰਕਾਂ 'ਤੇ ਖੜ੍ਹਾ ਹੋਣ ਕਰਕੇ ਸੱਚ ਦਾ ਰੂਪ ਬਣ ਜਾਂਦਾ ਹੈ। ਝੂਠ ਨੂੰ ਮਾਰਨ ਲਈ ਝੂਠ ਬਲਵਾਨ ਹੈ। ਇਸ ਪ੍ਰਬੰਧ ਵਿਚ ਨਿਰਦੋਸ਼ ਇਕ ਪਾਸੇ ਪਹਿਲਾਂ ਹੀ ਦਮਿਤ ਹਨ ਦੂਸਰੇ ਪਾਸੇ ਦੋਸ਼ੀ ਦੇ ਬਰੀ ਹੋਣ ਨਾਲ ਹੋਰ ਹਾਰ ਜਾਂਦੇ ਹਨ। ਝੂਠ ਨਾਲ ਨਿਰਦੋਸ਼ ਸਜ਼ਾ ਖਾ ਜਾਂਦੇ ਹਨ ਅਤੇ ਦੋਸ਼ੀ ਬਰੀ ਹੋ ਜਾਂਦੇ ਹਨ ਲੇਖਕ ਇਸ ਨੂੰ ਕੋਡ ਕਰਦਾ ਸੱਚ ਨਾਲ ਦੋਸ਼ੀਆਂ ਦੇ ਬਰੀ ਹੋਣ ਦੀ ਗੱਲ ਕਰਦਾ ਹੈ ਅਤੇ ਸੱਚੇ ਦਾ ਸੱਚ ਨਾ ਬੋਲ

ਸਕਣ ਦੀ ਮਜ਼ਬੂਰੀ ਨੂੰ ਨੇਹਾ ਤੇ ਉਸਦੇ ਮਾਮੇ ਰਾਮਨਾਥ ਦੇ ਸੰਵਾਦ ਵਿਚ ਅੰਕਿਤ ਕੀਤਾ ਹੈ।

> "ਮਾਮਾ ਮੈਥੋਂ ਇੱਡਾ ਵੱਡਾ ਝੂਠ ਨਹੀਂ ਬੋਲਿਆ ਜਾਣਾ" ਖਿਝੀ ਹੋਈ ਨੇਹਾ ਨੇ ਮਾਮੇ ਕੋਲ ਮਜ਼ਬੂਰੀ ਜ਼ਾਹਰ ਕੀਤੀ।"
>
> "ਬੋਲਣਾ ਪੈਣਾ ਹੈ ਧੀਏ। ਸਾਡੇ ਕਾਨੂੰਨ ਦਾ ਇਹੋ ਦੁਖਾਂਤ ਹੈ। ਸੱਚ ਬੋਲੀਏ ਤਾਂ ਦੋਸ਼ੀ ਬਰੀ ਹੋ ਜਾਂਦੇ ਹਨ। ਝੂਠ ਬੋਲੀਏ ਤਾਂ ਨਿਰਦੋਸ਼ ਵੀ ਸਜ਼ਾ ਖਾ ਜਾਂਦੇ ਹਨ।" ਪੰਨਾ 296

ਅਫ਼ਸਰ ਸ਼ਾਹੀ, ਵਕਾਲਤ ਅਤੇ ਸਿਆਸਤ ਇਸ ਨਾਵਲ ਵਿਚ ਸਭ ਤੋਂ ਵੱਧ ਵਿਅੰਗ ਦਾ ਆਧਾਰ ਬਣੇ ਹਨ। ਅਫ਼ਸਰਸ਼ਾਹੀ, ਵਕਾਲਤ ਅਤੇ ਸਿਆਸਤ ਦੇ ਅਸਲੀ ਸਰੋਕਾਰ ਕੀ ਹਨ ਅਤੇ ਹੁਣ ਕੀ ਬਣ ਗਏ ਹਨ? ਨਾਵਲਕਾਰ ਨੇ ਇਹਨਾਂ ਨੂੰ ਕਰੜੇ ਹੱਥੀਂ ਲਿਆ ਹੈ। ਹਰੀਸ਼ ਰਾਏ ਵਰਗੇ ਵਕੀਲ ਰੋਲ ਮਾਡਲ ਬਣਕੇ ਨੰਦ ਲਾਲ ਵਰਗੇ ਵਕੀਲ ਦੇ ਮੁਕਾਬਲੇ ਇਹ ਸਾਬਤ ਕਰਦੇ ਹਨ ਕਿ ਸਾਡਾ ਅੰਤਿਮ ਲਕਸ਼ ਫ਼ਰਜ਼ ਪੁਗਾਉਣਾ ਹੈ ਵਕਾਲਤ ਦੇ ਸਹੀ ਅਰਥ ਕੀ ਹਨ। ਇਹ ਗੱਲਾਂ ਨੂੰ ਨਾਵਲਕਾਰ ਨੇ ਰਾਮਨਾਥ ਦੇ ਪਸ਼ਚਾਤਾਪ ਵਜੋਂ ਸਵੈ ਪ੍ਰਵਚਨ ਰਾਹੀਂ ਦਰਸਾਇਆ ਹੈ।

'ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਪੜ੍ਹਾਇਆ ਗਿਆ ਸੀ। ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ ਸੀ। ਉਸਦਾ ਫ਼ਰਜ਼ ਸੱਚਾਈ ਸਾਹਮਣੇ ਲਿਆ ਕੇ ਜੱਜ ਨੂੰ ਸੱਚਾਈ ਤੱਕ ਪੁੱਜਣ ਵਿਚ ਮਦਦ ਕਰਨਾ ਸੀ। ਹੋ ਇਸਦੇ ਉਲਟ ਰਿਹਾ ਸੀ। ਵਕੀਲ ਦਾ ਇਕੋ-ਇਕ ਉਦੇਸ਼ ਹਰ ਹੀਲੇ ਆਪਣੀ ਧਿਰ ਨੂੰ ਬਚਾਉਣਾ ਬਣ ਗਿਆ ਸੀ। ਪੰਨਾ 302

ਅਜੋਕੇ ਸਮੇਂ ਵਿਚ ਵਕਾਲਤ ਨਿਰੀ ਮਾਇਆ ਆਧਾਰ ਹੋ ਗਈ ਹੈ। ਸਕੇ ਬਾਪ ਨੂੰ ਵੀ ਵਕੀਲ ਕਰਕੇ ਦੇਣਾ ਹੋਵੇ ਤਾਂ ਲੋਕ ਹਿੱਸਾ ਭਾਲਦੇ ਹਨ। (ਪੰਨਾ 226) ਹੁਣ ਦੀ ਗ਼ੈਰ ਆਦਰਸ਼ਕ ਵਕਾਲਤ ਗੋਰਖ ਧੰਦਾ ਬਣਕੇ ਰਹਿ ਗਈ ਹੈ। ਹੁਣ ਦੀ ਵਕਾਲਤ ਦਾ ਸਾਰਾ ਜ਼ੋਰ ਨਿਰਦੋਸ਼ ਨੂੰ ਦੋਸ਼ੀ ਅਤੇ ਦੋਸ਼ੀ ਨੂੰ ਨਿਰਦੋਸ਼ ਸਾਬਤ ਕਰਨ ਉਪਰ ਲੱਗਿਆ ਹੋਇਆ ਹੈ। ਇਹ ਨਾਵਲ ਨੰਦ ਲਾਲ ਵਕੀਲ ਦੇ ਪਸ਼ਚਾਤਾਪ ਰਾਹੀਂ ਇਹ ਸਾਬਤ ਕਰ ਦਿੰਦਾ ਹੈ ਕਿ ਹੱਕ-ਸੱਚ ਦੀ ਵਕਾਲਤ ਹੀ ਠੀਕ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਸੱਚ ਦੀ ਵਕਾਲਤ ਹੈ।

ਸਿਆਸਤ ਅਤੇ ਅਫ਼ਸਰਸ਼ਾਹੀ ਦਾ ਸਮਕਾਲੀ ਕਿਰਦਾਰ ਸਭ ਤੋਂ ਵੱਧ ਲੋਕਤੰਤਰੀ ਢਾਂਚੇ ਦੇ ਅਕਸ ਨੂੰ ਵਿਗਾੜਨ ਲਈ ਜ਼ੁੰਮੇਵਾਰ ਹੈ। ਸਿਆਸਤ ਦੇ ਅਜੋਕੇ ਅਰਥ ਉਸਾਰੂ ਰੋਲ ਦੀ ਥਾਂ ਲੁੱਚੇ-ਲੁੰਡੇ, ਕਮੀਨੇ, ਭ੍ਰਿਸ਼ਟ, ਬੇਈਮਾਨ, ਝੂਠੇ, ਠੱਗ, ਧੋਖੇਬਾਜ਼ ਬਣਕੇ ਰਹਿ ਗਏ ਹਨ। ਸਾਡੇ ਪ੍ਰਬੰਧ ਦੀ ਸਿਆਸਤ ਵਿਚੋਂ ਸੱਚੇ ਸ਼ਰੀਫ ਲੋਕਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ। ਮੁੱਖ ਮੰਤਰੀ ਤੋਂ ਲੈ ਕੇ ਹੇਠਾਂ ਤੱਕ ਭ੍ਰਿਸ਼ਟਾਚਾਰੀ ਦਾ ਐਨਾ ਤਾਣਾ ਬਾਣਾ ਹੈ ਕਿ ਕਦੇ ਮਜ਼ਬੂਰੀ ਕਦੇ ਸ਼ਕਤੀ ਦੀ ਖੇਡ ਚਲਦੀ ਹੈ। ਸਿਆਸੀ ਲੋਕ ਆਪਣੀ 'ਹੋਂਦ' ਅਤੇ 'ਨਿੱਜੀ ਹਿੱਤਾਂ' ਤੋਂ ਉਪਰ ਉਠਕੇ ਨਹੀਂ ਸੋਚਦੇ।

> 'ਸਿਆਸਤ ਮੰਗ ਕਰਦੀ ਸੀ, ਕੌਮੀ ਹਿੱਤਾਂ ਨਿੱਜੀ ਹਿੱਤਾਂ ਨਾਲੋਂ ਪਹਿਲ ਨਾ ਦਿੱਤੀ ਜਾਵੇ।' ਪੰਨਾ 69
>
> 'ਖ਼ਬਰਾਂ ਵਿਚ ਰਹਿਣਾ ਸਿਆਸੀ ਬੰਦਿਆਂ ਦੀ ਮਜ਼ਬੂਰੀ ਸੀ। ਅੰਨਾ ਕੀ ਭਾਲੇ? ਦੋ ਅੱਖਾਂ।' ਪੰਨਾ 183

ਇਹ ਅਨਪੜ੍ਹ ਮੰਤਰੀ ਅੱਗੇ ਪੜ੍ਹੇ ਲਿਖੇ ਸੂਝਵਾਨ ਅਫ਼ਸਰ ਦਾ ਕੰਮ ਕਰਨਾ ਸਾਡੇ ਲੋਕਤੰਤਰੀ

ਢਾਂਚੇ ਦਾ ਹਾਸੋਹੀਣੀ ਸਥਿਤੀ ਹੈ। ਅਫ਼ਸਰਸ਼ਾਹੀ ਸਿਆਸਤ ਅਧੀਨ ਹੋਣ ਕਰਕੇ ਸਿਆਸਤ ਦੀ ਕਠਪੁਤਲੀ ਹੈ। ਅਫ਼ਸਰਸ਼ਾਹੀ ਇਕ ਹੱਦ ਤੱਕ ਨਿਭਦੀ ਹੈ ਜਦੋਂ ਕਿ ਨੇਤਾ ਲੋਕ ਬਿਲਕੁਲ ਮੌਕਾਪ੍ਰਸਤ ਹਨ। ਜਿੱਥੇ ਇਕ ਵਿਆਕਤੀ ਦੀ ਸ਼ਕਤੀ ਸੀਮਾ ਉਤੇ ਪਹੁੰਚ ਜਾਂਦੀ ਹੈ ਉਥੇ ਉਹ ਦੂਸਰੇ ਦਾ ਸਾਥ ਛੱਡ ਦਿੰਦਾ ਹੈ। ਬੇਸ਼ੱਕ ਇਸ ਪ੍ਰਬੰਧ ਵਿਚ ਕੋਈ ਸੁਤੰਤਰ ਨਹੀਂ ਪਰ ਲੜੀ ਵਿਚ ਸਭ ਇਕ ਦੂਸਰੇ ਅੱਗੇ ਕਾਣੇ ਹਨ। ਜੇਕਰ ਕੋਈ ਆਦਰਸ਼ਕ ਪਾਤਰ ਭ੍ਰਿਸ਼ਟ ਪ੍ਰਬੰਧ ਦੇ ਖ਼ਿਲਾਫ ਡਟ ਜਾਣ ਦਾ ਅਹਿਦ ਕਰਦਾ ਹੈ ਉਹ ਕੌਰਵਾਂ ਦੀ ਸਭਾ ਅੱਗੇ ਮਜ਼ਬੂਰ ਹੋ ਜਾਂਦੇ ਹਨ। ਸਿਆਸਤੀਆਂ ਵਲੋਂ ਕੁਝ ਕੁ ਘਿਨਾਉਣੇ ਕੰਮ ਕਰਵਾ ਕੇ ਆਦੀ ਬਣਾਏ ਜਾਂਦੇ ਹਨ ਅਤੇ ਵਰਤੇ ਜਾਂਦੇ ਹਨ। ਸਾਡੇ ਪ੍ਰਬੰਧ ਵਿਚ ਅਫ਼ਸਰਸ਼ਾਹੀ ਦੀ ਸਥਿਤੀ 'ਖਾਂਦਾ ਤੇ ਕੋਹੜੀ ਛੱਡਦਾ ਤੇ ਕਲੰਕੀ' ਵਾਲੀ ਹੈ। ਇਸਦੇ ਨਾਲ ਹੀ ਨੇਤਾ ਲੋਕਾਂ ਦੀ ਹੈਸੀਅਤ ਵੀ ਅੰਕਿਤ ਹੈ।

> 'ਜਦੋਂ ਇਹ ਗੱਦੀਓਂ ਲਹਿੰਦੇ ਹਨ ਸੌ ਸੌ ਸਕੈਂਡਲਾਂ ਵਿਚ ਫਸਦੇ ਹਨ। ਸਿਆਸੀ ਲੋਕ ਆਪਸ ਵਿਚ ਇਕਮਿਕ ਹੋ ਜਾਂਦੇ ਹਨ। ਅਫ਼ਸਰ ਮੁਕੱਦਮੇ ਭੁਗਤਦੇ ਮਰ ਜਾਂਦੇ ਹਨ।'
>
> 'ਸਿਆਸੀ ਬੰਦਿਆਂ ਦਾ ਕੋਈ ਭਰੋਸਾ ਨਹੀਂ ਅੱਜ ਇਕ ਦੀ ਝੋਲੀ ਕੱਲ ਦੂਜੇ ਦੀ।' ਪੰਨਾ *166*

ਇਨ੍ਹਾਂ ਦੀ ਸ਼ਕਤੀ ਦੀ ਹਾਸੋਹੀਣੀ ਸਥਿਤੀ ਬਾਰੇ ਇਹ ਨਾਵਲ ਖੂਬ ਵਿਅੰਗ ਉਭਾਰਦਾ ਹੈ। ਜਦੋਂ ਸਮਾਨਯ ਸ਼ਕਤੀ ਉਭਰਦੀ ਹੈ ਤਾਂ ਅਫ਼ਸਰ ਅਤੇ ਨੇਤਾ ਤੁਰੰਤ ਸਾਥ ਛੱਡ ਦਿੰਦੇ ਹਨ।

> 'ਅਫ਼ਸਰ ਅਤੇ ਨੇਤਾ ਚੰਗੇ ਸਮਿਆਂ ਵਿਚ ਸਾਥ ਦਿੰਦੇ ਹਨ। ਕਦੇ ਭੀੜ ਪੈ ਜਾਵੇ ਤਾਂ ਪੂਛ ਦਬਾ ਕੇ ਭੱਜ ਜਾਂਦੇ ਹਨ।' ਪੰਨਾ *170*

ਲੇਖਕ ਨੇ ਸਾਡੇ ਵਿਵਹਾਰਕ ਜੀਵਨ ਵਿਚ ਆਈ ਇਖ਼ਲਾਕੀ ਤਬਦੀਲੀ ਦੇ ਰੂਪ ਮਨੁੱਖੀ ਰਿਸ਼ਤਿਆਂ ਦੇ ਮਸ਼ੀਨੀ ਵਰਤਾਰੇ, ਅਖੌਤੀ ਸੰਸਥਾਵਾਂ ਦੇ ਦੰਭੀ ਰੋਲ, ਉਪਭੋਗੀ ਖ਼ਪਤ ਕਲਚਰ ਕਰਕੇ ਯੌਨ ਸੰਬੰਧਾਂ ਪ੍ਰਤੀ ਸੋਚ, ਲੋੜਵੰਦ ਦੀ ਮਦਦ ਤੋਂ ਮੁਨਕਰ ਹੋਣਾ ਇਸੇ ਭ੍ਰਿਸ਼ਟ ਵਿਵਹਾਰ ਦੀ ਕੜੀ ਸਮਝੇ ਹਨ। ਨੇਹਾ ਨਾਲ ਹੋਏ ਬਲਾਤਕਾਰ ਤੋਂ ਬਾਅਦ ਸਮਾਜ ਨੂੰ ਜੋ ਜ਼ੁੰਮੇਵਾਰੀ ਨਿਭਾਉਣੀ ਚਾਹੀਦੀ ਸੀ ਸਮਾਜ ਵੱਲੋਂ ਨਹੀਂ ਨਿਭਾਈ ਗਈ। ਇਸੇ ਕਰਕੇ ਨੇਹਾ ਨੂੰ ਮਾਤਾ ਦੇ ਪ੍ਰਵਚਨ ਝੂਠੇ ਜਾਪਦੇ ਹਨ। ਨੇਹਾ ਦੇ ਪ੍ਰੇਮੀ ਸਾਗਰ ਦਾ ਨੇਹਾ ਤੋਂ ਮੁੱਖ ਮੋੜ ਲੈਣਾ, ਵਕੀਲ ਵੱਲੋਂ ਨੇਹਾ 'ਤੇ ਝੂਠੀ ਤੁਹਮਤ ਮੜ੍ਹਨਾ, ਕਮਲ ਦੇ ਕਤਲ ਨੂੰ ਨੇਹਾ ਦੇ ਕਿਸੇ ਘੜੇ ਗਏ ਪ੍ਰੇਮੀ ਸਿਰ ਮੜ੍ਹਨਾ ਉਸਦਾ ਪਹਿਲਾਂ ਤੋਂ ਕੁਆਰੀ ਨਾ ਹੋਣ ਦੇ ਝੂਠੇ ਸਬੂਤ ਪੇਸ਼ ਕਰਨਾ, ਪ੍ਰੈਸ ਵੱਲੋਂ ਬਲਾਤਕਾਰਾਂ ਨੂੰ ਵਧਾ ਚੜ੍ਹਾ ਕੇ ਲਿਖਣਾ, ਸਮੁੱਚੇ ਤੌਰ 'ਤੇ ਸਮਾਜ ਵੱਲੋਂ ਦਿੱਤੇ ਦਰਦ ਦੀ ਕੜੀ ਹਨ, ਜਦੋਂ ਕਿ ਇਹਨਾਂ ਸੰਸਥਾਵਾਂ ਤੇ ਸਭ ਵਿਆਕਤੀਆਂ ਵੱਲੋਂ ਨੇਹਾ ਨੂੰ 'ਇਕ ਨਾਲ ਪ੍ਰੇਮ ਕਰਨ ਦੂਸਰੇ ਨਾਲ ਵਿਆਹ ਕਰਨ ਤੇ ਤੀਸਰੇ ਦੇ ਬੱਚੇ ਜੰਮਣ ਵਾਲੀਆਂ (ਉਦਰਿਤ ਪੰਨਾ *151*) ਕੁੜੀਆਂ ਦੇ ਮੁਕਾਬਲੇ ਪਵਿੱਤਰ ਸਮਝਣਾ ਸੀ। ਲੋਕਾਂ ਦੀ ਆਵਾਜ਼ ਪ੍ਰੈਸ ਦਾ ਬਿਆਨ ਸਿਰਫ਼ ਆਪਣਾ ਮਾਲ ਵੇਚਣ ਤੱਕ ਹੈ। ਕੋਈ ਖ਼ਬਰ ਕਿਸੇ ਦੇ ਜੀਵਨ ਨਾਲ ਕੀ ਖਿਲਵਾੜ ਕਰਦੀ ਹੈ ਪੱਤਰਕਾਰੀ ਇਸਨੂੰ ਸੋਚਣਾ ਛੱਡ ਕੇ ਆਪਣਾ ਉੱਲੂ ਸਿੱਧਾ ਰੱਖਣ ਤੱਕ ਸੋਚਦੀ ਹੈ। ਬਲਾਤਕਾਰੀ ਦੇ ਕੇਸ ਵਿਚ ਜੋ ਬਲਾਤਕਾਰ ਅਖ਼ਬਾਰ ਕਰਦੇ ਹਨ ਉਹ ਕਮਰਸ਼ੀਅਲ ਪੁਣੇ ਦੀ ਸਿਖ਼ਰ ਹੈ। ਜ਼ੁੰਮੇਵਾਰੀ ਨਾਲ ਕੀਤੀ ਗਈ ਪੱਤਰਕਾਰੀ ਇਸ ਸਮਾਜ ਲਈ

ਉਸਾਰੂ ਪੱਖ ਹੈ ਜੋ ਇਸ ਨਾਵਲ ਵਿਚ ਇਕ ਹੱਦ ਤੱਕ ਉੱਭਰੀ ਹੈ। ਕਮਲ ਦੇ ਕਤਲ ਅਤੇ ਵੇਦ, ਨੀਲਮ ਨਾਲ ਹੋਏ ਉਜੱਡ ਵਿਵਹਾਰ, ਨੇਹਾ ਨਾਲ ਹੋਏ ਬਲਾਤਕਾਰ ਕਰਕੇ ਪੰਕਜ, ਨੀਰਜ, ਪੰਡਤ, ਦੀਨਾ, ਕਾਲੀਆ, ਪੰਚਮ ਜਿਹੇ ਦੋਸ਼ੀਆਂ ਦੇ ਵਿਰੋਧ ਵਿਚ ਜੋ ਲੋਕ ਆਵਾਜ਼ ਪ੍ਰੈਸ ਉਭਾਰਦੀ ਹੈ ਉਹ ਮੁੱਲਵਾਨ ਰੋਲ ਹੈ। ਪਰ ਇਹ ਕੰਨਸੋਅ ਵੀ ਇਹ ਨਾਵਲ ਦਿੰਦਾ ਹੈ ਕਿ ਪ੍ਰੈਸ ਵਿਚ ਵੀ ਭ੍ਰਿਸ਼ਟਾਚਾਰੀ ਹੈ।

> 'ਤੂੰ ਪੰਜਾਬ ਕੇਸਰੀ ਵਾਲੇ ਸ਼ਿੰਦੇ ਕੋਲ ਚਲਾ ਜਾ ਮੇਰਾ ਨਾਂ ਲੈ ਦਈ। ਪੰਜ ਸੌ ਦਾ ਨੋਟ ਫੜਾ ਦੇਈ। ਦੇਖ ਕਿਸ ਤਰ੍ਹਾਂ ਖ਼ਬਰ ਲੱਗਦੀ ਹੈ ਵੱਡੀਆਂ ਸੁਰਖੀਆਂ ਵਿਚ।'ਪੰਨਾ *128*

ਪੱਤਰਕਾਰੀ ਨੂੰ ਸਿਰਫ਼ ਲੋਕ ਅਵਾਜ਼ ਹੀ ਬੁਲੰਦ ਕਰਨੀ ਚਾਹੀਦੀ ਹੈ ਜੋ ਕੁਝ ਬਕਿਆ ਜਾ ਰਿਹਾ ਹੁੰਦਾ ਹੈ ਉਹ ਲਾਜ਼ਮੀ ਨਹੀਂ ਸੱਚ ਹੋਵੇ ਇਸ ਲਈ ਮਸਲੇ ਦੇ ਗਹਿਨ ਤੱਕ ਪਹੁੰਚਣਾ ਪੱਤਰਕਾਰੀ ਦਾ ਰੋਲ ਹੋਣਾ ਚਾਹੀਦਾ ਹੈ।

ਭਾਰਤ ਦੇ ਭ੍ਰਿਸ਼ਟ ਲੋਕਤੰਤਰੀ ਢਾਂਚੇ ਨੂੰ ਸਮੀਖਿਆਤਮਕ ਰੂਪ ਵਿਚ ਪੇਸ਼ ਕਰਨ ਦੇ ਨਾਲ-ਨਾਲ ਇਹ ਨਾਵਲ ਇਸ ਪ੍ਰਬੰਧ ਦਾ ਬਦਲਾਅ ਬਾਰੇ ਵੀ ਚਿੰਤਨ ਹੈ। ਬੱਚਿਆਂ ਵੱਲੋਂ ਕੋਰਟ ਦੇ ਵਰਤਾਰੇ ਤੇ ਕਿੰਤੂ ਕੀਤਾ ਜਾਣਾ ਹਰੀਸ਼ ਰਾਏ ਵਕੀਲ ਵੱਲੋਂ ਇਨਸਾਫ਼ ਲਈ ਡੱਟ ਕੇ ਖੜ੍ਹਨਾ ਅਜਿਹੀ ਸੱਚ ਦੀ ਧਾਰਨਾ ਹੈ ਜਿਹੜੀ ਸੁਚੱਜਾ ਪ੍ਰਸ਼ਾਸਨ ਮੁਹੱਈਆ ਕਰਵਾਉਣ ਦਾ ਅਹਿਦ ਕਰਦੀ ਹੈ ਬੜਾ ਹੀ ਧੰਨ ਭਾਗਾ ਹੈ। ਇਹ ਨਾਵਲ ਸਾਰੀ ਕਾਨੂੰਨੀ, ਲੋਕਤੰਤਰੀ, ਅਦਾਲਤੀ ਦਸ਼ਾ ਨੂੰ ਬਦਲ ਦੇਣ ਦੇ ਹੱਕ ਵਿਚ ਹੈ ਇਸ ਲਈ ਜੇਕਰ ਇਕ ਨਿਰਦੋਸ਼ ਨੂੰ ਵੀ ਸਜ਼ਾ ਹੋ ਜਾਵੇ ਤਾਂ ਹੋ ਜਾਣੀ ਚਾਹੀਦੀ ਹੈ। ਸਾਡਾ ਕਾਨੂੰਨੀ ਢਾਂਚਾ ਮੁਲਜ਼ਮਾਂ ਦਾ ਪੱਖ ਪੂਰਦਾ ਹੋਣ ਕਰਕੇ ਨਿਰਦੋਸ਼ਾਂ ਦੇ ਸਜ਼ਾ ਖਾ ਜਾਣ ਦੇ ਡਰੋਂ ਦੋਸ਼ੀਆਂ ਨੂੰ ਧੜਾਧੜ ਨਿਰਦੋਸ਼ ਸਾਬਤ ਕਰ ਰਿਹਾ ਹੈ। ਇਸਦੇ ਬਦਲਵੇਂ ਰੂਪ ਵਿਚ ਇਹ ਹੋਣਾ ਚਾਹੀਦਾ ਹੈ ਕਿ ਦੋਸ਼ੀ ਕਿਸੇ ਵੀ ਹਾਲਤ ਵਿਚ ਬਚ ਨਾ ਸਕੇ ਤੇ ਨਾ ਹੀ ਅਪਰਾਧ ਨੂੰ ਬੜਾਵਾ ਮਿਲ ਸਕੇ।

> 'ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਜੇ ਇਕ ਨਿਰਦੋਸ਼ ਨੂੰ ਫਾਂਸੀ ਚੜ੍ਹਨਾ ਪਏ ਤਾਂ ਉਸਨੂੰ ਚੜ੍ਹ ਜਾਣਾ ਚਾਹੀਦਾ ਹੈ। ਹੁਣ ਇਹ ਸਿਧਾਂਤ ਹੋਣਾ ਚਾਹੀਦਾ ਹੈ।' ਪੰਨਾ *342*

ਆਮ ਵਿਅਕਤੀ ਲਈ ਇਸ ਪ੍ਰਬੰਧ ਵਿਚ ਨਿਆਂ ਨੂੰ ਕੋਈ ਥਾਂ ਨਹੀਂ ਰਿਹਾ ਕਿਉਂਕਿ ਸਭ ਕੁਝ 'ਮਾਇਆ' ਅਤੇ 'ਸ਼ੁਹਰਤ' ਕੇਂਦਰਤ ਹੋ ਗਿਆ ਹੈ। ਵੇਦ ਅਤੇ ਉਸਦੇ ਪਰਿਵਾਰ ਨੂੰ ਹੇਠਲੀ ਅਦਾਲਤ ਵਿਚੋਂ ਇਨਸਾਫ਼ ਨਾ ਮਿਲਨ ਕਰਕੇ ਹਾਈਕੋਰਟ ਜਾਣ ਦਾ ਹੀਆ ਹੀ ਨਹੀਂ ਪੈਂਦਾ ਕਿਉਂਕਿ ਉਪਰ ਤੋਂ ਹੀ ਹੇਠਾਂ ਤੱਕ ਇਸ ਭ੍ਰਿਸ਼ਟ ਪ੍ਰਬੰਧ ਦੀ ਕੜੀ ਹੈ ਸਭ ਪਾਸੇ ਹੀ ਕੌਰਵ ਬੈਠੇ ਹਨ। ਇਹ ਵਰਤਾਰਾ ਨਾਵਲ ਰਾਹੀਂ ਪਾਠਕ ਦੀ ਸਮਝ ਵਿਚ ਵੀ ਆ ਜਾਂਦਾ ਹੈ ਅਤੇ ਇਸਨੂੰ ਬਦਲਣ ਦੀ ਸੋਚ ਵੀ ਬਣਦੀ ਹੈ। ਇਹ ਨਾਵਲ ਵਿਚ ਪ੍ਰਬੰਧ ਦੀ ਤੱਥਮੂਲਕ ਬਿਰਤਾਂਤਕ ਰੂਪਾਂਤਰਣ ਸਤਹੀ ਪਾਠ ਹੋਣ ਕਰਕੇ ਸਧਾਰਨ ਪਾਠਕ ਤੋਂ ਲੈ ਕੇ ਬੁੱਧੀਮਾਨ ਪਾਠਕ ਤੱਕ ਵਿਆਖਿਆਮੂਲਕ ਪਾਠ ਬਣ ਜਾਂਦਾ ਹੈ। ਇਹੀ ਇਸ ਨਾਵਲ ਦੀ ਖੂਬੀ ਹੈ ਕਿ ਇਸ ਪ੍ਰਬੰਧ ਦੇ ਮਹੀਨਾ, ਪਰ ਉਲਝੇ ਹੋਏ, ਵਿਗੜੇ ਹੋਏ ਤਾਣੇ ਬਾਣੇ ਨੂੰ ਉਤੇਜਿਕ ਕਥਾ ਵਿਚ ਪੇਸ਼ ਕਰਦਾ ਹੈ। ਲੋੜ ਇਸ ਵਰਤਾਰੇ ਤੋਂ ਭੱਜਣ ਦੀ ਨਹੀਂ ਸਗੋਂ ਇਸਨੂੰ ਬਦਲਣ ਦੀ ਹੈ। ਹਰ ਪਾਠਕ ਨੂੰ ਆਮ ਬੰਦੇ ਦੇ ਪੱਧਰ ਤੇ ਜਾਕੇ ਸੋਚਣਾ ਪਵੇਗਾ ਕਿ ਇਹ ਬੇਇਨਸਾਫ਼ੀ ਉਸਦੇ ਸਵੈ ਨਾਲ ਵਾਪਰ ਰਹੀ ਹੈ ਜੋ ਆਮ ਪਾਤਰ ਹੈ ਤਾਂ ਉਹ ਕੀ ਕਰੇਗਾ? ਇਹ

ਨਾਵਲ ਇਸੇ ਹੀ ਜ਼ੁੰਮੇਵਾਰੀ ਨੂੰ ਨਿਭਾਉਣ ਵਿਚ ਸਫ਼ਲ ਹੈ, ਇਕ ਆਸ ਹੈ, ਇਕ ਅਹਿਦ ਹੈ। ਇਹ ਭ੍ਰਿਸ਼ਟ ਪ੍ਰਬੰਧ ਜ਼ਰੂਰ ਬਦਲਿਆ ਜਾਵੇਗਾ ਲੋੜ ਹੈ ਲਾਮਬੰਦ ਹੋਣ ਦੀ, ਸਹੀ ਦਿਸ਼ਾ ਵਿਚ ਤੁਰਨ ਦੀ। ਇਸ ਪ੍ਰਬੰਧ ਦਾ ਹੱਲ ਵੀ ਲੋਕਤੰਤਰ ਵਿਚ ਹੀ ਪਿਆ ਹੈ ਪਰ ਲੋੜ ਇਸ ਮੌਜੂਦਾ ਢਾਂਚੇ ਨੂੰ ਨਿਸ਼ਚਿਤ ਦਿਸ਼ਾ ਵਿਚ ਬਦਲਣ ਦੀ ਹੈ।

> "ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਅਵਾਜ਼ ਇਕ ਮੁਕੱਦਮੇ ਵਿਚ ਉੱਠੇਗੀ। ਦੇਖੀ ਦੇਖੀ ਸਭ ਵਿਚ ਉੱਠਣ ਲੱਗੇਗੀ। ਇਕ ਦਿਨ ਉਹ ਆਵਾਜ਼ ਕਚਹਿਰੀ ਵਿਚੋਂ ਨਿਕਲਕੇ ਸੜਕਾਂ ਤੇ ਆ ਜਾਵੇਗੀ। ਸਰਕਾਰ ਦੇ ਕੰਨ 'ਤੇ ਜੂੰਅ ਸਰਕੇਗੀ। ਤਖ਼ਤ ਹਿਲਣਗੇ ਨਵੇਂ ਕਾਨੂੰਨ ਬਣਨਗੇ।" ਪੰਨਾ *306*

# 15

# 'ਕੌਰਵ ਸਭਾ' : ਸਿਸਟਮ ਦੇ ਖੋਖਲੇਪਨ ਦੀ ਗਾਥਾ

**ਦਰਸ਼ਨ ਸਿੰਘ ਗਿੱਲ**

ਮਿੱਤਰ ਸੈਨ ਮੀਤ ਸਮੇਂ ਦਾ ਪ੍ਰਤਿਨਿਧ ਤੇ ਪ੍ਰਤਿਬਧ ਗਲਪਕਾਰ ਹੈ; ਲਿਖਣਾ ਉਸ ਦਾ ਸ਼ੌਕ ਨਹੀਂ – ਕਰਤੱਵ ਹੈ। ਉਸ ਨੇ ਆਪਣੇ ਪਹਿਲੇ ਦੋ ਨਾਵਲ 'ਅੱਗ ਦੇ ਬੀਜ' (*1971*) ਤੇ 'ਕਾਫ਼ਲਾ' (*1986*) ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖੇ ਸਨ। ਇਸ ਉਪਰੰਤ ਉਸ ਨੇ ਦੋ ਕਹਾਣੀ ਸੰਗ੍ਰਹਿ 'ਪੁਨਰਵਾਸ' (*1987*) ਤੇ 'ਲਾਮ' (*1958*) ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੇ ਸਨ। 'ਪੁਨਰਵਾਸ' ਵਿਚਲੀਆਂ ਕਹਾਣੀਆਂ ਨਕਸਬਾੜੀ ਲਹਿਰ ਦੇ ਸਮੇਂ ਦੌਰਾਨ ਵਭਿੰਨ ਰਿਸਾਲਿਆਂ ਵਿਚ ਪ੍ਰਕਾਸ਼ਿਤ ਹੋਈਆਂ ਸਨ। ਬਾਅਦ ਵਿਚ ਇਹਨਾਂ ਨੂੰ ਪੁਸਤਕ ਦਾ ਰੂਪ ਪ੍ਰਦਾਨ ਕਰ ਦਿੱਤਾ ਗਿਆ। ਕਹਾਣੀ ਸੰਗ੍ਰਹਿ 'ਲਾਮ' ਵਿਚ ਸਮਿਲਤ ਕਹਾਣੀਆਂ *1987-88* ਦੇ ਕਾਲ ਦੀਆਂ ਉਪਜ ਹਨ। ਇਹਨਾਂ ਸਾਰੇ ਨਾਵਲਾਂ ਦੇ ਕਹਾਣੀ ਸੰਗ੍ਰਹਿਆਂ ਵਿਚਲੀ ਵਸਤੂ ਦੀ ਪ੍ਰਸਤੁਤੀ ਲੋਕ–ਪੱਖੀ ਦਰਸ਼ਨ ਦੀ ਅਨੁਸਾਰੀ ਹੈ। ਮਿੱਤਰ ਸੈਨ ਮੀਤ ਨੇ ਆਪਣਾ ਸਾਹਿਤਕ ਸਫ਼ਰ ਨਿਰੰਤਰ ਜਾਰੀ ਰਖਿਆ ਹੈ; ਕ੍ਰਮਵਾਰ 'ਤਫ਼ਤੀਸ਼' (*1990*), 'ਕਟਹਿਰਾ' (*1993*) ਤੇ 'ਕੌਰਵ ਸਭਾ' (*2003*) ਨਾਵਲ ਸਿਰਜਕੇ ਉਸ ਨੇ ਪੰਜਾਬੀ ਨਾਵਲ ਜਗਤ ਵਿਚ ਜ਼ਿਕਰ ਯੋਗ ਪਹਿਚਾਨ ਬਣਾ ਲਈ ਹੈ। ਉਸਨੇ 'ਤਫ਼ਤੀਸ਼' ਤੇ 'ਕਟਹਿਰਾ' ਵਿਚ ਵਰਗ–ਹਿੱਤਾਂ ਅਨੁਕੂਲ ਹੁੰਦੀ ਤਫ਼ਤੀਸ਼ ਤੇ ਨਿਆਂ 'ਤੇ ਕਾਰਗਰ ਤੇ ਕਠੋਰ ਵਿਅੰਗ ਕੀਤਾ ਹੈ। 'ਕੌਰਵ ਸਭਾ' ਵਿਚ ਵੀ ਇਸੇ ਥੀਮ ਨੂੰ ਵਿਭਿੰਨ ਪਹਿਲੂਆਂ ਤੋਂ ਪ੍ਰਤਿਬਿੰਬਤ ਕੀਤਾ ਹੈ। ਇਸ ਨਾਵਲ ਬਾਰੇ ਕੁਝ ਕਹਿਣ ਪੂਰਵ ਉਸ ਦੀਆਂ ਪਹਿਲੀਆਂ ਕਿਰਤਾਂ ਦਾ ਸੰਖੇਪ ਪੋਸਟਮਾਰਟਮ ਅਨਿਵਾਰੀ ਸੀ।

ਕੌਰਵ ਸਭਾ ਦਾ ਆਰੰਭ ਰਾਮ ਨਾਥ ਦੀ ਭੈਣ ਨੀਲਮ ਦੇ ਘਰ ਪਏ ਡਾਕੇ ਤੋਂ ਹੁੰਦਾ ਹੈ :

> "ਸਾਰਾ ਟੱਬਰ ਜ਼ਖ਼ਮੀ ਸੀ। ਸੈਰ ਵਿਚੇ ਛੱਡੋ, ਘਰੇ ਆਓ। ਤੁਰੰਤ ਮਾਇਆ ਨਗਰ ਜਾਣਾ ਸੀ।" (ਪੰਨਾ-*9*)

ਉਹ ਤੁਰੰਤ ਘਰ ਪਹੁੰਚਦਾ ਹੈ; ਘਰੇ ਪਏ ਦਸ ਹਜ਼ਾਰ ਰੁਪੈ ਜ਼ੇਬ ਵਿਚ ਪਾ ਲੈਂਦਾ ਹੈ। ਆਪਣੇ ਛੋਟੇ ਭਰਾ ਮੰਗਤ ਨੂੰ ਵੀਹ ਹਜ਼ਾਰ ਦਾ ਚੈਕ ਦਿੰਦਾ ਹੈ; ਚੈਕ ਕੈਸ਼ ਕਰਾ ਕੇ ਮਾਇਆ ਨਗਰ ਪਹੁੰਚਣ ਦੀ ਹਦਾਇਤ ਕਰਦਾ ਹੈ। ਆਪ ਟੈਕਸੀ 'ਤੇ ਸਵਾਰ ਹੋ ਮਾਇਆ ਨਗਰ ਨੂੰ ਰਵਾਨਾ ਹੁੰਦਾ ਹੈ। ਰਸਤੇ ਵਿਚ ਇਸ ਘਟਨਾ ਬਾਰੇ ਉਹ ਵਿਭਿੰਨ ਪਹਿਲੂਆਂ ਤੋਂ ਕਲਪਨਾ ਕਰਦਾ ਹੈ। ਉਸ ਨੂੰ ਇਸ ਦੇ ਪਿੱਛੇ ਮੋਹਨ ਦੇ ਮੁੰਡਿਆਂ ਪੰਕਜ ਤੇ ਨੀਰਜ ਦਾ ਹੱਥ ਨਜ਼ਰ ਆਉਂਦਾ ਹੈ, ਤੇ ਕਦੇ ਕਿਸੇ ਹੋਰ ਤਰਕ ਤਹਿਤ ਨਹੀਂ ਵੀ ਆਉਂਦਾ। ਵੇਦ ਦੀ ਕੋਠੀ ਪਹੁੰਚ ਕੇ ਸਾਰੀ ਸਥਿਤੀ ਸਪਸ਼ਟ ਹੋ ਜਾਂਦੀ ਹੈ। ਵੇਦ ਤੇ ਨੀਲਮ ਗੰਭੀਰ ਜ਼ਖ਼ਮੀ ਹਨ–ਕਮਲ ਦਾ ਕਤਲ ਹੋ ਗਿਆ ਹੈ– ਜ਼ਖ਼ਮੀ ਨੇਹਾ ਬਲਾਤਕਾਰ ਦਾ ਸ਼ਿਕਾਰ ਹੈ। ਵੇਦ, ਨੀਲਮ ਤੇ ਨੇਹਾ ਹਸਪਤਾਲ ਵਿਚ ਹਨ। ਹਸਪਤਾਲ ਵਿਚ ਪੰਜ–ਸੱਤ ਘੰਟਿਆਂ ਤੋਂ ਪਏ ਹੋਣ ਦੇ ਬਾਵਜੂਦ ਕੋਈ ਵੀ ਡਾਕਟਰ ਉਨ੍ਹਾਂ ਦੀ ਬਾਤ ਨਹੀਂ ਪੁੱਛਦਾ; ਅੰਨ੍ਹੀ ਪਈ ਹੋਈ ਹੈ! ਰਾਮ ਨਾਥ ਉਥੇ ਪਹੁੰਚਦਾ ਹੈ। ਸੰਗੀਤਾ ਆਪਣੀ ਨਣਦ ਨੀਲਮ ਕੋਲ ਹੈ। ਨੇਹਾ ਦੀ ਦੇਖ–ਭਾਲ ਉਸਦੀ ਸਹੇਲੀ ਪਲਵੀ ਕਰਦੀ ਹੈ। ਨੇਹਾ ਗੁੰਮਸੁਮ ਤੇ ਮਾਨਸਿਕ ਤੌਰ 'ਤੇ ਹਿੱਲੀ ਹੋਈ ਹੈ।

ਪਲਵੀ ਉਸ ਦੀ ਮੰਦੀ ਹਾਲਤ ਦੇਖ ਕੇ ਰਾਮ ਨਾਥ ਦੇ ਹਾੜ੍ਹੇ ਕੱਢਦੀ ਹੈ ਕਿ ਉਹ ਉਸ ਨੂੰ ਬਚਾ ਲਵੇ:

> "ਅੰਕਲ ! ਮੈਂ ਨਰਸ ਨੂੰ ਪੁੱਛਿਆ ਸੀ ਕਿ ਡਾਟਕਰ ਕਿਉਂ ਨਹੀਂ ਆਉਂਦੀ । ਉਹ ਕਹਿੰਦੀ, ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ । ਉਸ ਨੂੰ ਕਿਸੇ ਦਾ ਡਰ ਨਹੀਂ । ਜਦੋਂ ਦਿਲ ਕੀਤਾ ਆਏਗੀ । ਪਲੀਜ਼ ਕੁਝ ਕਰੋ । ਮੇਰੀ ਸਹੇਲੀ ਮਰ ਜਾਏਗੀ ।" (ਪੰਨਾ-30)

ਨੇਹਾ ਦੇ ਪ੍ਰੇਮੀ ਸਾਗਰ ਕਾਰਨ ਇਸ ਘਟਨਾ ਦਾ ਰੌਲਾ ਪ੍ਰੈਸ ਵਿਚ ਪੈ ਜਾਂਦਾ ਹੈ । ਪੁਲਿਸ ਆਪਣੇ ਡਾਕਟਰ ਭਾਈਚਾਰੇ ਨੂੰ ਸੁਚੇਤ ਕਰਦੀ ਹੈ । ਗ੍ਰਹਿ ਮੰਤਰੀ ਵੀ ਮਜਰੂਬਾਂ ਦਾ ਹਾਲ–ਚਾਲ ਪੁੱਛਣ ਆ ਰਿਹਾ ਹੈ । ਮਜ਼ਬੂਰਨ ਵੱਡਾ ਡਾਕਟਰ ਸਾਰੇ ਡਾਕਟਰਾਂ ਤੇ ਸਟਾਫ਼ ਦੀ ਖਿਚਾਈ ਕਰਦਾ ਹੈ । ਡਾਕਟਰ ਨਸੀਬ ਮਿੱਤਲ ਕੋਲ ਕੋਰਟ ਵਿਚ ਹਾਜ਼ਰੀ ਦਾ ਸਰਟੀਫਿਕੇਟ ਹੈ, ਉਹ ਇਸ ਖਿਚਾਈ ਨੂੰ ਟਿੱਚ ਕਰਕੇ ਜਾਣਦਾ ਹੈ । ਪ੍ਰੰਤੂ ਡਾਕਟਰ ਸ਼ਰਨਜੀਤ ਕੋਲ ਆਜਿਹਾ ਕੋਈ ਲੰਗੜਾ ਬਹਾਨਾ ਨਹੀਂ ਹੈ, ਉਸ ਨੂੰ ਹਸਪਤਾਲ ਆਉਣਾ ਪੈਂਦਾ ਹੈ । ਰਾਮ ਨਾਥ ਦੀ ਪਤਨੀ ਸੰਗੀਤਾ ਨੇਹਾ ਦੇ ਭਵਿਖ ਪ੍ਰਤਿ ਅਤਿ ਚਿੰਤਤ ਹੈ; ਉਹ ਰਾਮ ਨਾਥ ਨੂੰ ਬਲਾਤਕਾਰ ਦੀ ਗੱਲ ਛੁਪਾਉਣ ਲਈ ਤਾਕੀਦ ਕਰਦੀ ਹੈ । ਰਾਮ ਨਾਥ ਡਾਕਟਰ ਨਾਲ ਇਸ ਸੰਬੰਧੀ ਗੱਲ ਕਰਦਾ ਹੈ, ਪ੍ਰੰਤੂ ਉਹ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦੀ :

> "ਪਲੀਜ਼ ਮੇਰਾ ਟਾਈਮ ਨਾ ਖ਼ਰਾਬ ਨਾ ਕਰੋ । ਮੈਨੂੰ ਆਪਣਾ ਕੰਮ ਕਰਨ ਦਿਉ ।" (ਪੰਨਾ–38)

ਰਾਮ ਨਾਥ ਅਖ਼ੀਰ ਠੇਕੇਦਾਰ ਰਾਹੀਂ ਡਾਕਟਰ ਨੂੰ ਦੋ ਹਜ਼ਾਰ ਦੇ ਕੇ ਆਪਣੀ ਗੱਲ ਮਨਾਉਣ ਵਿਚ ਸਫ਼ਲ ਹੁੰਦਾ ਹੈ । ਭਾਵੇਂ ਡਾਕਟਰ ਆਪਣੀ ਰਿਪੋਰਟ ਵਿਚ ਬਲਾਤਕਾਰ ਦਾ ਜ਼ਿਕਰ ਨਹੀਂ ਕਰਦੀ, ਪ੍ਰੰਤੂ ਸੀਲਡ ਥੈਲੇ ਵਿਚਲੇ ਲਹੂ ਨਾਲ ਲਿਬੜੇ–ਫਟੇ–ਕਪੜੇ, ਅੰਡਰਵੀਅਰ ਆਦਿ 'ਤੇ ਇਸ ਕਾਰੇ ਦੇ ਸਬੂਤ ਮੌਜੂਦ ਹੁੰਦੇ ਹਨ । ਹਸਪਤਾਲ ਵਿਚ ਮਰਨ ਕਿਨਾਰੇ ਦਰਦ ਨਾਲ ਕਰਾਹ ਰਹੇ ਮਰੀਜ਼ਾਂ ਨੂੰ ਕੋਈ ਵੀ ਡਾਕਟਰ ਬਿਨ–ਪੈਸੇ ਤੋਂ ਦੇਖਣ ਲਈ ਤਿਆਰ ਨਹੀਂ । ਇਕ ਬੱਚੀ ਕਰਾਹ ਰਹੀ ਹੈ–ਕੋਈ ਨਹੀਂ ਬਹੁੜਦਾ । ਸਾਰੇ ਡਾਕਟਰਾਂ ਨੇ ਨਿੱਜੀ ਕਲੀਨਕ ਖੋਲ੍ਹੇ ਹੋਏ ਹਨ; ਹਸਪਤਾਲ ਵਿਚ ਕਰਨ ਵਾਲਾ ਹਰ ਕੰਮ ਉਹ ਉਥੇ ਹੀ ਕਰਦੇ ਹਨ । ਐਕਸਰੇ ਵਾਲਾ ਐਕਸਰੇ ਨਹੀਂ ਕਰਦਾ–ਫਿਲਮ ਖ਼ਤਮ ਹੋਣ ਦਾ ਘੜਿਆ–ਘੜਾਇਆ ਬਹਾਨਾ ਸੁਣਾ ਦਿੰਦਾ ਹੈ । ਹੱਡੀਆਂ ਵਾਲਾ ਵਾਰਡ ਖਾਲੀ ਪਿਆ ਹੈ । ਹਰ ਰੋਜ਼ ਨਵੇਂ ਡਾਕਟਰ ਦੀ ਬਦਲੀ ਹੋਈ ਰਹਿੰਦੀ ਹੈ । ਜੋ ਵਧ ਪੈਸੇ ਦਿੰਦਾ ਹੈ, ਉਹ ਪਹਿਲੇ ਡਾਕਟਰ ਦੀ ਥਾਂ ਆ ਧਮਕਦਾ ਹੈ । ਇਹ ਪ੍ਰਕਿਰਿਆ ਜਾਰੀ ਰਹਿੰਦੀ ਹੈ; ਇਹ ਚੱਕਰਵਿਊ ਮੁਕਣ ਵਿਚ ਨਹੀਂ ਆਉਂਦਾ । ਕਿਸੇ ਵੀ ਡਾਕਟਰ ਨੂੰ ਮਾਨਵਤਾ ਦਾ ਮੋਹ ਜਾਂ ਦਰਦ ਨਹੀਂ ਹੈ–ਸਭ ਪੈਸੇ ਦੇ ਪੁਜਾਰੀ ਹਨ–ਸਿਸਟਮ ਦੇ ਪੈਰੋਕਾਰ ਤੇ ਅਨੁਸਾਰੀ ਹਨ । ਜਿਸ ਕੋਲ ਧਨ ਹੈ, ਉਹੀ ਇਥੇ ਇਲਾਜ ਦਾ ਅਧਿਕਾਰੀ ਹੈ । ਬਾਕੀ ਸਾਰੇ ਮਾਰਨ ਲਈ ਦਾਖ਼ਲ ਕੀਤੇ ਜਾਂਦੇ ਹਨ । ਹਸਪਤਾਲ ਦਾ ਦ੍ਰਿਸ਼ ਕਿਸੇ ਵੀ ਭਿਆਨਕ ਕੁੰਭੀ ਨਰਕ ਤੋਂ ਘਟ ਨਹੀਂ ਹੈ । ਹਸਪਤਾਲ ਬੀਮਾਰ ਸਿਸਟਮ ਦੀ ਕਾਰਜ–ਪਾਲਿਕਾ ਦਾ ਹੀ ਇਕ ਬੀਮਾਰ ਅੰਗ ਹੈ ਤੇ ਇਸ ਦੇ ਥੋਥ ਨੂੰ ਪ੍ਰਮਾਣਿਤ ਕਰਦਾ ਹੈ ।

ਇਕ ਨਜ਼ਰ ਪੁਲਿਸ ਵਿਭਾਗ ਵਲ ! ਵਾਰਦਾਤ ਵਾਪਰੀ ਨੂੰ ਕਈ ਘੰਟੇ ਬੀਤ ਗਏ ਹਨ । ਸੌ ਨੰਬਰ 'ਤੇ ਪੁਲਿਸ ਕੰਟਰੋਲ ਰੂਮ ਨੂੰ ਫ਼ੋਨ ਕੀਤਾ ਜਾਂਦਾ ਹੈ । ਗੁਆਂਢ ਵਿਚ ਭਾਜੜ ਪਈ ਹੋਈ ਹੈ । ਥਾਣੇ ਵਿਚ ਮੁਨਸ਼ੀ ਤੇ ਸੰਤਰੀ ਸਿਵਾ ਕੋਈ ਨਹੀਂ ਹੁੰਦਾ । ਕੁਆਟਰਾਂ ਵਿਚੋਂ ਸਿਪਾਹੀ ਮਸਾਂ ਉਠਾ ਕੇ

ਲਿਆਂਦੇ ਹਨ। ਫ਼ੋਨ ਕਰਕੇ ਥਾਣੇਦਾਰ ਬੁਲਾਏ ਗਏ ਹਨ। ਚਾਰ ਪੁਲਿਸ ਕਰਮਚਾਰੀਆਂ ਨੂੰ ਇਕੱਠੇ ਕਰਨ ਵਿਚ ਘੰਟੇ ਭਰ ਦਾ ਸਮਾਂ ਲਗ ਜਾਂਦਾ ਹੈ। ਮਸਾਂ ਪੁਲਿਸ ਮੌਕਾ ਵਾਰਦਾਤ 'ਤੇ ਪਹੁੰਚਦੀ ਹੈ। ਪੁਲਿਸ ਵਕਤ ਸਿਰ ਪਹੁੰਚ ਜਾਂਦੀ ਤਾਂ ਸ਼ਾਇਦ ਕਮਲ ਬਚ ਜਾਂਦਾ। ਮਜਰੂਬਾਂ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ। ਨੇਹਾ ਦੇ ਹੋਸ਼ ਵਿਚ ਆਉਣ 'ਤੇ ਹੀ ਪੁਲਿਸ ਕਾਰਵਾਈ ਸ਼ੁਰੂ ਹੋਣੀ ਹੈ। ਕੁਝ ਦਿਨਾਂ ਬਾਅਦ ਉਹ ਠੀਕ ਹੁੰਦੀ ਹੈ, ਪ੍ਰੰਤੂ ਮਾਨਸਿਕ ਤੌਰ 'ਤੇ ਟੁੱਟੀ ਹੋਈ ਹੈ। ਇਸੇ ਦੌਰਾਨ ਪੁਲਿਸ ਉਸ ਦਾ ਆਪ ਹੀ ਬਿਆਨ ਲਿਖ ਕੇ ਰਾਮ ਨਾਥ ਦੇ ਉਸ ਦੀ ਥਾਂ ਦਸਖ਼ਤ ਕਰਵਾ ਲੈਂਦੀ ਹੈ। ਪੁਲਿਸ ਕਾਰਵਾਈ ਸ਼ੁਰੂ ਹੁੰਦੀ ਹੈ। ਕਪਤਾਨ ਘਰ ਦਾ ਮੌਕਾ ਦੇਖਦਾ ਹੈ। ਵੇਦ ਦੇ ਭਤੀਜੇ ਪੰਕਜ ਤੇ ਨੀਰਜ ਐਸ.ਐਚ.ਓ. ਨੂੰ ਚੰਗੀ ਤਰ੍ਹਾਂ ਤਫ਼ਤੀਸ਼ ਕਰਕੇ ਦੋਸ਼ੀ ਫੜਨ ਲਈ ਦਸ ਹਜ਼ਾਰ ਦੇ ਕੇ ਨਿਵਾਜਦੇ ਹਨ। ਰਾਮ ਨਾਥ ਨੂੰ ਇਸ ਕਾਰੇ ਵਿਚ ਮੋਹਨ ਦੇ ਪੁੱਤਾਂ ਦਾ ਸ਼ਰੀਕ ਹੋਣਾ ਲਾਜ਼ਮੀ ਲਗਦਾ ਹੈ, ਪ੍ਰੰਤੂ ਪੁਲਿਸ ਨੂੰ ਇਹ ਗੱਲ ਨਹੀਂ ਜਚਦੀ ਕਿ ਐਡੇ ਅਮੀਰ ਆਦਮੀ ਇਕ ਪਲਾਟ ਦੇ ਝਗੜੇ ਦੀ ਛੋਟੀ ਜਿਹੀ ਗੱਲ 'ਤੇ ਕਮਲ ਦਾ ਕਤਲ ਤੇ ਚਚੇਰੀ ਭੈਣ ਨੇਹਾ ਦਾ ਰੇਪ ਕਰਵਾ ਸਕਦੇ ਹਨ। ਉਨ੍ਹਾਂ ਨੂੰ ਇਹ ਕਾਰਾ 'ਕਾਲੇ ਕੱਛਿਆਂ ਵਾਲਿਆਂ' ਜਾ ਕਿਸੇ ਹੋਰ ਦਾ ਕੀਤਾ ਪ੍ਰਤੀਤ ਹੁੰਦਾ ਹੈ। ਨੌਕਰ ਰਾਮੂ 'ਤੇ ਵੇਦ ਦਾ ਵਫ਼ਾਦਾਰ ਹੋਣ ਕਰਕੇ ਸ਼ੱਕ ਨਹੀਂ ਕੀਤਾ ਜਾ ਸਕਦਾ। ਫਿਰ ਵੀ ਉਸ 'ਤੇ ਨਜ਼ਰ ਰਖੀ ਜਾਂਦੀ ਹੈ। ਅਖ਼ੀਰ ਵਿਚ ਪੁਲਿਸ ਕਪਤਾਨ ਉਸ ਨੂੰ ਪੁਚਕਾਰ ਕੇ ਰਾਮ ਲੁਭਾਇਆ ਠੇਕੇਦਾਰ ਦੇ ਇਸ ਵਾਰਦਾਤ ਵਿਚ ਸ਼ਾਮਿਲ ਹੋਣ ਦਾ ਪਤਾ ਲਾ ਲੈਂਦਾ ਹੈ। ਰਾਮ ਲੁਭਾਇਆ ਬਿਹਾਰ 'ਚੋਂ ਆ ਕੇ ਦਿਨਾਂ ਵਿਚ ਹੀ ਪੈਸੇ ਵਾਲਾ ਪੁਰਸ਼ ਬਣਿਆ ਹੁੰਦਾ ਹੈ। ਤੜਕੇ-ਤੜਕੇ ਪੁਲਿਸ ਉਸ ਨੂੰ ਦਬੋਚ ਲੈਂਦੀ ਹੈ। ਉਸ ਦੀ ਪਤਨੀ ਲੁੱਟੇ ਗਹਿਣੇ ਬਰਾਮਦ ਕਰਵਾ ਦਿੰਦੀ ਹੈ। ਪੁਲਿਸ ਤਫ਼ਤੀਸ਼ ਲੀਹ 'ਤੇ ਪੈ ਜਾਂਦੀ ਹੈ। ਠੇਕੇਦਾਰ ਹੱਡਾਂ ਦਾ ਕਰੜਾ ਹੁੰਦਾ ਹੈ; ਪੁਲਿਸ ਜਬਰ ਸਹਿ ਕੇ ਵੀ ਕੁਝ ਨਹੀਂ ਉਗਲਦਾ। ਪ੍ਰੰਤੂ ਭਤੀਜੇ ਦੇ ਸਨਮੁਖ ਹੋਣ 'ਤੇ ਢਿਲਾ ਪੈ ਜਾਂਦਾ ਹੈ। ਬਾਕੀ ਦੋਸ਼ੀ ਫੜਨ ਲਈ ਬਿਹਾਰ ਜਾਣ ਵਾਸਤੇ ਪੁਲਿਸ ਰਾਮ ਨਾਥ ਨੂੰ ਪੈਸੇ ਤੇ ਵਾਹਨ ਦਾ ਪ੍ਰਬੰਧ ਕਰਨ ਲਈ ਕਹਿੰਦੀ ਹੈ। ਰਾਮ ਨਾਥ ਲਾਚਾਰ ਹੈ-ਹੋਰ ਪੈਸੇ ਦਾ ਪ੍ਰਬੰਧ ਕਿਥੋਂ ਕਰੇ? ਰਾਮ ਲੁਭਾਇਆ ਤੇ ਉਸ ਦੇ ਭਤੀਜੇ ਦੇ ਫੜੇ ਜਾਣ ਕਾਰਨ ਪੰਕਜ ਤੇ ਨੀਰਜ ਦੀ ਚਿੰਤਾ ਹੋਰ ਵਧ ਜਾਂਦੀ ਹੈ। ਪੁਲਿਸ ਕਪਤਾਨ ਕੇਸ ਵਿਚ ਨਿੱਜੀ ਦਿਲਚਸਪੀ ਲੈਂਦਾ ਹੈ। ਉਹ ਉਸ ਤਕ ਪਹੁੰਚ ਕਰਨ ਦੀ ਲੋੜ ਮਹਿਸੂਸਦੇ ਹਨ। ਉਸ ਦੇ ਵਿਚੋਲੇ ਬਾਰੇ ਸੁਝਾਅ ਮਿਲ ਗਿਆ ਹੈ :

> "ਚੁੱਪ ਕਰਕੇ ਮੇਲੂ ਡੇਅਰੀ ਵਾਲੇ ਕੋਲ ਚਲੇ ਜਾਓ। ਉਹ ਸਾਫ਼ ਸੁਥਰਾ ਬੰਦਾ ਹੈ। ਦਸ ਹਜ਼ਾਰ ਆਪ ਲਏਗਾ, ਮੂੰਹੋਂ ਮੰਗ ਕੇ। ਗੱਲ ਜੋ ਕਰੇਗਾ, ਸੋਲਾਂ ਆਨੇ ਸਹੀ ਹੋਏਗੀ। ਤੁਹਾਡੇ ਬੰਦੇ ਨੂੰ ਨਾਲ ਲੈ ਕੇ ਜਾਏਗਾ। ਗੱਲ ਮੂੰਹ 'ਤੇ ਕਰੇਗਾ। ਤੁਹਾਡੇ ਹੱਥੀਂ ਪੈਸੇ ਦਿਵਾਏਗਾ। ਅੱਗੇ ਪਿੱਛੋ ਲੋੜ ਪਈ ਨਾਲ ਜਾਏਗਾ।" (ਪੰਨਾ-84)

ਸਭ ਪਾਸਿਉਂ ਨਿਰਾਸ਼ ਹੋਕੇ ਆਖ਼ਿਰ ਪੁਲਿਸ ਕਪਤਾਨ ਤਕ ਪਹੁੰਚ ਕੀਤੀ ਜਾਂਦੀ ਹੈ। ਪੰਜ ਲੱਖ ਵਿਚ ਸੌਦਾ ਤਹਿ ਹੋ ਜਾਂਦਾ ਹੈ। ਕਪਤਾਨ ਜਿਥੇ ਤਕ ਤਫ਼ਤੀਸ਼ ਹੋਈ ਹੈ, ਨੂੰ ਹਾਲਟ ਕਰਕੇ ਅੱਗੋਂ ਇਸ ਨੂੰ ਲੀਹੋਂ ਲਾਹੁਣ ਦਾ ਵਚਨ ਦਿੰਦਾ ਹੈ। ਵਿਧਾਇਕ ਬਘੇਲ ਸਿੰਘ ਦੀ ਮੁਖ ਮੰਤਰੀ ਰਾਹੀਂ ਦਖ਼ਲ-ਅੰਦਾਜ਼ੀ ਕਾਰਨ ਬਾਅਦ ਵਿੱਚ ਅੱਖਾਂ ਫੇਰ ਲੈਂਦਾ ਹੈ। ਅੰਤ ਵਿਚ ਥਾਣੇਦਾਰ ਬੰਤ ਸਿੰਘ

ਮਿਸਲ ਨੂੰ ਤੁੱਥ–ਮੁੱਥ ਕਰਕੇ ਚਲਾਨ ਪੇਸ਼ ਕਰ ਦਿੰਦਾ ਹੈ। ਦੋਸ਼ੀ ਧਿਰ ਡੀ.ਆਈ.ਜੀ. ਤੋਂ ਦੁਬਾਰਾ ਤਫ਼ਤੀਸ਼ ਕਰਵਾ ਆਪਣੇ–ਆਪ ਨੂੰ ਦੋਸ਼–ਮੁਕਤ ਕਰਾਉਣ ਲਈ ਉਸ ਨੂੰ ਦੋ–ਲੱਖ ਰੁਪੈ ਦਿੰਦੀ ਹੈ। ਪ੍ਰੰਤੂ ਗੱਲ ਉਥੇ ਦੀ ਉਥੇ ਰਹਿੰਦੀ ਹੈ। ਉਹ ਮੁਖ ਮੰਤਰੀ ਤੋਂ ਡਰਦਾ ਇਨਕੁਐਰੀ ਦੀ ਕੋਈ ਰੀਪੋਰਟ ਨਹੀਂ ਦਿੰਦਾ। ਰਾਮ ਨਾਥ ਦੀ ਇੱਛਾ ਮੁਜਬ ਕੇਸ ਦਾ ਕੋਈ ਮੂੰਹ–ਮੱਥਾ ਨਹੀਂ ਬਣਾਇਆ ਜਾਂਦਾ। ਉਸ ਕੋਲ ਕਿਸੇ ਨੂੰ ਦੇਣ ਲਈ ਕੁਝ ਨਹੀਂ ਹੈ; ਉਂਜ ਵੀ ਉਹ ਵਕੀਲ ਹੈ। ਸਪਸ਼ਟ ਹੈ ਕਿ ਧਨ ਦੀ ਸ਼ਕਤੀ ਮੂਹਰੇ ਪੁਲਿਸ ਦੀ ਕਾਰਗੁਜ਼ਾਰੀ ਫਿੱਕੀ, ਬੇਕਾਰ ਤੇ ਨਿਆਂ–ਰਹਿਤ ਹੋ ਜਾਂਦੀ ਹੈ। ਪੁਲਿਸ ਵਧੀਕ ਧਨ ਵਾਲੀ ਦੋਸ਼ੀ ਧਿਰ ਦਾ ਹੀ ਸਾਥ ਦਿੰਦੀ ਹੈ, ਜਦੋਂ ਵੀ ਉਸ ਨੂੰ ਇਸ ਧਿਰ ਦੀ ਸੇਵਾ ਕਰਨ ਦਾ ਅਵਸਰ ਮਿਲਦਾ ਹੈ। ਸਿਸਟਮ ਦੇ ਕਾਨੂੰਨ ਦੀਆਂ ਚੋਰ–ਮੋਰੀਆਂ ਸਿਰਫ਼ ਸਿਸਟਮ ਦੇ ਸਿਰਜਕਾਂ ਜਾਂ ਸੁਆਮੀਆਂ ਦੀਆਂ ਹੀ ਸਹਾਇਤਾ ਕਰਦੀਆਂ ਹਨ। ਸਿਸਟਮ ਦੇ ਰਾਖੇ ਉਨ੍ਹਾਂ ਦੀ ਰਾਖੀ ਲਈ ਸੁਚੇਤ/ਅਚੇਤ ਬੱਝੇ ਹੋਏ ਹਨ। ਇਹ ਸਿਸਟਮ ਪੈਸੇ ਦਾ ਪੈਰੋਕਾਰ ਤੇ ਅਨੁਸਾਰੀ ਹੈ। ਪੁਲਿਸ ਵਿਭਾਗ ਕੋਈ ਅਪਵਾਦ ਨਹੀਂ ਹੈ।

ਚੇਤਨ ਮਨੁੱਖ ਨੂੰ ਸਿਸਟਮ ਦੇ ਕਾਨੂੰਨ, ਇਨਸਾਫ਼ ਤੇ ਨਿਆਂਸ਼ਾਲਾ ਬਾਰੇ ਕੋਈ ਬਹੁਤਾ ਭਰਮ–ਭੁਲੇਖਾ ਨਹੀਂ ਹੈ। ਫਿਰ ਵੀ ਕੌਰਵ ਸਭਾ ਦਾ ਪਾਠ ਇਸ ਅਨੁਭੂਤੀ ਨੂੰ ਸੁਖੈਨ ਬਣਾ ਦਿੰਦਾ ਹੈ। ਪਲਾਟ ਦੇ ਝਗੜੇ ਕਾਰਨ ਚਾਚੇ ਤੇ ਉਸ ਦੇ ਪਰਿਵਾਰ ਨੂੰ ਸਬਕ ਸਿਖਾਉਣ ਲਈ ਫਿਰੌਤੀ ਦੇ ਕੇ ਸਾਜ਼ਿਸ਼ ਰਚੀ ਗਈ ਸੀ, ਪ੍ਰੰਤੂ ਇਸ ਦੇ ਵਰਤਮਾਨ ਰੂਪ ਦਾ ਕਿਆਸ ਵੀ ਨਹੀਂ ਕੀਤਾ ਗਿਆ ਸੀ। ਪਰਚੇ ਵਿਚ ਪੰਕਜ ਤੇ ਨੀਰਜ ਦਾ ਨਾਂ ਨਹੀਂ ਹੈ; ਕਾਨੂੰਨ ਅਨੁਸਾਰ ਉਹਨਾਂ ਦੀ ਪੇਸ਼ਗੀ ਜਮਾਨਤ ਹੋਣੀ ਚਾਹੀਦੀ ਹੈ। ਪ੍ਰੰਤੂ ਪ੍ਰੈਸ ਵਿਚ ਕੇਸ ਦੀ ਚਰਚਾ ਬਹੁਤ ਹੈ; ਜੱਜ ਪ੍ਰਭਾਵਿਤ ਹੋ ਕੇ ਪੇਸ਼ਗੀ ਜਮਾਨਤ ਨਾ–ਮਨਜੂਰ ਵੀ ਕਰ ਸਕਦੇ ਹਨ। ਦੋਸ਼ੀ ਹਾਈਕੋਰਟ ਦੇ ਰਜਿਸਟਰਾਰ ਪਰਤਾਪ ਸਿੰਘ ਕੋਲ ਪਹੁੰਚ ਸਕਦੇ ਹਨ, ਪ੍ਰੰਤੂ ਉਹ ਸੈਸ਼ਨ ਕੋਰਟ ਵਿਚੋਂ ਪੇਸ਼ਗੀ ਜਮਾਨਤ ਕਰਾਉਣ ਦਾ ਪੱਕਾ ਵਾਅਦਾ ਨਹੀਂ ਕਰਦਾ ਹੈ। ਕੇਸ ਈਮਾਨਦਾਰ ਜੱਜ ਸਾਧੂ ਸਿੰਘ ਤੇ ਲਗਣਾ ਹੈ। ਪਹਿਲਾਂ ਸਰਕਾਰੀ ਵਕੀਲ ਦੋਸ਼ੀਆਂ ਨਾਲ ਸਾਜਬਾਜ਼ ਕਰਦਾ ਹੈ। ਵਿਧਾਇਕ ਬਘੇਲ ਸਿੰਘ ਉਸ ਨੂੰ ਕੇਸ ਤੋਂ ਲਾਂਭੇ ਕਰਾ ਦਿੰਦਾ ਹੈ। ਨਵੇਂ ਸਰਕਾਰੀ ਵਕੀਲ ਕੋਲ ਵੀ ਦਸ ਹਜ਼ਾਰ ਦੀ ਗੁੱਟੀ ਪਹੁੰਚ ਜਾਂਦੀ ਹੈ। ਉਹ ਚੁੱਪ ਰਹਿੰਦਾ ਹੈ। ਮਜ਼ਬੂਰਨ ਸਾਧੂ ਸਿੰਘ ਜੱਜ ਨੂੰ ਉਸ ਦਾ ਕੰਮ ਕਰਨਾ ਪੈਂਦਾ ਹੈ। ਉਹ ਪੇਸ਼ਗੀ ਜ਼ਮਾਨਤ ਨਾ–ਮਨਜੂਰ ਕਰ ਦਿੰਦਾ ਹੈ। ਦੋਸ਼ੀਆਂ ਦਾ ਵਕੀਲ ਨੰਦ ਲਾਲ ਬਹੁਤ ਖਿਝਦਾ ਹੈ। ਜ਼ਮਾਨਤ ਲਈ ਸੁਣਵਾਈ ਦੀ ਪ੍ਰਕਿਰਿਆ ਵਿਚ ਸ਼ਾਮਿਲ ਸਾਰੇ ਕਰਮਚਾਰੀ ਥਾਣੇ ਵਾਲੇ, ਨਾਇਬ ਕੋਰਟ ਤੇ ਸਰਕਾਰੀ ਵਕੀਲ ਆਦਿ ਦੋਸ਼ੀਆਂ ਲਈ ਕੰਮ ਕਰਕੇ ਸਿਸਟਮ ਦੇ ਖੋਖਲੇਪਨ ਨੂੰ ਉਜਾਗਰ ਕਰਦੇ ਹਨ। ਹਾਈਕੋਰਟ ਵਿਚ ਵੀ 'ਸਭ–ਅੱਛਾ' ਨਹੀਂ ਹੈ; ਦੋਸ਼ੀਆਂ ਦੀ ਪੰਦਰਾਂ ਦਿਨ ਲਈ ਪੇਸ਼ਗੀ ਜ਼ਮਾਨਤ ਹੋ ਜਾਂਦੀ ਹੈ। ਪ੍ਰੰਤੂ ਵਿਧਾਨ–ਪਾਲਿਕਾ ਦੀ ਘੁਸ–ਪੈਠ ਕਾਰਨ ਪੱਕੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ ਹੋ ਜਾਦੀ ਹੈ। ਦੋਸ਼ੀਆਂ ਨੂੰ ਸੁਪਰੀਮ ਕੋਰਟ ਜਾਣ ਪੂਰਵ ਹੀ ਦਬੋਚ ਲਿਆ ਜਾਂਦਾ ਹੈ। ਉਹ ਕੁਝ ਦਿਨ ਜੇਲ੍ਹ ਦੀ ਹਵਾ ਖਾਂਦੇ ਹਨ। ਪੁਲਿਸ ਨਾਲ ਮਿਲੀ ਭੁਗਤ ਹੋਣ ਕਾਰਨ ਹਿਰਾਸਤ ਦੌਰਾਨ ਵੀ ਮੁਲਜਮਾਂ ਨੂੰ ਹਸਪਤਾਲ ਵਿਚ ਘਰ ਵਰਗੀਆਂ ਸਹੂਲਤਾਂ ਤੇ ਸੁਖ ਮਿਲਦੇ ਹਨ। ਆਖ਼ਿਰ ਵਿਚ ਉਹਨਾਂ ਦੀ ਜਮਾਨਤ ਹੋ ਜਾਂਦੀ ਹੈ। ਸਾਧੂ ਸਿੰਘ ਜੱਜ ਦੀ ਪੂਰੀ ਕੋਸ਼ਿਸ਼ ਦਾ ਬਾਵਜੂਦ ਵੀ ਸੁਣਵਾਈ ਮੁਕੰਮਲ ਨਹੀਂ ਹੁੰਦੀ। ਨੰਦ ਲਾਲ ਤੇ ਸਿੰਗਲਾ ਵਕੀਲ ਕਾਨੂੰਨੀ ਢੁਚਰਾਂ ਨਾਲ

ਸੁਣਵਾਈ ਦੀ ਰਫ਼ਤਾਰ ਕੀੜੀ-ਤੌਰ ਕਰਨ ਵਿਚ ਸਫਲ ਰਹਿੰਦੇ ਹਨ। ਇਸੇ ਦੌਰਾਨ ਜੱਜ ਸਾਧੂ ਸਿੰਘ ਦੀ ਬਦਲੀ ਹੋ ਜਾਂਦੀ ਹੈ; ਹਾਈ ਕੋਰਟ ਵਿਚ ਨਵਾਂ ਚੀਫ਼ ਜਸਟਿਸ ਨਿਯੁਕਤ ਹੋ ਜਾਂਦਾ ਹੈ। ਨਵਾਂ ਸੈਸ਼ਨ ਜੱਜ ਮੰਗਤ ਰਾਮ, ਸਾਧੂ ਸਿੰਘ ਦੀ ਥਾਂ ਕਾਰਜ-ਭਾਰ ਸੰਭਾਲ ਲੈਂਦਾ ਹੈ, ਉਹ ਵੀ ਸਿਸਟਮ ਦੇ ਨਿਆਂ ਪ੍ਰਬੰਧ ਨੂੰ ਬੇ-ਪਰਦ ਕਰਦਾ ਹੈ। ਮੁੰਡੇ ਦੇ ਦਾਖਲੇ ਦੇ ਬਹਾਨੇ ਉਹ ਨੰਦ ਲਾਲ ਨੂੰ ਬੁਲਾ ਕੇ ਕਹਿੰਦਾ ਹੈ :

"ਬਾਬੂ ਜੀ ਬਹਿਸ ਕਰੋ। ਚੀਫ਼ ਸਾਹਿਬ ਦਾ ਹੁਕਮ ਹੈ।" (ਪੰਨਾ-356)

ਚੀਫ਼ 'ਤੇ ਪਰਤਾਪ ਸਿੰਘ ਦੇ ਪ੍ਰਭਾਵ ਕਾਰਨ ਸੈਸ਼ਨ ਜੱਜ ਮੰਗਤ ਰਾਮ ਮੁਖ ਦੋਸ਼ੀਆਂ ਪੰਕਜ ਤੇ ਨੀਰਜ ਨੂੰ ਬਾਇਜ਼ਤ ਬਰੀ ਕਰ ਦਿੰਦਾ ਹੈ। ਪੰਚਮ ਦੀ ਕਿਸ਼ੋਰ ਅਵਸਥਾ ਦੇ ਬਹਾਨੇ ਕਮਲ ਦੇ ਕਤਲ ਵਿਚ ਸਿਰਫ਼ ਤਿੰਨ ਸਾਲ ਦੀ ਸਜ਼ਾ ਸੁਣਾਉਂਦਾ ਹੈ। ਬਾਕੀ ਦੋਸ਼ੀਆਂ ਨੂੰ ਵੀ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ। ਪਾਠਕ ਨੂੰ ਡੂੰਘੀ ਘੋਖ ਉਪਰੰਤ ਸਮਝ ਪੈਂਦੀ ਹੈ ਕਿ ਸਿਸਟਮ ਦੀ ਨਿਆਂ ਪ੍ਰਨਾਲੀ ਵਿਚ ਵਰਗ-ਹਿੱਤਾਂ ਅਨੁਕੂਲ ਹੀ ਨਿਆਂ ਹੁੰਦਾ ਹੈ; ਸਮੁੱਚੀ ਨਿਆਂ-ਪ੍ਰਨਾਲੀ ਅਨਿਆਂ ਕਰਨ ਲਈ ਪਾਬੰਦ ਤੇ ਵਚਨਬੱਧ ਹੈ।

ਵਿਧਾਨ-ਪਾਲਿਕਾ ਦੇ ਲੋਕ-ਪੱਖੀ ਕਾਨੂੰਨ ਘੜਨ ਤੇ ਪ੍ਰਕਾਰਜ ਕਰਨ ਦੀ ਆਸ ਕੀਤੀ ਜਾਂਦੀ ਹੈ। ਪ੍ਰੰਤੂ ਇਸ ਸਿਸਟਮ ਅਧੀਨ ਉਸ ਦਾ ਵੀ ਕਰੂਪ ਚਿਹਰਾ ਤੇ ਵਿਕਰਾਲ ਰੂਪ ਨਾਵਲ 'ਕੌਰਵ ਸਭਾ' ਦੇ ਮਾਧਿਅਮ ਰਾਹੀਂ ਦੇਖਣ ਨੂੰ ਮਿਲਦਾ ਹੈ। ਨਾਵਲ ਦਾ ਬ੍ਰਿਤਾਂਤ ਅਨੇਕਮੁੱਖੀ ਪਹਿਲੂਆਂ ਤੋਂ ਇਸ ਦੇ ਨਿਘਾਰ ਨੂੰ ਪ੍ਰਤਿਬਿੰਬਤ ਕਰਦਾ ਹੈ। ਵਿਧਾਇਕ ਬਘੇਲ ਸਿੰਘ ਰਾਜ ਕਰਦੀ ਪਾਰਟੀ ਦੇ ਅੰਦਰਲੇ ਜਥੇਦਾਰ ਧੜੇ ਨਾਲ ਸੰਬੰਧਤ ਹੈ। ਉਸ ਦੀ ਸਰਕਾਰੇ-ਦਰਬਾਰੇ ਪੁੱਛ-ਪ੍ਰਤੀਤ ਨਹੀਂ ਹੁੰਦੀ; ਉਹ ਪਾਅ ਪਏ ਕੁੱਤੇ ਵਾਂਗ ਕੰਧਾਂ-ਕੌਲਿਆਂ ਨਾਲ ਟੱਕਰਾਂ ਮਾਰਦਾ ਫਿਰਦਾ ਹੇ; ਮੱਛੀ ਵਾਂਗ ਤੜਫਦਾ ਹੈ। ਮੁਕੱਦਮਾ ਚਰਚਿਤ ਹੋਣ ਕਾਰਨ ਉਸ ਨੂੰ ਦੋਸ਼ੀਆਂ ਦੇ ਧਨਵਾਨ ਹੋਣ ਦਾ ਇਲਮ ਹੁੰਦਾ ਹੈ। ਉਹ ਆਪਣੀ ਟੰਗ ਇਸ ਦੀ ਪ੍ਰਕਿਰਿਆ ਵਿਚ ਅੜਾਉਂਦਾ ਹੈ। ਉਹ ਮੋਟੀ ਰਕਮ ਵਸੂਲ ਕਰਕੇ ਮੁੱਖ ਮੰਤਰੀ ਨੂੰ ਪ੍ਰਸੰਨ ਕਰਨਾ ਚਾਹੁੰਦਾ ਹੈ। ਮੁਖ ਮੰਤਰੀ ਵੀ ਜਥੇਦਾਰ ਧੜੇ ਨੂੰ ਕਮਜ਼ੋਰ ਕਰਨ ਲਈ ਉਸ ਨੂੰ ਮੂੰਹ ਲਾਉਣ ਲਈ ਤੱਤਪਰ ਹੈ। ਵਿਧਾਇਕ ਕੇਸ ਦੇ ਹਰ ਪੜਾਅ 'ਤੇ ਪੈਨੀ ਨਜ਼ਰ ਰਖਕੇ ਦਿਲਚਸਪੀ ਲੈਂਦਾ ਹੈ; ਦੋਸ਼ੀਆਂ ਦੀ ਜਮਾਨਤ ਨਹੀਂ ਹੋਣ ਦਿੰਦਾ; ਹਸਪਤਾਲ ਵਿਚ ਮਿਲਦੀਆਂ ਘਰ ਵਰਗੀਆਂ ਸਹੂਲਤਾਂ ਬੰਦ ਕਰਵਾ ਦਿੰਦਾ ਹੈ। ਦੋਸ਼ੀਆਂ ਨੂੰ ਸਜ਼ਾ ਹੋ ਜਾਣ ਦੀ ਕਲਪਨਾ ਹੁੰਦੀ ਹੈ। ਉਹ ਗੋਡੇ ਟੇਕਣ ਲਈ ਮਜ਼ਬੂਰ ਹੋ ਜਾਂਦੇ ਹਨ। ਦੋਸ਼ੀ ਧਿਰ ਇਕ ਕਰੋੜ ਰੁਪੈ ਤਿੰਨ ਕਿਸ਼ਤਾਂ ਵਿਚ ਦੇਣ ਲਹੀ ਰਜ਼ਾਮੰਦ ਹੋ ਜਾਂਦੀ ਹੈ। ਬਘੇਲ ਸਿੰਘ ਚਾਲੀ ਲੱਖ ਦੀ ਪਹਿਲੀ ਕਿਸ਼ਤ ਮੁਖ ਮੰਤਰੀ ਨੂੰ ਦੇਣ ਲਈ ਜਾਂਦਾ ਹੈ। ਮਚਲਾ ਤੇ ਮਕਾਰ ਮੁੱਖ ਮੰਤਰੀ ਪੁੱਛਦਾ ਹੈ :

"ਇਹ ਕੀ ਹੈ?"

"ਚਾਲੀ ਲੱਖ ਹੈ"

"ਮੈ ਕੀ ਕਰਨੇ ਨੇ? ਰੱਖ ਆਪਣੇ ਕੋਲ ! ਦੇਖ ਬਾਪੂ ਦੀਆਂ ਮਿਹਰਾਂ।"

(ਪੰਨਾ 204-205)

ਇਹ ਸਾਰੀ ਰਕਮ ਤੇ ਬਾਕੀ ਦੀਆਂ ਕਿਸ਼ਤਾਂ ਵਿਧਾਇਕ ਦੀ ਝੋਲੀ ਪਾ ਮੁਖ ਮੰਤਰੀ ਉਸ ਨੂੰ ਜਥੇਦਾਰ ਗਰੁਪ ਤੋਂ ਵੱਖ ਕਰ ਦਿੰਦਾ ਹੈ। ਹੁਣ ਕੇਸ ਨਾਲ ਸੰਬੰਧਤ ਅਮਲਾ-ਫੈਲਾ ਫਿਰ ਦੋਸ਼ੀ ਧਿਰ ਦੇ ਹੱਕ

ਵਿਚ ਸਰਗਰਮ ਹੋ ਜਾਂਦਾ ਹੈ। ਗ਼ੌਰ ਤਲਬ ਹੈ ਕਿ ਮਾਇਆ ਨਗਰ ਦਾ ਐਮ.ਪੀ. ਬਾਬੂ ਜੀ ਵੀ ਹਿੱਕ ਠੋਕ ਕੇ ਵਾਰਦਾਤ ਸਮੇਂ ਦੋਸ਼ੀਆਂ ਦੇ ਉਸ ਨਾਲ ਹੋਣ ਦੀ ਪੁਸ਼ਟੀ ਕਰਦਾ ਹੈ। ਉਸ ਦੀ ਪਾਰਟੀ ਦੋਸ਼ੀ ਧਿਰ ਤੋਂ ਕਈ ਵਾਰ ਮੋਟੇ ਚੰਦੇ ਵਸੂਲ ਕਰ ਚੁੱਕੀ ਹੁੰਦੀ ਹੈ। ਉਸ ਦਾ ਕਈ ਕੰਮਾਂ ਵਿਚ ਦੋਸ਼ੀ ਧਿਰ ਨਾਲ ਹਿੱਸਾ-ਪੱਤੀ ਵੀ ਹੁੰਦਾ ਹੈ। ਸਭ ਪਾਰਟੀਆਂ ਸਿਸਟਮ ਦੇ ਰਾਖਿਆਂ ਦੀ ਰਾਖੀ ਲਈ ਦਿੱਖ/ਅਦਿੱਖ ਸਰਗਰਮ ਨਜ਼ਰ ਆਉਂਦੀਆਂ ਹਨ। ਵਿਧਾਨ-ਪਾਲਿਕਾ ਦੀ ਇਹ ਵਿਕਰਾਲ ਤਸਵੀਰ ਸਿਸਟਮ ਦੇ ਮਾਨਵ-ਦੋਖੀ ਤੇ ਖੋਖਲੇ ਹੋਣ ਦਾ ਪ੍ਰਮਾਣ ਦਿੰਦੀ ਹੈ।

ਇਹ ਇਕ ਇਤਿਹਾਸਕ ਸੱਚ ਹੈ ਕਿ ਪ੍ਰਚਲਤ ਸਮਾਜਿਕ-ਵਿਵਸਥਾ ਸਥਾਪਤ ਸਿਸਟਮ ਦੀ ਅਨੁਸਾਰੀ ਹੁੰਦੀ ਹੈ। ਵਰਤਮਾਨ ਸਿਸਟਮ ਵਿਚ ਕੁੜੀ/ਇਸਤਰੀ ਦਾ ਵਿਆਹ ਤੋਂ ਪਹਿਲਾਂ ਤੇ ਪਤੀ ਤੋਂ ਬਿਨਾਂ ਸਰੀਰਕ ਸੰਬੰਧ ਅਪਵਿਤਰ ਤੇ ਅਨੈਤਿਕ ਗਰਦਾਨਿਆ ਜਾਂਦਾ ਹੈ। ਬੇਸ਼ਕ ਇਹ ਸੰਬੰਧ ਜ਼ੋਰ-ਜਬਰੀ ਜਾਂ ਧੱਕੇ ਨਾਲ ਹੀ ਸਥਾਪਤ ਕਿਉਂ ਨਾ ਕੀਤਾ ਗਿਆ ਹੋਵੇ। ਪੀੜਤ ਨੂੰ ਪਤਿਤਾਂ ਤੋਂ ਘਟ ਕੋਈ ਦਰਜਾ ਨਹੀਂ ਮਿਲਦਾ। ਪ੍ਰੰਤੂ ਇਹ ਨੇਮ ਮਰਦ 'ਤੇ ਲਾਗੂ ਨਹੀਂ ਹੁੰਦਾ। ਗੱਲ ਹੱਸ ਕੇ ਟਾਲ ਦਿੱਤੀ ਜਾਂਦੀ ਹੈ। ਨੇਹਾ ਨਾਲ ਹੋਏ ਬਲਾਤਕਾਰ ਨੂੰ ਉਸ ਦੀ ਮਾਮੀ ਸੰਗੀਤਾ ਆਪਣੇ ਪਤੀ ਰਾਮ ਨਾਥ ਨੂੰ ਬੇ-ਪਰਦ ਕਰਨ ਤੋਂ ਰੋਕਦੀ ਹੈ। ਉਹ ਡਾਕਟਰ ਸਾਹਿਬਾਂ ਦੀ ਮਦਦ ਲਈ ਮਿੰਨਤ ਕਰਦਾ ਹੈ। ਪ੍ਰੰਤੂ ਉਹ ਮਾਇਆ ਲੈ ਕੇ ਹੀ ਮਿਹਰਬਾਨ ਹੁੰਦੀ ਹੈ। ਜਦੋਂ ਸਹਿਯੋਗ ਸੰਸਥਾ ਨੂੰ ਇਸ ਬਲਾਤਕਾਰ ਦਾ ਗਿਆਨ ਹੁੰਦਾ ਹੈ ਤਾਂ ਉਹ ਆਪਣੇ ਅਗਿਆਨੀ ਤੇ ਪਾਖੰਡੀ ਹੋਣ ਦਾ ਪ੍ਰਮਾਣ ਦਿੰਦੀ ਹੈ। ਉਹ ਨੇਹਾ ਨੂੰ ਅਪਵਿਤਰ ਸਮਝ ਕੇ ਸੰਸਥਾ 'ਚ ਬੁਲਾਉਣਾ ਛੱਡ ਦਿੰਦੀ ਹੈ। ਨੇਹਾ ਦਾ ਪ੍ਰੇਮੀ ਸਾਗਰ ਵੀ ਪਤਾ ਲਗਣ 'ਤੇ ਕਿਨਾਰਾ ਕਰ ਜਾਂਦਾ ਹੈ। ਮਾਤਾ ਕਲਿਆਣੀ ਖ਼ੁਦ ਨੂੰ ਪਾਰਬਤੀ ਦਾ ਅਵਤਾਰ ਜ਼ਾਹਰ ਕਰਕੇ ਜਨ ਸਾਧਾਰਨ ਨੂੰ ਗੁਮਰਾਹ ਕਰਦੀ ਹੈ। ਇਹੋ ਜਿਹੀਆਂ ਹੋਰ ਹਜ਼ਾਰਾਂ ਸੰਸਥਾਵਾਂ, ਡੇਰੇ ਤੇ ਧਾਰਮਿਕ ਧਾਮ ਲੋਕਾਂ ਦਾ ਧਿਆਨ ਲੋਕ ਵਲੋਂ ਹਟਾ ਕੇ ਕਾਲਪਨਿਕ ਪ੍ਰਲੋਕ ਵਲ ਆਉਂਦੇ ਹਨ। ਇਹ ਸਭ ਸਿਸਟਮ ਦੇ ਸੇਵਾਦਾਰ ਹਨ। ਸਿਸਟਮ ਇਹਨਾਂ ਦੀ ਪੁਸ਼ਤ-ਪਨਾਹੀ ਕਰਦਾ ਹੈ ਅਤੇ ਇਹ ਸਿਸਟਮ ਦੇ ਹਿੱਤ ਪਾਲਦੇ ਹਨ।

'ਕੌਰਵ ਸਭਾ' ਦੇ ਬ੍ਰਿਤਾਂਤ ਵਿਚ ਭਈਆਂ ਦੀ ਪੰਜਾਬ ਵਿਚ ਆਮਦ ਦਾ ਯਥਾਰਥਕ ਚਿਤਰ ਪੇਸ਼ ਕੀਤਾ ਗਿਆ ਹੈ। ਇਕੱਲੇ ਮਾਇਆ ਨਗਰ ਵਿਚ ਹੀ ਇਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੈ :

> "ਪੱਚੀ ਲੱਖ ਦੀ ਆਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀਆਂ ਦੀ ਗਿਣਤੀ ਛੇ ਤੋਂ ਸੱਤ ਲੱਖ ਵਿਚਕਾਰ ਅੰਗੀ ਜਾਂਦੀ ਸੀ। ਇਨ੍ਹਾਂ ਵਿਚੋਂ ਪੰਜ ਲੱਖ ਪਰਵਾਸੀ ਇਕੱਲੇ ਬਿਹਾਰ ਤੇ ਉੱਤਰ ਪ੍ਰਦੇਸ਼ ਤੋਂ ਆ ਕੇ ਵਸੇ ਹਨ। ਸ਼ਹਿਰ ਦੇ ਬਾਹਰ ਹਰ ਪਾਸੇ ਇਨ੍ਹਾਂ ਪਰਵਾਸੀਆਂ ਦੀਆਂ ਕਲੋਨੀਆਂ ਹਨ। ਫੋਕਲ ਪੁਆਇੰਟ ਵਾਲੀ ਦਿਸ਼ਾ ਮਿੰਨੀ ਬਿਹਾਰ ਜਾਪਦੀ ਸੀ।"
> (ਪੰਨਾ 53)

ਇਨ੍ਹਾਂ ਪ੍ਰਵਾਸੀਆਂ ਨੂੰ ਆਪਣੇ ਸੂਬਿਆਂ ਵਿਚ ਕਿਸੇ ਕਿਸਮ ਦਾ ਰੋਜ਼ਗਾਰ ਨਹੀਂ ਮਿਲਦਾ। ਇਹ ਰੋਜ਼ੀ ਰੋਟੀ ਦੀ ਭਾਲ ਵਿਚ ਪੰਜਾਬ ਆਉਂਦੇ ਹਨ। ਇਨ੍ਹਾਂ ਲਈ ਸਿਖਿਆ ਦਾ ਯੋਗ ਪ੍ਰਬੰਧ ਨਾ ਤਾ ਇਨ੍ਹਾਂ ਦੇ ਜੱਦੀ ਸੂਬਿਆਂ ਵਿਚ ਹੈ ਤੇ ਨਾ ਹੀ ਕਿੱਤੇ ਹੋਰ ਹੁੰਦਾ ਹੈ। ਅਸਿੱਖਿਅਤ ਅਨਪੜ੍ਹ ਤੇ ਗ਼ਰੀਬ ਹੋਣ ਕਾਰਨ ਇਹ ਕਿਸੇ ਵੀ ਕਿਸਮ ਦਾ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹਨਾਂ

ਕੰਮਾਂ ਵਿਚ ਘਿਨਾਉਣੇ ਅਪਰਾਧ ਵੀ ਸ਼ਾਮਿਲ ਹੁੰਦੇ ਹਨ। ਇਸੇ ਕਰਕੇ ਪੰਕਜ ਤੇ ਨੀਰਜ ਦੇ ਦਿਸ਼ਾ-ਨਿਰਦੇਸ਼ ਤਹਿਤ ਇਹ ਫਿਰੌਤੀ ਲੈ ਕੇ ਵੇਦ-ਪਰਿਵਾਰ ਨੂੰ ਸਬਕ ਸਿਖਾਉਣ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਗ਼ਰੀਬੀ ਤੇ ਲਾਲਚ ਵੱਸ ਇਹ ਨਿਰਧਾਰਤ ਸੀਮਾ ਉਲੰਘ ਜਾਂਦੇ ਹਨ। ਕਮਲ ਦਾ ਕਤਲ, ਨੇਹਾ ਦਾ ਬਲਾਤਕਾਰ ਤੇ ਵੇਦ-ਨੀਲਮ ਨੂੰ ਜ਼ਖ਼ਮੀ ਕਰਕੇ ਡਾਕੇ ਵਰਗਾ ਭਿਆਨਕ ਕਾਰਾ ਕਰ ਬੈਠਦੇ ਹਨ। ਸਿਸਟਮ ਦੇ ਰਾਜਸੀ ਆਗੂ ਇਨ੍ਹਾਂ ਦੀ ਵਰਤੋਂ ਵੋਟ ਬੈਂਕ ਵਜੋਂ ਤੇ ਰੈਲੀਆਂ ਕਰਨ ਲਈ ਸਮੇਂ-ਸਮੇਂ ਕਰਦੇ ਹਨ। ਸਿਸਟਮ ਕਾਣੀ-ਵੰਡ 'ਤੇ ਆਧਾਰਤ ਹੈ। ਗ਼ਰੀਬੀ ਤੇ ਭੁੱਖਮਾਰੀ ਕਾਰਨ ਮਨੁੱਖ ਕੁਝ ਵੀ ਕਰ ਸਕਦਾ ਹੈ। ਇਹ ਜੋ ਵੀ ਕਰਮ ਕਰਦੇ ਹਨ-ਇਹ ਸਿਸਟਮ ਦੀ ਦੇਣ ਹਨ। ਇਹ ਲੋਕ ਤਾਂ ਸਿਰਫ ਇਸ ਦੇ ਅਨੁਸਾਰੀ ਹਨ।

ਇਹ ਸਿਸਟਮ ਮਾਨਵ ਹਿਤੈਸ਼ੀ ਨਹੀਂ ਹੈ; ਇਸ ਦੇ ਸਿਰਜੇ ਤਾਣੇ-ਬਾਣੇ ਵਿਚ ਨਿੱਜੀ ਮੁਫ਼ਾਦ ਪ੍ਰਮੁਖ ਹੁੰਦਾ ਹੈ। ਮੋਹਨ ਪੜ੍ਹ-ਲਿਖ ਕੇ ਇੰਜੀਨੀਅਰ ਦੀ ਡਿਗਰੀ ਲੈ ਐਸ.ਡੀ.ਓ. ਲਗ ਜਾਂਦਾ ਹੈ। ਵਿਭਾਗੀ ਕੁਰਪਸ਼ਨ ਤਕ ਹੀ ਸੀਮਤ ਨਹੀਂ ਰਹਿੰਦਾ; ਵਿਭਿੰਨ ਕਿਸਮ ਦੇ ਕਾਰੋਬਾਰ ਕਰਦਾ ਹੈ। ਪ੍ਰੰਤੂ ਦੋ-ਨੰਬਰ ਦੇ ਧੰਦੇ ਵਿਚ ਉਸ ਨੂੰ ਵਫ਼ਾਦਾਰ ਸਹਾਇਕ ਦੀ ਲੋੜ ਹੰਦੀ ਹੈ। ਉਸ ਦੀ ਪਤਨੀ ਮਾਇਆ ਉਸ ਨੂੰ ਵੇਦ ਦਾ ਆਸਰਾ ਲੈਣ ਦਾ ਸੁਝਾਅ ਦਿੰਦੀ ਹੈ ਉਹ ਵੇਦ ਨੂੰ ਮੋਹ ਕਾਰਨ ਹੀ ਮਾਇਆ ਨਗਰ ਨਹੀਂ ਬੁਲਾਉਂਦਾ, ਬਲਕਿ ਆਪਣੇ ਵਰਗ-ਹਿੱਤਾਂ ਦੀ ਪੂਰਤੀ ਉਸ ਦਾ ਪ੍ਰਥਮ ਮੰਤਵ ਹੁੰਦੀ ਹੈ। ਮੋਹਨ ਦੇ ਜੀਵਨ-ਕਾਲ ਵਿਚ ਭਰਾਵਾਂ ਵਿਚ ਕੋਈ ਸਮਸਿਆ ਪੈਦਾ ਨਹੀਂ ਹੁੰਦੀ। ਪ੍ਰੰਤੂ ਉਸ ਦੀ ਮੌਤ ਸਮਸਿਆਵਾਂ ਦੀ ਜਨਮਦਾਤੀ ਬਣ ਜਾਂਦੀ ਹੈ। ਕਾਰਖਾਨੇ ਵਿਚ ਕਈ ਕਾਰਨਾਂ ਕਰਕੇ ਘਾਟਾ ਪੈਂਦਾ ਹੈ; ਪਲਾਟ ਦੀ ਮਾਲਕੀ ਨੂੰ ਲੈ ਕੇ ਚਾਚੇ-ਭਤੀਜਿਆਂ ਵਿਚ ਝਗੜਾ ਉਤਪੰਨ ਹੋ ਜਾਂਦਾ ਹੈ। ਚਾਚੇ-ਪਰਿਵਾਰ ਨੂੰ ਉਸ ਦਾ ਅਸਲੀ ਸਥਾਨ ਦਰਸਾਉਣ ਦੀ ਕਰਤੂਤ ਵਿਚ ਕਮਲ ਦਾ ਕਤਲ, ਵੇਦ-ਨੀਲਮ ਜ਼ਖ਼ਮੀ ਦੇ ਨੇਹਾ ਦਾ ਰੇਪ ਹੋ ਜਾਂਦਾ ਹੈ। ਇਹ ਸਭ ਕੁਝ ਦੋਹਾਂ ਪਰਿਵਾਰਾਂ ਦੇ ਪੈਸੇ ਪ੍ਰਤਿ ਮੋਹ ਕਾਰਨ ਹੁੰਦਾ ਹੈ। ਨਾਵਲ ਵਿਚ ਅਣਗਿਣਤ ਪਾਤਰ ਹਨ। ਕੋਈ ਵੀ ਪਾਤਰ ਪੈਸੇ ਨੂੰ ਅਣਡਿੱਠ ਨਹੀਂ ਕਰਦਾ-ਗੰਦੀ ਨਾਲੀ ਵਿਚੋਂ ਵੀ ਪੈਸਾ ਚੁੱਕਣ ਤਕ ਜਾ ਡਿੱਗਦਾ ਹੈ। ਰਾਮ ਨਾਥ ਚੰਗਾ ਵਕੀਲ ਕਰਨਾ ਚਾਹੁੰਦਾ ਹੈ। ਵਕੀਲ ਊਧਮ ਸਿੰਘ ਉਸ ਤੋਂ ਇਕ ਲੱਖ ਦੀ ਮੰਗ ਕਰਦਾ ਹੈ। ਰਾਮ ਨਾਥ ਰਹਿਮ ਦਾ ਵਾਸਤਾ ਪਾਉਂਦਾ ਹੈ। ਫਿਰ ਊਧਮ ਸਿੰਘ ਉਸ ਦੇ ਕਮਿਸ਼ਨ ਦੀ ਗੱਲ ਕਰਦਾ ਹੋਇਆ ਕਿਸੇ ਹੋਰ ਵਕੀਲ ਦੀ ਉਦਾਹਰਣ ਦਿੰਦਾ ਹੈ :

> "ਇਕ ਵਕੀਲ ਮੇਰੇ ਕੋਲ ਆਪਣੇ ਸਕੇ ਤਾਏ ਦਾ ਕੇਸ ਲੈ ਕੇ ਆਇਆ। ਮੈਂ ਸੋਚਿਆ ਤਾਏ ਦੇ ਕੇਸ ਵਿਚੋਂ ਹਿੱਸਾ ਥੋੜ੍ਹਾ ਲਏਗਾ। ਮੈਂ ਫੀਸ ਘੱਟ ਮੰਗ ਲਈ। ਉਹ ਸ਼ਾਮ ਨੂੰ ਹਿੱਸਾ ਲੈਣ ਆ ਗਿਆ। ਮੈਂ ਇਤਰਾਜ਼ ਕੀਤਾ ਤਾਂ ਉਹ ਕਹਿਣ ਲੱਗਾ, ਜੇ ਘੋੜਾ ਘਾਹ ਨਾਲ ਦੋਸਤੀ ਕਰੇਗਾ ਤਾਂ ਖਾਏਗੀ ਕੀ? ਤਾਏ ਨੇ ਜ਼ੁਰਮ ਕੀਤੈ ਤਾਂ ਆਪੇ ਭੁਗਤੇਗਾ। ਮੈਂ ਉਸ ਦੇ ਜਵਾਬ 'ਤੇ ਬੜਾ ਖੁਸ਼ ਹੋਇਅ। ਮੈਂ ਉਸ ਨੂੰ ਅਸ਼ੀਰਵਾਦ ਦਿੱਤਾ। ਤੂੰ ਤਰਕ ਘੜਨ ਦਾ ਮਾਹਿਰ ਹੈ। ਪੁੱਤਰਾਂ ! ਕਾਮਯਾਬ ਵਕੀਲ ਬਣੇਂਗਾ।" (ਪੰਨਾ 226-227)

ਊਧਮ ਸਿੰਘ ਨੂੰ ਸੰਦੇਹ ਸੀ ਕਿ ਰਾਮ ਨਾਥ ਵੀ ਹੋਰਨਾਂ ਵਕੀਲਾਂ ਵਾਂਗ ਕਿਤੇ ਹਿੱਸਾ ਨਾ ਮੰਗ ਬੈਠੇ। ਵੇਦ ਦੇ ਸਾਰੇ ਹੀ ਰਿਸ਼ਤੇਦਾਰ ਹੌਲੀ-ਹੌਲੀ ਕਿਨਾਰਾ ਕਰ ਜਾਂਦੇ ਹਨ। ਦੋਸ਼ੀ ਧਿਰ ਦੇ ਧਨਵਾਨ ਹੋਣ

ਕਾਰਨ ਕੋਈ ਵੀ ਉਸ ਦੀ ਨਰਾਜ਼ਗੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਹੈ ਅਤੇ ਨਾ ਹੀ ਆਪਣੈ ਪੈਸੇ ਦਾ ਨੁਕਸਾਨ ਕਰਨਾ ਚਾਹੁੰਦਾ ਹੈ। **ਇਸ ਸਿਸਟਮ ਵਿਚ ਕੋਈ ਕਿਸੇ ਦਾ ਕੁਝ ਨਹੀਂ ਲਗਦਾ; ਮਾਇਆ ਦੇ ਆਉਣ-ਜਾਣ ਨਾਲ ਰਿਸ਼ਤੇ ਜਿਉਂਦੇ-ਮਰਦੇ ਰਹਿੰਦੇ ਹਨ। ਮਾਨਵੀ ਰਿਸ਼ਤੇ ਕੋਈ ਅਰਥ ਨਹੀਂ ਰਖਦੇ-ਸਭ ਰਿਸ਼ਤੇ ਪੂੰਜੀ ਦੇ ਅਧੀਨ ਹਨ।**

ਸਾਡੇ ਦੇਸ਼ ਵਿਚ ਵਿਕਟਮ ਵੈਲਫੇਅਰ ਸੁਸਾਇਟੀ ਵਰਗੀਆਂ ਅਨੇਕ ਸੰਸਥਾਵਾਂ ਹਨ। ਆਦਰਸ਼ਵਾਦ ਇਹਨਾਂ ਦਾ ਜਨਮਦਾਤਾ ਹੈ। ਚੰਗੀ ਗੱਲ ਹੈ! ਪ੍ਰੰਤੂ ਸਿਸਟਮ ਦੇ ਆਪਣੇ ਨੇਮ ਹਨ ਜੋ ਬੇ-ਸ਼ਰਮੀ ਦੀ ਸੀਮਾ ਤਕ ਇਸ ਦੀ ਰਾਖੀ ਕਰਦੇ ਹਨ। 'ਕੌਰਵ ਸਭਾ' ਵਿਚ ਸੁਸਾਇਟੀ ਦੇ ਮੈਂਬਰ ਅਣਥੱਕ ਘਾਲਣਾ ਘਾਲਕੇ ਆਪਣੇ ਕਰਤੱਵ ਦਾ ਪਾਲਣ ਕਰਦੇ ਹਨ, ਪ੍ਰੰਤੂ ਹਰੀਸ਼ ਪ੍ਰਧਾਨ ਤੇ ਹੋਰ ਕਾਰਕੁਨਾਂ ਦੀ ਮਿਹਨਤ ਨੂੰ ਬੂਰ ਨਹੀਂ ਪੈਂਦਾ। ਇਹੋ ਜਿਹੀਆਂ ਸੁਸਾਇਟੀਆਂ, ਬੇਸ਼ਕ, ਮਾਨਵ-ਹਿਤੈਸ਼ੀ ਕਾਰਜ ਕਰਦੀਆਂ ਹਨ, ਪ੍ਰੰਤੂ ਸਿਸਟਮ ਦੀਆਂ ਸਥਾਪਤ ਸੀਮਾਵਾਂ ਨਹੀਂ ਉਲੰਘ ਸਕਦੀਆਂ ਹਨ-ਨਿਆਂ ਪ੍ਰਾਪਤੀ ਦੀ ਗੱਲ ਤਾਂ ਦੂਰ ਦੀ ਹੈ! ਜੱਜ ਮੰਗਤ ਰਾਮ ਉਪਰਲੇ ਨਿਰਦੇਸ਼ਾਂ ਅਧੀਨ ਆਧਾਰ-ਰਹਿਤ ਦਲੀਲਾਂ ਦੇ ਸਹਾਰੇ ਮੁਕੱਦਮੇ ਦਾ ਫੈਸਲਾ ਕਰਦਾ ਹੈ ਤੇ ਅਸਲ ਦੋਸ਼ੀ ਬਰੀ ਹੋ ਜਾਦੇ ਹਨ। ਸਿਰ-ਤੋੜ ਕੋਸ਼ਿਸ਼ ਦੇ ਬਾਵਜੂਦ ਸਾਧੂ ਸਿੰਘ ਵਰਗੇ ਈਮਾਨਦਾਰ ਜੱਜ ਦੀ ਈਮਾਨਦਾਰੀ ਤੇ ਨਿਆਂ ਕਰਨ ਪ੍ਰਤਿ ਲਗਨ ਵੀ ਬੇਕਾਰ ਤੇ ਫਲ-ਰਹਿਤ ਰਹਿ ਜਾਂਦੀ ਹੈ, ਉਹ ਵੀ ਸਿਸਟਮ ਦੀ ਨਿਆਂ-ਪ੍ਰਣਾਲੀ ਦੀ ਸੀਮਾ ਤੋਂ ਪਾਰ ਨਹੀਂ ਜਾ ਸਕਦਾ। ਕਦੇ-ਕਦੇ ਇੰਜ ਪ੍ਰਤੀਤ ਹੁੰਦਾ ਹੈ ਕਿ ਇਹੋ ਜਿਹੀਆਂ ਸੁਸਾਇਟੀਆਂ, ਈਮਾਨਦਾਰ ਜੱਜ ਤੇ ਹੋਰ ਅਹਿਲਕਾਰ ਇਸ ਸਿਸਟਮ ਵਿਚ ਫੋਕੀ ਤੇ ਆਧਾਰਹੀਨ ਆਸਥਾ ਉਤਪੰਨ ਕਰਨ ਦਾ ਸਾਧਨ ਬਣ ਜਾਂਦੇ ਹਨ ਅਤੇ ਸਿਸਟਮ ਦੀ ਸਥਾਪਤੀ ਨੂੰ ਬਲ ਬਖਸ਼ਦੇ ਹਨ। ਇਹ ਤੱਥ ਪ੍ਰਤਖ ਹੈ ਕਿ **ਸਿਫ਼ਤੀ ਪਰਿਵਰਤਨ ਦੀ ਗ਼ੈਰ-ਮੌਜੂਦਗੀ ਵਿਚ ਉਨ੍ਹਾਂ ਦਾ ਸ਼ਾਨਦਾਰ ਕਿਰਦਾਰ ਵੀ ਕੋਈ ਅਰਥ ਨਹੀਂ ਰਖਦਾ, ਬਲਕਿ ਅਨੇਕ ਭਰਾਂਤੀਆਂ ਸਿਰਜਦਾ ਹੈ ਅਤੇ ਸੰਘਰਸ਼ਸ਼ੀਲ ਲੋਕਾਂ ਦੇ ਰਾਹ ਵਿਚ ਰੋੜਾ ਬਣਦਾ ਹੈ।**

ਮਿੱਤਰ ਸੈਨ ਮੀਤ ਰਚਿਤ ਨਾਵਲ 'ਕੌਰਵ ਸਭਾ' ਸਿਸਟਮ ਨੂੰ ਬੇ-ਪਰਦ ਕਰਕੇ ਇਸ ਦੇ ਕੋਝੇ ਤੇ ਕਰੂਰ ਨੰਗੇਜ ਨੂੰ ਪਾਠਕਾਂ ਦੇ ਸਨਮੁਖ ਪ੍ਰਸਤੁਤ ਕਰਦਾ ਹੈ। ਦੇਸ਼ ਦੇ ਕੁੱਲ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਇਸ ਦੀ ਰਾਖੀ ਵਿਚ ਜੁਟੇ ਹੋਏ ਦਿਸਦੇ ਹਨ। ਇਸ ਸਿਸਟਮ ਦੀ ਛਤਰ-ਛਾਇਆ ਹੇਠ ਜਨ ਸਾਧਾਰਨ ਨੂੰ ਕਿਸੇ ਵੀ ਖੇਤਰ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਵੇਦ-ਪਰਿਵਾਰ ਵਰਗੀ ਵੀ ਕਿਸੇ ਪੀੜਤ ਧਿਰ ਨੂੰ ਅਦਾਲਤਾਂ ਵਿਚੋਂ ਨਿਆਂ ਨਹੀਂ ਮਿਲਦਾ ਹੈ। ਪੁਲਿਸ ਨਿਆਂ ਦਿਵਾਉਣ ਲਈ ਕਦੇ ਵੀ ਢੁਕਵੀਂ ਤਫ਼ਤੀਸ਼ ਨਹੀਂ ਕਰਦੀ ਹੈ। ਵਕੀਲ ਲੁਟੇਰੇ ਹਨ; ਡਾਕਟਰ ਵੀ ਕਿਸੇ ਤੋਂ ਘੱਟ ਨਹੀਂ ਹਨ; ਹਸਪਤਾਲਾਂ ਵਿਚ ਕੁਹਰਮ ਮੱਚਿਆ ਹੋਇਆ ਹੈ। ਇਸ ਸਿਸਟਮ 'ਤੇ ਮਾਰਕਸ ਦੇ ਸ਼ਬਦ ਬੜੇ ਢੁਕਵੇ ਹਨ :

> "The bourgeisie has stripped its halo every occupation hitherto honoured and looked up to with rererent awe. It has converted the physic}n, the lawyer, the priest, the poet, the man of science, into its paid wage-labourer." And continued, "The bourgerosie has torn away from family its sentimental evil, and has reduced the family

relation to mere money relations."

ਸਿਸਟਮ ਦੇ ਕੁੱਲ ਕਾਰਜਸ਼ੀਲ ਪਾਤਰ ਪੈਸੇ ਦੀਆਂ ਕਠਪੁਤਲੀਆਂ ਹਨ; ਪਰਿਵਾਰਕ ਰਿਸ਼ਤੇਦਾਰੀ ਦਾ ਕੋਈ ਅਰਥ ਨਹੀਂ ਹੈ। ਸਭਾ ਸੋਸਾਇਟੀਆਂ, ਸਾਧੂ ਸਿੰਘ ਵਰਗੇ ਈਮਨਦਾਰ ਜੱਜ, ਹੋਰ ਅਹਿਲਕਾਰ ਤੇ ਹੋਰ ਲੋਕਾਂ ਦੀ ਤੂਤੀ ਨੂੰ ਸਿਸਟਮ ਦੇ ਨਗਾਰਖ਼ਾਨੇ ਵਿਚ ਕੋਈ ਨਹੀਂ ਸੁਣਦਾ ਹੈ ਹਰ ਕੋਈ ਨਿਆਂ-ਅਨਿਆਂ ਦੀ ਪਰਿਭਾਸ਼ਾ ਤੋਂ ਭੈਅ-ਮੁਕਤ ਹੋ ਕੇ ਪੈਸਾ ਇਕੱਠਾ ਕਰਨ ਲਈ ਵਗਦੀ ਗੰਗਾ ਵਿਚ ਹੱਥ ਧੋਣ ਲਈ ਇਕ-ਦੂਜੇ ਤੋਂ ਅੱਗੇ ਰਹਿਣ ਦਾ ਯਤਨ ਕਰਦਾ ਹੈ। ਗ਼ਰੀਬ ਪ੍ਰਵਾਸੀ ਮਜ਼ਦੂਰ ਜਾਂ ਹੋਰ ਸਾਧਨ ਵਿਪੰਨ ਲੋਕ ਅਪਰਾਧ ਕਰਨ ਲਈ ਮਜ਼ਬੂਰ ਹੁੰਦੇ ਹਨ; ਸਿਸਟਮ ਇਨ੍ਹਾਂ ਦੀ ਭਰਪੂਰ ਵਰਤੋਂ ਕਰਦਾ ਹੈ। ਹਰ ਪਾਸੇ ਹਫੜਾਦਫੜੀ ਤੇ ਹਨੇਰਗਰਦੀ ਫੈਲੀ ਹੋਈ ਹੈ। ਇਥੇ ਕੋਈ ਕਿਸੇ ਦਾ ਸੰਗੀ-ਸਾਥੀ ਨਹੀਂ ਹੁੰਦਾ। ਮਹਾਨ ਲੋਕ ਕਵੀ ਕਰਨੈਲ ਬਾਗ਼ੀ ਦੇ ਸ਼ਬਦਾਂ ਵਿਚ :

ਇਹ ਕਹਾਣੀ
ਵਸਤੇ ਘਰਾਂ ਦੀ ਨਹੀਂ-
ਮਜਾਰਾਂ ਦੀ ਏ;
ਜਿੱਥੇ ਰਿਸ਼ਤਿਆਂ ਦਾ ਨਾਂ
ਬਦਚਲਣ ਕੁੜੀ
ਵਰਗਾ ਹੈ;
ਜਿੱਥੇ ਮੋਹ ਦੇ ਦੁੱਧ ਨੂੰ
ਤਾਂਬੇ ਦੀ ਜਾਗ
ਲੱਗਦੀ ਹੈ।"

ਵਿਧਾਨ-ਪਾਲਿਕਾ, ਕਾਰਜ-ਪਾਲਿਕਾ, ਨਿਆਂ ਪਾਲਿਕਾ ਤੇ ਇਨ੍ਹਾਂ ਨਾਲ ਜੁੜੇ ਕੁੱਲ ਅਦਾਰਿਆਂ ਦਾ ਪ੍ਰਮੁੱਖ ਪ੍ਰਕਾਰਜ ਇਸ ਮਨੁੱਖ-ਵਿਰੋਧੀ ਸਿਸਟਮ ਨੂੰ ਹਰ ਹੀਲੇ ਕਾਇਮ ਰਖਣਾ ਹੈ; ਇਹ ਅਦਾਰੇ ਵਰਗ-ਹਿੱਤਾਂ ਦੇ ਪ੍ਰਤਿਕੂਲ ਕੋਈ ਵੀ ਕਰਮ ਨਹੀਂ ਕਰਦੇ ਹਨ। ਕੁੱਲ ਪਾਤਰਾਂ ਦਾ ਜ਼ਿਕਰ ਸੰਭਵ ਨਹੀਂ, ਨਿਰਸੰਦੇਹ ਇਹ ਸਾਰੇ ਇਸ ਸੱਚ ਨੂੰ ਉਜਾਗਰ ਕਰਦੇ ਹਨ ਕਿ ਇਹ ਸਿਸਟਮ ਥੋਥਾ ਤੇ ਮਾਨਵਤਾ ਦਾ ਕੱਟੜ ਵੈਰੀ ਹੈ। ਨਾਵਲ ਕੌਰਵ ਸਭਾ ਸਿਸਟਮ (ਕੌਰਵ ਸਭਾ) ਤੇ ਖੋਖਲੇਪਨ ਦੀ ਗਾਥਾ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਮੂਰਤੀਮਾਨ ਕਰਦਾ ਇਕ ਸ਼ਾਨਦਾਰ ਸਫ਼ਲ ਨਾਵਲ ਹੈ।

# 16

# 'ਕੌਰਵ ਸਭਾ' : ਵਸਤੂ-ਸਾਮਗਰੀ ਅਤੇ ਰਚਨਾਤਮਕ-ਉੱਦੇਸ਼

**ਬ੍ਰਹਮਜਗਦੀਸ਼ ਸਿੰਘ**

ਸ੍ਰੀ ਮਿੱਤਰ ਸੈਨ ਮੀਤ ਪਿਛਲੇ ਤੀਹ-ਪੈਂਤੀ ਵਰ੍ਹਿਆਂ ਤੋਂ ਪੰਜਾਬੀ ਗਲਪ ਦੇ ਖੇਤਰ ਵਿਚ ਕ੍ਰਿਆਸ਼ੀਲ ਹੈ। ਇਸ ਅਰਸੇ ਦੌਰਾਨ ਉਸਦੇ ਪੰਜ ਨਾਵਲ 'ਅੱਗ ਦੇ ਬੀਜ' (*1971*), 'ਕਾਫ਼ਲਾ' (*1986*), 'ਤਫ਼ਤੀਸ਼' (*1990*) ਕਟਹਿਰਾ (*1993*) ਅਤੇ 'ਕੌਰਵ ਸਭਾ' (*2005*) ਪ੍ਰਕਾਸ਼ਿਤ ਹੋ ਚੁਕੇ ਹਨ। 'ਪੁਨਰਵਾਸ', 'ਲਅ' ਅਤੇ 'ਠੋਸ ਸਬੂਤ' ਦੇ ਸ਼ੀਰਸ਼ਕ ਅਧੀਨ ਉਸਦੇ ਤਿੰਨ ਕਹਾਣੀ ਸੰਗ੍ਰਹਿ ਵੀ ਪ੍ਰਕਾਸ਼ਿਤ ਹੋਏ ਹਨ। ਇਸ ਤਰ੍ਹਾਂ ਗਲਪ ਦੇ ਖੇਤਰ ਵਿਚ ਉਹ ਨਿਰੰਤਰ ਕ੍ਰਿਆਸ਼ੀਲ ਹੈ। ਭਾਵੇਂ ਵਿਚ-ਵਿਚਕਾਰ ਉਸਦੇ ਲੇਖਣ ਵਿਚ ਕੁਝ ਖੱਪੇ ਵੀ ਨਜ਼ਰ ਆਉਂਦੇ ਹਨ ਪਰ ਇਸਦੇ ਬਾਵਜੂਦ ਉਹ ਗਲਪ-ਲੇਖਣ ਪ੍ਰਤੀ ਉੱਕਾ ਹੀ ਬੇਮੁਖ ਕਦੇ ਨਹੀਂ ਹੋਇਆ। ਮਿੱਤਰ ਸੈਨ ਮੀਤ ਦੀ ਗਲਪਕਾਰੀ ਨੂੰ ਇਕ ਕਰੈਡਿਟ ਇਹ ਵੀ ਜਾਂਦਾ ਹੈ ਕਿ ਉਸਦੀ ਹਰ ਰਚਨਾ ਦੇ ਦੋ-ਦੋ ਜਾਂ ਤਿੰਨ-ਤਿੰਨ ਸੰਸਕਰਣ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਸਤੋਂ ਸਿੱਧ ਹੋ ਜਾਂਦਾ ਕਿ ਪੰਜਾਬੀ ਪਾਠਕਾਂ ਵਿਚ ਉਸਦੀਆਂ ਰਚਨਾਵਾਂ ਕਾਫ਼ੀ ਮਕਬੂਲ ਰਹੀਆਂ ਹਨ।

ਪਿਛਲੇ ਪੈਂਤੀ-ਚਾਲੀ ਵਰ੍ਹਿਆਂ ਦੇ ਅਰਸੇ ਵਿਚ ਪੰਜਾਬੀ ਗਲਪਕਾਰੀ ਨੇ ਕਾਫ਼ੀ ਵਿਕਾਸ ਕੀਤਾ ਹੈ। ਸ. ਗੁਰਦਿਆਲ ਸਿੰਘ, ਡਾ. ਦਲੀਪ ਕੌਰ ਟਿਵਾਣਾ ਅਤੇ ਸ੍ਰੀ ਰਾਮ ਸਰੂਪ ਅਣਖੀ ਵਰਗੇ ਨਾਵਲਕਾਰਾਂ ਨੇ ਆਪਣਾ ਬਹੁਤਾ ਕੰਮ ਇਸੇ ਕਾਲ-ਖੰਡ ਵਿਚ ਕੀਤਾ ਹੈ। ਜੇ ਮਿੱਤਰ ਸੈਨ ਮੀਤ ਉਕਤ ਨਾਵਲਕਾਰਾਂ ਜਿਤਨਾ ਪ੍ਰਸਿੱਧ ਨਹੀਂ ਹੋਇਆ ਤਾਂ ਇਸਦਾ ਵੱਡਾ ਕਾਰਨ, ਉਸਦਾ ਕਈ-ਕਈ ਵਰ੍ਹੇ ਗਲਪ ਦੇ ਦ੍ਰਿਸ਼ ਤੋਂ ਲੋਪ ਰਹਿਣਾ ਹੈ। ਮਸਲਿਨ, ਉਸਦੇ ਪਹਿਲੇ ਨਾਵਲ ' ਅੱਗ ਦੇ ਬੀਜ' ਅਤੇ ਦੂਜੇ ਨਾਵਲ 'ਕਾਫ਼ਲਾ' ਵਿਚ ਵਰ੍ਹੇ ਦਾ ਅੰਤਰਾਲ ਹੈ। ਇਸੇ ਤਰ੍ਹਾਂ ਹਾਲ ਹੀ ਵਿਚ ਪ੍ਰਕਾਸ਼ਿਤ ਹੋਏ ਨਾਵਲ 'ਕੌਰਵ ਸਭਾ' ਦਾ ਇਸ ਤੋਂ ਪਹਿਲਾਂ ਛਪੇ ਨਾਵਲ 'ਕਟਹਿਰਾ' ਨਾਲੋਂ ਬਾਰ੍ਹਾਂ ਵਰ੍ਹਿਆਂ ਦਾ ਵਕਫ਼ਾ ਹੈ। ਇਨ੍ਹਾਂ ਲੰਬੇ-ਲੰਬੇ ਵਕਫ਼ਿਆਂ ਕਾਰਨ ਪਾਠਕਾਂ ਵਿਚ ਉਸਦੀ ਪਛਾਣ ਕਦੇ ਗੂੜ੍ਹੀ ਅਤੇ ਕਦੇ ਪੇਤਲੀ ਹੁੰਦੀ ਰਹੀ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਲਪ-ਲੇਖਨ ਵਿਚ ਇਕ ਨਿਰੰਤਰਤਾ ਬਣਾਈ ਰੱਖੇ।

ਲੇਖਕ ਦੇ ਕੁਝ ਪਿਛਲੇ ਨਾਵਲਾਂ ਵਾਂਗ 'ਕੌਰਵ ਸਭਾ' ਇਕ ਨਿਸ਼ਚਿਤ ਵਿਸ਼ੇ ਬਾਰੇ ਨਿੱਠ ਕੇ ਲਿਖੀ ਗਈ ਇਕ ਮਹੱਤਵਪੂਰਨ ਰਚਨਾ ਹੈ। ਇਸ ਨਾਵਲ ਵਿਚ ਉਸਨੇ ਕਾਨੂੰਨ ਅਤੇ ਨਿਆਇ-ਪ੍ਰਣਾਲੀ ਨੂੰ ਆਪਣੀ ਵਸਤੂ-ਸਾਮਗਰੀ ਬਣਾਇਆ ਹੈ। ਭਾਰਤ ਵਿਚ ਕੁਝ ਹੋਰ ਸੰਸਥਾਵਾਂ ਅਤੇ ਪ੍ਰਣਾਲੀਆਂ ਵਾਂਗ ਕਾਨੂੰਨ ਅਤੇ ਨਿਆਇ-ਪ੍ਰਣਾਲੀ ਵੀ ਇਕ ਵਿਕਾਊ ਵਸਤ ਬਣ ਚੁੱਕੀ ਹੈ। ਜਿਸ ਪਾਸ ਵਾਫ਼ਰ ਪੈਸਾ ਹੈ, ਉਹ ਇਸ ਨੂੰ ਖ਼ਰੀਦ ਸਕਦਾ ਹੈ। ਸਾਡੇ ਇਥੇ ਕਾਨੂੰਨ ਦਾ ਕੋਈ ਸਤਿਕਾਰ ਜਾਂ ਡਰ ਨਹੀਂ ਹੈ। ਬਲਕਿ ਬਹੁਤੀ ਵਾਰ ਤਾਂ ਸੱਤਾਧਾਰੀ ਵਰਗ, ਸੱਤਾਵਿਹੀਨ ਜਾਂ ਮਜ਼ਲੂਮ ਲੋਕਾਂ ਨੂੰ ਕਾਨੂੰਨ ਦਾ ਡਰਾਵਾ ਦੇ ਕੇ ਆਪਣੀ ਸ਼ਕਤੀ ਦਾ ਅਸ਼ਲੀਲ ਪ੍ਰਦਰਸ਼ਨ ਕਰਦਾ ਹੋਇਆ ਵੇਖਿਆ ਜਾ ਸਕਦਾ ਹੈ। ਕਾਨੂੰਨ ਅਤੇ ਨਿਆਇ-ਪ੍ਰਬੰਧ ਦੇ ਬਖੀਏ ਉਧੇੜਨ ਵਾਲੇ ਕਈ ਲੋਕਗੀਤ ਸਾਡੇ ਦੈਨਿਕ ਜੀਵਨ ਦਾ ਅੰਗ ਬਣੇ ਹੋਏ ਹਨ। ਜਿਵੇਂ: "ਕੈਦ ਕਰਾ ਦੂੰਗੀ ਮੈਂ ਠਾਣੇਦਾਰ

ਦੀ ਸਾਲੀ।" ਮੇਰਾ ਨਹੀਂ ਖਿਆਲ ਕਿ ਕਿਸੇ ਵਿਕਸ਼ਿਤ ਦੇਸ਼ ਵਿਚ ਕਾਨੂੰਨ ਜਾਂ ਨਿਆਇ-ਪ੍ਰਣਾਲੀ ਬਾਰੇ ਇਹੋ ਜਿਹੀਆਂ ਉਪਹਾਸਜਨਕ ਧਾਰਨਾਵਾਂ ਪ੍ਰਚਲਿਤ ਹੋਣ।

ਮਿੱਤਰ ਸੈਨ ਮੀਤ ਨੇ ਭਾਰਤੀ ਮੁਆਸ਼ਰੇ ਵਿਚ ਨਿਆਇ-ਪ੍ਰਣਾਲੀ ਦੀ ਇਹੋ ਜਿਹੀ ਤ੍ਰਾਸਕ ਅਤੇ ਮਾਨਵ-ਵਿਰੋਧੀ ਸਥਿਤੀ ਨੂੰ ਦੇਖ ਕੇ 'ਕੌਰਵ ਸਭਾ' ਦੀ ਰਚਨਾ ਕੀਤੀ ਹੈ। ਇਸ ਨਾਵਲ ਵਿਚ ਉਹ ਇਕ ਥਾਂ ਆਪਣੇ ਉਦੇਸ਼ ਨੂੰ ਸਪਸ਼ਟ ਕਰਦਾ ਹੋਇਆ ਉਹ ਲਿਖਦਾ ਹੈ, "ਅਸੀਂ *1872* ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਵਿਗਿਆਨਕ ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ। ਹਨੇਰੇ ਕਮਰਿਆਂ ਵਿਚ ਘੜੀਆਂ ਸਾਜਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ? ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜੇ ਕੀਤੇ ਜਾਣਗੇ। ਝੂਠ ਦੇ ਪੈਰ ਨਹੀਂ ਹੁੰਦੇ। ਕਹਾਣੀ ਸ਼ੱਕੀ ਬਣੇਗੀ। ਸ਼ੱਕ ਦਾ ਫ਼ਾਇਦਾ ਮੁਲਜ਼ਮ ਨੂੰ ਮਿਲੇਗਾ। ਉਹ ਬਰੀ ਹੋ ਜਾਵੇਗਾ। ਮੁਦਈ ਦੇਖਦਾ ਰਹਿ ਜਾਵੇਗਾ।...ਜੱਜ ਫੜ੍ਹਾਂ ਮਾਰਦੇ ਹਨ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਅਸੀਂ ਕਰਦੇ ਹਾਂ। ਅਸਲ ਵਿਚ ਫੈਸਲੇ ਦੀ ਵਾਗਡੋਰ ਗਵਾਹ ਦੇ ਹੱਥ ਵਿਚ ਹੈ। ਉਹ ਜੇ ਝੂਠ-ਮੂਠ ਆਖ ਦੇਵੇ, ਜੁਰਮ ਉਸਦੇ ਸਾਹਮਣੇ ਹੋਇਆ ਤਾਂ ਦੋਸ਼ੀ ਨੂੰ ਸਜ਼ਾ। ਉਹ ਅੱਖਾਂ ਸਾਹਮਣੇ ਹੋਏ ਜੁਰਮ ਤੋਂ ਜੇ ਅੱਖਾਂ ਮੀਚ ਲਏ ਤਾਂ ਦੋਸ਼ੀ ਬਰੀ। ਗਵਾਹ ਦੀ ਲਗਾਮ ਕਿਸੇ ਦੇ ਹੱਥ ਨਹੀਂ। ਉਹ ਸੱਚ ਬੋਲੇ ਜਾਂ ਝੂਠ ਕੋਈ ਪੁਛ-ਪੜਤਾਲ ਨਹੀਂ।" (ਪੰਨਾ *370*)

'ਕੌਰਵ ਸਭਾ' ਨਾਵਲ ਦੋ ਭਰਾਵਾਂ ਮੋਹਨ ਲਾਲ ਅਤੇ ਵੇਦ ਦੇ ਪਰਿਵਾਰਾਂ ਦੀ ਜਾਇਦਾਦ ਦੇ ਪਿੱਛੇ, ਆਪਸੀ ਕਲ੍ਹਾ-ਕਲੇਸ਼ ਅਤੇ ਮੁਕੱਦਮੇਬਾਜ਼ੀ ਦੀਆਂ ਘਟਨਾਵਾਂ ਉਪਰ ਆਧਾਰਿਤ ਹੈ। ਵੱਡੇ ਭਰਾ ਮੋਹਨ ਲਾਲ ਨੇ ਲੁਧਿਆਣੇ ਦੇ ਇੰਜੀਨੀਅਰਿੰਗ ਕਾਲਜ ਤੋਂ ਸਿਵਿਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਸੀ। ਇਸ ਤੋਂ ਪਿੱਛੋਂ ਉਸ ਨੇ ਇਸੇ ਸ਼ਹਿਰ ਵਿਚ ਐਸ-ਡੀ.ਓ. ਲੱਗ ਕੇ ਬੇਸ਼ੁਮਾਰ ਦੌਲਤ ਕਮਾਈ। ਇਸ ਦੌਲਤ ਨੂੰ ਸਾਂਭਣ ਲਈ ਉਸ ਨੇ ਪਲਾਟਾਂ ਦੀ ਖਰੀਦੋ-ਫਰੋਖ਼ਤ ਵਿਚ ਕਾਫ਼ੀ ਸਾਰੀ ਪੂੰਜੀ ਨਿਵੇਸ਼ ਕਰ ਦਿੱਤੀ ਸੀ। ਜਦੋਂ ਉਸ ਤੋਂ ਇਕੱਲਿਆਂ ਇਹ ਕੰਮ ਸੰਭਲਦਾ ਨਾ ਦਿੱਸਿਆ ਤਾਂ ਉਸ ਨੇ ਪਿੰਡੋਂ ਆਪਣੇ ਛੋਟੇ ਭਰਾ ਵੇਦ ਨੂੰ ਬੁਲਾ ਕੇ ਆਪਣੇ ਨਾਲ ਕੰਮ 'ਤੇ ਲਾ ਲਿਆ। ਇਸ ਨਵੇਂ ਵਪਾਰ ਵਿਚ ਪੈਣ ਨਾਲ ਵੇਦ ਕੋਲ ਵੀ ਕਾਫ਼ੀ ਪੈਸੇ ਇਕੱਠੇ ਹੋ ਗਏ। ਉਧਰ ਮੋਹਨ ਲਾਲ ਹੁਣ ਬੀਮਾਰ ਰਹਿਣ ਲੱਗਾ ਸੀ ਅਤੇ ਉਸਦਾ ਕੰਮ ਉਸਦੇ ਨੌਜਵਾਨ ਪੁੱਤਰਾਂ ਪੰਕਜ ਅਤੇ ਨੀਰਜ ਨੇ ਸੰਭਾਲ ਲਿਆ ਸੀ। ਇਹ ਮੁੰਡੇ ਕਾਫ਼ੀ ਪੜ੍ਹੇ-ਲਿਖੇ ਸਨ। ਇਨ੍ਹਾਂ ਨੇ ਲੋਹੇ ਦੀ ਇਕ ਮਿੱਲ ਲਾਉਣ ਦਾ ਫ਼ੈਸਲਾ ਕਰ ਲਿਆ। ਵੇਦ ਆਪਣੇ ਭਤੀਜਿਆਂ ਨਾਲ ਭਾਈਵਾਲੀ ਨਹੀਂ ਸੀ ਰੱਖਣੀ ਚਾਹੁੰਦਾ ਪਰ ਉਸਦੀ ਪਤਨੀ ਨੀਲਮ ਲਾਲਚੀ ਸੁਭਾ ਦੀ ਸੀ। ਉਸ ਨੇ ਕਿਵੇਂ-ਨਾ-ਕਿਵੇਂ ਵੇਦ ਨੂੰ ਮਨਾ ਹੀ ਲਿਆ। ਬਸ ਇਹੀ ਮਿੱਲ ਦੋਹਾਂ ਪਰਿਵਾਰਾਂ ਵਿਚ ਝਗੜੇ ਦਾ ਕਾਰਨ ਬਣ ਗਈ। ਇਨ੍ਹਾਂ ਹੀ ਦਿਨਾਂ ਵਿਚ ਮੋਹਨ ਲਾਲ ਦੀ ਮੌਤ ਹੋ ਗਈ। ਮਿੱਲ ਦਾ ਕੰਮ ਚਲਦਾ ਨਾ ਵੇਖ ਮੁੰਡਿਆਂ ਨੇ ਮਿੱਲ ਨੂੰ ਘਾਟੇ ਵਿਚ ਜਾਂਦੀ ਦੱਸ ਕੇ ਵੇਚ ਦਿੱਤਾ। ਵੇਦ ਦੇ ਵੀ ਇਸ ਮਿੱਲ ਵਿਚ ਕਾਫ਼ੀ ਪੈਸੇ ਲੱਗੇ ਹੋਏ ਸਨ ਪਰੰਤੂ ਭਤੀਜਿਆਂ ਨੇ ਆਪਣੇ ਚਾਚੇ ਨੂੰ ਕੋਈ ਹਿਸਾਬ ਨਾ ਦਿੱਤਾ। ਇਸ ਕਾਰਨ ਵੇਦ ਆਪਣੇ ਭਤੀਜਿਆਂ ਉਪਰ ਔਖਾ ਰਹਿਣ ਲੱਗ ਪਿਆ। ਦੂਜੇ ਪਾਸੇ ਭਤੀਜੇ ਇਸ ਗੱਲੋਂ ਆਪਣੇ ਚਾਚੇ ਨਾਲ ਖਫ਼ਾ ਰਹਿਣ ਲੱਗੇ ਕਿ ਉਸ ਨਾਲ ਲੜਾਈ-ਝਗੜੇ ਦੀ ਵਜ੍ਹਾ ਕਾਰਨ ਹੀ ਉਨ੍ਹਾਂ ਦੇ ਪਿਤਾ ਨੂੰ ਹਾਰਟ-ਅਟੈਕ ਹੋਇਆ ਅਤੇ ਉਸਦੀ ਮੌਤ ਹੋ ਗਈ। ਦੋਵੇਂ ਧਿਰਾਂ ਆਪਣਾ-ਆਪਣਾ ਕਸੂਰ

ਮੰਨਣ/ਸਮਝਣ ਦੀ ਬਜਾਇ ਦੂਸਰੇ ਨੂੰ ਕਸੂਰਵਾਰ ਮੰਨਣ ਲੱਗੀਆਂ ਅਤੇ ਹੌਲੀ-ਹੌਲੀ ਇਕ-ਦੂਸਰੇ ਤੋਂ ਦੂਰ ਹੁੰਦੀਆਂ ਗਈਆਂ। ਇਕ ਦਿਨ ਖਾਂਦਿਆਂ-ਪੀਂਦਿਆਂ ਹੋਇਆਂ ਭਤੀਜਿਆਂ ਨੇ ਸੋਚਿਆ ਕਿ ਕਿਉਂ ਨਾ ਆਪਣੇ ਚਾਚੇ ਨੂੰ ਸਬਕ ਸਿਖਿਆ ਜਾਵੇ। ਉਨ੍ਹਾਂ ਨੇ ਰਾਮ ਲੁਭਾਇਆ ਨਾਮ ਦੇ ਇਕ ਬਿਹਾਰੀ ਗੁੰਡੇ ਨਾਲ ਗੱਲ ਕਰਕੇ ਉਸ ਨੂੰ ਵੇਦ ਦੀ ਕੁੱਟ-ਮਾਰ ਕਰਨ ਦੀ ਸੁਪਾਰੀ ਦੇ ਦਿੱਤੀ। ਸਾਜ਼ਿਸ਼ ਦੇ ਮੁਤਾਬਿਕ ਉਸਨੇ ਵੇਦ ਅਤੇ ਉਸ ਦੇ ਲੜਕੇ ਕਮਲ ਦੇ ਕੁਝ ਸੱਟਾਂ ਮਾਰਨੀਆਂ ਸਨ ਅਤੇ ਵੇਦ ਦੀ ਪਤਨੀ ਨੀਲਮ ਅਤੇ ਉਸਦੀ ਬੇਟੀ ਨੇਹਾ ਨੂੰ ਆਤੰਕਿਤ ਕਰਨਾ ਸੀ। ਪਰ ਜਦੋਂ ਇਸ ਸਾਜ਼ਿਸ਼ ਨੂੰ ਸਰੰਜਾਮ ਦੇਣ ਦਾ ਵਕਤ ਆਇਆ ਤਾਂ ਗੱਲ ਬਹੁਤ ਵਧ ਗਈ। ਇਕ ਗੁੰਡੇ ਨੇ ਵੇਦ ਦੇ ਸਿਰ ਵਿਚ ਲੋਹੇ ਦਾ ਰਾਡ ਮਾਰ ਕੇ ਉਸ ਨੂੰ ਮਰਨ-ਕਿਨਾਰੇ ਕਰ ਦਿੱਤਾ। ਇਕ ਹੋਰ ਗੁੰਡੇ ਨੇ ਨੇਹਾ ਨੂੰ ਹੱਥ ਪਾ ਲਿਆ। ਕਮਲ ਨੂੰ ਪਤਾ ਚੱਲਿਆ ਤਾਂ ਉਹ ਉਸ ਗੁੰਡੇ ਨਾਲ ਹੱਥੋਪਾਈ ਹੋ ਗਿਆ। ਗੁੰਡੇ ਨੇ ਚਾਕੂਆਂ ਦੇ ਦੋ-ਚਾਰ ਵਾਰ ਕਰਕੇ ਉਸ ਨੂੰ ਮਾਰ ਦਿੱਤਾ। ਨੀਲਮ ਦੀਆਂ ਲੱਤਾਂ ਭੰਨ ਦਿੱਤੀਆਂ ਅਤੇ ਨੇਹਾ ਨਾਲ ਬਲਾਤਕਾਰ ਕਰਨ ਪਿਛੋਂ ਗੁੰਡੇ ਵੇਦ ਦੇ ਘਰੋਂ ਬਹਤ ਸਾਰੀ ਦੌਲਤ ਅਤੇ ਸਾਜ਼ੋ-ਸਮਾਨ ਚੁੱਕ ਦੇ ਦੌੜ ਗਏ। ਜਦੋਂ ਇਹ ਅਪਰਾਧ ਕੀਤੇ ਜਾ ਰਹੇ ਸਨ ਤਾਂ ਵੇਦ ਦੇ ਚੌਕੀਦਾਰ ਨੇ ਰਾਮ ਲੁਭਾਏ ਨੂੰ ਪਹਿਚਾਣ ਲਿਆ ਸੀ। ਉਸ ਦੀ ਸ਼ਨਾਖਤ ਕਾਰਨ ਦੋਸ਼ੀ ਫੜੇ ਗਏ ਅਤੇ ਮੁਕੱਦਮਾ ਸ਼ੁਰੂ ਹੋ ਗਿਆ। ਮੁਕੱਦਮੇ ਦੀ ਕਾਰਵਾਈ ਹੀ ਇਸ ਨਾਵਲ ਦੀ ਮੂਲ ਕਥਾ-ਸਾਮਗਰੀ ਹੈ।

ਵੇਦ ਪਰਿਵਾਰ ਵਿਚ ਮੁਕੱਦਮੇ ਦੀ ਪੈਰਵਾਈ ਕਰਨ ਵਾਲਾ ਕੋਈ ਨਹੀਂ ਸੀ ਬਚਿਆ। ਨੀਲਮ ਅਤੇ ਵੇਦ ਦੇ ਘਾਤਕ ਸੱਟਾਂ ਵੱਜੀਆਂ ਸਨ। ਨੇਹਾ ਆਪਣੇ ਨਾਲ ਬਲਾਤਕਾਰ ਹੋਣ ਕਰਕੇ ਸਦਮੇ ਦੀ ਸਥਿਤੀ ਵਿਚ ਸੀ ਅਤੇ ਕਮਲ ਦੀ ਮੌਤ ਹੋ ਚੁੱਕੀ ਸੀ। ਇਸ ਸਥਿਤੀ ਵਿੱਚ ਕੌਣ F.I.R. ਲਿਖਵਾਏ ਅਤੇ ਕੌਣ ਇਸ ਗੁੰਡਾਗਰਦੀ ਦਾ ਗਵਾਹ ਬਣੇ? ਵੇਦ ਦਾ ਇਕ ਸਾਲਾ ਰਾਮ ਨਾਥ ਕਿਸੇ ਛੋਟੇ ਜਿਹੇ ਸ਼ਹਿਰ ਵਿਚ ਵਕਾਲਤ ਕਰਦਾ ਸੀ। ਉਹ ਸਾਰੇ ਕੇਸ ਦੀ ਪੈਰਵਾਈ ਕਰਦਾ ਹੈ। ਉਸੇ ਦੀਆਂ ਸੋਚਾਂ ਅਤੇ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਵਿਚੋਂ ਇਸ ਨਾਵਲ ਵਿਚ ਵਾਪਰਣ ਵਾਲੀਆਂ ਘਟਨਾਵਾਂ ਦੀ ਤਰਤੀਬ ਅਤੇ ਤਫ਼ਸੀਲ ਉਜਾਗਰ ਹੁੰਦੀ ਹੈ। ਉਹ ਇਸ ਨਾਵਲ ਦਾ ਪਰਵਕਤਾ (Protagonist) ਹੈ ਅਤੇ ਉਹੀ ਇਸ ਨਾਵਲ ਦੀ ਕਥਾ-ਸਾਮਗਰੀ ਦਾ ਸੰਯੋਜਕ, ਸੂਤਰਧਾਰ ਅਤੇ ਵਿਸ਼ਲੇਸ਼ਕ ਹੈ। ਵਕਾਲਤ ਦੇ ਕਿੱਤੇ ਨਾਲ ਸੰਬੰਧਿਤ ਹੋਣ ਕਾਰਨ ਉਸਨੂੰ ਭਾਰਤੀ ਨਿਆਇ-ਪ੍ਰਣਾਲੀ ਅਤੇ ਦੰਡ-ਸੰਹਿਤਾ ਦੀ ਪੂਰੀ ਹਕੀਕਤ ਮਾਲੂਮ ਹੈ। ਇਹੀ ਕਾਰਨ ਹੈ ਕਿ ਜਦੋਂ ਉਹ ਵੇਦ-ਪਰਿਵਾਰ ਉਪਰ ਹੋਏ ਘਾਤਕ ਹਮਲੇ ਦਾ ਸੁਨੇਹਾ ਪ੍ਰਾਪਤ ਕਰਨ ਉਪਰੰਤ ਲੁਧਿਆਣੇ ਪਹੁੰਚਦਾ ਹੈ ਤਾਂ ਉਹ ਸਾਰੀ ਸਥਿਤੀ ਨੂੰ ਪਹਿਲੀ ਨਜ਼ਰੇ ਵੇਖਦਿਆਂ ਹੀ ਸਮਝ ਜਾਂਦਾ ਹੈ ਕਿ ਉਨ੍ਹਾਂ ਦੀ ਧਿਰ ਨੂੰ ਮੁਕੱਦਮੇਬਾਜ਼ੀ ਵਿਚ ਕੁਝ ਹਾਸਲ ਨਹੀਂ ਹੋਵੇਗਾ। ਭਰੋਸੇਮੰਦ ਗਵਾਹਾਂ ਦੀ ਅਣਹੋਂਦ ਵਿਚ ਸਾਰਾ ਮਕੱਦਮਾ ਤਾਸ਼ ਦੇ ਮਹਿਲ ਵਾਂਗ ਧਰਾਸ਼ਾਈ ਹੋ ਜਾਵੇਗਾ। ਰਾਮ ਨਾਥ ਦੇ ਪੂਰਵ-ਅਨਮਾਨ ਅਨੁਸਾਰ :

> ਇਹ ਮੁਕੱਦਮਾ ਆਪਣੀ ਕਿਸਮ ਦਾ ਸੀ। ਅਸਲ ਮਾਮਲਾ ਚੋਰੀ ਡਕੈਤੀ ਦਾ ਸੀ। ਅਜਿਹੇ ਕੇਸਾਂ ਵਿਚ ਅਕਸਰ ਮੁਲਜ਼ਮ ਪੁਲਿਸ ਦੇ ਹੱਥ ਨਹੀਂ ਆਉਂਦੇ। ਆਉਣ ਤਾਂ ਸਾਲ-ਛੇ ਮਹੀਨੇ ਪਿੱਛੋਂ ਆਉਂਦੇ ਹਨ। ਉਦੋਂ ਤਕ ਇੰਨੀ ਦੇਰ ਹੋ ਚੁੱਕੀ ਹੁੰਦੀ ਹੈ ਕਿ ਸਾਰੇ ਸਬੂਤ ਮਿਟ ਚੁਕੇ ਹੁੰਦੇ ਹਲ। ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ। ਸ਼ੱਕ ਦਾ ਫਾਇਦਾ ਦੇ ਕੇ ਬਰੀ ਕਰ ਦਿੰਦਾ ਹੈ।

> ਇਸ ਕੇਸ ਦਾ ਇਹ ਹਸ਼ਰ ਹੋਣ ਵਾਲਾ ਸੀ। ਰਾਮ ਨਾਥ ਨੂੰ ਹੁਣੇ ਸੈਂਕੜੇ ਕਮਜ਼ੋਰੀਆਂ ਨਜ਼ਰ ਆ ਰਹੀਆਂ ਸਨ। ਥੋੜ੍ਹੀ ਦੇਰ ਬਾਅਦ ਪੁਲਿਸ ਨੇ ਭਾ ਦੀ ਮਚਾ ਦੇਣੀ ਸੀ। ਪਰਚਾ ਕਟਵਾਓ। ਕਾਨੂੰਨ ਕਹਿੰਦਾ ਸੀ, ਪਰਚੇ ਵਿਚ ਹੋਈ ਵਾਰਤਾਦ ਦੀ ਹਰ ਬਰੀਕੀ ਦਰਜ ਕਰਵਾਓ। ਦੋਸ਼ੀਆਂ ਦੇ ਨਾਂ, ਪਤੇ, ਹੁਲੀਏ। ਕਿਸ ਦੋਸ਼ੀ ਕੋਲ ਕਿਹੜਾ ਹਥਿਆਰ ਸੀ। ਉਸ ਹਥਿਆਰ ਨਾਲ ਉਸ ਨੇ ਕਿਸ-ਕਿਸ ਬੰਦੇ ਦੇ ਕਿੱਥੇ-ਕਿੱਥੇ ਸੱਟ ਮਾਰੀ। ਇਹ ਸਭ ਸਪਸ਼ਟ ਦੱਸਿਆ ਜਾਵੇ। ਕਿਧਰੇ ਕੋਤਾਹੀ ਰਹਿ ਗਈ ਤਾਂ ਕਹਾਣੀ ਨੂੰ ਸ਼ੱਕੀ ਗਿਣਿਆ ਜਾਣਾ ਸੀ। ਸ਼ੱਕ ਦਾ ਲਾਭ ਫੇਰ ਦੋਸ਼ੀਆਂ ਨੂੰ ਮਿਲੇਗਾ। (ਪੰਨਾ 28)

ਰਾਮ ਨਾਥ ਵੇਖਦਾ ਹੈ ਕਿ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਵਿਚ ਪੁਚਾਉਣ ਦੇ ਦੋ-ਤਿੰਨ ਘੰਟਿਆਂ ਬਾਅਦ ਵੀ ਉਨ੍ਹਾਂ ਦਾ ਇਲਾਜ ਸ਼ੁਰੂ ਨਹੀਂ ਸੀ ਹੋਇਆ। ਹਰ ਡਾਕਟਰ ਆਪਣੀ-ਆਪਣੀ ਫ਼ੀਸ ਦੀ ਝਾਕ ਰੱਖਦਾ ਸੀ ਪਰ ਸਿੱਧੇ ਮੂੰਹ ਉਹ ਫ਼ੀਸ ਮੰਗ ਵੀ ਨਹੀਂ ਸੀ ਸਕਦਾ। ਰਾਮ ਨਾਥ ਨੂੰ ਪਤਾ ਚਲਦਾ ਹੈ ਕਿ ਡਾਕਟਰਾਂ ਪਾਸੋਂ ਮਰੀਜ਼ਾਂ ਦਾ ਇਲਾਜ ਸ਼ੁਰੂ ਕਰਵਾਉਣ ਲਈ ਸਾਈਕਲਾਂ ਦੇ ਕਿਸੇ ਠੇਕੇਦਾਰ ਨਾਲ ਫ਼ੀਸ ਤੈਅ ਕਰਨੀ ਪੈਣੀ ਹੈ। ਇਸ ਪਿਛੋਂ ਹੀ ਡਾਕਟਰ ਇਲਾਜ ਸ਼ੁਰੂ ਕਰਨਗੇ। ਰਾਮ ਨਾਥ ਨੂੰ ਇਹ ਜ਼ਿੱਲਤ ਵੀ ਸਹਿਣੀ ਪੈਂਦੀ ਹੈ। ਇਸ ਪਿਛੋਂ ਪੁਲਿਸ, ਕਚਹਿਰੀ, ਵਕੀਲਾਂ ਅਤੇ ਜੱਜਾਂ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ। ਹਰ ਕੋਈ ਆਪਣੀ ਡਿਊਟੀ ਕਰਨ ਵਾਸਤੇ ਰਿਸ਼ਵਤ ਦੀ ਮੰਗ ਕਰਦਾ ਹੈ। ਦੂਜੇ ਪਾਸੇ ਡਾਕਟਰਾਂ ਦੀਆਂ ਫ਼ੀਸਾਂ, ਦਵਾਈਆਂ ਦੇ ਬਿੱਲ ਅਤੇ ਹੋਰ ਖਰਚੇ ਮੂੰਹ ਅੱਡੀ ਖੜੇ ਹੁੰਦੇ ਹਨ। ਦੋ-ਚਾਰ ਮਹੀਨਿਆਂ ਵਿਚ ਹੀ ਰਾਮ ਨਾਥ ਹੰਭ ਜਾਂਦਾ ਹੈ। ਬਾਕੀ ਰਿਸ਼ਤੇਦਾਰ ਹਫਤੇ-ਦੋ ਹਫਤੇ ਪਿਛੋਂ ਹੀ ਛੁੱਟੀ ਲੈ ਜਾਂਦੇ ਹਨ। ਪਿੱਛੋਂ ਰਾਮ ਨਾਥ ਅਤੇ ਉਸਦੀ ਪਤਨੀ ਨੂੰ ਸਾਰਾ ਕੁਝ ਭੁਗਤਣਾ ਪੈਂਦਾ ਹੈ। ਰਾਮ ਨਾਥ ਕੋਲ ਬਹੁਤਾ ਬੈਂਕ-ਬੈਲੈਂਸ ਨਹੀਂ ਸੀ। ਉਸ ਨੂੰ ਕੁਝ ਪੈਸੇ ਇਧਰੋ-ਉਧਰੋਂ ਫੜਨੇ ਪੈਂਦੇ ਹਨ। ਛੇਤੀ ਹੀ ਰਾਮ ਨਾਥ ਤਿੰਨ-ਚਾਰ ਲੱਖ ਰੁਪਏ ਦੇ ਹੇਠ ਆ ਜਾਂਦਾ ਹੈ। ਇਹ ਵੇਖਕੇ ਪਤੀ-ਪਤਨੀ ਦੇ ਦਰਮਿਆਨ ਤਣਾਉ ਪੈਦਾ ਹੋ ਜਾਂਦਾ ਹੈ। ਪਿਛੇ ਰਾਮ ਨਾਥ ਦੇ ਆਪਣੇ ਬੱਚੇ ਇਕੱਲੇ ਰਹਿ ਜਾਂਦੇ ਹਨ। ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਲੱਗਦਾ ਹੈ। ਰਾਮ ਨਾਥ ਦੀ ਪਤਨੀ ਸੰਗੀਤਾ ਆਪ ਇਕ ਸਕੂਲ ਵਿਚ ਅਧਿਆਪਕਾ ਸੀ। ਉਸ ਦੀਆਂ ਛੁੱਟੀਆਂ ਖ਼ਤਮ ਹੋ ਜਾਂਦੀਆਂ ਹਨ। ਰਾਮ ਨਾਥ ਦਾ ਆਪਣਾ ਵਕਾਲਤ ਦਾ ਕੰਮ ਚੌਪਟ ਹੋਣ ਲੱਗਦਾ ਹੈ। ਇਉਂ ਹੌਲੀ-ਹੌਲੀ ਰਾਮ ਨਾਥ ਵੀ ਆਪਣੇ ਆਪ ਨੂੰ ਇਕੱਲਾ, ਮਜ਼ਬੂਰ ਅਤੇ ਅਸਹਾਇ ਸਮਝਣ ਲੱਗ ਪੈਂਦਾ ਹੈ। ਉਹ ਸੋਚਦਾ ਹੈ ਕਿ ਕੇਸ ਮੁੱਕੇ ਅਤੇ ਉਸਦੀ ਜਾਨ ਛੁੱਟੇ। ਭਾਰਤ ਵਿਚ ਮੁਕੱਦਮੇਬਾਜ਼ੀ ਦੇ ਇਸੇ ਤ੍ਰਾਸਦਕ ਪਹਿਲੂ ਨੂੰ ਪੇਸ਼ ਕਰਨ ਲਈ ਨਾਵਲਕਾਰ ਨੇ ਆਪਣੇ ਇਸ ਨਾਵਲ ਦੇ ਪਹਿਲੇ ਭਾਗ ਵਿਚ ਇਕ ਪੰਜਾਬੀ ਕਹਾਵਤ ਪੇਸ਼ ਕੀਤੀ ਹੈ :

> ਜੋ ਜਿੱਤ ਗਿਆ ਸੋ ਹਰ ਹਾਰ ਗਿਆ।
> ਜੋ ਹਰ ਗਿਆ ਸੋ ਮਰ ਗਿਆ।

ਦੂਜੇ ਪਾਸੇ ਪੰਕਜ ਅਤੇ ਨੀਰਜ ਹੋਰਾਂ ਪਾਸ ਰੁਪਏ ਪੈਸੇ ਦੀ ਕੋਈ ਘਾਟ ਨਹੀਂ ਸੀ ਉਹ ਆਪ ਪੂਰੀ ਤਰ੍ਹਾਂ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਸਨ। ਪੰਕਜ ਅਤੇ ਨੀਰਜ ਦੇ ਸਹੁਰੇ ਪਰਿਵਾਰ ਵੀ ਸਰਕਾਰੇ-ਦਰਬਾਰੇ ਚਲਦੇ ਪੁਰਜ਼ੇ ਸਨ। ਉਹ ਪੁਲਿਸ, ਵਕੀਲਾਂ, ਜੱਜਾਂ ਅਤੇ ਰਾਜਸੀ ਨੇਤਾਵਾਂ ਨਾਲ ਮਿਲ ਕੇ ਅਜਿਹਾ

ਜਾਲ ਉਣਦੇ ਹਨ ਕਿ ਰਾਮ ਨਾਥ ਦੀ ਕੋਈ ਵਾਹ ਨਹੀਂ ਚੱਲਦੀ। ਭਾਵੇਂ ਇਕ ਵਾਰ ਜ਼ਰੂਰ ਉਹ ਕੁਝ ਦਿਨਾਂ ਲਈ ਪੰਜਕ ਅਤੇ ਨੀਰਜ ਨੂੰ ਹਵਾਲਾਤ ਦੀ ਸੈਰ ਕਰਵਾ ਦਿੰਦਾ ਹੈ ਪਰ ਦੂਜੇ-ਤੀਜੇ ਦਿਨ ਹੀ ਉਨ੍ਹਾਂ ਦੀ ਜ਼ਮਾਨਤ ਹੋ ਜਾਂਦੀ ਹੈ ਅਤੇ ਉਹ ਰਾਜ਼ੀ-ਖੁਸ਼ੀ ਘਰੇ ਆ ਜਾਂਦੇ ਹਨ। ਇਕ ਵਾਰ ਸਥਾਨਕ ਐਮ.ਐਲ.ਏ. ਸਰਦਾਰ ਬਘੇਲ ਸਿੰਘ ਉਨ੍ਹਾਂ ਦਾ ਵਿਰੋਧ ਕਰਨ ਲੱਗ ਪੈਂਦਾ ਹੈ। ਉਸ ਨੂੰ ਰਜ਼ਾਮੰਦ ਕਰਨ ਲਈ ਪੰਕਜ ਹੋਰਾਂ ਨੂੰ ਇੱਕ ਕਰੋੜ ਰੁਪਏ ਪਾਰਟੀ-ਫੰਡ ਵਜੋਂ ਦੇਣੇ ਪੈਂਦੇ ਹਨ। ਏਨੇ ਹੀ ਰੁਪਏ (ਇੱਕ ਕਰੋੜ) ਵਕੀਲ, ਉਨ੍ਹਾਂ ਦੇ ਮੁਨਸ਼ੀ, ਰਜਿਸਟਰਾਰ ਅਤੇ ਪੁਲਿਸ ਅਧਿਕਾਰੀ ਖਾ ਜਾਂਦੇ ਹਨ। ਦੋ ਕੁ ਵਰ੍ਹੇ ਇਹ ਮੁਕੱਦਮਾ ਚਲਦਾ ਰਹਿੰਦਾ ਹੈ। ਆਖ਼ਰ ਗਵਾਹਾਂ ਦੀ ਅਣਹੋਂਦ ਕਾਰਨ ਪੰਕਜ ਅਤੇ ਨੀਰਜ ਬਾਇੱਜ਼ਤ ਬਰੀ ਹੋ ਜਾਂਦੇ ਹਨ। ਇਕ ਨੇਪਾਲੀ ਮਜ਼ਦੂਰ ਪੰਚਮ ਨੂੰ ਕਮਲ ਦਾ ਕਾਤਲ ਠਹਿਰਾਇਆ ਜਾਂਦਾ ਹੈ ਪਰ ਵਕੀਲ ਉਸ ਨੂੰ ਨਾਬਾਲਗ ਸਿੱਧ ਕਰ ਦਿੰਦੇ ਹਨ। ਇਸ ਲਈ ਉਸ ਨੂੰ ਕਠੋਰ ਸਜ਼ਾ ਦੇਣ ਦੀ ਬਜਾਇ ਤਿੰਨ ਵਰ੍ਹਿਆਂ ਲਈ ਸੁਧਾਰ-ਘਰ ਵਿਚ ਭੇਜ ਦਿੱਤਾ ਜਾਂਦਾ ਹੈ। ਪੰਡਤ ਅਤੇ ਕਾਲੀਏ ਨੂੰ ਵੀ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਜਾਂਦੀ ਹੈ। ਇਨ੍ਹਾਂ ਵਿਚ ਦੋ ਸਾਲ ਉਹ ਪਹਿਲਾਂ ਹੀ ਮੁਕੱਦਮੇ ਦੇ ਦੌਰਾਨ ਕੱਟ ਚੁੱਕੇ ਸਨ। ਹੁਣ ਇਕ ਵਰ੍ਹਾ ਹੋਰ ਅੰਦਰ ਰਹਿ ਕੇ ਉਨ੍ਹਾਂ ਨੇ ਰਿਹਾਅ ਹੋ ਜਾਣਾ ਸੀ।

ਪਰੰਤੂ ਵੇਦ ਦਾ ਪਰਿਵਾਰ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਸੀ। ਵੇਦ ਦੇ ਨੌਜਵਾਨ ਪੁੱਤਰ ਕਮਲ ਦੀ ਹੱਤਿਆ ਹੋ ਗਈ ਸੀ। ਬੇਟੀ ਨਾਲ ਬਲਾਤਕਾਰ ਵਰਗੀ ਘਿਨੌਣੀ ਹਰਕਤ ਵਾਪਰ ਚੁੱਕੀ ਸੀ। ਪਤਨੀ ਸਦਾ ਲਈ ਅਪੰਗ ਹੋ ਗਈ ਸੀ ਅਤੇ ਵੇਦ ਦੀ ਆਪਣੀ ਸਥਿਤੀ ਵੀ ਕੋਈ ਬੇਹਤਰ ਨਹੀਂ ਸੀ। ਵਰ੍ਹਿਆਂ ਵਿਚ ਇਕੱਠੀ ਕੀਤੀ ਦੌਲਤ ਮੁਕੱਦਮੇਬਾਜ਼ੀ 'ਤੇ ਖ਼ਰਚ ਹੋ ਗਈ ਸੀ। ਉਨ੍ਹਾਂ ਨੂੰ ਲੁਧਿਆਣੇ ਵਰਗੇ ਸ਼ਹਿਰ ਵਿਚੋਂ ਆਪਣੀ ਵੱਡੀ ਕੋਠੀ ਵੇਚ ਕੇ ਇੱਕ ਛੋਟੀ ਜਿਹੀ ਮੰਡੀ ਵਿਚ ਪਨਾਹ ਲੈਣੀ ਪਈ ਸੀ ਅਤੇ ਉਨ੍ਹਾਂ ਦਾ ਭਵਿੱਖ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਸੀ। ਇਸ ਤਰ੍ਹਾਂ ਨਾਵਲਕਾਰ ਨੇ ਬੜੇ ਵਿਸਤਾਰ ਨਾਲ ਮੁਕੱਦਮੇਬਾਜ਼ੀ ਦੀ ਪ੍ਰਕ੍ਰਿਆ ਦੇ ਸਾਹ ਸੂਤ ਲੈਣ ਵਾਲੇ ਅਮਾਨਵੀ ਵੇਰਵੇ ਪੇਸ਼ ਕੀਤੇ ਹਨ। ਲੇਖਕ ਅਨੁਸਾਰ ਭਾਰਤੀ ਮੁਕੱਦਮੇਬਾਜ਼ੀ ਵਿਚ ਮੁਦਈ ਅਤੇ ਮੁਲਜ਼ਮ ਧਿਰ ਤੋਂ ਬਿਨਾਂ ਹੋਰ ਸਭ ਵਰਗ ਫ਼ਾਇਦੇ ਵਿਚ ਰਹਿੰਦੇ ਹਨ। ਡਾਕਟਰ, ਨਰਸਾਂ, ਵਕੀਲ, ਮੁਨਸ਼ੀ, ਪੁਲਿਸ ਕਪਤਾਨ, ਥਾਣੇਦਾਰ, ਸਿਪਾਹੀ ਅਤੇ ਇਥੋਂ ਤਕ ਕਿ ਬਹੁਤ ਸਾਰੇ ਜੱਜ ਵੀ ਮੁਕੱਦਮੇਬਾਜ਼ੀ ਵਿਚੋਂ ਖੂਬ ਹੱਥ ਰੰਗਦੇ ਹਨ। ਕੋਈ ਵਿਰਲਾ ਸਾਧੂ ਸਿੰਘ ਵਰਗਾ ਈਮਾਨਦਾਰ ਜੱਜ ਹੀ ਸਹੀ ਫ਼ੈਸਲਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰੰਤੂ ਨੰਦ ਲਾਲ ਵਰਗੇ ਚਤੁਰ ਅਤੇ ਭ੍ਰਸ਼ਟ ਵਕੀਲ ਉਸ ਵਰਗਿਆਂ ਦੀ ਵੀ ਇੱਕ ਨਹੀਂ ਚੱਲਣ ਦਿੰਦੇ।

'ਕੌਰਵ ਸਭਾ' ਨਾਵਲ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਲੇਖਕ ਨੇ ਭਾਰਤੀ ਇਨਸਾਫ਼-ਪ੍ਰਣਾਲੀ ਦਾ ਬੜਾ ਬੇਕਿਰਕ ਵਸਤੂਗਤ ਵਿਸ਼ਲੇਸਣ ਕੀਤਾ ਹੈ। ਮੁਕੱਦਮੇਬਾਜ਼ੀ ਦੀ ਊਬਾ ਦੇਣ ਵਾਲੀ ਬੋਝਲ ਪ੍ਰਕਿਆ ਤੋਂ ਤਾਂ ਭਾਵੇਂ ਸਾਰੇ ਵਾਕਿਫ਼ ਹੀ ਹਨ ਪਰੰਤੂ ਕਿਸੇ ਇਕ ਨਿਸ਼ਚਿਤ ਕੇਸ ਨੂੰ ਆਧਾਰ ਬਣਾ ਕੇ ਉਸ ਨਾਲ ਜੁੜੇ ਵੇਰਵਿਆਂ ਦੀ ਲੜੀਵਾਰ, ਜੀਵੰਤ ਅਤੇ ਕਲਾਤਮਕ ਪੇਸ਼ਕਾਰੀ ਕਰਨ ਮਿੱਤਰ ਸੈਨ ਮੀਤ ਦੇ ਹੀ ਹਿੱਸੇ ਆਇਆ ਹੈ। ਅਦਾਲਤਾਂ ਵਿਚ ਪਹੁੰਚ ਕੇ ਨਾ ਤਾਂ ਕੋਈ ਨਾਇਕ ਰਹਿੰਦਾ ਹੈ ਅਤੇ ਨਾ ਹੀ ਖਲਨਾਇਕ। ਬਲਕਿ ਦੋਵੇਂ ਧਿਰਾਂ ਨਾਲ ਸੰਬੰਧਿਤ ਲੋਕ ਇਕੋ ਜਿਹੇ ਮਜ਼ਲੂਮ ਅਤੇ ਵਿਚਾਰੇ ਜਹੇ ਬਣ ਜਾਂਦੇ ਹਨ। ਮੈਂ ਆਪ ਕਈ ਕੇਸਾਂ ਵਿਚ ਦੇਖਿਆ ਹੈ

ਕਿ ਕਿਸੇ ਮੁਕਦਮੇ ਦੇ ਆਰੰਭ ਵਿਚ ਇਕ ਦੂਜੇ ਦੇ ਖ਼ੂਨ ਦੀਆਂ ਤਿਹਾਈਆਂ ਧਿਰਾਂ, ਦੋ-ਚਾਰ ਵਰ੍ਹੇ ਗੁਜ਼ਰ ਜਾਣ ਪਿਛੋਂ, ਜੱਜਾਂ ਦੀਆਂ ਅਦਾਲਤਾਂ ਦੇ ਬਾਹਰ ਇਕੋ ਬੈਂਚ ਤੇ ਬੈਠ ਕੇ ਪੈਣ ਵਾਲੀ ਆਵਾਜ਼ ਦੀ ਉਡੀਕ ਕਰ ਰਹੀਆਂ ਹੁੰਦੀਆਂ ਹਨ । ਵਕੀਲਾਂ, ਮੁਨਸ਼ੀਆਂ, ਪੁਲਿਸ ਅਤੇ ਗਵਾਹਾਂ ਨੇ ਉਨ੍ਹਾਂ ਦਾ ਐਨਾ ਲਹੂ ਪੀ ਲਿਆ ਹੁੰਦਾ ਹੈ ਕਿ ਉਹ ਦੁਆ ਕਰਦੀਆਂ ਹਨ ਕਿ ਕਿਵੇਂ ਨਾ ਕਿਵੇਂ ਕੇਸ ਖ਼ਤਮ ਹੋਵੇ ਤੇ ਜਾਨ ਛੁੱਟੇ । ਪਿੰਡਾਂ ਵਿਚ ਇਸੇ ਲਈ ਇਹੋ ਜਿਹੀਆਂ ਕਈ ਅਖਾਉਤਾਂ ਪ੍ਰਚਲਿਤ ਹਨ ਕਿ ਜ਼ਹਿਮਤ (ਗੰਭੀਰ ਬੀਮਾਰੀ) ਅਤੇ ਮੁਕੱਦਮਾ ਤਾਂ ਕਿਸੇ ਤੇ ਪਵੇ ਨਾ !ਇਨ੍ਹਾਂ ਵਿਚ ਫਸਿਆ ਬੰਦਾ ਕਾਸੇ ਜੋਗਾ ਨਹੀਂ ਰਹਿ ਜਾਂਦਾ । ਮਿੱਤਰ ਸੈਨ ਮੀਤ ਨੇ ਮੁਕੱਦਮੇਬਾਜ਼ੀ ਦੀ ਇਕ ਠੋਸ ਉਦਾਰਹਣ ਪੇਸ਼ ਕਰਕੇ ਭਾਰਤੀ ਨਿਆਇ-ਪ੍ਰਣਾਲੀ ਦੀ ਸਾਰਥਿਕਤਾ ਉੱਤੇ ਬੜੀ ਗੰਭੀਰ ਪ੍ਰਸ਼ਨ-ਚਿੰਨ੍ਹ ਲਗਾ ਦਿੱਤੇ ਹਨ ।

ਲੇਖਕ ਨੂੰ ਇਕ ਇਹ ਕਰੈਡਿਟ ਵੀ ਜਾਂਦਾ ਹੈ ਕਿ ਉਹ ਆਪ ਕਿਸੇ ਦੀ ਧਿਰ ਨਹੀਂ ਬਣਿਆ ਭਾਵੇਂ ਰਾਮ ਨਾਥ ਦੇ ਕਰੈਕਟਰ ਵਿਚ ਲੇਖਕ ਦੀ ਆਪਣੀ ਸ਼ਖ਼ਸ਼ੀਅਤ ਸ਼ਾਮਿਲ ਹੈ ਪਰੰਤੂ ਇਸ ਦੇ ਬਾਵਜੂਦ ਉਸਨੇ ਲੇਖਕ (author) ਅਤੇ ਪਰਵਰਤਾ (protagonist) ਨੂੰ ਇਕ-ਦੂਜੇ ਵਿਚ ਅਭੇਦ ਨਹੀਂ ਹੋਣ ਦਿੱਤਾ । ਗਲਪੀ-ਬਿਰਤਾਂਤ ਵਿਚ ਪਰਵਕਤਾ ਨਾਲ ਸਹਿ-ਅਨਭੂਤੀ (empathy) ਹੋਣ ਦੇ ਬਾਵਜੂਦ ਲੇਖਕ, ਬ੍ਰਿਤਾਂਤਿਕ- ਕੜੀਆਂ ਦੀ ਅਵਹੇਲਣਾ ਕਰਕੇ ਖ਼ੁਦ ਬ੍ਰਿਤਾਂਤ-ਪ੍ਰਬੰਧ ਵਿਚ ਛਲਾਂਗ ਨਹੀਂ ਮਾਰਦਾ । ਉਸਨੇ ਵਿਰੋਧੀ ਪਾਰਟੀ ਨਾਲ ਸੰਬੰਧਿਤ ਪੰਕਜ ਤੇ ਨੀਰਜ ਨੂੰ ਵੀ ਖਲਨਾਇਕਾਂ ਦੇ ਰੂਪ ਵਿਚ ਪੇਸ਼ ਨਹੀਂ ਕੀਤਾ । ਬਲਕਿ ਉਸਦੀ ਰਚਨਾਤਮਕ-ਊਰਜਾ ਦਾ ਸਾਰਾ ਜ਼ੋਰ ਸਿਸਟਮ ਦੇ ਉਲਾਰਾਂ- ਵਿਗਾੜਾਂ ਨੂੰ ਨੰਗਾ ਕਰਨ ਵਿਚ ਖ਼ਰਚ ਹੋਇਆ ਹੈ । ਇਹ ਉਸਦੀ ਗਲਪਕਾਰੀ ਦਾ ਪ੍ਰਮੁੱਖ ਲੱਛਣ ਹੈ ।

ਬ੍ਰਿਤਾਂਤ ਦੇ ਪੱਧਰ ’ਤੇ ਇਸ ਨਾਵਲ ਵਿਚ ਪੇਸ਼ ਹੋਏ ਵੇਰਵੇ ਸੂਚਨਾਪਰਕ (Informative) ਤਾਂ ਹਨ ਪਰੰਤੂ ਭਾਵਨਾਪਰਕ ਨਹੀਂ ਬਣ ਪਾਉਂਦੇ । ਨਾਵਲਕਾਰ ਦਾ ਬਹੁਤਾ ਜ਼ੋਰ ‘ਦਿਖਾਉਣ’ ਨਾਲੋਂ ‘ਦੱਸਣ’ ਵਿਚ ਲੱਗਿਆ ਹੈ । ਪਾਠਕਾਂ ਨੂੰ ਵੱਧ ਤੋਂ ਵੱਧ ਸੂਚਨਾ ਪ੍ਰਦਾਨ ਕਰਨ ਦੇ ਜੋਸ਼ ਅਤੇ ਉਤੇਜਨਾ ਵਿਚ ਉਹ ਕਦੇ ਵੀ ਰੁਕ ਕੇ ਸਾਹ ਨਹੀਂ ਲੈਂਦਾ । ਸਾਰੀ ਰਚਨਾ ਇਕ ਹੱਤਿਆ-ਕਥਾ (murder) ਵਾਂਗ ਪੂਰੀ ਤਰ੍ਹਾਂ ਸੋਚੇ- ਵਿਚਾਰੇ ਵੇਰਵਿਆਂ ਉਪਰ ਖੜੀ ਹੈ । ਪੂਰੀ ਰਚਨਾ ਪੜ੍ਹਨ ਤੋਂ ਬਾਅਦ ਵੀ ਇਹ ਪਤਾ ਨਹੀਂ ਚੱਲਦਾ ਕਿ ਨੇਹਾ ਦੀ ਸ਼ਕਲ-ਸੂਰਤ ਕੈਸੀ ਸੀ? ਪੰਕਜ ਅਤੇ ਨੀਰਜ ਵੇਖਣ ਨੂੰ ਕਿਹੋ ਜਿਹੇ ਲੱਗਦੇ ਸਨ? ਰਾਮ ਨਾਥ, ਸੰਗੀਤਾ, ਵੇਦ ਅਤੇ ਉਸਦੀ ਪਤਨੀ ਨੀਲਮ ਕਿਹੋ ਜਿਹੀ ਸ਼ਕਲ ਸੂਰਤ ਰੱਖਦੇ ਸਨ? ਲੇਖਕ ਨੇ ਤਾਂ ਲੁਧਿਆਣੇ ਅਤੇ ਜਗਰਾਉਂ ਵਰਗੇ ਸ਼ਹਿਰਾਂ ਦੀ ਸਨਾਖ਼ਤ ਨੂੰ ਵੀ ਧੁੰਦਲਾ ਰੱਖਿਆ ਹੈ । ਭਾਵੇਂ ਇਹ ਤਕਨੀਕ ਉਸਨੇ ਜਾਣ-ਬੁੱਝ ਕੇ ਅਪਣਾਈ ਹੈ ਪਰੰਤੂ ਮੇਰੇ ਖ਼ਿਆਲ ਵਿਚ ਇਸ ਤਕਨੀਕ ਨੇ ਗਲਪੀ-ਬਿੰਬ ਨੂੰ ਗੂੜ੍ਹਾ ਕਰਨ ਦੀ ਬਜਾਇ ਪੇਤਲਾ ਬਣਾ ਦਿੱਤਾ ਹੈ । ਖ਼ੈਰ ... ਇਹੋ ਜਿਹੇ ਸੂਚਨਾ-ਪ੍ਰਧਾਨ ਨਾਵਲਾਂ ਵਿਚ ਅਭਿਵਿਅਕਤੀ ਦੀਆਂ ਕੁਝ ਕਮਜ਼ੋਰੀਆਂ ਰਹਿ ਹੀ ਜਾਂਦੀਆਂ ਹਨ । ਪਰੰਤੂ ਅਨੁਭਵ ਦੀ ਪ੍ਰਮਾਣੀਕਤਾ ਅਤੇ ਉਦੇਸ਼ ਦੀ ਨਿਸ਼ਚਿਤਤਾ ਦੀ ਦ੍ਰਿਸ਼ਟੀ ਤੋਂ ‘ਕੌਰਵ ਸਭਾ’ ਇਕ ਮਹੱਤਵਪੂਰਨ ਰਚਨਾ ਹੈ । ਇਹ ਆਪਣੀ ਵੰਨਗੀ ਦੀ ਇਕ ਵਿਸ਼ਿਸ਼ਟ ਟੈਕਸਟ ਹੈ ।

# 17

# ªe"ot ;Gk« L ;w{fje u/sBk ns/ b'e ;zxoµ dk gqtuB

**irdhg f;zx**

Bktb ªe'ot ;Gk« (2003) fwZso ;?Bwhs dk gzitK Bktb j? i' T[;d/ 1993 «uSg/ Bktbª efNjo/« s'I g{o/ fJe djke/ pknd gqekµs j'fJnk j?. fJ; bzw/ nzsokb ftu Bktbeko dhªf;;Nw«gqfs pj[s ftµkb s/ shyD j'Jh j?. nkgDh fJ; gj[zu dk jh T[;B/ ;wekbh :EkoE d/ ftfGzB ;o'ekoK B{z ftµ/µ fJfsjk;e gfo;EshnK s/ fwfEjk;e jtkfbnK dk jh pVh rfjokJh s/ pkdhepkBh Bkb g/µ ehsk j?. fJ; Bktb dk ouBk-t;s{ ;wki ftu e?I;o tKr rzGho o{g ftu c?b u[Ze/ fGqµNkuko d[nkb/ e/Idfos j?. fJ; doob ftu g[fb;, gqµk;B, f;js ;/tktK, dkiBhshtkB s/ ;G ªs/e[zvk«oZyD tkbh ;z;Ek fBnKgkbek th v{zxh X; u[Zeh j?[1] ;wki s/ ;wkie ;z;EktkI d/ e[ji B{z p/gqdk eoB ftu ªe'ot ;Gk« Bktbeko dk gfjbk :sB Bjh, T[;dk fJ; s'I gfjbK Sfgnk Bktb ªscshµ« fiE/ g[fb; ;fGnkuko dhnK fd;dhnK-nDfd;dhnK gosK B{z wjhB fdq;Nh Bkb oo'bdk j?.[1] T[E/ Bktb«fBnKgkbek d/ wekBeh s/ fGqµN feodko B{z g/µ eodk j?. ªe'ot ;Gk«'T[go'es d'tkI BktbK s'I nrb/ok edw, fi; ftu ;N/N ns/ T;dhnK ;jkfJe ;z;EktK d/ fGqµN, nB?fse s/ nDwB[Zyh ftjko B{z gq;s{s ehsk frnk j?. ;N/N s/ ;z;EktK iB fjZs s/ iB-efbnkD bJh j'Id ftu fbnKdhnK ikIdhnK jB. gozs{ Bktb ftu fJBkIQ ;z;EktK dk nkgD/ n;b co} s'I p/w[Zy s/ µ'µDekoh o{g ;kjwD/ nkT[Idk j?.

Bktb B{z g{zihtkdh :[Zr d/ ;wkih :EkoE B{z ;G s'I µeshµkbh Yzr Bkb f;ois eoB tkbh ftXk wzfBnk iKdk j?. ftXk-µk;sdhnK B/ Bktb B{z nfijh bzwh rdeEk wzfBnk j?, fijVh wB[Zyh j'Id dh fdZy ns/ n;bd/ nzso B{z ftvzpBk dh d{jdh fdqµNh Bkb f;oidh j?. nfijk eofdnK fJj t;s{ ;fEsh ns/ ;[gB ;fEsh dh orV dkjhI ;wkih :EkoE dhnK S[ghnk sfjnK B{z TxkVdh j?.[2] whs B/ ;wekbh ;wki d/ :EkoE B{z ftnzrkswe fdqµNhe'D s'I g/µ ehsk j?. fJj ftnzr Bktb ftu g/µ gksdK s/ ;z;EktK dh ekoiµ?bh ftu 'IT[sgzB j[zdk j?. iB efbnkD d/ Bkno/ wkoD tkbh ;N/N s/ ;z;EktK d/ n;b Ujb/ b[e/ n;b/ B{z Bktbeko B/ gos-do-gos T[xkVB dk :sB ehsk j?.

Bktb gkm«u'I r[}ofdhK ;wekbh ;wki-;fGnkuko s/ wjKGkos dh eEk

ftu gJhnK eJh nzsofdq;NhnK ;kjwD/ nkT[Idhnk jB. oki jfEnkT[D bJh dki-xdkfDnK«urnB/eKukdKuZlodhnKojhnK jB. e'bdtK-gkvtK ftu thdki- ;ZskB{` b?e/ ;kfiµKdk d'buZlodk fojk j?. db'gsh dk uho-joD, T[; tZb'Id[o:'XBB{z ehs/ GZd/ wy'b s/ gKvtkI d/ nDikD i[nkdhJ/ j'Ddk gpshdb ;h. foo th feqµB Gdh ;Gk«udb'gshB{z p/gs j'Ds'IpuknbʔIdk j?. d'tK fXdKdhe[o{e;/asod/ w?dkB ftu j'Jh bVkJh pdkpod/ :'fXnkI ftueko j?. fJ; ftu gKvt Gkt/I fiZs iKd/ jB. gozs{T[BQKB{zy[µhBjh j[zdh, ;r'Ig;ukskg j[zdk j?. nkgfDnkIB{z spkj eoe/ T[j febekdhnK Bjh wkod/, iµB Bjh wBkT[d/. fJ; Bktb ftu a;Gk dk fdqµ}dk T[bNk j?. d'gfotko ftu bVkJh dh µ[o{nks fJe gdkNd/ekpi/s'Ij[zdh j?. t/d gfotko nkgD/ GdK w'jB d/ gfotko fizBK ;owkJ/dko Bjh go rdhp th BjhI. d'tK GoktK dh GkJhtkdh tXdhnK fBGdh j?. w'jB dh w/'s s'I pknd GshfinK Bkb t/d dh GkJhtkdh µZe d/ nkXko «s/ ¥sw eo bJh iKdh j?. ikfJdkd dh tzv-tzvkJh fJe agdkN««s/ nV iKdh j?. MrVk ;kb;K jZE' fBeb e/eufjdh ftu gj[zu ikIdk j?. Gshi/gzei s/Bhoi uku/ t/dB{z ;pe f;ykT[D bJh fedkJ/ d/ r[zfvnK (fpjkdh GJhnK) B{z ;[gkdh fdzd/ jB. we;d dks d/ jB/Qo/«u f;oÕuku/B{z E'VQk ;pe f;ykT[Ddk j[zdk j?. go r[zv/ bkbu«urnk iKd/ jB. dks B{z t/dd/xovke/dh tkodks j[zdh j/?. M'Vg ftu t/ddk i[nkBw[zvkwkfonk ikIdk j?, XhB/jk dk pdkseko j' ikIdk j?. t/d s/T[;dh gsBh Bhbw dh nfijh e[ZNwko ehsh ikIdh j?. fe T[j T[wo Go bJh ngkji j' ikId/ jB. fJ; ae'bt ;Gk« ftu e'Jh feqµBBjh i'B/jk B{z p/gZs j'Ds'IpukT[DbJh nkT[Idk. e'Jh noiB tork :'Xk BjhI i'e'btK tor/ gzei-Bhoi B{z ;kjwD/ yb'e/u[D'sh fdzdk. e/tb fJe t/d dk ;kdk dkwBkE j? i'g/µ/ ti'I tehb j? go T[;d/ soeµ ftu e'Jh dkwpkD Bjh. T[j af;;Nw« d/ fGqµN wZeV ikb ftu cf;nk fJB;kÕ bJh wkfonk-wkfonk foodk j?. d{i/gk;/gzei-Bhoi B{z pukT[D bJh nB/eKwjKdEh s/µe[Bh T[BQK d/d/a g?;/«d/f;o«s/nB/eKukdKuZlod/s/ekw:kp th j[zd/ jB. ag?;k« nzfsw ;Zu j' fBpVdk j?. ÀuKdh dh i[ZshÁ fi; d/ th f;o«u tZidh j?, T[E/ jh fuZs j' iKdk j?. ag?;/«Bkbw[b}wpkfJZ}s pdh j' ikId/ jB. s/ghVs w[dJh nrbh ndkbs ftu fJB;kÕ dh afGfynk« wzrD dh fsnkdh eoB bZrdk j?. whs dk ae'bt ;Gk« fJe nfijk ajwkw« j? fi; ftu ;NVNs/T[;dnK ;z;EktkId/ swkw nfXekdh aBzr/« jB, fiE/ aeZiD« dh b'V Bjh, e'Jh µow j:k Bjh. g[fb;, f;ftb gqµk;B, fBnK gkbek, vkeNb, dkiBhse nkr{, w[Zywzsdh s/T[;dk ekek Gkt ugVk;h s'I b? e/ uhÕ wfB;Nb se ;G nkgD/ yh;/ GoB dh ske ftu ofjzd/ jB. Bktb ftu ftrV/ j'J/ o{g ftu fte;s j'J/ g{zihtkd dh fxDkT[Dh

s;tho ftykJh rJh j?. fJ; fxDkT[Dh s;tho ftu jZe, ;Zu s/ fJB;kÕ d/ w[jkfc}XB, ikfJdkd B{z ;zfus eoB dh p/brkw jt; sfjs y[d ngo kXB{z g?dk eoB, tXkT[D, c?bkT[D tkb/ pD ikId/ jB.[3] whs B/ fGqµNkuko dk f;yo g/µ ehsk j?. fJB;kÕBkI dhe'Jh uh} g{o/ Bkt dh fposkIs ftu feXo/ B}dh Bjh g?Idh. t/d gfotko dh sqk;dh tkgoD s/ fJsbkj j'D d/ pkti{d g[fb; xNBk ;EkB «s/ d/o Bkb g[Zidh j?. g[fb; egskB tZb'I w[nkfJBk eoB s'I pknd jh wdh}KB{z ;oekdh f;tb j;gskb gj[zukfJnk iKdk j?. UBh d/o ;ZNK Bkb N[ZN/ GZi/ wdh} Ut/ jh gJ/ ofjzd/ jB. ekB{zB, ;oekdh vkeNdK dh dkJ/B{z, gqkJht/N vkeNdK Bkb'I tZX soihj fdzdk j?. soe fJj ;h fe ;oekdh w[bk}w M{m BjhI p'bd/. fJ; w}p{dh tZ; bVkJh-MrfVnk iK jkdf;nK ftu iywh j'J/ b'eKB{z ;oekdh j;gskbkI ftu dkyb j'Dk g?Idk j?. ;oekdh vkeNb, cZNV dhnK ;ZNK dk w[nkfJBk eod/ jB. bZrhnkI ;ZNK dh fog'oN fsnko eoe/ g[fb; B{z fdzd/ jB. g[fb; T[; fog'oN d/ nkXko «s/ w[eZdw/ dk w{zjwZEk xVdh j?.[4] ;oekdh vkeNb wdhiK dh jkbs rzGho j'D d/ pkti{d pj[sh gqtkj Bjh eod/ . vkeNdK B{z b'e d{ik oZp wzBd/ jB. ;oekdh s'b «s/ f;js ;/tktK ftGkr dh ;EkgBk fgZS/ wB'dE iBsk dh ;/tk eoB dk j? gozs{ Bktdh fposKs ftu vkeNb Bk ªoZp« pD d/ pj[Vd/ jB Bk ª;/te«. fJ; soQK fiE/ iBsk d/ wB ftu ªoZp« pD d/ pj[Vd/ jB Bk ª;/te«. fJ; soQK fiE/ iBsk d/ wB ftu ªoZp«d/ fpzp dk GziB j[zdk j?. T[E/ ª;/te«d/ s'b «s/ co}K s'I e[skjh fJ; g/µ/ bJh nkwrZb j?. vkeNdh fog'oNkI s/ xNBk ;EkB d/ w[nkfJB/ d/ nkXko «s/ g[fb; e/;eoi eo b?Idh j?. tkodks eoB tkb/ fpjkdh r[zv/ th fJe s'IpkndfJecV/ ikId/ jB. (fpjkos/ :{aHgh Hnkfd gqp/µK«u'I gzikp rk tZ;/ gqtk;h ekfwnK d/ Bkb g?dk j'JnKeJh ;wZf;nktK, dkiBhseK tZb' T[BQKB{z t'Np?Ied/ s'o «s/ tosDk s/ GJhnkI tZb'I nkgD/ dpkn ro[Zg pDk e/ gzikp dh dkiBhsh B{z gqGkfts eoBk s/ i[owe eoBk nkfd nfij/ sZE jB fiBQKBkb GftZy d/ gzikp B{z eJh u[D'shnK dk ;kjwDk eoB dh ;zGktBk pD ;edh j?). ;kfiµ xVB tkfbnk dh tkodkshnkI Bkb ;kIMd/ ;{so th gqkgs j' ikId/ jB. gozs{ ;owkJ/dkow[Zy w[bk}w gzei s/ Bhoi g?;/ d/ pdp{s/ g[fb; s/ fBnKgkfbek dh ekoiµ?dh B{z gqGkfts jh Bjh eod/ ;r'I scshµB{az th nkgD/ jZe «u G[rsk b?Id/ jB. ;N/Ndk w[Zywzsdh gZsoekdK ;kjwD/ fBogZy ikIu s/ d'µhnK B{z ;}k fdtkT[D dh rZb eodk j?. go pknd ftu T[j y[d nkgDh gkoNh ftub/ fto'Xh iZE/dk od/ e?Igd/ n?wHn?ZdHJ/ px/b f;zx B{z nkgD/ jZe «u oZyD bJh w[b}wK Bkb ;"d/pkih dh y[Zb fdzdk j?. px/b f;zx w[biwK B{z gfjbK sk nkgDh g{dh tkj bk b?D fdzdk j?. fco EZe/ jkfonk B{z fJe eo'V dh w'Nh oew b?e/ jbkb eodk j?. w[Zywzsdh, s/ T[; dk ekek fJ; xNBkeqw

«s/B}ooZyd/ jBs/ g{dh ;N/Ndh wyuhBdh ;"dk j'D«s/ w[b}wkId/ jZe«uG[rsk fdzd/ jB. Bkthbeko tkdh-tkdh jo/e ;z;Ek d/ e[ji s/ µ';Dekdh o{gB{z gos-db-gos g/µedh iKdk j??. Bktdh gkm ftu'I ;z;EktKBkb ;zpzXs j/m fby/ e[MB[es/ ;kjwD/ nkT[Id/ jB.

## (T) ;oekdh j;gskb s/ vkeNo

1H nkw ;oekdh j;gskbK ftu f;js ;j{bsK dh brGr nDj'Id, fi; ekoB wdhiK dk gqkJht/N j;gskbK s/ vkeNdK dh b[ZNdk fµeko j'Dk.

2H ;oekdh j;gskbkId/ vkeNdK dk fvT{Nh s'I r?ojk}o ofjDk fi; dk ekoB T[BQK dk fe;/ tZv/ nkr{ iKnfXekdh dk fo;s/dko nkfd j'Dk s/ nkgD/ fBZih edhfBe ubkT[Dk.

3H ;oekdh j;gskb dhnK dtkJhnK, n?e;o/ fdbwKs/ j'o ;ki'-;wkB gqkJht/N d[ekBkIs/ t/u/ iKDk.

4H ;oekdh j;gskbK ftu pDhnK fJz}dh fog'dNKB{z ndkbsK tZb' tX/o/ soihj d/Dk. fJ; B[es/ dk ÕkfJdk T[mk e/ vkeNdK tZb' fqutsb?e/ M{mhnK fog'dNK fsnko eoBk .

5H ;oekdh vkeNdK tZb' wdhiKB{z c;kT[Ds/ xo/b{ edhfBeK«u gj[zukT[D bJh ªdbkb«oZyDk nkfd.

## (n) g[fb; ;/tktKL

1H fJsbkj d/ pkti{d g[fb; dk w'ek-J/-tkodks«s/ ;w/ f;oBk gj[zuDk.

2H f;gkjh s'I b?e/ j"'bdko, w[Bµh, scshµh, w[Zy nÕ;o, vhHn?_Z;HghH, n?_ZuHn?_ZuHghH, vhHnkJhHihH, nkJhHihHnkfd ;Gw[bk}wKs/ nÕ;dK tZb'I nj[d/ s/ ekoi d/ fj;kp Bkb fqutsb?Dk. fJ; ekoi bJh nkw s'"o«s/ dbkb Gkt NkT{NK dk j'Dk.

3H fw;b ftub/ nfjwsZEKB{` s'V-wo'Ve/ g/µeoBk fi;dk ÕkfJdk w[bk}wKB{` gj[zuDk.

4H w[dZJh fXo dk sqk;dh d/ pkti{d g[fb; bJh jwdbdh dk gkso Bk pDBk. Gkt w[b}w d/ Bkb-Bkb w[dZJhnK dh i/p«s/ th fXnkB oZyDk.

5H uzr/ ewkJh tkb/ µfjo iK g[fb; ;N/µB Àftµ/µ B}oÁ Bkb jk;b eoBk nkfd.

## (J) dkiBhshtkB L

1H dkiBhshtkBK dk tZv/-tZv/ ;owkJ/dkdKs'I gkoNh czv b?e/ T[BQK d/ ikfJ}-BikfJ} ezwK ftu fjZ;/dko pDBk.

2H nj[d/ ch d[otos'I eoBk s/ fBZih w[ckoK bJh ;oekch wGuhBoh tosDk.

3H ;N/N dk w[Zyw zsoh T[;dk ekek s/ n?_ZwHn?_ZoHJ/H rkfcd dk fGqµN j'Dk rkfcd.

**(;) fBnK gkbek L**

1H ;N/N dhnK pkeh ;z;EktK tKr fBnKgkbek ftu th fGqµNkuko dk f;¥o j'Dk.

2H iZiK dhnK fB:[eshnK s/ soZehnK, pdbhnK rkfcd dk iBhse g?IsV/pk}h s'I eoBk.

3H ekB{zBB[efsnK ch d[otos'I. fi;d/ nkXko «s/ sZEK ch s'V-wo'V eoBk, µZe dk ÕkfJdk w[b}w B{` fwbDk, scshµ dk ftfmnkBe nkXko Bk j'Dk. Õ?;fbnK dk ;kbK pZXh bNed/ ofjDk.

4H ndkbsh ekotkJhnK s/ iZiK d/ Õ?;fbnK «s/ fezs{-gpzs{ eoB dk nfXeko iBsk s/ gq?_Z; e'b Bk j'Dk, fi; ekoB iZiK B{z ndkbsh jZse ch nkV ftu wBwkBh eoB dk nt;o gqkgs j'Dk.

5H tehb T[j' ªBkwtc« frfDnk ikDk fi;ch iZiK s/ g[fb; se y[ZbQh-v[ZbQh o;kJh j't/. ;oekch tehbK tb'I w[dZJh s/ w[b}w d'tK fXoK Bkb rmi'V oZyDk.

6H tehbK tZb'I ;kfJbK B{z ª;'B/ dk rKvk« d/D tkbh w[orh ;wMDk s/ pjkfBnK Bkb ;kbK pZXh mZrh wkoDk. T[gobhnK ndkbsK ftu p?m/ tehbK B{` e/;d/D s/ch; ftu'I ukbh s'I gzikj gqsh µs efwµB b?Dk.

7H ndkbsK d/ ;N?B', chvo, nfjbwZd, BkfJp e'oN, f}bQk nNkoBh, n?vt'e/N iBob, ofi;Nok rkfcd ;G tZb'I fqµts ch Mke oZyDk.

T[go'es uko/ ;z;EktK ch ekoiµ?bh ch fBoy-goy eofdnK fJBQK ftu fJe ;KMk B[esk ;kjwD/ nkT[Idk j? T[j j? fJBQK ftu ftnkge fGqµNkuko dk f;¥o. eo{o ;Zu fJj j? fe swkw ;z;EktK fGqµNkuko d/ o'r ns/ w[}owK, g[fb;, dkiBhshtkBKns/ ;owkJ/dkoK d/ ;zpzXK ;dek nzcb'I ioidnk s/ yzfvs j' uZ[ehnK jB. fJBQK d/ ;o{g ns/ ftjko ftu tZvk yZgk g?dk j'fJnk j?. fJ; ;fEsh ftu nwkBtekch ns/ }kbwkBk ehwsK dk p'bpkbk j? ns/ wk;{w s/ w}p{o b'ek Jh p[ch soQK fg; ojh j?.[5] Bktbeko fJ; ;z;Ekrs µ'µD B{z ªbehch« fposKs dk jhIg/µ BjhI eock ;r'I xNBktKs/ gksdK d/ gq;zrK dk jhI w{b sDkT[ Bkb i'Vdk j?. w{b sDkT[ j? sdk;ch dk fµeko j'J/ ghVsK ch f;js:kph s/ fJB;kÕ bJh bVkJh. t/d gfotko ch rzGho jkbs B{z vkeNo nDr''fbnK eod/ jB. vkeNoK dk dbkb ªm/e/dkc« T[BQK d/ w;b/ jZb eotkT[D dk ;''dk s?n eotkT[Idk j?.[6] g[fb; tkb/ Gkt/Ie/;dh rzGhosk B{z ;wMd/ jB feT[Ife ªT[go'I« qdkng?fojk j[zdk j? gozs{ w'Nh

nk;kwhc;h t/ye/w[Zyegsk Bs/nkJhHilH the/;B{z ock dÕk eoB«uo[ZM iKd/
jB.[7] e/; dh fGDe jbek ftXkfJe dk jhIw[Zywzsoh se gj[zu iKdh j?. T[j nkgD/
ªpzd/«B{z y[µueoB bJh w[b}wfXo e'b'I fJe eo'Vdh fqouts b?e/ T[;dh M'bh gk
fdzdk j?.[8] ndkbs ftu tehb ekB{zBh B[efsnK dh d[otos' eoe/ e/; B{z bwek
fdzd/ jB sK fe fJ; dk Õ?;bk fJB;kÕ g;zd iZi ;kX{ f;zx jZE'IBk j' ;e/. µkso
tehb nkgDh ukb ftu ;Õb j' iKd/ jB. ;kX{ f;zx dh pdbh j' iKdh j? go T[j
nk¥dh fdB se w[dZJhnK B{z fJB;kÕ d/Db bJh ssgo ofjzdk j?. nk¥o fiZs p[dkJh
dh j[zdh j? gzei-Bhoi dh wo}h dk iZi rke/ T[BQK B{z e/;«u'I pdh eoBs/ tkodks
eoB tkfbnK B{z Bk-wkso ;}k d/Dk Õ?;bk ;[Dk fdzdk j?. dkwBkE s/ T[BQK dk
tehb jdh µ ªB/jk« d/ f;o «s/ jZE oZy e/ efjzd/ jB, Àj"I;bk oZy XhJ/ fJ;
ndkbs dk Õ?;bk nzfsw BjhI. nkgK T[_Zgo nghb eoKr/.Á[9] fJj rZb Gkt/I T[j
efj fdzd/ jB gozs{ T[gdh ndkbs d/ Õ?;b/ pko/ T[j nrkT{I jh ikD{ jz[d/ jB.
fJ; soQK ;z;Ekrs fGqµNkuko ghVs gksoK B{z fJB;kÕ BjhI fwbD fdzdk. gkso
fJ; w[eZdw/ ftu fJB;kÕ bJh i{Md/ jB go ªfJB;kÕ« dk f;;Nw nkgDhnK iVQK
se ftrfVnk j'fJnk j?. fJ; bJh nzfsw fBnK dh sbkµ, sbkµ jh ofjzdh j?.
fJ; ftrkVd/ d[nkb/ jh ;kvk b'eszso s/ j'o ;z;EktK yVhnK jB.[10] g{o/ Bktb
ftu fqoutsy'dK dk jh p'bpkbk j?. gozs{ fJe d' gkso fJwkBdko th jB fit/I iZi
;kX{ f;zx s/ tehb jdhµ dkJ/. iZi ;kX{ f;zx B{z th fJwkBdkdh dh dks T[d'I gdkgs
j[zdh j? id'I T[;dk nkJhHJ/Hn?_Z;Hgk;w[zvk Go i[nkBh ftu jkd;/ dk fµeko j'e/
wo iKdk j?. oZp tZb'I ehsh p/fJB;kÕh T[; B{z fJB;kÕ eoB tZb gq/fos eodh j?.
fJ; xNBk s'I gfjbK T[j nkw iZiK tKr tkX^xkN eo b?D tkbk j[zdk j?. ;kX{
f;zx dh fJB;kÕ g;zd pDB dh xNBk s'I eh fJj ;wM b?Dk ukjhdk j? fe fJB;kÕ
T[j' pzdk eo ;edk j? i' ¥[d eoh ghVs j'fJnk j't/< eh fJB;kÕ dnK e[o;hnK
«s/ p?m/ nfXekohnK dh f;Zfyrk ftu T[BQK B{z gdkJh ghVB{z nB[Gt eoBdk e'Jh gkm
BjhI j[zdk< nfij/ pj[s ;ko/ ;tkb Bktbeko gkmeK T[_Zs/ SZv fdzdk j?. tehb
jdhµ dkJ/, fteNw t?bc/no ;[;kfJNh pDk e/ ghVsK dh wddl eodk j?. Bktbeko
nfij/ gksdK dh gq/µekdh dk jhI izrb dh nZr tKr c?b/ fGqµNkuko ftu fe;/ jo/ p{N/
dk s;t[Zo eoe/ B/eh s/ fJwkBdkdh B{z X[o'I jh ¥swBjhI j'D fdzdk. BktbekoB/
µkso tehb Bzd bkb d/ nzdob th wB[Zysk ikrD dk Gow g?dk ehsk j? go id'I
T[; nzdbdk ªfJB;kB« ikrdk j? T[d'I se T[j p/fJB;kÕh s/ w[b}wK d/ jZe ftu
nkgDh tekbs dk ;kdk s}qpk M'e p?mk j[zdk j?. dkwBkE fqus/dkdh dk oo}
fBGkT[Idk j'fJnk Gkt/I g{dh ;woZEk Bkb fJB;kc b?D bJh bVdk j? go fiZsDdh
nk; T[;B{zµ[o{s'I jhBjhI j[zdh fe T[Ife p[dkJh J/Bh seVh j? fe T[;B/ fiZsDk jh j?.
uzfrnkJh dh p[dkJh T[_Zs/ fiZs e/tb ªfwZE« dk fjZ;k j? ªf}zdh« dk BjhI. gozs{

Bktbeko okwBkE s/ jdhµ okJ/ d/ w{zj'I j/mbh nokbs d/ Õ?;b/ fto[ZX T[gdh nokbs ftu nghb eoB rZb eYtk e/ ;zxoµ d/ uZbd/ ofjD dh gq'Vsk eodk j?. vkH i'frzdo f;zx okjh efjzdk j?, fJj ;zxoµ eoBk nkdwh dk r"ot j?. nkdwh pDdk jh ;zxoµ Bkb j?. fiZs/ iK jko/. fJj rZb tZyoh j?.[11]

Bktbeko B/ e"ot ;Gk okjhI ;wki ftu p[dh soQK c?b u[Zeh fJe nfijh goihth µoq/Dh dh s;thoeµh ehsh j? i' d{firK dh fwjBs dh ewkJh «s/ gbdh j?. ;N/Ns/ ;wkie ;z;EktK dk g{dk skDk-g/Nk fJBQK d/ ep}/ ftu j?. fJBQK e"b'I pµD dk fJe'-fJe sdhek ;w{fje u/sBk s/ b'e ;zxoµ j?. fJe rZb :kd oZyD :'r j? fe fJBQK goihthmK dh g?dktko Gkt/Irkg/ /nkg j'Jh j't/ gozs{ fJBQK d/ gkbDjko/ b'e¥[d jB. fizBk fuo b'e fJ; p[dkJh B{z BÕos eoe/ fJ; gqfs jkn dk Bkjdk BjhI wkod/ fJj pdk NbD tkbh BjhI. ªe"ot ;Gk«« fJBQK goihthmK bJh Jhoyk BjhI ;r'I BÕos c?bkT[D dk t;hdk g?dk eodk j?. mrowhs fJ; ekoi ftu E'VQk th ;Õb j' iKdk j? sK ;wM b?Dk ukjhdk j? fe ;kfjsekoh dk oo} nokn j' fmnk. mro T[;dh fJ; xkbDk B{` e/tb p"fXe T[vkoh bkT[D se jh ;hws eo fbnk iKdk j? sK fcoo oZp dkyk.

**jtkb/ s/ fNZgDhnK**

1H vkH jfoGiB f;zx GkNhnk, **gzikph Çbg L ;ztkd s/ ;whfynk**, tkfo; µkj dkT{Iv/µB, nzfwqs;o, gzBk 37

2H vkH ;[ygkb f;zx fEzd, **Bktb nfXn?B s/ nfXnkgB, gzikph Gkµk, ;kfjs s/ ;fGnkuko L nfXn?B ns/ nfXnkgB** (28-29 wkou, 2005), gzikph nfXn?B ;e{b, r[o{ BkBe d/t :{Bhtof;Nh tZb'I eotkJ/ rJ/ ;?whBko ftu gfVQnk fmnk y'i gZso.

3H vkH ;[yd/t f;zx ykjdk (;zgkH), **e"ot ;Gk Lnkb'uBksAwe ftµb/µB**, gzBk 11

4H **e"ot ;Gk**, gzBk 26

5H vkH jfoGiB f;zx GkNhnk, **T[jh ouBk**, gzBk 134

6H **e"ot ;Gk**, gzBk 38-39

7H **T[jh**, gzBk 105, 162

8H **T[jh**, gzBk 205

9H **T[jh**, gzBk 366

10H vkH ;fszdo f;zx B{o, **nzfsw fBnK dh sbkµ «u :sBµhb Bktb, e"ot ;Gk**, vkH ;[yd/t f;zx ykjdk (;zgkH), T[jh ouBk, gzBk 26

11H vkH i'frzdo f;zx okjh, **;zxoµ dh gq/oBk dh nkEk, e"ot ;Gk**, µpd nze 25 (iBtoh-wkou 2004), gzBk 116

# 18

# ਨਾਵਲ 'ਕੌਰਵ ਸਭਾ' ਦੇ ਕੌਰਵ

**ਗੁਰਦੇਵ ਸਿੰਘ ਚੰਦੀ**

ਇਹ ਨਾਵਲ ਕੌਰਵ ਸਭਾ ਇਕ ਦੁਖਦਾਈ ਘਟਨਾ 'ਤੇ ਆਧਾਰਿਤ ਰਚਨਾ ਹੈ। ਪਰਲੋਕ ਸਿਧਾਰ ਗਏ ਉਦਯੋਗਪਤੀ ਮੋਹਨ ਲਾਲ ਦੇ ਪੁੱਤਰਾਂ ਪੰਕਜ ਅਤੇ ਨੀਰਜ ਵਲੋਂ ਆਪਣੇ ਚਾਚੇ ਵੇਦ ਪ੍ਰਕਾਸ਼ ਨੂੰ ਸਬਕ ਸਿਖਾਉਣ ਲਈ ਸੁਪਾਰੀ ਦਿਤੀ ਜਾਂਦੀ ਹੈ। ਝਗੜੇ ਦਾ ਕਾਰਨ ਹਜ਼ਾਰ ਕੁ ਗਜ਼ ਦਾ ਮਾਇਆ ਨਗਰੀ ਵਿਚਲਾ ਇਕ ਪਲਾਟ ਹੈ ਜਿਸ ਦੀ ਕੀਮਤ ਕਰੋੜਾਂ ਰੁਪਏ ਹੋ ਗਈ ਹੈ। ਸੁਪਾਰੀ, ਲੁੱਟ-ਮਾਰ ਕਰਕੇ ਡਰਾਉਣ ਧਮਕਾਉਣ ਦੀ ਹੁੰਦੀ ਹੈ ਪਰ ਸੁਪਾਰੀ ਪ੍ਰਾਪਤ ਕਰਤਾ ਹੰਢੇ ਹੋਏ ਜਰਾਇਮ ਪੇਸ਼ਾਵਰ ਹੋਣ ਕਰਕੇ ਲੁੱਟ ਅਤੇ ਕੁੱਟ ਦੇ ਨਾਲ ਨਾਲ ਬਲਾਤਕਾਰ ਅਤੇ ਕਤਲ ਵੀ ਕਰ ਦਿੰਦੇ ਹਨ। ਦੋਵੇਂ ਜੀਅ ਵੇਦ ਅਤੇ ਨੀਲਮ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਜਾਂਦੇ ਹਨ। ਮੁਟਿਆਰ ਲੜਕੀ ਨੇਹਾ ਦਾ ਬਲਾਤਕਾਰ ਅਤੇ ਹਥੋਪਾਈ ਵਿਚ ਜਵਾਨ ਪੁੱਤਰ ਕਮਲ ਦਾ ਕਤਲ ਹੋ ਜਾਂਦਾ ਹੈ। ਇਸ ਪੀੜਤ ਪਰਿਵਾਰ ਦੇ ਰਿਸ਼ਤੇਦਾਰ ਰਾਮ ਨਾਥ ਵਲੋਂ, ਜੋ ਪੇਸ਼ੇ ਵਜੋਂ ਵਕੀਲ ਹੈ, ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੂਰਾ ਤਰਾਣ ਲਗਾ ਦਿਤਾ ਜਾਂਦਾ ਹੈ। ਦੋਸ਼ੀ ਹਕੀਕਤਨ ਮੁਜਰਿਮ ਹੋਣ ਦੇ ਬਾਵਜੂਦ, ਸਬੂਤਾਂ ਦੇ ਹੁੰਦਿਆਂ ਵੀ ਸਜ਼ਾ-ਮੁਕਤ ਕਰਾਰ ਦੇ ਦਿਤੇ ਜਾਂਦੇ ਹਨ। ਨਾਵਲ ਇਸ ਕਤਲ, ਡਾਕੇ ਅਤੇ ਬਲਾਤਕਾਰ ਦੇ ਦੋਸ਼ੀਆਂ ਵਲੋਂ ਕਾਨੂੰਨ ਅਤੇ ਪ੍ਰਬੰਧ ਨਾਲ ਖਿਲਵਾੜ ਕਰਨ ਸਬੰਧੀ ਘਟਨਾਵਾਂ ਦੁਆਲੇ ਘੁੰਮਦਾ ਹੈ।

ਨਾਵਲਕਾਰ ਮਿਤਰ ਸੈਨ ਮੀਤ ਦੀ ਦ੍ਰਿਸ਼ਟੀ ਉਨ੍ਹਾਂ ਤੱਥਾਂ ਦੀ ਪੇਸ਼ਕਾਰੀ 'ਤੇ ਕੇਂਦਰਿਤ ਹੈ ਜੋ ਇਨਸਾਫ ਦੇ ਰਾਹ ਦੀਆਂ ਰੁਕਾਵਟਾਂ ਬਣਦੇ ਹਨ। ਉਹ ਕਾਨੂੰਨੀ ਚਾਰਾਜੋਈ ਜਾਂ ਅਦਾਲਤੀ ਪ੍ਰਬੰਧ ਜਿਸ ਪ੍ਰਤੀ ਕਿੰਤੂ ਪ੍ਰੰਤੂ ਕਰਨ ਤੇ ਮਾਣਹਾਨੀ ਵਜੋਂ ਹਰ ਭਾਰਤਵਾਸੀ ਸਜ਼ਾ ਦਾ ਹੱਕਦਾਰ ਹੈ। ਉਹ ਕਿਸ ਹੱਦ ਤਕ ਭਰਿਸ਼ਟ ਹੋਇਆ ਪਿਆ ਹੈ, ਨਾਵਲ ਇਸ ਯਥਾਰਥ ਦਾ ਪਰਦਾ ਫਾਸ਼ ਕਰਦਾ ਹੈ। ਰਾਜਨੀਤੀ (ਸਰਕਾਰ), ਨਿਆਂ ਪ੍ਰਣਾਲੀ (ਅਦਾਲਤ), ਪ੍ਰਬੰਧ (ਪੁਲਿਸ ਆਦਿ) ਅਤੇ ਕਾਨੂੰਨ (ਵਕਾਲਤ) ਮਿਲ ਕੇ ਕਿਸ ਤਰ੍ਹਾਂ ਇਕ ਸਧਾਰਨ ਨਾਗਰਿਕ ਨੂੰ ਇਨਸਾਫ ਤੋਂ ਕੋਹਾਂ ਦੂਰ ਰਖਦੇ ਹਨ, ਇਸ ਨਾਵਲ ਦਾ ਕੇਂਦਰੀ ਮਸਲਾ ਹੈ।

ਨਾਵਲ ਲੇਖਕ ਡੰਕੇ ਦੀ ਚੋਟ 'ਤੇ ਪੁਕਾਰਦਾ ਹੈ ਕਿ ਨਿਆਂ ਪਾਲਕਾ ਵੀ ਹੋਰਨਾਂ ਭਾਰਤੀ ਸੰਸਥਾਵਾਂ ਵਾਂਗ ਬੁਰੀ ਤਰ੍ਹਾਂ ਭਰਿਸ਼ਟ ਹੋ ਚੁੱਕੀ ਹੈ। ਵੱਢੀ ਲੈ ਕੇ ਮੁਕੱਦਮਿਆਂ ਦੇ ਫੈਸਲਿਆਂ ਦੀ ਨੁਹਾਰ ਬਦਲ ਦਿਤੀ ਜਾਂਦੀ ਹੈ। ਮਾਸੂਮਾਂ ਨੂੰ ਸਜ਼ਾ ਅਤੇ ਦੋਸ਼ੀ ਬਾ-ਇਜ਼ਤ ਬਰੀ ਕਰ ਦਿਤੇ ਜਾਂਦੇ ਹਨ। ਸਾਹਿਤ, ਫਿਲਮਾਂ, ਟੀ.ਵੀ., ਅਖ਼ਬਾਰ ਨਿਤ ਦਿਨ ਕੂਕ ਕੂਕ ਕੇ ਕੰਨਾਂ ਨੂੰ ਕੰਬਾ ਰਹੇ ਹਨ ਪਰ ਸਿਸਟਮ ਹੈ ਕਿ ਦਿਨੋ ਦਿਨ ਅੰਨ੍ਹਾ ਬੋਲਾ ਹੁੰਦਾ ਜਾ ਰਿਹਾ ਹੈ। ਇਹ ਵੀ ਸੱਚ ਹੈ ਕਿ ਇਨਸਾਨ ਚੌਗਿਰਦੇ ਅਨੁਸਾਰ ਢਲਣ ਲਈ ਮਜ਼ਬੂਰ ਹੁੰਦਾ ਹੈ। ਜੇ ਚੌਗਿਰਦਾ ਹੀ ਦੂਸ਼ਿਤ ਹੈ ਤਾਂ ਫਿਰ ਨਿਆਂਕਰਤਾ ਵੀ ਤਾਂ ਇਨਸਾਨ ਹਨ। ਉਨ੍ਹਾਂ ਦੇ ਵੀ ਨਿੱਜੀ ਹਿੱਤ ਹਨ। ਉਨ੍ਹਾਂ ਦੇ ਵੀ ਸੁਆਰਥ ਹਨ। ਉਨ੍ਹਾਂ ਨੂੰ ਵੀ ਤਰੱਕੀਆਂ, ਬਦਲੀਆਂ ਦੀ ਲੋੜ ਹੈ। ਉਨ੍ਹਾਂ ਲਈ ਵੀ ਕੁਨਬਾ ਪਰਵਰੀ ਉਨੀ ਹੀ ਮਹੱਤਵਪੂਰਨ ਹੈ। ਜੇ ਅਜਿਹਾ ਹੈ ਤਾਂ ਫਿਰ ਉਨ੍ਹਾਂ ਦੇ ਦੋਖੀ ਕਾਰਜਾਂ ਵਿਰੁੱਧ ਆਵਾਜ਼ ਉਠਾਉਣੀ ਜਾਂ

ਉਂਗਲ ਕਰਨੀ, ਮਾਣਹਾਨੀ–ਦੋਸ਼ ਕਿਉਂ ਹੈ? ਕਥਾ ਅਨੁਸਾਰ ਇਕ ਸੀਨੀਅਰ ਵਕੀਲ ਆਪਣੇ ਸਾਇਲਾਂ ਨੂੰ ਆਦੇਸ਼ ਦਿੰਦਾ ਹੈ– "ਸੈਸ਼ਨ ਜੱਜ ਤਕ ਪਹੁੰਚ ਕਰੋ। ਪੁਲਿਸ ਤੇ ਦਬਾਅ ਪੁਆਉ। ਸਿਆਸੀ ਬੰਦੇ ਫੜੋ। ਤਫਤੀਸ਼ ਇਥੇ ਹੀ ਰੁਕ ਸਕਦੀ ਹੈ।" (*81*) ਹਾਈਕੋਰਟ ਦੇ ਰਜਿਸਟਰਾਰ ਦੇ ਕਿਰਦਾਰ ਦੀ ਪੇਸ਼ਕਾਰੀ ਨਿਆਂ–ਪਾਲਕਾ ਦੀ ਯਥਾਰਥਕ ਤਸਵੀਰਕਸ਼ੀ ਹੈ– "ਪਰਤਾਪ ਸਿੰਘ ਜਿਲ੍ਹਾ ਪੱਧਰ 'ਤੇ ਜੱਜ ਹੁੰਦਿਆਂ ਆਪਣੇ ਅਫ਼ਸਰਾਂ ਨਾਲ ਬਣਾ ਕੇ ਰਖਦਾ ਸੀ। ਕਿਸੇ ਜੱਜ ਦੀ ਕੁੜੀ ਦੀ ਸ਼ਾਦੀ ਹੋਵੇ ਤਾਂ ਟੈਂਟ ਤੋਂ ਲੈ ਕੇ ਦਾਜ ਤਕ ਦੀ ਸਾਰੀ ਜਿੰਮੇਵਾਰੀ ਉਸ ਦੇ ਮੋਢਿਆਂ 'ਤੇ ਹੁੰਦੀ ਸੀ। ਉਸ ਦੇ ਇਸ ਗੁਣ ਕਰਕੇ ਹਾਈਕੋਰਟ ਦੇ ਜੱਜਾਂ ਨੇ ਚੀਫ ਕੋਲ ਸਿਫਾਰਸ਼ ਕਰਕੇ ਉਸ ਨੂੰ ਹਾਈਕੋਰਟ ਬੁਲਾਇਆ, ਤਰੱਕੀਆਂ, ਸ਼ਿਕਾਇਤਾਂ ਸਭ ਉਸ ਦੇ ਹਥੋਂ ਨਿਕਲਦੀਆਂ ਸਨ।" (*88*) ਲੇਖਕ ਨੇ ਇਸ ਜੱਜ ਦੇ ਚਰਿਤਰ ਚਿਤਰਣ ਦੁਆਰਾ ਸਮੁੱਚੀ ਜੱਜ ਜਮਾਤ ਦਾ ਪਾਜ ਉਘਾੜ ਦਿਤਾ ਹੈ।

ਪੁਲਿਸ ਅਤੇ ਨਿਆਂਪਾਲਿਕਾ ਦੀ ਬੁੱਕਲ ਦੀ ਸਾਂਝ ਰਹਿੰਦੀ ਹੈ, ਕਿਉਂਕਿ ਦੋਹਾਂ ਦਾ ਕਾਰਜ ਖੇਤਰ ਜੁੜਵਾਂ ਹੈ। ਸਿਧਾਂਤਕ ਤੌਰ 'ਤੇ ਦੋਹਾਂ ਧਿਰਾਂ ਵਿਚ ਮਿਠਾਸ ਦੇ ਮੌਕੇ ਘੱਟ ਪਰ ਕੜਵਾਹਟ ਦੇ ਵਧੇਰੇ ਹੁੰਦੇ ਹਨ ਲੇਕਿਨ ਪੁਲਿਸ, ਪ੍ਰਬੰਧ ਅਤੇ ਨਿਆਂ ਪਾਲਕਾ ਨੇ ਅਜਿਹੀ ਸੀਟੀ ਰਲਾਈ ਹੈ ਕਿ ਕੋਈ ਵੀ ਇਨ੍ਹਾਂ ਦੇ ਖੋਲ ਨੂੰ ਤੋੜਨ ਦੀ ਹਿੰਮਤ ਨਹੀਂ ਕਰ ਸਕਦਾ। ਨਿਆਂ ਪਾਲਕਾ ਵਿਚ ਫੈਲੇ ਭਰਿਸ਼ਟਾਚਾਰ ਦਾ ਹੀ ਨਤੀਜਾ ਹੈ ਕਿ ਹੁਣ ਜੱਜ ਆਪ ਆਪਣੀ ਮਰਜ਼ੀ ਦੇ ਵਕੀਲਾਂ ਕੋਲ ਸਾਇਲ ਭੇਜਣ ਲੱਗ ਪਏ ਹਨ। ਅਜਿਹਾ ਕਰਕੇ ਉਹ ਸਾਰੀਆਂ ਸੰਭਾਵੀ ਮੁਸ਼ਕਿਲਾਂ ਤੋਂ ਬੇਫਿਕਰ ਹੋ ਜਾਂਦੇ ਹਨ ਜੋ ਰਿਸ਼ਵਤ ਸੰਬੰਧੀ ਮਾਮਲਿਆਂ ਨਾਲ ਵਾਬਸਤਾ ਹਨ। ਨਾਵਲੀ ਦ੍ਰਿਸ਼ਟੀਕੋਣ ਅਨੁਸਾਰ ਲਗਪਗ ਹਰੇਕ ਜੱਜ ਰਿਸ਼ਵਤ ਲੈਂਦਾ ਹੈ–(*101*)। ਸਿਆਣਾ ਜੱਜ ਇਕ ਅੱਧ ਕੇਸ ਵਿਚ ਪੈਸੇ ਲੈਂਦਾ ਹੈ ਤੇ ਉਸੇ ਵਿਚੋਂ ਹੀ ਸਾਲ ਦਾ ਖ਼ਰਚਾ ਕੱਢ ਲੈਂਦਾ ਹੈ–(*119*)। ਜੇ ਕਿਤੇ ਕੋਈ ਇਮਾਨਦਾਰ ਹੈ ਵੀ ਤਾਂ ਉਸ ਦੀ ਇਮਾਨਦਾਰੀ ਦੇ ਕਾਰਣ ਵੀ ਵਿਸ਼ੇਸ਼ ਹੁੰਦੇ ਹਨ।

ਨਾਵਲ 'ਕੌਰਵ ਸਭਾ' ਦੀ ਵਸਤੂ–ਸਮਗਰੀ ਅਨੁਸਾਰ ਨਿਆਂ ਕਰਤਾਵਾਂ ਤੋਂ ਬਿਨਾਂ ਕਾਨੂੰਨ ਦਾਨੀ ਭਾਵ ਵਕੀਲ ਤਾਂ ਹਨ ਹੀ ਇਸ ਕਾਰਜ ਖੇਤਰ ਵਿਚਲੇ ਭਰਿਸ਼ਟਾਚਾਰ ਦੀ ਮੂਲ ਜੜ੍ਹ। ਅਜੋਕੇ ਭਰਿਸ਼ਟ ਦੌਰ ਵਿਚ ਵਕਾਲਤ ਸਭ ਤੋਂ ਵੱਧ ਘਿਨਾਉਣਾ ਪੇਸ਼ਾ ਬਣ ਗਈ ਹੈ। ਭਾਰਤੀ ਸੰਸਕ੍ਰਿਤੀ ਵਿਚ ਦੱਲੇ ਨੂੰ ਸਭ ਤੋਂ ਵਧ ਹਕਾਰਤ ਭਰੀ ਨਜ਼ਰ ਨਾਲ ਵੇਖਿਆ ਗਿਆ ਹੈ। ਅਜੋਕੀ ਵਕਾਲਤ ਦੱਲਾਗੀਰੀ ਤੋਂ ਵਧ ਕੁਝ ਵੀ ਨਹੀਂ। ਹਰ ਛੋਟੇ ਵੱਡੇ ਵਕੀਲ ਦਾ ਉਦੇਸ਼ ਹੈ, ਰੱਜਵੀਂ ਫੀਸ ਲੈਣੀ, ਜੱਜਾਂ, ਸਰਕਾਰੀ ਵਕੀਲਾਂ, ਪੁਲਿਸ ਵਾਲਿਆਂ ਨੂੰ ਰਿਸ਼ਵਤ ਦਿਵਾਉਣੀ, ਉਸ ਵਿਚੋਂ ਆਪਣਾ ਬੱਝਵਾਂ ਹਿੱਸਾ ਲੈਣਾ ਤੇ ਸਾਇਲ ਨੂੰ ਹਫਾ ਹਫਾ ਕੇ ਸਮਝੌਤਾ ਕਰਨ ਲਈ ਮਜ਼ਬੂਰ ਕਰ ਦੇਣਾ। ਲਾਲਚ ਕਾਰਨ ਹੀ ਉਹ ਲੇਬਰ ਅਦਾਲਤਾਂ ਵਿਚ ਉਦਯੋਗਪਤੀਆਂ ਵਾਲੇ ਪਾਸਿਉਂ, ਕਨਜ਼ਿਊਮਰ ਅਦਾਲਤਾਂ ਵਿਚ ਵਪਾਰੀਆਂ ਵਲੋਂ ਅਤੇ ਫ਼ੌਜਦਾਰੀ ਕੇਸਾਂ ਵਿਚ ਮੁਜਰਿਮ ਧਿਰ ਦਾ ਕੇਸ ਫੜਨ ਨੂੰ ਤਰਜੀਹ ਦਿੰਦੇ ਹਨ। ਇਸ ਦੇ ਦੋ ਕਾਰਨ ਹਨ, ਇਕ ਮੁਲਜ਼ਮ ਆਪਣੀ ਜਨ–ਬਖਸ਼ੀ ਲਈ ਵਧ ਤੋਂ ਵਧ ਪੈਸਾ ਖ਼ਰਚ ਕਰਨ ਲਈ ਤਿਆਰ ਹੁੰਦਾ ਹੈ। ਦੂਜੇ ਸਾਡਾ ਕਾਨੂੰਨ ਵੀ ਨਿੱਕੇ ਤੋਂ ਨਿੱਕੇ ਸ਼ੱਕ ਦੀ ਗੁੰਜਾਇਸ਼ ਦਾ ਫ਼ਾਇਦਾ ਦੋਸ਼ੀ ਨੂੰ ਹੀ ਦਿੰਦਾ ਹੈ। ਲੇਖਕ ਅਨੁਸਾਰ – "ਕਾਨੂੰਨ ਮੁਲਜ਼ਮਾਂ ਨੂੰ ਧਰਮਰਾਜ ਦੇ ਪੁੱਤਰ ਸਮਝਦਾ ਹੈ। ਗਵਾਹਾਂ ਨੂੰ ਝੂਠ ਦੇ ਪੁਲੰਦੇ। ਇਸੇ ਲਈ ਗਵਾਹਾਂ ਵਲੋਂ ਬਿਆਨੇ ਜਾ ਰਹੇ ਅਖੌਤੀ ਝੂਠ ਵਿਚੋਂ ਸੱਚ ਲੱਭਣ ਲਈ ਵਕੀਲ ਖੜੇ ਕਰਨ ਦਾ ਅਧਿਕਾਰ ਦਿੰਦਾ

ਹੈ। ਕਹਿੰਦੇ ਹਨ ਭਲੇ ਦਿਨਾਂ ਵਿਚ ਇਕ ਨਿਰਦੋਸ਼ ਨੂੰ ਫਾਂਸੀ ਹੋ ਗਈ ਸੀ। ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਲੋਕ ਰੋਹ ਤੋਂ ਡਰਦਿਆਂ ਕਾਨੂੰਨ ਘਾੜਿਆਂ ਨੇ ਪਾਸ ਕਰ ਦਿਤਾ–ਇਕ ਨਿਰਦੋਸ਼ ਨੂੰ ਸਜ਼ਾ ਦੇਣ ਨਾਲੋਂ ਸੌ ਦੋਸ਼ੀ ਬਰੀ ਚੰਗੇ। ਹੁਣ ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ। ਇਸ ਸਿਧਾਂਤ ਨੂੰ ਬਦਲੇ ਕੌਣ? ਬਦਲਣ ਵਾਲੇ ਆਪ ਦੋਸ਼ੀ ਹਨ। ਕਾਨੂੰਨ ਵਿਚਲੀਆਂ ਖਾਮੀਆਂ ਉਨ੍ਹਾਂ ਨੂੰ ਰਾਸ ਆਉਂਦੀਆਂ ਹਨ। ਨਾਵਲਕਾਰ ਦਾ ਮਤ ਹੈ ਕਿ ਕਾਨੂੰਨ ਵਿਚ ਅਜਿਹੀ ਸੋਧ ਕਰਨ ਦੀ ਲੋੜ ਹੈ ਕਿ ਸੌ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜੇ ਇਕ ਨਿਰਦੋਸ਼ ਵੀ ਫਾਂਸੀ ਚਾੜ੍ਹਨਾ ਪਵੇ ਤਾਂ ਕੋਈ ਹਰਜ਼ ਨਹੀਂ।"

ਵਕਾਲਤ ਪੇਸ਼ੇ ਵਿਚ ਸਭ ਮਨੁੱਖੀ ਕਦਰਾਂ ਕੀਮਤਾਂ ਛਿੱਕੇ ਟੰਗ ਦਿਤੀਆਂ ਜਾਂਦੀਆਂ ਹਨ। ਬਾਕੀ ਹਰ ਪ੍ਰਕਾਰ ਦੇ ਵਪਾਰ ਵਿਚ ਵਸਤਾਂ ਜਾਂ ਗਿਆਨ ਵੇਚਿਆ ਜਾਂਦਾ ਹੈ। ਕੇਵਲ ਵਕੀਲੀ ਹੀ ਅਜਿਹਾ ਪੇਸ਼ਾ ਹੈ ਜਿਥੇ ਝੂਠ, ਫਰੇਬ ਅਤੇ ਡਰ ਵੇਚਿਆ ਜਾਂਦਾ ਹੈ। ਸਾਇਲਾਂ ਨੂੰ ਖ਼ਤਰੇ ਬਾਰੇ ਅਗਾਊਂ ਸੂਚਿਤ ਕਰਕੇ ਆਤੰਕਿਤ ਕਰੀ ਰਖਿਆ ਜਾਂਦਾ ਹੈ। ਇਸੇ ਡਰ ਕਰਕੇ ਹੀ ਸਾਇਲ ਧੰਨ ਲੁਟਾਈ ਜਾਂਦੇ ਹਨ। ਇਸ ਪੇਸ਼ੇ ਵਿਚ ਕੋਈ ਕਿਸੇ ਦਾ ਮਿਤ ਨਹੀਂ ਹੁੰਦਾ। ਹਰ ਸਲਾਹ ਦੀ ਕੀਮਤ ਲਈ ਜਾਂਦੀ ਹੈ। ਇਹ ਕੀਮਤ ਸਾਇਲ ਦੀ ਆਰਥਿਕ ਹਾਲਤ ਅਨੁਸਾਰ ਸਾਇਲ ਤੋਂ ਸਾਇਲ ਤਕ ਭਿੰਨਤਾ ਰਖਦੀ ਹੈ। ਇਸ ਨਾਵਲ–ਕਥਾ ਵਿਚ ਇਕ ਸੁਪ੍ਰਸਿਧ ਵਕੀਲ ਦਾ ਕਹਿਣਾ ਹੈ–੭"ਮੈਂ ਕਨਸਲਟੇਸ਼ਨ ਫੀਸ ਇੱਕ ਲੱਖ ਰੁਪਿਆ ਲਵਾਂਗਾ। ਜੇ ਕੇਸ ਲੜਨਾ ਪਿਆ ਤਾਂ ਪੰਜਾਹ ਹਜ਼ਾਰ ਹੋਰ ਲਗਣਗੇ। ਮਨਜ਼ੂਰ ਹੈ ਤਾਂ ਅੱਧੀ ਫੀਸ ਅਤੇ ਗੱਡੀ ਭੇਜ ਦੇਵੋ।" ਇਸ ਪੇਸ਼ੇ ਵਿਚ ਪੈਰ ਜਮਾਉਣ ਲਈ ਵਕੀਲ, ਵਕੀਲ ਨੂੰ ਕੱਟਦਾ ਹੈ–ਸਿੰਗਲੇ ਨੂੰ ਜੁਆਬ ਸੋਚ ਸਮਝਕੇ ਦੇਣੇ ਪੈਣੇ ਸਨ। ਇਕ ਪਾਸੇ ਨੰਦ ਲਾਲ (ਵਕੀਲ) ਦੀਆਂ ਚਲਾਕੀਆਂ ਨੂੰ ਨੰਗਿਆਂ ਕਰਨਾ ਸੀ, ਦੂਜੇ ਪਾਸੇ ਆਪਣੀ ਧੌੜੀ ਵੀ ਬਚਾ ਕੇ ਰਖਣੀ ਸੀ।" ਛੋਟੇ ਜਾਂ ਨਵੇਂ ਵਕੀਲ, ਵੱਡਿਆਂ ਦੇ ਬੱਝੇ ਹੋਏ ਗਾਹਕਾਂ ਨੂੰ ਤੋੜਨ ਲਈ ਹਰ ਸੰਭਵ ਯਤਨ ਕਰਦੇ ਹਨ। ਇਸ ਵਿਚ ਕਈ ਵਾਰੀ ਉਸਤਾਦੀ ਸ਼ਗਿਰਦੀ ਵੀ ਦਾਅ 'ਤੇ ਲੱਗ ਜਾਂਦੀ ਹੈ- "ਬਾਬੂ ਜੀ (ਨੰਦ ਲਾਲ) ਮੇਰੇ ਉਸਤਾਦ ਹਨ। ਉਨ੍ਹਾਂ ਦੀ ਬੁਰਾਈ ਕਰਨਾ ਮੇਰੀ ਗੁਸਤਾਖੀ ਹੈ ਪਰ ਤੁਸੀਂ ਮੇਰੇ ਸਾਇਲ ਹੋ, ਤੁਹਾਡੇ ਹਿੱਤਾਂ ਦੀ ਰਾਖੀ ਕਰਨਾ ਮੇਰਾ ਕਾਨੂੰਨੀ ਫਰਜ਼ ਹੈ। ਬਾਬੂ ਜੀ ਦੀ ਲੁੱਟ ਤੋਂ ਬਚੋ। ਸਰਕਾਰੀ ਵਕੀਲ ਦੇ ਨਾਂ ਤੇ ਲੈ ਦਸ ਹਜ਼ਾਰ ਲਏਗਾ, ਦੇਵੇਗਾ ਇਕ ਹਜ਼ਾਰ –" (*112*)। ਇਸ ਪੇਸ਼ੇ ਵਿਚ ਭਰੋਸੇਯੋਗਤਾ ਦੀ ਬਹੁਤ ਕਮੀ ਹੁੰਦੀ ਹੈ। ਲੇਖਕ ਇਸ ਕਿੱਤੇ ਵਿਚਲੇ ਅਸੂਲ ਅਤੇ ਵਿਹਾਰ ਵਿਚਲੇ ਫਰਕ ਬਾਰੇ ਦਸਦਾ ਹੈ - "ਕਾਨੂੰਨ ਦੀ ਪੜ੍ਹਾਈ ਸਮੇਂ ਰਟਾਇਆ ਜਾਂਦਾ ਹੈ ਕਿ ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ ਸਗੋਂ ਅਸਲੀਅਤ ਨੂੰ ਸਾਹਮਣੇ ਲਿਆ ਕੇ ਨਿਆਂ ਨੂੰ ਸੱਚ ਤਕ ਪੁੱਜਣ ਵਿਚ ਮਦਦ ਕਰਨਾ ਹੁੰਦਾ ਹੈ ਪਰ ਹੋ ਸਭ ਇਸ ਦੇ ਉਲਟ ਰਿਹਾ ਹੈ। ਵਕੀਲ ਦਾ ਇਕੋ ਇਕ ਉਦੇਸ਼ ਹਰ ਹੀਲੇ ਆਪਣੀ ਧਿਰ ਨੂੰ ਬਚਾਉਣਾ ਬਣ ਗਿਆ ਹੈ। ਜਿੱਤ ਹਾਸਲ ਕਰਨ ਲਈ ਤੱਥਾਂ ਨੂੰ ਤੋੜ ਮਰੋੜ ਕੇ ਆਪਣੇ ਹੱਕ ਵਿਚ ਭੁਗਤਾਇਆ ਜਾਂਦਾ ਹੈ-" (*302*) ਕੇਵਲ ਅਤੇ ਕੇਵਲ ਆਪਣੇ ਸੁਆਰਥ ਦੀ ਖ਼ਾਤਰ ਕਈ ਵਾਰੀ ਮਾਨਵੀ ਕਦਰਾਂ ਕੀਮਤਾਂ ਦਾ ਬੇਸ਼ਰਮੀ ਦੀ ਹੱਦ ਤਕ ਘਾਣ ਕਰ ਦਿਤਾ ਜਾਂਦਾ ਹੈ। ਨਾਵਲਕਾਰ ਆਪਣੇ ਮਤ ਦੀ ਪੁਸ਼ਟੀ ਲਈ ਇਕ ਘਟਨਾ ਪੇਸ਼ ਕਰਦਾ ਹੈ। ਕੰਮੀਆਂ ਦੀ ਕੁੜੀ ਸ਼ਿੰਦੋ ਨਾਲ ਜਿਮੀਂਦਾਰਾਂ ਦਾ ਮੁੰਡਾ ਮੂੰਹ ਕਾਲਾ ਕਰ ਲੈਂਦਾ ਹੈ। ਸਮਝੌਤੇ ਲਈ ਜ਼ੋਰ ਪਾਇਆ ਜਾਂਦਾ ਹੈ ਪਰ ਮਜ਼ਦੂਰ ਸਭਾ ਅੜ ਜਾਂਦੀ

ਹੈ। ਖਿਝੀ ਹੋਈ ਪੁਲਿਸ ਦੋਸ਼ੀ ਦੀ ਮਦਦ ਕਰਨ ਲੱਗ ਪੈਂਦੀ ਹੈ। ਕੇਸ ਵਿਚ ਕੁਆਰੀ ਸ਼ਿੰਦੋ ਨੂੰ ਪੇਸ਼ਾਵਰ ਸਿਧ ਕਰ ਦਿਤਾ ਜਾਂਦਾ ਹੈ। ਡਾਕਟਰ ਪੁਲਿਸ ਦੀ ਕਾਰਵਾਈ 'ਤੇ ਮੋਹਰ ਲਗਾ ਦਿੰਦਾ ਹੈ। ਕੁੜੀ ਨੂੰ ਸੰਭੋਗ ਕਰਨ ਦੀ ਆਦੀ ਬਣਾ ਦਿਤਾ ਜਾਂਦਾ ਹੈ। ਜਿਰ੍ਹਾ ਸਮੇਂ ਵਕੀਲ ਵਲੋਂ ਕੁੜੀ ਨੂੰ ਸੁਆਲ ਪੁੱਛੇ ਜਾਂਦੇ ਹਨ ਉਹ ਬਲਾਤਕਾਰ ਨਾਲੋਂ ਵੀ ਵਧ ਸ਼ਰਮਸਾਰ ਕਰਨ ਵਾਲੇ ਹੁੰਦੇ ਹਨ। ਅਜਿਹੀ ਬਹਿਸ ਸਮੇਂ ਅਦਾਲਤ ਕੌਰਵ ਸਭਾ ਦਾ ਰੂਪ ਧਾਰਨ ਕਰ ਜਾਂਦੀ ਹੈ ਜਿਥੇ ਕਾਨੂੰਨ ਦੇ ਖਿਡਾਰੀ ਮਾਸੂਮ ਔਰਤਾਂ ਦਾ ਆਪਣੇ ਸ਼ਬਦਾਂ ਦੁਆਰਾ ਚੀਰ ਹਰਣ ਕਰਦੇ ਹਨ।

ਕਈ ਵਕੀਲ ਜੱਜਾਂ ਦਾ ਮਨੋਬਲ ਡੇਗਣ ਲਈ ਉਨ੍ਹਾਂ ਨਾਲ ਉਲਝ ਵੀ ਪੈਂਦੇ ਹਨ। ਜੱਜ ਵਲੋਂ ਕਾਰਜ ਗਤੀ ਤੇਜ਼ ਕਰਨ ਹਿਤ ਕੀਤੇ ਜਾਂਦੇ ਉਪਰਾਲੇ ਨੂੰ 'ਖ਼ਾਸ ਦਿਲਚਸਪੀ' ਨਾਲ ਜੋੜ ਕੇ ਜੱਜ ਨੂੰ ਨਿਰੁਤਰ ਕਰ ਦਿੰਦੇ ਹਨ। ਵਕੀਲਾਂ ਦੇ ਕਿਰਦਾਰ ਬਾਰੇ ਨਾਵਲਕਾਰ ਦਸਦਾ ਹੈ ਕਿ ਜਦੋਂ ਵੀ ਕਿਤੇ ਚਾਰ ਵਕੀਲ ਇਕੱਠੇ ਹੁੰਦੇ ਹਨ ਤਾਂ ਉਨ੍ਹਾਂ ਦੀ ਗੱਲ-ਬਾਤ ਕਮੀਨਗੀ ਦਾ ਤਬਸਰਾ ਹੀ ਹੁੰਦੀ ਹੈ। ਕਿਸ ਕੇਸ ਵਿਚ ਕਿਸ ਵਕੀਲ ਨੇ ਕਿੰਨੀ ਠੱਗੀ ਮਾਰੀ ? ਕਿਸ ਵਕੀਲ ਨੇ ਜੱਜ ਦੇ ਨਾਂ ਤੇ ਕਿੰਨੇ ਪੈਸੇ ਖਾਧੇ ? ਕਿਸ ਜੱਜ ਨੇ ਕਿਸ ਪਾਰਟੀ ਤੋਂ ਕਿਸ ਰਾਹੀਂ ਕਿੰਨੇ ਪੈਸੇ ਲਏ ? ਪੁਲਿਸ ਨੇ ਕਿਸ ਦੇ ਕਹੇ ਜਿਮਨੀਆਂ ਬਦਲੀਆਂ। ਗਵਾਹ ਮੁਕਰਾਉਣ ਦੇ ਕਿੰਨੇ ਪੈਸੇ ਲਏ। ਵਕੀਲਾਂ ਦਾ ਅਜਿਹਾ ਚਰਿਤਰ ਕੌਰਵ ਸਭਾ ਵਿਚਲੇ ਖਲਨਾਇਕਾਂ ਦੀ ਤਸਵੀਰ ਪੇਸ਼ ਕਰਦਾ ਹੈ।

ਇਸ ਨਾਵਲ 'ਕੌਰਵ ਸਭਾ' ਵਿਚਲੇ ਕੌਰਵਾਂ ਦਾ ਇਕ ਅਹਿਮ ਅੰਗ ਪ੍ਰਬੰਧਕੀ ਮਸ਼ੀਨਰੀ ਹੈ ਜਿਸ ਵਿਚ ਪੁਲਿਸ, ਅਫ਼ਸਰਸ਼ਾਹੀ ਅਤੇ ਡਾਕਟਰੀ ਵਿਭਾਗ ਆਉਂਦੇ ਹਨ। ਪੂੰਜੀਪਤੀ, ਵਪਾਰੀ, ਉਦਯੋਗਪਤੀ ਵਰਗ ਇਸ ਪ੍ਰਬੰਧ ਨੂੰ ਹੱਥਾਂ 'ਚ ਰਖਣ ਲਈ ਰਿਸ਼ਵਤ ਦਾ ਸਹਾਰਾ ਲੈ ਕੇ ਆਪਣੇ ਕਾਲੇ ਧੰਦਿਆਂ ਨੂੰ ਚਮਕਾਉਂਦਾ ਹੈ। ਕਥਾ-ਵਸਤੂ ਅਨੁਸਾਰ ਇਕ ਪ੍ਰਾਪਰਟੀ ਡੀਲਰ ਚੰਗੀਆਂ ਮਾੜੀਆਂ, ਝਗੜੇ ਵਾਲੀਆਂ ਜਮੀਨਾਂ ਖ਼ਰੀਦ ਕੇ ਉਨ੍ਹਾਂ ਨੂੰ ਪੌਸ਼ ਕਾਲੋਨੀ ਵਿਚ ਤਬਦੀਲ ਕਰ ਦਿੰਦਾ ਹੈ। ਉਹ ਅਧਿਕਾਰਾਂ ਅਨੁਸਾਰ ਕੁਝ ਚੌਣਵੇਂ ਪਲਾਟ ਅਫ਼ਸਰਾਂ ਲਈ ਰਾਖਵੇਂ ਰਖਦਾ ਹੈ। ਪਹਿਲਾ ਸ਼ੈਸਨ ਜੱਜ ਲਈ, ਦੂਜਾ ਡੀ.ਸੀ. ਲਈ, ਤੀਜੀ ਪੁਲਿਸ ਕਪਤਾਨ ਲਈ, ਚੌਥਾ ਐਸ.ਡੀ. ਐਮ. ਫਿਰ ਤਹਿਸੀਲਦਾਰ, ਇਨਕਮ ਟੈਕਸ ਅਫ਼ਸਰ, ਮਿਊਸਪਲ ਕਮਿਸ਼ਨਰ, ਮੇਅਰ ਆਦਿ ਲਈ। ਫ਼ੌਜਦਾਰੀ ਕੇਸਾਂ ਵਿਚ ਡਾਕਟਰ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਡਾਕਟਰੀ ਰੀਪੋਰਟ ਦੇ ਅਧਾਰ 'ਤੇ ਹੀ ਪੁਲਿਸ ਕੇਸ ਦਾ ਮੂੰਹ-ਮੱਥਾ ਬਣਾਉਂਦੀ ਹੈ। ਏਸ ਕੰਮ ਲਈ ਡਾਕਟਰ ਵੱਢੀ ਲੈਂਦੇ ਹਨ। ਨੌਕਰਸ਼ਾਹੀ ਦਾ ਅਸੂਲ ਬਣ ਚੁੱਕਾ ਹੈ ਕਿ ਤਨਖਾਹ ਤਾਂ ਉਨ੍ਹਾਂ ਨੂੰ ਘਰੋਂ ਦਫਤਰ ਜਾਣ, ਆਣ ਦੀ ਮਿਲਦੀ ਹੈ, ਜਨਤਾ ਨੇ ਜੇ ਕੰਮ ਕਰਵਾਉਣਾ ਹੈ ਤਾਂ ਕੀਮਤ ਅਦਾ ਕਰੇ ਇਹੋ ਕੀਮਤ ਰਿਸ਼ਵਤ, ਵੱਢੀ, ਉਪਰਲੀ ਜਾਂ ਦੋ ਨੰਬਰ ਦੀ ਕਮਾਈ ਕਹਾਉਂਦੀ ਹੈ। ਸਰਕਾਰੀ ਹਮਸਪਤਾਲਾਂ ਵਿਚ ਨਾ ਡਾਕਟਰ ਹਾਜ਼ਰ ਹੁੰਦਾ ਹੈ ਨਾ ਕਰਮਚਾਰੀ, ਨਾ ਦਵਾਈ ਨਾ ਔਜ਼ਾਰ ਨਾ ਬੈੱਡ ਨਾ ਬੈਂਚ। ਢਠੀਆਂ ਇਮਾਰਤਾਂ ਭੂਤਵਾੜਾ ਲਗਦੀਆਂ ਹਨ। ਡਾਕਟਰ ਕਚਿਹਰੀ ਪੇਸ਼ ਹੋਣ ਗਏ ਹੁੰਦੇ ਹਨ ਜਾਂ ਆਪਣੇ ਪਰਾਈਵੇਟ ਕਲੀਨਿਕਾਂ 'ਚ। ਜਿਨ੍ਹਾਂ ਦੀ ਮਾੜੀ ਮੋਟੀ ਵੀ ਸਰਕਾਰੇ ਦਰਬਾਰੇ ਰਸਾਈ ਹੁੰਦੀ ਹੈ ਉਨ੍ਹਾਂ ਨੂੰ ਨੋਟਾਂ ਦਾ ਲਿਫਾਫਾ ਘਰ ਭੇਜ ਕੇ ਬਲਾਉਣਾ ਪੈਂਦਾ ਹੈ।

ਕਾਨੂੰਨ ਨੇ ਮੁਲਜਮਾਂ ਦੀ ਸੁਵਿਧਾ ਲਈ ਕਈ ਚੋਰ-ਮੋਰੀਆਂ ਰੱਖੀਆਂ ਹੋਈਆਂ ਹਨ। ਵਕਤ-ਬ-ਵਕਤ ਮਨੁੱਖੀ ਅਧਿਕਾਰ ਸੰਗਠਨਾਂ, ਸਭਾ-ਸੁਸਾਇਟੀਆਂ ਨੇ ਤਰੱਦਦ ਕਰਕੇ ਇਨ੍ਹਾਂ

ਵਿਚ ਏਨਾ ਵਾਧਾ ਕਰਵਾ ਲਿਆ ਹੈ ਕਿ ਹੁਣ ਅਸਰ ਰਸੂਖ ਰਖਣ ਵਾਲੇ ਦੋਸ਼ੀਆਂ ਵਾਸਤੇ ਜੇਲ੍ਹ ਦੀਆਂ ਕੋਠੜੀਆਂ ਵੀ ਹੋਟਲ ਦੇ ਕਮਰਿਆਂ ਵਰਗੀਆਂ ਬਣ ਜਾਂਦੀਆਂ ਹਨ। ਹਵਾਲਾਤ ਦਾ ਹੁਕਮ ਹੁੰਦਿਆਂ ਹੀ ਉਹ ਬਿਮਾਰ ਹੋ ਜਾਂਦੇ ਹਨ। ਡਾਕਟਰਾਂ ਕੋਲੋਂ ਸਰਟੀਫਿਕੇਟ ਲੈ ਕੇ ਹਸਪਤਾਲ ਦੇ ਸਪੈਸ਼ਲ ਕਮਰਿਆਂ ਵਿਚ ਭਰਤੀ ਹੋ ਜਾਂਦੇ ਹਨ ਜਿਥੇ ਫਰਿਜ, ਟੀ.ਵੀ., ਨਾਲ ਸੌਣ ਨੂੰ ਬੀਵੀ, ਅਟੈਚਡ ਬਾਥਰੂਮ ਅਤੇ ਕਿਚਨ ਹੁੰਦੇ ਹਨ। ਵਾਧੂ ਮੰਜੇ ਅਤੇ ਕੁਰਸੀਆਂ ਮੇਜ਼ ਹੁੰਦੇ ਹਨ। ਰਿਸ਼ਵਤ ਆਸਰੇ ਡਾਕਟਰ ਅਤੇ ਪੁਲਿਸ ਦੀ ਸਾਂਝ ਏਨੀ ਗੂੜ੍ਹੀ ਹੋ ਜਾਂਦੀ ਹੈ ਕਿ ਸਪੈਸ਼ਲ ਕਮਰਿਆਂ ਦੇ ਬਾਹਰ ਤਾਇਨਾਤ ਸੁਰੱਖਿਆ ਕਰਮਚਾਰੀ ਦੋਸ਼ੀਆਂ ਦੇ ਟੁਕੜਿਆਂ 'ਤੇ ਰੀਝ ਕੇ ਸਭ ਖੁਲ੍ਹਾਂ ਹੀ ਨਹੀਂ ਦੇ ਦਿੰਦੇ ਬਲਕਿ ਆਪ ਹੀ ਰਸੋਈਏ, ਵਰਤਾਵੇ ਬਣ ਜਾਂਦੇ ਹਨ। ਪੁਲਿਸ ਪ੍ਰਬੰਧ ਦਾ ਸਭ ਤੋਂ ਪਹਿਲਾਂ ਮੋਹਰਾ ਥਾਣੇ ਦਾ ਮੁਣਸ਼ੀ ਹੁੰਦਾ ਹੈ ਥਾਣੇ ਵਿਚ ਹੋਣ ਵਾਲੀ ਹਰ ਕਾਰਵਾਈ ਦਾ ਉਸ ਨੂੰ ਪਤਾ ਹੁੰਦਾ ਹੈ। ਦੋਸ਼ੀਆਂ ਕੋਲੋਂ ਬਰਾਮਦ ਹੋਇਆ ਮਾਲ ਮੁਣਸ਼ੀ ਕੋਲ ਜਮ੍ਹਾਂ ਹੁੰਦਾ ਹੈ। ਮਾਲ ਫੜਿਆ ਵਧ ਜਾਂਦਾ ਹੈ, ਕਾਗਜ਼ਾਂ 'ਤੇ ਚੜ੍ਹਾਇਆ ਘੱਟ ਜਾਂਦਾ ਹੈ। ਢੁਕਵੇਂ ਸਮੇਂ 'ਤੇ ਮਿਸਲ ਦਾ ਢਿਡ ਪੂਰਾ ਕੀਤਾ ਜਾਂਦਾ ਹੈ। ਮੁਣਸ਼ੀ ਨੂੰ ਸਭ ਪਤਾ ਹੁੰਦਾ ਹੈ ਕਿ ਤਫਤੀਸ਼ ਦਾ ਰੁਖ ਕਿਧਰ ਨੂੰ ਹੈ।

ਭਰਿਸ਼ਟ ਪੁਲਿਸ ਪ੍ਰਬੰਧ ਵਿਚ ਇਨਸਾਨੀਅਤ ਨਾਂ ਦੀ ਕੋਈ ਭਾਵਨਾ ਨਹੀਂ ਹੁੰਦੀ। ਕਤਲ, ਚੋਰੀ, ਡਾਕਾ, ਉਧਾਲਾ, ਘਟਨਾ ਕੋਈ ਵੀ ਹੋਵੇ ਪੁਲਿਸ ਕੇਸ ਨੂੰ ਆਪਣੇ ਹਿਤਾਂ ਅਨੁਸਾਰ ਘੜਦੀ ਹੈ। ਦੋਹਾਂ ਧਿਰਾਂ ਭਾਵ ਮੁਦਈ ਤੇ ਮੁਲਜ਼ਮ, ਕੋਲੋਂ ਮੂੰਹ ਮੰਗੀ ਰਿਸ਼ਵਤ ਖਾਧੀ ਜਾਂਦੀ ਹੈ। ਇਸ ਨਾਵਲ ਵਿਚ ਪੁਲਿਸ ਕਪਤਾਨ, ਮੁਖ ਮੰਤਰੀ ਦੇ ਆਦੇਸ਼ ਤਫਤੀਸ਼ ਕਰਦਾ ਹੈ। ਉਹ ਮੁਲਜਮ ਧਿਰ ਕੋਲੋਂ ਪੰਜ ਲੱਖ ਰੁਪਏ ਲੈ ਕੇ ਕੇਸ ਨੂੰ ਏਨਾ ਕਮਜ਼ੋਰ ਬਣਾ ਦਿੰਦਾ ਹੈ ਕਿ ਬਕੌਲ ਵਕੀਲ, "ਹੁਣ ਜੇ ਜੱਜ, ਮੁਦਈ ਦਾ ਬਾਪ ਵੀ ਕਿਉਂ ਨਾ ਹੋਵੇ, ਉਹ ਮੁਲਜਮਾਂ ਨੂੰ ਛੋਟੀ ਮੋਟੀ ਚੋਰੀ ਤੋਂ ਵਧ ਸਜ਼ਾ ਨਹੀਂ ਦੇ ਸਕਦਾ। ਨਿਆਂ ਪ੍ਰਣਾਲੀ ਵਿਚ ਗਵਾਹੀ ਦੀ ਬਹੁਤ ਮਹੱਤਤਾ ਹੈ। "ਜੱਜ ਫੜ੍ਹਾਂ ਮਾਰਦੇ ਹਨ ਕਿ ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਦੇ ਹਨ। ਅਸਲ ਵਿਚ ਫੈਸਲੇ ਦੀ ਵਾਗਡੋਰ ਗਵਾਹਾਂ ਦੇ ਹੱਥ ਹੁੰਦੀ ਹੈ। ਜੇ ਉਹ ਝੂਠ ਵੀ ਕਹਿ ਦੇਵੇ ਕਿ ਜੁਰਮ ਉਸ ਦੇ ਸਾਹਮਣੇ ਹੋਇਆ ਹੈ ਤਾਂ ਦੋਸ਼ੀ ਨੂੰ ਸਜ਼ਾ, ਜੇ ਜੁਰਮ ਪ੍ਰਤੀ ਅੱਖਾਂ ਮੀਚ ਲਵੇ ਤਾਂ ਦੋਸ਼ੀ ਸਾਫ਼ ਬਰੀ ਹੋ ਜਾਂਦਾ ਹੈ। ਗਵਾਹ ਦੀ ਲਗਾਮ ਕਿਸੇ ਦੇ ਹੱਥ ਨਹੀਂ। ਉਹ ਸੱਚ ਬੋਲੇ ਜਾਂ ਝੂਠ ਕੋਈ ਪੁੱਛ ਪੜਤਾਲ ਨਹੀਂ।" (305) ਇਸੇ ਕਰਕੇ ਰਿਸ਼ਵਤਖੋਰ ਤਫਤੀਸ਼ੀ ਸਭ ਤੋਂ ਪਹਿਲਾਂ ਗਵਾਹਾਂ ਦੇ ਮੁਕਰਨ ਦਾ ਇੰਤਜ਼ਾਮ ਕਰਦਾ ਹੈ। ਪੁਲਿਸ ਵਲੋਂ ਆਪ ਹੀ ਬਿਆਨ ਲਿਖ ਲਿਆ ਜਾਂਦਾ ਹੈ। ਜੇ ਗਵਾਹ ਪੁਲਿਸ ਅਨੁਸਾਰ ਨਾ ਚਲੇ ਤਾਂ ਵਾਰਦਾਤ ਦੀ ਤਰਤੀਬ ਬਦਲ ਦਿਤੀ ਜਾਂਦੀ ਹੈ, ਜਿਸ ਦਾ ਫਾਇਦਾ ਦੋਸ਼ੀ ਨੂੰ ਮਿਲਦਾ ਹੈ। "ਕਾਨੂੰਨ ਨੇ ਪੁਲਿਸ ਨੂੰ ਅੰਨ੍ਹੇ ਇਖ਼ਤਿਆਰ ਦਿਤੇ ਹੋਏ ਹਨ।" (299) ਨਾਵਲਕਾਰ ਦਾਅਵਾ ਕਰਦਾ ਹੈ ਕਿ ਮੌਜੂਦਾ ਸੰਵਿਧਾਨਕ ਪ੍ਰਬੰਧ ਦੇ ਅਧਾਰ 'ਤੇ ਹੀ ਪੁਲਿਸ ਚਾਹੇ ਤਾਂ ਹਰ ਆਮੋ-ਖ਼ਾਸ ਨੂੰ ਇਨਸਾਫ ਦੁਆ ਸਕਦੀ ਹੈ ਅਤੇ ਜੁਰਮ ਨੂੰ ਨੇਸਤੋ-ਨਾਬੂਦ ਕਰ ਸਕਦੀ ਹੈ ਪਰ ਤਾਂਅ ਜੇ ਆਪ ਲਾਲਚ ਤਿਆਗ ਸਕੇ, ਨਿਰਸੁਆਰਥ ਹੋ ਸਕੇ। ਨਹੀਂ ਤਾਂ ਪੁਲਿਸ ਵਾਸਤੇ ਇਹ ਅਖਾਣ ਸਹੀ ਢੁਕਦਾ ਹੈ ਕਿ ਕੌਣ ਕਹੇ ਰਾਣੀਏਂ ਅੱਗਾ ਢੱਕ।

ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਇਥੋਂ ਦੀ ਰਾਜਨੀਤੀ ਰਸਾਤਲ ਦੀ ਉਸ ਪੱਧਰ ਨੂੰ ਪੁਜ ਗਈ ਹੈ ਜਿਥੇ ਇਹ ਆਮ ਲੋਕਾਂ ਲਈ ਡੈਣ ਦੇ ਪੂੰਜੀਪਤੀਆਂ ਦੀ ਰਖੇਲ ਸਿਧ

ਹੋ ਗਈ ਹੈ। ਪੂੰਜੀਪਤੀ ਪੂੰਜੀ ਦੇ ਬਲਬੂਤੇ ਹਰ ਕੁਕਰਮ, ਜੁਰਮ, ਕਤਲ, ਡਕੈਤੀ ਕਰਕੇ ਵੀ ਦੁੱਧ ਧੋਤਾ ਬਣਿਆ ਰਹਿ ਸਕਦਾ ਹੈ ਜਦ ਕਿ ਸਧਾਰਨ ਵਿਅਕਤੀ ਨੁਕਸਾਨ ਗ੍ਰਸਿਤ ਹੋ ਕੇ ਵੀ ਨਿਆਂ ਤੋਂ ਕੋਹਾਂ ਦੂਰ ਹੀ ਨਹੀਂ ਰਹਿੰਦਾ ਬਲਕਿ ਬਹੁਤ ਵਾਰੀ ਆਪਣੇ ਨੁਕਸਾਨ ਦਾ ਦੋਸ਼ੀ ਵੀ ਉਸੇ ਨੂੰ ਘੋਸ਼ਿਤ ਕਰ ਦਿਤਾ ਜਾਂਦਾ ਹੈ। ਪੂੰਜੀਪਤੀ ਹੋਣਾ ਹੀ ਸਭਿਅਕ, ਮਾਸੂਮ, ਨਿਰਅਪਰਾਧ ਹੋਣਾ ਹੈ। ਇਸੇ ਧਾਰਨਾ ਤਹਿਤ ਹੀ ਇਸ ਨਾਵਲ ਵਿਚਲਾ ਵਿਧਾਇਕ ਪਾਤਰ ਦੋਸ਼ੀਆਂ ਦੇ ਦੋਸ਼ ਮੁਕਤ ਹੋਣ ਤੇ ਯਕੀਨ ਕਰ ਲੈਂਦਾ ਹੈ। ਵਿਸ਼ਵੀਕਰਣ ਦੇ ਵਰਤਾਰੇ ਨੇ ਇਸੇ ਲਈ ਮੁਨਾਫ਼ੇ ਦੇ ਸਨਮੁਖ ਸਮੂਹ ਮਾਨਵੀ ਕਦਰਾਂ ਕੀਮਤਾਂ ਨੂੰ ਤੁੱਛ ਬਣਾ ਦਿਤਾ ਹੈ। ਮੁਨਾਫ਼ਾ ਹੀ ਪੂੰਜਵਾਦ ਦੀ ਰੀੜ੍ਹ ਹੈ। ਵਿਸ਼ਵੀਕਰਣ ਦੇ ਪੈਰੋਕਾਰਾਂ ਸਾਹਮਣੇ ਸਵਾਲ ਹੈ ਕਿ ਮੰਡੀਕਰਣ ਲਈ, ਮੁਨਾਫ਼ੇ ਲਈ ਤਾਂ ਗਲੋਬ ਇਕ ਪਿੰਡ ਦਾ ਰੂਪ ਧਾਰ ਗਿਆ ਹੈ। ਯੂਰਪ ਅਮਰੀਕਾ ਦੀ ਪ੍ਰਾਡਕਟ ਰਾਤੋ ਰਾਤ ਏਸ਼ੀਅਨ ਮੰਡੀਆਂ ਵਿਚ ਵਿਕਣ ਲਈ ਪੁੱਜ ਜਾਂਦੀ ਹੈ। ਕੀ ਕਾਰਨ ਹੈ ਕਿ ਅਪਰਾਧੀ ਜੁਰਮ ਕਰਕੇ ਦੂਸਰੇ ਦੇਸ਼ਾਂ ਵਿਚ ਜਾ ਛੁਪਦੇ ਹਨ ਤੇ ਉਥੋਂ ਉਨ੍ਹਾਂ ਨੂੰ ਬਰਾਮਦ ਕਰਾਉਣ ਲਈ ਇੰਟਰਪੋਲ ਨੂੰ ਸਾਲਾਂ ਦੇ ਸਾਲ ਬੀਤ ਜਾਂਦੇ ਹਨ ? ਉਦੋਂ ਵਿਸ਼ਵੀਕਰਣ ਵਿਚਲੀ ਫੁਰਤੀ ਨੂੰ ਕੀ ਹੋ ਜਾਂਦਾ ਹੈ ? ਵਿਸ਼ਵੀਕਰਣ ਅਸਲ ਵਿਚ ਪੂੰਜੀਪਤੀਆਂ ਦੀ ਜੁੰਡਲੀ ਦਾ ਸਵੈ-ਹਿੱਤਾਂ ਖ਼ਾਤਰ ਰਚਿਆ ਪਰਪੰਚ ਹੈ ਜਿਸ ਅਧੀਨ ਅਵਿਕਸਤ ਮੁਲਕਾਂ ਨੂੰ ਦੋਵੇਂ ਹੱਥੀਂ ਲੁੱਟਣ ਦਾ ਪ੍ਰਾਵਧਾਨ ਕਾਇਮ ਕੀਤਾ ਗਿਆ ਹੈ। ਕਿਉਂਕਿ ਅਵਿਕਸਤ ਮੁਲਕਾਂ ਦੇ ਸਰਕਰਦੇ ਭੁੱਖੜ, ਕਮੀਨੇ, ਲਾਲਚੀ ਅਤੇ ਸੁਆਰਥੀ ਹਨ ਇਸ ਲਈ ਉਹ ਆਪਣੇ ਦੇਸ਼ ਦੇ ਹਿੱਤਾਂ ਦੀ ਬਲੀ ਦੇ ਕੇ ਸਵੈ ਹਿੱਤਾਂ ਨੂੰ ਸੁਰੱਖਿਅਤ ਕਰ ਰਹੇ ਹਨ।

ਰਾਜਨੀਤੀ ਦੀਆਂ ਮੁਢਲੀਆਂ ਇਕਾਈਆਂ ਜਿਵੇਂ ਪੰਚਾਇਤਾਂ, ਮਿਊਸਪਲਾਂ, ਜਨ-ਸਭਾਵਾਂ, ਸੰਸਥਾਵਾਂ ਸਭ ਦਾ ਸਰੋਕਾਰ ਸਿਆਸੀ ਹੈ ਅਤੇ ਇਨ੍ਹਾਂ ਦੇ ਮੁਖੀਏ ਵੀ ਰਾਜਨੀਤੀ ਦੇ ਵਿਰਾਟ ਰੂਪ ਦੀਆਂ ਲਘੂ ਝਲਕਾਂ ਲੋਕਾਈ ਨੂੰ ਵਿਖਾਉਣ ਤੋਂ ਕਦੇ ਚੁਕਦੇ ਨਹੀਂ। ਪੁਲਿਸ ਇਨ੍ਹਾਂ ਦੀ ਟੁਕੜਬੋਚ ਬਣ ਜਾਂਦੀ ਹੈ ਪਰ ਥੋੜੀ ਕੀਤਿਆਂ ਰਹਿ ਫੇਰ ਵੀ ਨਹੀਂ ਪਾਉਂਦੀ। ਕਾਰਣ ਹੈ ਅਵਿਸ਼ਵਾਸ਼ ਇਕ ਅਧਿਕਾਰੀ ਦੀ ਟਿਪਣੀ ਹੈ- "ਸਿਆਸੀ ਬੰਦਿਆਂ ਦਾ ਕੋਈ ਭਰੋਸਾ ਨਹੀਂ। ਅੱਜ ਇਕ ਦੀ ਝੋਲੀ ਕਲ੍ਹ ਦੂਜੇ ਦੀ। ਦੋਹਾਂ ਧਿਰਾਂ ਤੋਂ ਪੈਸੇ ਲੈਂਦੇ ਹਨ। ਆਪਣੇ ਤੇ ਬਣਦੀ ਆਵੇ ਤਾਂ ਪਾਣੀ ਅਫ਼ਸਰਾਂ ਵਲ ਰੋੜ੍ਹ ਦਿੰਦੇ ਹਨ। ਗੱਦੀਉਂ ਲਹਿਣ ਸਮੇਂ ਸੌ ਸੌ ਸਕੈਂਡਲ ਬਣਦੇ ਹਨ। ਸਿਆਸੀ ਲੋਕ ਆਪ ਇਕਮਿਕ ਹੋ ਜਾਂਦੇ ਹਨ ਤੇ ਅਫ਼ਸਰ ਮੁਕੱਦਮੇਂ ਭੁਗਤਦੇ ਮਰ ਜਾਂਦੇ ਹਨ।" (166) ਇਸ ਨਾਵਲ ਵਿਚ ਪੇਸ਼ ਰਾਜਨੇਤਾ ਬੜੀ ਸਫ਼ਾਈ ਨਾਲ ਜਨਤਾ ਨੂੰ ਬੁੱਧੂ ਬਣਾਉਂਦੇ ਹਨ। ਕਥਾ-ਵਸਤੂ ਅਨੁਸਾਰ ਘਟਨਾ-ਸਥਲ ਦਾ ਵਿਧਾਇਕ ਮੁੱਖ ਮੰਤਰੀ ਦੇ ਵਿਰੋਧੀ ਧੜੇ ਦਾ ਹੈ। ਇਸ ਘਟਨਾ ਦਾ ਲਾਹਾ ਲੈਂਦਿਆਂ ਮੁੱਖ ਮੰਤਰੀ ਉਸ ਵਿਧਾਇਕ ਨੂੰ ਤੋੜ ਕੇ ਵਿਰੋਧੀ ਧੜੇ ਦੀ ਕਮਰ ਤੋੜ ਦਿੰਦਾ ਹੈ। ਮੁਲਜਮਾਂ ਵਲੋਂ ਸਹਾਇਤਾ ਬਦਲੇ ਪ੍ਰਾਪਤ ਹੋਣ ਵਾਲੀ ਇਕ ਕਰੋੜ ਦੀ ਰਕਮ ਦੀ ਪਹਿਲੀ ਕਿਸ਼ਤ ਚਾਲੀ ਲੱਖ ਰੁਪਏ ਲੈ ਕੇ ਜਦੋਂ ਵਿਧਾਇਕ ਮੁਖੀ ਦੀ ਕੋਠੀ ਪੁਜਦਾ ਹੈ ਤਾਂ ਮੁਖੀ ਇਹ ਰਕਮ ਵਿਧਾਇਕ ਨੂੰ ਕੋਲ ਰਖਣ ਲਈ ਕਹਿ ਕੇ ਉਸ ਕੋਲੋਂ ਪੈਰੀਂ ਹੱਥ ਲਗਵਾ ਲੈਂਦਾ ਹੈ। ਰਾਜਨੀਤੀ ਦਾ ਅਪਰਾਧੀਕਰਣ ਭਾਰਤੀ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੈ ਪਰ ਬਿੱਲੀ ਦੇ ਗਲ਼ ਘੰਟੀ ਬੰਨ੍ਹੇ ਕੌਣ ?

ਇਸ ਤਰ੍ਹਾਂ ਇਸ ਨਾਵਲ ਵਿਚ ਪ੍ਰਸਤੁਤ ਕੌਰਵ-ਮੰਡਲੀ, ਜਿਸ ਵਿਚ ਨਿਆਂ ਪਾਲਕ, ਪੁਲਿਸ, ਪਰੈੱਸ, ਡਾਕਟਰ, ਨੇਤਾ ਆਦਿ ਸ਼ਾਮਿਲ ਹਨ ਦਾ ਵਿਹਾਰ ਆਮ ਜਨਤਾ ਪ੍ਰਤੀ ਜ਼ਾਲਮਾਨਾ

ਹੈ। ਇਨ੍ਹਾਂ ਦੇ ਸੁਆਰਥਾਂ ਨੇ ਜਨਤਾ ਨੂੰ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਹੋ ਜਾਣ ਦੇ ਕਗਾਰ ਤੇ ਪੁਚਾ ਦਿਤਾ ਹੈ। ਇਨ੍ਹਾਂ ਦੀ ਸਭਾ ਵਿਚ ਨਿਤ ਅਬਲਾਵਾਂ ਦੇ ਚੀਰ ਹਰਣ ਹੁੰਦੇ ਹਨ, ਬੇਦੋਸ਼ਿਆਂ ਨੂੰ ਸੂਲੀ ਚੜ੍ਹਾਇਆ ਜਾਂਦਾ ਹੈ। ਹਰ ਮਾਸੂਮ ਭਾਰਤੀ ਹੱਤਾਸ਼ ਹੋਇਆ ਪਿਆ ਹੈ। ਬੁਲ੍ਹੇ ਸ਼ਾਹ ਦਾ ਕਥਨ ਸੱਚੋ ਸੱਚ ਸਾਕਾਰ ਹੋਇਆ ਪਿਆ ਹੈ– ਸੱਚਿਆਂ ਨੂੰ ਹੁਣ ਮਿਲਦੇ ਧੱਕੇ ਝੂਠੇ ਕੋਲ ਬਹਾਏ… !!

## 19

# 'ਕੌਰਵ ਸਭਾ' : ਪਾਠਾਤਮਕ ਪਰਤਾਂ

**ਕਵਲਜੀਤ ਜੱਸਲ**

ਇੱਕਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਸਾਹਿਤ ਜਗਤ ਦੇ ਪਾਠਕਾਂ ਨੂੰ ਮਿਤਰ ਸੈਨ ਮੀਤ ਦਵਾਰਾ ਲਿਖਿਆ ਗਿਆ ਨਾਵਲ 'ਕੌਰਵ ਸਭਾ' ਪ੍ਰਾਪਤ ਹੁੰਦਾ ਹੈ। ਇਹ *366* ਪੰਨਿਆਂ ਵਾਲਾ ਨਾਵਲ *117* ਕਾਡਾਂ ਵਿਚ ਸਿਮਟਿਆ ਹੋਇਅਹ ਹੈ ਜਿਸ ਦੇ ਤਿੰਨ ਭਾਗ ਕੀਤੇ ਹੋਏ ਹਨ। ਪਹਿਲਾ ਭਾਗ *1* ਤੋਂ *60* ਕਾਂਡ ਤਕ, ਦੂਜਾ *61* ਤੋਂ *83* ਤਕ ਤੇ ਤੀਸਰਾ *84* ਤੋਂ *117* ਤਕ ਹੈ। ਇਹ ਲੇਖਕ ਦਾ ਪੰਜਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਹ ਅੱਗ ਦੇ ਬੀਜ (*1971*), ਕਾਫ਼ਲਾ (*1986*), ਤਫ਼ਤੀਸ਼ (*1990*) ਅਤੇ ਕਟਹਿਰਾ (*1993*) ਨਾਮੀ ਨਾਵਲ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁਕਿਆ ਹੈ। ਇਹ ਵੱਡ–ਆਕਾਰੀ ਨਾਵਲ ਆਪਣੇ ਆਪ ਵਿੱਚ ਨਾਵਲਾਂ ਦੀਆਂ ਪ੍ਰਚਲਿਤ ਧਾਰਨਾਵਾਂ ਤੋਂ ਕਈ ਪੱਖਾਂ ਤੋਂ ਨਿਵੇਕਲਾ ਹੋਣ ਕਾਰਨ ਪਾਠਕਾਂ ਦੀ ਸੱਥ ਵਿਚ ਵਾਹਵਾ ਚਰਚਿਤ ਹੈ। ਉਨ੍ਹਾਂ ਚਰਚਿਤ ਵਿਸ਼ਿਆਂ ਵੱਲ ਧਿਆਨ ਕੇਂਦਰਿਤ ਕਰਨਾ ਜਾਂ ਕਰਵਾਉਣਾ, ਸਾਡਾ ਉਦੇਸ਼ ਨਹੀਂ ਹੈ। ਇਸ ਅਧਿਐਨ ਵਿੱਚ ਇਸ ਨੂੰ ਇਕ ਪਾਠ ਵਜੋਂ ਸਵੀਕਾਰਦੇ ਹੋਏ ਇਸ ਪਾਠ ਦੀਆਂ ਰਚਨਾਤਮਕ ਪਰਤਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

'ਕੌਰਵ ਸਭਾ' ਨਾਵਲ ਦੀਆਂ ਰਚਨਾਤਮਕ ਪਰਤਾਂ ਦਾ ਕੇਂਦਰੀ ਧੁਰਾ ਇਸ ਪਾਠ ਦੀ ਕੇਂਦਰੀ ਥੀਮ ਦੀ ਪੇਸ਼ਕਾਰੀ ਹੈ। ਉਹ ਪੇਸ਼ਕਾਰੀ ਅਜੋਕੇ ਨਿਆਂ ਕਨੂੰਨ ਦੀ ਭ੍ਰਿਸ਼ਟ ਸਥਿਤੀ ਤੋਂ ਪਰਦਾ ਫਾਸ਼ ਕਰਨ ਦੀ ਹੈ। ਇਸੇ ਕਾਰਨ ਇਹ ਨਾਵਲ ਨਿਵੇਕਲੀ ਹੋਂਦ ਗ੍ਰਹਿਣ ਕਰਦਾ ਹੈ। ਲੇਖਕ ਨੇ ਇਸ ਨੂੰ ਪਾਤਰ ਪ੍ਰਧਾਨ ਦੀ ਥਾਂ ' ਤੇ ਸਮੱਸਿਆ ਪ੍ਰਧਾਨ ਨਾਵਲ ਦੇ ਰੂਪ ਵਿੱਚ ਸਿਰਜਿਆ ਹੈ। ਇਸ ਸਮੱਸਿਆ ਦੀ ਪਰਤ ਥੱਲੇ ਹੀ ਪੰਜਾਬ ਪੁਲਿਸ ਦੀ ਕਾਰਗੁਜਾਰੀ ਤੇ ਪੈਸੇ ਦੀ ਸ਼ਕਤੀ ਦਾ ਪ੍ਰਗਟਾਵਾ ਦੀਆਂ ਪਰਤਾਂ ਵਿਛੀਆਂ ਹੋਈਆਂ ਹਨ। ਇਸ ਸਾਰੇ ਸਿਸਟਮ ਨੂੰ ਸਿਰੇ ਚੜ੍ਹਾਉਣ ਲਈ ਵੀ ਡਾਕਟਰੀ ਪੇਸ਼ਾ, ਚੋਰੀ, ਸੁਪਾਰੀ, ਸਿਆਸਤਦਾਨਾਂ ਦੇ ਰੰਗ ਢੰਗ, ਇਨਕਮ ਟੈਕਸ ਮਹਿਕਮਾ, ਠੇਕੇਦਾਰੀ ਸਿਸਟਮ ਆਦਿ ਕਈ ਮਹਿਕਮਿਆਂ ਦੀ ਕਾਰਗੁਜ਼ਾਰੀ ਦੀਆਂ ਪਰਤਾਂ ਕਾਰਜਸ਼ੀਲ ਹੁੰਦੀਆਂ ਹਨ। ਇਉਂ ਜਾਪਦਾ ਹੈ ਜਿਵੇਂ ਸਾਰੇ ਸੁਤੰਤਰ ਪਾਠ ਹੁੰਦੇ ਹੋਏ ਵੀ ਇਕ ਦੂਜੇ ਵਿੱਚ ਘੁਲੇ ਮਿਲੇ ਹੋਣ। ਇਨ੍ਹਾਂ ਦੀਆਂ ਅਰਥਾਤਮਕ ਪਰਤਾਂ ਇਕ ਦੂਜੇ ਸਿਸਟਮ ਨੂੰ ਜਨਮ ਦਿੰਦੀਆਂ ਹਨ। ਵੱਖੋ-ਵੱਖ ਖੇਤਰਾਂ ਦੇ ਸਿਸਟਮ ਦਾ ਇਕ ਦੂਜੇ ਵਿੱਚ ਸਮੋ ਕੇ ਵਿਚਰਨ ਦੇ ਕਾਰਨ ਹੀ ਇਸ ਨਾਵਲ ਦਾ ਪਾਤਰ ਜਗਤ ਵਿਸਤ੍ਰਿਤ ਹੋ ਜਾਂਦਾ ਹੈ।

ਇਸ ਪਾਠ ਦੀ ਬੁਣਤਰ ਦੀ ਮੁਖ ਸਮੱਸਿਆ ਜਿਸ ਘਟਨਾ ਦੁਆਲੇ ਵਿਚਰਦੀ ਹੈ ਉਸ ਦਾ ਮੂਲ ਆਧਾਰ ਜਾਇਦਾਦ ਦੀ ਵੰਡ ਹੈ। ਇਸ ਝਗੜੇ ਨੂੰ ਲੈ ਕੇ ਹੀ ਦੋ ਪੜ੍ਹੇ-ਲਿਖੇ ਨੌਜਵਾਨ 'ਪੰਕਜ' ਤੇ 'ਨੀਰਜ' ਆਪਣੇ ਚਾਚੇ 'ਵੇਦ ਪ੍ਰਕਾਸ਼' ਦੇ ਪਰਿਵਾਰ ਨੂੰ ਬੇਸ਼ੁਮਾਰ ਸੱਟਾਂ ਮਰਵਾਉਣ ਦੀ ਸੁਪਾਰੀ, ਬਿਹਾਰ ਦੇ ਕਿਸੇ ਨਾਮਵਰ ਭਈਏ ਨੂੰ ਦੇ ਦਿੰਦੇ ਹਨ। ਸੁਪਾਰੀ ਵਾਲੇ ਤੋਂ ਵੇਦ ਪ੍ਰਕਾਸ਼ ਦੀਆਂ ਲੱਤਾਂ ਚਕਨਾਚੂਰ ਹੋ ਜਾਂਦੀਆਂ ਹਨ। ਵੇਦ ਦੀ ਪਤਨੀ 'ਨੀਲਮ' ਦੇ ਸਿਰ 'ਤੇ ਸੱਟਾਂ ਵੱਜਦੀਆਂ ਹਨ। ਉਨ੍ਹਾਂ ਦੇ ਮੁੰਡੇ 'ਕਮਲ ' ਦਾ ਕਤਲ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਧੀ 'ਨੇਹਾ' ਦਾ ਬਲਾਤਕਾਰ ਹੋ ਜਾਂਦਾ ਹੈ। ਇਹ ਘਟਨਾਵਾਂ ਹੀ ਕੋਰਟ ਕਚਹਿਰੀ ਦੇ, ਪੁਲਿਸ ਮਹਿਕਮੇ ਦੇ ਅਤੇ

ਸਿਆਸਤਦਾਨਾਂ ਦੇ ਸਫ਼ੈਦ ਪੋਸ਼ ਰੂਪ ਪਿਛਲੇ ਕਾਲੇ ਧੰਦੇ ਦੀਆਂ ਤੰਦਾਂ ਨੂੰ ਖੋਲ੍ਹਦੀਆਂ ਹਨ। ਪੰਕਜ ਅਤੇ ਨੀਰਜ ਦੇ ਪਿਉ ਨੇ ਕਈ ਪ੍ਰਕਾਰ ਦੇ ਬਲੈਕ ਦੇ ਧੰਦਿਆਂ ਵਿਚੋਂ ਸਿਆਸਤਦਾਨਾਂ, ਜੱਜਾਂ, ਅਫ਼ਸਰਾਂ, ਪੁਲਿਸ ਤੇ ਇਨਕਮ ਟੈਕਸ ਵਾਲਿਆਂ ਨਾਲ ਮਿਲ ਕੇ ਬੇਸ਼ੁਮਾਰ ਜਾਇਦਾਦ ਬਣਾਈ ਸੀ। ਭਰਾ ਭਰਾ ਦੀ ਆਪਸ ਵਿੱਚ ਬਣਦੀ ਸੀ ਪਰ ਪੁੱਤਰਾਂ ਨੂੰ ਚਾਚਾ ਨਹੀਂ ਭਾਉਂਦਾ ਸੀ। ਇਸ ਤਰ੍ਹਾਂ ਇਸ ਨਾਵਲ ਵਿੱਚ ਕਤਲ, ਬਲਾਤਕਾਰੀ ਤੇ ਡਾਕੇ ਦੀ ਵਾਰਦਾਤ ਦਾ ਵੇਰਵਾ ਦੇਣ ਉਪਰੰਤ ਉਸ ਨਾਲ ਨਿਪਟਣ ਵਾਲੀ ਸਿਆਸਤ ਅਤੇ ਕਚਹਿਰੀ ਨੂੰ ਕੌਰਵਾਂ ਦੀ ਸਭਾ ਵਜੋਂ ਪੇਸ਼ ਕੀਤਾ ਗਿਆ ਹੈ। ਪੁਲਿਸ ਦਾ ਤਫ਼ਤੀਸ਼ ਲਈ ਢਿਲ ਮੱਠ ਤੋਂ ਬਾਅਦ ਪਹੁੰਚਣ ਅਤੇ ਦੋਸ਼ੀਆਂ ਦੇ ਸੁਰਾਗ ਪ੍ਰਾਪਤ ਹੋਣ ਉਤੇ ਵੀ ਉਨ੍ਹਾਂ ਨੂੰ ਸਜ਼ਾ ਨਾ ਹੋਣਾ ਇਸ ਨਾਵਲ ਦੇ ਦੁਖਾਂਤਕ ਪੱਖ ਹਨ। ਇਸ ਸਾਰੇ ਲਈ ਸ਼ਹਿਰ ਦੇ ਅਮੀਰ ਜਾਦੇ, ਲਾਲਚੀ ਪ੍ਰਸ਼ਾਸ਼ਨ, ਸਿਆਸਤਦਾਨ, ਸਰਕਾਰੀ ਵਕੀਲ, ਬੇਅਸੂਲ ਡਾਕਟਰ, ਅਹਿਲਕਾਰ ਆਦਿ ਜ਼ਿੰਮੇਵਾਰ ਬਣਦੇ ਹਨ। 'ਮਾੜੇ ਦੇ ਗੁਣ ਵਿਚੋਂ ਵਿੱਚ' ਦੀ ਕਹਾਵਤ ਦੇ ਅਨੁਸਾਰ ਕਾਨੂੰਨ ਹਮੇਸ਼ਾਂ ਅਮੀਰਾਂ ਦਾ ਸਾਥ ਦਿੰਦਾ ਹੈ। ਇਸ ਤਰ੍ਹਾਂ ਇਹ ਹੱਕ ਤੇ ਸੱਚ ਦੀ ਜਦੋ-ਜਹਿਦ ਦਾ ਨਾਵਲ ਹੋ ਨਿਬੜਦਾ ਹੈ।

ਇਸ 'ਹੱਕ ਤੇ ਸੱਚ' ਦੀ ਲੜਾਈ ਦੀ ਸਭ ਤੋਂ ਪਹਿਲੀ ਪਰਤ ਸੁਪਾਰੀ ਵਾਲੇ ਬਿਹਾਰੀ ਭਈਆਂ ਦੀ ਖੁਲ੍ਹਦੀ ਹੈ। ਬਿਹਾਰੀ ਭਈਆ ਰਾਮੂ ਜੋ ਘਰ ਦਾ ਨੌਕਰ ਹੈ, ਸਭ ਕੁਝ ਵੇਖ ਰਿਹਾ ਹੈ ਪਰੰਤੂ ਬੇਬਸ ਹੋਇਆ ਕੁਝ ਵੀ ਬੋਲ ਨਹੀਂ ਰਿਹਾ, ਉਹ ਆਪਣੇ ਮਾਲਕ ਨਾਲ ਵਿਸ਼ਵਾਸਘਾਤ ਕਰਦਾ ਹੈ। ਅਜੋਕੇ ਪੰਜਾਬ ਦਾ ਦੁਖਾਂਤ ਹੀ ਇਹ ਹੈ ਕਿ ਰਿਸ਼ਵਤਖੋਰੀ ਨੇ ਮਾਇਆਧਾਰੀ ਜਗਤ ਨੇ ਬਿਹਾਰੀਆਂ ਨੂੰ ਪਨਾਹ ਦਿਤੀ ਹੈ ਅਤੇ ਆਪਣੇ ਪੁੱਤਰਾਂ ਨੂੰ ਪਰਵਾਸ ਦਿੱਤਾ ਹੈ। ਇਨ੍ਹਾਂ ਕਾਮਿਆਂ ਅਤੇ ਦਿਹਾੜੀਦਾਰਾਂ ਵਜੋਂ ਆਏ ਲੋਕਾਂ ਦੇ ਮੂੰਹ ਖੁਲ੍ਹ ਗਏ ਹਨ ਕਿ ਉਹ ਨਸ਼ਾ ਖੋਰੀ ਜਾ ਜਾਲ ਤਾਂ ਫੈਲਾਅ ਹੀ ਰਹੇ ਸਨ ਨਾਲ ਹੀ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਚੋਰੀਆਂ, ਡਾਕੇ ਤੇ ਕਤਲ ਤਕ ਦੇ ਜੁਰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਇਥੋਂ ਤਕ ਕਿ ਬਲਾਤਕਾਰ ਵਰਗੇ ਜੁਰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। 'ਰਾਮੂ' ਦੇ ਸਕੇ ਸਲੋਤਰੇ ਬਿਹਾਰੀ ਰਿਸ਼ਤੇਦਾਰ ਹੀ ਅੰਤ ਵਿਚ ਆਪਣਾ ਜੁਲਮ ਕਬੂਲ ਕਰਦੇ ਹਨ।

ਡਾਕਟਰੀ ਕਿੱਤੇ ਵਿੱਚ ਫੈਲਿਆ ਭ੍ਰਿਸ਼ਟਾਚਾਰ ਅਤੇ ਕੰਮ ਪ੍ਰਤੀ ਅਣਗਹਿਲੀ ਦੀਆਂ ਪਰਤਾਂ ਵੀ ਇਸ ਨਾਵਲ ਦੇ ਕੇਂਦਰ ਬਿੰਦੂ ਵਿੱਚ ਹਨ। ਲੋਕਾਂ ਵਿੱਚ ਡਾਕਟਰਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਮਾਜ ਸੇਵਾ ਉਨ੍ਹਾਂ ਦੇ ਕਿੱਤੇ ਦਾ ਪ੍ਰਮੋਧਰਮ ਹੈ। ਪਰੰਤੂ ਅਜੋਕੀ ਮਾਇਆਧਾਰੀ ਦੁਨੀਆਂ ਨੇ ਇਸ ਕਿੱਤੇ ਨੂੰ ਅਜਿਹਾ ਨਹੀਂ ਰਹਿਣ ਦਿਤਾ ਅਤੇ ਇਸ ਕਿੱਤੇ ਦੇ ਲੋਕਾਂ ਵਿੱਚ ਵੀ ਲਾਲਚ ਵਧ ਗਿਆ ਹੈ। ਡਾਕਟਰਾਂ ਦੀ ਲਾਪਰਵਾਹੀ ਦੀਆਂ ਪਰਤਾਂ ਉਦੋਂ ਖੁਲ੍ਹਦੀਆਂ ਹਨ ਜਦੋਂ ਲੇਖਕ ਨੇ ਨੀਲਮ, ਵੇਦ ਅਤੇ ਨੇਹਾ ਦੇ ਹਸਪਤਾਲ ਦਾਖ਼ਲ ਹੋਣ ਸਮੇਂ ਦੇ ਵੇਰਵੇ ਦਿਤੇ ਹਨ। ਡਾਕਟਰਾਂ ਵੱਲੋਂ ਸਮੇਂ ਸਿਰ ਪਹੁੰਚ ਕੇ ਮਰੀਜਾਂ ਦੀ ਦੇਖਭਾਲ ਨਾ ਕਰਨੀ। ਸਿਵਲ ਹਸਪਤਾਲ ਵਿੱਚ ਡਾਕਟਰਾਂ ਵਲੋਂ ਦਲਾਲਾਂ ਰਾਹੀਂ ਪੈਸਾ ਲੈਣ ਤੋਂ ਪਹਿਲਾਂ ਕਿਸੇ ਵੀ ਜ਼ਖ਼ਮੀ ਜਾਂ ਲਾਸ਼ ਨੂੰ ਹੱਥ ਲਾਉਣ ਲਈ ਤਿਆਰ ਨਾ ਹੋਣਾ। ਗ਼ੈਰ ਜ਼ਿੰਮੇਵਾਰਾਨਾ ਕੰਮ ਕਰਨ, ਸਰਕਾਰੀ ਸਮੇਂ ਵਿੱਚ ਗ਼ੈਰ ਸਰਕਾਰੀ ਕੰਮ ਕਰਨੇ ਆਦਿ ਵੇਰਵੇ ਅਜੋਕੇ ਸਮੇਂ ਦੇ ਡਾਕਟਰਾਂ ਦੀ ਲੋਭੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਸਿਆਸਤਦਾਨਾਂ ਦੇ ਰਿਸ਼ਤੇਦਾਰਾਂ ਵਜੋਂ ਕਾਰਜਸ਼ੀਲ ਹੋਣਾ ਹੋਰ ਵੀ ਰੋਅਬ

ਵਾਲੀ ਗੱਲ ਹੈ। ਇਸੇ ਕਾਰਨ ਉਹ ਡਿਊਟੀ ਤੇ ਮਨਮਰਜ਼ੀ ਨਾਲ ਆਉਂਦੇ ਹਨ ਤੇ ਮਨਮਰਜ਼ੀ ਨਾਲ ਕੰਮ ਕਰਦੇ ਹਨ। ਇਸੇ ਕਾਰਨ ਹੀ ਲੇਡੀ ਡਾਕਟਰ ਨੇ ਨੇਹਾ ਅਤੇ ਨੀਲਮ ਦੀਆਂ ਸੱਟਾਂ ਵਲ ਘੰਟਿਆਂ ਬੱਧੀ ਧਿਆਨ ਨਹੀਂ ਦਿੱਤਾ। ਅਜੋਕਾ ਡਾਕਟਰ ਆਪਣੇ ਪੇਸ਼ੇ ਨਾਲ ਸੰਬੰਧਿਤ ਸਭ ਨੈਤਿਕ ਕਰਦਾਂ ਕੀਮਤਾਂ ਨੂੰ ਭੁਲ ਚੁਕਿਆ ਹੈ ਐਤ ਕੇਵਲ ਮਾਇਆਧਾਰੀ ਜਗਤ ਵਿੱਚ ਮਾਇਆ ਦਾ ਰੂਪ ਬਣ ਕੇ ਰਹਿ ਗਿਆ ਹੈ। ਡਾਕਟਰੀ ਪੇਸ਼ੇ ਦੇ ਦੂਸਰੇ ਪਾਸਾਰ ਦਾ ਨਿਭਾਓ ਲੇਖਕ ਨੇ ਉਦੋਂ ਬਿਆਨ ਕੀਤਾ ਹੈ ਜਦੋਂ ਪੰਕਜ ਤੇ ਨੀਰਜ ਪਾਤਰਾਂ ਨੂੰ ਜੇਲ੍ਹ ਦੀ ਜਗ੍ਹਾਂ ਹਸਪਤਾਲ ਵਿੱਚ ਰੱਖ ਕੇ ਵੀ.ਆਈ.ਪੀ. ਵਰਤਾਰਾ ਪ੍ਰਦਾਨ ਕੀਤਾ ਜਾਂਦਾ ਹੈ।

ਅਜੋਕੇ ਸਮੇਂ ਵਿੱਚ ਪੰਜਾਬ ਦੇ ਸਰਕਾਰੀ ਮਹਿਕਮਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਵੀ ਇਸ ਨਾਵਲ ਦੀ ਪਰਤ ਦਾ ਹਿੱਸਾ ਬਣਦਾ ਹੈ। ਸਰਕਾਰੀ ਅਦਾਰਿਆਂ ਵਿੱਚ ਸੜਕਾਂ ਬਨਾਉਣ ਦਾ ਕੰਮ ਹੋਵੇ ਤੇ ਭਾਵੇਂ ਵੱਡੀਆਂ ਵੱਡੀਆਂ ਰਿਹਾਇਸ਼ੀ ਕਲੋਨੀਆਂ ਬਨਾਉਣ ਜਾਂ ਸਰਕਾਰੀ ਡਿਪੂ/ਸਰਕਾਰੀ ਪੈਟਰੋਲ ਪੰਪ ਲੈਣਾ/ਦੇਣਾ ਹੋਵੇ। ਇਸ ਨਾਵਲ ਦੇ ਮੁੱਖ ਪਾਤਰ 'ਮੋਹਨ ਸਿੰਘ' ਦਾ ਇਕ ਸਾਧਾਰਨ ਵਿਅਕਤੀ ਤੋਂ ਕਰੋੜਪਤੀ ਬਣਨ ਤਕ ਵੇਰਵਾ ਉਪਰੋਕਤ ਮਹਿਕਮਿਆਂ ਦੀ ਕਾਰਗੁਜ਼ਾਰੀ ਤੋਂ ਭਲੀ–ਭਾਂਤ ਜਾਣੂ ਕਰਵਾਉਂਦਾ ਹੈ। ਮੋਹਨ ਸਿੰਘ ਇਕ ਅਜਿਹੀ ਸੂਝ ਵਾਲਾ ਵਿਅਕਤੀ ਹੈ ਜੋ ਪੈਸੇ ਦੇ ਭੁਗਤਾਣ ਨਾਲ ਅਫ਼ਸਰਾਂ ਨੂੰ ਖੁਸ਼ ਕਰਕੇ ਕੱਖਾਂ ਤੋਂ ਲੱਖਾਂ ਕਰੋੜਾਂ ਤਕ ਦੀ ਕਮਾਈ ਕਰਦਾ ਹੈ। ਇਹ ਮਹਿਕਮੇ ਜੋ ਉਸਰਦੇ ਹੀ ਰਿਸ਼ਵਤ ਦੀਆਂ ਨੀਹਾਂ 'ਤੇ ਹਨ ਉਨ੍ਹਾਂ ਦੀ ਕਾਰਗੁਜ਼ਾਰੀ ਕਿਸ ਭਾਂਤ ਦੀ ਹੋਵੇਗੀ, ਇਸ ਦਾ ਸਹੀ ਅੰਦਾਜ਼ਾ ਭਲੀ ਭਾਂਤ ਹੋ ਜਾਂਦਾ ਹੈ। ਕਚਹਿਰੀ ਦੀ ਕਾਰਗੁਜ਼ਾਰੀ ਦੀ ਪਰਤ ਵੀ ਉਦੋਂ ਸਪਸ਼ਟ ਹੁੰਦੀ ਹੈ ਜਦੋਂ ਤਫ਼ਤੀਸ਼ ਸ਼ੁਰੂ ਹੋ ਜਾਂਦੀ ਹੈ। ਦੋਸ਼ੀਆਂ ਨੂੰ ਸਜ਼ਾ ਕੇਵਲ ਵਿਖਾਵੇ ਦੀ ਹੀ ਹੁੰਦੀ ਹੈ ਕਿਉਂਕਿ ਉਹ ਅਮੀਰਜਾਦੇ ਹਨ ਤੇ ਉਨ੍ਹਾਂ ਦੀਆਂ ਬਾਹਵਾਂ ਮਜ਼ਬੂਤ ਹਨ। ਉਨ੍ਹਾਂ ਨੇ ਐਸ.ਪੀ., ਐਮ.ਐਲ.ਏ. ਅਤੇ ਮੁੱਖ ਮੰਤਰੀ ਤਕ ਨੂੰ ਖ਼ਰੀਦ ਲੈਂਦੇ ਹਨ। ਸ਼ਰਾਫਤ ਦਾ ਜਮਾਨਾ ਨਹੀਂ ਹੈ ਇਸੇ ਕਾਰਨ ਸ਼ਰੀਫ ਜੱਜ ਦੀ ਬਦਲੀ ਹੋ ਜਾਂਦੀ ਹੈ ਤਾਂ ਜੋ ਮਨਮਰਜ਼ੀ ਦੇ ਫੈਸਲੇ ਲੈ ਲਏ ਜਾਣ। ਇਨਸਾਫ ਦੀ ਤਲਾਸ਼, ਕੇਵਲ ਤਲਾਸ਼ ਹੀ ਬਣ ਕੇ ਰਹਿ ਜਾਂਦੀ ਹੈ ਕਿਉਂਕਿ ਪਾਤਰ ਇਨਸਾਫ਼ ਲਈ ਜੂਝਦੇ ਰਹਿੰਦੇ ਹਨ। ਉਨ੍ਹਾਂ ਦੇ ਹੱਥ ਪੱਲੇ ਪ੍ਰੇਸ਼ਾਨੀ ਤੋਂ ਸਿਵਾ ਕੁਝ ਨਹੀਂ ਪੈਂਦਾ। ਸਮਾਂ ਤੇ ਪੈਸਾ ਵਾਧੂ ਖ਼ਰਾਬ ਹੁੰਦਾ ਹੈ। ਇਹ ਸਿਸਟਮ ਸਾਰਾ ਹੀ ਜੜ੍ਹਾਂ ਤਕ ਹਿੱਲਿਆ ਪਿਆ ਹੈ।

ਇਸ ਨਾਵਲ ਦੀ ਉਪਰੋਕਤ ਪਰਤਾਂ, ਅਜੋਕੀ ਨਿਆਂ ਪ੍ਰਣਾਲੀ ਦੇ ਕਾਲਕੀ ਵਰਤਾਰੇ ਨੂੰ ਪ੍ਰਗਟ ਕਰਦੀਆਂ ਹਨ ਭਾਵੇਂ ਕਿ ਇਹ ਵਰਤਾਰਾ ਕਾਫ਼ੀ ਲੰਮੇ ਅਰਸੇ ਵਿੱਚ ਫੈਲਦਾ ਹੈ। ਜੇ ਇਕ ਲਾਈਨ ਵਿੱਚ ਸਮੇਟਣਾ ਹੋਵੇ ਤਾਂ ਕੌਰਵ ਸਭਾ ਦੇ ਨਾਵਲ ਨੂੰ ਹੇਠ ਲਿਖੇ ਸਮੀਕਰਨ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ :

ਕੌਰ ਸਭਾ = ਭ੍ਰਿਸ਼ਟਾਚਾਰ + ਪੈਸੇ ਦੀ ਸ਼ਕਤੀ

ਪੈਸੇ ਦੀ ਦੁਨੀਆਂ ਵਿੱਚ ਮਨੁੱਖੀ ਰਿਸ਼ਤਿਆਂ ਦੀ ਟੁੱਟ–ਭੱਜ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਜੋਕੇ ਸਮੇਂ ਦੇ ਸਵੈ ਕੇਂਦਰਿਤ ਪਰਿਵਾਰਾਂ ਦਾ ਦੁਖਾਂਤ ਇਹੀ ਹੈ ਕਿ ਇਹ ਰਿਸ਼ਤਿਆਂ ਦੇ ਨਿੱਘ ਤੋਂ ਸੱਖਣੇ ਹਨ। ਕਿਸੇ ਕੋਲ ਕਿਸੇ ਵਾਸਤੇ ਸਮਾਂ ਨਹੀਂ ਹੈ ਅਤੇ ਇਕ ਦੂਜੇ ਤੋਂ ਅਗੇ ਵਧਣ ਦੀ ਹੋੜ ਲੱਗੀ ਹੋਈ ਹੈ। ਬਾਕੀ ਰਿਸ਼ਤੇਦਾਰ ਦੁਖੀ ਹੋ ਕੇ ਜਾਂ ਕੋਈ ਨਾ ਕੋਈ ਬਹਾਨਾ ਮਾਰ ਕੇ ਸਾਥ ਛੱਡ ਗਏ। ਉਹ ਖ਼ੁਦ ਵਕੀਲ ਹੋਣ ਕਾਰਨ ਵੀ ਇਹ ਕੇਸ ਨਾ ਲੜ ਸਕਿਆ।

ਇਸ ਨਾਵਲ ਦਾ ਨਿਵੇਕਲਾਪਣ ਇਸ ਵਿਚਲੀ ਭਾਸ਼ਾ ਦੇ ਰੂਪਕ ਪੱਖ ਵਿੱਚ ਵੀ ਲੁਕਿਆ ਹੋਇਆ ਹੈ। ਆਮ ਬੋਲ-ਚਾਲ ਵਾਲੀ ਸਾਧਾਰਨ ਭਾਸ਼ਾ ਵਿੱਚ ਵੱਖੋ ਵੱਖ ਕਿੱਤਿਆਂ ਦੇ ਖ਼ਾਸ ਭਾਸ਼ਾਈ ਰੂਪਾਂ ਦੀ ਵਰਤੋਂ ਨਾਲ ਪਾਠਕਾਂ ਨੂੰ ਜਾਣੂ ਕਰਵਾਇਆ ਗਿਆ ਹੈ। ਇਸ ਵਿੱਚ ਦੋ ਭਾਸ਼ਾਈ ਰੂਪ ਮੁਕੱਦਮਿਆਂ/ਵਕਾਲਤ ਦੀ ਭਾਸ਼ਾ ਅਤੇ ਕੋਡ ਭਾਸ਼ਾ-ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਮੁਹਾਵਰਿਆਂ ਅਤੇ ਅਖਾਣਾਂ ਨੂੰ ਵੀ ਲੇਖਕ ਨੇ ਆਪਣੀ ਭਾਸ਼ਾ ਸ਼ੈਲੀ ਵਿੱਚ ਵਰਤਣੋਂ ਸੰਕੋਚ ਨਹੀਂ ਕੀਤਾ। ਬਿੰਬਾਂ ਤੇ ਪ੍ਰਤੀਕਾਂ ਦੀ ਜਗ੍ਹਾਂ ਲੇਖਕ ਨੇ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਰਾਹੀਂ ਵਧੇਰੇ ਸਪਸ਼ਟਤਾ ਨਾਲ ਭ੍ਰਿਸ਼ਟਾਚਾਰ ਦਾ ਬਿਰਤਾਂਤ ਅਤੇ ਪੈਸੇ ਦੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ। ਛੋਟੇ ਛੋਟੇ ਤੇ ਸਾਧਾਰਨ ਵਾਕਾਂ ਦੀ ਵਰਤੋਂ ਕੀਤੀ ਗਈ ਹੈ ਜੋ ਨਾਵਲ ਦੀ ਭਾਸ਼ਾ ਨੂੰ ਬੋਲਚਾਲ ਦੀ ਭਾਸ਼ਾ ਦੇ ਵਧੇਰੇ ਨੇੜੇ ਲੈ ਜਾਂਦੀ ਹੈ।

ਵਕਾਲਤ ਦੇ ਖੇਤਰ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਪੰਜਾਬੀ ਭਾਸ਼ਾ ਦੇ ਵਕਾਲਤੀ ਰਜਿਸਟਰ ਦਾ ਬੋਧ ਕਰਾਉਂਦੀ ਹੈ ਅਤੇ ਇਕ ਆਮ ਇਨਸਾਨ ਨੂੰ ਇਨ੍ਹਾਂ ਸ਼ਬਦਾਂ ਦੀ ਵਰਤੋਂ ਦੇ ਅਰਥ ਸਮਝ ਆਉਣ ਲਗ ਪੈਂਦੇ ਹਨ ਜਿਵੇਂ-ਮੁਦੱਈ, ਮੁਲਜ਼ਮ, ਮੈਜਿਸਟਰੇਟ, ਵਕੀਲ, ਸਰਕਾਰੀ ਵਕੀਲ, ਪ੍ਰਾਈਵੇਟ ਵਕੀਲ, ਜ਼ਿਲ੍ਹਾ ਅਟਾਰਨੀ, ਅਦਾਲਤ, (ਕਲਰਕ-ਸਟੈਨੋ) ਕੇਸ, ਚਲਾਨ, ਉਪ ਜ਼ਿਲ੍ਹਾ ਅਟਾਰਨੀ, ਏ.ਪੀ.ਪੀ. ਸਾਹਿਬ, (ਫੀਸ) ਮਿਸਲ, ਮਜਰੂਬਾਂ, ਗਵਾਹ (ਕਤਲ), ਤਫ਼ਤੀਸ਼ੀ, ਮੁਨੀਮ, (ਜੱਜ, ਹਵਾਲਾਤ), ਸ਼ਨਾਖਤ ਪਰੇਡ, ਦਰਖ਼ਾਸਤ, ਗ਼ੈਰ ਅਦਾਲਤ, ਵਰੰਟ, ਇਕਬਾਲੀਆ ਬਿਆਨ, ਐਡਵੋਕੇਟ ਸੈੱਲ, ਲੀਗਲ ਸੈੱਲ, ਫੌਜਦਾਰੀ, ਹਾਈਕੋਰਟ, ਅਹਿਲਕਾਰ, ਚਲਾਨ, ਮੁਖ਼ਬਰ, ਰੋਜਨਾਮਚਾ, ਰਪਟ, ਸੇਵਾ ਮੁਕਤ, ਪੁਲਿਸ ਅਫ਼ਸਰ, ਮਾਲ ਅਫ਼ਸਰ, ਹੱਥ ਲਿਖਤ ਮਾਹਰ, ਪ੍ਰਾਈਵੇਟ ਜਸੂਸ, ਜਾਮਨ, ਤਫ਼ਤੀਸ਼, ਪੁਲਿਸ ਰਿਮਾਂਡ, ਚੈਂਬਰ, ਬੰਦੀ ਲੈ ਦੇਣਾ, ਫਰਦਾਂ, ਜਿਮਨੀਆਂ, ਪੈਰਵਾਈ, ਪੈਰਵਾਈ ਸੈਲ, ਮੁਕੱਦਮਾ, ਸ਼ਹਾਦਤ ਦੇਣੀ, ਹਵਾਲਦਾਰ, ਅਡੀਸ਼ਨਲ ਸੈਸ਼ਨ ਜੱਜ, ਸੈਸ਼ਨ ਜੱਜ, ਸਾਇਲ, ਤਲਬ ਹੋਣਾ, ਗਵਾਹ, ਜਿਹਾ-ਸੰਮਨ, ਸੰਮਨ ਤਾਮੀਲ ਕਰਾਉਣਾ, ਗ੍ਰਿਫ਼ਤਾਰੀ ਵਰੰਟ, ਮਿਸਲ, ਰਜਿਸਟਰ, ਇੰਦਰਾਜ, ਸਮਾਇਤ, ਮਿਸਲ ਤਲਬ ਹੋਣਾ, ਵਕਾਲਤ ਨਾਮਾ, ਜਿਮਨੀਆਂ ਆਦਿ। ਇਨ੍ਹਾਂ ਵਿਚੋਂ ਕਈ ਸ਼ਬਦ ਤਾਂ ਅਜਿਹੇ ਹਨ ਜਿਨ੍ਹਾਂ ਦੀ ਵਰਤੋਂ ਪੰਜਾਬੀ ਦੇ ਹੋਰ ਰਜਿਸਟਰਾਂ ਵਿੱਚ ਵੀ ਵਰਤੀ ਜਾਂਦੀ ਹੈ ਪਰੰਤੂ ਕਈ ਸ਼ਬਦ ਆਮ ਮੁਹਾਵਰੇ ਵਿਚੋਂ ਗਾਇਬ ਹੁੰਦੇ ਹਨ ਤੇ ਉਨ੍ਹਾਂ ਦੀ ਸਮਝ ਕੇਵਲ ਤੇ ਕੇਵਲ ਮੁਕੱਦਮੇ ਦੇ ਸਮੇਂ ਹੀ ਆਉਂਦੀ ਹੈ। ਇਸ ਨਾਵਲ ਨੇ ਵਕਾਲਤ ਦੇ ਕਿੱਤੇ ਵਾਲੀ ਰਜਿਸਟਰ ਭਾਸ਼ਾ ਦੀ ਵਰਤੋਂ ਤੋਂ ਪਾਠਕਾਂ ਨੂੰ ਜਾਣੂ ਕਰਵਾਇਆ ਹੈ।

ਇਸ ਨਾਵਲ ਦੀ ਖ਼ੂਬਸੂਰਤੀ ਇਸ ਵਿੱਚ ਵਰਤੀ ਗਈ 'ਕੋਡ ਭਾਸ਼ਾ' ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਰਿਸ਼ਵਤ ਖੋਰੀ ਦੇ ਕਲੰਕ ਦੀਆਂ ਮਿਸਾਲਾਂ ਉਭਰਣ ਸਮੇਂ ਪੈਕਟ ਤਿਆਰ, ਇਕ ਪੇਟੀ (ਇਕ ਲੱਖ ਲਈ) ਦੋ ਪੇਟੀਆਂ (ਦੋ ਲੱਖ) ਆਦਿ ਦੀ ਵਰਤੋਂ ਦੇ ਕੋਡ ਸਾਡੇ ਸਮਾਜ ਵਿਚਲੇ ਆਮ ਲੋਕਾਂ ਨੂੰ ਬੁਧੂ ਬਣਾ ਕੇ ਅਫ਼ਸਰਸ਼ਾਹੀ ਦੇ ਹਾਜਮੇ ਦਾ ਇਸ਼ਾਰਾ ਕਰਦੇ ਹਨ। ਮੁਹਾਵਰਿਆਂ ਦੀ ਵਰਤੋਂ ਨੇ ਇਸ ਨਾਵਲ ਦੀ ਸਹਿਜਮਈ ਪੜ੍ਹਤ ਨੂੰ ਅੰਤਰੀਵੀ ਭਾਵਾਂ ਤਕ ਲੈ ਜਾਣ ਵਿੱਚ ਬਹੁਤ ਮਦਦ ਕੀਤੀ ਹੈ। ਤਕਰੀਬਨ ਹਰ ਪੰਨੇ ਉਪਰ ਦੋ-ਚਾਰ, ਦੋ-ਚਾਰ ਮੁਹਾਵਰੇ ਜ਼ਰੂਰ ਵਰਤੇ ਗਏ ਹਨ। ਪਹਿਲਾ ਕਾਂਡ ਨੌ ਸਫੇ ਤੋਂ 20 ਸਫੇ ਤਕ ਫੈਲਿਆ ਹੋਇਆ ਹੈ। ਇਸ ਵਿਚ 46 ਮੁਹਾਵਰੇ ਵਰਤੇ ਗਏ ਹਨ ਜੋ ਹੇਠ ਲਿਖੇ ਅਨੁਸਾਰ ਹਨ : ਭੰਬੂ ਤਾਰੇ ਨੱਚਣ ਲਗੇ, ਮੂੰਹ ਮੋਟੇ ਸਨ,

ਮੱਥਾ ਠਨਕ ਜਾਣਾ, ਸੌ ਮਨ ਮੁਟਾਵ, ਖੱਖੜੀ ਖੱਖੜੀ ਕਰ ਦੇਣਾ, ਅੱਖਾਂ ਵਿੱਚ ਵਧ ਰੜਕਣਾ, ਕੰਡਾ ਕਢਣ, ਭਰੇ ਬਾਜ਼ਾਰ ਨੰਗਾ ਕਰਨਾ, ਭਾਣਾ ਵਰਤ ਗਿਆ, ਅੱਖਾਂ ਝਪਕਦਿਆਂ ਖਿਆਲੀ ਘੋੜੇ ਦੌੜਾਨਾਂ, ਤੰਦਾਂ ਜੋੜਨੀਆਂ, ਖ਼ੂਨ ਦੇ ਪਿਆਸੇ, ਗੰਢ ਤੁਪ ਕਰਨੀ, ਢੋਲੇ ਗਾਉਣਾ, ਚੰਨਾਂ ਦੇ ਚੜਨਾ, ਵਹਾਅ ਠੱਲਣਾ, ਕੋਇਲੇ ਦੀ ਦਲਾਲੀ, ਨਹੁੰ ਅਟਕਣਾ, ਕੰਮ ਚੁਟਕੀ ਵਿੱਚ ਹੋਣੇ, ਠਿਬੀ ਪਾ ਰਹੇ, ਜਦੋ ਤਕੀ ਕੀਤੀ, ਮੂੰਹ ਵਿੱਚ ਪਾਣੀ ਆਉਣਾ, ਅੱਖਾਂ ਮੀਚ ਕੇ ਦਸਤਖ਼ਤ ਕਰਨੇ, ਦਮ ਵੀ ਤੋੜ ਸਕਦਾ ਸੀ, ਮੱਥੇ ਤੇ ਤਰੇਲੀ ਆ ਗਈ, ਨੌਂ-ਬਰ-ਨੌਂ, ਧੂੜਾ ਫੱਕ ਕੇ, ਖਾਕ ਛਾਣੀ, ਹੁਕੇ ਭਰੇ, ਖਲਜਗਣ, ਸਿਰ ਮਨਾਉਂਦੇ ਹੀ ਔਲੇ ਪੈਣੇ, ਬਿਲੀ ਨੂੰ ਕਿੰਨੀ ਦੇ ਬੋਰੇ ਵਿੱਚ ਛੁਪਾ ਕੇ ਰੱਖੋਗੇ, ਮੁੱਛਾਂ ਨਾਲੋਂ ਦਾੜੀ ਵੱਡੀ, ਢਿੱਡ ਨਾ ਭਰਨਾ, ਕੌੜਾ ਘੁਟ ਭਰਨਾ, ਆਈ ਚਲਾਈ ਚਲ ਰਹੀ, ਹੇਰਾ ਫੇਰੀ ਕਰਨੀ, ਚੁਗਲੀ ਹੋਈ, ਘੁਸਰ ਮੁਸਰ ਹੋਈ, ਮੂੰਹ ਤੇ ਮਾਰੋ, ਹੇਰਾ ਫੇਰੀ ਕਰਨੀ, ਗੁਥੀ ਸੁਲਝਾਈ, ਖੇਰੂੰ ਹੋ ਜਾਣੇ, ਚੰਨ ਚਾੜਨਾ। ਇਸੇ ਤਰ੍ਹਾਂ ਪੰਨਾ ਨੰਬਰ 78 ਤੇ-ਮੱਛੀ ਜਾਲ ਵਿਚ ਫਸਣੀ, ਫੁਰਨਾ ਫੁਰਿਆ, ਦਾਈ ਕੋਲੋਂ ਪੇਟ ਛੁਪਾਇਆ, ਢਿੱਡ ਫਰੋਲਨ, ਮੂੰਹ ਫੱਟ, ਝੰਜਟ ਵਿੱਚ ਪੈਣਾ, ਸੱਪ ਵਾਂਗ ਫੱਨ ਚੁਕਣਾ ਆਦਿ। ਪੰਨਾ 354-55 ਤੇ -ਰੋੜਾ ਅਟਕਾਇਆ, ਦੁੱਧ ਵਿੱਚ ਮੀਂਗਣਾ ਘੋਲਣੀਆਂ, ਸੂਹ ਕੱਢਣੀ, ਮੂੰਗਲਾ ਕੱਢ ਮਾਰਨਾ, ਪੇੜ ਨਾ ਗਿਣੋ ਅੰਬ ਖਾਓ ਆਦਿ। ਤਕਰੀਬਨ ਹਰ ਪੰਨੇ ਤੇ ਲੋਕ ਮੁਹਾਵਰਿਆਂ ਦੀ ਵਰਤੋਂ ਪਾਠਕ ਜਗਤ ਨੂੰ ਆਪਣੇ ਨਾਲ ਜੋੜਣ ਦੀ ਇਕ ਅਜਿਹੀ ਪਰਤ ਹੈ ਜਿਸ ਨਾਲ ਭਾਸ਼ਾ ਸਾਹਿਤਕ ਹੋਣ ਨਾਲੋਂ ਬੋਲ ਚਾਲੀ ਭਾਸ਼ਾ ਦੇ ਨੇੜੇ ਜਾਪਦੀ ਹੈ। ਇਸ ਨਾਲ ਆਮ ਪਾਠਕ ਵਧੇਰੇ ਸੌਖ ਨਾਲ ਨਾਵਲ ਸਮਝ ਸਕਦੇ ਹਨ।

'ਕੌਰਵ ਸਭਾ' ਨਾਲ ਦੀ ਪੜ੍ਹਤ ਪਾਠਕ ਨੂੰ ਮਿਥਿਹਾਸ ਦੇ ਕੌਰਵ ਪਾਂਡਵਾਂ ਦੀ ਕਥਾ ਨਾਲ ਜੋੜਦੀ ਪਰਤੀਤ ਹੁੰਦੀ ਹੈ। ਭਰਾ ਭਰਾ ਦੀ ਲੜ੍ਹਾਈ ਜਾਂ ਕਹਿ ਲਓ ਚਾਚੇ/ਤਾਏ ਦੀ ਲੜ੍ਹਾਈ। ਜ਼ਰ ਤੋਂ ਜੋਰੂ ਦੀ ਲੜਾਈ। ਜਿਸ ਤਰ੍ਹਾਂ ਪੰਜ ਪਾਂਡਵਾਂ ਨੇ ਸੈਂਕੜੇ ਦੀ ਗਿਣਤੀ ਵਾਲੇ ਕੌਰਵਾਂ ਨਾਲ ਆਪਣੇ ਸਤਿ/ਸਚ ਤੇ ਹੱਕ ਦੀ ਖ਼ਾਤਰ ਯੁਧ ਕੀਤਾ ਤੇ ਜਿੱਤ ਪ੍ਰਾਪਤ ਕੀਤੀ ਠੀਕ ਉਸੇ ਤਰ੍ਹਾਂ ਇਸ ਨਾਵਲ ਵਿੱਚ ਵੀ ਸਤਿ, ਸਚ ਤੇ ਹੱਕ ਦੀ ਖ਼ਾਤਰ ਲੜ ਰਹੇ ਇਕ ਪਰਿਵਾਰ ਦੀ ਦਾਸਤਾਨ ਬਿਆਨ ਕੀਤੀ ਗਈ ਹੈ। ਬੇਸ਼ਕ ਸਮੇਂ ਅਨੁਸਾਰ ਅੱਜ ਦੀ ਲੜਾਈ ਦੇ ਵਿਸ਼ੇ ਡਕੈਤੀ, ਬਲਾਤਕਾਰੀ ਤੇ ਕਤਲ ਵਰਗੇ ਜ਼ੁਲਮ ਹਨ। ਅੱਜ ਦੀ ਲੜਾਈ ਵਿੱਚ ਕੁਰੂਕਸ਼ੇਤਰ ਦਾ ਮੈਦਾਨ-ਕੋਰਟ, ਕਚਹਿਰੀ ਹਨ। ਅੱਜ ਦੀ ਲੜਾਈ ਦੇ ਹਥਿਆਰ ਰਿਸ਼ਵਤ ਖੋਰੀ ਤੇ ਮੁਲਾਹਜੇਦਾਰੀ ਹਨ। ਵਿਹਲੜਾਂ, ਝੂਠਿਆਂ, ਚੋਰਾਂ, ਫਰੇਬੀਆਂ ਤੇ ਦੰਭੀ ਦੁਨੀਆਂ ਦੇ ਮਾਇਆਮਈ ਸੰਸਾਰ ਵਿੱਚ ਦੱਬੇ, ਕੁਚਲੇ, ਕਾਮੇ ਤੇ ਸੱਚੇ ਸੁਚੇ ਇਨਸਾਨਾਂ ਦੇ ਵਿਰੋਧ ਦੇ ਇਸ ਯੁਧ ਵਿੱਚ ਅੰਤ ਨੂੰ ਜਿਤ ਸੱਚ ਦੀ ਹੁੰਦੀ ਹੀ ਵਿਖਾਈ ਗਈ ਹੈ ਪਰ ਉਸ ਸਮੇਂ ਸੱਚ ਦੀ ਸਥਿਤੀ ਇਨ੍ਹੀ ਬੇਬਸ ਹੋ ਜਾਂਦੀ ਹੈ ਕਿ ਉਸ ਲਈ ਮੁੜ ਉਠ ਕੇ, ਸੰਭਲ ਕੇ ਤੁਰਨਾ ਔਖਾ ਪ੍ਰਤੀਤ ਹੁੰਦਾ ਹੈ। ਉਹ ਸੱਚ ਰੀਂਗਦਾ ਨਜ਼ਰ ਆਉਂਦਾ ਹੈ। ਉਸ ਸੱਚ ਦੀ ਰੀੜ੍ਹ ਦੀ ਹੱਡੀ ਟੁੱਟ ਗਈ ਪ੍ਰਤੀਤ ਹੁੰਦੀ ਹੈ। ਕਿਸੇ ਸਿਆਣੇ ਨੇ ਠੀਕ ਕਿਹਾ ਹੈ "ਮਾੜੇ ਦੇ ਗੁਣ ਵਿਚੇ ਵਿੱਚ।" ਅੱਜ ਦੇ ਇਸ ਝੂਠੇ ਤੇ ਫਰੇਬੀ ਸੰਸਾਰ ਅੰਦਰ ਸੱਚ ਦੀ ਕੋਈ ਕੀਮਤ ਨਹੀਂ। ਇਹ ਨਾਵਲ 'ਕਰੇ ਕੋਈ ਭਰੇ ਕੋਈ' ਦੀ ਕਹਾਵਤ ਨੂੰ ਸੱਚ ਕਰਕੇ ਵਿਖਾਉਂਦਾ ਹੈ।

ਇਸ ਸਮਾਜ ਦੇ ਰੁਖੇ ਵਰਤਾਰੇ ਦੀ ਪਰਤ ਉਦੋਂ ਵੀ ਸਾਹਮਣੇ ਆਉਂਦੀ ਹੈ ਜਦੋਂ ਨੇਹਾ ਦਾ ਪ੍ਰੇਮੀ ਉਸ ਨਾਲ ਹੋਏ ਬਲਾਤਕਾਰ ਦੇ ਪਿਛੋਂ ਵਿਆਉਣ ਲਈ ਇਨਕਾਰ ਕਰ ਦਿੰਦਾ ਹੈ। ਨੇਹਾ

ਸਹਿਯੋਗ ਸੰਸਥਾ ਦੀ ਯੁਵਾ ਸ਼ਕਤੀ ਇਕਾਈ ਦੀ ਸਰਗਰਮ 'ਕਰਤਾ ਧਰਤਾ' ਰਹਿੰਦੀ ਹੈ। ਇਸ ਸੰਸਥਾ ਦੇ ਮੂਲ ਸੰਸਥਾਪਕ ਮਾਤਾ ਕਲਿਆਣੀ ਜੀ ਸਨ ਜਿਨ੍ਹਾਂ ਨੇ ਧਾਰਮਿਕ ਗ੍ਰੰਥਾਂ ਅਨੁਸਾਰ ਕੁੰਡਲਣੀ ਸ਼ਕਤੀ ਜਾਗਤਰ ਕਰਨ ਲਈ ਯੋਗ ਅਭਿਆਸ ਅਤੇ ਧਿਆਨ ਰਾਹੀਂ ਆਪਣੀਆਂ ਸ਼ਕਤੀਆਂ ਨੂੰ ਮੁੜ ਸੁਰਜੀਤ ਕਰਨ ਦੀਆਂ ਲੀਹਾਂ ਨੂੰ ਤੋਰਿਆ ਸੀ। ਬਲਾਤਕਾਰ ਦੀ ਘਟਨਾ ਉਪਰੰਤ ਟੁੱਟੀ ਹੋਈ ਨੇਹਾ ਨੇ ਜਦੋਂ ਯੋਗ ਸਾਧਨਾ ਤੇ ਧਿਆਨ ਨਾਲ ਆਪਣੀ ਸ਼ਕਤੀ ਨੂੰ ਮੁੜ ਸੁਰਜੀਤ ਕਰਕੇ ਸੰਸਥਾ ਵਿਚ ਜਾਣਾ ਚਾਹਿਆ ਤਾਂ ਸੰਸਥਾ ਦੇ ਸੰਚਾਲਕ ਤੇ ਮੈਂਬਰਾਂ ਦਾ ਪ੍ਰਤੀਕਰਮ ਨਾਂਹ ਪੱਖੀ ਸੀ। ਅਜਿਹੇ ਨਾਂਹ ਪੱਖੀ ਵਰਤਾਰੇ ਦੀ ਭਿਣਕ ਜਦੋਂ ਮਾਤਾ ਕਲਿਆਣੀ ਜੀ ਨੂੰ ਜੋ ਉਸ ਸਮੇਂ ਅਮਰੀਕਾ ਗਏ ਹੋਏ ਸਨ ਪੈਂਦੀ ਹੈ ਤਾਂ ਉਹ ਇਸ ਦਾ ਬੁਰਾ ਮਨਾਉਂਦੇ ਹਨ ਅਤੇ ਨੇਹਾ ਨੂੰ, ਖ਼ੁਦ ਫ਼ੋਨ ਕਰਕੇ ਸੰਸਥਾ ਵਿੰਚ ਜਾਣ ਦੀ ਇਜ਼ਾਜਤ ਦਿੰਦੇ ਹਨ। ਇਹ ਪਰੰਪਰਾਵਾਦੀ ਸੋਚ ਤੇ ਆਧੁਨਿਕ ਸੋਚ ਦੇ ਵਰਤਾਰੇ ਦੀ ਭਾਰੀ ਸੱਟ ਹੈ ਜੋ ਸਾਡੇ ਸਮਾਜ ਦੇ ਤਾਣੇ ਬਾਣੇ ਨੂੰ ਗੰਧਲਾ ਕਰ ਰਹੀ ਹੈ।

ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਮੌਜੂਦਾ ਨਿਆਂ ਪ੍ਰਣਾਲੀ ਦਾ ਪਰਦਾ ਫਾਸ਼ ਕਰਦਾ ਹੈ, ਇਨਸਾਫ ਲਈ ਜੂਝਦੇ ਪਾਤਰਾਂ ਦੀ ਮਾਨਸਿਕਤਾ ਬਿਆਨ ਕਰਦਾ ਹੈ। ਸਮਾਜਕ ਤਾਣਾ ਪੇਟਾ ਅਤੇ ਰਾਜਸੀ ਪ੍ਰਬੰਧ ਦੀ ਆਪਸੀ ਖੇਡ ਦੀਆਂ ਪਰਤਾਂ ਨੂੰ ਬਿਆਨ ਕਰਦਾ ਹੈ। ਅਜਿਹੇ ਨੁਕਤਿਆਂ ਨੂੰ ਬਿਆਨ ਕਰਨ ਲਈ ਭਾਸ਼ਾਈ ਬਣਤਰ ਤੇ ਬੁਣਤਰ ਇਕ ਦੂਜੇ ਦੇ ਪੂਰਕ ਹੋ ਨਿਬੜਦੀਆਂ ਹਨ। ਇਸ ਤਰ੍ਹਾਂ ਇਸ ਨਾਵਲ ਦੀਆਂ ਪਰਤਾਂ ਅਮੀਰ/ਗ਼ਰੀਬ, ਬੇਈਮਾਨੀ/ਸ਼ਰਾਫਤ, ਝੂਠ ਤੇ ਧੱਕਾ/ਸੱਚ ਤੇ ਹੱਕ, ਮਨੁਖ ਦੀ ਕੰਪਲੈਕਸਟੀ/ਸਾਧਾਰਨ ਮਨੁਖ, ਇਕਹਰੇ ਪਰਿਵਾਰ/ਸੰਯੁਕਤ ਪਰਿਵਾਰ, ਵੈਰ-ਵਿਰੋਧ/ਦੋਸਤੀ, ਨਫ਼ਰਤ/ਪਿਆਰ, ਪੈਸੇ ਦੀ ਭੁੱਖ/ਸਬਰ ਸੰਤੋਖ ਆਦਿ ਦੇ ਵਿਰੋਧਾਭਾਸ ਸਿਰਜਦਾ ਹੈ। ਇਹ ਵਿਰੋਧਾਭਾਸ ਓਪਰੇ ਨਹੀਂ ਜਾਪਦੇ ਸਗੋਂ ਇਹ ਆਪਸ ਵਿੱਚ ਨਿਹਿਤ ਹਨ ਅਤੇ ਇਨ੍ਹਾਂ ਦੇ ਸਮੁੱਚ ਦੇ ਵਰਤਾਰੇ ਨਾਲ ਹੀ ਨਾਵਲ ਦੀ ਕੇਂਦਰੀ ਥੀਮ ਸਪਸ਼ਟ ਹੁੰਦੀ ਹੈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਅਜੋਕੇ ਸਮਾਜ ਦੇ ਤਾਣੇ ਬਾਣੇ ਦੀਆਂ ਕਈ ਤੰਦਾਂ ਨੂੰ ਸਮੋਈ ਬੈਠਾ ਹੈ। ਇਨ੍ਹਾਂ ਨੂੰ ਖੋਲ੍ਹਣ ਅਤੇ ਸਮੁਚੇ ਵਰਤਾਰੇ ਨੂੰ ਸਮਝਣ ਦੀ ਲੋੜ ਹੈ।

# 20

# ‘ਕੌਰਵ ਸਭਾ’ ਦੀ ਸੰਚਾਰ–ਜੁਗਤ

**ਉਮਿੰਦਰ ਜੌਹਲ**

ਮਿੱਤਰ ਸੈਨ ਮੀਤ ਦੇ ਨਾਵਲ ‘ਕੌਰਵ ਸਭਾ’ ਰਾਹੀਂ ਪ੍ਰਸਤੁਤ ਹੋ ਰਹੇ ਗਲਪੀ ਯਥਾਰਥ ਨੂੰ ਵਿਚਾਰਨ ਤੋਂ ਪਹਿਲਾਂ ਸਾਹਿਤ–ਪਾਠ ਦੇ ਸੰਚਾਰ ਅਤੇ ਸਿਰਜਣ ਵਿਚਲੇ ਰਿਸ਼ਤੇ ਨੂੰ ਵਿਚਾਰਨਾ ਅਵੱਸ਼ਕ ਹੈ ਕਿਉਂਕਿ ਕਿਸੇ ਰਚਨਾ–ਵਿਸ਼ੇਸ਼ ਦਾ ਸਿਰਜਣ ਉਸ ਰਚਨਾ ਦੀ ਮੌਲਿਕ ਸੰਚਾਰ–ਜੁਗਤ ਰਾਹੀਂ ਨੇਪਰੇ ਚੜ੍ਹਦਾ ਹੈ। ਹਰ ਸਿਰਜਣਾ ਕਿਸੇ ਨਾ ਕਿਸੇ ਮਾਧਿਅਮ ਰਾਹੀਂ ਸੰਚਾਰੀ ਜਾਂਦੀ ਹੈ। ਯਥਾਰਥਿਕ ਵਸਤਾਂ ਵੀ ਉਦੋਂ ਹੀ ਅਸਲ–ਹੋਂਦ ਗ੍ਰਹਿਣ ਕਰਦੀਆਂ ਹਨ ਜਦੋਂ ਕਿਸੇ ਸੰਚਾਰ–ਪੈਟਰਨ ਵਿਚ ਢਲਦੀਆਂ ਹਨ ਅਤੇ ਕਲਾ–ਖੇਤਰ ਦੀਆਂ ਸਿਰਜਣਾਵਾਂ ਵੀ ਆਪਣੇ ਮੇਚੇ ਦੇ ਮਾਧਿਅਮ ਰਾਹੀਂ ਹੀ ਹੋਂਦ ਗ੍ਰਹਿਣ ਕਰਦੀਆਂ ਹਨ।

ਸਾਹਿਤ ਕਲਾ ਸ਼ਬਦਾਂ ਦੇ ਮਾਧਿਅਮ ਰਾਹੀਂ ਸਿਰਜੀ ਜਾਂਦੀ ਕਲਾ ਹੈ। ਸਾਹਿਤ ਵਿਚ ਪ੍ਰਸਤੁਤ ਹੁੰਦੀ ਭਾਸ਼ਾ ਸਾਹਿਤ ਰਚਨਾ ਦੇ ਵਸਤੂ ਦੀ ਪਰਕਿਰਤੀ ਅਨੁਕੂਲ ਖ਼ੁਦ ਨੂੰ ਢਾਲਦੀ ਹੈ ਅਤੇ ਬਹੁਤ ਵਾਰ ਆਪਣੇ ਮੂਲ ਅਰਥ–ਘੇਰਿਆਂ ਨੂੰ ਕਿਸੇ ਵਿਸਥਾਰਦੀ ਅਤੇ ਕਿਤੇ ਸੰਗੋੜਦੀ ਨਜ਼ਰ ਆਉਂਦੀ ਹੈ। ਸਾਹਿਤ ਕਲਾ ਵਿਚ ਵਰਤੇ ਜਾਂਦੇ ਸ਼ਬਦ ਹਰ ਪੱਧਰ ਉੱਪਰ ਰਚਨਾ–ਵਸਤੂ ਨੂੰ ਉਸ ਦੇ ਢੁੱਕਵੇਂ ਸੰਦਰਭਾਂ ਵਿਚ ਪੇਸ਼ ਕਰਨ ਲਈ ਆਪਣੇ ਮੂਲ ਸੁਭਾਅ ਨੂੰ ਵੀ ਨਵੇਂ ਰਚਨਾਤਮਿਕ ਸੰਦਰਭਾਂ ਵਿਚ ਢਾਲਦੇ ਹਨ। ਹਰ ਰਚਨਾ ਨੇ ਭਾਸ਼ਾ ਰੂਪੀ ਮਾਧਿਅਮ ਨੂੰ ਆਪਣੇ ਵਸਤੂ ਦੀ ਅਨੁਕੂਲਤਾ ਰਾਹੀਂ ਪੇਸ਼ ਕਰਨਾ ਹੁੰਦਾ ਹੈ ਇਸੇ ਦ੍ਰਿਸ਼ਟੀ ਤੋਂ ਕਿਹਾ ਜਾਂਦਾ ਹੈ ਕਿ ਸਾਹਿਤ ਰਚਨਾ ਜਿਨ੍ਹਾਂ ਭਾਸ਼ਾਈ ਰੂੜ੍ਹੀਆਂ ਰਾਹੀਂ ਸਿਰਜੀ ਜਾਂਦੀ ਹੈ ਉਹੀ ਭਾਸ਼ਾਈ ਰੂੜ੍ਹੀਆਂ ਅਸਲ ਵਿਚ ਉਸ ਦੇ ਮੇਚੇ ਦੀਆਂ ਰੂੜ੍ਹੀਆਂ ਹੁੰਦੀਆਂ ਹਨ। ਉਨ੍ਹਾਂ ਰਚਨਾਤਮਿਕ/ਰੂਪਾਤਮਿਕ ਰੂੜ੍ਹੀਆਂ ਤੋਂ ਰਚਨਾ ਨੂੰ ਕਿਸੇ ਪੱਧਰ ਉੱਪਰ ਵੀ ਨਿਖੇੜਿਆ ਨਹੀਂ ਜਾ ਸਕਦਾ। ਆਮ–ਭਾਸ਼ਾ ਵਰਤੋਂ ਸਮੇਂ ਬੁਲਾਰਾ ਭਾਸ਼ਾ ਵਿਚੋਂ ਸੁਨੇਹੇ ਨੂੰ ਗ੍ਰਹਿਣ ਕਰਨ ਤੋਂ ਬਾਅਦ ਭਾਸ਼ਾ–ਰੂਪ ਨੂੰ ਤਿਆਗ ਦਿੰਦਾ ਹੈ ਪਰ ਸਾਹਿਤ ਦਾ ਮਾਧਿਅਮ ਬਣੀ ਭਾਸ਼ਾ ਵਿਚ ਸੁਨੇਹਾ ਇਕੱਲੇ–ਇਕਹਿਰੇ ਰੂਪ ਵਿਚ ਮੌਜੂਦ ਹੀ ਨਹੀਂ ਹੁੰਦਾ। ਸਾਹਿਤ ਰਚਨਾ ਵਿਚਲਾ ਸੁਨੇਹਾ ਤਾਂ ਰਚਨਾ ਦੀ ਸਮੁੱਚਤਾ ਵਿਚ ਸਮੋਇਆ ਹੁੰਦਾ ਹੈ ਇਸੇ ਲਈ ਸਾਹਿਤ ਸਿਰਜਣਾਤਮਿਕ–ਸੁਨੇਹੇ ਦੀ ਪਰਕਿਰਤੀ ਦਾ ਧਾਰਨੀ ਹੈ। ਇਸ ਸੁਨੇਹੇ ਦੀਆਂ ਸੰਚਾਰ ਵਿਧੀਆਂ ਨੂੰ ਕਿਸੇ ਪੱਧਰ ’ਤੇ ਵੀ ਰਚਨਾ–ਪਾਠ ਤੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਪ੍ਰਮਾਣਿਕ ਰਚਨਾ ਰਚਨਾ–ਵਸਤੂ ਅਤੇ ਰਚਨਾ–ਰੂਪ ਦੀ ਇਕਸੁਰਤਾ ਵਿਚ ਢਲ ਕੇ ਹੀ ਪ੍ਰਮਾਣਿਕ–ਪਾਠ ਸਿਰਜਣ ਤੱਕ ਪਹੁੰਚਦੀ ਹੈ। ਜੇਕਰ ਅਜਿਹੇ ਸਾਹਿਤ–ਸਿਰਜਣ–ਵਿਹਾਰ ਵਿਚੋਂ ਕੋਈ ਸਾਹਿਤ ਰਚਨਾ ਪ੍ਰਸਤੁਤ ਹੁੰਦੀ ਹੈ ਤਾਂ ਨਿਸ਼ਚੇ ਹੀ ਉਹ ਆਪਣਾ ਮੌਲਿਕ ਸੰਸਾਰ ਸਿਰਜ ਰਹੀ ਹੋਏਗੀ ਅਤੇ ਇਹ ਮੌਲਿਕ ਸੰਚਾਰ–ਜੁਗਤ ਰਾਹੀਂ ਹੀ ਪ੍ਰਸਤੁਤ ਹੋ ਰਿਹਾ ਹੋਏਗਾ ਭਾਵੇਂ ਕਿ ਮੌਲਿਕਤਾ ਨੂੰ ਵੀ ਪਰੰਪਰਾ ਦੇ ਸੰਦਰਭ ਵਿਚ ਹੀ ਪਛਾਨਣਾ ਬਣਦਾ ਹੈ। ਪਰੰਪਰਾ ਵਿਚੋਂ ਹੀ ਮੌਲਿਕਤਾ ਆਪਣੇ ਨਕਸ਼ ਘੜਦੀ ਹੈ। ਅਧਿਐਨ–ਕਰਤਾ ਨੇ ਸਿਰਜਤ–ਪਾਠ ਤੱਕ ਪਹੁੰਚਣ ਲਈ ਰਚਨਾ ਦੀ ਸੰਚਾਰ–ਜੁਗਤ ਨੂੰ ਤਲਾਸ਼ਣਾ ਹੁੰਦਾ ਹੈ। ਰਚਨਾ–ਵਿਸ਼ੇਸ਼ ਦੀ ਸੰਚਾਰ ਜੁਗਤ ਹੀ ਪਾਠ ਦੇ ਰਚਨਾਤਮਿਕ ਸੱਚ ਦੀ ਤਲਾਸ਼ ਦਾ ਸਹਿਜ ਮਾਰਗ ਹੁੰਦੀ ਹੈ। ਇਸ

ਲਈ 'ਕੌਰਵ-ਸਭਾ' ਗਲਪੀ-ਪਾਠ (Fictional text) ਦਾ ਅਰਥ-ਸਿਰਜਣ ਵੀ ਨਿਸ਼ਚੇ ਹੀ ਸੰਚਾਰ ਜੁਗਤਾਂ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ।

ਮਿੱਤਰ ਸੈਨ ਮੀਤ ਦਾ ਨਾਵਲ 'ਕੌਰਵ ਸਭਾ' ਬਿਰਤਾਂਤ ਦੀਆਂ ਅਜਿਹੀਆਂ ਕੜੀਆਂ ਰਾਹੀਂ ਰੂਪਮਾਨ ਹੋ ਰਿਹਾ ਗਲਪੀ-ਪਾਠ ਹੈ ਜਿਹੜੀਆਂ ਆਪੋ ਵਿਚ ਇਕ ਅਜਿਹੇ ਜੀਵੰਤ ਰਿਸ਼ਤੇ ਵਿਚ ਬੱਝ ਕੇ ਅਜਿਹੀ ਰੂਪਕੀ ਸੰਰਚਨਾ ਪ੍ਰਸਤੁਤ ਕਰ ਰਹੀਆਂ ਹਨ ਜੋ ਸਮਾਜਕ ਯਥਾਰਥ ਦੀ ਹਰ ਪਰਤ ਨੂੰ ਉਘਾੜਨ ਦੇ ਸਮਰੱਥ ਹੈ। ਨਾਵਲ ਵਿਚਲੇ ਕੇਂਦਰੀ ਪਰਿਵਾਰ ਦਾ ਹਰ ਪੱਖੋਂ ਵਿਕਾਸ ਅਤੇ ਨਾਤਾਦਾਰੀ ਫੈਲਾਓ, ਉਸ ਪਰਿਵਾਰ ਵਿਚਲਾ ਤਣਾਓ, ਤਣਾਓ ਦੇ ਅਨੇਕਾਂ ਪਾਸਾਰ ਅਤੇ ਫਿਰ ਪਰਿਵਾਰ ਦਾ ਸੁੰਗੜਾਓ ਸਮੁੱਚੇ ਪਾਠ ਨੂੰ ਅਜਿਹੇ ਪੈਟਰਨ ਵਿਚ ਫੈਲਾਉਂਦਾ ਹੈ ਕਿ ਸਮਾਜ ਦਾ ਹਰ ਵਰਤਾਰਾ ਪਾਠ ਦੇ ਇਸ ਰੂਪਕੀ-ਵਿਧਾਨ ਵਿਚ ਨਿਵੇਕਲੇ ਨਕਸ਼ਾਂ ਰਾਹੀਂ ਵਿਦਮਾਨ ਦਿਖਾਈ ਦਿੰਦਾ ਹੈ।

'ਕੌਰਵ ਸਭਾ' ਮਾਇਆ-ਵਸ ਚਲਦੇ ਪਰਿਵਾਰ/ਸਮਾਜ ਨੂੰ ਹਰ ਪੱਧਰ ਉੱਪਰ ਅਜਿਹੇ ਚਿੰਨ੍ਹਾਂ ਰਾਹੀਂ ਪ੍ਰਸਤੁਤ ਕਰਦਾ ਹੈ ਜਿਹੜੇ ਮਨੁੱਖ ਦੀ ਮਾਨਸਿਕਤਾ ਵਿਚ ਭਾਵੇਂ ਮੁੱਢ ਕਦੀਮ ਤੋਂ ਵਿਦਮਾਨ ਰਹੇ ਹਨ ਪਰ ਮੌਜੂਦਾ ਸਮਾਜਿਕ-ਯਥਾਰਥ ਵਿਚ ਇਨ੍ਹਾਂ ਮਾਇਆ ਵਰਗੇ ਚਿੰਨ੍ਹਾਂ/ਸੰਕਲਪਾਂ ਦਾ ਜੋ ਰੂਪ ਸਾਹਮਣੇ ਆ ਰਿਹਾ ਹੈ ਇਹ ਇਸ ਸਾਮਿਅਕ ਸਮਾਜਿਕ ਪ੍ਰਸਥਿਤੀਆਂ 'ਚੋਂ ਹੀ ਉੱਘੜ ਰਿਹਾ ਸੱਚ ਹੈ। ਇਸ ਸੱਚ ਨੇ ਮਨੁੱਖ ਦੀ ਮਾਨਸਿਕਤਾ ਨੂੰ ਕਿੰਨੀ ਡੂੰਘ ਤੱਕ ਜਾ ਕੇ ਪ੍ਰਭਾਵਿਤ ਕੀਤਾ ਇਸ ਤੱਥ ਨੂੰ 'ਕੌਰਵ ਸਭਾ' ਦਾ ਗਲਪੀ-ਪਾਠ ਖੋਲ੍ਹ ਰਿਹਾ ਹੈ।

ਸਮੁੱਚੇ ਪਾਠ ਵਿਚ ਮਾਇਆ ਕੇਂਦਰੀ ਸੰਚਾਲਕ ਸ਼ਕਤੀ ਹੈ। ਮਾਇਆ ਦੇ ਚਿੰਨ੍ਹ ਦਾ ਪਰੰਪਰਾ ਵਿਚ ਪਿਆ ਸੰਕਲਪ ਅਰਥਾਂ ਦੇ ਪੱਧਰ ਉੱਪਰ 'ਕੌਰਵ ਸਭਾ' ਵਿਚਲੇ ਸੰਕਲਪ ਤੋਂ ਭਿੰਨ ਨਹੀਂ ਜਾਪਦਾ ਪਰੰਤੂ ਕੌਰਵ ਸਭਾ ਵਿਚ ਮਾਇਆ ਦੀ ਗ੍ਰਿਫ਼ਤ ਵਿਚ ਗ੍ਰੱਸੇ ਮਨੁੱਖ ਦੇ ਨਕਸ਼ ਪਰੰਪਰਾ ਵਿਚ ਪਏ ਮਨੁੱਖ ਦੇ ਮਾਨਵੀ-ਬਿੰਬ ਤੋਂ ਬਿਲਕੁਲ ਭਿੰਨ ਹਨ। ਇਨ੍ਹਾਂ ਅਮਾਨਵੀ ਨਕਸ਼ਾਂ ਦੀ ਭਿੰਨਤਾ ਸਾਮਿਅਕ ਯਥਾਰਥ ਨਾਲ ਇਕਸੁਰਤਾ ਨਿਭਾਉਂਦੀ ਹੈ। ਇਸੇ ਲਈ ਇਹ ਕਿਸੇ ਵੀ ਪੱਧਰ 'ਤੇ ਗ਼ੈਰ-ਯਥਾਰਥਿਕ ਨਹੀਂ ਜਾਪਦੀ। 'ਕੌਰਵ ਸਭਾ' ਦੀ ਸਾਮਿਅਕ ਯਥਾਰਥ ਨਾਲ ਇਹ ਇਕਸੁਰਤਾ ਇਸ ਪਾਠ ਨੂੰ ਡਰਾਉਣੀ ਬਾਤ ਵਾਂਗ ਸੰਚਾਰਦੀ ਹੈ।

ਮਾਇਆ ਦੀ ਮਾਨਸਿਕਤਾ ਵਿਚ ਗ੍ਰੱਸੀ ਹੋਈ ਇਸ ਗਲਪੀ-ਕੜੀ ਦੇ ਵਿਸਥਾਰ ਮਾਇਆ-ਨਗਰ ਦੇ ਚਿੰਨ੍ਹ ਨੂੰ ਮਾਇਆ ਜਗਤ ਦੇ ਚਿੰਨ੍ਹਤ ਵਿਚ ਖੋਲ੍ਹਦੇ ਹਨ। 'ਕੌਰਵ ਸਭਾ' ਦਾ ਹਰ ਪਾਤਰ ਮਾਇਆਵੀ ਜਗਤ ਦੇ ਚਿੱਤਰਪਟ ਉੱਪਰ ਇਕ ਗੋਟੀ ਤੋਂ ਵੱਧ ਦਿਖਾਈ ਨਹੀਂ ਦਿੰਦਾ। ਗੋਟੀ ਬਣੇ ਇਹ ਚਿੰਨ੍ਹ ਮਾਇਆ ਦੇ ਚਲਾਏ ਚਲ ਰਹੇ ਹਨ। ਮੋਹਨ (ਵੱਡਾ ਭਰਾ) ਇਸੇ ਮਾਇਆ ਨਗਰੀ ਦੀ ਪੈਦਾਵਾਰ ਹਨ। 'ਕੌਰਵ ਸਭਾ' ਵਿਚ ਕੇਂਦਰੀ ਪਰਿਵਾਰ ਨੂੰ ਵਿਕਾਸ ਦੇ ਵਿਨਾਸ਼ ਦੇ ਜਾਣੇ-ਪਛਾਣੇ ਪੈਟਰਨਾਂ ਰਾਹੀਂ ਵਿਗਸਦੇ ਦਿਖਾਇਆ ਗਿਆ ਹੈ। ਵਿਕਾਸ ਜਿਨ੍ਹਾਂ ਆਧਾਰਾਂ ਉੱਪਰ ਉਸਰਦਾ ਹੈ ਅਗਲੇਰੀਆਂ ਕਥਾਨਕੀ ਕੜੀਆਂ ਉਨ੍ਹਾਂ ਆਧਾਰਾਂ ਉੱਪਰ ਹੀ ਇਸ ਵਿਕਾਸ ਨੂੰ ਵਿਨਾਸ਼ ਤੱਕ ਵਧਦੇ ਦਿਖਾਉਂਦੀਆਂ ਹਨ। ਨਾਵਲ ਦੀ ਇਹ ਸਹਿਜ ਗਲਪੀ-ਜੁਗਤ ਭਾਵੇਂ ਪਾਠ ਨੂੰ ਲਕੀਰੀ ਬਣਾਉਂਦੀ ਦਿਸਦੀ ਹੈ ਪਰੰਤੂ ਇਸ ਜੁਗਤ ਨਾਲ ਪਾਠ ਦਾ ਸੰਚਾਰ ਵੀ ਸਹਿਜਤਾ ਨੂੰ ਪ੍ਰਣਾਏ ਹੋਏ ਹੈ।

'ਕੌਰਵ ਸਭਾ' ਦੇ ਥੀਮਕ ਪਾਸਾਰਾਂ ਦੇ ਪੈਟਰਨ ਵਿਚ ਮਾਇਆ, ਮਨੁੱਖ ਤੇ ਮਨੁੱਖ ਦੀ ਮਾਨਸਿਕਤਾ ਦੇ ਅਨੇਕਾਂ ਰੰਗ ਕੇਂਦਰੀ ਸੂਤਰ ਵਿਚ ਦਿਖਾਈ ਦਿੰਦੇ ਹਨ। ਮਨੁੱਖ ਅਕਾਂਖਿਆਵੀ ਸਥਿਤੀ ਵਿਚੋਂ

ਕਦੋਂ ਜੁਰਮ ਵੱਲ ਵਧਦਾ ਹੈ ਤੇ ਭ੍ਰਿਸ਼ਟ ਪ੍ਰਸ਼ਾਸ਼ਨਿਕ ਤੇ ਨਿਆਂਇਕ ਵਿਵਸਥਾ ਦੀ ਜਕੜ ਵਿਚ ਆਉਂਦਾ ਹੈ, ਖ਼ੁਦ ਮਨੁੱਖ ਨੂੰ ਇਹ ਸੋਚਣ ਦਾ ਮੌਕਾ ਤੱਕ ਨਹੀਂ ਮਿਲਦਾ। 'ਕੌਰਵ ਸਭਾ' ਦੇ ਪਾਤਰ ਇਸੇ ਸਥਿਤੀ ਨੂੰ ਹੰਢਾਉਂਦੇ ਹਨ। ਪਾਠ ਵਿਚਲੀਆਂ ਵਿਰੋਧੀ ਧਿਰਾਂ ਨਹੀਂ ਜਾਣਦੀਆਂ ਕਿ ਸਮੁੱਚੇ ਸਿਸਟਮ ਦੇ ਨਿਘਾਰ ਵਿਚ ਕਿੰਨਾ ਕਿਸ ਵਿਵਸਥਾ ਦਾ ਦਖ਼ਲ ਹੈ। ਸੱਤਾ ਦੀ ਸੁਪਰਮੇਸੀ ਨਿਆਂ ਤੇ ਪ੍ਰਸ਼ਾਸ਼ਨਿਕ ਵਿਵਸਥਾ ਦਾ ਹਿੱਸਾ ਕਿਵੇਂ ਬਣਦੀ ਹੈ ਜੁਰਮ ਦੇ ਪਾਸਾਰ ਵਿਚ ਮਨੁੱਖ ਦੀ

**ਕੌਰਵ ਸਭਾ ਦਾ ਥੀਮਕ ਪਾਸਾਰ**




ਮਹਿਜ਼ ਮੂਲ ਬਿਰਤੀ ਦਾ ਹੀ ਇੱਕਲਾ ਦਖ਼ਲ ਨਹੀਂ ਹੁੰਦਾ ਅਤੇ ਮਨੁੱਖ ਕਿਵੇਂ ਮਾਇਆ ਦੇ ਬਦਲ ਵਜੋਂ ਹੀ ਗਤੀਸ਼ੀਲਤਾ ਨਿਭਾਉਂਦਾ ਹੈ। 'ਕੌਰਵ ਸਭਾ' ਦਾ ਪਾਠ ਇਨ੍ਹਾਂ ਗਲਪੀ-ਕੜੀਆਂ ਨੂੰ ਇਸ ਤਰ੍ਹਾਂ ਸਿਰਜਦਾ ਹੈ ਕਿ ਇਸ ਵਿਚੋਂ ਸੂਖ਼ਤਮ ਸਥਿਤੀਆਂ ਦਾ ਸੱਚ ਸਾਹਮਣੇ ਆ ਰਿਹਾ ਹੈ। ਗਲਪੀ ਵਕਤਾ ਵਿਅੰਗ ਦ੍ਰਿਸ਼ਟੀ ਤੋਂ ਸਮੁੱਚੀ ਸਥਿਤੀਆਂ ਨੂੰ ਰੱਦਦਾ ਅਤੇ ਵਿਚਾਰਗੀ ਨੂੰ ਪ੍ਰਗਟਾਉਂਦਾ ਹੈ। 'ਕੌਰਵ ਸਭਾ' ਦਾ ਇਹ ਉਸਾਰ ਸਮਾਜਿਕ ਸਿਸਟਮ ਨੂੰ ਇਕ ਸੂਤਰ ਵਿਚ ਪਰੋ ਕੇ ਸੰਚਾਰਦਾ ਨਜ਼ਰ ਆਉਂਦਾ ਹੈ।

'ਕੌਰਵ ਸਭਾ' ਦੇ ਪਾਠ ਵਿਚੋਂ ਜਿੱਥੇ ਯਥਾਰਥ ਦੀਆਂ ਮਹੀਨ ਤੰਦਾਂ ਅਤੇ ਧੁਨੀਆਂ ਪ੍ਰਸਤੁਤ ਹੋ ਰਹੀਆਂ ਹਨ ਉਥੇ ਪਾਠ ਦਾ ਵਕਤਾ ਇਨ੍ਹਾਂ ਧੁਨੀਆਂ ਅਤੇ ਤੰਦਾਂ ਦੇ ਮਿੱਥ ਵਿਚ ਪਏ ਸਪਾਂਤਰ ਵੇ ਰਵਿਆਂ ਨੂੰ ਵੀ ਢੁੱਕਵੇਂ ਸੰਦਰਭਾਂ ਵਿਚ ਬੰਨ੍ਹ ਕੇ ਬਹੁ-ਪਰਤੀ ਬਣਾਉਂਦਿਆਂ ਇਸ ਨੂੰ ਗਹਿਰਾਈ ਬਖਸ਼ਦਾ ਹੈ।

> "ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸ ਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ?"

ਇਕ ਵਾਰ ਨੇਹਾ ਤੋਂ ਕਮਲ ਨੇ ਇਹ ਪ੍ਰਸ਼ਨ ਪੁੱਛਿਆ ਸੀ। ਫੇਰ ਆਪੇ ਉਸ ਨੇ ਉੱਤਰ ਦਿੱਤਾ ਸੀ। "ਇਹ ਕੰਧਾਰੀ ਦੀ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਸੀ ਜੇ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ।" ਕਮਲ ਅੱਜ ਫਿਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ।

.....ਨੇਹਾ ਜਿਉਂਦੀ ਹੋ ਕੇ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿੱਛੋਂ ਇਕ ਹੋਰ ਮਹਾਂਭਾਰਤ ਹੋ ਜਾਏਗਾ। ਉਸ ਦੇ ਮਾਂ– ਬਾਪ ਰੁਲ ਕੇ ਮਰ ਜਾਣਗੇ ਕਮਲ ਦੇ ਕਾਤਲ ਬਰੀ ਹੋ ਜਾਣਗੇ।

ਨੇਹੀ ਸੰਭਲੀ। ਉਸਨੇ ਆਪਣੀਆਂ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ।" ਪੰਨਾ *104*

– "ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ 'ਕੌਰਵ ਸਭਾ' ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਨ ਤੋਂ ਡਰਨ ਲੱਗੀ।" ਪੰਨਾ *267*

ਸਾਹਿਤ ਦਾ ਮਿੱਥ ਨਾਲ ਇਹ ਰਿਸ਼ਤਾ ਪਾਠ ਨੂੰ ਵਧੇਰੇ ਸਹਿਜ/ਆਮ ਬਣਾਉਣ ਦੀ ਪ੍ਰਮਾਣਿਕ ਸਾਹਿਤਕ ਰੂੜ੍ਹੀ ਸਮਝੀ ਜਾਂਦੀ ਹੈ। ਇਸ ਦਾ ਨਿਭਾਓ 'ਕੌਰਵ ਸਭਾ' ਵਿਚ ਇਸ ਦੇ ਸਿਰਲੇਖ ਤੋਂ ਲੈ ਕੇ ਨਾਵਲ ਦੇ ਹਰ ਪੇਚੀਦਾ ਵਿਸਥਾਰ ਤੱਕ ਫੈਲਦਾ ਹੈ। ਗਲਪੀ ਪਾਠ ਨੂੰ ਇਸ ਸੰਚਾਰ ਸਹਿਜਤਾ ਰਾਹੀਂ ਪ੍ਰਸਤੁਤ ਕਰਦਿਆਂ ਲੇਖਕ ਨੇ ਮਿੱਥ ਨੂੰ ਪੁਨਰ–ਸਿਰਜਣਾ ਵਿਚ ਨਹੀਂ ਢਾਲਿਆ ਸਗੋਂ ਮਿੱਥ ਨੂੰ ਸਮਕਾਲੀ ਯਥਾਰਥ ਨਾਲ ਤੁਲਨਾਉਂਦਿਆਂ ਵਿਅੰਗ ਰਾਹੀਂ ਆਪਣਾ ਸੁਨੇਹਾ ਸਿਰਜਿਆ ਹੈ।

'ਕੌਰਵ ਸਭਾ' ਦਾ ਉਸਾਰ ਮੁੱਖ ਰੂਪ ਵਿਚ ਵਕਤਾ ਦੇ ਬਚਨਾਂ ਅਤੇ ਘਟਨਾਵਾਂ ਦੀ ਕ੍ਰਮਕਤਾ ਰਾਹੀਂ ਸੰਚਾਰਿਆ ਗਿਆ ਹੈ। 'ਕੌਰਵ ਸਭਾ' ਵਿਚਲਾ ਘਟਨਾ–ਕ੍ਰਮ ਰੂਪਕੀ ਕੜੀਆਂ ਵਿਚ ਬੱਝਦਾ ਦਿਖਾਈ ਦਿੰਦਾ ਹੈ। 'ਕੌਰਵ ਸਭਾ' ਦੀ ਗਲਪੀ–ਜੁਗਤ ਦਾ ਢੁੱਕਵੀਂ ਭਾਸ਼ਾਈ ਜੁਗਤ ਵਿਚ ਢਲਣਾ ਅਤੇ ਘਟਨਾਵੀ ਕ੍ਰਮ ਦਾ ਬਿਰਤਾਂਤੀ, ਵਰਣਾਤਮਿਕ, ਸੰਵਾਦੀ ਜੁਗਤਾਂ ਰਾਹੀ ਪ੍ਰਮਾਣਿਕ ਗਲਪ ਪਾਠ ਵਜੋਂ ਪ੍ਰਸਤੁਤ ਹੋਣਾ ਇਸ ਦਾ ਹਾਸਲ ਹੈ।



'ਕੌਰਵ ਸਭਾ' ਸਭਾ ਦਾ ਬਿਰਤਾਂਤ ਘਟਨਾਵਾਂ ਦੇ ਕ੍ਰਮ ਨੂੰ ਵਿਆਖਿਆ ਰਾਹੀਂ ਰੋਕਦਾ ਤੇ ਫਿਰ ਗਤੀ ਦਿੰਦਾ ਹੈ। ਘਟਨਾ-ਦਰ-ਘਟਨਾ ਦੇ ਬਿਰਤਾਂਤ ਦੇ ਨਿਭਾਓ ਸਮੇਂ ਵਕਤਾ ਇਸ ਸਥਿਤੀ ਨੂੰ ਬਹੁਤੀ ਦੇਰ ਤੱਕ ਨਹੀਂ ਨਿਭਾਂਦਾ ਉਹ ਵਾਪਰੀ ਘਟਨਾ ਪ੍ਰਤੀ ਟਿੱਪਣੀ ਦੀ ਜੁਗਤ ਅਪਨਾਉਂਦਿਆਂ ਸਥਿਤੀ ਦੇ ਤਣਾਓ ਨੂੰ ਕਿਤੇ ਘਟਾਉਣ ਦਾ ਯਤਨ ਕਰਦਾ ਹੈ ਅਤੇ ਕਿਤੇ ਤਣਾਓ ਨੂੰ ਵਧਾਉਣ ਦੀ ਜੁਗਤ ਅਪਨਾਉਂਦਾ ਹੈ। ਘਟਨਾ ਤੋਂ ਪਹਿਲਾਂ ਅਗਾਊਂ ਸੂਚਨਾ ਦੇਣ ਦੀ ਜੁਗਤ ਵੀ 'ਕੌਰਵ ਸਭਾ' ਦੀ ਜੁਗਤ ਹੈ, ਜਿਵੇਂ ਗਲਪਕਾਰ ਘਟਨਾ ਦੇ ਵਾਪਰਨ ਤੋਂ ਪਹਿਲਾਂ ਹੀ ਪਾਠਕ ਨੂੰ ਸੁਚੇਤ ਕਰ ਰਿਹਾ ਹੈ। ਘਟਨਾ ਪ੍ਰਤੀ ਤਿੱਖੀ ਟਿੱਪਣੀ ਦੀ ਜੁਗਤ ਵੀ 'ਕੌਰਵ ਸਭਾ' ਦਾ ਹਾਸਲ ਹੈ। ਇਹ ਟਿੱਪਣੀ ਬਹੁਤੀ ਵਾਰ ਸਹਿਜ ਵਿਅੰਗ ਰਾਹੀਂ ਸਥਿਤੀ ਦਾ ਬੋਧ ਕਰਵਾਉਂਦੀ ਹੈ। ਨਾਵਲ ਦਾ ਵਰਣਾਤਮਿਕ ਖ਼ਾਸਾ ਘਟਨਾਵਾਂ ਦੀ ਵਿਆਖਿਆ ਤਾਂ ਹੈ ਹੀ ਪਰੰਤੂ ਵਿਆਖਿਆ ਤੋਂ ਪਹਿਲਾਂ ਅਤੇ ਵਿਆਖਿਆ ਤੋਂ ਬਾਅਦ ਸਹਜਿ ਟਿੱਪਣੀ ਰਾਹੀਂ ਨਾਵਲਕਾਰ ਸੁਨੇਹੇ ਨੂੰ ਸਿਰਜਦਾ ਹੈ। 'ਕੌਰਵ ਸਭਾ' ਪ੍ਰਸ਼ਨ-ਵਿਆਖਿਆ-ਪ੍ਰਸ਼ਨ ਦਾ ਨੇਮ ਵੀ ਨਿਭਾਉਂਦੀ ਹੈ ਕਿਤੇ ਕਿਤੇ ਪ੍ਰਸ਼ਨ-ਘਟਨਾ-ਪ੍ਰਸ਼ਨ ਦਾ ਬਿਰਤਾਂਤ ਵੀ ਸੰਵਾਦ ਨੂੰ ਨੇਪਰੇ ਚਾੜ੍ਹ ਰਿਹਾ ਹੈ ਪਰੰਤੂ ਵਾਰਤਾਲਾਪੀ ਨਿਭਾਓ ਵਿਚ ਗੈਰਹਾਜ਼ਰ ਪਾਤਰਾਂ ਦੇ ਸੰਵਾਦ ਨੂੰ ਵੀ ਜੀਵੰਤ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਇਹ ਪਾਤਰਾਂ ਦਾ ਸੰਵਾਦ ਨਾ ਰਹਿ ਕੇ ਜੀਵਨ ਪ੍ਰਤੀ ਵੱਖ-ਵੱਖ ਪਹੁੰਚਾਂ ਤੱਕ ਫੈਸਲਾ ਦਿਖਾਈ ਦਿੰਦਾ ਹੈ। ਇਸੇ ਲਈ ਪਾਠ-ਅੰਸ਼ਾਂ ਵਿਚੋਂ ਧੁਨੀਆਂ-ਪ੍ਰਤੀ-ਧੁਨੀਆਂ ਸੁਣਾਈ ਦਿੰਦੀਆਂ ਹਨ ਅਤੇ ਸੰਵਾਦ ਬਹੁ ਪਰਤੀ ਹੋ ਜਾਂਦਾ ਹੈ।

**ਗ਼ੈਰਹਾਜ਼ਰ ਧਿਰ ⟷ ਹਾਜ਼ਰ ਧਿਰ ⟷ ਗ਼ੈਰਹਾਜ਼ਰ ਧਿਰ**

ਕਮਲ ਨੇਹਾ ਮਾਤਾ ਜੀ

↓ ↓ ↓

ਵਿਗਿਆਨਕ-ਤਰਕ ⟷ ਸੰਵਾਦ ⟷ ਧਾਰਮਿਕ/ਅਧਿਆਤਮਿਕ ਵਿਸ਼ਵਾਸ

ਕਮਲ-ਨੇਹਾ-ਮਾਤਾ ਜੀ (ਕਾਂਡ 27) ਦੇ ਸੰਵਾਦ ਨੂੰ ਚਾਹੇ ਨੇਹਾ ਹੀ ਨੇਪੜੇ ਚਾੜ੍ਹ ਰਹੀ ਹੈ, ਬਾਕੀ ਦੋਵੇਂ ਧਿਰਾਂ ਉਸ ਸਮੇਂ ਸਿਰਫ਼ ਵਿਚਾਰਾਂ ਦੇ ਪੱਧਰ 'ਤੇ ਹਾਜ਼ਰ ਹਨ ਪਰ ਫਿਰ ਵੀ ਇਹ ਸੰਵਾਦ ਜੀਵਨ ਪ੍ਰਤੀ ਦੋ ਪਹੁੰਚਾਂ ਦਾ ਸੰਵਾਦ ਹੈ। ਯਥਾਰਥ ਦੀ ਪੇਚੀਦਗੀ ਨੂੰ ਮਨੁੱਖ ਨੇ ਤਰਕ-ਪੂਰਨ ਹੱਲ ਕਰਨਾ ਹੈ ਜਾਂ ਕਿਸੇ ਅਧਿਆਤਮਿਕ ਸ਼ਕਤੀ 'ਚ ਵਿਸ਼ਵਾਸ ਕਰਦਿਆਂ ਸਥਿਤੀ ਦੇ ਖ਼ੁਦ ਹੀ ਬਦਲ ਜਾਣ ਦੀ ਉਡੀਕ ਕਰਨੀ ਹੈ। ਦੋਵਾਂ ਰਾਹਾਂ ਪ੍ਰਤੀ ਸੁਚੇਤ ਕਰਦਾ ਇਹ ਪਾਠ ਅਛੋਪਲੇ ਹੀ ਸੁਝਾਊ ਬਿਰਤੀ ਦਾ ਲਿਖਾਇਕ ਹੈ। ਯਥਾਰਥ ਨੂੰ ਪੁਨਰ-ਸਿਰਜਤ ਕਰਦਿਆਂ ਨਾਵਲ ਵਿਚ ਹਰ ਪਾਤਰ ਨੂੰ ਆਪਣੇ ਵਿਹਾਰਕ ਖੇਤਰ ਵਿਚੋਂ ਭਾਸ਼ਾਈ ਰਜਿਸਟਰਾਂ ਨੂੰ ਵਰਤੋਂ ਵਿਚ ਲਿਆਉਂਦੇ ਦਿਖਾਇਆ ਗਿਆ ਹੈ। ਇਸ ਵਿਚ ਅਦਾਲਤੀ ਅਤੇ ਪ੍ਰਸ਼ਾਸਨਿਕ ਭਾਸ਼ਾਈ ਰਜਿਸਟਰਾਂ ਦੀ ਭਰਪੂਰਤਾ ਦਾ ਤਰਕ ਪਛਾਣੀਏ ਤਾਂ ਇਹ ਨਾਵਲ ਆਰੰਭ ਤੋਂ ਅੰਤ ਤੱਕ ਕਤਲ ਕੇਸ ਦੇ ਅਦਾਲਤੀ ਅਤੇ ਪ੍ਰਸਾਸ਼ਕੀ ਅਮਲ ਨੂੰ ਨਿਭਾਉਣ ਵਾਲਾ ਗਲਪੀ-ਉਸਾਰ ਹੈ। ਪਾਠ ਵਿਚਲਾ ਹਰ ਪੈਰੋਲ ਵਿਹਾਰਕ ਖੇਤਰ ਦੇ ਭਾਸ਼ਾਈ ਉਚਾਰਾਂ ਰਾਹੀਂ ਗਲਪੀ-ਵਸਤੂ ਨੂੰ ਉਸ ਦੀਆਂ ਬਹੁ-ਦਿਸ਼ਾਵੀਂ ਪਰਤਾਂ ਵਿਚ ਪ੍ਰਗਟਾਉਣ ਦੇ ਸਮਰੱਥ ਹੈ। 'ਕੌਰਵ ਸਭਾ' ਵਿਚ ਭਾਵੇਂ ਭਾਸ਼ਾਈ ਰਜਿਸਟਰ ਵੱਖ-ਵੱਖ ਖੇਤਰਾਂ ਵਿਚੋਂ ਪਾਠ ਦਾ ਉਸਾਰ ਸਿਰਜ ਰਹੇ ਹਨ ਪਰੰਤੂ ਇਥੇ ਇਹ ਰਜਿਸਟਰ ਇਕ ਰਚਨਾਤਮਿਕ-ਸਮੁੱਚਤਾ (Creative

Totality) ਵਿਚ ਕਾਰਜਸ਼ੀਲ ਦਿਖਾਈ ਦਿੰਦੇ ਹਨ ਤੇ ਅੱਗੋਂ ਇਹ ਰਚਨਾਤਮਿਕ–ਸਮੁੱਚਤਾ ਅਜਿਹੀਆਂ ਗਲਪੀ ਕੜੀਆਂ ਵਿਚ ਬੱਝਦੀ ਹੈ ਜੋ ਇਕ ਪ੍ਰਮਾਣਿਕ ਗਲਪੀ–ਪਾਠ ਨੂੰ ਸਾਕਾਰ ਕਰਦੀਆਂ ਹਨ ।

'ਕੌਰਵ ਸਭਾ' ਦਾ ਰਚਨਾਤਮਿਕ ਸੰਸਾਰ ਇਸ ਦੀਆਂ ਅੰਤਰੀਵੀ ਜੁਗਤਾਂ ਰਾਹੀਂ ਸਿਰਜਿਆ ਜਾ ਰਿਹਾ ਅਜਿਹਾ ਪਾਠ ਹੈ ਜੋ ਆਪਣਾ ਸੰਚਾਰ–ਵਿਧਾਨ ਖ਼ੁਦ ਘੜਦਾ ਹੈ ਅਤੇ ਅਤੇ ਜੋ ਸਮਕਾਲੀ ਜੀਵਨ ਯਥਾਰਥ ਦੇ ਅਸਲ ਸੱਚ ਨੂੰ ਤਲਾਸ਼ਦਾ ਅਤੇ ਤਰਾਸ਼ਦਾ ਹੈ ।

# 21
# 'ਕੌਰਵ ਸਭਾ' ਦੀ ਸੰਰਚਨਾ

**ਭੂਪਿੰਦਰ ਕੌਰ (ਡਾ.)**

ਪੰਜਾਬੀ ਗਲਪ ਦੇ ਚਰਚਿਤ ਹਸਤਾਖ਼ਰ ਮਿੱਤਰ ਸੈਨ ਮੀਤ ਦੀ ਗਲਪ ਰਚਨਾ 'ਕੌਰਵ ਸਭਾ' ਨੂੰ ਵੀ ਉਸਦੀਆਂ ਪਹਿਲੀਆਂ ਸੱਤਾਂ ਵਿੱਚੋਂ ਦੋ ਰਚਨਾਵਾਂ 'ਤਫ਼ਤੀਸ਼' ਤੇ 'ਕਟਹਿਰਾ' ਵਾਂਗ ਭਰਪੂਰ ਹੁੰਗਾਰਾ ਮਿਲਿਆ ਹੈ। ਕਿਸੇ ਬੋਲ ਦੇ ਹੁੰਗਾਰੇ ਦੀ ਭਰਪੂਰਤਾ, ਉਸ ਬੋਲ 'ਚ ਹੀ ਨਿਹਿਤ ਹੁੰਦੀ ਹੈ। ਵਕਤਾ ਨੇ, ਬੁਲਾਰੇ ਨੇ ਆਪਣੀ ਪੂਰਨ ਸਮਰੱਥਾ ਰਾਹੀਂ ਸਰੋਤੇ ਦੀ ਚੇਤਨਾ ਨੂੰ ਟੁੰਬਣਾ ਹੁੰਦਾ ਹੈ। ਜਿਹੜੀ ਸਾਹਿਤ-ਕਿਰਤ ਪਾਠਕ/ਸਰੋਤੇ ਦੇ ਖ਼ਿਆਲਾ, ਵਿਚਾਰਾਂ, ਭਾਵਾਂ 'ਚ ਖਲਬਲੀ ਨਹੀਂ ਮਚਾਉਂਦੀ, ਕੁਝ ਪ੍ਰਸ਼ਨ ਨਹੀਂ ਜਗਾਉਂਦੀ, ਉਹ ਆਪਣੇ ਸਾਹਿਤਕ ਕੰਮ-ਵਿਧਾਨ 'ਚ ਪਰਿਪੂਰਨ ਹੁੰਦਿਆਂ ਵੀ ਸਿਖ਼ਰ 'ਤੇ ਨਹੀਂ ਪਹੁੰਚ ਸਕਦੀ। ਨਾਵਲ ਜੀਵਨ ਦੀ ਸਮੁੱਚਤਾ ਨੂੰ ਪਕੜਨ ਦੀ ਸਮਰੱਥਾ ਰੱਖਣ ਵਾਲਾ ਗਲਪੀ-ਰੂਪਾਕਾਰ ਹੈ। 'ਕੌਰਵ ਸਭਾ' ਤਿੰਨ ਥੀਮਿਕ-ਇਕਾਈਆਂ ਜਿੱਤ-ਹਾਰ, ਪੈਸਾ-ਕਾਨੂੰਨ ਤੇ ਸੱਚ-ਇਨਸਾਫ਼ ਨੂੰ ਉਭਾਰਨ ਵਾਲੀ ਅਜਿਹੀ ਸੰਰਚਨਾ ਹੈ, ਜੋ ਤਿੰਨ ਉਪਸੰਰਚਨਾਵਾਂ (ਭਾਗ ਪਹਿਲਾ, ਦੂਸਰਾ ਤੇ ਤੀਜਾ) ਵਿਚ ਫੈਲੀ ਹੋਈ ਹੈ। ਇਹ ਤਿੰਨ ਉਪ-ਸੰਰਚਨਾਵਾਂ, *117* ਬੁਣਤੀਆਂ ਦੀ ਬਣਤਰ ਨੂੰ ਰੂਪਮਾਨ ਕਰਦੀਆਂ ਹਨ।[1] ਕੌਰਵ ਸਭਾ ਦੇ ਪ੍ਰਵੇਸ਼ ਦੁਆਰ ਤੋਂ ਪਹਿਲਾਂ, ਪੁਸਤਕ-ਸਮਰਪਣ, ਹਰੀਸ਼ ਰਾਏ ਐਡਵੋਕੇਟ ਦੇ ਨਾਂ ਹੈ, ਜਿਸ ਖੇਤਰ ਨੂੰ ਵਸਤੂ ਬਣਾਉਂਦਿਆਂ ਭ੍ਰਿਸ਼ਟ-ਨਿਜ਼ਾਮ ਦੀਆਂ ਪਰਤਾਂ ਉਧੇੜੀਆਂ ਗਈਆਂ ਹਨ, ਉਸੇ ਖੇਤਰ ਦੀ ਸ਼ਖ਼ਸੀਅਤ ਦੇ ਨਾਂ ਸਮਰਪਣ 'ਕੋਈ ਹਰਿਆ ਬੂਟ ਰਹਿਓ ਰੀ' ਵਰਗੀ ਸੁਤੰਸ਼ਟੀ ਪ੍ਰਦਾਨ ਕਰਦਾ ਹੈ। ਇਹ ਵਿਸ਼ਵਾਸ ਹੋਰ ਪ੍ਰਪੱਕ ਹੁੰਦਾ ਹੈ ਕਿ ਕਦੇ ਵੀ, ਕੁਝ ਵੀ ਸੰਪੂਰਣ ਰੂਪ ਵਿਚ ਨਿੰਦਣਯੋਗ ਨਹੀਂ ਹੁੰਦਾ, ਪੂਰਾ ਤਰ੍ਹਾਂ ਗਲ਼ ਸੜ ਚੁੱਕੇ ਸਮੁੱਚ (whole) ਵਿਚ ਵੀ ਕਿਤੇ ਨਾ ਕਿਤੇ, ਕੁਝ ਨਾ ਕੁਝ, ਕੋਈ ਨਾ ਕੋਈ ਜ਼ੁਜ਼ (part) ਅਜਿਹਾ ਜ਼ਰੂਰ ਹੁੰਦਾ ਹੈ, ਜੋ ਰੂਪਾਂਤਰਣ ਦਾ ਆਧਾਰ ਸਿਰਜਦਾ ਹੈ। ਇਸ ਗਲਪ-ਰਚਨਾ (ਕੌਰਵ ਸਭਾ) 'ਚੋਂ ਇਹ ਸਿਧਾਂਤ ਭਲੀਭਾਂਤ ਉਜਾਗਰ ਹੁੰਦਾ ਹੈ, ਜੋ ਇਸ ਕਿਰਤ ਦੀ ਭਰਪੂਰ ਚਰਚਾ ਦਾ ਬੀਜ ਹੋ ਨਿਬੜਦਾ ਹੈ।

ਨਾਵਲਕਾਰ ਦੀ ਪ੍ਰਾਪਤੀ ਆਪਣੀ ਦੀਰਘ-ਦ੍ਰਿਸ਼ਟੀ ਰਾਹੀਂ ਗਲਪਨਿਕ-ਨਿਆਂ ਸਿਰਜ ਸਕਣ ਦੀ ਸਮਰੱਥਾ ਹੁੰਦੀ ਹੈ। ਮਿੱਤਰ ਸੈਨ ਮੀਤ ਦੀ ਕਿਰਤ 'ਕੌਰਵ ਸਭਾ' ਇਕ ਐਸੀ ਪ੍ਰਿਯਮੀ-ਵਿਧੀ ਵਾਲੀ ਰਚਨਾ ਹੈ, ਜਿਸ ਵਿਚੋਂ ਸਮਾਜ ਦੇ ਸੱਤ ਰੰਗ ਭਲੀਭਾਂਤ ਉਜਾਗਰ ਹੁੰਦੇ ਹਨ :

- ਪਰਿਵਾਰਕ/ਸਮਾਜਕ ਪ੍ਰਬੰਧ
- ਵਪਾਰਕ ਸੰਬੰਧ
- ਧਾਰਮਿਕ-ਸੰਬੰਧ
- ਵਿਦਿਆਰਥੀ-ਸੰਗਠਨ
- ਪੱਤਰਕਾਰਤਾ
- ਰਾਜਨੀਤਕ-ਵਿਹਾਰ
- ਸਰਕਾਰੀ ਤੰਤਰ → ਹਸਪਤਾਲ / ਨਿਆਂਇਕ-ਪ੍ਰਬੰਧ / ਪੁਲਿਸ ਪ੍ਰਬੰਧ

ਇਨ੍ਹਾਂ ਸੱਤਾਂ ਰੰਗਾਂ ਵਿੱਚੋਂ ਗੂੜਾ ਰੰਗ ਸਰਕਾਰੀ ਤੰਤਰ ਹੈ ਤੇ ਉਸ ਵਿਚੋਂ ਵੀ ਨਿਆਂਇਕ ਪ੍ਰਬੰਧ ਵਧੇਰੇ ਗੂੜੇ ਰੰਗ 'ਚ ਚਿਤਰਿਆ ਗਿਆ ਹੈ ਪਰ ਸਮਾਜ ਛੋਟੇ-ਛੋਟੇ ਦਾਇਰਿਆਂ ਵਿਚ ਵੰਡਿਆ ਜਾ ਕੇ ਵੀ ਹਰ ਦਾਇਰਾ ਆਪਣੇ ਤੋਂ ਵੱਡੇ ਦਾਇਰੇ ਦਾ ਹਿੱਸਾ ਹੁੰਦਾ ਹੈ। ਉਸਦੀ ਸੰਪੂਰਣ ਉਜਾਗਰਤਾ ਲਈ ਉਸ ਦੇ ਆਪਣੇ ਤੋਂ ਨਿੱਕੇ ਦਾਇਰਿਆਂ ਨਾਲ ਸੰਬੰਧਾਂ ਨੂੰ ਵੀ ਪਕੜਨਾ ਪੈਂਦਾ ਹੈ। ਪਹਿਲੇ ਭਾਗ ਦਾ ਪਹਿਲਾ ਕਾਂਡ ਸਮੁੱਚੇ ਨਾਵਲ ਦੀ ਆਧਾਰ-ਭੋਂਇ ਸਿਰਜਦਾ ਹੈ, ਜਿਸ ਵਿਚ ਗਲਪ ਦੀ ਜਾਣੀ-ਪਛਾਣੀ ਕਥਾਨਕ-ਰੂੜੀ "ਪਿੱਛਤ-ਝਾਤ" ਦੀ ਸੁਯੋਗ ਵਰਤੋਂ ਰਾਹੀਂ ਵਿਸਤ੍ਰਿਤ ਚਿੱਤਰਪਟ ਉਭਰਦਾ ਹੈ। ਰਾਮਨਾਥ ਦੇ ਪਾਰਕ ਦੇ ਦੂਸਰੇ ਚੱਕਰ ਦੇ ਸ਼ੁਰੂ ਹੁੰਦਿਆਂ ਹੀ ਭੈਣ ਨੀਲਮ ਦੇ ਘਰ (ਮਾਇਆ ਨਗਰ 'ਚ) ਪਏ ਡਾਕੇ ਦਾ ਸੁਨੇਹਾ ਮਿਲਣ ਨਾਲ ਬਹੁਤ ਸਾਰੇ ਸਵਾਲ, ਕਿੰਤੂ-ਪ੍ਰੰਤੂ ਤੇ ਯਾਦਾਂ ਉਸਨੂੰ ਐਸੀ ਘੁੰਮਣ-ਘੇਰੀ 'ਚ ਪਾਉਂਦੀਆਂ ਹਨ ਕਿ ਇਹ ਸਾਰਾ ਕੁਝ ਪਾਠਕ ਨੂੰ ਵਿਸਤ੍ਰਿਤ ਜਾਣਕਾਰੀ (ਪਰ ਸੰਖਿਪਤ-ਜੁਗਤ ਰਾਹੀਂ) ਪ੍ਰਦਾਨ ਕਰਦਿਆਂ, ਨਾਵਲ ਦੇ ਵਸਤੂ-ਯਥਾਰਥ ਨੂੰ ਪਰਿਪੂਰਨ ਰੂਪ ਵਿਚ ਪੇਸ਼ ਕਰਦਾ ਹੈ। ਵੇਦ ਤੇ ਮੋਹਨ ਲਾਲ (ਨੀਲਮ 'ਤੇ ਪਤੀ ਤੇ ਜੇਠ) ਵਿਚਲੀ ਪਰਿਵਾਰਕ ਸਾਂਝ, ਖਿੱਚੋਤਾਣ, ਜਾਇਦਾਦ ਸੰਬੰਧੀ ਝਗੜੇ ਦਾ ਕਚਿਹਰੀ ਤਕ ਅਪੜਨਾ, ਦੋਹਾਂ ਪਰਿਵਾਰਾਂ ਦੀ ਬੋਲਚਾਲ ਬੰਦ ਹੋਣਾ ਅਤੇ ਮਾਇਆ ਦੇਵੀ ਵਲੋਂ ਤਾੜਨਾ, 'ਲੈ ਦੇ ਕੇ ਮੁੰਡਿਆਂ' ਨਾਲ ਸਮਝੌਤਾ ਕਰ ਲਓ। ਕੱਲ ਨੂੰ ਕੋਈ ਕੋਈ ਭਾਣਾ ਵਰਤ ਗਿਆ ਤਾਂ ਉਸ ਨੂੰ ਉਲਾਂਭਾ ਨਾ ਦਿਓ। ਪੁੱਤਰਾਂ ਦੇ ਇਰਾਦਿਆਂ ਦੀ ਸੂਚਨਾ ਦੇ ਜਾਂਦੀ ਹੈ ਜੋ ਨਿਰਆਧਾਰ ਨਹੀਂ ਸੀ ਕਿਉਂਕਿ ਉਸ ਨੇ ਪੁੱਤਰਾਂ ਨੂੰ ਭੈੜੇ ਮਨਸੂਬੇ ਘੜਦਿਆਂ ਸੁਣਿਆ ਸੀ। 'ਉਹ ਚਾਚੇ ਦੇ ਡੌਲਿਆਂ ਦਾ ਚੂਰਮਾ ਬਣਾਉਣ, ਨੀਲਮ ਦੇ ਦਿਮਾਗ਼ ਦੀ ਖੱਖੜੀ-ਖੱਖੜੀ ਕਰਨ, ਭੈਣ ਨੂੰ ਭਰੇ ਬਾਜ਼ਾਰ ਨੰਗਾ ਕਰਨ ਦੀ ਸੋਚ ਰਹੇ ਸਨ, ਵੇਦ ਦਾ ਇਕੋ ਇੱਕ ਵਾਰਸ ਕਮਲ ਦਾ ਕੰਡਾ ਕੱਢਣ ਦੀ ਬਕ-ਬਕ ਕਰਿਆ ਕਰਦੇ ਸਨ।[3] ਉਹ ਆਪਣੇ ਉਨ੍ਹਾਂ ਭੈੜੇ ਮਨਸੂਬਿਆਂ ਨੂੰ ਨੇਪਰੇ ਚਾੜ੍ਹ ਕੇ, ਆਪ ਕਿੱਡੇ ਵੱਡੇ ਚੱਕਰ ਵਿਚ ਫਸਣਗੇ ਸ਼ਾਇਦ ਸੁਚੇਤ ਨਹੀਂ ਸਨ ਤੇ ਜਾਂ ਫਿਰ ਪੈਸੇ ਦੀ ਤਾਕਤ ਨਾਲ ਕਨੂੰਨ ਨੂੰ ਖ਼ਰੀਦ ਲੈਣ ਦਾ ਗ਼ਰੂਰ, ਉਨ੍ਹਾਂ ਦੀਆਂ ਸੋਚਾਂ 'ਤੇ ਹਮੇਸ਼ਾਂ ਹਾਵੀ ਰਿਹਾ ਹੈ। ਬੇਸ਼ੱਕ ਨੰਦ ਲਾਲ ਕੋਲ ਜ਼ੁਰਮ ਇਕਬਾਲ ਕਰਦਿਆਂ ਵੀ ਪੂਰਨ ਸੱਚ ਨਹੀਂ ਦੱਸਦੇ। ਸਾਜਿਸ਼ ਘੜਨ ਦੀ ਗੱਲ ਸਵੀਕਾਰਦਿਆਂ ਵੀ 'ਏਡੇ ਵੱਡੇ ਭਾਣੇ ਨੂੰ ਵਰਤਾਉਣ' ਦੇ ਇਰਾਦੇ ਤੋਂ ਮੁੱਕਰ ਜਾਂਦੇ ਹਨ 'ਮੂੰਹ ਫਟ ਚਾਚੀ ਤੇ ਸੱਪ ਵਾਂਗ ਫੱਨ ਚੁੱਕ ਰਹੇ ਕਮਲ ਨੂੰ ਥੋੜ੍ਹਾ ਜਿਹਾ ਸਬਕ ਸਿਖਾਉਣਾ ਚਾਹੁੰਦੇ ਸਨ, ਨਾ ਉਨ੍ਹਾਂ ਨੂੰ ਚਾਚੇ ਨਾਲ ਗਿਲ੍ਹਾ ਸੀ ਨਾ ਨਿਹਾ ਨਾਲ। ਨਿਹਾ ਦੀ ਇੱਜਤ ਉਨ੍ਹਾਂ ਦੀ ਇੱਜਤ ਸੀ।[4] ਇਹ ਸਾਂਝ ਉਨ੍ਹਾਂ ਨੂੰ ਉਦੋਂ ਯਾਦ ਆਉਂਦੀ ਹੈ ਜਦੋਂ ਉਨ੍ਹਾਂ ਦੀ ਸਾਜਿਸ਼ ਤਹਿਤ ਵੇਦ-ਪਰਿਵਾਰ 'ਤੇ ਟੁੱਟੇ ਕਹਿਰ 'ਚ ਜਵਾਨ ਪੁੱਤਰ ਦੀ ਮੌਤ, ਧੀ ਦੀ ਬੇਪੱਤੀ ਹੋਣੀ ਅਤੇ ਦੋਹਾਂ ਜੀਆਂ (ਵੇਦ ਅਤੇ ਨੀਲਮ) ਦਾ ਸਰੀਰਕ ਤੇ ਮਾਨਸਿਕ ਤੌਰ 'ਤੇ ਚਕਨਾ ਚੂਰ ਹੋਣ ਵਰਗਾ ਅਸਹਿ ਤੇ ਅਕਹਿ ਹਾਦਸਾ ਵਾਪਰ ਜਾਂਦਾ ਹੈ। ਇੱਕੋ ਕੇਸ ਵਿਚ ਡਾਕਾ, ਕਤਲ ਤੇ ਬਲਾਤਕਾਰ ਵਰਗੇ ਸੰਗੀਨ ਜੁਰਮ ਕੀਤੇ ਜਾਂਦੇ ਹਨ ਪਰ ਰਾਮ ਨਾਥ (ਵਕੀਲ) ਜਾਣਦਾ ਸੀ ਕਿ ਉਸ ਦੇ ਆਪਣੇ ਖੇਤਰ 'ਚ ਸੱਚ, ਹੱਕ, ਇਨਸਾਫ਼ ਸਿਰਫ਼ ਖ਼ੂਬਸੂਰਤ ਸ਼ਬਦ ਹਨ, ਇਨ੍ਹਾਂ ਦੇ ਅਰਥ, ਪੈਸੇ ਦੇ, ਮਾਇਆ ਦੇ ਗ਼ੁਲਾਮ ਹਨ। ਉਹ ਜਾਣਦਾ ਸੀ, ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ, ਸ਼ੱਕ ਦਾ ਫ਼ਾਇਦਾ ਦੇ ਕੇ ਬਰੀ ਕਰ ਦਿੰਦਾ ਹੈ[5], ਪਰ ਉਹ ਅੰਤਮ ਸਾਹ ਤਕ, ਸਿਖ਼ਰ ਤਕ, ਸੱਚ ਲਈ,

ਇਨਸਾਫ਼ ਲਈ ਲੜਨਾ ਚਾਹੁੰਦਾ ਹੈ, ਇਹ ਚਾਹਤ, ਇਹ ਇਰਾਦਾ, ਇਹ ਹੌਸਲਾ ਹੀ ਜ਼ਿੰਦਗੀ ਦਾ, ਜੀਵਨ ਦਾ, ਭਵਿੱਖ ਦਾ, ਜ਼ਾਮਨ ਬਣਦਾ ਹੈ। ਡਾਕੇ ਤੋਂ ਬਾਅਦ ਘਰ-ਪਰਿਵਾਰ ਦੀ ਸਾਂਭ-ਸੰਭਾਲ, ਕਮਲ ਦਾ ਸੰਸਕਾਰ ਤੇ ਓਸ ਸਦਮੇ 'ਚ ਬਾਹਰ ਨਿਕਲਣਾ ਤੇ ਦੂਸਰਿਆਂ ਨੂੰ ਕੱਢਣਾ, ਜ਼ਖ਼ਮੀਆਂ ਦੀ ਸੇਵਾ ਆਦਿ ਆਪਣੇ ਆਪ ਵਿਚ ਹੀ, ਬਹੁਤ ਵੱਡੇ ਤੇ ਅਹਿਮ ਕਾਰਜ ਸਨ, ਸਰਕਾਰੀ ਤੰਤਰ ਨਾਲ ਲੜਾਈ ਲਈ ਉਹ ਪ੍ਰਤੀਬੱਧ ਤਾਂ ਸੀ ਪਰ ਰਾਮਨਾਥ ਉਸ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਹੱਕ, ਸੱਚ ਤੇ ਇਨਸਾਫ਼ ਦੀ ਲੜਾਈ ਲਈ ਕਿੰਨੇ ਵੀ ਦ੍ਰਿੜ ਕਿਓਂ ਨਾ ਹੋਣ, ਪ੍ਰਾਪਤ ਵਸਤੂ-ਸਥਿਤੀਆਂ, ਉਨ੍ਹਾਂ ਦੀ ਦ੍ਰਿੜਤਾ ਨੂੰ ਖੋਰਦੀਆਂ ਰਹਿੰਦੀਆਂ ਹਨ। ਇਹ ਖੋਰਾ ਕੋਈ ਕੁਦਰਤੀ ਆਫ਼ਤਾ ਵਲੋਂ ਨਹੀਂ ਸੀ ਸਗੋਂ ਮਨੁੱਖ ਦੀ ਉਸ ਅੰਨ੍ਹੀ ਦੌੜੀ (ਮਾਇਆ ਇਕੱਠੀ ਕਰਨਾ) ਵਲੋਂ ਸੀ, ਜਿਹੜੀ ਮਨੁੱਖ ਕੋਲੋਂ, ਉਸ ਦਾ ਸਵੈਮਾਨ, ਅਣਖ, ਪਿਆਰ, ਰਿਸ਼ਤੇ-ਨਾਤੇ ਤੇ ਇੱਥੋਂ ਤੱਕ ਕਿ ਇਨਸਾਨੀਅਤ ਦੀ ਖੋਹ ਲੈਂਦੀ ਹੈ। ਭ੍ਰਿਸ਼ਟ ਨਿਜ਼ਾਮ ਦੀ ਭ੍ਰਿਸ਼ਟਤਾ ਦਾ ਵਿਕਰਾਲ ਰੂਪ ਮਨੁੱਖ ਨੂੰ ਨਿਗਲ ਜਾਣ ਲਈ ਤਿਆਰ-ਬਰ-ਤਿਆਰ ਹੈ। ਸਿਰਫ਼ ਤਿਆਰ ਹੀ ਨਹੀਂ, ਕਾਫ਼ੀ ਹਦ ਤੱਕ ਨਿਗਲੀ ਜਾ ਰਿਹਾ ਹੈ। ਕੌਰਵ ਸਭਾ (ਮਹਾਂਭਾਰਤ) ਦੇ ਪਾਤਰ 'ਵਿਸ਼ੇਸ਼ ਵਿਅਕਤੀ' ਸਨ, ਵਿਸ਼ੇਸ਼ ਸ੍ਰੇਣੀ 'ਚੋਂ ਸਨ, ਉਨ੍ਹਾਂ ਦੀਆਂ 'ਜ਼ਿਆਦਤੀਆਂ ਜਾਂ ਅਨੈਤਿਕਤਾ' ਨੂੰ ਆਮ ਆਦਮੀ ਨਿੰਦ ਤਾਂ ਸਕਦਾ ਸੀ ਪਰ ਅੱਜ ਕੌਰਵ ਸਭਾ (ਮਿੱਤਰ ਸੈਨ ਮੀਤ) ਰਾਹੀਂ ਉਜਾਗਰ ਹੁੰਦਾ ਸੱਚ, ਸਮਾਜ ਦੇ ਸਾਰੇ ਵਰਗਾਂ 'ਚ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ, ਉਹ ਵਰਗ ਪਰਿਵਾਰਕ-ਰਿਸ਼ਤਿਆਂ ਤੋਂ ਆਰੰਭ ਹੋ ਕੇ, ਵਪਾਰ, ਧਰਮ, ਤੰਤਰ ਆਦਿ ਹਨ। ਮਿੱਤਰ ਸੈਨ ਮੀਤ ਨੇ ਜਿਸ ਵਰਗ-ਵਿਸ਼ੇਸ਼ ਨੂੰ ਨਾਵਲੀ-ਵਸਤੂ-ਸਥਿਤੀ ਦੇ ਕੇਂਦਰ ਵਿਚ ਰੱਖਿਆ, ਉਹ ਹੈ ਨਿਆਂਇਕ-ਪ੍ਰਬੰਧ। ਇਸ (ਪ੍ਰਬੰਧ) ਦੀਆਂ ਬਾਰੀਕੀਆਂ ਨੂੰ ਜਿੰਨੀ ਸ਼ਿੱਦਤ ਨਾ ਉਹ ਮਹਿਸੂਸ ਕਰ ਸਕਦੈ, ਸ਼ਾਇਦ ਦੂਸਰਾ ਕੋਈ ਨਹੀਂ। ਉਹਦੇ ਕੋਲ ਵਸਤੂ-ਯਥਾਰਥ ਦਾ ਅਨੁਭਵ ਵੀ ਹੈ ਤੇ ਗਲਪ-ਯਥਾਰਥ ਦੀ ਸੋਝੀ ਵੀ। ਇਸ ਰਚਨਾ ਦੇ ਅਧਿਐਨ ਵਿੱਚੀਂ ਵਿਚਰਦਿਆਂ, ਜਿਹੜੀ ਗੱਲ ਸਭ ਤੋਂ ਵੱਧ ਖਟਕਦੀ ਹੈ, ਕਿ ਜਿੱਥੇ ਮੀਤ ਸਰਕਾਰੀ-ਤੰਤਰ, ਰਾਜਨੀਤੀ ਤੇ ਪੱਤਰਕਾਰਤਾ ਆਦਿ ਨੂੰ ਬਹੁਤ ਬਾਰੀਕੀ ਨਾਲ ਪਕੜਦਾ ਤੇ ਚਿਤਰਦਾ ਹੈ, ਉਨ੍ਹਾਂ ਦੇ ਸਵੈ-ਵਿਰੋਧਾਂ ਨੂੰ ਉਭਾਰਨ ਦੀ ਯੋਗਤਾ ਦਾ ਪ੍ਰਮਾਣ ਪੇਸ਼ ਕਰਦਾ ਹੈ, ਉਥੇ ਵਿਉਪਾਰੀ-ਵਰਗ ਨੂੰ ਉਭਾਰਨ ਦੀ ਯੋਗਤਾ ਦਾ ਪ੍ਰਮਾਣ ਪੇਸ਼ ਕਰਦਾ ਹੈ ਉਥੇ ਵਿਉਪਾਰੀ-ਵਰਗ ਵਿਚਲੇ ਸਵੈ-ਵਿਰੋਧ, ਈਰਖਾ, ਸਾੜ ਆਦਿ ਨੂੰ ਅੱਖੋਂ ਪ੍ਰੋਖੇ ਕੀਤਾ ਗਿਆ ਹੈ, ਕਿਉਂਕਿ ਸਾਰਾ ਵਿਉਪਾਰੀ-ਵਰਗ ਸ਼ੁਰੂ ਤੋਂ ਅਖ਼ੀਰ ਤੱਕ ਪੰਕਜ-ਨੀਰਜ ਹੁਰਾਂ ਦੇ ਨਾਲ ਖੜ੍ਹੈ, ਇੱਥੇ ਗਲਪਨਿਕ-ਸੱਚ ਦੀ ਪਕੜ ਢਿੱਲੀ ਪਈ ਜਾਪਦੀ ਹੈ।

ਕੌਰਵ ਸਭਾ 'ਚ ਮੀਤ 'ਡਾਕੇ' ਨੂੰ ਕੇਂਦਰ-ਬਿੰਦੂ ਰੱਖ ਕੇ ਡਾਕਟਰਾਂ, ਵਕੀਲਾਂ, ਜੱਜਾਂ, ਨੇਤਾਵਾਂ, ਅਫ਼ਸਰ-ਸ਼ਾਹੀ, ਮੁੱਖ ਮੰਤਰੀ ਤੇ ਨਿਮਨ ਵਰਗ (ਹਸਪਤਾਲ-ਥਾਣੇ ਦੇ ਛੋਟੇ ਕਰਮਚਾਰੀ) ਦੇ ਨਿਘਾਰ ਦੀਆਂ ਅਜਿਹੀਆਂ ਪਰਤਾਂ ਉਧੇੜਦਾ ਹੈ ਕਿ ਕੌਰਵ-ਸਭਾ ਦਾ ਕਰੂਰ-ਯਥਾਰਥ ਮਨੁੱਖ ਨੂੰ ਸੋਚਣ/ਸਮਝਣ ਲਈ ਮਜ਼ਬੂਰ ਕਰਦਾ ਹੈ ਕਿ ਇਸ ਦਾ ਅੰਤ ਕਿੱਥੇ ਹੈ, 'ਪੰਕਜ-ਨੀਰਜ ਨੂੰ ਬਾਇਜ਼ਤ ਬਰੀ ਕੀਤਾ ਗਿਆ... ਕੁੱਲ ਤਿੰਨ ਸਾਲ ਦੀ ਸਜ਼ਾ ਹੋਈ, ਦੋ ਸਾਲ ਕੱਟੇ ਗਏ... ਇਕ ਸਾਲ ਦੀ ਸਰਕਾਰ ਨੇ ਮੁਆਫ਼ ਕਰ ਰੱਖੀ ਹੈ।'[6] ਨਾਵਲ ਇੱਥੇ ਖ਼ਤਮ ਨਹੀਂ ਹੁੰਦਾ। ਨਿਹਾ ਦੇ ਮਨ ਵਿਚੋਂ ਮਰ ਚੁੱਕਿਆ ਵਿਸ਼ਵਾਸ ਜਗਾਉਣ ਲਈ ਰਾਮ ਨਾਥ ਕਹਿੰਦਾ ਤਾਂ ਹੈ, 'ਹੌਸਲਾ ਰੱਖ ਧੀਏ।

ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ। ਆਪਾਂ ਉੱਪਰ ਅਪੀਲ ਕਰਾਂਗੇ।'... ਉਂਝ ਉਸ ਨੂੰ ਪਤਾ ਸੀ ਉੱਪਰ ਵੀ ਇਹੋ ਕੁਝ ਹੋਣ ਵਾਲਾ ਸੀ। ਰਾਮ ਨਾਥ ਨੂੰ ਤਾਂ ਉਸੇ ਖੇਤਰ ਦਾ ਹੋਣ ਕਰਕੇ ਪਰਚਾ ਦਰਜ਼ ਕਰਾਉਣ ਤੋਂ ਪਹਿਲਾਂ ਹੀ ਇਸ ਹੋਣ ਵਾਲੇ 'ਇਨਸਾਫ਼' ਦਾ ਗਿਆਨ ਸੀ ਪਰ ਉਹ ਤਾਂ ਕੌਰਵ ਸਭਾ ਦਾ ਉਹ ਭੀਸ਼ਮ ਪਿਤਾਮਾ ਹੈ, ਜੋ ਚਾਹ ਕੇ ਵੀ ਕੁਝ ਨਹੀਂ ਸੀ ਕਰ ਸਕਦਾ। ਮਹਾਂਭਾਰਤ ਦਾ ਭੀਸ਼ਮ ਪਿਤਾਮਾ ਮਰਿਯਾਦਾ ਵਿਚ ਬੱਝਣ ਲਈ ਮਜ਼ਬੂਰ ਸੀ, ਇਹ ਭ੍ਰਿਸ਼ਟ-ਨਿਜ਼ਾਮ ਦੀ ਮਜ਼ਬੂਰੀ 'ਚ ਬੱਝਾ ਹੋਇਆ ਹੈ।

ਮੀਤ ਨੇ ਜਿੱਥੇ ਕੌਰਵ ਸਭਾ ਦੀਆਂ ਨਿੱਕੀਆਂ-ਨਿੱਕੀਆਂ ਬੁਣਤੀਆਂ ਰਾਹੀਂ ਨਿਆਂ-ਪ੍ਰਬੰਧ ਦੀ ਕਰੂਰਤਾ ਦੇ ਸਮੱਗਰ ਦੀਦਾਰ ਕਰਵਾਏ ਹਨ, ਉਥੇ ਕੁਝ ਤੰਦਾਂ (ਵਪਾਰੀ-ਵਰਗ ਦੇ ਸਵੈ-ਵਿਰੋਧ ਦੀ ਘਾਟ ਅਤੇ ਪੰਜਾਬ ਕੇਸਰੀ ਦਾ ਨਾਂ ਲਿਖਣ ਦੀ ਕਮਜ਼ੋਰੀ) ਢਿੱਲੀਆਂ ਪਈਆਂ ਦਿਖਦੀਆਂ ਹਨ। ਇਹ ਕੁਦਰਤੀ ਹੈ ਕਿ ਏਨੇ ਲੰਮੇ-ਚੌੜੇ ਵਿਸਤ੍ਰਿਤ ਪ੍ਰਬੰਧ ਦੀਆਂ ਧੱਜੀਆਂ ਉਧੇੜਦਿਆਂ, ਕਿਧਰੇ ਕੋਈ ਤੰਦ ਛੁੱਟ ਵੀ ਸਕਦੀ ਹੈ ਪਰ ਬੁਣਤੀਆਂ ਵਿਚਲੀ ਇਕ ਅਧ ਤੰਦ ਦੀ ਢਿੱਲ ਹੀ ਕਈ ਵਾਰ ਬਣਤਰ ਦੇ ਸਹੀ ਉਭਾਰ ਉਭਰਨ 'ਚ ਅੜਚਨ ਬਣ ਸਕਦੀ ਹੁੰਦੀ ਹੈ, ਜਿਵੇਂ ਮੋਹਨ ਲਾਲ ਆਪਣੇ ਅੰਤਲੇ ਸਮੇਂ, ਨਾਮੀ-ਬੇਨਾਮੀ ਜਾਇਦਾਦ ਸੰਬੰਧੀ ਸੂਚਿਤ ਕਰਦਿਆਂ ਦੋਹਾਂ ਪੁੱਤਰਾਂ ਨੂੰ ਬਿਠਾਉਂਦੈ ਤਾਂ ਸਥਿਤੀ ਦਾ ਸੱਚ ਹੋਰ ਰੂਪ 'ਚ ਉਘੜਨਾ ਸੀ। ਐਮ.ਬੀ.ਏ. ਜਾਂ ਇੰਜੀਨੀਅਰ ਪਾਸ ਲੜ ਕੇ, ਪਲਾਟ 'ਤੇ ਆਪਣਾ ਹੱਕ ਸਿਰਫ਼ ਇਸ ਲਈ ਸਮਝਦੇ ਹਨ ਕਿ ਉਨ੍ਹਾਂ ਦੇ ਰਸੂਖ਼ ਸਦਕਾ ਅਲਾਟ ਹੋਇਆ ਜਦੋਂ ਕਿ ਸਾਰੇ ਤੱਥ ਵੇਦ ਦੇ ਹੱਕ 'ਚ ਬੋਲਦੇ ਹਨ। ਜਦੋਂ-ਜਦੋਂ, ਜਿਵੇਂ-ਜਿਵੇਂ ਬਿਰਤਾਂਤਕਾਰ ਨੇ ਚਾਹਿਆ, ਉਵੇਂ-ਉਵੇਂ ਬੁਣਤੀਆਂ ਬੁਣਦਾ ਗਿਆ, ਹਰ ਸਮੱਸਿਆ ਪੈਦਾ ਹੁੰਦਿਆਂ ਹੀ ਹੱਲ ਹੋ ਜਾਂਦੀ ਹੈ। ਕਈ ਵਾਰ ਤਾਂ ਸਮੱਸਿਆ ਪੈਦਾ ਹੀ ਨਹੀਂ ਹੁੰਦੀ, ਪੈਦਾ ਹੋਣ ਦਾ ਤੌਖ਼ਲਾ ਹੁੰਦਿਆਂ ਹੀ ਹੱਲ ਹੋ ਜਾਂਦੀ ਹੈ। ਸਾਗਰ ਦਾ ਨਿਹਾ ਨਾਲ ਮੋਹ ਭੰਗ ਕਰਨਾ, ਅਖ਼ਬਾਰਾਂ ਨੂੰ ਖ਼ਰੀਦਣਾ, ਵਿਦਿਆਰਥੀਆਂ ਦੀ ਏਕਤਾ ਨੂੰ ਖੋਰਾ ਲਾਉਣਾ, ਯੂਨੀਵਰਸਿਟੀ-ਅਧਿਕਾਰੀਆਂ ਨਾਲ ਮਿਲ ਕੇ ਤਿਮਾਹੀ ਇਮਤਿਹਾਨ (?) ਦੀ ਡੇਟਸ਼ੀਟ ਬੋਰਡ 'ਤੇ ਲਗਾਉਣ ਆਦਿ ਅਜਿਹੇ ਜ਼ੁਜ਼ ਹਨ, ਜਿਹੜੇ ਕੌਰਵ ਸਭਾ ਦੇ ਸੰਰਚਨਾਤਮਕ-ਪੈਟਰਨ ਨੂੰ ਗਹਿਰਾਈ-ਮੁਖਤਾ ਵੱਲ ਜਾਣ ਦਾ ਰਸਤਾ ਮੱਲੀ ਖੜੇ ਹਨ, ਬੇਸ਼ੱਕ ਇਸ ਦਾ ਸੰਰਚਨਾਤਮਕ ਪੈਟਰਨ ਲਕੀਰੀ ਨਹੀਂ ਹੈ। ਭਾਗ ਪਹਿਲਾ ਦੇ ਸ਼ੁਰੂ ਤੋਂ ਪਹਿਲਾਂ ਦਿੱਤੀ ਗਈ ਮੁਲਵਾਨ ਉਕਤੀ 'ਜੋ ਜਿੱਤ ਗਿਆ...', ਐਸੇ ਜੀਵਨ-ਫ਼ਲਸਫ਼ੇ ਨੂੰ ਪੇਸ਼ ਕਰਦੀ ਹੈ, ਜਿਸ ਰਾਹੀਂ ਜੀਵਨ ਦੀ ਸਦੀਵਤਾ ਦਾ ਸੰਦੇਸ਼ ਮਿਲਦਾ ਹੈ, ਜੋ ਨਾਵਲ ਦੇ ਅੰਤ 'ਤੇ ਨੰਦ ਲਾਲ ਦੇ ਵਿਹਾਰ 'ਚੋਂ ਪ੍ਰਾਪਤ ਹੁੰਦਾ ਹੈ, ਜਿਹਦੇ ਨਾਲ ਉਹਦਾ ਚੇਲਾ[7] ਇਸ਼ਾਰਾ ਕਰਦਾ ਹੈ। ਨੰਦ-ਲਾਲ ਦੇ ਵਿਹਾਰ ਵਿਚਲਾ ਬਦਲਾਵ, ਬਿਰਤਾਂਤਕਾਰ ਦੀ ਚਾਹਤ ਹੈ, ਜੋ ਸੰਭਾਵੀ-ਸੱਚ ਵੱਲ ਇਸ਼ਾਰਾ ਕਰਦਾ ਹੈ, ਇਹ ਸੰਭਾਵੀ-ਸੱਚ ਪਾਠਕਾਂ ਨੂੰ ਸਕੂਨ ਦੇ ਸਕਦਾ ਹੈ ਪਰ ਇਸ ਸੱਚ ਨੂੰ ਕਾਲਕ-ਵਕਫ਼ੇ 'ਚ ਫੈਲਾਅ ਨਾ ਸਕਣ ਦੀ ਘਾਟ, ਸੂਝਵਾਨ-ਪਾਠਕਾਂ ਨੂੰ ਖਟਕ ਸਕਦੀ ਹੈ। ਅਜਿਹੀਆਂ ਘਾਟਾਂ, ਘੱਟ ਹੋਣ 'ਤੇ ਵੀ ਨਜ਼ਰ-ਅੰਦਾਜ਼ ਕਰਨ ਯੋਗ ਨਹੀਂ ਹਨ। ਵੱਡੇ ਕੈਨਵਸ ਵਾਲੀ ਰਚਨਾ ਕੌਰਵ ਸਭਾ ਪਹਿਲੇ ਅਧਿਆਇ 'ਚ ਜਿਸ ਜਿੱਤ ਹਾਰ ਦੀ ਫ਼ਿਲਾਸਫ਼ੀ ਨਾਲ ਸਾਂਝ ਪਵਾਉਂਦੀ ਹੈ, ਸਮੁੱਚੀ ਰਚਨਾ ਕਨੂੰਨ ਨੂੰ ਪੈਸੇ ਨਾਲ ਖ਼ਰੀਦ ਕੇ, ਪੈਸੇ ਦਾ ਗ਼ੁਲਾਮ ਬਣਿਆ ਦਿਖਾਉਂਦੀ ਹੈ, ਇਹ ਦ੍ਰਿੜ ਹੁੰਦਾ ਹੈ ਕਿ ਜੋ ਸੱਚ ਹੈ, ਉਹ

ਦਿਖਦਾ ਨਹੀਂ, ਜੋ ਦਿਖਦਾ ਹੈ, ਉਹ ਨਹੀਂ ਹੈ, ਸੱਚ ਉਹ ਹੈ, ਜੋ ਵੇਦ-ਪਰਿਵਾਰ ਨੇ ਆਪਣੇ ਜੁੱਸਿਆਂ 'ਤੇ ਹੰਢਾਇਆ ਹੈ। ਜਿੱਤ, ਕਨੂੰਨ ਤੇ ਸੱਚ ਦੀ ਖ਼ੂਬਸੂਰਤ ਤਿਕੋਨ, ਪ੍ਰਯਮੀ-ਵਿਧੀ ਦੀ ਸੁਯੋਗ ਵਰਤੋਂ ਵਾਲੀ ਰਚਨਾ 'ਕੌਰਵ ਸਭਾ' ਦੀ ਪ੍ਰਾਪਤੀ ਹੈ।

## ਹਵਾਲੇ ਤੇ ਟਿੱਪਣੀਆਂ

1. ਭਾਗ ਪਹਿਲਾ : 60 ਬੁਣਤੀਆਂ (ਸਫ਼ਾ 7 ਤੋਂ ਸਫ਼ਾ 205 ਤਕ) ਜੋ ਜਿੱਤ ਗਿਆ, ਸੋ ਹਰ ਗਿਆ। ਜੋ ਹਰ ਗਿਆ, ਸੋ ਮਰ ਗਿਆ।
2. ਭਾਗ ਦੂਜਾ : 'Law is the slave of the rich....' 23 ਬੁਣਤੀਆਂ (61 ਤੋਂ 83 ਤੱਕ, ਸਫ਼ਾ 206 ਤੋਂ 267 ਤੱਕ)
3. ਭਾਗ ਤੀਜਾ : ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ ਇਨ੍ਹਾਂ ਦੁਖਦੇ ਅੰਗਾਂ 'ਤੇ ਸੱਚ ਨੇ ਇਕ ਜੂਨ ਭੋਗੀ ਹੈ। 34 ਬੁਣਤੀਆਂ (84 ਤੋਂ 117 ਤੱਕ ਸਫ਼ਾ 268 ਤੋਂ 366 ਤਕ)
4. ਕੌਰਵ ਸਭਾ, ਸਫ਼ਾ 10
5. ਕੌਰਵ ਸਭਾ, ਸਫ਼ਾ 10
6. ਕੌਰਵ ਸਭਾ, ਸਫ਼ਾ 79
7. ਕੌਰਵ ਸਭਾ, ਸਫ਼ਾ 31
8. ਕੌਰਵ ਸਭਾ, ਸਫ਼ਾ 366
9. ਕੌਰਵ ਸਭਾ, "ਬਾਬੂ ਨੰਦ ਲਾਲ ਠੀਕ ਤਾਂ ਸੀ? ਉਹ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਸੀ।"

# 22
# 'ਕੌਰਵ ਸਭਾ' ਦੀ ਰੂਪ-ਰਚਨਾ

**ਪਰਬਜੀਤ ਕੌਰ**

ਨਾਵਲ, ਆਧੁਨਿਕ ਯੁੱਗ ਦੇ ਬਿਰਤਾਂਤਕ ਸਾਹਿਤ ਰੂਪਾਂ ਨਾਲੋਂ ਵੱਖਰੀ ਭਾਂਤ ਦੀ ਰੂਪ-ਰਚਨਾ ਦਾ ਧਾਰਨੀ ਹੈ। ਨਾਵਲ ਦੀ ਰੂਪ-ਰਚਨਾ ਉਹਨਾਂ ਬਿਰਤਾਂਤਕ ਜੁਗਤਾਂ ਦਾ ਪ੍ਰਬੰਧ ਹੈ, ਜਿਹੜੀਆਂ ਕਿਸੇ ਨਾਵਲ ਦੇ ਸੰਗਠਨ ਵਿਚ ਵਰਤੀਆਂ ਜਾਂਦੀਆਂ ਹਨ। ਨਾਵਲੀ ਰੂਪ-ਰਚਨਾ ਦਾ ਅਧਿਐਨ ਵਿਸ਼ਲੇਸ਼ਣ ਇਹਨਾਂ ਜੁਗਤਾਂ ਦੀ ਪ੍ਰਕਿਰਤੀ, ਪ੍ਰਕਾਰਜ ਅਤੇ ਪ੍ਰਯੋਜਨ ਦੀ ਪਛਾਣ ਨਾਲ ਸੰਬੰਧਿਤ ਹੈ। ਨਾਵਲੀ ਬਿਰਤਾਂਤ ਦੀਆਂ ਜੁਗਤਾਂ ਸੰਬੰਧਿਤ ਨਾਵਲਕਾਰ ਦੇ ਗਲਪ-ਬੋਧ ਉੱਤੇ ਨਿਰਭਰ ਕਰਦੀਆਂ ਹਨ। ਇਸ ਤੋਂ ਇਲਾਵਾ ਇਹਨਾਂ ਦਾ ਸੰਬੰਧ ਵਿਸ਼ੇ-ਵਸਤੂ ਦੇ ਰੂਪ ਨਾਲ ਵੀ ਹੁੰਦਾ ਹੈ। ਕਿਸੇ ਵੀ ਰਚਨਾ ਵਿਚੋਂ ਰੂਪ ਤੇ ਵਸਤੂ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੋਈ ਵੀ ਵਸਤੂ ਰੂਪ ਵਿਚ ਢਲਕੇ ਹੀ ਰਚਨਾ ਦਾ ਦਰਜਾ ਪ੍ਰਾਪਤ ਕਰ ਸਕਦੀ ਹੈ। ਜਦੋਂ ਅਸੀਂ ਕਿਸੇ ਰੂਪ ਵਿਚੋਂ ਵਸਤੂ ਨੂੰ ਅਲੱਗ ਕਰਨ ਦਾ ਪ੍ਰਯਤਨ ਕਰਦੇ ਹਾਂ ਤਾਂ ਉਹ ਨਵਾਂ ਰੂਪ ਧਾਰਨ ਕਰ ਲੈਂਦੀ ਹੈ। ਵਿਸ਼ੇ ਪੱਖੋਂ ਭਾਵੇ ਂ ਦੋ ਸਾਹਿਤ ਰੂਪ ਇਕ ਹੋ ਸਕਦੇ ਹਨ ਪਰ ਰੂਪ ਪੱਖੋਂ ਦੋਵਾਂ ਦੀ ਨਿਵੇਕਲੀ ਹੋਂਦ ਹੁੰਦੀ ਹੈ। ਰੂਪ ਛੋਟੇ ਛੋਟੇ ਸਾਰਥਕ ਤੱਤਾਂ ਨਾਲ ਮਿਲ ਕੇ ਬਣਿਆ ਹੁੰਦਾ ਹੈ। ਇਹਨਾਂ ਤੱਤਾਂ ਦੇ ਆਪਸੀ ਸੰਬੰਧਾਂ ਤੇ ਸਮੁੱਚੀ ਰਚਨਾ ਨਾਲ ਸੰਬੰਧਾਂ ਨੂੰ ਹੀ ਰੂਪ-ਰਚਨਾ ਕਿਹਾ ਜਾਂਦਾ ਹੈ। ਰੂਪ ਦੀ ਰਚਨਾ ਹੀ ਵਸਤੂਆਂ ਦੇ ਪਛਾਣ ਚਿੰਨ੍ਹ ਨਿਰਧਾਰਿਤ ਕਰਦੀ ਹੈ। ਰੂਪ-ਰਚਨਾ ਦੇ ਅਧਿਅਨ ਤੋਂ ਬਗ਼ੈਰ ਵਸਤੂਆਂ ਦੀ ਸਹਿਜ-ਪਛਾਣ ਤਾਂ ਸ਼ਾਇਦ ਸੰਭਵ ਹੋਵੇ, ਪਰ ਪਛਾਣ ਚਿੰਨ੍ਹਾਂ ਦਾ ਬੋਧ ਕਦੇ ਸੰਭਵ ਨਹੀਂ ਹੁੰਦਾ। ਰੂਪ-ਰਚਨਾ ਵਿਚ ਸਮਕਾਲੀ ਸਮਾਜਕ ਵਿਚਾਰਧਾਰਾ, ਤਤਕਾਲੀਨ ਸਾਹਿਤ ਜੁਗਤਾਂ, ਭਾਸ਼ਾਈ ਪ੍ਰਬੰਧ, ਸਾਹਿਤਕਾਰ ਦੀ ਯੋਗਤਾ, ਇਸ ਯੋਗਤਾ ਦਾ ਨਿਭਾਉ, ਸੰਬੰਧਿਤ ਸਾਹਿਤ ਪਰੰਪਰਾ ਆਦਿ ਸਭ ਕੁਝ ਸਹਿਜ ਰੂਪ ਵਿਚ ਘੁਲ ਮਿਲ ਜਾਂਦਾ ਹੈ, ਇਵੇਂ ਕੋਈ ਸਾਹਿਤਕ ਰਚਨਾ ਆਪਣੀ ਨਿਵੇਕਲੀ ਹੋਂਦ ਗ੍ਰਹਿਣ ਕਰਦੀ ਹੈ।

ਮਿੱਤਰ ਸੈਨ ਮੀਤ ਦਾ ਵੱਡ-ਅਕਾਰੀ ਨਾਵਲ ਕੌਰਵ ਸਭਾ (2003 ਈ.) ਦਸ ਵਰ੍ਹਿਆਂ ਦੇ ਨਿੱਠ ਕੇ ਕੀਤੇ ਅਧਿਅਨ ਦਾ ਸਿੱਟਾ ਹੈ। ਡਾ. ਸੁਖਦੇਵ ਸਿੰਘ ਖਾਹਰਾ ਦੀ ਮਿੱਤਰ ਸੈਨ ਮੀਤ ਨਾਲ ਹੋਈ ਮੁਲਾਕਾਤ ਵਿਚ ਮਿੱਤਰ ਸੈਨ ਮੀਤ ਕਹਿੰਦਾ ਹੈ:

ਮੇਰੀ ਕਲਾ ਨੂੰ ਮਾਂਜਣ ਸੰਵਾਰਨ ਵਾਲੇ ਕਾ. ਸੁਰਜੀਤ ਗਿੱਲ ਆਖਿਆ ਕਰਦੇ ਹਨ ਕਿ ਲੇਖਕ ਨੂੰ ਤਿੰਘ ਕੇ ਨਹੀਂ ਲਿਖਣਾ ਚਾਹੀਦਾ। ਗਿਣਤੀ ਨਾਲੋਂ ਗੁਣਤਾ ਵੱਧ ਮਹੱਤਵਪੂਰਨ ਹੁੰਦੀ ਹੈ। ਉਹਨਾਂ ਦੇ ਇਸ ਕਥਨ ਨੂੰ ਮੈਂ ਘੁੱਟ ਕੇ ਲੜ ਨਾਲ ਬੰਨ੍ਹਿਆ ਹੋਇਆ ਸੀ। ਮੇਰੀ ਇਹ ਧਾਰਨਾ ਹੈ ਕਿ ਜਿਸ ਵਿਸ਼ੇ ਬਾਰੇ ਵੀ ਲਿਖਣਾ ਹੋਵੇ, ਪਹਿਲਾਂ ਉਸ ਦਾ ਨਿੱਠ ਕੇ ਅਧਿਅਨ ਕਰੋ, ਸੰਬੰਧਿਤ ਤੱਥ ਇਕੱਠੇ ਕਰੋ, ਤੱਥਾਂ ਨੂੰ ਸਿਧਾਂਤਕ ਕਸਵੱਟੀ ਉਤੇ ਪਰਖੋ। ਰਚਨਾ ਵਿਚ ਕੀ ਕਹਿਣਾ ਹੈ ਇਸ ਬਾਰੇ ਸਪਸ਼ਟ ਹੋਵੋ; ਫੇਰ ਕਹਾਣੀ, ਪਾਤਰਾਂ ਅਤੇ ਘਟਨਾਵਾਂ ਬਾਰੇ ਚੋਣ ਕਰੋ ਫੇਰ ਲਿਖੋ।[1]

ਮਿੱਤਰ ਸੈਨ ਮੀਤ ਦਾ ਨਿਆਂਇਪਾਲਿਕਾ ਦੇ ਖੇਤਰ ਨਾਲ ਸੰਬੰਧਿਤ ਕੌਰਵ ਸਭਾ ਤੀਸਰਾ ਨਾਵਲ ਹੈ। ਇਸ ਤੋਂ ਪਹਿਲਾਂ ਲਿਖੇ ਦੋ ਨਾਵਲਾਂ 'ਤਫ਼ਤੀਸ਼' (1990 ਈ.) ਅਤੇ 'ਕਟਹਿਰਾ' (1993 ਈ.) ਨੇ ਪੰਜਾਬੀ ਨਾਵਲ ਪਰੰਪਰਾ ਵਿਚ ਸੱਜਰੇ ਤੇ ਅਣਛੋਹ ਵਿਸ਼ਿਆਂ ਨੂੰ ਲੈ ਕੇ ਆਪਣੇ

ਨਿਵੇਕਲੀ ਪਛਾਣ ਸਥਾਪਤ ਕੀਤੀ ਹੈ। ਕੌਰਵ ਸਭਾ ਵੀ ਇਸੇ ਕੜੀ ਨਾਲ ਜੁੜਦਾ ਅਗਲੇਰਾ ਵਿਕਾਸ ਹੈ। ਲੇਕਿਨ ਕੌਰਵ ਸਭਾ ਦੀ ਵਿਲੱਖਣਤਾ ਇਸ ਦੇ ਵਿਸ਼ੇ ਦੇ ਸੰਘਣੇਪਣ, ਗਲਪ ਜੁਗਤਾਂ ਦੀ ਪੇਸ਼ਕਾਰੀ, ਭਾਸ਼ਾ ਸ਼ੈਲੀ ਦੀ ਠੇਠਤਾ ਤੇ ਸਥਿਤੀ ਦੀ ਸਿਰਜਣਾ ਵਿਆਪਕ ਰੂਪ ਵਿਚ ਕਰਨ ਕਰਕੇ ਹੈ।

'ਕੌਰਵ ਸਭਾ' ਵਸਤੂ ਖੇਤਰ ਦੇ ਸੰਦਰਭ ਵਿਚ ਪਹਿਲੇ ਦੋਹਾਂ ਨਾਵਲਾਂ ਨਾਲ ਸਾਂਝ ਹੋਣ ਦੇ ਬਾਵਜੂਦ ਆਪਣੀ ਅੱਖਰੀ ਪਛਾਣ ਭਰਿਸ਼ਟਾਚਾਰ ਦਾ ਬਿਰਤਾਂਤ ਅਤੇ ਸਮਾਜ ਵਿਚ ਪੈਸੇ ਦੀ ਚੌਧਰ ਹੋਣ ਦੇ ਰੂਪ ਵਿਚ ਕਰਵਾਉਂਦਾ ਹੈ। ਇਸ ਨਾਵਲ ਦਾ ਕਥਾ-ਵਸਤੂ ਪੰਜਾਬ ਪੁਲਿਸ ਦੀਆਂ ਕਾਲੀਆਂ ਕਾਰਗੁਜ਼ਾਰੀਆਂ ਤੇ ਵਰਤਮਾਨ ਨਿਆਂ ਵਿਵਸਥਾ ਦੀ ਭ੍ਰਿਸ਼ਟ ਸਥਿਤੀ ਨਾਲ ਵਾਬਸਤਾ ਹੋਣਾ ਦਰਸਾਉਂਦਾ ਹੈ। ਮਨੁੱਖੀ ਰਿਸ਼ਤਿਆਂ ਤੋਂ ਲੈ ਕੇ ਸਮਾਜਕ, ਰਾਜਸੀ ਤੇ ਕਾਨੂੰਨੀ ਪ੍ਰਬੰਧ ਤੱਕ ਸਭ ਕੁਝ ਤਿੜਕ ਚੁੱਕਾ ਹੈ। ਨਿਮਨ ਮੱਧਵਰਗੀ ਪਰਿਵਾਰ ਨਾਲ ਸੰਬੰਧਿਤ ਮੋਹਨ ਤੇ ਵੇਦ ਦਾ ਟੱਬਰ ਇਕ ਛੋਟੇ ਜਿਹੇ ਕਸਬੇ ਵਿਚ ਰਹਿੰਦੇ ਹਨ। ਜਗੀਰੂ ਸੰਸਕਾਰਾਂ ਨਾਲ ਜੁੜਿਆ ਇਹ ਟੱਬਰ ਆਪਣੇ ਕਾਰੋਬਾਰ ਨਾਲ ਚੈਨ ਦਾ ਜੀਵਨ ਜਿਉਂ ਰਹੇ ਹਨ। ਇਸੇ ਟੱਬਰ ਦਾ ਵੱਡਾ ਮੁੰਡਾ ਮੋਹਨ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਮਾਇਆ ਨਗਰ ਚਲਾ ਜਾਂਦਾ ਹੈ। ਉਹ ਇੰਜੀਨੀਅਰ ਬਣ ਜਾਂਦਾ ਹੈ। ਮਾਇਆ ਨਗਰ ਵਿਚ ਹੀ ਨੌਕਰੀ ਮਿਲਣ ਉਪਰੰਤ ਇਸ ਸ਼ਹਿਰ ਦੀ ਸਰਮਾਇਦਾਰੀ ਉਸ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਮੋਹਨ ਅੰਦਰ ਇਹਨਾਂ ਸਰਮਾਏਦਾਰਾਂ ਦੀ ਮੋਹਰਲੀ ਕਤਾਰ ਵਿਚ ਖੜੇ ਹੋਣ ਦੀ ਤਾਂਘ ਪੈਦਾ ਹੁੰਦੀ ਹੈ ਅਤੇ ਉਹ ਕੁਝ ਹੱਦ ਤਕ ਸਫ਼ਲ ਵੀ ਹੋ ਜਾਂਦਾ ਹੈ। ਇਸੇ ਲਾਲਸਾ-ਵੱਸ ਉਹ ਭ੍ਰਿਸ਼ਟ ਢੰਗ ਵਰਤ ਕੇ ਚੋਖੀ ਜਾਇਦਾਦ ਦਾ ਮਾਲਕ ਬਣ ਜਾਂਦਾ ਹੈ। ਕਾਰੋਬਾਰ ਚਲਾਉਣ ਦੇ ਧਨ ਦੇ ਹੋਰ ਫੈਲਾਅ ਲਈ ਉਸਨੂੰ ਭਰੋਸੇਯੋਗ ਸਹਾਇਕ ਦੀ ਲੋੜ ਮਹਿਸੂਸ ਹੁੰਦੀ ਹੈ। ਮੋਹਨ ਦੇ ਦੋਵੇਂ ਪੁੱਤਰ ਨੀਰਜ ਤੇ ਪੰਕਜ ਛੋਟੇ ਹੋਣ ਕਰਕੇ ਕਾਰੋਬਾਰ ਵਿਚ ਉਸਦੀ ਕੋਈ ਮਦਦ ਨਹੀਂ ਕਰ ਸਕਦੇ। ਇਸ ਉਦੇਸ਼ ਦੀ ਪੂਰਤੀ ਹਿੱਤ ਕਸਬੇ ਵਿਚ ਰਹਿੰਦਾ ਉਸਦਾ ਛੋਟਾ ਭਰਾ ਵੇਦ ਉਸਨੂੰ ਢੁੱਕਵਾਂ ਸਹਾਇਕ ਪ੍ਰਤੀਤ ਹੁੰਦਾ ਹੈ। ਵੇਦ ਕਸਬਾ ਛੱਡਣ ਲਈ ਦੁਚਿੱਤੀ ਵਿਚ ਹੁੰਦਾ ਹੈ ਪਰ ਮੋਹਨ ਉਸਨੂੰ ਪੁੱਟ ਕੇ ਮਾਇਆ ਨਗਰ ਵਿਚ ਲੈ ਆਉਂਦਾ ਹੈ। ਮੋਹਨ ਦੇ ਸਦਕਾ ਵੇਦ ਜਲਦੀ ਹੀ ਮਾਇਆ ਨਗਰ ਵਿਚ ਪੈਂਠ ਜਮਾ ਲੈਂਦਾ ਹੈ। ਕੋਠੀ ਅਤੇ ਪਲਾਟ ਖ਼ਰੀਦ ਲੈਂਦਾ ਹੈ। ਬੱਚਿਆਂ ਨੂੰ ਮਾਇਆ ਨਗਰ ਵਿਚ ਸਕੂਲ ਪੜ੍ਹਨੇ ਪਾ ਦਿੰਦਾ ਹੈ। ਪ੍ਰਾਪਰਟੀ ਡੀਲਰ ਹੋਣ ਕਰਕੇ ਇਕ ਏਅਰ ਕੰਡੀਸ਼ਨ ਦਫ਼ਤਰ ਵੀ ਬਣਵਾ ਲੈਂਦਾ ਹੈ। ਵੇਦ ਦੇ ਚੰਗੇ ਤੇ ਸ਼ਰਾਫਤ ਭਰੇ ਵਿਵਹਾਰ ਕਰਕੇ ਮਾਇਆ ਨਗਰ ਦੇ ਮੋਹਤਬਰਾਂ ਵਿਚ ਉਸਦਾ ਰਸੂਖ਼ ਵਧੀਆ ਬਣ ਜਾਂਦਾ ਹੈ। ਆਰਥਕ ਪੱਖੋਂ ਮਜ਼ਬੂਤ ਹੋਣ ਕਰਕੇ ਉਸਦੀ ਪਤਨੀ ਨੀਲਮ ਕੋਲ ਕਿਲੋ ਕੇ ਕਰੀਬ ਸੋਨਾ ਹੈ ਤੇ ਦੋਵਾਂ ਬੱਚਿਆਂ ਦੇ ਨਾਂ ਬੈਂਕਾਂ ਵਿਚ ਜਮ੍ਹਾਂ ਖਾਤੇ ਵੀ ਹਨ। ਨਾਵਲ ਦੀ ਕਥਾ ਵਿਚ ਸਮੱਸਿਆ ਪੈਸੇ ਦੇ ਥੁੜ੍ਹ ਦੀ ਨਹੀਂ, ਸਗੋਂ ਜਾਇਜ਼ ਨਜਾਇਜ਼ ਢੰਗ ਨਾਲ ਹੋਰ ਪੈਸਾ ਇਕੱਠਾ ਕਰਨ ਦੀ ਹੈ। ਮੋਹਨ ਦੀ ਅਚਾਨਕ ਮੌਤ ਹੋ ਜਾਣ ਤੇ ਸਭ ਕੁਝ ਉਲਟ-ਪੁਲਟ ਹੋ ਜਾਂਦਾ ਹੈ। ਪੰਕਜ ਤੇ ਨੀਰਜ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸਦਾ ਕਾਰੋਬਾਰ ਸਿਰਫ਼ ਸੰਭਾਲਦੇ ਹੀ ਨਹੀਂ, ਸਗੋਂ ਹੋਰ ਵਿਕਾਸ ਦੇ ਟੀਚੇ ਨਾਲ ਲੋਹੇ ਦੇ ਕਾਰਖਾਨਾ ਲਾਉਂਦੇ ਹਨ। ਪਰੰਤੂ ਰਾਜਨੀਤਕ ਪ੍ਰਬੰਧਾਂ ਵਿਚ ਆਈ ਤਬਦੀਲੀ ਕਾਰਨ ਕਾਰੋਬਾਰ ਵਿਚ ਘਾਟਾ ਪੈਣ ਦਾ ਅੰਦੇਸ਼ਾ ਬਣ ਜਾਂਦਾ ਹੈ। ਜਦੋਂ ਵੇਦ ਨੂੰ ਇਸ ਘਾਟੇ ਸੰਬੰਧੀ ਜਾਣਕਾਰੀ ਹੁੰਦੀ ਹੈ ਤਾਂ ਉਹ ਆਪਣੀ ਪੂੰਜੀ ਡੁੱਬਣ ਦੇ ਖ਼ਤਰੇ ਤੋਂ ਤ੍ਰਹਿ ਕੇ ਕੁਝ ਜਾਇਦਾਦ ਆਪਣੇ ਹੱਥਾਂ ਹੇਠ ਕਰ ਲੈਂਦਾ ਹੈ। ਇਸੇ ਗੱਲ ਨੂੰ ਲੈ ਕੇ ਦੋਵਾਂ ਪਰਵਾਰਾਂ

ਵਿਚ ਸ਼ੰਕੇ ਉਤਪੰਨ ਹੋਣੇ ਸ਼ੁਰੂ ਹੋ ਜਾਂਦੇ ਹਨ। ਜਾਇਦਾਦ ਦਾ ਝਗੜਾ ਕਚਹਿਰੀ ਤਕ ਪੁੱਜ ਜਾਂਦਾ ਹੈ। ਵੇਦ ਭਾਵੇਂ ਆਰਥਕ ਪੱਖੋਂ ਵਿਕਾਸਸ਼ੀਲ ਹੈ ਪਰ ਸਰਮਾਏ ਪੱਖੋਂ ਉਹ ਮੋਹਨ ਦੇ ਪਰਵਾਰ ਦਾ ਮੁਕਾਬਲਾ ਨਹੀਂ ਕਰ ਸਕਦਾ। ਪੰਕਜ ਤੇ ਨੀਰਜ ਆਪਣੇ ਚਾਚੇ ਵੇਦ ਨੂੰ ਡਰਾਉਣ ਧਮਕਾਉਣ ਦੀਆਂ ਗੋਂਦਾਂ ਗੁੰਦਦੇ ਹਨ। ਉਹਨਾਂ ਦੀ ਨੀਅਤ ਕੇਵਲ ਵੇਦ ਪਰਵਾਰ ਨੂੰ ਸਬਕ ਸਿਖਾਉਣ ਦੀ ਸੀ। ਪਰੰਤੂ, ਭਾੜੇ ਉਤੇ ਖ਼ਰੀਦੇ ਭਈਏ ਮਾਮੂਲੀ ਕੁੱਟਮਾਰ ਤਕ ਮਹਿਦੂਦ ਨਾ ਰਹਿ ਕੇ ਵੇਦ ਤੇ ਉਸਦੀ ਪਤਨੀ ਨੀਲਮ ਨੂੰ ਗੰਭੀਰ ਜ਼ਖ਼ਮੀ ਕਰਕੇ ਉਸਦੇ ਘਰ ਨੂੰ ਲੁੱਟਦੇ ਹਨ। ਇਥੇ ਹੀ ਬੱਸ ਨਹੀਂ ਕਰਦੇ ਸਗੋਂ ਵੇਦ ਦੇ ਪੁੱਤਰ ਕਮਲ ਦਾ ਕਤਲ ਅਤੇ ਧੀ ਨਿਹਾ ਦਾ ਬਲਾਤਕਾਰ ਕਰਦੇ ਹਨ। ਜਦੋਂ ਹੁਣ ਪੰਕਜ ਤੇ ਨੀਰਜ ਦੇ ਗਲ਼ ਬਲਾਤਕਾਰ, ਕਤਲ, ਮਾਰਕੁੱਟ ਤੇ ਡਾਕਾ, ਚਾਰ ਫ਼ੌਜਦਾਰੀ ਜੁਰਮ ਪੈ ਗਏ ਹਨ ਤਾਂ ਇਹਨਾਂ ਜੁਰਮਾਂ ਤੋਂ ਬਚਣ ਲਈ ਹਰ ਤਰ੍ਹਾਂ ਦੇ ਸਿੱਧੇ ਅਸਿੱਧੇ ਸਾਧਨ ਵਰਤੇ ਜਾ ਰਹੇ ਹਨ। ਨੀਲਮ ਦਾ ਭਰਾ ਵਕੀਲ ਰਾਮਨਾਥ ਜੋ ਜ਼ਿਲ੍ਹਾ ਅਟਾਰਨੀ ਹੈ, ਪੀੜਿਤ ਪਰਵਾਰ ਨੂੰ ਨਿਆਂ ਦਿਵਾਉਣ ਲਈ ਹਰ ਤਰ੍ਹਾਂ ਦਾ ਕਾਨੂੰਨੀ ਢੰਗ ਵਰਤਦਾ ਹੈ। ਪਰੰਤੂ, ਮੁਲਜ਼ਮ ਧਿਰ ਸਰਮਾਏ, ਸਿਆਸੀ ਤਾਕਤ ਅਤੇ ਅਫ਼ਸਰਸ਼ਾਹੀ ਦੇ ਪੱਖੀ ਰਵੱਈਏ ਨਾਲ ਬਰੀ ਹੋ ਜਾਂਦੀ ਹੈ। ਮੀਤ ਨੇ ਸਿਫਾਰਸ਼ਾਂ ਤੇ ਰਿਸ਼ਵਤਾਂ ਦੇ ਬਲਬੂਤੇ ਤੇ ਚੱਲਣ ਵਾਲੇ ਸਿਹਤ ਮਾਹਰਾਂ, ਵਕੀਲਾਂ ਤੇ ਜੱਜਾਂ ਦਾ ਘਿਨਾਉਣਾ ਕਿਰਦਾਰ ਚਿਤਰਦਿਆਂ ਰਾਜਨੀਤੀ ਦਾ ਮਨਫ਼ੀ ਰਵੱਈਆ ਵੀ ਮੂਰਤੀਮਾਨ ਕੀਤਾ ਹੈ।

ਮਿੱਤਰ ਸੈਨ ਮੀਤ ਨੇ ਕੌਰਵ ਸਭਾ ਦੇ ਕੈਨਵਸ ਨੂੰ ਭਾਰਤ ਦੇ ਪੁਰਾਤਨ ਸਾਹਿਤ ਤੱਕ ਵਿਸਤਾਰਦਿਆਂ ਇਸ ਨੂੰ ਇਤਿਹਾਸਕ ਪਰਿਪੇਖ ਪ੍ਰਦਾਨ ਕੀਤਾ ਹੈ। ਭਾਰਤ ਦੀ ਪੁਰਾਤਨ ਸਾਹਿਤ ਰਚਨਾ 'ਮਹਾਂਭਾਰਤ' ਦੀ ਕਥਾ ਤੇ ਕਥਾਨਕ ਰੂੜ੍ਹੀਆਂ ਨੂੰ ਨਾਵਲ ਵਿਚ ਆਧੁਨਿਕ ਸੰਵੇਦਨਾ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਮਹਾਂਭਾਰਤ ਵਿਚ ਕੌਰਵਾਂ ਪਾਂਡਵਾਂ ਦਾ ਯੁੱਧ ਧਰਿਤਰਾਸ਼ਟਰ ਵਲੋਂ ਪਾਂਡਵਾਂ ਨੂੰ ਪੰਜ ਪਿੰਡ ਦੇਣ ਤੋਂ ਇਨਕਾਰੀ ਹੋਣ ਕਰਕੇ ਹੋਇਆ ਸੀ। ਉਸੇ ਤਰ੍ਹਾਂ ਮੋਹਨ ਪਰਵਾਰ ਪੰਕਜ ਤੇ ਨੀਰਜ ਅਤੇ ਵੇਦ ਪਰਵਾਰ ਦਾ ਕਾਨੂੰਨੀ ਯੁੱਧ ਗੁਰਦੇਵ ਨਗਰ ਵਿਚ ਸਥਿਤ ਹਜ਼ਾਰ ਗਜ਼ ਦੇ ਇਕ ਪਲਾਟ ਦੇ ਝਗੜੇ ਤੋਂ ਸ਼ੁਰੂ ਹੁੰਦਾ ਹੈ। ਮਹਾਂਭਾਰਤ ਵਿਚ ਇਕੋ ਪਰਵਾਰ ਨਾਲ ਸੰਬੰਧਿਤ ਦੋ ਧਿਰਾਂ ਦੀ ਲੜਾਈ ਹੈ ਅਤੇ ਕੌਰਵ ਸਭਾ ਵਿਚ ਵੀ ਦੋਵੇਂ ਧਿਰਾਂ ਇਕੋ ਪਰਵਾਰ ਨਾਲ ਸੰਬੰਧਿਤ ਹਨ। ਮਹਾਂਭਾਰਤ ਵਿਚ ਜਿੱਥੇ ਪਾਂਡਵਾਂ ਦੀ ਧਿਰ ਕ੍ਰਿਸ਼ਨ ਦੀ ਅਗਵਾਈ ਨਾਲ ਜਿੱਤ ਜਾਂਦੀ ਹੈ ਨਾਵਲ ਵਿਚ ਪੀੜਿਤ ਧਿਰ ਰਾਮਨਾਥ ਦੀ ਅਗਵਾਈ ਅਧੀਨ ਹਾਰ ਜਾਂਦੀ ਹੈ। ਇਹੀ ਅਜੋਕੀ ਸਥਿਤੀ ਦਾ ਸੱਚ ਹੈ। ਮਿੱਥਕ ਕਥਾ 'ਕੌਰਵ ਸਭਾ' ਦੇ ਯਥਾਰਥ ਨਾਲੋਂ ਹੁਣ ਦੀ 'ਕੌਰਵ ਸਭਾ' ਦਾ ਯਥਾਰਥ ਨਵੀਆਂ ਸਥਿਤੀਆਂ ਕਰਕੇ ਜਟਿਲ ਹੈ। ਵਾਰਦਾਤ ਨਾਲ ਸੰਬੰਧਿਤ ਪੀੜਿਤ ਪਾਤਰਾਂ ਦਾ ਆਰਥਕ, ਸਰੀਰਕ ਤੇ ਮਾਨਸਿਕ ਸੰਤਾਪ, ਭਈਆ ਦੀ ਅਪਰਾਧੀ ਪ੍ਰਵਿਰਤੀ, ਭ੍ਰਿਸ਼ਟਾਚਾਰ, ਕਾਨੂੰਨ ਤੇ ਮਾਨਵੀ ਮੁੱਲਾਂ ਦਾ ਵਿਗਠਨ, ਰਿਸ਼ਤਿਆਂ ਵਿਚਲਾ ਤਣਾਓ ਆਦਿ ਥੀਮਿਕ ਵੇਰਵੇ ਇਸ ਕਥਾਨਕ ਵਿਚ ਸੰਗਠਿਤ ਹੋਏ ਪਏ ਹਨ। ਕਥਾਨਕ ਵਿਚ ਜੀਵਨ ਯਥਾਰਥ ਨਾਲ ਸੰਬੰਧਿਤ ਸੂਖ਼ਮ ਵੇਰਵਿਆਂ ਨੂੰ ਅਜਿਹੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ ਕਿ ਪਾਠਕ ਨਾਵਲ ਦੀ ਅੰਤਲੀ ਸਤਰ ਤਕ ਕੀਲਿਆ ਰਹਿੰਦਾ ਹੈ। ਨਾਵਲਕਾਰ ਨੇ 'ਕੌਰਵ ਸਭਾ' ਦੇ ਵਸਤੂ-ਯਥਾਰਕ ਨੂੰ ਪਾਰਲੌਕਿਕਤਾ ਨਾਲ ਜੋੜ ਕੇ ਪੇਸ਼ ਨਹੀਂ ਕੀਤਾ ਸਗੋਂ ਹਰ ਘਟਨਾ ਸਾਡੇ ਜੀਵਨ-ਯਥਾਰਥ ਦੇ ਕਿਸੇ ਨਾ ਕਿਸੇ ਪਹਿਲੂ ਨਾਲ ਜੁੜਦੀ ਪ੍ਰਤੀਤ ਹੁੰਦੀ ਹੈ। ਨਾਵਲਕਾਰ ਨੇ ਮੁਲਜ਼ਮ ਧਿਰ ਤੇ ਮੁਦੱਈ ਧਿਰ ਦੀ ਟੱਕਰ ਨੂੰ ਅਜਿਹੀ ਬਿਰਤਾਂਤਕ ਵਿਧੀ

ਨਾਲ ਉਸਾਰਿਆ ਹੈ ਕਿ ਦੋਵਾਂ ਵਿਚੋਂ ਕੋਈ ਵੀ ਧਿਰ ਇਹ ਦਾਅਵਾ ਨਹੀਂ ਕਰ ਸਕਦੀ ਕਿ ਜਿਸ ਤਰ੍ਹਾਂ ਉਹਨਾ ਕੇਸ ਦੌਰਾਨ ਵਿਉਂਤਿਆ ਸੀ ਉਸੇ ਤਰ੍ਹਾਂ ਸਭ ਕੁਝ ਵਾਪਰਿਆ ਹੈ। ਕੁਝ ਘਟਨਾਵਾਂ ਨਾਵਲ ਵਿਚ ਇਸ ਤਰ੍ਹਾਂ ਵਾਪਰਦੀਆਂ ਹਨ ਜਿਨ੍ਹਾਂ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਫ਼ੈਸਲਾ ਮੁਦੱਈ ਧਿਰ ਦੇ ਹੱਕ ਵਿਚ ਹੋਵੇਗਾ। ਜਿਵੇਂ ਮੁੱਖ ਮੰਤਰੀ ਵਲੋਂ ਪੁਲਿਸ ਅਫ਼ਸਰਾਂ ਦੀ ਪੁੱਛ-ਪੜਤਾਲ ਕਰਨੀ ਅਤੇ ਪੁਲਿਸ ਅਧਿਕਾਰੀਆਂ ਦਾ ਦੋਸ਼ੀਆਂ ਪੰਕਜ, ਨੀਰਜ ਤੇ ਪੰਚਮ ਖਿਲਾਫ਼ ਹਰਕਤ ਵਿਚ ਆਉਣਾ, ਸਾਧੂ ਸਿੰਘ ਵਲੋਂ ਮੁਜ਼ਲਮਾਂ ਦੀ ਧਿਰ ਦੀ ਜ਼ਮਾਨਤ ਦੀ ਅਰਜ਼ੀ ਨਾ-ਮਨਜ਼ੂਰ ਕਰਨੀ, ਅਦਾਲਤ ਵਿਚ ਨੇਹਾ ਦੇ ਹੱਕ ਵਿਚ ਬੋਲਦੇ ਪ੍ਰਤੀਤ ਹੋਣਾ ਅਤੇ ਵਕੀਲ ਨੰਦ ਲਾਲ ਦੀ ਜ਼ਮੀਰ ਨੂੰ ਹਲੂਣਾ ਦੇਣਾ ਆਦਿ ਬਿਰਤਾਂਤ ਵਿਚ ਕਈ ਮੋੜ ਲਿਆਉਂਦੇ ਹਨ। ਪਰ ਜਦੋਂ ਫ਼ੈਸਲਾ ਮੁਲਜ਼ਮ ਧਿਰ ਦੇ ਹੱਕ ਵਿਚ ਚਲਾ ਜਾਂਦਾ ਹੈ ਤਾਂ ਪਾਠਕ ਆਪਣੇ ਦੇਸ਼ ਦੇ ਨਿਆਂ-ਪ੍ਰਬੰਧ ਦੀਆਂ ਚਾਲਬਾਜ਼ੀਆਂ, ਜੱਜਾਂ ਦੀਆਂ ਮਜਬੂਰੀਆਂ, ਵਕੀਲਾਂ ਦੀਆਂ ਆਪਸੀ ਦੁਸ਼ਮਣੀਆਂ, ਹਸਪਤਾਲਾਂ ਵਿਚ ਪੀੜਿਤ ਧਿਰ ਦੀ ਖੱਜਲ-ਖੁਆਰੀ, ਮੁਕੱਦਮੇਬਾਜ਼ੀ ਦੌਰਾਨ ਆਉਂਦੀਆਂ ਮੁਸ਼ਕਲਾਂ ਬਾਰੇ ਜਾਣੂੰ ਹੋ ਜਾਂਦਾ ਹੈ। 'ਕੌਰਵ ਸਭਾ' ਚੇਤੰਨ ਪਾਠਕ ਤੋਂ ਲੈ ਕੇ ਆਮ ਸਾਧਾਰਨ ਪਾਠਕ ਤੱਕ ਨਿਆਂ ਪ੍ਰਬੰਧ ਨਾਲ ਸੰਬੰਧਿਤ ਹਰ ਪਰਤ ਨੂੰ ਬੜੀ ਬਾਰੀਕੀ ਨਾਲ ਸਮਝਾਉਣ ਦਾ ਉਪਰਾਲਾ ਹੈ। ਨਾਵਲਕਾਰ ਅਜੋਕੇ ਪੂੰਜੀਵਾਦੀ ਸਰਮਾਏਦਾਰੀ ਨਿਜ਼ਾਮ ਦੀਆਂ ਸਥਾਪਿਤ ਸ਼ਕਤੀਆਂ ਦੇ ਨੰਗੇ ਸੱਚ ਨੂੰ ਕੌਰਵ ਸਭਾ ਦਾ ਸੱਚ ਦਰਜਾ ਕੇ ਇਹਨਾਂ ਸ਼ਕਤੀਆਂ ਉੱਤੇ ਕੇਵਲ ਵਿਅੰਗ ਹੀ ਨਹੀਂ ਕੱਸਦਾ, ਸਗੋਂ ਇਹਨਾਂ ਦੇ ਭ੍ਰਿਸ਼ਟ ਵਰਤਾਰਿਆਂ ਦਾ ਪਰਦਾਫਾਸ਼ ਵੀ ਕਰਦਾ ਹੈ।

ਮਿੱਤਰ ਸੈਨ ਮੀਤ ਦੀ ਵਿਲੱਖਣ ਗਲਪ-ਵਿਧੀ ਕੋਰਵ ਸਭਾ ਵਿਚ ਸਾਨੂੰ ਨਿਆਂ ਦੇਣ ਦਾ ਦਾਅਵਾ ਕਰਨ ਵਾਲੇ ਮੋਹਤਬਰਾਂ ਦੇ ਦੋਮੂੰਹੇ ਕਿਰਦਾਰ ਨਾਲ ਸ਼ੁਰੂ ਹੁੰਦੀ ਹੈ ਅਤੇ ਅੰਤ ਝੂਠ ਤੇ ਟਿਕੀ ਨਿਆਂ ਪ੍ਰਣਾਲੀ ਨੂੰ ਬੇਭਰੋਸਾ ਹੋ ਚੁੱਕੇ ਪੀੜਿਤ ਪਾਤਰਾਂ ਦੇ ਤ੍ਰਾਸਦਿਕ ਸਥਿਤੀ ਵਿਚ ਘਿਰੇ ਹੋਣ ਨਾਲ ਗੱਲ ਸਿਖ਼ਰ ਨੂੰ ਛੂੰਹਦੀ ਹੈ। ਨਾਵਲਕਾਰ ਜ਼ਿਲ੍ਹਾ ਅਟਾਰਨੀ ਹੋਣ ਕਰਕੇ ਇਸ ਖੇਤਰ ਦੀਆਂ ਅੰਦਰੂਨੀ ਪਰਤਾਂ ਦੀ ਸੋਝੀ ਰੱਖਦਾ ਹੈ। ਅਜਿਹੇ ਕਾਨੂੰਨੀ ਜਟਿਲ ਵਰਤਾਰੇ ਦੀ ਸਮਝ, ਪ੍ਰਮਾਣਿਕ ਤੇ ਦਸਤਾਵੇਜ਼ੀ ਸਾਮਗ੍ਰੀ ਉਸਦੇ ਗਲਪ-ਬੋਧ ਦੀ ਬੁਨਿਆਦ ਬਣਦੀ ਹੈ। ਵਾਰਦਾਤ ਵਿਚਲੀਆਂ ਘਟਨਾਵਾਂ ਮਾਰਕੁੱਟ, ਕਤਲ, ਬਲਾਤਕਾਰ ਤੇ ਡਾਕਾ ਚਾਰੇ ਭਾਰਤੀ ਦੰਡ ਵਿਧਾਨ ਦੇ ਫ਼ੌਜਦਾਰੀ ਅਪਰਾਧ ਇਕੱਠੇ ਵਾਪਰਦੇ ਹਨ। ਨਾਵਲ ਦਾ ਸਾਰਾ ਬਿਰਤਾਂਤ ਇਹਨਾਂ ਘਟਨਾਵਾਂ ਨਾਲ ਸੰਬੰਧਿਤ ਹੈ ਅਤੇ ਇਸ ਗੱਲ ਉੱਤੇ ਕੇਂਦਰਿਤ ਹੈ ਕਿ ਪੈਸੇ ਦੀ ਸ਼ਕਤੀ ਸਾਰੀ ਵਿਵਸਥਾ ਨੂੰ ਭ੍ਰਿਸ਼ਟ ਕਰਕੇ ਆਪਣਾ ਉੱਲੂ ਸਿੱਧਾ ਕਰਨ ਦਾ ਪ੍ਰਯਤਨ ਕਰਦੀ ਹੈ।

ਨਾਵਲ ਦੀ ਰੂਪ-ਰਚਨਾ ਨੂੰ ਕਰਤਾਰੀ ਚਰਿਤਰ ਦੇਣ ਵਿਚ ਲੇਖਕ ਦੀ ਆਪਣੀ ਭੂਮਿਕਾ ਬੁਨਿਆਦੀ ਮਹੱਤਵ ਵਾਲੀ ਹੁੰਦੀ ਹੈ। ਜੇਕਰ ਲੇਖਕ ਮਨ-ਇੱਛਤ ਰਚਨਾ ਵਿਵੇਕ ਉਸਾਰਦਾ ਹੈ ਤਾਂ ਸਪਸ਼ਟ ਹੀ ਹੈ ਕਿ ਉਸਦੀ ਰਚਨਾ ਅਪ੍ਰਮਾਣਿਕ ਅਤੇ ਇੱਛਾ ਅਧਾਰਿਤ ਹੈ। ਪਰੰਤੂ, ਮਿੱਤਰ ਸੈਨ ਮੀਤ ਦੀ ਨਿਵੇਕਲੀ ਪਛਾਣ ਉਸਦੇ ਅਨੁਭਵ ਦੀ ਦਸਤਾਵੇਜ਼ੀ ਪ੍ਰਮਾਣਿਕਤਾ ਅਤੇ ਵਿਅੰਗ ਨੂੰ ਵਿਡੰਬਣਾ ਵਿਚ ਰੂਪਾਂਤਰਿਤ ਕਰ ਸਕਣ ਦੀ ਯੋਗਤਾ ਕਰਕੇ ਬਣੀ ਹੈ। ਇੱਛਾ ਅਧਾਰਿਤ ਰਚਨਾ ਸਾਧਾਰਨ ਪਾਠਕ ਨੂੰ ਭਾਵੇਂ ਪ੍ਰਭਾਵਿਤ ਕਰ ਲਵੇ ਪਰੰਤੂ ਇਕ ਚੇਤੰਨ ਅਤੇ ਜਾਗਰੂਕ ਪਾਠਕ ਅਜਿਹੀ ਰਚਨਾ ਨਾਲ ਵਿੱਥ ਸਥਾਪਿਤ ਕਰ ਲੈਂਦਾ ਹੈ। ਨਾਵਲ ਵਿਚ ਸ਼ਾਮਲ ਹੋ ਕੇ ਨਾਵਲ ਅੰਦਰ ਮਨ-ਇੱਛਤ

ਭੂਮਿਕਾ ਨਿਭਾਉਣ ਦੀ ਥਾਂ ਨਾਵਲਕਾਰ ਨੂੰ ਆਪਣੀ ਰਚਨਾ ਅਤੇ ਆਪਣੇ ਆਪੇ ਵਿਚਕਾਰ ਵਿੱਥ ਸਥਾਪਿਤ ਕਰਨੀ ਜ਼ਰੂਰੀ ਹੈ। ਕੌਰਵ ਸਭਾ ਦਾ ਬਿਰਤਾਂਤਕਾਰ ਅਗਰਭੂਮੀ ਉੱਤੇ ਰਹਿ ਕੇ ਦਿਸ਼ਾ ਨਿਰਦੇਸ਼ ਕਰਦਾ ਹੈ। ਕਿਤੇ ਕਿਤੇ ਨਾਵਲ ਦਾ ਇਹ ਪ੍ਰਭਾਵ ਬਣਦਾ ਹੈ ਕਿ ਬਿਰਤਾਂਤਕਾਰ ਕਾਰਜ ਸੁਣਾ ਰਿਹਾ ਹੈ, ਉਸਦੀ ਮੂਲ ਜੁਗਤ ਭਾਸ਼ਣੀ ਹੈ। ਨਾਵਲ ਦੇ ਸ਼ੁਰੂ ਵਿਚ ਰਾਮਨਾਥ ਨੂੰ ਨੀਲਮ ਭੈਣ ਘਰ ਡਾਕਾ ਪੈਣ ਦੀ ਖ਼ਬਰ ਦੇਣ ਵਾਲਾ ਪਾਤਰ ਗ਼ੈਰ ਹਾਜ਼ਰ ਹੈ। ਅਸਲ ਵਿਚ ਇਹ ਪਰੋਖ ਪਾਤਰ ਬਿਰਤਾਂਤਕਾਰ ਹੈ, ਜੋ ਥਾਂ ਪੁਰ ਥਾਂ ਆਪਣੀ ਭਾਸ਼ਣੀ ਸੁਰ ਨਾਲ ਆ ਦਾਖ਼ਲ ਹੁੰਦਾ ਹੈ :

> "ਸਿੰਗਲੇ ਨੂੰ ਤੋਰ ਕੇ ਸਾਰੇ ਮਿੱਤਰ ਸਿਰ ਜੋੜ ਕੇ ਬੈਠ ਗਏ। ਵਕੀਲਾਂ ਕੋਲੋਂ ਮਿਲੇ ਸੁਝਾਵਾਂ ਉੱਪਰ ਵਿਚਾਰ ਹੋਣ ਲੱਗੀ।"[2]
>
> "ਪਾਰਕ ਦਾ ਦੂਸਰਾ ਚੱਕਰ ਸ਼ੁਰੂ ਕਰਦਿਆਂ ਹੀ ਰਾਮ ਨਾਥ ਲੂੰ ਘਰੋਂ ਸੁਨੇਹਾ ਆ ਗਿਆ। ਮਾਇਆ ਨਗਰ ਤੋਂ ਫ਼ੋਨ ਆਇਆ ਸੀ। ਨੀਲਮ ਭੈਣ ਘਰ ਡਾਕਾ ਪਿਆ ਸੀ। ਸਾਰਾ ਟੱਬਰ ਜ਼ਖ਼ਮੀ ਸੀ। ਸੈਰ ਵਿੱਚੇ ਛੱਡੋ! ਘਰ ਆਓ। ਤੁਰੰਤ ਮਾਇਆ ਨਗਰ ਜਾਣਾ ਸੀ।"[3]

ਪੂੰਜੀਵਾਦੀ ਵਿਵਸਥਾ ਦੀ ਕਰੂਰ ਕਾਰਜਸ਼ੀਲਤਾ ਦਾ ਇਕ ਪਾਸਾਰ ਡੇਰਿਆਂ, ਪੂਜਾ ਸਥਾਨਾਂ, ਅੰਧ ਵਿਸ਼ਵਾਸਾਂ ਅਤੇ ਧਿਆਨ ਸ਼ਿਵਰਾਂ ਵਿਚ ਵੇਖਿਆ ਜਾ ਸਕਦਾ ਹੈ। ਲੋਕ ਅਨੇਕਾਂ ਸਮੱਸਿਆਵਾਂ ਤੇ ਦੁੱਖਾਂ ਦਾ ਸ਼ਿਕਾਰ ਹੋਏ ਕਸ਼ਟ ਸਹਾਰ ਰਹੇ ਹਨ ਅਤੇ ਨਾਲ ਹੀ ਚੇਤਨਾ-ਸੰਕਟ ਦੇ ਸ਼ਿਕਾਰ ਵੀ ਹਨ। ਇਹਨਾਂ ਲੋਕਾਂ ਦੀ ਅਲਪ ਚੇਤਨਾ ਦਾ ਲਾਭ ਉਠਾ ਕੇ ਸੰਤ ਮਹਾਤਮਾ, ਡੇਰੇਦਾਰ ਸੰਤ ਮਹਾਤਮਾ ਮਾਨਸਿਕ ਇਕਾਗਰਤਾ ਪ੍ਰਦਾਨ ਕਰਨ ਲਈ ਧਿਆਨ ਕੇਂਦਰਿਤ ਕਰਨ, ਸਮਾਧੀ ਲਗਾਉਣ ਅਤੇ ਪੂਜਾ ਪਾਠ ਕਰਨ ਉਤੇ ਬਲ ਦਿੰਦੇ ਹਨ। ਲੇਕਿਨ ਜਿਹੜਾ ਵਿਅਕਤੀ ਸਰੀਰਕ ਜਾਂ ਮਾਨਸਿਕ ਰੋਗੀ ਹੁੰਦਾ ਹੈ, ਉਹ ਮਨ ਇਕਾਗਰ ਨਹੀਂ ਕਰ ਸਕਦਾ। ਜੇਕਰ ਉਹ ਕਰ ਵੀ ਲਵੇ ਤਾਂ ਯਥਾਰਥਕ ਜੀਵਨ ਦੀਆਂ ਦੁਖਦਾਈ ਘਟਨਾਵਾਂ ਉਸ ਨੂੰ ਧਿਆਨ ਕੇਂਦਰਿਤ ਕਰਨ ਤੋਂ ਅਸਮਰੱਥ ਕਰ ਦਿੰਦੀਆਂ ਹਨ। ਨਾਵਲੀ ਪਾਤਰ ਨਿਹਾ ਦੀ ਮਾਨਸਿਕ ਸਥਿਤੀ ਵੀ ਕੁਝ ਅਜਿਹੀ ਹੈ : "ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂ-ਦ੍ਰਿਸ਼ ਨਿਹਾ ਅੱਗੇ ਸੁਰਜੀਤ ਹੋਣ ਲੱਗਾ। ਇਕ ਰਾਖ਼ਸ਼ਸ਼ ਉਸ ਦਾ ਚੀਰਹਰਨ ਕਰ ਰਿਹਾ ਸੀ। ਦੂਸਰਾ ਕਮਲ ਨੂੰ ਕੋਹ ਕੋਹ ਮਾਰ ਰਿਹਾ ਸੀ। ਤੀਸਰਾ ਉਸਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸ ਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ਼ ਚਿਹਾੜਾ ਸੀ।"[4] ਜਿਸ ਵਿਅਕਤੀ ਨਾਲ ਅਜਿਹੀ ਦੁਖਦਾਈ ਘਟਨਾ ਵਾਪਰ ਗਈ ਹੋਵੇ, ਜਿਸਦੇ ਇਕੋ ਇਕ ਭਰਾ ਦਾ ਕਤਲ ਉਸ ਦੀਆਂ ਅੱਖਾਂ ਸਾਹਵੇਂ ਹੋਇਆ ਹੋਵੇ, ਜਿਸ ਦੇ ਮਾਂ ਬਾਪ ਸਾਰੀ ਉਮਰ ਮੰਜੇ ਦੇ ਭਾਗੀਂ ਰਹਿ ਗਏ ਹੋਣ ਉਸ ਲਈ ਚੰਗੇਰੇ ਭਵਿੱਖ ਨੂੰ ਕਿਆਸ ਕਰਨਾ ਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਉਸ ਦਾ ਮਾਨਸਿਕ ਸਕੂਨ ਤਾਂ ਮਾਂ-ਬਾਪ ਦੇ ਤੰਦਰੁਸਤ ਹੋਣ, ਆਪਣੇ ਭਰਾ ਦੇ ਕਤਲ ਅਤੇ ਆਪਣੇ ਨਾਲ ਹੋਏ ਘਿਨਾਉਣੇ ਵਰਤਾਰੇ ਦਾ ਬਦਲਾ ਮੁਜਰਮ ਧਿਰ ਕੋਲੋਂ ਲੈਣ ਵਿਚ ਨਿਹਿਤ ਹੈ।

ਸਦੀਆਂ ਪੁਰਾਣੇ ਧਾਰਮਿਕ ਅੰਧ-ਵਿਸ਼ਵਾਸਾਂ ਉਪਰ ਜਿਊਣ ਵਾਲੀ ਕਲਿਆਣੀ ਮਾਂ ਆਪਣੇ ਆਪ ਨੂੰ ਪਾਰਵਤੀ ਦਾ ਅਵਤਾਰ ਮੰਨਦੀ ਹੈ। ਉਹ ਸੁਵਿਧਾਵਾਂ ਭੋਗੀ ਅਮੀਰ ਲੋਕਾਂ ਲਈ ਸਦੀਆਂ ਤੇ ਮੁੱਦਤਾਂ ਪੁਰਾਣੀਆਂ ਯੋਗ ਸਾਧਨਾਵਾਂ ਰਾਹੀਂ ਸੰਸਥਾ ਦਾ ਵਿਕਾਸ ਕਰਦੀ ਹੈ। ਨੇਹਾ ਦੇ ਬਲਾਤਕਾਰ

ਨੇ ਕਲਿਆਣੀ ਮਾਂ ਵਲੋਂ ਖਿੱਚੇ ਗਏ ਕਾਲਪਨਿਕ ਕਵਚ ਨੂੰ ਤੋੜ ਦਿੱਤਾ ਹੈ। ਇਸੇ ਲਈ ਨੇਹਾ "ਮਾਤਾ ਜੀ ਤੋਂ ਪੁੱਛ ਰਹੀ ਸੀ। ਉਸ ਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ ਦੇ ਭਰਾ ਨੂੰ ਸਰੱਖਿਆ ਕਿਉਂ ਨਹੀਂ ਮਿਲੀ? ਉਸ ਦੇ ਪਰਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ, ਪਰ ਮਾਤਾ ਜੀ ਚੁੱਪ ਸਨ।"[5] ਆਸ਼ਰਮ ਦੇ "ਸਹਿਯੋਗੀਆਂ" ਦਾ ਅਜਿਹਾ ਰਵੱਈਆ ਨਿਹਾ ਨੂੰ ਅਣਕੀਤੇ ਦੋਸ਼ ਦਾ ਦੋਸ਼ੀ ਹੋਣ ਦੀ ਅਨੁਭੂਤੀ ਦੀ ਤ੍ਰਾਸਦੀ ਦਾ ਬੋਧ ਕਰਵਾਉਂਦਾ ਹੈ ਅਤੇ ਉਸ ਨੂੰ ਹੋਰ ਵੀ ਵਧੇਰੇ ਮਾਨਸਿਕ ਪੀੜਾ ਵਿਚੋਂ ਗੁਜ਼ਰਨ ਲਈ ਮਜਬੂਰ ਕਰਦਾ ਹੈ, "ਉਸ ਦੀਆਂ ਹਥੇਲੀਆਂ ਵਿਚੋਂ ਸੇਕ ਨਿਕਲਣ ਲੱਗਾ। ਸਾਰੇ ਸਹਿਯੋਗੀ ਉਸ ਨੂੰ ਹੰਕਾਰੀ ਤੇ ਪਾਖੰਡੀ ਲੱਗੇ, ਕਿਸੇ ਨੇ ਉਸ ਦੀਆਂ ਜ਼ਖ਼ਮੀ ਭਾਵਨਾਵਾਂ ਨੂੰ ਪਲੋਸਣ ਦਾ ਯਤਨ ਨਹੀਂ ਕੀਤਾ। ਉਲਟਾ ਜਾਣ ਬੁੱਝ ਕੇ ਉਸ ਨੂੰ ਛੁਟਿਆਇਆ।"[6] ਇਸ ਗਲਪ ਚਿੱਤਰ ਰਾਹੀਂ ਸਾਡੀਆਂ ਧਾਰਮਕ ਸੰਸਥਾਵਾਂ ਵਿਚਲੇ ਦੰਭ ਦੀ ਅਸਲੀਅਤ ਦਾ ਵਿਅੰਗ ਮੂਰਤੀਮਾਨ ਹੁੰਦਾ ਹੈ। ਮੁਲਜ਼ਮ ਤਾਂ ਨਿਹਾ ਨੂੰ ਸਰੀਰਕ ਯਾਤਨਾ ਦਿੰਦੇ ਹੀ ਹੋਰ ਡੂੰਘਾ ਕਰ ਦਿੰਦੇ ਹਨ। ਸਮੁੱਚੀਆਂ ਘਟਨਾਵਾਂ ਉਸ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੰਦੀਆਂ ਹਨ। ਪਰ ਉਸੇ ਸਮੇਂ ਉਸ ਦੇ ਭਰਾ ਕਮਲ ਦੇ ਤਰਕਸ਼ੀਲ ਵਿਚਾਰ ਉਸ ਦੇ ਢਾਹੂ ਵਿਚਾਰਾਂ ਵਿਚ ਪਰਿਵਰਤਨ ਲਿਆਉਂਦੇ ਹਨ ਅਤੇ ਉਸ ਨੂੰ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ ਹਨ। ਇਕ ਵਾਰ ਕਮਲ ਨੇ ਨਿਹਾ ਤੋਂ ਪ੍ਰਸ਼ਨ ਪੁੱਛਿਆ ਸੀ: "ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸ ਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ?" ਫੇਰ ਆਪੇ ਉਸ ਨੂੰ ਉੱਤਰ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ। ਕਮਲ ਅੱਜ ਫੇਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ। "ਕਮਲ ਨੂੰ ਕਤਲ ਕਰ ਦਿੱਤਾ, ਇਹ ਕਲਮ ਦੀ ਮਜਬੂਰੀ ਸੀ। ਨੇਹਾ ਜਿਊਂਦੀ ਹੋ ਕੇ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿਛੋਂ ਇਕ ਹੋਰ ਮਹਾਂਭਾਰਤ ਹੋ ਜਾਵੇਗਾ।"[7] ਮਹਾਂਭਾਰਤ ਵਿਚਲੀ ਕੰਧਾਰੀ ਦਾ ਰੂਪਾਂਤਰਨ ਕਰਕੇ ਨਾਵਲਕਾਰ ਨੇ ਨਿਹਾ ਨੂੰ ਬਲਸ਼ੀਲ ਬਣਾਇਆ ਹੈ। ਉਸ ਨੇ ਮਨ ਹੀ ਮਨ ਕਮਲ ਨਾਲ ਵਾਅਦਾ ਕੀਤਾ ਤੇ ਆਪਣੀਆਂ ਅੱਖਾਂ ਉਤੇ ਬੱਧੀ ਅੰਧ-ਵਿਸ਼ਵਾਸਾਂ ਦੀ ਪੱਟੀ ਖੋਲ੍ਹ ਕੇ ਉਹ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋ ਗਈ। ਮਾਂ ਕਲਿਆਣੀ ਦਾ ਨਿਹਾ ਨੂੰ ਹੌਸਲਾ ਦੇਣਾ ਕਿ ਭਵਿੱਖ ਵਿਚ ਸਭ ਠੀਕ ਹੋ ਜਾਣਾ ਹੈ ਸਥਿਤੀ 'ਤੇ ਵਿਅੰਗ ਹੈ। ਸਮੁੱਚੇ ਨਾਵਲ ਵਿਚ ਨਾ ਤਾਂ ਨਿਹਾ ਦਾ ਮਨ ਸ਼ਾਂਤ ਹੋਇਆ ਤੇ ਨਾ ਹੀ ਉਸ ਦੇ ਪਰਵਾਰ ਨੂੰ ਇਨਸਾਫ਼ ਮਿਲਿਆ। ਇਵੇਂ ਨੇਹਾ ਦੀ ਹੀ ਨਹੀਂ ਸਗੋਂ ਚੇਤੰਨ ਪਾਠਕ ਵਰਗੀ ਦੀ ਇਹਨਾਂ ਸੰਸਥਾਵਾਂ ਦੇ ਢੌਂਗੀ ਕਾਰਜਾਂ ਪ੍ਰਤੀ ਭਰਮਾ ਵਿਅੰਗ ਕੱਸਿਆ ਹੈ: "ਢਾਈ ਮਹੀਨਿਆਂ ਬਾਅਦ ਹਾਲਾਤ ਸੁਧਰਨੇ ਸ਼ੁਰੂ ਹੋਏ ਸਨ, ਪੰਡਿਤਾਂ ਦਾ ਆਖਾ ਸੱਚ ਸਾਬਤ ਹੋਣ ਲੱਗਾ ਸੀ।"[8] ਕੁਝ ਦਿਨਾਂ ਬਾਅਦ ਸਗੋਂ ਸਭ ਉਲਟ ਹੋ ਜਾਂਦਾ ਹੈ। ਅਖ਼ੀਰ ਉਤੇ ਸਭ ਕੁਝ ਯਥਾਰਥ ਦੇ ਧਰਾਤਲ 'ਤੇ ਆ ਟਿਕਦਾ ਹੈ। ਜੇ ਹੋਰ ਕੋਈ ਕੁਝ ਨਹੀਂ ਕਰ ਸਕਿਆ ਤਾਂ ਪੰਡਿਤ ਪਰਮਾਨੰਦ ਦੇ ਸ਼ਬਦ ਤਾਂ ਨਿਰਾ ਦਿਲਾਸਾ ਸਨ, ਜਿਨ੍ਹਾਂ ਦਾ ਕੋਈ ਅਰਥ ਨਹੀਂ ਸੀ। ਸਗੋਂ ਮੋੜਵੇਂ ਰੂਪ ਵਿਚ ਉਸਦੇ ਕਹੇ ਸ਼ਬਦ ਵਿਅੰਗ ਬਾਣ ਸਾਬਤ ਹੁੰਦੇ ਹਨ। ਮਿੱਤਰ ਸੈਨ ਮੀਨ ਦੀ ਨਾਵਲੀ ਵਿਲੱਖਣਤਾ ਇਹ ਹੈ ਕਿ ਉਹ ਜਰ-ਜਰ ਹੋ ਚੁੱਕੇ ਵਿਚਾਰਾਂ ਨੂੰ ਉਖਾੜ ਸੁੱਟਣ ਲਈ ਕਾਹਲਾ ਨਹੀਂ ਪੈਂਦਾ ਸਗੋਂ ਯਥਾਰਥਕ ਪ੍ਰਕਿਰਿਆ ਵਿਚ ਇਹਨਾਂ ਵਿਚਾਰਾਂ ਦੇ ਖੋਖਲੇਪਨ ਨੂੰ ਸਿੱਧ ਹੋਣ ਦਿੰਦਾ ਹੈ। ਸਮੁੱਚੇ ਨਾਵਲ ਦੀ ਸੁਰ ਵਿਅੰਗਾਤਮਕ ਹੈ।

'ਕੌਰਵ ਸਭਾ' ਦੀ ਰੂਪ ਰਚਨਾ ਦੀ ਇਕ ਹੋਰ ਖ਼ਾਸੀਅਤ ਇਸ ਵਿਚਲੀ ਪ੍ਰਤੀਕਾਤਮਿਕਤਾ ਹੈ। ਇਸ ਨੂੰ ਦੋ ਢੰਗਾਂ ਰਾਹੀਂ ਨਾਵਲ ਵਿਚ ਵਰਤਿਆ ਗਿਆ ਹੈ। ਇਕ ਢੰਗ ਪ੍ਰਤੀਕਾਂ ਨੂੰ ਪਾਤਰਾਂ ਦੇ ਨਾਵਲਾਂ ਨਾਲ ਸੰਬੰਧਿਤ ਕਰਕੇ ਵਰਤਣ ਦਾ ਹੈ। ਨਾਵਲ ਵਿਚਲੇ ਕੁਝ ਪਾਤਰ ਆਪਣੇ ਨਾਵਾਂ ਦੇ ਅਰਥਾਂ ਮੁਤਾਬਿਕ ਕਾਰਜ ਕਰਦੇ ਵਿਖਾਏ ਹਨ। ਜੱਜ ਸਾਧੂ ਸਿੰਘ ਸਾਧੂ ਸੁਭਾਅ ਦਾ ਵਿਅਕਤੀ ਪਾਤਰ ਹੈ, ਜੋ ਆਪਣੀ ਇਮਾਨਦਾਰੀ ਸਦਕਾ ਮੁਦੱਈ ਧਿਰ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨੀ ਚਾਹੁੰਦਾ ਹੈ ਅਤੇ ਵਕੀਲ ਨੰਦ ਲਾਲ ਨੂੰ ਆਪਣੇ ਕਿੱਤੇ ਪ੍ਰਤੀ ਸੁਹਿਰਦ ਨਾ ਹੋਣ ਕਰਕੇ ਉਸ ਉਤੇ ਵਿਅੰਗ ਵੀ ਕੱਸਦਾ ਹੈ। ਸਾਧੂ ਸਿੰਘ ਜੱਜ ਦੀ ਸੁਣਵਾਈ ਦੇ ਆਖ਼ਰੀ ਦਿਨ ਨੰਦ ਲਾਲ ਵਕੀਲ ਵੱਲ ਸੁੱਟੀ ਵਿਅੰਗਮਈ ਮੁਸਕਾਨ ਉਸਦੇ ਸੀਨੇ ਵਿਚ ਨਸ਼ਤਰ ਵਾਂਗ ਖੁੱਭ ਜਾਂਦੀ ਹੈ। "ਕੀ ਇਸੇ ਦਾ ਨਾਂ ਵਕਾਲਤ ਹੈ?" ਨੰਦ ਲਾਲ ਨੂੰ ਲੱਗਦਾ ਸੀ ਜਿਵੇਂ ਸਾਧੂ ਸਿੰਘ ਵਾਰ ਵਾਰ ਉਸ ਤੋਂ ਇਹ ਪ੍ਰਸ਼ਨ ਪੁੱਛ ਰਿਹਾ ਸੀ। "ਬੜਾ ਮਾਣ ਸੀ ਨੰਦ ਲਾਲ ਨੂੰ ਆਪਣੀ ਕਾਬਲੀਅਤ ਉਤੇ। ਕਿਸ ਕੰਮ ਆਈ ਇਹ ਲਿਆਕਤ? ਪੈਸਾ ਕਮਾਉਣ? ਪੈਸੇ ਵਾਲੇ ਮੁਲਜ਼ਮਾਂ ਨੂੰ ਬਰੀ ਕਰਵਾਉਣ ਲਈ? ਮੁਲਜ਼ਮਾਂ ਨੂੰ ਸਜ਼ਾ ਦੇ ਭੈਅ ਤੋਂ ਮੁਕਤ ਕਰਵਾਉਣ ਲਈ? ਜੁਰਮ ਦੇ ਵਧਣ ਫੁੱਲਣ ਵਿਚ ਸਹਾਈ ਹੋਣ ਲਈ? ਆਪਾ ਪੜਚੋਲ ਕਰਦੇ ਨੰਦ ਲਾਲ ਨੂੰ ਇਹਨਾਂ ਪ੍ਰਸ਼ਨਾਂ ਦਾ ਉੱਤਰ "ਹਾਂ" ਵਿਚ ਮਿਲਦਾ ਸੀ। ਇਹ 'ਹਾਂ' ਉਸ ਨੂੰ ਪਸ਼ਚਾਤਾਪ ਦੀ ਅੱਗ ਵਿਚ ਸਾੜ ਰਹੀ ਸੀ।"[9] ਨੰਦ ਲਾਲ ਨੂੰ ਸਾਧੂ ਸਿੰਘ ਠੀਕ ਜਾਪ ਰਿਹਾ ਸੀ ਤੇ ਆਪਾ ਗ਼ਲਤ। ਸਾਧੂ ਸਿੰਘ ਆਪਣੇ ਫੈਸਲਿਆਂ ਦਾ ਆਧਾਰ ਹੱਕ, ਸੱਚ ਤੇ ਇਨਸਾਫ਼ ਨੂੰ ਬਣਾਉਂਦਾ ਹੈ। ਵਿਧਾਇਕ ਬਘੇਲ ਸਿੰਘ ਜੰਗਲੀ ਬਘਿਆੜ ਵਾਂਗ ਸੰਕਟ-ਗ੍ਰਸਤ ਲੋਕਾਂ ਨੂੰ ਆਪਣੀ ਭੁੱਖ ਦਾ ਸ਼ਿਕਾਰ ਬਣਾਉਂਦਾ ਹੈ। ਹਾਈਕੋਰਟ ਦਾ ਰਜਿਸਟਰਾਰ ਪ੍ਰਤਾਪ ਸਿੰਘ ਆਪਣੇ ਤੇਜ਼ ਪ੍ਰਤਾਪ ਕਰਕੇ ਹਰੇਕ ਨੂੰ ਭਰਮਾਉਣਾ ਤੇ ਵੱਸ ਵਿਚ ਕਰਨਾ ਜਾਣਦਾ ਹੈ। ਡਾ. ਸੁਤਿੰਦਰ ਸਿੰਘ ਨੂਰ ਨਾਵਲ ਵਿਚ ਮਹਾਂਭਾਰਤ ਵਿਚਲੇ ਪ੍ਰਤੀਕਾਂ ਵਿਅੰਗਾਰਥਾਂ ਨੂੰ ਅਜੋਕੇ ਪ੍ਰਸੰਗ ਵਿਚ ਪੂਰੇ ਸਮਾਜ ਸਭਿਆਚਾਰ ਵਿਚ ਫੈਲਿਆ ਵੇਖਦਾ ਹੈ। ਉਸ ਅਨੁਸਾਰ ਬਲਾਤਕਾਰ ਨੇਹਾ ਦਾ ਨਹੀਂ ਹੋਇਆ, ਸਗੋਂ ਸਮਾਜਕ ਕਦਰਾਂ ਕੀਮਤਾਂ ਦਾ ਹੋਇਆ ਹੈ। ਇਉਂ ਸਾਰੇ ਬਿਆਨ ਵਿਚ ਇਹ ਕੁਰੱਪਟ ਪ੍ਰਬੰਧ ਵਿਸਤ੍ਰਿਤ ਹੁੰਦਾ ਜਾਂਦਾ ਹੈ, ਜਿਸ ਵਿਚ ਘਾਤਕ ਹਮਲਾ ਇਕ ਪਰਿਵਾਰ ਉਤੇ ਹੀ ਨਹੀਂ, ਬਲਾਤਕਾਰ ਨੇਹਾ ਦਾ ਹੀ ਨਹੀਂ ਹੁੰਦਾ, ਕਤਲ ਕਮਲ ਦਾ ਹੀ ਨਹੀਂ, ਬਲਾਤਕਾਰ ਤਾਂ ਸਾਰੀਆਂ ਕੀਮਤਾਂ ਦਾ ਹੋ ਚੁੱਕਾ ਹੈ....ਇਉਂ ਕਹਾਣੀ ਕੇਵਲ ਇਕ ਪਰਿਵਾਰ ਦੀ ਤ੍ਰਾਸਦੀ ਦੀ ਨਹੀਂ ਰਹਿੰਦੀ, ਸਗੋਂ ਪ੍ਰਤੀਕਾਤਮਕ ਤੌਰ 'ਤੇ ਸਮੁੱਚੇ ਭਾਰਤੀ ਸਿਸਟਮ ਦੀ ਬਣ ਜਾਂਦੀ ਹੈ। ਯਥਾਰਥ ਦੀਆਂ ਡੂੰਘੀਆਂ ਤਹਿਆਂ ਤੇ ਗੁੰਝਲਾਂ, ਜਿਹੜੀਆਂ ਕਿਸੇ ਵੀ ਰਾਜਸੀ ਜਾਂ ਸਮਾਜਕ ਵਿਚਾਰਧਾਰਾ ਤੋਂ ਸੁਲਝ ਨਹੀਂ ਰਹੀਆਂ।"[10]

ਮਿੱਤਰ ਸੈਨ ਮੀਤ ਦੀ ਕੌਰਵ ਸਭਾ ਵਿਚ ਗਲਪ-ਦ੍ਰਿਸ਼ਟੀ ਪਾਤਰਾਂ ਦੇ ਵਿਅਕਤੀਗਤ ਚਿਤਰਨ ਦੀ ਬਜਾਇ ਸਮੂਹਿਕ ਪਾਤਰ ਚਿਤਰਨ ਉਤੇ ਟਿਕੀ ਹੋਈ ਹੈ। ਇਸ ਨਾਵਲ ਵਿਚ ਪਾਤਰਾਂ ਦੀ ਚੰਗੀ ਖਾਸੀ ਬਹੁਤਾਤ ਹੈ। ਜੱਜ, ਵਕੀਲ, ਡਾਕਟਰ, ਦਲਾਲ, ਭਾੜੇ ਦੇ ਅਪਰਾਧੀ, ਰਿਸ਼ਵਤਖੋਰੇ ਪੁਲਸੀਏ, ਰਾਜਨੇਤਾ, ਮੁਦੱਈ ਤੇ ਮੁਲਜ਼ਮਾਂ ਵਿਚੋਂ ਕਿਸੇ ਵਿਸ਼ੇਸ਼ ਪਾਤਰ ਨੂੰ ਉਘਾੜਣ ਤੇ ਬਲ ਨਹੀਂ ਦਿੱਤਾ ਸਗੋਂ ਸਮੂਹ ਭ੍ਰਿਸ਼ਟ ਵਰਤਾਰੇ ਉਤੇ ਉਂਗਲ ਰੱਖੀ ਹੈ। ਫਿਰ ਵੀ ਰਾਮਨਾਥ ਨੂੰ ਇਸ ਨਾਵਲ ਦਾ ਕੇਂਦਰੀ ਪਾਤਰ ਕਿਹਾ ਜਾ ਸਕਦਾ ਹੈ। ਨਾਵਲ ਦੀ ਆਰੰਭਲੀ ਸਤਰ ਤੋਂ ਲੈ ਕੇ ਆਖ਼ਰੀ ਸਤਰ ਤਕ ਵਾਪਰਨ ਵਾਲੀ ਹਰ ਘਟਨਾ ਦਾ ਤਨਾਅ ਰਾਮਨਾਥ ਨੂੰ ਭੋਗਣਾ ਪੈਂਦਾ ਹੈ। "ਪਾਰਕ ਦਾ ਦੂਸਰਾ ਚੱਕਰ ਸ਼ੁਰੂ

ਕਰਦਿਆਂ ਹੀ ਰਾਮਨਾਥ ਨੂੰ ਘਰੋਂ ਸੁਨੇਹਾ ਆ ਗਿਆ । ਮਾਇਆ ਨਗਰ ਤੋਂ ਫ਼ੋਨ ਆਇਆ ਸੀ ।"[11] ਉਸ ਦੇ ਚਰਿੱਤਰ ਦਾ ਫੈਲਾਅ ਸਾਰੇ ਨਾਵਲ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ । ਨਾਵਲ ਦੀ ਅੰਤਲੀ ਸਤਰ ਵੀ ਰਾਮਨਾਥ ਨਾਲ ਸਿੱਧੇ ਅਸਿੱਧੇ ਢੰਗ ਨਾਲ ਸੰਬੰਧਿਤ ਹੈ :

> ਹੌਸਲਾ ਰੱਖ ਧੀਏ ! ਇਸ ਅਦਾਲਤ ਦਾ ਫ਼ੈਸਲਾ ਅੰਤਿਮ ਨਹੀਂ । ਆਪਾਂ ਉਪਰ ਅਪੀਲ ਕਰਾਂਗੇ । ਨਿਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਇਹ ਆਖਿਆ ਜ਼ਰੂਰ । ਉਂਞ ਉਸ ਨੂੰ ਪਤਾ ਸੀ ਉਪਰ ਵੀ ਇਹੋ ਕੁਝ ਹੋਣ ਵਾਲਾ ਸੀ ।[12]

ਮਿੱਤਰ ਸੈਨ ਮੀਤ ਨੇ ਨਾਵਲ ਦੇ ਪਾਤਰਾਂ ਨੂੰ ਵਰਗਾਂ ਵਿਚ ਵੰਡਿਆ ਹੈ । ਰਾਮਨਾਥ, ਹਮਦਰਦੀ ਤੇ ਸਾਂਝ ਵਿਖਾਉਣ ਵਾਲੀ ਧਿਰ ਨੂੰ ਜੇ ਨਾਇਕ ਕਹਿ ਲਿਆ ਜਾਵੇ ਤਾਂ ਪੰਕਜ, ਨੀਰਜ ਨਾਲ ਸੰਬੰਧਿਤ ਸਾਰਾ ਭ੍ਰਿਸ਼ਟ ਧੜਾ ਪੁਲਿਸ, ਡਾਕਟਰ, ਵਕੀਲ, ਜੱਜ ਆਦਿ ਕਿੰਨੇ ਹੀ ਪਾਤਰ ਖਲਨਾਇਕ ਧੜੇ ਨਾਲ ਸੰਬੰਧਿਤ ਹੋ ਜਾਂਦੇ ਹਨ । "ਜੇ ਨੰਦ ਲਾਲ ਅਤੇ ਸਿੰਗਲੇ ਵਰਗੇ ਵਕੀਲ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਤਾਂ ਹਰੀਸ਼ ਵਰਗੇ ਵਕੀਲ ਲੋਕਾਂ ਦਾ ਦੁੱਖ ਵੰਡਾਉਣ ਦਾ ਯਤਨ ਵੀ ਕਰ ਰਹੇ ਹਨ । ਜੇ ਸੋਨੇ ਦੇ ਸਿੱਕਿਆਂ ਬਦਲੇ ਭਗਤ ਰਾਮ ਅਤੇ ਮੰਗਤ ਰਾਮ ਵਰਗੇ ਜੱਜ ਇਨਸਾਫ਼ ਦੀ ਤੱਕੜੀ ਦੇ ਪੱਲਿਆਂ ਨੂੰ ਸਾਧਨ-ਸੰਪੰਨ ਲੋਕਾਂ ਵੱਲ ਝੋਕ ਰਹੇ ਹਨ ਤਾਂ ਸਾਧੂ ਸਿੰਘ ਵਰਗੇ ਜੱਜ ਦੋਵਾਂ ਪਲੜਿਆਂ ਵਿਚ ਸਮਤੋਲ ਰੱਖਣ ਦਾ ਯਤਨ ਵੀ ਕਰ ਰਹੇ ਹਨ ।"[13] ਨਾਵਲਕਾਰ ਨੇ ਸਮਾਜਕ ਵਿਗਾੜ ਵਿਚ ਇਕ ਵਿਅਕਤੀ ਨੂੰ ਦੋਸ਼ੀ ਨਹੀਂ ਠਹਿਰਾਇਆ ਸਗੋਂ ਸਮੁੱਚਾ ਭ੍ਰਿਸ਼ਟ ਵਰਗ ਇਸ ਦਾ ਜ਼ਿੰਮੇਵਾਰ ਹੈ । ਉਹ ਵਿਅਕਤੀਗਤ ਪਾਤਰ ਦਾ ਵਿਸ਼ੇਸ਼ ਤੌਰ 'ਤੇ ਚਿਤਰਨ ਨਹੀਂ ਕਰਦਾ । ਇਸ ਸੰਬੰਧੀ ਉਹ ਖ਼ੁਦ ਇਕਬਾਲ ਕਰਦਾ ਹੈ : "ਇਸ ਅੱਧੋਗਤੀ ਲਈ ਕੋਈ ਇਕ ਵਿਅਕਤੀ ਜਾਂ ਜਮਾਤ (ਵਕੀਲ, ਜੱਜ) ਜ਼ਿੰਮੇਵਾਰ ਨਹੀਂ ਹੈ । ਇਸ ਪ੍ਰਬੰਧ ਨਾਲ ਸੰਬੰਧਿਤ ਹਰ ਵਿਅਕਤੀ ਇਸ ਲਈ ਜ਼ਿੰਮੇਵਾਰ ਹੈ । ਪਾਠਕ ਦਾ ਰੋਹ ਕਿਸੇ ਇਕ ਪਾਤਰ ਉਤੇ ਕੇਂਦਰਿਤ ਨਾ ਹੋਵੇ । ਇਸ ਲਈ ਮੈਂ ਪਾਤਰ ਬਦਲਦਾ ਰਹਿੰਦਾ ਹਾਂ । ਇਕੱਲਾ ਇਕ ਜੱਜ, ਸਰਕਾਰੀ ਵਕੀਲ ਜਾਂ ਪੁਲਿਸ ਅਫ਼ਸਰ ਬੇਈਮਾਨ ਨਹੀਂ ਹੈ । ਉਨੀ ਇੱਕੀ ਦੇ ਫ਼ਰਕ ਨਾਲ ਸਾਰੇ ਇਕੋ ਜਿਹੇ ਹਨ । ਜਦੋਂ ਇਹ ਭਾਵਨਾ ਪਾਠਕ ਦੇ ਮਨ ਵਿਚ ਜਾਗੇਗੀ ਤਾਂ ਨਫ਼ਰਤ ਸਮੁੱਚੇ ਢਾਂਚੇ ਨਾਲ ਹੋਣ ਲੱਗੇਗੀ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ ।"[14] ਮਾਇਆ ਨਗਰ ਵਿਚ ਹੀ ਮਾਨਵ ਹਿਤੈਸ਼ੀ ਤੇ ਮਾਨਵ ਵਿਰੋਧੀ ਦੋ ਤਰ੍ਹਾਂ ਦੇ ਲੋਕ ਵੱਸਦੇ ਹਨ । ਜਿੱਥੇ ਇਕ ਪਾਸੇ ਰਾਮਨਾਥ, ਵਿਕਟਮ ਵੈਲਫੇਅਰ ਸੰਸਥਾ ਦਾ ਪ੍ਰਧਾਨ ਹਰੀਸ਼ ਰਾਏ, ਜੱਜ ਸਾਧੂ ਸਿੰਘ, ਊਧਮ ਸਿੰਘ, ਵਿਦਿਆਰਥੀ ਯੂਨੀਅਨ ਮਾਨਵ ਹਿਤੈਸ਼ੀ ਹਨ, ਉਥੇ ਪੰਕਜ, ਨੀਰਜ, ਸਨਅਤਕਾਰ, ਸਿਆਸੀ ਨੇਤਾ, ਰਿਸ਼ਵਤਖੋਰ, ਪੁਲਿਸ ਅਫ਼ਸਰ ਇਹਨਾਂ ਨਾਲ ਵਿਚਰਨ ਵਾਲੇ ਛੋਟੇ ਵੱਡੇ ਕਰਮਚਾਰੀ ਦਲਾਲ, ਵਕੀਲ, ਜੱਜ, ਡਾਕਟਰ ਤੇ ਭਾੜੇ ਦੇ ਅਪਰਾਧੀ ਭਈਏ ਅਮਾਨਵੀ ਰੁਚੀਆਂ ਰੱਖਣ ਵਾਲੇ ਪਾਤਰ ਹਨ । ਅਜੋਕੀ ਵਿਵਸਥਾ ਵਿਚ ਵੀ ਪਾਂਡਵ ਘੱਟ ਤੇ ਕੌਰਵਾਂ ਦੀ ਭਰਮਾਰ ਜ਼ਿਆਦਾ ਹੈ । ਵਿਵਸਥਾ ਵਿਚਲੇ ਹਰ ਵਰਤਾਰੇ ਦਾ ਸਰੋਕਾਰ ਭ੍ਰਿਸ਼ਟ ਪ੍ਰਬੰਧ ਦੀ ਤਰਜ਼ਮਾਨੀ ਕਰਦਾ ਹੈ । ਵਿਵਸਥਾ ਦੇ ਖਲਨਾਇਕ ਵਾਧੇ ਚਰਿੱਤਰ ਨੂੰ ਕੌਰਵਾਂ ਦੇ ਰੂਪ ਵਿਚ ਪੇਸ਼ ਕਰਨਾ ਇਸ ਨਾਵਲ ਦਾ ਮੂਲ ਮਨੋਰਥ ਹੈ । ਦੋ ਫਰਵਰੀ *2004* ਨੂੰ ਸਾਹਿਤ ਚਿੰਤਨ ਵਲੋਂ ਕੌਰਵ ਸਭਾ ਉਤੇ ਕਰਵਾਈ ਗੋਸ਼ਟੀ ਵਿਚ ਨਾਇਕ ਦੀ ਹੋਂਦ ਤੇ ਅਣਹੋਂਦ ਉਪਰ ਚਰਚਾ ਹੋਈ ਸੀ ।[15] ਵਿਅਕਤੀ ਦੀ ਥਾਂ ਸਮੂਹਿਕਤਾ ਨੂੰ ਪਹਿਲ ਦੇਣੀ ਅਤੇ ਨਾਇਕ ਦੀ ਥਾਂ ਖ਼ਲਨਾਇਕ ਧਿਰ ਦੀਆਂ ਖ਼ਾਮੀਆਂ ਉਤੇ ਧਿਆਨ ਕੇਂਦਰਿਤ

ਕਰਨ ਨਾਲ ਉਸ ਦੀ ਨਾਵਲੀ ਦ੍ਰਿਸ਼ਟੀ ਵਿਲੱਖਣ ਹੋਂਦ ਗ੍ਰਹਿਣ ਕਰਦੀ ਹੈ।

'ਕੌਰਵ ਸਭਾ' ਦਾ ਘਟਨਾ-ਕ੍ਰਮ ਵਾਰਦਾਤ ਹੋਣ ਤੋਂ ਲੈ ਕੇ ਫ਼ੈਸਲਾ ਹੋਣ ਤੱਕ ਦੋ ਸਾਲ ਦੇ ਅਰਸੇ ਵਿਚ ਫੈਲਿਆ ਹੋਇਆ ਹੈ। ਸਮੇਂ ਦੇ ਨਾਲ ਸਥਾਨ ਮਾਇਆ ਨਗਰ ਕਲਪਿਤ ਨਾਂ ਹੈ ਪਰ ਇਸ ਸ਼ਹਿਰ ਦੀਆਂ ਵਿਸ਼ੇਸ਼ਤਾਈਆਂ ਲੁਧਿਆਣੇ ਦੇ ਖਿੱਤੇ ਨਾਲ ਮਿਲਦੀਆਂ ਜੁਲਦੀਆਂ ਹਨ। ਇਸ ਦੇ ਸ਼ਹਿਰੀ ਪਰਿਵੇਸ਼ ਤੇ ਬੌਧਿਕ ਵਾਤਾਵਰਨ ਦੇ ਅਨੁਕੂਲ ਇਸ ਦੀ ਸ਼ੈਲੀ ਨਿਬੰਧਮਈ ਹੈ। ਇਸ ਨਾਵਲ ਦੀ ਬੋਲੀ ਠੇਠ ਪੰਜਾਬੀ ਹੈ। ਕੁਝ ਸ਼ਬਦ-ਜੋੜਾਂ ਦੀਆਂ ਤਰੁੱਟੀਆਂ ਜ਼ਰੂਰ ਰੜਕਦੀਆਂ ਹਨ। ਕਿਸੇ ਵੀ ਵਿਅਕਤੀ ਪਾਤਰ ਤੋਂ ਵਿਅਕਤੀਗਤ ਬੋਲੀ ਦੀ ਵਰਤੋ ਨਹੀਂ ਕਰਵਾਈ ਗਈ। ਇਕ ਦੋ ਥਾਵਾਂ ਤੇ ਭਈਆਂ ਦੀ ਖਿੱਚੜੀ (ਹਿੰਦੀ ਪੰਜਾਬੀ ਰਲੀ) ਬੋਲੀ ਦੀ ਵਰਤੋਂ ਕੀਤੀ ਗਈ ਹੈ ਅਤੇ ਕਿਧਰੇ ਕਿਧਰੇ ਅਫ਼ਸਰਾਂ ਤੋਂ ਅੰਗਰੇਜ਼ੀ ਮਿਲੀ ਸ਼ਬਦਾਵਲੀ ਦੀ ਵਰਤੋਂ ਕਰਵਾਈ ਗਈ ਹੈ। ਇਹਨਾਂ ਵਿਸ਼ੇਸ਼ਤਾਵਾਂ ਕਰਕੇ ਕੌਰਵ ਸਭਾ ਕਿਸੇ ਇਕ ਖਿੱਤੇ ਨਾਲ ਸੰਬੰਧਿਤ ਨਾ ਹੋ ਕੇ ਵਿਸ਼ਵ ਵਿਆਪੀ ਪੱਧਰ ਦਾ ਨਾਵਲ ਹੋ ਨਿਬੜਦਾ ਹੈ।

ਮਿੱਤਰ ਸੈਨ ਮੀਤ ਦੇ ਇਸ ਨਾਵਲ ਨੂੰ ਤ੍ਰਾਸਦੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਦਾ ਬਿਰਤਾਂਤ ਖੁੱਲ੍ਹੇ ਅੰਤ ਵਾਲਾ ਹੈ। ਅੰਤ ਵਿਚ ਮੁਦੱਈ ਧਿਰ ਕਾਨੂੰਨੀ ਲੜਾਈ ਵਿਚ ਹਾਰ ਜਾਂਦੀ ਹੈ। ਪਰੰਤੂ, ਉਹ ਹਾਰ ਕੇ ਵੀ ਹਾਰ ਨਹੀਂ ਮੰਨਦੀ। ਉਸ ਦੇ ਅੱਗੇ ਕਾਨੂੰਨੀ ਲੜਾਈ ਜਾਰੀ ਰੱਖਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਰਾਮਨਾਥ ਦੀ ਦ੍ਰਿੜਤਾ, ਨੰਦ ਲਾਲ ਦਾ ਮੁਲਜ਼ਮ ਧਿਰ ਵਲੋਂ ਕੇਸ ਲੜਨ ਤੋਂ ਇਨਕਾਰੀ ਹੋਣਾ ਅਤੇ ਕੀਤੇ 'ਤੇ ਪਛਤਾਵਾਂ ਕਰਨਾ, ਵਿਕਟਮ ਵੈਲਫੇਅਰ ਸੁਸਾਇਟੀ ਦਾ ਸਕਾਰਾਤਮਕ ਹੁੰਗਾਰਾ, ਨਿਹਾ ਦਾ ਵਕਾਲਤ ਦੀ ਪੜ੍ਹਾਈ ਕਰਕੇ ਉਸ ਸੰਸਥਾ ਵਿਚ ਸ਼ਾਮਲ ਹੋਣ ਦਾ ਇਰਾਦਾ ਆਦਿ ਮੁਦੱਈ ਧਿਰ ਨੂੰ ਅਗਾਂਹ ਤੋਰਨ ਲਈ ਕਾਫ਼ੀ ਹਨ।

ਨਾਵਲ ਦਾ ਸਿਰਲੇਖ ਕੌਰਵ ਸਭਾ ਬਹੁਤ ਢੁੱਕਵਾਂ ਹੈ ਕਿਉਂਕਿ ਅਜੋਕੇ ਪੂੰਜੀਵਾਦੀ ਯੁੱਗ ਦੇ ਭ੍ਰਿਸ਼ਟ-ਪ੍ਰਬੰਧ ਵਿਚ ਜੱਜ, ਵਕੀਲ, ਸਿਹਤ ਸੇਵਾਵਾਂ, ਪੁਲਿਸ ਅਫ਼ਸਰ ਤੇ ਰਾਜਸੀ ਵਿਧਾਇਕਾਂ ਨੇ ਆਪਣੇ ਨੈਤਿਕ ਪੇਸ਼ੇ ਦੇ ਕਰਤੱਵਾਂ ਨੂੰ ਅੱਖੋਂ ਪਰੋਖੇ ਕੌਰਵ ਸਭਾ ਦੇ ਅਮਾਨਵੀ ਚਰਿੱਤਰ ਦਾ ਰੂਪ ਧਾਰਨ ਕੀਤਾ ਹੋਇਆ ਹੈ। ਕਾਨੂੰਨ ਵਿਵਸਥਾ ਅਮੀਰਾਂ, ਸਰਮਾਏਦਾਰਾਂ ਦਾ ਹੱਥ ਠੋਕਾ ਬਣੀ ਹੋਈ ਹੈ ਅਤੇ ਆਮ ਸਾਧਾਰਨ ਲੋਕਾਂ ਦੀਆਂ ਅੱਖਾਂ ਵਿਚ ਨਿਆਂਪਾਲਿਕਾ ਦੇ ਨਾਂ ਹੇਠ ਘੱਟਾ ਪਾਇਆ ਹੋਇਆ ਹੈ।

ਉਪਰੋਕਤ ਵਿਚਾਰ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਦਾ ਇਹ ਨਾਵਲ ਕਚਹਿਰੀਆਂ ਦੀ, ਹਸਪਤਾਲਾਂ ਦੀ, ਸਮਾਜ ਸੇਵੀ ਸੰਸਥਾਵਾਂ ਦੀ, ਮਨੁੱਖੀ ਵੇਦਨਾ ਦੀ ਗਾਥਾ ਹੈ। ਕੌਰਵ ਸਭਾ ਦੀ ਗਾਲਪਨਿਕ ਵਿਧੀ ਪਾਠਕ ਨੂੰ ਸੰਪੂਰਨ ਸਥਿਤੀ ਦੇ ਬਿਰਤਾਂਤਕ ਰੂਪਾਂਤਰਨ ਦੁਆਰਾ ਸਮਾਜ-ਸਭਿਆਚਾਰ ਦੇ ਨਿਆਂ ਕਾਨੂੰਨ ਦਾ ਬਹੁਪੱਖੀ ਗਿਆਨ ਦੇ ਕੇ ਚੇਤੰਨ ਕਰਨ ਦੀ ਹੈ। ਕੌਰਵ ਸਭਾ ਵਸਤੂ ਪੱਖੋਂ ਨਿਵੇਕਲਾ ਹੋਣ ਦੇ ਨਾਲ ਨਾਲ ਰੂਪ ਪੱਖੋਂ ਵੀ ਵਿਲੱਖਣ ਪ੍ਰਕਿਰਤੀ ਦਾ ਧਾਰਨੀ ਹੈ। ਮਿੱਤਰ ਸੈਨ ਮੀਤ ਨੇ ਕੌਰਵ ਸਭਾ ਦੇ ਕੈਨਵਸ ਨੂੰ ਭਾਰਤ ਦੇ ਪੁਰਾਤਨ ਸਾਹਿਤ ਤਕ ਵਿਸਤਾਰਦਿਆਂ ਇਸ ਨੂੰ ਇਤਿਹਾਸਮੁਖਤਾ ਪ੍ਰਦਾਨ ਕੀਤੀ ਹੈ। ਰੂਪ ਪੱਖੋਂ ਮਿੱਤਰ ਸੈਨ ਮੀਤ ਦੀ ਨਿਵੇਕਲੀ ਪਛਾਣ ਉਸ ਦੇ ਅਨੁਭਵ ਦੀ ਦਸਤਾਵੇਜ਼ੀ ਪ੍ਰਮਾਣਿਕਤਾ ਅਤੇ ਵਿਅੰਗ ਨੂੰ ਵਿਡੰਬਨਾ ਵਿਚ ਰੂਪਾਂਤਰਿਤ ਕਰ ਸਕਣ ਦੀ ਯੋਗਤਾ ਕਰਕੇ ਹੈ।

## ਹਵਾਲੇ ਤੇ ਟਿੱਪਣੀਆਂ

1. ਸੁਖਦੇਵ ਸਿੰਘ ਖਾਹਰਾ (ਸੰਪਾ.), **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 190.
2. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰਨਾ 86.
3. ਉਹੀ, ਪੰਨਾ 9.
4. ਉਹੀ, ਪੰਨਾ 116.
5. ਉਹੀ, ਪੰਨਾ 133.
6. ਉਹੀ, ਪੰਨਾ 116.
7. ਉਹੀ, ਪੰਨਾ 117.
8. ਉਹੀ, ਪੰਨਾ 256.
9. ਉਹੀ, ਪੰਨੇ 358-359.
10. ਪੰਜਾਬੀ ਟ੍ਰਿਬਿਊਨ, 2003.
11. ਕੌਰਵ ਸਭਾ, ਪੰਨਾ 9.
12. ਉਹੀ, ਪੰਨਾ 366.
13. **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 197.
14. ਉਹੀ, ਪੰਨਾ 195.
15. "ਕੇਸਰ ਸਿੰਘ ਕੇਸਰ ਹੁਰਾਂ ਨਾਵਲ ਵਿਚ ਨਾਇਕ ਦੀ ਅਣਹੋਂਦ ਉਪਰ ਗੱਲ ਛੇੜੀ ਸੀ ਤਾਂ ਸੁਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਇਸਦਾ ਇਹ ਜੁਆਬ ਦਿੱਤਾ, "ਜੇ ਨਾਇਕ ਨਹੀਂ ਖਲਨਾਇਕ ਤਾਂ ਹੈ। ਖਲਨਾਇਕ ਇਕ ਵਿਅਕਤੀ ਨਹੀਂ, ਪੂਰਾ ਸਿਸਟਮ ਹੈ। ਇਸ ਸਿਸਟਮ ਨੂੰ ਬਦਲਣ ਦੀ ਜ਼ਰੂਰਤ ਹੈ।" – ਉਧਰਿਤ, **ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 197.

# ਮਿੱਤਰ ਸੈਨ ਮੀਤ ਦੇ ਰੂ-ਬ-ਰੂ

**ਹਰਿਭਜਨ ਸਿੰਘ ਭਾਟੀਆ**

| | | |
|---|---|---|
| ਜਨਮ | : | 20 ਅਕਤੂਬਰ 1952 |
| ਜਨਮ ਸਥਾਨ | : | ਬਰਨਾਲਾ |
| ਵਿਦਿਅਕ ਯੋਗਤਾ | : | ਬੀ.ਏ. (ਆਨਰਜ਼), ਐਲ.ਐਲ.ਬੀ. |
| ਕਿੱਤਾ | : | ਸਰਕਾਰੀ ਵਕੀਲ |

ਮਿੱਤਰ ਸੈਨ ਮੀਤ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਪੰਜਾਬੀ ਗਲਪ ਦੇ ਖੇਤਰ ਵਿਚ ਕਾਰਜਸ਼ੀਲ ਹੈ। ਨਿਰਸੰਦੇਹ, ਅਜੋਕੇ ਦੌਰ ਵਿਚ ਉਸਦਾ ਨਾਂ ਪੰਜਾਬੀ ਨਾਵਲਕਾਰਾਂ ਦੀ ਮੂਹਰਲੀ ਕਤਾਰ ਵਿਚ ਆਉਂਦਾ ਹੈ। ਬੇਸ਼ੱਕ ਉਹ ਗਲਪ ਦੇ ਖੇਤਰ ਵਿਚ ਆਪਣੇ ਨਾਵਲ **ਅੱਗ ਦੇ ਬੀਜ** ਨਾਲ (1971 ਈ.) ਵਿਚ ਪ੍ਰਵੇਸ਼ ਕਰ ਗਿਆ ਪਰੰਤੂ ਇਸ ਖੇਤਰ ਵਿਚ ਉਸਦੀ ਉਭਰਵੀਂ ਪਛਾਣ ਉਸਦੇ ਨਾਵਲ **ਤਫ਼ਤੀਸ਼** (1990) ਦੇ ਪ੍ਰਕਾਸ਼ਨ ਨਾਲ ਬਣੀ। ਇਸ ਨਾਵਲ ਉਪਰੰਤ **ਕਟਹਿਰਾ** (1993), **ਕੌਰਵ ਸਭਾ** (2003) ਅਤੇ **ਸੁਧਾਰ ਘਰ** (2006) ਦੇ ਪ੍ਰਕਾਸ਼ਨ ਨਾਲ ਉਸਦੀ ਇਹ ਸ਼ਨਾਖ਼ਤ ਲਗਾਤਾਰ ਗੂੜ੍ਹੀ ਅਤੇ ਭਰਵੀਂ ਹੁੰਦੀ ਗਈ। ਉਸਨੂੰ ਪੰਜਾਬੀ ਦੇ ਨਾਮਵਰ ਅਤੇ ਪ੍ਰਤਿਨਿੱਧ ਚਿੰਤਕਾਂ ਨੇ ਨਿੱਠ ਕੇ ਗੌਲਿਆ ਅਤੇ ਸਮੇਂ-ਸਮੇਂ ਉਸਦੀਆਂ ਰਚਨਾਵਾਂ ਵਿਸ਼ਲੇਸ਼ਣ–ਮੁਲਾਂਕਣ ਦਾ ਵਸਤੂ ਵੀ ਬਣਦੀਆਂ ਰਹੀਆਂ। ਇਨ੍ਹਾਂ ਰਚਨਾਵਾਂ ਦੇ ਵਿਸ਼ਲੇਸ਼ਣ–ਮੁਲਾਂਕਣ ਅਤੇ ਸੰਵਾਦ ਦਾ ਵਸਤੂ ਬਣਨ ਵਿਚ ਹੀ ਇਨ੍ਹਾਂ ਦਾ ਮਹੱਤਵ ਛੁਪਿਆ ਹੋਇਆ ਹੈ, ਬੇਸ਼ੱਕ ਉਸਦੀਆਂ ਰਚਨਾਵਾਂ ਪ੍ਰਤਿ ਵਿਦਵਾਨਾਂ ਨੇ ਇਕਸਾਰ ਹੁੰਗਾਰਾ ਅਤੇ ਇਕਮੱਤ ਪ੍ਰਗਟ ਨਹੀਂ ਕੀਤਾ। ਇਸ ਨੂੰ ਕਿਸੇ ਜ਼ਿੰਦਾ ਤਖ਼ਲੀਕ ਦਾ ਗੁਣ ਮੰਨਿਆ ਜਾਣਾ ਚਾਹੀਦਾ ਹੈ। ਮੀਤ ਦੀ ਸਮੁੱਚੀ ਤਖ਼ਲੀਕ ਦਾ ਮਕਸਦ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਕਰਨਾ ਹੈ। ਅਜੋਕੇ ਭਿਅੰਕਰ, ਚਰਿਤ੍ਰਹੀਨ, ਤਲਿੱਸਮੀ, ਵਿਕਾਊ ਅਤੇ ਮਾਇਆ ਦੇ ਇਰਦ–ਗਿਰਦ ਘੁੰਮ ਰਹੇ ਯੁੱਗ ਦੀਆਂ ਪਰਤਾਂ ਨੂੰ ਫਰੋਲਣਾ ਉਸਦੀ ਗਲਪ ਰਚਨਾ ਦਾ ਸ਼ਨਾਖ਼ਤੀ ਲੱਛਣ ਹੈ। ਉਹ ਲੋਕਤੰਤਰ ਦੇ ਤਹਿਸ ਨਹਿਸ ਹੋ ਚੁੱਕੇ ਪ੍ਰਬੰਧ ਅਤੇ ਵਿਸ਼ੇਸ਼ ਰੂਪ ਵਿਚ ਸਾਡੀ ਨਿਆਂ–ਪ੍ਰਣਾਲੀ ਦੀ ਘੁਣ–ਖਾਧੀ ਵਿਵਸਥਾ ਦੇ ਸਰੂਪ ਨੂੰ ਉਜਾਗਰ ਕਰਦਾ ਹੈ। ਉਸਦੀਆਂ ਰਚਨਾਵਾਂ ਵਕਤੀ ਮਜ਼ਾ ਦੇਣ ਵਾਲੀਆਂ ਨਹੀਂ ਹਨ ਅਤੇ ਇਨ੍ਹਾਂ ਨੂੰ ਪਰੰਪਰਾਗਤ ਸੁਹਜ ਸ਼ਾਸਤਰੀ ਪ੍ਰਤਿਮਾਨਾਂ ਉੱਪਰ ਵੀ ਨਹੀਂ ਪਰਖਿਆ ਜਾਣਾ ਚਾਹੀਦਾ। ਇਹ ਲਿਖਤਾਂ ਗਲਪ ਅਤੇ ਖੋਜ ਦੇ ਸੰਜੋਗੀ ਰਿਸ਼ਤੇ ਉੱਪਰ ਉਸਰੀਆਂ ਨਵੀਂ ਗਲਪੀ ਵਿਧਾ ਸਿਰਜਣ ਵੱਲ ਰੁਚਿਤ ਹਨ। ਇਨ੍ਹਾਂ ਵਿਚ ਪੇਸ਼ ਹੋਇਆ ਯਥਾਰਥ ਅਸਲ ਨਾਲੋਂ ਵੱਧ ਸ਼ਕਤੀਸ਼ਾਲੀ ਇਸ ਕਰਕੇ ਹੈ ਕਿਉਂਕਿ ਇਹ ਅਜੋਕੇ ਪੂੰਜੀਵਾਦੀ ਯੁੱਗ ਦੀ ਵਿਆਕਰਣ ਨੂੰ ਉਲੀਕਦਾ ਹੈ। ਹੇਠਾਂ ਦਰਜ ਹਨ ਮੀਤ ਨਾਲ ਇਕ ਵਿਸਤ੍ਰਿਤ ਮੁਲਾਕਾਤ ਦੇ ਕੁਝ ਅੰਸ਼।

**ਪ੍ਰਸ਼ਨ : ਮੀਤ ਜੀ ਤੁਹਾਡੀ ਸਿਰਜਣਾ ਦਾ ਅਮਲ ਤਿੰਨ ਤੋਂ ਵੀ ਉਪਰ ਦਹਾਕਿਆਂ ਵਿਚੋਂ ਗੁਜ਼ਰ ਚੁੱਕਾ ਹੈ ਪਰੰਤੂ ਮੈਂ ਪਿਛਲਝਾਤ ਰਾਹੀਂ ਗੱਲ ਸ਼ੁਰੂ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ। ਸੋ ਤੁਸੀਂ ਆਪਣੇ ਮੁੱਢਲੇ ਜੀਵਨ ਤੇ ਵਿਦਿਆ ਬਾਰੇ ਕੁੱਝ ਤੱਥ ਸਾਡੇ ਨਾਲ ਸਾਂਝੇ ਕਰੋ।**

ਉੱਤਰ : ਮੇਰਾ ਜਨਮ 20 ਅਕਤੂਬਰ 1952 ਨੂੰ ਇਕ ਨਿਮਨ ਮੱਧਵਰਗੀ ਮਹਾਜਨ ਪਰਿਵਾਰ ਵਿਚ

ਹੋਇਆ ਸੀ। ਮੇਰੇ ਪਿਤਾ ਜੀ ਪਟਵਾਰੀ ਸਨ। ਪਰਿਵਾਰ ਉਨ੍ਹਾਂ ਦੇ ਨਾਲ–ਨਾਲ ਰਹਿੰਦਾ ਸੀ। ਜੀਵਨ ਦੇ ਪਹਿਲੇ ਅੱਠ–ਨੌਂ ਸਾਲ ਪਿੰਡਾਂ ਵਿਚ ਗੁੱਜ਼ਰੇ। ਪਟਵਾਰੀ ਹੋਣ ਕਾਰਣ ਪਿਤਾ ਜੀ ਦਾ ਵਾਹ ਕਿਰਸਾਨਾਂ ਨਾਲ ਪੈਂਦਾ ਸੀ। ਅਨਭੋਲ ਮਨ ਨੇ ਜਿੱਥੇ ਪੇਂਡੂ ਜੀਵਨ ਨੂੰ ਆਪਣੇ ਅੰਦਰ ਸਮੋ ਲਿਆ ਉਥੇ ਕਿਰਸਾਣੀ ਦੇ ਦੁੱਖ–ਦਰਦ ਵੀ ਅਚੇਤ ਤੌਰ 'ਤੇ ਜ਼ਿਹਨ ਵਿਚ ਉਕਰੇ ਗਏ। ਸੰਨ *1962* ਵਿਚ ਅਸੀਂ ਪੱਕੇ ਤੌਰ 'ਤੇ ਬਰਨਾਲੇ ਟਿੱਕ ਗਏ। ਪੈਸੇ ਦੀ ਘਾਟ ਕਾਰਣ ਜਾਂ ਨਾਸਮਝੀ ਕਾਰਣ ਪਿਤਾ ਜੀ ਨੇ ਜਿਹੜਾ ਕੱਚਾ–ਪੱਕਾ ਘਰ ਖਰੀਦਿਆਂ ਉਹ ਅਜਿਹੇ ਮੁਹੱਲੇ ਵਿਚ ਸੀ ਜਿਥੇ ਦਲਿਤਾਂ ਦੇ ਦਲਿਤ 'ਧਾਨਕੇ' ਰਹਿੰਦੇ ਸਨ। (ਬਰਨਾਲੇ ਵਿਚ ਧਾਨਕੇ ਉਸ ਜਾਤੀ ਨੂੰ ਆਖਿਆ ਜਾਂਦਾ ਹੈ ਜਿਹੜੀ ਲੋਕਾਂ ਦਾ ਮਲ–ਮੂਤਰ ਚੁੱਕਦੀ ਅਤੇ ਨਾਲੇ–ਨਾਲੀਆਂ ਸਾਫ਼ ਕਰਦੀ ਹੈ) ਮੁੱਹਲੇ ਵਿਚ ਕੁਝ ਘਰ ਚੂਹੜਿਆਂ ਦੇ ਵੀ ਸਨ। ਘਰ ਤੋਂ *400-500* ਗਜ਼ ਦੇ ਫ਼ਾਸਲੇ ਤੇ ਸਿਵੇ ਸਨ ਜਿਥੇ ਹਰ ਸਮੇਂ ਮੁਰਦੇ ਸੜਦੇ ਰਹਿੰਦੇ ਸਨ। ਸਿਵਿਆਂ ਦੇ ਨਾਲ ਸਾਸੀਆਂ ਦੀਆਂ ਕੁੱਲੀਆਂ ਸਨ। ਇਸ ਤਰ੍ਹਾਂ ਮੇਰਾ ਲੜਕਪਨ ਦਲਿਤ ਸਾਥੀਆਂ ਦੀਆਂ ਕੁੱਲੀਆਂ ਵਿਚਕਾਰ ਉਨ੍ਹਾਂ ਦੇ ਦੁੱਖ–ਦਰਦਾਂ ਨਾਲ ਸਾਂਝਾਂ ਪਾਉਂਦੇ ਬੀਤਿਆ। ਇਸ ਆਲੇ–ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਗਿਆਨ ਕਰਵਾਇਆ ਜਿਹੜਾ ਹੁਣ ਤੱਕ ਮੇਰਾ ਸਹਾਈ ਹੈ ਐਤ ਮੇਰੀਆਂ ਰਚਨਾਵਾਂ ਵਿਚ ਸਹਿਜ ਸੁਭਾਅ ਪ੍ਰਗਟ ਹੁੰਦਾ ਹੈ। ਇਹ ਲੋਕ ਮੇਰੀ ਲਿਖਣ ਸਮੱਗਰੀ ਦਾ ਸੋਮਾ, ਮੇਰੇ ਪ੍ਰੇਰਨਾ ਸਰੋਤ ਅਤੇ ਮੇਰੇ ਦ੍ਰਿਸ਼ਟੀਕੋਣ ਦੇ ਸਿਰਜਕ ਹਨ।

ਉਨ੍ਹਾਂ ਦਿਨਾਂ ਵਿਚ ਨਕਸਲੀ ਲਹਿਰਾ ਜੋਰਾਂ 'ਤੇ ਸੀ। *1968* ਵਿਚ ਦਸਵੀਂ ਪਾਸ ਕਰਨ ਬਾਅਦ ਜਦੋਂ ਕਾਲਜ ਵਿਚ ਪ੍ਰਵੇਸ਼ ਕੀਤਾ ਤਾਂ ਨਕਸਲੀ ਦੋਸਤਾਂ ਨਾਲ ਵਾਹ ਪਿਆ। ਦਲਿਤ ਦੋਸਤਾਂ ਦੀ ਭੈੜੀ ਹਾਲਤ ਦੇਖ ਕੇ ਮਨ ਵਿਚ ਪ੍ਰਸ਼ਨ ਪੈਦਾ ਹੁੰਦਾ ਸੀ ਕਿ ਇਹ ਲੋਕ "ਨਰਕ" ਕਿਉਂ ਭੋਗ ਰਹੇ ਹਨ? ਨਕਸਲੀਆਂ ਦੇ ਸਾਥ ਨੇ ਇਸ ਭੈੜੀ ਦਸ਼ਾ ਦੇ ਕਾਰਨ ਪਤਾ ਲਾਉਣ ਵਿਚ ਮਦਦ ਕੀਤੀ ਅਤੇ ਹੱਲ ਸੁਝਾਉਣੇ ਸ਼ੁਰੂ ਕੀਤੇ। ਸੋਚ ਵਿਚ ਨਿਖ਼ਾਰ ਆਉਣ ਲੱਗਾ।

ਇਸੇ ਪ੍ਰਸ਼ਨ ਨਾਲ ਸੰਬੰਧਿਤ ਇਕ ਨੁੱਕਤਾ ਹੋਰ ਵੀ ਹੈ। ਸਾਡੇ ਪਰਿਵਾਰ ਵਿਚ ਨਿਰੋਲ ਪੰਜਾਬੀ ਸਭਿਆਚਾਰ ਭਾਰੂ ਸੀ। ਘਰ ਵਿਚ ਪੂਜਾ–ਪਾਠ ਨਹੀਂ ਸੀ ਹੁੰਦਾ, ਕੋਈ ਵਹਿਮ–ਭਰਮ ਨਹੀਂ ਸੀ ਪਾਲਿਆ ਜਾਂਦਾ ਅਤੇ ਨਾ ਹੀ ਕੋਈ ਆਡੰਬਰ ਰਚਿਆ ਜਾਂਦਾ ਸੀ। ਸਾਰੇ ਧਰਮਾਂ ਦਾ ਸਨਮਾਨ ਹੁੰਦਾ ਸੀ। ਇਸ ਤਰ੍ਹਾਂ ਮੇਰਾ ਬਚਪਨ ਕੱਟੜ ਧਾਰਮਿਕ ਸੰਸਕਾਰਾਂ ਦੀ ਜਕੜ ਤੋਂ ਮੁਕਤ ਰਿਹਾ। ਪਿਛੋਂ ਵਿਗਿਆਨਕ ਸੋਚ ਅਪਨਾਉਣ ਵਿਚ ਮੈਨੂੰ ਸੌਖ ਰਹੀ।

ਬੀ.ਏ. ਮੈਂ *1972* ਵਿਚ ਆਨਰਜ਼–ਇਨ–ਮੈਥ ਵਿਚ ਕੀਤੀ ਸੀ। ਇਸ ਇਮਤਿਹਾਨ ਵਿਚ ਮੈਂ ਪੰਜਾਬੀ ਯੂਨਵਰਸਿਟੀ ਵਿਚ ਪਹਿਲੇ ਸਥਾਨ 'ਤੇ ਰਿਹਾ ਸੀ ਅਤੇ ਮੈਨੂੰ ਗੋਲਡ–ਮੈਡਲ ਮਿਲਿਆ ਸੀ। ਐਲ.ਐਲ.ਬੀ. ਮੈਂ *1976* ਵਿਚ ਪੰਜਾਬ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਸ਼ਾਮ ਦੀਆਂ ਜਮਾਤਾਂ ਵਿਚ ਕੀਤੀ ਸੀ। ਗੁਜ਼ਾਰਾ ਚਲਾਉਣ ਲਈ ਦਿਨੇ ਨੌਕਰੀ ਕਰਦਾ ਸੀ। ਐਲ.ਐਲ.ਬੀ. ਵਿਚੋਂ ਵੀ ਮੈਂ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਿਹਾ ਸੀ। ਵਿਚਕਾਰਦੀ ਗਿਆਨੀ ਅਤੇ ਬੀ.ਐੱਡ ਵੀ ਕਰ ਲਈ। ਇਨ੍ਹਾਂ ਵਾਧੂ ਡਿਗਰੀਆਂ ਨਾਲ ਮੈਨੂੰ ਪੰਜਾਬੀ, ਸਿੱਖਿਆ ਅਤੇ ਮਨੋਵਿਗਿਆਨਕ ਵਿਸ਼ਿਆਂ ਦੀ ਸਮਝ ਵੀ ਆ ਗਈ। ਜਨਵਰੀ *1979* ਵਿਚ ਮੈਨੂੰ ਸਰਕਾਰੀ ਵਕੀਲ ਦੀ ਨੌਕਰੀ ਮਿਲ ਗਈ।

**ਪ੍ਰਸ਼ਨ : ਤੁਹਾਡੇ ਸ਼ੁਰੂ ਦੇ ਜੀਵਨ ਉਪਰ ਕਿਸ ਤਰ੍ਹਾਂ ਦੇ ਪ੍ਰਭਾਵ ਪਏ ਅਤੇ ਤੁਸੀਂ ਸਿਰਜਣਕਾਰੀ**

**ਦੇ ਅਮਲ ਵੱਲ ਕਿਉਂ ਅਤੇ ਕਿਵੇਂ ਪਰਤੇ?**
ਉੱਤਰ : ਬਰਨਾਲੇ ਦੀ ਮਿੱਟੀ ਵਿਚ ਲੇਖਕ ਪੈਦਾ ਕਰਨ ਦਾ ਕੋਈ ਖਾਸ ਗੁਣ ਹੈ ਜਾਂ ਉਥੋਂ ਦਾ ਵਾਤਾਵਰਣ ਲੋਕਾਂ ਨੂੰ ਲੇਖਕ ਬਣਨ ਲਈ ਪ੍ਰੇਰਦਾ ਹੈ। ਇਸ ਬਾਰੇ ਪੱਕੀ ਤਰ੍ਹਾਂ ਨਾਲ ਕੁਝ ਨਹੀਂ ਆਖਿਆ ਜਾ ਸਕਦਾ। ਪਰ ਇਕ ਗੱਲ ਸੱਚ ਹੈ ਕਿ ਸੱਠਵਿਆਂ ਦੇ ਅਖ਼ੀਰ ਅਤੇ ਸੱਤਰਵਿਆਂ ਦੇ ਸ਼ੁਰੂ ਵਿਚ ਬੁਰਨਾਲੇ ਦੀ ਮੰਡੀਰ ਦਾ ਰੁਝਾਨ ਕੁੜੀਆਂ ਪਿਛੇ ਖ਼ਾਕ ਛਾਨਣ ਵੱਲ ਘੱਟ, ਅੰਮ੍ਰਿਤਾ ਪ੍ਰੀਤਮ ਅਤੇ ਪਾਸ਼ ਦੀਆਂ ਕਵਿਤਾਵਾਂ, ਕੰਵਲ ਅਤੇ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਬਹਿਸਾਂ ਕਰਨ ਵੱਲ ਵਧੇਰੇ ਹੁੰਦਾ ਸੀ। ਉਨ੍ਹੀਂ ਦਿਨੀਂ ਬਰਨਾਲੇ ਵਿਚੋਂ ਦੋ ਸਾਹਿਤਕ ਪੱਤਰਕਾਵਾਂ "ਪ੍ਰਤੀਕ" ਅਤੇ "ਮੁਹਾਂਦਰਾ" ਜ਼ੋਰ ਸ਼ੋਰ ਨਾਲ ਨਿਕਲ ਰਹੀਆਂ ਸਨ। ਬਰਨਾਲਾ ਅਤੇ ਇਸੇ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਸਕੂਲਾਂ ਵਿਚ ਰਾਮ ਸਰੂਪ ਅਣਖੀ, ਇੰਦਰ ਸਿੰਘ ਖ਼ਾਮੋਸ਼, ਓਮ ਪ੍ਰਕਾਸ਼ ਗਾਸੋ ਅਤੇ ਬਸੰਤ ਕੁਮਾਰ ਰਤਨ ਵਰਗੇ ਨਾਵਲਕਾਰ ਬਾਲ ਮਨਾਂ ਵਿਚ ਸਾਹਿਤਕ ਰੁਚੀਆਂ ਦੇ ਬੀਜ ਬੋ ਰਹੇ ਸਨ। ਐਸ.ਡੀ. ਕਾਲਜ ਬਰਨਾਲਾ ਵਿਚ ਪ੍ਰੋ. ਜੋਗਾ ਸਿੰਘ, ਰਵਿੰਦਰ ਭੱਠਲ ਅਤੇ ਪ੍ਰੀਤਮ ਸਿੰਘ ਰਾਹੀ ਵਰਗੇ ਸ਼ਾਇਰ ਲੇਖਕਾਂ ਦੀ ਨਵੀਂ ਪਨੀਰੀ ਨੂੰ ਪਰਪੱਕਤਾ ਬਖਸ਼ਣ ਵਿਚ ਜੁੱਟੇ ਹੋਏ ਸਨ। ਕਾਲਜ ਦੇ ਮੈਗਜ਼ੀਨ ਅਤੇ ਸਾਹਿਤ ਸਭਾ ਨੂੰ ਜੋਗਿੰਦਰ ਸਿੰਘ ਨਿਰਾਲਾ, ਵਰਿਆਮ ਮਸਤ ਅਤੇ ਸੁਖਜੀਤ ਭੱਠਲ ਵਰਗੇ ਹੋਣਹਾਰ ਸਾਹਿਤਕਾਰ ਵਿਦਿਆਰਥੀ ਚਾਰ-ਚੰਨ ਲਾ ਰਹੇ ਸਨ। ਆਲੇ-ਦੁਆਲੇ ਇਨਕਲਾਬੀ ਲਹਿਰ ਪੂਰੇ ਜੋਬਨ ਉਪਰ ਸੀ। ਸੰਤ ਰਾਮ ਉਦਾਸੀ ਦੇ ਗੀਤਾਂ, ਪਾਸ਼ ਦੀਆਂ ਕਵਿਤਾਵਾਂ ਅਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਗੂੰਜ ਕਾਲਜ ਦੇ ਨਾਲ-ਨਾਲ ਪਿੰਡਾਂ ਵਿਚ ਵੀ ਸੁਣਾਈ ਦਿੰਦੀ ਸੀ। **ਸਰਦਲ, ਹੇਮ ਜਯੋਤੀ** ਅਤੇ **ਸਿਆੜ** ਵਰਗੇ ਸਾਹਿਤਕ ਪੱਤਰ ਅਗਾਂਹਵਧੂ ਲੇਖਕਾਂ ਦੀਆਂ ਕੱਚ-ਘੜ ਰਚਨਾਵਾਂ ਵੀ ਖੁਸ਼ ਹੋ ਕੇ ਛਾਪਦੇ ਸਨ। ਇਹੋ ਜਿਹੇ ਖੁਸ਼ਵਗਾਰ ਸਾਹਿਤਕ ਮਾਹੌਲ ਵਿਚ ਵਿਚਰਦਾ ਮਿੱਤਰ ਸੈਨ ਗੋਇਲ, ਮਿੱਤਰ ਸੈਨ ਮੀਤ ਬਣ ਗਿਆ।

ਪ੍ਰਗਟ ਸਿੰਘ ਖਹਿਰਾ ਮੇਰਾ ਦਸਵੀਂ ਜਮਾਤ ਦਾ ਜਮਾਤੀ ਸੀ। ਉਨ੍ਹੀਂ ਦਿਨੀਂ ਉਸ ਦੀ ਇਕ ਕਹਾਣੀ **ਬਾਲ ਸੰਦੇਸ਼** (ਪ੍ਰੀਤ ਨਗਰ) ਵਿਚ ਛਪੀ ਸੀ। ਸ਼ੁਰੂ ਤੋਂ ਹੀ ਮੇਰੇ ਵਿਚ ਹਰ ਕੰਮ ਵਿਚ ਮੋਹਰੀ ਰਹਿਣ ਦੀ ਪ੍ਰਵਿਰਤੀ ਹੈ। ਮੈਂ ਸੋਚਿਆ ਮੈਨੂੰ ਵੀ ਲਿਖਣਾ ਅਤੇ ਛਪਣਾ ਚਾਹੀਦਾ ਹੈ। ਖਹਿਰਾ ਦੀ ਰੀਸ/ਪ੍ਰੇਰਨਾ ਨਾਲ ਮੈਂ ਇਕ ਕਹਾਣੀ ਲਿਖ ਕੇ **ਬਾਲ ਸੰਦੇਸ਼** ਵਿਚ ਭੇਜ ਦਿੱਤੀ ਜੋ ਅਗਲੇ ਹੀ ਅੰਕ ਵਿਚ ਛਪ ਗਈ। ਉਤਸ਼ਾਹਿਤ ਹੋ ਕੇ ਮੈਂ ਇਕ ਹੋਰ ਕਹਾਣੀ ਲਿਖੀ। ਦੋ-ਤਿੰਨ ਮਹੀਨਿਆਂ ਬਾਅਦ ਉਹ ਵੀ ਛਪ ਗਈ। ਇਨ੍ਹਾਂ ਦੋ ਕਹਾਣੀਆਂ ਦੀ ਪ੍ਰਕਾਸ਼ਨਾ ਨੇ ਮੇਰੇ ਲੇਖਕ ਬਣਨ ਦੀ ਨੀਂਹ ਰੱਖੀ। ਮੁੜ ਮੇਰੀ ਕਹਾਣੀ **ਬਾਲ ਸੰਦੇਸ਼** ਵਿਚ ਤਾਂ ਨਾ ਛਪੀ ਪਰ **ਹਾਣੀ** ਅਤੇ **ਸਮਰਾਟ** ਸਪਤਾਹਿਕਾਂ ਨੇ ਮੈਨੂੰ ਧੜਾ-ਧੜ ਛਾਪਿਆ। ਮੇਰੇ ਲੇਖਕ ਅਖਵਾਉਣ ਦੀ ਹਉਮੈ ਨੂੰ ਪੱਠੇ ਪੈਂਦੇ ਰਹੇ।

ਇਨਕਲਾਬੀ ਦੋਸਤਾਂ ਦੇ ਸਾਥ ਕਾਰਣ ਹੋਰ ਪੁਸਤਕਾਂ ਦੇ ਨਾਲ-ਨਾਲ ਮਾਸਿਕ ਸਰਦਲ ਵੀ ਪੜ੍ਹਨ ਨੂੰ ਮਿਲਣ ਲੱਗੀ। ਮੇਰੀ ਸੋਚ ਨੇ ਪਲਟਾ ਖਾਧਾ ਅਤੇ ਮੈਂ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਗੁਰਸ਼ਰਨ ਭਾਜੀ ਉਨ੍ਹਾਂ ਦਿਨਾਂ ਵਿਚ **ਸਰਦਲ** ਦੇ ਸੰਪਾਦਕ ਸਨ। ਉਨ੍ਹਾਂ ਨੇ ਮੇਰੀਆਂ ਕਹਾਣੀਆਂ ਨੂੰ ਇਸ ਮੈਗਜ਼ੀਨ ਵਿਚ ਵਿਸ਼ੇਸ਼ ਸਥਾਨ ਦਿੱਤਾ। *1971* ਦੇ ਅਖ਼ੀਰ ਵਿਚ ਜਦੋਂ ਮੈਂ, ਬੀ.ਏ. ਜਮਾਤ ਦਾ ਵਿਦਿਆਰਥੀ ਹੀ ਸੀ ਤਾਂ ਭਾਜੀ ਨੇ ਮੇਰਾ ਪਹਿਲਾ ਨਵਾਲ **ਅੱਗ ਦੇ ਬੀਜ** ਸਾਹਿਤ ਕਲਾ ਕੇਂਦਰ ਅੰਮ੍ਰਿਤਸਰ ਵਲੋਂ ਛਾਪਿਆ। ਬਲਰਾਜ

ਸਾਹਨੀ ਪ੍ਰਕਾਸ਼ਨ ਦੀ ਉਸ ਸਮੇਂ ਸਥਾਪਨਾ ਨਹੀਂ ਸੀ ਹੋਈ। ਨਾਵਲ ਦੀ ਸੁਰ ਇਨਕਲਾਬੀ ਸੀ ਇਸ ਲਈ ਕੁਝ ਚਰਚਾ ਵੀ ਹੋਈ। ਨਾਵਲ ਦੀ ਇਸ ਪ੍ਰਕਾਸ਼ਨਾਂ ਨੇ ਸਾਹਿਤਕਾਰ ਬਣਨ ਦਾ ਮੇਰਾ ਰਾਹ ਪੱਧਰ ਕਰ ਦਿੱਤਾ।

ਲਾਅ ਦੀ ਪੜ੍ਹਾਈ ਲਈ *1972* ਵਿਚ ਮੈਨੂੰ ਚੰਡੀਗੜ੍ਹ ਜਾਣਾ ਪਿਆ। ਬਰਨਾਲੇ ਦਾ ਸਾਹਿਤਕ ਮਾਹੌਲ ਛੁੱਟ ਗਿਆ। ਇਨਕਲਾਬੀ ਲਹਿਰ ਪਤਨ ਵੱਲ ਤੁਰ ਪਈ। ਇੱਕ–ਇੱਕ ਕਰਕੇ ਸਾਹਿਤਕ ਪਰਚੇ ਬੰਦ ਹੋ ਸਏ। ਸਧਾਰਣ ਵਿਚਾਰਧਾਰਾ ਵਾਲੇ ਪਰਚੇ ਸਾਨੂੰ ਛਪਣ ਤੋਂ ਡਰਦੇ ਸਨ। ਇਸ ਤਰ੍ਹਾਂ ਨਿਰਉਤਸ਼ਾਹਿਤ ਹੋਣ ਕਾਰਨ ਲਿਖਣਾ ਬੰਦ ਹੋ ਗਿਆ।

ਪਟਿਆਲੇ ਅਤੇ ਨਾਭੇ ਦਾ ਪਾਣੀ ਪੀਣ ਬਾਅਦ *1983* ਵਿਚ ਮੈਂ ਰਾਜਪੁਰਾ ਫੂਲ ਆ ਗਿਆ। ਉਸ ਸਮੇਂ ਦਰਸ਼ਨ ਸਿੰਘ ਗਿੱਲ (ਬਠਿੰਡਾ) ਇਸ ਹਲਕੇ ਵਿਚ ਐਕਸਾਈਜ਼ ਇੰਸਪੈਕਟਰ ਲੱਗਾ ਹੋਇਆ ਸੀ। ਲਾਹਨ ਦੇ ਕੇਸਾਂ ਵਿਚ ਗਵਾਹੀ ਦੇਣ ਉਹ ਮੇਰੇ ਕੋਲ ਕਚਿਹਰੀ ਆਉਂਦਾ ਹੁੰਦਾ ਸੀ। ਗੱਲੀਂ–ਗੱਲੀਂ ਇਕ ਦਿਨ ਪੁਰਾਣੇ ਭੇਤ ਖੁਲ੍ਹ ਗਏ। ਉਸ ਦੀ ਪ੍ਰੇਰਨਾ 'ਤੇ *12* ਸਾਲਾਂ ਬਾਅਦ ਮੈਂ ਫਿਰ ਕਲਮ ਚੁੱਕ ਲਈ।

ਸਰਕਾਰੀ ਵਕੀਲ ਪੁਲਿਸ ਅਤੇ ਨਿਆਂਪਾਲਿਕਾ ਵਿਚ ਇਕ ਕੜੀ ਦੇ ਤੌਰ 'ਤੇ ਕੰਮ ਕਰਦਾ ਹੈ। ਸੁਭਾਵਿਕ ਹੀ ਉਸ ਨੂੰ ਦੋਹਾਂ ਸੰਸਥਾਵਾਂ ਦੇ ਕੰਮ-ਕਾਜ ਦਾ ਗਹਿਰਾ ਅਧਿਐਨ ਹੋ ਜਾਂਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਨਵੇਂ ਦੌਰ ਵਿਚ ਅਛੂਤੇ ਪਏ ਵਿਸ਼ੇ ਪੁਲਿਸ ਪ੍ਰਬੰਧ ਬਾਰੇ ਲਿਖਣਾ ਚਾਹੀਦਾ ਹੈ। ਮੈਂ ਵਿਗਿਆਨਕ ਅਤੇ ਯੋਜਨਾਬੰਧ ਢੰਗ ਨਾਲ ਪੁਲਿਸ ਸਭਿਆਚਾਰ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਅੱਤਵਾਦ ਵੀ ਜ਼ੋਰਾਂ ਉਪਰ ਸੀ। ਪੁਲਿਸ ਮਹਿਕਮੇ ਦਾ ਅੰਗ ਹੋਣ ਕਾਰਣ ਮੈਨੂੰ ਅੱਤਵਾਦ ਨਾਲ ਜੁੜੇ ਲੋਕਾਂ ਦੇ ਵਿਚਾਰਾਂ ਅਤੇ ਕਿਰਦਾਰਾਂ ਨੂੰ ਸਮਝਣ ਦਾ ਮੌਕਾ ਮਿਲਿਆ। ਦੋਹਾਂ ਸਮੱਸਿਆਵਾਂ ਨੂੰ ਲੈ ਕੇ ਕੁਝ ਕਹਾਣੀਆਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿੱਚੋਂ "ਲਾਮ", "ਖ਼ਾਨਾ ਪੂਰੀ" ਅਤੇ "ਦਹਿਸ਼ਤਗਰਦ" ਕਹਾਣੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ।

ਦਰਸ਼ਨ ਗਿੱਲ ਨੇ ਮੇਰੀ ਬਾਂਹ ਅੱਗੇ ਕਾਮਰੇਡ ਸੁਰਜੀਤ ਗਿੱਲ ਨੂੰ ਫੜਾ ਦਿੱਤੀ। ਰਾਮਪੁਰਾ ਫੂਲ ਤੋਂ ਮੇਰੀ ਬਦਲੀ ਜਗਰਾਉਂ ਦੀ ਹੋ ਗਈ। ਕਾਮਰੇਡ ਗਿੱਲ ਨੂੰ ਸ਼ਾਇਦ ਮੇਰੇ ਵਿਚ ਛੁਪੀ ਪ੍ਰਤਿਭਾ ਨਜ਼ਰ ਆ ਗਈ ਸੀ। ਉਹ ਮੇਰੇ ਕੋਲ ਜਗਰਾਉਂ ਗੇੜਾ ਮਾਰਨ ਲੱਗੇ। ਕਈ ਵਾਰ ਰਹਿ ਵੀ ਜਾਂਦੇ। ਕਾਮਰੇਡਾਂ ਵਾਂਗ ਸਕੂਲਿੰਗ ਕਰਦੇ। ਮੇਰੇ ਦਿਮਾਗ਼ ਦੇ ਕਵਾੜ ਖੁੱਲਣ ਲੱਗੇ। ਮੇਰੇ ਅੰਦਰਲਾ ਲੇਖਕ ਤਰਕਸੰਗਤ ਅਤੇ ਵਿਗਿਆਨਕ ਸੋਚ ਵੱਲ ਸੇਧਤ ਹੋਣ ਲੱਗਾ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਸਮਾਜ ਨੂੰ ਮਾਰਕਸੀ ਨਜ਼ਰੀਏ ਤੋਂ ਸਮਝਣ ਦੀ ਕੁਝ ਸੂਝ ਮੈਨੂੰ ਕਾਲਜ ਦੇ ਦਿਨਾਂ ਤੋਂ ਹੀ ਆਉਣੀ ਸ਼ੁਰੂ ਹੋ ਗਈ ਸੀ। ਲਾਅ ਦੀ ਪੜ੍ਹਾਈ ਕਰਦੇ ਸਮੇਂ ਜੁਰਮ ਵਿਗਿਆਨ (Criminology) ਅਤੇ ਦੰਡ ਵਿਗਿਆਨ (Penology) ਪੜ੍ਹਿਆ। ਨੌਕਰੀ ਦੌਰਾਨ ਪੁਲਿਸ ਅਤੇ ਜਰਾਇਮ ਪੇਸ਼ਾ ਲੋਕਾਂ ਨਾਲ ਨੇੜੇ ਤੋਂ ਵਾਹ ਪਿਆ। ਇਸ ਤਰ੍ਹਾਂ ਸਿਧਾਂਤਾਂ ਅਤੇ ਤੱਥਾਂ ਦਾ ਸੁਮੇਲ ਦਿਮਾਗ਼ ਵਿਚ ਜਮ੍ਹਾਂ ਹੋਣ ਲੱਗਾ।

ਕਹਾਣੀ ਲਿਖਣ ਬਾਅਦ ਲੱਗਦਾ ਸੀ ਕਿ ਰੂੰਅ ਦੇ ਟੋਕਰੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਮਹਿਸੂਸ ਹੋਣ ਲੱਗਾ ਕਿ ਰਾਈ–ਰਾਈ ਢੋਣ ਨਾਲ ਪਹਾੜ ਨਹੀਂ ਢੋਇਆ ਜਾ ਸਕਦਾ। ਹਨੂੰਮਾਨ ਵਾਂਗ ਪੂਰੇ ਪਹਾੜ ਨੂੰ ਹੀ ਹੱਥ ਪਾਉਣ ਦੀ ਲੋੜ ਮਹਿਸੂਸ ਹੋਣ ਲੱਗੀ। ਮੈਨੂੰ ਲੱਗਾ ਮੈਨੂੰ ਨਾਵਲ

ਲਿਖਣਾ ਚਾਹੀਦਾ ਹੈ। ਇਸ ਤਰ੍ਹਾਂ ਮੈਂ ਕਹਾਣੀ ਤੋਂ ਨਾਵਲ ਵੱਲ ਪਰਤਿਆ।

**ਪ੍ਰਸ਼ਨ : ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਸਰਕਾਰੀ ਵਕੀਲ ਵਜੋਂ ਕੰਮ ਕਰ ਰਹੇ ਹੋ। ਤੁਹਾਨੂੰ ਆਪਣੇ ਕਿੱਤੇ ਅਤੇ ਸਿਰਜਣਾ ਵਿਚਾਲੇ ਕਿਸ ਤਰ੍ਹਾਂ ਦਾ ਰਿਸ਼ਤਾ ਪ੍ਰਤੀਤ ਹੁੰਦਾ ਹੈ?**

ਉੱਤਰ : ਮੇਰੇ ਤੇ ਸਿਰਜਣਾ ਵਿਚ ਗੂੜ੍ਹਾ ਰਿਸ਼ਤਾ ਹੈ। ਇਕ ਲੇਖਕ ਲਈ ਵਕਾਲਤ ਤੋਂ ਵਧੀਆਂ ਕੋਈ ਕਿੱਤਾ ਹੋ ਹੀ ਨਹੀਂ ਸਕਦਾ। ਵਕੀਲ ਹਰ ਸਮੇਂ ਗਿਆਨ ਦੇ ਸਮੁੰਦਰ ਵਿਚ ਵਿਚਰਦਾ ਹੈ। ਕੇਸ ਤਿਆਰ ਕਰਦੇ ਸਮੇਂ ਉਸਦਾ ਹਰ ਵਰਗ, ਹਰ ਜਮਾਤ ਅਤੇ ਹਰ ਕਿੱਤੇ ਨਾਲ ਸਬੰਧਤ ਵਿਅਕਤੀਆਂ ਨਾਲ ਵਾਹ ਪੈਂਦਾ ਹੈ। ਮੁਕੱਦਮਾ ਜਿੱਤਣ ਲਈ ਵਕੀਲ ਨੂੰ ਸਮੱਸਿਆ ਦੀ ਤਹਿ ਤੱਕ ਜਾਣਾ ਪੈਂਦਾ ਹੈ। ਮਜਬੂਰੀ ਵੱਸ ਸਾਇਲ ਨੂੰ ਵਾਪਰੀ ਘਟਨਾ ਦੀ ਜਾਣਕਾਰੀ ਆਪਣੇ ਵਕੀਲ ਨੂੰ ਬਾਰੀਕੀ ਨਾਲ ਦੇਣੀ ਪੈਂਦੀ ਹੈ। ਆਪਣੇ ਹਰ ਰਾਜ ਤੋਂ ਪਰਦਾ ਚੁੱਕਣਾ ਪੈਂਦਾ ਹੈ। ਇਥੋਂ ਤੱਕ ਕਿ ਕਾਤਲ ਨੂੰ ਵੀ ਇਹ ਦੱਸਣਾ ਪੈਂਦਾ ਹੈ ਕਿ ਉਸ ਨੇ ਕਤਲ ਕਿਉਂ ਅਤੇ ਕਿਸ ਤਰ੍ਹਾਂ ਕੀਤਾ ਹੈ। ਤਿੱਖੀ ਸੂਝ ਵਾਲਾ ਵਕੀਲ ਸਮੱਸਿਆ ਪਿਛਲੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਪੱਖਾਂ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਸਰਕਾਰੀ ਵਕੀਲ ਹੋਣ ਦਾ ਇਕ ਹੋਰ ਵਾਧਾ ਹੈ। ਪ੍ਰਾਈਵੇਟ ਵਕੀਲ ਕੋਲ ਕੇਵਲ ਇਕ ਧਿਰ ਆਉਂਦੀ ਹੈ ਇਸ ਲਈ ਉਸਨੂੰ ਸਮੱਸਿਆ ਦੇ ਇਕ ਪੱਖ ਦੀ ਸਮਝ ਹੀ ਪੈਂਦੀ ਹੈ। ਸਰਕਾਰੀ ਵਕੀਲ ਕੋਲ ਕਈ ਵਾਰ ਦੋਵੇਂ ਧਿਰਾਂ ਆ ਜਾਂਦੀਆਂ ਹਨ ਅਤੇ ਆਪਣਾ ਮਨ ਫਰੋਲ ਦਿੰਦੀਆਂ ਹਨ। ਮੈਂ ਲੇਖਕ ਪਹਿਲਾਂ ਹੁੰਦਾ ਹਾਂ ਅਤੇ ਵਕੀਲ ਪਿੱਛੋਂ। ਇਸ ਲਈ ਮੇਰੇ ਵਰਗੇ ਪਾਰਖੂ ਨੂੰ ਸੱਚ ਤੱਕ ਪੁੱਜਣ ਵਿਚ ਬਹੁਤੀ ਦੇਰ ਨਹੀਂ ਲੱਗਦੀ। ਜੇ ਮੈਂ ਸਰਕਾਰੀ ਵਕੀਲ ਨਾ ਹੁੰਦਾ ਤਾਂ ਸ਼ਾਇਦ ਮਨੁੱਖੀ ਵੇ ਦਨਾ ਨੂੰ ਏਨੀ ਗਹਿਰਾਈ ਨਾਲ ਨਾ ਸਮਝ ਸਕਦਾ।

ਵਕਾਲਤ ਦਾ ਸਿਰਜਣ ਨਾਲ ਇਕ ਹੋਰ ਵੀ ਗੂੜ੍ਹਾ ਰਿਸ਼ਤਾ ਹੈ। ਆਪਣਾ ਕੇਸ ਤਿਆਰ ਕਰਦੇ ਸਮੇਂ ਵਕੀਲ ਨੂੰ ਬਹੁਤ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਅਦਾਲਤ ਵਿਚ ਬੋਲਦੇ ਸਮੇਂ ਕੌਮੇ ਅਤੇ Full stop ਦੇ ਪ੍ਰਯੋਗ ਤੱਕ ਦਾ ਧਿਆਨ ਰੱਖਣਾ ਪੈਂਦਾ ਹੈ। ਉਦਾਹਰਣ ਲਈ ਇਕ ਵਾਕ "ਫੜੋ ਨਾ ਜਾਣ ਦਿਓ" ਨੂੰ ਲੈਂਦੇ ਹਾਂ। ਜੇ ਉਚਾਰਣ ਸਮੇਂ ਕੌਮੇ ਦਾ ਪ੍ਰਭਾਵ ਸ਼ਬਦ ਫੜੋ ਤੋਂ ਪਿਛੋਂ ਪਵੇ ਤਾਂ ਵਾਕ ਦੇ ਅਰਥ ਇਹ ਨਿਕਲਣ ਕਿ ਭੱਜਣ ਵਾਲੇ ਨੂੰ ਫੜ ਲਓ ਅਤੇ ਉਸ ਨੂੰ ਜਾਣ ਨਾ ਦਿਓ। ਦੂਜੇ ਪਾਸੇ ਜੇ ਕੌਮੇ ਦਾ ਪ੍ਰਭਾਵ ਸ਼ਬਦ ਨਾ ਤੋਂ ਬਾਅਦ ਪਵੇ ਤਾ ਵਾਕ ਦੇ ਅਰਥ ਉਲਟੇ ਹੋ ਜਾਣਗੇ ਅਤੇ ਇਸ ਦਾ ਅਰਥ ਨਿਕਲੇਗਾ ਕਿ ਭੱਜਣ ਵਾਲੇ ਨੂੰ ਨਾ ਫੜੋ ਅਤੇ ਜਾਣ ਦਿਓ। ਵਕੀਲ ਦੀ ਇਹ ਸਾਵਧਾਨੀ ਜਦੋਂ ਲਿਖਣ ਵਿਚ ਕੰਮ ਆਉਂਦੀ ਹੈ ਤਾਂ ਰਚਨਾ ਨੂੰ ਚਾਰ-ਚੰਨ ਲਗਾਉਂਦੀ ਹੈ। ਇਕ ਵਕੀਲ ਜਦੋਂ ਦੂਜੀ ਧਿਰ ਦੇ ਗਵਾਹ ਨਾਲ ਜ਼ਿਰਾਹ ਕਰ ਰਿਹਾ ਹੁੰਦਾ ਹੈ ਤਾਂ ਉਸ ਨੇ ਗਵਾਹ ਕੋਲੋਂ ਸੱਚ ਉਗਲਵਾਉਣਾ ਹੁੰਦਾ ਹੈ। ਸੱਚ ਉਗਲਵਾਉਣ ਲਈ ਵਕੀਲ ਨੂੰ ਇਕਾਗਰਤਾ ਅਤੇ ਬੁੱਧੀ ਦੇ ਨਾਲ-ਨਾਲ ਕਲਪਨਾ ਸ਼ਕਤੀ ਦਾ ਪ੍ਰਯੋਗ ਵੀ ਕਰਨਾ ਪੈਂਦਾ ਹੈ। ਵਕਾਲਤ ਦੇ ਇਹ ਗੁਣ ਹੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ।

ਆਪਣਾ ਪੱਖ ਪੇਸ਼ ਕਰਦੇ ਸਮੇਂ ਵਕੀਲ ਨੂੰ ਖਿਲਾਰਾ ਪਾਉਣ ਦੀ ਇਜਾਜ਼ਤ ਨਹੀਂ ਹੁੰਦੀ, ਵਕੀਲ ਨੂੰ ਥੋੜੇ ਸ਼ਬਦਾਂ ਵਿਚ ਆਪਣੀ ਗੱਲ ਕਹਿਣੀ ਪੈਂਦੀ ਹੈ। ਹਰ ਵਾਕ ਸੋਚਿਆ ਸਮਝਿਆ ਅਤੇ ਤਰਕ ਭਰਪੂਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਇਕ ਵਕੀਲ ਨੂੰ ਗਾਗਰ ਵਿਚ ਸਾਗਰ ਭਰਨਾ ਆ ਜਾਂਦਾ ਹੈ। ਮੁਕੱਦਮੇ ਦੀ ਬਹਿਸ ਦੌਰਾਨ ਵਕੀਲ ਨੂੰ ਦੂਜੀ ਧਿਰ ਦੇ ਵਕੀਲ ਦੀ ਤਿੱਖੀ ਆਚੋਲਨਾ

ਸੁਣਨੀ ਪੈਂਦੀ ਹੈ। ਕੁਰਸੀ ਤੇ ਬੈਠਾ ਜੱਜ ਫੈਸਲਾ ਉਲਟ ਸੁਣਾ ਕੇ ਵਕੀਲ ਦੀ ਸਾਲਾਂ ਦੀ ਮਿਹਨਤ ਨੂੰ ਮਿੱਟੀ ਵਿਚ ਮਿਲਾ ਦਿੰਦਾ ਹੈ। ਕਈ ਵਾਰ ਇਸ ਤਰ੍ਹਾਂ ਦਿਨ ਵਿਚ ਦੋ-ਦੋ, ਤਿੰਨ-ਤਿੰਨ ਵਾਰ ਵੀ ਹੋ ਜਾਂਦਾ ਹੈ। ਆਪਣੇ ਉਲਟ ਫ਼ੈਸਲੇ ਸੁਣ-ਸੁਣ ਇਥੇ ਵਕੀਲ ਵਿਚ ਸਹਿਣਸ਼ੀਲਤਾ ਆ ਜਾਂਦੀ ਹੈ। ਇਨ੍ਹਾਂ ਗੁਣਾਂ ਕਾਰਨ ਇਕ ਲੇਖਕ ਦੇ ਤੌਰ 'ਤੇ ਵਕੀਲ ਨੂੰ ਆਪਣੀ ਰਚਨਾ ਉੱਤੇ ਹੁੰਦੀ ਅਲੋਚਨਾ 'ਤੇ ਗੁੱਸਾ ਨਹੀਂ ਆਉਂਦਾ ਉਲਟਾ ਆਲੋਚਨਾ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਜਤਨ ਕਰਦਾ ਹੈ। ਸ਼ਾਇਦ ਇਸੇ ਕਾਰਣ ਮੇਰੀਆਂ ਰਚਨਾਵਾਂ ਵਿਚ ਤੀਖਣਤਾ ਅਤੇ ਤਰਕਸ਼ੀਲਤਾ ਭਾਰੂ ਹੁੰਦੀ ਹੈ ਅਤੇ ਮੈਨੂੰ ਆਲੋਚਨਾ ਤੋਂ ਡਰ ਨਹੀਂ ਲੱਗਦਾ।

ਇਕ ਵਕੀਲ ਨੂੰ ਆਪਣੇ ਗਿਆਨ ਨੂੰ ਆਧੁਨਿਕ ਰੱਖਣ ਲਈ ਸੁਪਰੀਮ ਕੋਰਟ ਅਤੇ ਹਾਈਕੋਰਟ ਵਲੋਂ ਸੁਣਾਏ/ਲਿਖੇ ਫ਼ੈਸਲੇ ਲਗਾਤਾਰ ਪੜ੍ਹਨੇ ਪੈਂਦੇ ਹਨ। ਇਹ ਫ਼ੈਸਲੇ ਉੱਚ ਕੋਟੀ ਦੇ ਵਿਦਵਾਨਾਂ ਵਲੋਂ ਲਿਖੇ ਖੋਜ-ਪੱਤਰਾਂ ਵਾਂਗ ਹੁੰਦੇ ਹਨ। ਇਨ੍ਹਾਂ ਫ਼ੈਸਲਿਆਂ ਦਾ ਅਧਿਐਨ ਜਿੱਥੇ ਇਕ ਵੀਕਲ ਦੇ ਗਿਆਨ ਵਿਚ ਵਾਧਾ ਕਰਦਾ ਹੈ ਉਥੇ ਤਰਕਸੰਗਤ ਰਚਨਾਵਾਂ ਲਿਖਣ ਦਾ ਵੱਲ ਵੀ ਸਿਖਾਉਂਦਾ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਮੇਰੇ ਕਿੱਤੇ ਅਤੇ ਸਿਰਜਣਾ ਵਿਚ ਗੂੜ੍ਹਾ ਸੰਬੰਧ ਹੈ।

**ਪ੍ਰਸ਼ਨ : ਤੁਸਾਂ ਪੇਸ਼ ਕੀਤੇ ਕਰੂਰ ਯਥਾਰਥ ਨੂੰ ਕਿੰਨ੍ਹਾ ਕੁ ਹੰਢਾਇਆ ਅਤੇ ਪ੍ਰਸਤਿਤ ਆਦਰਸ਼ਾਂ ਨੂੰ ਖੁਦ ਕਿੰਨ੍ਹਾ ਕੁ ਜੀਵਿਆ ਹੈ? ਆਪਣੀ ਕਥਨੀ ਅਤੇ ਕਰਨੀ ਬਾਰੇ ਸਾਫ਼-ਸਫ਼ਾਫ ਰੂਪ ਵਿਚ ਕੁਝ ਆਖੋ?**

ਉੱਤਰ : ਅਸਲ ਸੱਚ ਪੇਸ਼ ਯਥਾਰਥ ਤੋਂ ਹਜਾਰਾਂ ਗੁਣਾ ਕਰੂਰ ਹੈ। ਮੈਂ ਕੇਵਲ ਉਹੋ ਸੱਚ ਪੇਸ਼ ਕੀਤਾ ਹੈ ਜੋ ਆਮ ਨਜ਼ਰ ਆਉਂਦਾ ਹੈ। ਲੱਖ ਜਤਨਾਂ ਦੇ ਬਾਵਜੂਦ ਕਥਨੀ ਅਤੇ ਕਰਨੀ ਵਿਚ ਫਰਕ ਰਹਿ ਜਾਂਦਾ ਹੈ। ਮੈਂ ਇਕ ਸਰਕਾਰੀ ਕਰਮਚਾਰੀ ਹਾਂ ਅਤੇ ਬੰਦਸ਼ਾਂ ਵਿਚ ਬੱਝਿਆ ਹੋਇਆ ਹਾਂ। ਸਭ ਕੁਝ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ। ਵਰਤਾਰਾ ਏਨਾ ਪੇਚੀਦਾ ਹੈ ਕਿ ਆਪਣੀ ਰੋਟੀ-ਰੋਜ਼ੀ ਕਮਾਉਣ ਲਈ ਇਕ ਆਜ਼ਾਦ ਵਕੀਲ ਵੀ ਸੱਚ ਦਾ ਪੱਲਾ ਫੜਕੇ ਆਪਣੇ ਫ਼ਰਜ਼ ਨਹੀਂ ਨਿਭਾ ਸਕਦਾ। ਜੇ ਉਹ ਇੰਜ ਕਰਨ ਲੱਗੇਗਾ ਤਾਂ ਉਸਨੂੰ ਭੁੱਖਾ ਮਰਨਾ ਪਵੇਗਾ। ਫਿਰ ਵੀ ਮੈਂ ਬਹੁਤਿਆ ਨਾਲੋਂ ਵਿਥ ਬਣਾਈ ਹੋਈ ਹੈ ਅਤੇ ਆਦਰਸ਼ਾਂ ਉੱਪਰ ਚੱਲਣ ਦਾ ਜਤਨ ਕਰਦਾ ਰਹਿੰਦਾ ਹਾਂ ਭਾਵੇਂ ਇਸ ਦੇ ਮੈਨੂੰ ਨਤੀਜੇ ਵੀ ਭੁਗਤਣੇ ਪੈਂਦੇ ਹਨ।

**ਪ੍ਰਸ਼ਨ : ਜਦੋਂ ਤੁਸਾਂ ਸਿਰਜਣਾ ਦੇ ਖੇਤਰ ਵਿਚ ਕਦਮ ਰੱਖਿਆ ਤਾਂ ਇਹ ਜ਼ਮਾਨਾ ਨਕਸਲੀ ਲਹਿਰ ਦਾ ਸੀ। ਆਪਣੀ ਸਿਰਜਣਾ ਅੱਗ ਦੇ ਬੀਜ ਦੇ ਪ੍ਰਕਾਸ਼ਨ ਉਪਰੰਤ ਤੁਸਾਂ ਕੀ ਅਨੁਭਵ ਕੀਤਾ?**

ਉੱਤਰ : ਨਕਸਲੀ ਲਹਿਰ ਵੱਲ ਮੇਰਾ ਝੁਕਾਅ ਕਿਸ ਤਰ੍ਹਾਂ ਹੋਇਆ ਇਸ ਬਾਰੇ ਮੈਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ। ਉਸ ਸਮੇਂ ਕਵਿਤਾ ਬਹੁਤ ਲਿਖੀ ਜਾ ਰਹੀ ਸੀ, ਕਹਾਣੀਆਂ ਘੱਟ ਲਿਖੀਆਂ ਜਾ ਰਹੀਆਂ ਸਨ। ਮੈਂ ਮਹਾਦੀਆਂ ਤੇ ਹੱਥ ਅਜ਼ਮਾਇਆ, ਦੋ ਕਹਾਣੀਆਂ "ਰਾਤ ਦੇ ਸੂਰਜ ਤੇ "ਹਲ਼ਾਂ ਤੇ ਮੁੰਨੇ" (ਮਿੰਨੀ ਕਹਾਣੀਆਂ) ਕਾਫ਼ੀ ਪਸੰਦ ਕੀਤੀਆਂ ਗਈਆਂ। ਇਹ ਕਈ ਕਈ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪੀਆਂ। ਇਨ੍ਹਾਂ ਕਹਾਣੀਆਂ ਨੂੰ 'ਨਕਸਲੀ ਦੌਰ' ਦੀਆਂ 'ਪ੍ਰਤੀਨਿਧ ਕਹਾਣੀਆਂ' ਮੰਨਿਆ ਗਿਆ। **ਅੱਗ ਦੇ ਬੀਜ** ਲਹਿਰ ਦੀ ਚੜ੍ਹਤ ਦੌਰਾਨ ਇਸ ਵਿਸ਼ੇ ਤੇ ਲਿਖਿਆ ਗਿਆ

ਪਹਿਲਾ ਨਾਵਲ ਸੀ, ਇਸ ਨੂੰ ਬਹੁਤ ਹੁੰਗਾਰਾ ਮਿਲਿਆ। ਮੈਂ ਹੋਰ ਲਿਖਣ ਲਈ ਉਤਸ਼ਾਹਿਤ ਹੋਇਆ।

**ਪ੍ਰਸ਼ਨ : 'ਪੁਨਰਵਾਸ' ਵਿਚਲੀਆਂ ਕਹਾਣੀਆਂ, ਅੱਗ ਦੇ ਬੀਜ ਅਤੇ ਕਾਫ਼ਲਾ ਨਾਵਲਾਂ ਨੂੰ ਹੁਣ ਕਰੀਬ ਤਿੰਨ ਦਹਾਕਿਆਂ ਮਗਰੋਂ ਤੁਸੀਂ ਖ਼ੁਦ ਕਿਵੇਂ ਵੇਖਦੇ ਹੋ? ਕੀ ਇਨ੍ਹਾਂ ਰਚਨਾਵਾਂ ਦੇ ਇਰਦ ਗਿਰਦ, ਤਰੱਕੀ ਪਸੰਦ ਜ਼ਾਵੀਏ ਨਾਲ ਜੁੜੀਆਂ ਹੋਣ ਦੇ ਬਾਵਜੂਦ, ਰੁਮਾਂਸ ਦੀ ਸੰਘਣੀ ਪਰਤ ਪੱਸਰੀ ਪ੍ਰਤੀਤ ਨਹੀਂ ਹੁੰਦੀ?**

ਉੱਤਰ : ਤੁਸੀਂ ਠੀਕ ਕਹਿ ਰਹੇ ਹੋ? ਰੁਮਾਂਸ ਦੀ ਇਸ ਸੰਘਣੀ ਪਰਤ ਪਿੱਛੇ ਕੀ ਕਾਰਣ ਸੀ, ਇਹ ਹੁਣ ਸਪੱਸ਼ਟ ਹੈ ਮਾਰਕਸੀ ਫਲਸਫਾ ਇਨ੍ਹਾਂ ਅਸਾਨ ਨਹੀਂ ਕਿ ਦਸਵੀਂ ਬਾਰ੍ਹਵੀ ਪੜ੍ਹਦੇ ਮੁੰਡੇ ਦੇ ਆਸਾਨੀ ਨਾਲ ਸਮਝ ਆ ਜਾਵੇ। ਜਿਵੇਂ ਪਹਿਲਾਂ ਨਕਸਲੀਆਂ ਨੇ ਬਿਨ੍ਹਾਂ ਲੋਕ ਲਹਿਰ ਤਿਆਰ ਕੀਤੇ ਹਥਿਆਰ ਚੁੱਕ ਲਏ ਸਨ ਅਤੇ ਸੋਚਿਆ ਸੀ ਕਿ ਇਨਕਲਾਬ ਆਪੇ ਬੰਦੂਕ ਦੀ ਨਾਲੀ ਵਿਚੋਂ ਨਿਕਲ ਆਏਗਾ, ਉਸੇ ਤਰ੍ਹਾਂ ਦੀ ਕੱਚ-ਘੜ ਮੇਰੀ ਸੋਚ ਸੀ। ਉਸ ਦੌਰ ਦੇ ਮੇਰੇ ਪਾਤਰ ਵੀ ਝਟਪਟ ਇਨਕਲਾਬੀ ਬਣ ਜਾਂਦੇ ਸਨ। ਫੇਰ ਵੀ ਤਸੱਲੀ ਹੈ। ਸਭ ਕਮਜ਼ੋਰੀਆਂ ਦੇ ਬਾਵਜੂਦ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਅਤੇ ਉਦੇਸ਼ ਪ੍ਰਾਪਤੀ ਪ੍ਰਤੀ ਸੁਹਿਰਦਤਾ ਸਪੱਸ਼ਟ ਸੀ। ਅੱਜਕੱਲ੍ਹ ਜੋ ਲਿਖ ਹੋ ਰਿਹਾ ਹੈ, ਉਸਦਾ ਆਧਾਰ ਉਹੋ ਪੱਕੀ ਨੀਂਹ ਹੈ।

**ਪ੍ਰਸ਼ਨ : ਤਫਤੀਸ਼ ਨਾਵਲ ਦੀ ਰਚਨਾ ਪ੍ਰਕ੍ਰਿਆ ਯੋਜਨਾ ਅਤੇ ਤਕਨੀਕ ਬਾਰੇ ਦੱਸੋ?**

ਉੱਤਰ : ਮੇਰੇ ਸਾਰੇ ਨਾਵਲ ਕਿਉਂਕਿ ਇਕੋ ਵਿਸ਼ੇ, ਫੌਜਦਾਰੀ ਨਿਆਂ ਪ੍ਰਬੰਧ, ਨਾਲ ਸੰਬੰਧਤ ਹਨ ਇਸ ਲਈ ਇਨ੍ਹਾਂ ਨੂੰ ਸਮਝਣ ਲਈ ਇਸ ਪ੍ਰਬੰਧ ਬਾਰੇ ਸੰਖੇਪ ਵਿੱਚ ਜਾਨਣਾ ਜ਼ਰੂਰੀ ਹੈ। ਇਸ ਪ੍ਰਬੰਧ ਦੀ ਸਥਾਪਨਾ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਅਤੇ ਇਨਸਾਫ ਦੇਣ ਲਈ ਕੀਤੀ ਜਾਂਦੀ ਹੈ। ਪੁਲਿਸ ਵਿਭਾਗ ਇਸ ਪ੍ਰਬੰਧ ਦੀ ਪਹਿਲੀ ਕੜੀ ਹੈ। ਪੁਲਿਸ ਦੀ ਮੁੱਢਲੀ ਜ਼ਿੰਮੇਵਾਰੀ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਜੁਰਮ ਨੂੰ ਹੋਣ ਤੋਂ ਰੋਕਣਾ ਹੈ। ਜੇ ਫਿਰ ਵੀ ਜੁਰਮ ਹੋ ਜਾਵੇ ਤਾਂ ਮੁਜਰਮਾਂ ਨੂੰ ਫੜਨਾ, ਉਨ੍ਹਾਂ ਵਿਰੁੱਧ ਸਬੂਤ ਇਕੱਠੇ ਕਰਨਾ ਅਤੇ ਰਿਪੋਰਟ (ਚੱਲਾਨ) ਤਿਆਰ ਕਰਕੇ ਯੋਗ ਸਜ਼ਾ ਲਈ ਅਦਾਲਤ ਵਿੱਚ ਪੇਸ਼ ਕਰਨਾ ਹੈ। ਨਿਆਂ-ਪਾਲਿਕਾ ਇਸ ਪ੍ਰਬੰਧ ਦੀ ਦੂਜੀ ਕੜੀ ਹੈ। ਇਸ ਸੰਸਥਾ ਨੇ ਪੁਲਿਸ ਵਲੋਂ ਇਕੱਠੇ ਕੀਤੇ ਸਬੂਤਾਂ ਦੀ ਘੋਖ ਨਿਰਪੱਖਤਾ ਨਾਲ ਕਰਨੀ ਹੁੰਦੀ ਹੈ। ਜੇ ਦੋਸ਼ ਸਿੱਧ ਹੋ ਜਾਣ ਤਾ ਦੋਸ਼ੀ ਨੂੰ ਸਜ਼ਾ ਦੇਣੀ ਹੁੰਦੀ ਹੈ। ਜੇ ਮਾਮਲਾ ਸ਼ੱਕੀ ਜਾਪੇ ਤੇ ਦੋਸ਼ੀ ਨੂੰ ਬਰੀ ਕਰਨਾ ਹੁੰਦਾ ਹੈ। ਅਦਾਲਤਾਂ ਵਲੋਂ ਦੋਸ਼ੀ ਠਹਿਰਾਏ ਮੁਜਰਿਮਾਂ ਨੂੰ ਸਜ਼ਾ ਭੁਗਤਣ ਲਈ ਚਾਰ ਦੀਵਾਰੀ (ਜੇਲ੍ਹ) ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਸੁਧਰਨ ਯੋਗ ਦੋਸ਼ੀਆਂ ਨੂੰ ਸੁਧਾਰਨ ਦੇ ਮੌਕੇ ਦੇ ਕੇ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨਾ ਜੇਲ੍ਹ ਵਿਭਾਗ ਦਾ ਮੁੱਖ ਉਦੇਸ਼ ਹੈ। ਜਿਹੜੇ ਮੁਜਰਿਮ ਪੱਕੜ ਅਤੇ ਪੇਸ਼ਾਵਰ ਬਣ ਜਾਣ ਉਨ੍ਹਾਂ ਨੂੰ ਸਮਾਜ ਤੋਂ ਦੂਰ ਰੱਖਣ ਲਈ ਕੈਦ ਕੋਠੜੀਆਂ ਵਿਚ ਤਾੜੀ ਰੱਖਣਾ ਵੀ ਇਸ ਵਿਭਾਗ ਦੀ ਜ਼ਿੰਮੇਵਾਰੀ ਹੈ।

ਸਿੱਧਾਂਤਕ ਰੂਪ ਵਿਚ ਫੋਜਦਾਰੀ ਨਿਆਂ-ਪ੍ਰਬੰਧ ਦੀਆਂ ਜਿੰਮੇਵਾਰੀਆਂ ਜਿੰਨੀਆਂ ਅਹਿਮ ਹਨ ਅਮਲੀ ਰੂਪ ਵਿਚ ਇਹ ਸੰਸਥਾਵਾਂ ਆਪਣੇ ਉਦੇਸ਼ ਤੋਂ ਉਨ੍ਹੀਆਂ ਹੀ ਭਟਕੀਆਂ ਹੋਈਆਂ ਹਨ। ਪੁਲਿਸ ਵਿਭਾਗ ਵਾਂਗ ਜੇਲ੍ਹ ਵਿਭਾਗ ਵੀ ਗਰਕ ਚੁੱਕਾ ਹੈ। ਸੁਧਾਰ ਘਰ, ਵਿਗਾੜ ਘਰ ਜਾ ਆਖੋ ਬਘਿਆੜ ਘਰ ਬਣ ਚੁੱਕੇ ਹਨ। ਜੇਲੋਂ ਕੈਦੀ ਚੰਗੇ ਸ਼ਹਿਰੀ ਬਣਨ ਦੀ ਥਾਂ ਪੇਸ਼ਾਵਰ ਮੁਜਰਿਮ ਬਣ

ਕੇ ਨਿਕਲਦੇ ਹਨ। ਨਿਆਂ-ਪਾਲਿਕਾ ਦਾ ਵੀ ਇਹੋ ਹਾਲ ਹੈ। ਲੋਕਾਂ ਦੀ ਆਖ਼ਰੀ ਆਸ ਅਦਾਲਤਾਂ ਉਪਰ ਟਿੱਕੀ ਹੁੰਦੀ ਹੈ। ਇਨਸਾਫ਼ ਪ੍ਰਾਪਤੀ ਦੇ ਜਦੋਂ ਸਾਰੇ ਰਾਹ ਬੰਦ ਹੋ ਜਾਣ ਤਾਂ ਲੋਕ ਅਦਾਲਤ ਦਾ ਦਰਵਾਜ਼ਾ ਖਟਖਟਾਉਂਦੇ ਹਨ। ਜੇ ਇਥੋਂ ਵੀ ਇਨਸਾਫ਼ ਦੀ ਸੰਭਾਵਨਾ ਖਤਮ ਹੋ ਜਾਵੇ ਤਾਂ ਲੋਕ ਕਿਧਰ ਨੂੰ ਜਾਣ? ਆਪਣੀ ਇਹੋ ਚਿੰਤਾ ਪ੍ਰਗਟਾਉਣ ਲਈ ਅਤੇ ਲੋਕਾਂ ਨੂੰ ਇਹ ਸਮਝਾਉਣ ਲਈ ਕਿ ਉਹ ਇਸ ਭੁਲੇਖੇ ਵਿਚ ਨਾ ਰਹਿਣ ਕਿ ਅਦਾਲਤਾਂ ਵਿਚ ਇਨਸਾਫ਼ ਮਿਲਦਾ ਹੈ, ਇਨ੍ਹਾਂ ਨਾਵਲਾਂ ਦੀ ਰਚਨਾ ਕੀਤੀ ਹੈ। ਇਸ ਖ਼ੌਫ਼ਨਾਕ ਚੱਕਰਵਿਊ ਵਿਚੋਂ ਕਿਸ ਤਰ੍ਹਾਂ ਨਿਕਲਣਾ ਹੈ? ਕੁਝ ਇਹ ਦੱਸਣ ਦਾ ਯਤਨ ਵੀ ਕੀਤਾ ਹੈ।

ਹੁਣ ਆਈਏ ਪ੍ਰਸ਼ਨ ਦੇ ਅਸਲ ਮੁੱਦੇ ਵੱਲ। ਸਮੁੱਚੇ ਪੁਲਿਸ ਸਭਿਆਚਾਰ ਨੂੰ ਬਾਰੀਕੀ ਨਾਲ ਪੇਸ਼ ਕਰਨ ਲਈ ਮੈਂ ਇਕ ਨਾਵਲ ਲਿਖਣ ਦੀ ਯੋਜਨਾ ਬਣਾਈ। ਰੂਪ ਰੇਖਾ ਘੜਨ ਲੱਗਾ ਤਾਂ ਲੱਗਾ ਮੇਰੇ ਪੱਲੇ ਕੁੱਝ ਵੀ ਨਹੀਂ ਹੈ। ਜੁਰਮਾਂ ਅਤੇ ਜਰਾਇਮ ਪੇਸ਼ਾ ਲੋਕਾਂ ਬਾਰੇ ਤੱਥ ਤਾਂ ਮੇਰੇ ਕੋਲ ਬਥੇਰੇ ਸਨ ਪਰ ਉਨ੍ਹਾਂ ਨੂੰ ਕਿਸ ਸਿੱਧਾਂਤ ਤਹਿਤ ਅਤੇ ਕਿਸ ਲੜੀ ਵਿਚ ਪਰੋ ਕੇ ਪੇਸ਼ ਕੀਤਾ ਜਾਵੇ ਇਹ ਸਮਝੋਂ ਬਾਹਰ ਹੋਣ ਲੱਗਾ। ਸਹੀ ਰਾਹ ਲੱਭਣ ਲਈ ਮੁੜ ਜੁਰਮ ਵਿਗਿਆਨ, ਦੰਡ ਵਿਗਿਆਨ ਅਤੇ ਮਾਰਕਸਵਾਦ ਦਾ ਅਧਿਐਨ ਕੀਤਾ। ਰਸਤੇ ਰੌਸ਼ਨ ਹੋਣ ਲੱਗੇ, ਕੜੀਆਂ ਜੁੜਨ ਲੱਗੀਆਂ ਅਤੇ ਕਹਾਣੀ ਰਾਹ ਪੈ ਗਈ।

ਪੁਲਿਸ ਦੇ ਬਹੁਤ ਕੁਕਰਮ ਥਾਣੇ ਦੀ ਚਾਰ ਦੀਵਾਰੀ ਅੰਦਰ ਹੁੰਦੇ ਹਨ। ਸਾਧਾਰਣ ਵਿਅਕਤੀ ਦੀ ਉਥੋਂ ਤੱਕ ਪਹੁੰਚ ਨਹੀਂ ਹੁੰਦੀ। ਨਾਵਲ ਨੂੰ ਮੈਂ ਯਥਾਰਥ ਤੋਂ ਲਾਂਭੇ ਨਹੀਂ ਸੀ ਜਾਣ ਦੇਣਾ ਚਾਹੁੰਦਾ। ਮੁੱਢਲਾ ਗਿਆਨ ਹਾਸਲ ਕਰਨ ਲਈ ਮੈਂ ਆਪਣੇ ਅਹੁਦੇ ਦੀ ਵਰਤੋਂ ਕਰਕੇ ਥਾਣੇ ਗਿਆ। ਮੁਜਰਿਮਾਂ ਨੂੰ ਕਰੁਸੀਆਂ, ਘੋਟੇ ਅਤੇ ਰੱਸੇ ਲੱਗਦੇ ਦੇਖੇ। ਗੰਦੇ ਹਵਾਲਾਤਾਂ ਅਤੇ ਬੈਰਕਾਂ ਦੀ ਘੋਖ ਕੀਤੀ। ਮੇਰੀ ਧਾਰਨਾ ਹੈ ਕਿ ਕਿਸੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਪ੍ਰਬੰਧ ਦੇ ਹਰ ਛੋਟੇ ਵੱਡੇ ਪਹਿਲੂ ਦਾ ਬਾਰੀਕੀ ਨਾਲ ਅਧਿਐਨ ਹੋਣਾ ਚਾਹੀਦਾ ਹੈ। ਕਰੋੜਾਂ ਰੁਪਏ ਮੁੱਲ ਦੀ ਕਾਰ ਵਿਚ ਪੰਜ ਪੈਸੇ ਦੀ ਰਬੜ ਦੀ ਵਾਲ ਦੀ ਵੀ ਉਨੀ ਹੀ ਅਹਿਮੀਅਤ ਹੈ ਜਿੰਨੀ ਲੱਖਾਂ ਰਪਏ ਦੇ ਇੰਜਣ ਦੀ। ਜੇ ਵਾਲ ਖਰਾਬ ਹੋ ਜਾਵੇ ਤਾਂ ਟਾਇਰ ਵਿਚੋਂ ਫੂਕ ਨਿਕਲ ਜਾਂਦੀ ਹੈ ਅਤੇ ਚਲਦੀ ਗੱਡੀ ਖੜ੍ਹ ਜਾਂਦੀ ਹੈ। ਇਸ ਲਈ ਵਾਲ ਦੀ ਅਹਿਮੀਅਤ ਨੂੰ ਸਮਝੇ ਬਿਨਾਂ ਗੱਡੀ ਦੇ ਬਾਕੀ ਪੁਰਜਿਆਂ ਦਾ ਅਧਿਐਨ ਬੇਮਾਇਨਾ ਹੈ। ਪੁਲਿਸ ਪ੍ਰਬੰਧ ਦੀ ਪਹਿਲੀ ਕੜੀ ਸਿਪਾਹੀ ਹੈ। ਥਾਣੇ ਨਾਲ ਵਾਹ ਪ੍ਰਵੇਸ਼ ਦੁਆਰ ਤੇ ਖੜ੍ਹੀ ਸੰਤਰੀ ਤੋਂ ਪੈਣਾ ਸ਼ੁਰੂ ਹੁੰਦਾ ਹੈ। ਜੋ ਇਕ ਸਿਪਾਹੀ ਹੁੰਦਾ ਹੈ। ਪੁਲਿਸ ਪ੍ਰਬੰਧ ਹੌਲਦਾਰ, ਥਾਣੇਦਾਰ, ਡਿਪਟੀ ਆਦਿ ਰਾਹੀਂ ਹੁੰਦਾ ਹੋਇਆ ਮੁੱਖ ਮੰਤਰੀ ਤੱਕ ਪੁੱਜਦਾ ਹੈ। ਮੈਂ ਇਨ੍ਹਾਂ ਸਾਰੀਆਂ ਕੜੀਆਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਨਾ ਚਾਹੁੰਦਾ ਸੀ। ਇਸ ਲਈ ਮੈਂ ਨਾਵਲ ਨੂੰ ਸੰਤਰੀ ਤੋਂ ਸ਼ੁਰੂ ਕਰ ਕੇ ਮੁੱਖ ਮੰਤਰੀ ਤੱਕ ਪਹੁੰਚਾਇਆ। ਰਹੀ ਗੱਲ ਤਕਨੀਕ ਦੀ। ਕਹਿੰਦੇ ਹਨ ਲੋੜ ਕਾਢ ਦੀ ਮਾਂ ਹੇ। ਮੇਰੇ ਦਿਮਾਗ਼ ਵਿਚ ਵਿਸ਼ਾਲ ਵਿਸ਼ਾ ਸੀ। ਨਾਵਲ ਕੀ ਕੋਈ ਵੀ ਪਰੰਪਰਾਗਤ ਵਿਧੀ ਇਸ ਨੂੰ ਪ੍ਰਗਟਾ ਨਹੀਂ ਸੀ ਸਕਦੀ। ਤਕਨੀਕ ਨੇ ਆਪਣਾ ਰਾਹ ਆਪ ਬਣਾਇਆ ਹੈ। ਮੈਂ ਸੁਚੇਤ ਹੋ ਕੇ ਕੋਈ ਕਾਢ ਨਹੀਂ ਕੱਢੀ।

**ਪ੍ਰਸ਼ਨ : ਤਸੀਂ ਖ਼ੁਦ ਨਿਆਂ-ਪ੍ਰਣਾਲੀ ਨਾਲ ਸੰਬੰਧਤ ਸੀ। ਇਸ ਨਾਵਲ ਵਿਚ ਇਸ ਪ੍ਰਣਾਲੀ**

**ਦੇ ਪਹਿਲੂਆਂ ਨੂੰ ਬਾ–ਤਫ਼ਤੀਸ਼ ਨਸ਼ਰ ਕਰਨ ਨਾਲ ਤੁਹਾਡੇ ਕੰਮ–ਕਾਜੀ ਹਲਕਿਆਂ ਵਿਚ ਕਿਸ ਪ੍ਰਕਾਰ ਦੀ ਪ੍ਰਤੀਕਿਆ ਪੈਦਾ ਹੋਈ?**

ਉੱਤਰ : ਤਫ਼ਤੀਸ਼ ਵਿਚ ਪੁਲਿਸ ਪ੍ਰਬੰਧ ਦੇ ਪਾਜ ਉਘੇੜਨ ਕਾਰਨ ਮੈਨੂੰ ਸਰਕਾਰ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਸੀ। ਸੰਨ *1990* ਵਿਚ ਅੱਤਵਾਦ ਪੂਰੇ ਜੋਬਨ 'ਤੇ ਸੀ। ਅੱਤਵਾਦੀਆਂ ਹਥੋਂ ਮਰਵਾਉਣ ਲਈ ਮੈਨੂੰ ਅਜਨਾਲੇ ਬਦਲ ਦਿੱਤਾ ਗਿਆ। ਫਿਰ ਮੈਨੂੰ ਉਥੇ ਜ਼ਲੀਲ ਕੀਤਾ ਜਾਂਦਾ ਰਿਹਾ। ਪਰ ਮੈਂ ਸਬਰ ਨਾਲ ਦਿਨ ਕੱਟੀ ਕਰਦਾ ਰਿਹਾ। *14-15* ਮਹੀਨੇ ਦੀ ਸਜ਼ਾ ਕੱਟਣ ਤੋਂ ਬਾਅਦ ਮੈਂ ਫਿਰ ਮੁੱਖਧਾਰਾ ਵਿਚ ਆ ਗਿਆ।

**ਪ੍ਰਸ਼ਨ : ਉਸ ਜ਼ਮਾਨੇ ਵਿਚ ਜਦੋਂ ਤਫ਼ਤੀਸ਼ ਛਪਿਆ ਤਾਂ ਚਿੰਤਨ ਦੇ ਹਲਕਿਆਂ ਵਿਚ ਦੋ ਤਰ੍ਹਾਂ ਦੀ ਪ੍ਰਤੀਕ੍ਰਿਆ ਪੈਦਾ ਹੋਈ : ਇਕ ਇਸ ਦੀ ਥੀਮਕ ਗੌਰਵਤਾ ਨੂੰ ਉਘਾੜਦੀ ਸੀ ਅਤੇ ਦੂਸਰੀ ਇਸ ਦੀਆਂ ਤਕਨੀਕੀ ਜਾਂ ਰੂਪਗਤ ਉਣਤਾਈਆਂ ਨੂੰ। ਤੁਸੀਂ ਕੀ ਅਨੁਭਵ ਕੀਤਾ? ਕੀ ਚਰਚਾ ਠੀਕ ਦਿਸ਼ਾ ਵੱਲ ਚੱਲ ਰਹੀ ਸੀ?**

ਉੱਤਰ : ਨਾਵਲ ਨੂੰ ਮੇਰੀ ਆਸ ਤੋਂ ਕਿਤੇ ਵੱਧ ਹੁੰਗਾਰਾ ਮਿਲਿਆ। ਡਾ. ਅਤਰ ਸਿੰਘ, ਡਾ.ਜੋਗਿੰਦਰ ਸਿੰਘ ਰਾਹੀ, ਡਾ. ਰਘਬੀਰ ਸਿੰਘ ਸਿਰਜਣਾ ਤੋਂ ਲੈ ਕੇ ਡਾ. ਸੁਖਦੇਵ ਸਿੰਘ ਖਾਹਰਾ ਤਕ ਨੇ ਖੋਜ–ਪੱਤਰ ਲਿਖ ਕੇ ਇਸ ਨੂੰ ਸਲਾਹਿਆ। ਡਾ. ਟੀ.ਆਰ. ਵਿਨੋਦ ਨੇ ਇਸ ਨੂੰ ਮਸ਼ਕਰੀ ਦੀ ਵਿਧਾ ਵਿਚ ਲਿਖਿਆ ਗਿਆ ਪਹਿਲਾ ਪੰਜਾਬੀ ਨਾਵਲ ਮੰਨਿਆ। ਡਾ. ਸੁਖਦੇਵ ਸਿੰਘ ਖਾਹਰਾ ਨੇ *15* ਖੋਜ ਪੱਤਰਾਂ 'ਤੇ ਅਧਾਰਿਤ ਪੁਸਤਕ ਤਫ਼ਤੀਸ਼ ਦਾ ਵਿਸ਼ਲੇਸ਼ਣ ਸੰਪਾਦਿਤ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਸ ਨੂੰ ਆਪਣੇ ਐਮ. ਏ. ਪੰਜਾਬੀ ਦੇ ਪਾਠਕ੍ਰਮ ਵਿਚ ਸ਼ਾਮਲ ਕੀਤਾ ਅਤੇ *1990* ਦੀ ਉੱਤਮ ਗਲਪ ਰਚਨਾ ਮੰਨਦੇ ਹੋਏ ਨਾਨਕ ਸਿੰਘ ਗਲਪ ਪੁਰਸਕਾਰ ਦਿੱਤਾ।

ਰੂਪਗਤ ਤੌਰ ਉਪਰ ਮੈਂ ਨਵਾਂ ਪ੍ਰਯੋਗ ਕੀਤਾ ਸੀ ਇਸ ਲਈ ਵਿਚਾਰ ਚਰਚਾ ਹੋਣੀ ਸੁਭਾਵਿਕ ਸੀ। ਆਪਣੀ ਲੀਹ ਨੂੰ ਪੱਕਾ ਕਰਨ ਲਈ। ਇਸ ਤਕਨੀਕ ਦੇ ਆਧਾਰ 'ਤੇ ਮੈਂ ਤਿੰਨ ਹੋਰ ਨਾਵਲ **ਕਟਹਿਰਾ, ਕੌਰਵ ਸਭਾ** ਅਤੇ **ਸੁਧਾਰ ਘਰ** ਲਿਖੇ। ਹੁਣ ਇਹ ਤਕਨੀਕ ਪੰਜਾਬੀ ਗਲਪ ਵਿਚ ਪੂਰੀ ਤਰ੍ਹਾਂ ਅਪਨਾਈ ਜਾ ਚੁੱਕੀ ਹੈ।

**ਪ੍ਰਸ਼ਨ : ਇਸ ਪੁਸਤਕ ਸੰਬੰਧੀ ਪਾਠਕਾਂ ਦਾ ਹੁੰਗਾਰਾ ਕਿਸ ਪ੍ਰਕਾਰ ਦਾ ਰਿਹਾ?**

ਉੱਤਰ : ਪਾਠਕਾਂ ਨੇ ਨਾਵਲ ਨੂੰ ਹੱਥਾਂ ਉੱਪਰ ਚੁੱਕ ਲਿਆ। ਪਹਿਲੇ ਹੀ ਹੱਲੇ ਇਸ ਨਾਵਲ ਦੇ ਦੋ ਐਡੀਸ਼ਨ ਛਪ ਗਏ। ਮੁਕਤਾ ਪ੍ਰਕਾਸ਼ਨ ਅੰਮ੍ਰਿਤਸਰ ਨੇ ਇਕ ਹਜ਼ਾਰ ਕਾਪੀ ਅਤੇ ਲੋਕ ਗੀਤ ਪ੍ਰਕਾਸ਼ਨ ਨੇ ਤਿੰਨ ਹਜ਼ਾਰ ਕਾਪੀ ਛਾਪੀ। ਤੀਜਾ ਐਡੀਸ਼ਨ *1992* ਵਿਚ ਲਾਹੌਰ ਬੁੱਕ ਸ਼ਾਪ ਨੇ ਛਾਪਿਆ। *16* ਸਾਲਾਂ ਬਾਅਦ ਹੁਣ ਤੱਕ ਵੀ ਇਹ ਨਾਵਲ ਵੱਡੇ ਪੱਧਰ 'ਤੇ ਪੜ੍ਹਿਆ ਜਾ ਰਿਹਾ ਹੈ। ਅੱਤਵਾਦ ਦੇ ਉਸ ਦੌਰ ਵਿਚ ਇਨਕਲਾਬੀ ਧਿਰਾਂ, ਖਾਲਿਸਤਾਨੀ ਜਥੇਬੰਦੀਆਂ ਦਾ ਡੱਟ ਕੇ ਵਿਰੋਧ ਕਰ ਰਹੀਆਂ ਸਨ। ਇਕ ਪਾਸੇ ਇਸ ਨਾਵਲ ਕਾਰਣ ਪੰਜਾਬ ਲੋਕ ਸਭਿਆਚਾਰਕ ਮੰਚ ਨੇ ਮੈਨੂੰ ਸਨਮਾਨਿਤ ਕੀਤਾ ਅਤੇ ਦੂਜੇ ਪਾਸੇ ਖਾਲਸਤਾਨ ਜਥੇਬੰਦੀ ਦਲ ਖ਼ਾਲਸਾ ਇੰਟਰਨੈਸ਼ਨਲ ਨੇ ਪ੍ਰਸ਼ੰਸਾ ਪੱਤਰ ਭੇਜਿਆ। ਨਾਵਲ ਗਿਆਨੀ ਜ਼ੈਲ ਸਿੰਘ ਵਲੋਂ ਵੀ ਪੜ੍ਹਿਆ ਗਿਆ ਅਤੇ ਸੁਰਜੀਤ ਸਿੰਘ ਬਰਨਾਲਾ ਵਲੋਂ ਵੀ। ਇਸ ਤੋਂ ਵੱਧ ਕੋਈ ਲੇਖਕ ਕੀ ਚਾਹ ਸਕਦਾ ਹੈ?

**ਪ੍ਰਸ਼ਨ : "ਤਫ਼ਤੀਸ਼" ਦੇ ਛਪਣ ਤੋਂ ਬਾਅਦ ਤੁਸੀਂ "ਕਟਹਿਰਾ" ਨਾਵਲ ਦੀ ਰਚਨਾ ਦੀ ਯੋਜਨਾ ਬਣਾਈ ਸੀ ਜਾਂ ਇਹ ਦੋਵੇਂ ਨਾਵਲ ਇਕੱਠੇ ਹੀ ਤੁਹਾਡੇ ਜ਼ਿਹਨ ਵਿਚ ਗਰਦਿਸ਼ ਕਰਦੇ ਰਹੇ?**

ਉੱਤਰ : **ਤਫ਼ਤੀਸ਼** ਨਾਵਲ ਲਿਖ ਕੇ ਮੇਰੇ ਮਨ ਦੀ ਸਾਰੀ ਭੜਾਸ ਨਿਕਲ ਗਈ। ਪੁਲਿਸ ਸਭਿਆਚਾਰ ਬਾਰੇ ਜੋ ਕੁਝ ਵੀ ਲਿਖਿਆ ਜਾ ਸਕਦਾ ਸੀ ਉਹ ਇਸ ਨਾਵਲ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋ ਚੁੱਕਾ ਸੀ। ਇਸ ਨਾਵਲ ਨੂੰ ਛਪਿਆਂ ਹੁਣ 16 ਸਾਲ ਹੋ ਗਏ ਹਨ। ਅੱਜ ਤੱਕ ਮੈਨੂੰ ਇਕ ਗੱਲ ਵੀ ਅਜਿਹੀ ਨਹੀਂ ਸੁੱਝੀ ਜੋ ਲਿਖਣੀ ਰਹਿ ਗਈ ਹੋਵੇ। ਅੱਜ ਤੱਕ ਪੁਲਿਸ ਸਭਿਆਚਾਰ ਵਿਚ ਕੋਈ ਅਜਿਹੀ ਖਾਸ ਤਬਦੀਲੀ ਨਹੀਂ ਆਈ ਜੋ ਨਾਵਲ ਵਿਚ ਸੋਧ ਦੀ ਮੰਗ ਕਰਦੀ ਹੋਵੇ।

ਤਫ਼ਤੀਸ਼ ਨਾਵਲ ਲਿਖਦੇ ਸਮੇਂ ਜ਼ਿਹਨ ਵਿਚ ਕਟਹਿਰਾ ਨਾਵਲ ਲਿਖਣ ਦੀ ਕੋਈ ਯੋਜਨਾ ਨਹੀਂ ਸੀ। ਆਪਣਾ ਸਾਰਾ ਅਨੁਭਵ ਤਫ਼ਤੀਸ਼ ਨਾਵਲ ਵਿਚ ਪੇਸ਼ ਕਰਨ ਬਾਅਦ ਮੇਰੇ ਵਿਚ ਖੜੋਤ ਆ ਗਈ। ਉਧਰ ਤਫ਼ਤੀਸ਼ ਉਪਰ ਭਰਪੂਰ ਬਹਿਸ ਛਿੜ ਪਈ। ਇਕ ਸੈਮੀਨਾਰ ਦੌਰਾਨ ਆਪਣੇ ਵਲੋਂ ਬੋਲਦੇ ਹੋਏ ਮੈਨੂੰ ਮਹਿਸੂਸ ਹੋਇਆ ਕਿ ਮੇਰਾ ਅਨੁਭਵ ਪੁਲਿਸ ਸਭਿਆਚਾਰ ਤੱਕ ਹੀ ਸੀਮਤ ਨਹੀਂ ਹੈ। ਪੁਲਿਸ ਵਿਭਾਗ ਤਾਂ ਫੌਜਦਾਰੀ ਨਿਆਂ ਪ੍ਰਬੰਧ ਦੀ ਕੇਵਲ ਇਕ ਸੰਸਥਾ ਹੈ। ਮੈਨੂੰ ਬਾਕੀ ਦੀਆਂ ਦੋਵਾਂ ਸੰਸਥਾਵਾਂ, ਨਿਆਂ ਪਾਲਿਕਾ ਅਤੇ ਜੇਲ੍ਹ ਪ੍ਰਬੰਧ ਬਾਰੇ ਵੀ ਲਿਖਣਾ ਚਾਹੀਦਾ ਹੈ। ਉਸੇ ਸੈਮੀਨਾਰ ਵਿਚ ਮੈਂ ਘੋਸ਼ਣਾ ਕੀਤੀ ਕਿ ਮੈਂ **ਕਟਹਿਰਾ** ਅਤੇ **ਸੁਧਾਰ ਘਰ** ਵੀ ਲਿਖਾਂਗਾ।

**ਪ੍ਰਸ਼ਨ : ਤੁਸੀਂ ਨਿਆਂ ਪ੍ਰਬੰਧ ਦੇ ਅਸਲੋਂ ਅਣਛੋਹ ਵਿਸ਼ੇ ਨੂੰ ਜਦੋਂ ਗਲਪ ਅਨੁਭਵ ਦਾ ਵਸਤੂ ਬਣਾਇਆ ਤਾਂ ਤੁਹਾਨੂੰ ਅਨੁਭਵ ਤੋਂ ਇਲਾਵਾ ਪੁਸਤਕਾਂ ਦੀ ਕਿੰਨੀ ਕੁ ਸਹਾਇਤਾ ਲੈਣੀ ਪਈ?**

ਉੱਤਰ : ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਕਾਨੂੰਨ ਪ੍ਰਬੰਧ ਆਪਣੇ ਆਪ ਵਿਚ ਇਕ ਮੁਕੰਮਲ ਵਿਸ਼ਾ ਹੈ। ਇਸ ਦੇ ਆਪਣੇ ਸਿੱਧਾਂਤ ਹਨ। ਚਿੰਤਕ ਹਰ ਸਮੇਂ ਚਿੰਤਨ ਵਿਚ ਲੱਗੇ ਰਹਿੰਦ ਹਨ। ਚਿੰਤਕਾਂ ਵਲੋਂ ਘੜੇ ਸਿੱਧਾਤਾਂ ਵਿਚ ਲਗਾਤਾਰ ਸੋਧਾਂ ਹੁੰਦੀਆਂ ਰਹਿੰਦੀਆਂ ਹਨ। ਸਿੱਧਾਤਾਂ ਨੂੰ ਸਿੱਧੇ ਤੌਰ 'ਤੇ ਮੁਕੱਦਮਿਆਂ ਵਿਚ ਫ਼ੈਸਲੇ ਦਿੰਦੇ ਸਮੇਂ ਲਾਗੂ ਕਰਨ ਦਾ ਜਤਨ ਕੀਤਾ ਜਾਂਦਾ ਹੈ। ਇਸ ਪ੍ਰਬੰਧ ਦਾ ਸਮਾਜ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਹੈ। ਨਵੇਂ ਪੇਸ਼ ਕੀਤੇ ਜਾਂਦੇ ਸਿੱਧਾਂਤ ਜੀਵਨ ਤੱਥਾਂ ਤੇ ਆਧਾਰਤ ਹੁੰਦੇ ਹਨ, ਸਰਵੇਖਣ ਉੱਪਰ ਨਹੀਂ। ਉੱਚ ਅਦਾਲਤਾਂ ਦੇ ਜੱਜ ਸਮਾਜ ਵਿਗਿਆਨੀ ਅਤੇ ਚਿੰਤਕ ਹੁੰਦੇ ਹਨ। ਉਨ੍ਹਾਂ ਦੇ ਤਰਕਸੰਗਤ ਫ਼ੈਸਲੇ ਖੋਜ–ਪੱਤਰਾਂ ਵਾਂਗ ਹੁੰਦੇ ਹਨ। ਆਪਣੇ ਗਿਆਨ ਵਿਚ ਵਾਧਾ ਕਰਨ ਲਈ ਮੈਂ ਸਿੱਧਾਂਤਾਂ 'ਤੇ ਫੈਸਲਿਆਂ ਦਾ ਲਗਾਤਾਰ ਅਧਿਐਨ ਕਰਦਾ ਰਹਿੰਦਾ ਹਾਂ। **ਸੁਧਾਰ ਘਰ** ਨਾਵਲ ਲਿਖਣ ਤੋਂ ਪਹਿਲਾਂ ਜੇਲ੍ਹ ਪ੍ਰਬੰਧ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਮੈਂ ਜੇਲ੍ਹ ਮੈਨੂਅਲ ਦੇ ਨਾਲ–ਨਾਲ ਮੇਰੀ ਟੇਲਰ ਦੀ ਪੁਸਤਕ **ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ** ਮੋਹਨ ਭਾਸਕਰ ਦੀ ਪੁਸਤਕ **ਮੈਂ ਸਾਂ ਪਾਕਿਸਤਾਨ ਵਿਚ ਭਾਰਤ ਦਾ ਜਾਸੂਸ** ਅਤੇ **ਪਰਬਤੋਂ ਭਾਰੀ ਮੌਤ** ਪੜ੍ਹੇ। ਕਿਰਨ ਬੇਦੀ ਅਤੇ ਕੁਲਦੀਪ ਨਈਅਰ ਦੇ ਜੇਲ੍ਹਾਂ ਬਾਰੇ ਅਨੁਭਵ ਦਾ ਅਧਿਐਨ ਕੀਤਾ। ਜੇਲ੍ਹ ਪ੍ਰਬੰਧਾਂ ਬਾਰੇ ਸੁਪਰੀਮ ਕੋਰਟ ਵੱਲੋਂ "ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸ਼ਨ" ਨਾਂ ਦੇ ਦੋ ਬਹੁਤ ਹੀ ਅਹਿਮ ਫ਼ੈਸਲਿਆਂ ਦਾ ਨਿੱਠ ਕੇ ਮੁਤਾਲਿਆ ਕੀਤਾ। ਇਸ ਤਰ੍ਹਾਂ ਅਨੁਭਵ ਦੇ ਨਾਲ-ਨਾਲ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ।

**ਪ੍ਰਸ਼ਨ : ਇਸ ਨਾਵਲ ਦੀ ਰਚਨਾ ਪ੍ਰੀਕ੍ਰਿਆ ਸਮੇਂ ਤੁਸੀਂ ਜੁਰਮਾਂ ਦੇ ਜਮਾਤੀ ਕਿਰਦਾਰ ਦੀਆਂ ਪਰਤਾਂ ਨੂੰ ਫਰੋਲਿਆ?**

ਉੱਤਰ : ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਮਾਰਕਸਵਾਦ ਮੈਨੂੰ ਗੁੜ੍ਹਤੀ ਵਿਚ ਮਿਲਿਆ ਹੈ। ਮਾਰਕਸੀ ਫ਼ਲਸਫ਼ਾ ਕਾਨੂੰਨ ਦੇ ਜਮਾਤੀ ਦ੍ਰਿਸ਼ਟੀਕੋਣ ਉੱਪਰ ਵੀ ਚਾਨਣ ਪਾਉਂਦਾ ਹੈ। ਇਸ ਸਿੱਧਾਂਤ ਕਾਰਣ ਮੈਨੂੰ ਇਹ ਸਮਝ ਆਇਆ ਕਿ ਹਰ ਜੁਰਮ ਪਿਛੇ ਮੁਜ਼ਰਿਮ ਦੀ ਜਮਾਤੀ ਸੋਚ ਕੰਮ ਕਰ ਰਹੀ ਹੁੰਦੀ ਹੈ। ਇਹ ਵੀ ਪਤਾ ਲੱਗਾ ਕਿ ਹਰ ਵਰਗ ਦੇ ਜੁਰਮ ਵੱਖਰੇ ਹੁੰਦੇ ਹਨ। ਇਸ ਸਿੱਧਾਂਤ ਨੂੰ ਤੱਥਾਂ ਦੀ ਕਸੌਟੀ ਤੇ ਪਰਖਣ ਲਈ ਮੈਂ ਕੁਸ਼ਟ ਆਸ਼ਰਮਾਂ, ਸਾਂਸੀਆਂ ਦੀਆਂ ਕੁੱਲੀਆਂ, ਦਲਿਤਾਂ ਦੇ ਵੇਹੜਿਆਂ, ਜੱਟਾਂ ਦੀਆਂ ਪੱਤੀਆਂ ਅਤੇ ਮਾਡਲ ਟਾਊਨਾਂ ਦੀ ਕੋਠੀਆਂ ਵਿਚ ਘੁੰਮਿਆ। ਤਫ਼ਤੀਸ਼ ਦੇ ਤਲਾਸ਼ੀਆਂ ਵਾਲੇ ਕਾਂਡਾਂ ਅਤੇ ਸੁਧਾਰ ਘਰ ਦੀਆਂ ਵੱਖ-ਵੱਖ ਬੈਰਕਾਂ ਨਾਲ ਸੰਬੰਧਤ ਕਾਂਡਾਂ ਰਾਹੀਂ ਜੁਰਮਾਂ ਦੇ ਜਮਾਤੀ ਕਿਰਦਾਰਾਂ ਦੀਆਂ ਪਰਤਾਂ ਇਸ ਸਮਝ ਕਾਰਣ ਹੀ ਫਰੋਲ ਹੋ ਸਕੀਆਂ।

**ਪ੍ਰਸ਼ਨ : 'ਕੌਰਵ ਸਭਾ' ਦੀ ਰਚਨਾ ਪ੍ਰਕ੍ਰਿਆ ਬਾਰੇ ਵੇਰਵਿਆਂ ਸਾਹਿਤ ਦਸੋ?**

ਉੱਤਰ : 1992 ਵਿਚ ਮੇਰੀ ਬਦਲੀ ਲੁਧਿਆਣਾ ਸ਼ਹਿਰ ਦੀ ਹੋ ਗਈ। ਲੁਧਿਆਣਾ ਪੰਜਾਬ ਦਾ ਇਕੋ ਇਕ ਮਹਾਂ ਨਗਰ ਹੈ ਜਿਥੇ ਵਿਗੜਿਆ ਪੂੰਜੀਵਾਦ ਪੂਰੇ ਜੋਬਨ ਉਪਰ ਟਹਿਕ ਰਿਹਾ ਹੈ। ਮੈਨੂੰ ਲੱਗਾ ਪੂੰਜੀਵਾਦ ਨੂੰ ਸਮਝਣ ਦਾ ਇਹ ਵਧੀਆ ਮੌਕਾ ਹੈ। ਮੈਂ ਆਪਣਾ ਤੀਸਰਾ ਨੇਤਰ ਖੋਲ੍ਹ ਲਿਆ। ਥੋੜ੍ਹੇ ਜਿਹੇ ਜਤਨਾਂ ਨਾਲ ਹੀ ਪੂੰਜੀਵਾਦ ਦੇ ਭੇਤਾਂ ਦੇ ਪਟਾਰੇ ਖੁਲ੍ਹਣ ਲੱਗੇ। ਪੈਸੇ ਹੱਥੀ ਕਾਨੂੰਨ ਵਿਕਦਾ ਪ੍ਰਤੱਖ ਨਜ਼ਰ ਆਉਣ ਲੱਗਾ। ਸਾਧਨ-ਸੰਪੰਨ ਲੋਕ ਪੈਸੇ ਦੇ ਜ਼ੋਰ ਤੇ ਵੱਡੇ-ਵੱਡੇ ਜੁਰਮ ਕਰਨ ਤੋਂ ਬਾਅਦ ਵੀ ਬਾਇੱਜ਼ਤ ਬਰੀ ਹੁੰਦੇ ਦਿਖਾਈ ਦੇਣ ਲੱਗੇ। ਅਫ਼ਰਸ਼ਾਹੀ, ਰਾਜਨੀਤੀ, ਧਰਮ ਆਦਿ ਸਭ ਸੰਸਥਾਵਾਂ ਇਕੋ ਇਕ ਉਦੇਸ਼ "ਵੱਧ ਤੋਂ ਵੱਧ ਧੰਨ ਇਕੱਠਾ ਕਰਨ" ਦੀ ਹੋੜ ਵਿਚ ਬੇਫ਼ਿਕਰ ਹੋ ਕੇ ਬੇਇਨਸਾਫ਼ੀਆ ਕਰਦੀਆਂ ਨਜ਼ਰ ਆਈਆਂ। ਹੋ ਰਹੀਆਂ ਇਨ੍ਹਾਂ ਧੱਕੇ-ਸ਼ਾਹੀਆਂ ਦੇ ਕਾਰਨ ਖੋਜੇ ਅਤੇ ਸਮਝੇ। ਮਨ ਵਿਚ ਪੀੜਤ ਧਿਰ ਲਈ ਹਮਦਰਦੀ ਜਾਗਣ ਲੱਗੀ। ਇਹੋ ਹਮਦਰਦੀ ਕੌਰਵ ਸਭਾ ਦੇ ਬਿਰਤਾਂਤ ਦਾ ਬੀਜ ਬਣੀ। ਕਈ ਸਾਲਾਂ ਤੋਂ ਰੁਕੀ ਕਲਮ ਨੂੰ ਨਵਾਂ ਰਾਹ ਦਿਖਾਈ ਦਿੱਤਾ। ਅੰਦਰ ਉਬਲਦਾ ਲਾਵਾ ਬਾਹਰ ਨਿਕਲਣ ਲਈ ਕਾਹਲਾ ਪੈਣ ਲੱਗਾ।

360 ਪੰਨਿਆਂ ਉਪਰ ਫੈਲੇ ਕਰੀਬ 150 ਪਾਤਰਾਂ, ਸੈਕੜੇ ਘਟਨਾਵਾਂ ਅਤੇ ਹਜ਼ਾਰਾਂ ਕੇਸਾਂ ਦੇ ਤੱਥਾਂ ਉਪਰ ਆਧਾਰਤ ਰਚਨਾ ਪ੍ਰੀਕ੍ਰਿਆ ਬਾਰੇ ਕੁਝ ਸ਼ਬਦਾਂ ਵਿਚ ਕਹਿਣਾ ਅਸੰਭਵ ਹੈ। ਇਸ਼ਾਰੇ ਮਾਤਰ ਕੁਝ ਗੱਲਾਂ ਕਰਾਂਗਾ। ਮੈਂ ਬਿਨਾਂ ਯੋਜਨਾ ਬਣਾਏ ਲਿਖਣ ਨਹੀਂ ਬੈਠਦਾ। ਪਹਿਲਾਂ ਮੈਂ ਇਹ ਨਿਸ਼ਚਤ ਕਰਦਾ ਹਾਂ ਕਿ ਨਾਵਲ ਰਾਹੀਂ ਕੀ ਸੰਦੇਸ਼ ਦੇਣਾ ਹੈ। ਫਿਰ ਇਹ ਨਿਸ਼ਚਿਤ ਕਰਦਾ ਹਾਂ ਕਿ ਉਹ ਸੰਦੇਸ਼ ਕਿਸ ਤਰ੍ਹਾਂ ਦੇਣਾ ਹੈ। ਕੋਈ ਗੱਲ ਤਾਂ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਖੀ ਜਾ ਸਕਦੀ ਹੈ ਜੇ ਸਾਨੂੰ ਉਸ ਗੱਲ ਦੇ ਪਿਛੋਕੜ ਅਤੇ ਉਸ ਪਿਛੇ ਕੰਮ ਕਰਦੇ ਸਿੱਧਾਂਤ ਦੀ ਪੂਰੀ ਸਮਝ ਹੋਵੇ। ਇਸ ਲਈ ਮੈਂ ਪਹਿਲਾਂ ਅਧਿਐਨ ਕਰਦਾ ਹਾਂ ਅਤੇ ਫਿਰ ਨਿਕਲੇ ਸਿੱਟਿਆਂ ਨੂੰ ਹੱਥੋਂ ਨਿਕਲੇ ਕੇਸਾਂ ਦੇ ਤੱਥਾਂ 'ਤੇ ਪਰਖਦਾ ਹਾਂ। ਛਾਣਬੀਣ ਬਾਅਦ ਜੋ ਬਚਦਾ ਹੈ ਉਹ ਨਾਵਲ ਦੀ ਸਮੱਗਰੀ ਬਣਦਾ ਹੈ।

ਸਿੱਧਾਂਤਕ ਰੂਪ ਵਿਚ ਇਸ ਨਾਵਲ ਰਾਹੀਂ ਮੈਂ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜੱਪਣ ਦੀ ਪ੍ਰਵਿਰਤੀ, ਮਹਾਂਨਗਰੀ ਅਤੇ ਸ਼ਹਿਰੀ ਸਭਿਆਚਾਰ

ਦਾ ਤੁਲਨਾਤਮਕ ਅਧਿਐਨ, ਆਰਥਿਕਤਾ ਦੇ ਆਧਾਰ 'ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਿਆ ਹੈ। ਨਾਲ ਦੀ ਨਾਲ ਕਾਨੂੰਨ ਦੀ ਤੱਕੜੀ ਦੇ ਇਕ ਪਲੜੇ ਦਾ ਪੈਸੇ ਦੇ ਭਾਰ ਨਾਲ ਸਾਧਨ ਸੰਪੰਨ ਲੋਕਾਂ ਵਲੋਂ ਝੁਕਣ ਦੇ ਰੁਝਾਨ ਅਤੇ ਕਾਰਣਾਂ ਨੂੰ ਪੇਸ਼ ਕੀਤਾ ਹੈ ਅਤੇ ਸਾਧਨਹੀਣ ਲੋਕਾਂ ਨਾਲ ਹੁੰਦੇ ਧੱਕੇ ਨੂੰ ਵੀ। ਸਾਡਾ ਕਾਨੂੰਨੀ ਢਾਂਚਾ ਮੁਜਰਿਮ ਪੱਖੀ ਅਤੇ ਲਚਕਦਾਰ ਹੈ। ਇਹ ਮੁਜਰਿਮ ਨੂੰ ਬਰੀ ਕਰਨ ਦਾ ਬਹਾਨਾ ਭਾਲਦਾ ਹੈ। ਸਰਕਾਰਾਂ, ਸਮਾਜ ਸੇਵਾ ਸੰਸਸਥਾਵਾਂ ਅਤੇ ਕਾਨੂੰਨਦਾਨਾਂ ਦਾ ਸਾਰਾ ਧਿਆਨ ਕੈਦੀਆਂ (ਨਜ਼ਰ ਬੰਦ) ਲਈ ਵੱਧ ਤੋਂ ਵੱਧ ਅਧਿਕਾਰ ਹਾਸਲ ਕਰਨ ਉਪਰ ਲੱਗਾ ਹੋਇਆ ਹੈ। ਇਹ ਠੀਕ ਹੈ ਕਿ ਲੰਬੇ ਸੰਘਰਸ਼ਾਂ ਬਾਅਦ ਕੈਦੀਆਂ ਨੂੰ ਜ਼ਮਾਨਤ, ਕਾਨੂੰਨੀ ਸਹਾਇਤਾ, ਸਿਹਤ ਸਹੂਲਤਾਂ, ਮਨੋਰੰਜਨ ਅਤੇ ਪੁਨਰਵਾਸ ਆਦਿ ਦੇ ਅਧਿਕਾਰ ਮਿਲੇ ਹਨ। ਮੈਂ ਇਨ੍ਹਾਂ ਅਧਿਕਾਰਾਂ ਦਾ ਵਿਰੋਧੀ ਨਹੀਂ ਹਾਂ। ਪਰ ਇਹ ਪ੍ਰਸ਼ਨ ਵੀ ਅਹਿਮ ਹੈ ਕਿ ਕੀ ਪੀੜਤ ਧਿਰ ਵੀ ਕਿਸੇ ਅਧਿਕਾਰ ਦੀ ਹੱਕਦਾਰ ਹੈ ਜਾਂ ਨਹੀਂ ? ਜੇ ਮੁਜਰਿਮ ਦਾ ਇਲਾਜ ਸਰਕਾਰੀ ਖਰਚੇ ਤੇ ਹੋ ਸਕਦਾ ਹੈ ਤਾਂ ਜ਼ਖਮੀ ਧਿਰ ਦਾ ਕਿਉਂ ਨਹੀਂ? ਕੈਦੀ ਨੂੰ ਕਿੱਤਾ ਸਿਖਲਾਈ ਦੇ ਕੇ ਉਸਦੇ ਪੁਨਰਵਾਸ ਦਾ ਪ੍ਰਬੰਧ ਕਰਨਾ ਜੇ ਸਰਕਾਰ ਦੀ ਜ਼ਿੰਮੇਵਾਰੀ ਹੈ ਤਾਂ ਬਲਾਤਕਾਰੀ ਹਥੋਂ ਬਲਾਤਕਾਰ ਦਾ ਸ਼ਿਕਾਰ ਹੋ ਕੇ ਸਮਾਜ ਵਿਚੋਂ ਆਪਣੀ ਜੜ੍ਹ ਉਖੜਵਾ ਚੁੱਕੀ ਅਨਭੋਲ ਮੁਟਿਆਰ ਨੂੰ ਸਰਕਾਰ ਕੋਲੋਂ ਆਪਣੇ ਪੁਨਰਵਾਸ ਦਾ ਹੱਕ ਮੰਗਣ ਦਾ ਅਧਿਕਾਰ ਕਿਉਂ ਨਹੀਂ? ਜਿਸ ਪਰਵਿਾਰ ਦਾ ਇਕੋ ਇਕ ਕਮਾਊ ਪੁੱਤ ਕਤਲ ਕਰ ਦਿੱਤਾ ਗਿਆ ਹੋਵੇ ਕੀ ਉਸ ਪਰਿਵਾਰ ਨੂੰ ਗੁਜ਼ਾਰੇ ਲਈ ਠੂਠਾ ਫੜਕੇ ਮੰਗਣ ਲਈ ਸਮਾਜ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਜਾਵੇ? ਮੁਜਰਿਮ ਨੂੰ ਸਰਕਾਰ ਉੱਚ ਕੋਟੀ ਦਾ ਵਕੀਲ ਆਪਣੇ ਖਰਚੇ 'ਤੇ ਕਰਕੇ ਦੇਵੇ ਪਰ ਮੁਦਈ ਧਿਰ ਵਲੋਂ ਆਪਣੇ ਖਰਚੇ 'ਤੇ ਵਕੀਲ ਖੜ੍ਹਾ ਕਰਨ ਦਾ ਅਧਿਕਾਰ ਵੀ ਖੋਹ ਲਿਆ ਜਾਵੇ। ਕਿਤਾਬੀ ਰੂਪ ਵਿਚ ਮੁਜਰਿਮ ਧਿਰ ਨੂੰ ਮਿਲੇ ਇਹ ਅਧਿਕਾਰ ਚੰਗੇ ਲਗਦੇ ਹਨ ਪਰ ਜਦੋਂ ਸਾਹਮਣਾ ਯਥਾਰਥ ਨਾਲ ਹੁੰਦਾ ਹੈ ਫਿਰ ਪਤਾ ਲੱਗਦਾ ਹੈ ਕਿ ਇਨ੍ਹਾਂ ਅਧਿਕਾਰਾਂ ਦਾ ਲਾਭ ਕੌਣ ਉਠਾ ਰਿਹਾ ਹੈ। ਜਿਨ੍ਹਾਂ ਲੋਕਾਂ ਦੇ ਫ਼ਾਇਦੇ ਲਈ ਇਹ ਨਿਯਮ ਬਣੇ ਹਨ ਉਨ੍ਹਾਂ ਨੂੰ ਇਨ੍ਹਾਂ ਦੇ ਨੇੜੇ ਨਹੀਂ ਢੁੱਕਣ ਦਿੱਤਾ ਜਾਂਦਾ। ਇਨ੍ਹਾਂ ਦਾ ਫ਼ਾਇਦਾ ਸਾਧਨ-ਸੰਪੰਨ ਲੋਕ ਉਠਾ ਰਹੇ ਹਨ। ਸਾਧਨਹੀਣ ਧਿਰ ਨੂੰ ਆਪਣੀ ਜ਼ਮਾਨਤ ਦਾ ਹੁਕਮ ਕਰਾਉਣ ਲਈ ਉੱਚ ਕੋਟੀ ਦਾ ਵਕੀਲ ਕਿਥੋਂ ਮਿਲਦਾ ਹੈ? ਉਸ ਨੂੰ ਤਾਂ ਜ਼ਾਮਨ ਤੱਕ ਨਹੀਂ ਲੱਭਦਾ। ਜੇਲ੍ਹ ਵਿਚਲੇ ਹਸਪਤਾਲ ਅਮੀਰ ਲੋਕਾਂ ਨੂੰ ਜੇਲ੍ਹ ਦੀਆਂ ਦੁਸ਼ਵਾਰੀਆਂ ਤੋਂ ਬਚਾਉਣ ਦੇ ਕੰਮ ਆਉਂਦੇ ਹਨ ਨਾ ਕਿ ਬਿਮਾਰਾਂ ਦੇ ਇਲਾਜ ਲਈ। ਸ਼ੱਕ ਦਾ ਲਾਭ ਦੇ ਕੇ ਸਾਧਨ ਸੰਪੰਨ ਦੋਸ਼ੀ ਤਾਂ ਬਰੀ ਹੋ ਜਾਂਦੇ ਹਨ ਪਰ ਜਵਾਨ-ਜਹਾਨ ਪੁੱਤ ਗੁਆ ਚੁੱਕੇ ਮਾਪਿਆਂ, ਬਲਾਤਕਾਰੀ ਵਲੋਂ ਮਧੋਲੀਆਂ ਕੋਮਲ ਕਲੀਆਂ ਵਰਗੀਆਂ ਧੀਆਂ-ਭੈਣਾਂ ਦੇ ਜ਼ਖਮਾਂ ਤੇ ਮਲ੍ਹਮ ਕੋਈ ਨਹੀਂ ਲਾਉਂਦਾ। ਇਸ ਨਾਵਲ ਵਿਚ ਮੈਂ ਇਸ ਧਿਰ ਦਾ ਪੱਖ ਪੂਰਨ ਦਾ ਜਤਨ ਕੀਤਾ ਹੈ।

ਪੀੜਤ ਧਿਰ ਲਈ ਹਮਦਰਦੀ ਦਾ ਇਹ ਬੀਜ ਮੇਰੇ ਸਤਾਈ ਸਾਲ ਦੇ ਸਰਕਾਰੀ ਵਕੀਲ ਦੇ ਕੌੜੇ ਤਜਰਬੇ ਵਿਚੋਂ ਉਪਜਿਆ ਹੈ। ਸਰਕਾਰੀ ਵਕੀਲ ਦਾ ਫ਼ਰਜ਼ ਪੀੜਤ ਧਿਰ ਦਾ ਕਾਨੂੰਨੀ ਪੱਖ ਪੂਰਨਾ ਹੈ। ਲੱਖਾਂ ਜਤਨਾਂ ਬਾਵਜੂਦ ਕਾਨੂੰਨੀ ਖਾਮੀਆਂ ਕਾਰਣ ਜਦੋਂ ਸਹੀ ਦੋਸ਼ੀ ਬਰੀ ਹੋ ਜਾਂਦਾ ਹੈ ਤਾਂ ਪੀੜਤ ਧਿਰ ਦੇ ਨਾਲ-ਨਾਲ ਮੈਨੂੰ ਵੀ ਗੁੱਸਾ ਆਉਂਦਾ ਹੈ। ਇਹੋ ਪੀੜ ਅਤੇ ਗੁੱਸਾ ਪ੍ਰਗਟਾਉਣ ਲਈ ਮੈਂ ਇਹ ਸਿਰਜਿਆ ਹੈ।

**ਪ੍ਰਸ਼ਨ : 'ਕਟਹਿਰਾ' ਅਤੇ 'ਕੌਰਵ ਸਭਾ' ਦੇ ਆਪਸੀ ਰਿਸ਼ਤੇ ਨੂੰ ਤੁਸੀਂ ਕਿਵੇਂ ਨਿਹਾਰਦੇ ਹੋ? ਇਨ੍ਹਾਂ ਵਿਚਾਲੇ ਕੋਈ ਦੁਹਰਾਉ ਵਰਗਾ ਰਿਸ਼ਤਾ ਤਾਂ ਦਿਖਾਈ ਨਹੀਂ ਦਿੰਦਾ?**

ਉੱਤਰ : ਪਹਿਲੀ ਨਜ਼ਰੇ ਇੰਜ ਲੱਗ ਸਕਦਾ ਹੈ। ਪਰ ਜਦੋਂ ਗਹਿਰਾਈ ਵਿਚ ਜਾਵਾਂਗੇ ਤਾਂ ਬਹੁਤ ਅੰਤਰ ਨਜ਼ਰ ਆਏਗਾ। ਕਟਹਿਰਾ ਨਾਵਲ ਵਿਚ ਮੈਂ ਉਨ੍ਹਾਂ ਸਾਧਨਹੀਣ ਮਜ਼ਲੂਮਾਂ ਦਾ ਪੱਖ ਪੇਸ਼ ਕੀਤਾ ਹੈ ਜਿਨ੍ਹਾਂ ਨੂੰ ਨਿਰਦੋਸ਼ ਹੁੰਦੇ ਹੋਏ ਵੀ ਪੁਲਿਸ ਅਤੇ ਨਿਆਂ–ਪਾਲਿਕਾ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਬੇਕਸੂਰ ਹੁੰਦਿਆ ਹੋਇਆਂ ਵੀ ਸਜ਼ਾਵਾਂ ਸੁਣਨੀਆਂ ਪੈਂਦੀਆਂ ਹਨ। ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਕਮਜ਼ੋਰੀਆਂ ਦਾ ਇਹ ਇਕ ਪਹਿਲੂ ਹੈ।

'ਕੌਰਵ ਸਭਾ' ਵਿਚ ਦੂਸਰਾ ਪਹਿਲੂ ਛੋਹਿਆ ਗਿਆ ਹੈ। ਪੈਸੇ ਅਤੇ ਸੰਪਰਕਾਂ ਦੇ ਜ਼ੋਰ 'ਤੇ ਦੋਸ਼ੀ ਹੁੰਦੇ ਹੋਏ ਵੀ ਸਾਧਨ ਸੰਪੰਨ ਲੋਕ ਕਿਸ ਤਰ੍ਹਾਂ ਕਾਨੂੰਨ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਬਾਇੱਜ਼ਤ ਬਰੀ ਹੋ ਜਾਂਦੇ ਹਨ। ਇਸ ਨਾਵਲ ਵਿਚ ਮੈਂ ਇਹ ਪੱਖ ਪੇਸ਼ ਕੀਤਾ ਹੈ। ਕਾਨੂੰਨ ਪੀੜਤਾਂ ਦੀ ਥਾਂ ਮੁਲਜ਼ਮਾਂ ਦੇ ਹੱਕ ਵਿਚ ਕਿਉਂ ਅਤੇ ਕਿਸ ਤਰ੍ਹਾਂ ਭੁਗਤਦਾ ਹੈ, ਇਸ ਨਾਵਲ ਵਿਚ ਇਸ ਰਹੱਸ ਦਾ ਪਰਦਾ ਫਾਸ਼ ਕੀਤਾ ਗਿਆ ਹੈ। ਕਟਹਿਰਾ ਇਨਸਾਫ਼ ਦੀ ਤੱਕੜੀ ਦਾ ਇਕ ਪਲੜਾ ਹੈ ਅਤੇ ਕੌਰਵ ਸਭਾ ਦੂਸਰਾ। ਦੋਵੇਂ ਨਾਵਲ ਇਕ ਦੂਜੇ ਦੇ ਪੂਰਕ ਹਨ ਅਤੇ ਇਨਸਾਫ਼ ਦੀ ਤੱਕੜੀ ਦੇ ਪੱਲੜੇ ਕਿਧਰ ਨੂੰ ਅਤੇ ਕਿਉਂ ਝੁਕਦੇ ਹਨ, ਇਹ ਸਮਝਣ ਵਿਚ ਪਾਠਕ ਦੀ ਮਦਦ ਕਰਦੇ ਹਨ।

**ਪ੍ਰਸ਼ਨ : ਪ੍ਰਬੰਧ ਦੀ ਕਰੂਰਤਾ ਨੂੰ ਉਭਾਰਨ ਵੇਲੇ ਤੁਹਾਡਾ ਗਿਆਨ ਜਾਂ ਸਮਝ ਤੁਹਾਨੂੰ ਕਿੰਨਾ ਕੁ ਪਰੇਸ਼ਾਨ ਕਰਦੀ ਹੈ?**

ਉੱਤਰ : ਪਰੇਸ਼ਾਨ ਕਰਨ ਦੀ ਥਾਂ ਮੇਰਾ ਗਿਆਨ ਅਤੇ ਸਮਝ ਮੈਨੂੰ ਆਪਣੀ ਗੱਲ ਪ੍ਰਭਾਵਸ਼ਾਲੀ ਅਤੇ ਤਰਕਸੰਗਤ ਢੰਗ ਨਾਲ ਕਹਿਣ ਵਿਚ ਮੇਰੀ ਮਦਦ ਕਰਦੇ ਹਨ।

**ਪ੍ਰਸ਼ਨ : ਕੀ 'ਕੌਰਵ ਸਭਾ' ਨਾਵਲ ਨੂੰ 'ਤਫ਼ਤੀਸ਼' ਅਤੇ 'ਕਟਹਿਰਾ' ਦੇ ਪ੍ਰਕਾਸ਼ਨ ਤੋਂ ਮਗਰੋਂ ਅਗਲੇ ਪੜਾਅ ਦੀ ਰਚਨਾ ਕਬੂਲਿਆ ਜਾ ਸਕਦਾ ਹੈ?**

ਉੱਤਰ : ਕਿਉਂ ਨਹੀਂ? ਜਿਥੇ ਤਫ਼ਤੀਸ਼ ਅਤੇ ਕਟਹਿਰਾ ਸਾਧਣ–ਹੀਣ ਲੋਕਾਂ ਤੇ ਹੁੰਦੇ ਅਤਿਆਚਾਰਾਂ ਅਤੇ ਉਨ੍ਹਾਂ ਨੂੰ ਗ਼ੁਲਾਮੀ ਦੇ ਜੂਲੇ ਹੇਠੋਂ ਕੱਢਣ ਲਈ ਉਨ੍ਹਾਂ ਦੇ ਸਮਰਥਕਾਂ ਵੱਲੋਂ ਵਿੱਢੇ ਸੰਘਰਸ਼ਾਂ ਦੀ ਗਾਥਾ ਹੈ ਉਥੇ ਕੌਰਵ ਸਭਾ ਮਾਇਆ ਦੇ ਤਾਂਡਵ ਨਾਚ ਦੇ ਦ੍ਰਿਸ਼ ਦਾ ਚਿਤਰਣ ਹੈ।

**ਪ੍ਰਸ਼ਨ : ਤੁਹਾਡੇ ਪਾਤਰ ਅਤੇ ਘਟਨਾਵਾਂ ਅਮਾਨਵੀਕ੍ਰਿਤ ਵਰਤਾਰਿਆ ਨੂੰ ਚਿਤਰਣ ਤੋਂ ਅਗਾਂਹ ਸਰਕ ਕੇ ਇਸ ਹੱਦ ਤਕ ਸਾਡੇ ਪੂੰਜੀਵਾਦੀ ਸਭਿਆਚਾਰ ਨੂੰ ਮੂਰਤੀਮਾਨ ਕਰਦੇ ਹਨ?**

ਉੱਤਰ : ਸਮਾਜਿਕ ਰਿਸ਼ਤੇ ਤੇਜ਼ੀ ਨਾਲ ਟੁੱਟ ਰਹੇ ਹਨ। ਆਰਥਿਕ ਲੁੱਟ ਵੱਧ ਰਹੀ ਹੈ। ਰਾਜਨੀਤੀ ਗੰਦੀ ਹੁੰਦੀ ਜਾ ਰਹੀ ਹੈ। ਮਾਨਵੀ ਅਤੇ ਨੈਤਿਕ ਮੁੱਲਾਂ ਵਿਚ ਗਿਰਾਵਟ ਆ ਰਹੀ ਹੈ। ਇਸ ਸਭ ਦਾ ਕਾਰਣ ਪੂੰਜੀ ਦਾ ਪਸਾਰ ਹੈ। ਆਪਣੇ ਨਾਵਲਾਂ ਵਿਚ ਮੈਂ ਤੇਜ਼ੀ ਨਾਲ ਵਿਕਸਿਤ ਹੋ ਰਹੇ ਇਸ ਪੂੰਜੀਵਾਦੀ ਸਭਿਆਚਾਰ ਨੂੰ ਮੂਰਤੀਮਾਨ ਕਰਣ ਦਾ ਯਤਨ ਕੀਤਾ ਹੈ।

**ਪ੍ਰਸ਼ਨ : ਡਾ. ਕੇਸਰ ਸਿੰਘ ਕੇਸਰ ਨੇ ਇਸ ਨਾਵਲ ਵਿਚਲੇ ਪ੍ਰਵਚਨ ਨੂੰ 'ਪੈਸੇ ਦੀ ਸ਼ਕਤੀ ਦਾ ਪ੍ਰਵਚਨ' ਆਖਿਆ ਹੈ? ਤੁਸੀਂ ਇਸ ਮਤ ਨਾਲ ਕਿਸ ਹੱਦ ਤੱਕ ਸਹਿਮਤ ਹੋ?**

ਉੱਤਰ : ਉਨ੍ਹਾਂ ਦੇ ਇਸ ਕਥਨ ਬਾਅਦ ਮੈਂ ਸਮਝਦਾ ਹਾਂ ਕਿ ਮੈਂ ਆਪਣੇ ਉਦੇਸ਼ ਵਿਚ ਸਫ਼ਲ ਰਿਹਾ ਹਾਂ।

**ਪ੍ਰਸ਼ਨ : ਇਸ ਨਾਵਲ ਵਿਚ ਤੁਹਾਡਾ ਇੱਛਤ ਯਥਾਰਥ ਕੀ ਹੈ? ਇਹ ਇੱਛਤ ਯਥਾਰਥ ਕਿਸ ਹੱਦ ਤੱਕ ਇਸ ਨਾਵਲ ਦੇ ਚੌਖਟੇ ਵਿਚ ਢਲ ਗਿਆ ਹੈ।**

ਉੱਤਰ : ਇਸ ਨਾਵਲ ਰਾਹੀਂ ਮੈਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਦਾ ਸਮਾਂ ਕੌਰਵਾਂ ਦੇ ਵਧਣ ਫੁੱਲਣ ਦਾ ਸਮਾਂ ਹੈ। ਉਹ ਤੇਜ਼ੀ ਨਾਲ ਆਪਣੇ ਰਾਜ ਪਾਟ (ਅਧਿਕਾਰ ਖੇਤਰ) ਦਾ ਪਸਾਰ ਕਰ ਰਹੇ ਹਨ। ਹਰ ਥਾਂ ਹਨ੍ਹੇਰ-ਗਰਦੀ ਅਤੇ ਬੇਨਿਇਸਾਫ਼ੀ ਫੈਲੀ ਹੋਈ ਹੈ। ਨਾਲ ਹੀ ਮੇਰਾ ਇਹ ਸੰਦੇਸ਼ ਵੀ ਸਪੱਸ਼ਟ ਹੈ ਕਿ ਪਾਂਡਵ ਵੀ ਦੁਬਕ ਦੇ ਨਹੀਂ ਬੈਠੇ ਹੋਏ। ਉਹ ਵੀ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਹਨ। ਇਹ ਦੂਸਰੀ ਗੱਲ ਹੈ ਕਿ ਹਾਲੇ ਪਾਂਡਵਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਸੰਘਰਸ਼ ਵਾਲਾ ਰਸਤਾ ਬਹੁਤ ਲੰਬਾ ਹੈ। ਹਰੀਸ਼, ਸਾਧੂ ਸਿੰਘ ਅਤੇ ਵਿਕਟਿਮ ਵੈਲਫੇਅਰ ਸੋਸਾਇਟੀ ਦੇ ਕਾਰਕੁਨ ਮੇਰੇ ਇੱਛਤ ਯਥਾਰਥ ਨੂੰ ਪੇਸ਼ ਕਰਦੇ ਹਨ। ਮੇਰੀ ਚਾਹਤ ਨਾਵਲ ਦੇ ਚੌਖਟੇ ਵਿਚ ਪੂਰੀ ਤਰ੍ਹਾਂ ਢਲ ਚੁੱਕੀ ਹੈ।

**ਪ੍ਰਸ਼ਨ : ਇਸ ਨਾਵਲ ਦੇ ਪ੍ਰੇਰਨਾ ਸਰੋਤ ਸ਼ਖ਼ਸ ਅਤੇ ਉਸਦੀ ਸੋਚ ਦੀ ਤੁਹਾਡੇ ਨਜ਼ਰੀਏ ਨਾਲ ਸਾਂਝ ਬਾਰੇ ਕੁਝ ਆਖੋ (ਮੇਰਾ ਇਸ਼ਾਰਾ ਨਾਵਲ ਸਮਰਪਣ ਵੱਲ ਹੈ)।**

ਉੱਤਰ : ਹਰੀਸ਼ ਰਾਏ ਢਾਂਡਾ ਲੁਧਿਆਣਾ ਦਾ ਬਹੁਤ ਹੀ ਪ੍ਰਤਿਭਾਸ਼ਾਲੀ ਨੌਜਵਾਨ ਵਕੀਲ ਹੈ। ਆਪਣੀ ਟੀਮ ਸਮੇਤ ਪਿਛਲੇ ਦਸ ਸਾਲ ਤੋਂ ਉਸਨੇ ਨਿਆਂਪਾਲਿਕਾ ਵਿਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਜਹਾਦ ਛੇੜਿਆ ਹੋਇਆ ਹੈ। ਆਪਣੇ ਮਿਸ਼ਨ ਵਿਚ ਉਹ ਕਾਫ਼ੀ ਕਾਮਯਾਬ ਰਿਹਾ ਹੈ। ਉਸਦੇ ਯਤਨਾਂ ਸਦਕਾ ਦੋ ਤਿੰਨ ਜੱਜਾਂ ਨੂੰ ਨੌਕਰੀਓਂ ਹੱਥ ਧੋਣੇ ਪਏ ਹਨ। ਅਸਲ ਵਿਚ ਇਹ ਨਾਵਲ ਮੈਂ ਉਸਦੇ ਕੰਮ ਤੋਂ ਪ੍ਰਭਾਵਿਤ ਹੋ ਕੇ, ਉਸਦੇ ਕੰਮ ਨੂੰ ਮਾਨਤਾ ਦੇਣ ਅਤੇ ਉਸ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਣ ਲਈ ਹੀ ਲਿਖਿਆ ਹੈ। ਜੇ ਹਰੀਸ਼ ਰਾਏ ਢਾਂਡਾ ਨਾਲ ਮੁਲਾਕਾਤ ਨਾ ਹੁੰਦੀ ਤਾਂ ਇਹ ਨਾਵਲ ਕਦੇ ਵੀ ਨਾ ਲਿਖਿਆ ਜਾਂਦਾ। ਕਹਾਣੀ ਦੀ ਲੋੜ ਅਨੁਸਾਰ ਕੀਤੀ ਕੁਝ ਰੱਦੋ ਬਦਲ ਨੂੰ ਛੱਡ ਕੇ ਬਾਕੀ ਦਾ ਨਾਵਲ ਵਿਚਲਾ ਹਰੀਸ਼, ਹਰੀਸ਼ ਰਾਏ ਢਾਂਡਾ ਹੀ ਹੈ। ਅੱਜ ਕਲ੍ਹ ਉਹ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ (ਜੋ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਵਕੀਲਾਂ ਦੀ ਪ੍ਰਤੀਨਿਧ ਸੰਸਥਾ ਹੈ) ਦੇ ਚੇਅਰਮੈਨ ਦੇ ਮਹੱਤਵਪੂਰਨ ਅਹੁੱਦੇ ਤੇ ਬਿਰਾਜਮਾਣ ਹੈ। ਕਾਨੂੰਨ-ਮਾਹਿਰਾਂ ਨੂੰ ਉਸ ਤੋਂ ਬਹੁਤ ਆਸਾਂ ਹਨ।

**ਪ੍ਰਸ਼ਨ : ਸਮੁੱਚੇ ਭ੍ਰਿਸ਼ਟ ਪ੍ਰਬੰਧ ਵਿਚ ਕੀ 'ਵਿਕਟਮ ਵੈਲਫੇਅਰ ਸੋਸਾਇਟੀ' ਆਪਣਾ ਸਹੀ ਕਿਰਦਾਰ ਨਿਭਾਅ ਸਕਦੀ ਹੈ?**

ਉੱਤਰ : ਇਸ ਘੁੱਪ ਹਨ੍ਹੇਰੇ ਵਿਚ ਕਿਸੇ ਨੇ ਤਾਂ ਰੌਸ਼ਨੀ ਦੀ ਕਿਰਨ ਦੇਣ ਵਾਲਾ ਪਹਿਲਾ ਦੀਵਾ ਬਨਣਾ ਹੀ ਹੈ। ਫੇਰ ਜੋਤ ਤੋਂ ਜੋਤ ਆਪੇ ਬਲਣ ਲੱਗੇਗੀ।

**ਪ੍ਰਸ਼ਨ : ਤੁਸਾਂ ਪੂੰਜੀਵਾਦੀ ਨਿਜ਼ਾਮ ਅਨੁਸਾਰ ਢਲੇ ਮਨੁੱਖ ਦੇ ਧੁਰ-ਡੂੰਘ ਨੂੰ ਖੂਬ ਚਿਤਰਿਆ ਹੈ ਪਰ ਇਹ ਦੱਸੋ ਕਿ ਇਕ ਪਾਸੇ ਪ੍ਰਬੰਧ ਦਾ ਮਕੜਾ-ਜਾਲ ਹੈ ਅਤੇ ਦੂਜੇ ਪਾਸੇ ਸਾਡਾ ਸੰਘਰਸ਼ ਦਾ ਸੁਪਨਾ, ਸਥਿਤੀ ਦੇ ਪ੍ਰਤੱਖਣ ਤੋਂ ਅਗਾਂਹ ਗੱਲ ਕਦੋਂ ਸਰਕੇਗੀ? ਕੀ ਸਰਕੇਗੀ ਵੀ?**

ਉੱਤਰ : ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, ਇਹ ਸਮਾਂ ਪੂੰਜੀਵਾਦੀ ਅਤੇ ਇਸਦੇ ਮਾਰੂ ਸਿੱਟਿਆਂ ਦੇ ਵਿਸਥਾਰ ਦਾ ਹੈ। ਪਰ ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ ਹੈ। ਵਿਸ਼ਵ ਪੱਧਰ ਤੇ ਵੀ ਅਤੇ ਸਾਡੇ ਦੇਸ਼ ਵਿਚ ਵੀ ਇਸ ਵਰਤਾਰੇ ਨਾਲ ਟੱਕਰ ਲੈਣ ਵਾਲੀਆਂ ਸ਼ਕਤੀਆਂ ਗਠਤ ਹੋ ਰਹੀਆਂ

ਹਨ। ਜਲਦੀ ਹੀ ਸਮਾਂ ਬਦਲਣ ਵਾਲਾ ਹੈ।

**ਪ੍ਰਸ਼ਨ : ਇਕੋ ਥੀਮ (ਸਟੇਟ ਦੀ ਭ੍ਰਿਸ਼ਟ ਕਿਰਦਾਰ ਨੂੰ ਨਸ਼ਰ ਕਰਨਾ) ਨੂੰ ਕੇਂਦਰ ਵਿਚ ਟਿਕਾਅ ਕੇ ਫਿਰ ਤੁਸੀਂ ਦੁਹਰਾਓ ਤੋਂ ਕਿਵੇਂ ਬਚਦੇ ਹੋ?**

ਉੱਤਰ : 'ਸਟੇਟ', ਗਲਪ ਲਈ ਅਛੂਤਾ ਵਿਸ਼ਾ ਹੈ। ਜੇ ਕਿਰਸਾਨੀ, ਵਰਜਿਤ-ਰਿਸ਼ਤਿਆਂ ਅਤੇ ਮੱਧ ਵਰਗ ਉਪਰ ਹਜ਼ਾਰਾਂ ਨਾਵਲ-ਕਹਾਣੀਆਂ ਲਿਖੀਆਂ ਜਾ ਸਕਦੀਆਂ ਹਨ ਤਾਂ ਸਟੇਟ ਦੇ ਭਿੰਨ-ਭਿੰਨ ਅੰਗਾਂ ਉਪਰ ਕਿਉਂ ਨਹੀਂ? ਆਪਣੇ ਗੰਭੀਰ ਅਧਿਐਨ ਅਤੇ ਵਿਸ਼ਾਲ ਅਨੁਭਵ ਦੇ ਅਧਾਰ ਤੇ ਮੈਂ ਵੀ, ਬਿਨਾਂ ਇਕ ਸਤਰ ਦੁਹਰਾਏ, ਸਟੇਟ ਤੇ ਦਰਜਨਾਂ ਨਾਵਲ ਲਿਖ ਸਕਦਾ ਹਾਂ।

**ਪ੍ਰਸ਼ਨ : 'ਤਫ਼ਤੀਸ਼' 1990 ਵਿਚ ਛਪਿਆ ਅਤੇ 'ਕਟਹਿਰਾ' 1993 ਵਿਚ 'ਸੁਧਾਰ ਘਰ' ਹੁਣ 2006 ਵਿਚ ਛਪਿਆ ਹੈ। 13 ਸਾਲ ਦੇ ਇਸ ਵਕਫ਼ੇ ਦਾ ਕੀ ਕਾਰਨ ਹੈ?**

ਉੱਤਰ : ਇਸ ਕੇ ਕਈ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ **ਕਟਹਿਰਾ** ਨਾਵਲ ਵਿਚ ਪਾਲੇ ਅਤੇ ਮੀਤੇ ਨੂੰ ਮੌਤ (ਜਦੋਂ ਇਸ ਨਾਵਲ ਨੂੰ ਸੁਧਾਰ ਘਰ ਦੀ ਪਹਿਲੀ ਲੜੀ ਦੇ ਤੌਰ 'ਤੇ ਪੜ੍ਹਿਆ ਜਾਣਾ ਹੈ ਤਾਂ ਉਮਰ ਕੈਦ) ਦੀ ਸਜ਼ਾ ਹੁੰਦੀ ਹੈ। ਉਮਰ ਕੈਦ ਵਾਲੇ ਕੈਦੀ ਨੂੰ ਘੱਟੋ ਘੱਟ ਦਸ ਸਾਲ ਜੇਲ੍ਹ ਵਿਚ ਰਹਿਣਾ ਪੈਂਦਾ ਹੈ। ਇਹ ਨਾਵਲ ਲੜੀ ਸਮੇਂ ਦੇ ਨਾਲ-ਨਾਲ ਚੱਲਦੀ ਹੈ। ਸਾਲ 1993 ਵਿਚ ਹੋਈ ਸਜ਼ਾ ਨੇ 2003 ਵਿਚ ਮੁੱਕਣਾ ਸੀ। ਇਨ੍ਹਾਂ ਦਸ ਸਾਲਾਂ ਵਿਚ ਪੰਜਾਬ ਦੇ ਹਾਲਾਤ ਨੇ ਕੀ ਕਰਵੱਟ ਲੈਣੀ ਸੀ ਇਸ ਬਾਰੇ ਕਲਪਨਾ ਕਰਨੀ ਅਸੰਭਵ ਸੀ। ਇਸ ਲਈ ਘੱਟੋ ਘੱਟ ਦਸ ਸਾਲ ਬੀਤ ਜਾਣ ਦਾ ਇੰਤਜ਼ਾਰ ਕਰਨਾ ਜ਼ਰੂਰੀ ਸੀ।

ਦੂਸਰਾ ਕਾਰਣ ਇਹ ਸੀ ਕਿ ਦੁਨੀਆਂ ਦੀ ਲਗਪਗ ਹਰ ਭਾਸ਼ਾ ਵਿਚ ਜੇਲ੍ਹ ਜੀਵਨ ਬਾਰੇ ਪਹਿਲਾਂ ਹੀ ਬਹੁਤ ਸਾਰਾ ਸਾਹਿਤ ਰਚਿਆ ਜਾ ਚੁੱਕਾ ਹੈ। ਮੈਂ ਨਵਾਂ ਕੀ ਲਿਖਾਂਗਾ? ਇਹ ਸੋਚ ਕੇ ਰਾਵਣ ਵਾਂਗ ਸਵੰਬਰ ਵਿਚ ਜਾਣ ਤੋਂ ਡਰ ਲੱਗਦਾ ਰਹਿੰਦਾ ਸੀ। ਨਾ ਜੇਲ੍ਹ ਅੰਦਰਲੇ ਜੀਵਨ ਦਾ ਤਜਰਬਾ ਸੀ, ਨਾ ਅੰਦਰ ਵਰਤੀ ਜਾਂਦੀ ਵਿਸ਼ੇਸ਼ ਸ਼ਬਦਾਵਲੀ ਦਾ। ਅਨੁਭਵ ਦੀ ਕਮੀ ਕਾਰਣ ਤੀਸਰੀ ਕੜੀ ਉਤੇ ਆ ਕੇ ਕਲਮ ਅਟਕ ਜਾਂਦੀ ਸੀ। ਕੌਰਵ ਸਭਾ ਦੀ ਸਫਲਤਾ ਤੋਂ ਬਾਅਦ ਕੁਝ ਸੁਹਿਰਦ ਦੋਸਤ-ਮਿੱਤਰ (ਜਿਨ੍ਹਾਂ ਵਿਚੋਂ ਤੁਸੀਂ ਅਤੇ ਡਾ. ਕੇਸਰ ਸਿੰਘ ਕੇਸਰ ਵਿਸ਼ੇਸ਼ ਜ਼ਿਕਰਯੋਗ ਹਨ ਪ੍ਰੇਰਨ ਲੱਗੇ ਕਿ ਅਧੂਰੀ ਪਈ ਲੜੀ ਮੁਕੰਮਲ ਕਰੋ।

ਤੁਹਾਨੂੰ ਯਾਦ ਹੋਵੇਗਾ ਕਿ 25 ਜਨਵਰੀ 2006 ਨੂੰ ਸ੍ਰੀ ਵਰਿੰਦਰ ਵਾਲੀਆ ਸੀਨੀਅਰ ਪੱਤਰਕਾਰ ਨਾਲ ਤੁਹਾਡੇ ਘਰ ਮੁਲਾਕਾਤ ਹੋਈ ਸੀ। ਗੱਲਾਂ ਗੱਲਾਂ ਵਿਚ ਉਨ੍ਹਾਂ ਮੈਥੋਂ ਅਗਲੀ ਯੋਜਨਾ ਬਾਰੇ ਪੁੱਛਿਆ। ਮੈਂ ਸੁਧਾਰ ਘਰ ਦਾ ਜ਼ਿਕਰ ਕੀਤਾ। ਅਗਲੇ ਦਿਨ ਉਨ੍ਹਾਂ ਨੇ ਉਸ ਗੱਲਬਾਤ ਦੇ ਕੁਝ ਅੰਸ਼ ਅੰਗਰੇਜ਼ੀ ਟ੍ਰਿਬਿਊਨ ਵਿਚ ਛਾਪ ਦਿੱਤੇ। ਇੰਟਰਵਿਊ ਛਪਦੇ ਹੀ ਧੜਾ-ਧੜ ਫੋਨ ਆਉਣ ਲੱਗੇ। ਕੋਈ ਪੁੱਛਦਾ ਇਹ ਨਾਵਲ ਕਦੋਂ ਛਪੇਗਾ? ਕੋਈ ਪੁਛਦਾ ਇਹ ਨਾਵਲ ਕਿੱਥੋਂ ਮਿਲੇਗਾ? ਮੈਨੂੰ ਆਪਣੇ ਅੰਦਰ ਛੁਪੀ ਅਦੁੱਤੀ ਸ਼ਕਤੀ ਦਾ ਅਹਿਸਾਸ ਹੋਇਆ। ਝੱਟ ਮੈਂ ਹਨੂਮਾਨ ਵਾਂਗ ਛਾਲ ਮਾਰ ਕੇ ਸਮੁੰਦਰ ਟੱਪਣ ਦਾ ਮਨ ਬਣਾ ਲਿਆ।

**ਪ੍ਰਸ਼ਨ: ਅਨੁਭਵ ਦੀਆਂ ਇਨ੍ਹਾਂ ਘਾਟਾਂ ਨੂੰ ਕਿਵੇਂ ਪੂਰਾ ਕੀਤਾ?**

ਉੱਤਰ : ਮੇਰੀ ਇਸ ਸਮੱਸਿਆ ਨੂੰ ਸੁਲਝਾਇਆ ਮੇਰੇ ਗਿਰਾਈਂ ਮਿੱਤਰ ਜਗਦੀਸ਼ ਕੁਮਾਰ ਮਿੱਤਲ, ਆਈ.ਪੀ.ਐਸ. ਨੇ ਉਨ੍ਹਾਂ ਨੇ ਮੈਨੂੰ ਕਈ ਜੇਲ੍ਹਾਂ ਦਾ ਦੌਰਾ ਕਰਵਾਇਆ, ਜੇਲ੍ਹ ਬਣਤਰ ਅਤੇ ਜੇਲ੍ਹ

ਜੀਵਨ ਤੋਂ ਵਾਕਿਫ਼ ਕਰਵਾਇਆ। ਇਕ ਹੋਰ ਮਿੱਤਰ ਮਾਸਟਰ ਝੱਜ ਦਸ ਸਾਲ ਜੇਲ੍ਹ ਜੀਵਨ ਦੀ ਕਠੋਰਤਾ ਹੱਡਾਂ 'ਤੇ ਹੰਢਾ ਚੁੱਕੇ ਹਨ। ਲੰਮੀਆਂ ਮੁਲਾਕਾਤਾਂ ਕਰ-ਕਰ ਉਨ੍ਹਾਂ ਨੇ ਮੇਰੀ ਵਾਕਫ਼ੀਅਤ ਦੇ ਖੱਪਿਆਂ ਨੂੰ ਪੂਰਿਆ। ਕਈ ਪੇਸ਼ੀ ਭੁਗਤਨ ਆਉਂਦੇ ਕੈਦੀਆਂ ਨੂੰ ਮੈਂ ਆਪਣੇ ਦਫ਼ਤਰ ਬੁਲਾ ਕੇ ਕੋਲ ਬਿਠਾਇਆ ਅਤੇ ਉਨ੍ਹਾਂ ਕੋਲੋ ਮਹੱਤਵਪੂਰਨ ਜਾਣਕਾਰੀ ਹਾਸਲ ਕੀਤੀ।

**ਪ੍ਰਸ਼ਨ: ਜੇਲ੍ਹ ਜੀਵਨ ਬਾਰੇ ਲਿਖੇ ਹੋਰ ਸਾਹਿਤ ਨਾਲੋਂ ਵੱਖਰਾ ਲਿਖਣ ਦੀ ਯੋਜਨਾ ਕਿਸ ਤਰ੍ਹਾਂ ਬਣੀ? ਨਾਲੇ ਇਸ ਨਾਵਲ ਦੀ ਰਚਨਾ ਪ੍ਰਕ੍ਰਿਆ ਬਾਰੇ ਵੀ ਕੁਝ ਦੱਸੋ?**

ਉੱਤਰ : ਇੱਕ ਸਰਕਾਰੀ ਵਕੀਲ ਹੋਣ ਦੇ ਨਾਤੇ ਮੇਰਾ ਜ਼ਿਆਦਾ ਵਾਹ ਪੀੜਤ ਧਿਰ ਨਾਲ ਪੈਂਦਾ ਹੈ। ਜੇਲ੍ਹ ਵਿਚ ਕੈਦੀਆਂ ਨੂੰ ਛੁੱਟੀਆਂ, ਸਿਹਤ, ਕਿੱਤਾ ਅਤੇ ਕਾਨੂੰਨੀ ਸਹਾਇਤਾ ਆਦਿ ਸਹੂਲਤਾਂ ਮਿਲਦੀਆਂ ਰਹਿੰਦੀਆਂ ਹਨ। ਪੀੜਤ ਧਿਰ ਨੂੰ ਇਨ੍ਹਾਂ ਸਹੂਲਤਾਂ 'ਤੇ ਇਤਰਾਜ਼ ਹੁੰਦਾ ਹੈ। ਮੈਨੂੰ ਵੀ ਇਹੋ ਲੱਗਦਾ ਰਹਿੰਦਾ ਸੀ ਕਿ ਕੈਦੀਆਂ ਨੂੰ ਲੋੜ ਨਾਲੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਅਤੇ ਇਸ ਕਾਰਨ ਪੀੜਤ ਧਿਰ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ। ਮੇਰਾ ਵਿਚਾਰ ਸੀ ਕਿ ਕੈਦੀਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਮੇਰੇ ਦਿਮਾਗ਼ ਵਿਚ ਨਾਵਲ ਦੀ ਜੋ ਰੂਪ-ਰੇਖਾ ਪਹਿਲਾਂ ਬਣੀ ਸੀ ਉਹ ਕੈਦੀਆਂ ਨੂੰ ਮਿਲਦੀਆਂ ਸਹੂਲਤਾਂ ਉਤੇ ਕਟਾਖਸ਼ ਕਰਨ ਦੀ ਸੀ। ਜੇਲ੍ਹ ਜੀਵਨ ਬਾਰੇ ਅਧਿਐਨ ਕਰਦੇ-ਕਰਦੇ ਮੇਰੇ ਹੱਥ ਸੁਪਰੀਮ ਕੋਰਟ ਦੇ ਦੋ ਮਹੱਤਵਪੂਰਨ ਫ਼ੈਸਲੇ ਲੱਗ ਗਏ। ਇਨ੍ਹਾਂ ਫੈਸਲਿਆਂ ਦੇ ਨਾਂ ਹਨ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸ਼ਨ'। ਪਹਿਲਾ ਫ਼ੈਸਾਲਾ *1978* ਵਿਚ ਹੋਇਆ ਸੀ ਅਤੇ ਦੂਸਰਾ *1980* ਵਿਚ। ਸੁਪਰੀਮ ਕੋਰਟ ਦੇ ਇਕ ਜੱਜ ਜਸਟਿਸ ਕ੍ਰਿਸ਼ਨਾ ਆਈਅਰ ਆਪਣੇ ਕ੍ਰਾਂਤੀਕਾਰੀ ਫ਼ੈਸਲਿਆਂ ਲਈ ਪ੍ਰਸਿੱਧ ਹਨ। ਇਹ ਫ਼ੈਸਲੇ ਵੀ ਉਨ੍ਹਾਂ ਦੀ ਕਲਮ ਦੁਆਰਾ ਹੀ ਲਿਖੇ ਗਏ ਹਨ। ਕੈਦੀਆਂ ਦੇ ਨਰਕ ਵਰਗੇ ਜੀਵਨ ਸੰਬੰਧੀ ਲਿਖੇ ਇਹ ਤਰਕਸੰਗਤ ਫ਼ੈਸਲੇ ਪੜ੍ਹ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ ਅਤੇ ਮੇਰੇ ਵਿਚਾਰਾਂ ਨੇ ਪੂਰੀ ਤਰ੍ਹਾਂ ਪਲਟਾ ਖਾਧਾ। ਮੈਨੂੰ ਗਿਆਨ ਹੋਇਆ ਕਿ ਮਿਲ ਰਹੀਆਂ ਸਹੂਲਤਾਂ ਦਾ ਆਨੰਦ ਕੁਝ ਕੁ ਸਾਧਨ-ਸੰਪੰਨ ਲੋਕ ਹੀ ਮਾਣ ਰਹੇ ਹਨ। ਬਾਕੀ ਕੈਦੀ ਤਾਂ ਗੰਦਗੀ ਦੇ ਕੀੜਿਆਂ ਵਾਂਗ ਰਹਿ ਰਹੇ ਹਨ। ਪਹਿਲੀ ਯੋਜਨਾ ਨੂੰ ਤਰਕ ਕਰਕੇ ਮੈਂ ਨਵੀਂ ਯੋਜਨਾ ਉਲੀਕੀ। ਨਵੀਂ ਰੂਪ-ਰੇਖਾ ਵਿਚ ਸਾਧਨਹੀਣ ਕੈਦੀਆਂ ਦੇ ਦੁਖਾਂ ਦਰਦਾਂ ਦੀ ਪੇਸ਼ਕਾਰੀ ਭਾਰੂ ਹੋਈ। ਨਵੇਂ ਤੱਥ ਇਕੱਠੇ ਕੀਤੇ। ਕਹਾਣੀ ਅਤੇ ਪਾਤਰਾਂ ਵਿਚ ਪਰਿਵਰਤਨ ਕੀਤਾ। ਇੰਜ ਹੱਥਲੇ ਨਾਵਲ ਦਾ ਬਿਰਤਾਂਤ ਹੋਂਦ ਵਿਚ ਆਇਆ। ਇੰਜ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਨੇ ਮੇਰਾ ਸਭ ਕੁਝ ਬਦਲ ਦਿੱਤਾ।

ਮਨੋਵਿਗਿਆਨ ਇਹ ਮੰਨ ਕੇ ਚਲਦਾ ਹੈ ਕਿ ਵਿਅਕਤੀ ਵਿਸ਼ੇਸ਼ ਪ੍ਰਸਥਿਤੀਆਂ ਦੇ ਦਬਾਅ ਹੇਠ ਆ ਕੇ ਜੁਰਮ ਕਰਦਾ ਹੈ। ਪ੍ਰਸਥਿਤੀਆਂ ਮਾਨਸਿਕ, ਸਮਾਜਿਕ ਜਾਂ ਆਰਥਿਕ ਕੋਈ ਵੀ ਹੋ ਸਕਦੀਆਂ ਹਨ। ਜੇਲ੍ਹ ਨਿਯਮ ਮੰਗ ਕਰਦੇ ਹਨ ਕਿ ਕੈਦੀ ਨੂੰ ਇਕ ਰੋਗੀ ਦੇ ਤੌਰ 'ਤੇ ਲਿਆ ਜਾਵੇ, ਉਸ ਦੀਆਂ ਸਮੱਸਿਆਵਾਂ ਨੂੰ ਸਮਝਿਆ ਜਾਵੇ ਅਤੇ ਫਿਰ ਉਨ੍ਹਾਂ ਦਾ ਹੱਲ ਕੀਤਾ ਜਾਵੇ। ਜੇਲ੍ਹ ਵਿਚ ਕੈਦੀ ਨੂੰ ਸੁਧਰਨ ਦੇ ਮੌਕੇ ਦਿੱਤੇ ਜਾਣ ਅਤੇ ਉਸਨੂੰ ਇਕ ਚੰਗਾ ਸ਼ਹਿਰੀ ਬਣਾ ਕੇ ਬਾਹਰ ਭੇਜਿਆ ਜਾਵੇ। ਇਹ ਤਾਂ ਸੰਭਵ ਹੋ ਸਕਦਾ ਹੈ ਜੇ ਜੇਲ੍ਹ ਅਧਿਕਾਰੀ ਅਤੇ ਕਰਮਚਾਰੀ ਮਨੋ-ਵਿਗਿਆਨ, ਸਿਹਤ ਵਿਗਿਆਨ ਅਤੇ ਤਨਾਅ ਵਿਗਿਆਨ ਤੋਂ ਵਾਕਿਫ ਹੋਣ, ਆਪਣੇ ਕਿੱਤੇ ਦੀਆਂ ਬਰੀਕੀਆਂ ਤੋਂ ਜਾਣੂ ਹੋਣ ਅਤੇ ਚੰਗਾ ਵੇਤਨ ਪਾਉਂਦੇ ਹੋਣ। ਪਰ ਮੇਰੇ ਅਨੁਭਵ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਵਾਪਰ

ਇਸ ਦੇ ਉਲਟ ਰਿਹਾ ਹੈ । ਸੁਨੀਲ ਬੱਤਰਾ ਵਾਲੇ ਕੇਸ ਵਿਚ ਸੁਪਰੀਮ ਕੋਰਟ ਨੇ ਦਿੱਲੀ ਪ੍ਰਸ਼ਾਸ਼ਨ ਨੂੰ ਆਪਣਾ ਪੱਖ ਪੇਸ਼ ਕਰਨ ਅਤੇ ਜੇਲ੍ਹ ਸੁਧਾਰਾਂ ਵਿਚ ਉਨ੍ਹਾਂ ਨੂੰ ਪੇਸ਼ ਆਉਂਦੀਆਂ ਔਕੜਾਂ ਦੱਸਣ ਲਈ ਆਖਿਆ ਸੀ । ਦਿੱਲੀ ਪ੍ਰਸ਼ਾਸ਼ਨ ਨੇ ਖੁਲ੍ਹ ਕੇ ਆਪਣੇ ਦੁੱਖ ਰੋਏ ਸਨ । ਬਜਟ, ਸਿੱਖਿਆ, ਉਚਿਤ ਵੇਤਨ ਦੀ ਘਾਟ ਦੇ ਨਾਲ–ਨਾਲ ਉਨ੍ਹਾਂ ਨੇ ਕਰਮਚਾਰੀਆਂ ਦੀ ਘਾਟ ਅਤੇ ਬੈਰਕਾਂ ਦੀ ਘਾਟ ਆਦਿ ਦਾ ਜ਼ਿਕਰ ਕੀਤਾ ਸੀ । ਆਪਣੇ ਅਹੁਦੇ ਕਾਰਨ ਮੈਨੂੰ ਜੇਲ੍ਹ ਅਧਿਕਾਰੀਆਂ ਨਾਲ ਮਿਲ ਬੈਠਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਸਮਝਣ ਦਾ ਮੌਕਾ ਮਿਲਦਾ ਰਹਿੰਦਾ ਹੈ । ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਮੁੜ ਜੇਲ੍ਹ ਅਧਿਕਾਰੀ ਨਾਲ ਮੁਲਾਕਾਤਾਂ ਕੀਤੀਆਂ ਅਤੇ ਸਿੱਟਾ ਕੱਢਿਆ ਕਿ ਕੰਮ ਦੀ ਬਹੁਤਾਤ, ਵੇਤਨ ਅਤੇ ਉਚਿਤ ਸਿਖਲਾਈ ਦੀ ਘਾਟ ਕਾਰਨ ਜੇਲ੍ਹ ਅਧਿਕਾਰੀ ਖ਼ੁਦ ਮਾਨਸਿਕ ਤਨਾਅ ਵਿਚ ਰਹਿੰਦੇ ਹਨ । ਉਨ੍ਹਾਂ ਨੂੰ ਆਪਣੀ ਪੱਗ ਅਤੇ ਕੁਰਸੀ ਬਚਾਉਣ ਦਾ ਫ਼ਿਕਰ ਲੱਗਾ ਰਹਿੰਦਾ ਹੈ । ਅਜਿਹੇ ਹਾਲਾਤ ਵਿਚ ਕੋਈ ਕਰਮਚਾਰੀ ਕੈਦੀਆਂ ਦੀਆਂ ਸਮੱਸਿਆਵਾਂ ਕਿਸ ਤਰ੍ਹਾਂ ਸੁਲਝਾ ਸਕਦਾ ਹੈ? ਮੈਨੂੰ ਜੇਲ੍ਹ ਜੀਵਨ ਬਾਰੇ ਨਵਾਂ ਲਿਖਣ ਦਾ ਮਸਾਲਾ ਮਿਲ ਗਿਆ । ਮੈਂ ਜੇਲ੍ਹ ਪ੍ਰਸ਼ਾਸ਼ਨ ਨਾਲ ਜੁੜੇ ਵਿਅਕਤੀਆਂ ਦੀਆਂ ਸਮੱਸਿਆਵਾਂ ਨੂੰ ਵੀ ਨਾਵਲ ਵਿਚ ਸ਼ਿੱਦਤ ਨਾਲ ਪੇਸ਼ ਕਰਨ ਦਾ ਮਨ ਬਣਾ ਲਿਆ । ਮੇਰੇ ਅਧਿਐਨ ਦਾ ਇਹ ਸਿੱਟਾ ਨਿਕਲਿਆ ਕਿ ਕੈਦੀਆਂ ਉਪਰ ਹੁੰਦੇ ਅਤਿਆਚਾਰਾਂ ਲਈ ਵਿਅਕਤੀ ਦੀ ਥਾਂ ਸਟੇਟ ਜ਼ਿੰਮੇਵਾਰ ਹੈ । ਇਸ ਕੁਸ਼ਾਸ਼ਨ ਦਾ ਜ਼ਿੰਮੇਵਾਰ ਸਮੁੱਚਾ ਰਾਜਨੀਤਕ ਢਾਂਚਾ ਹੈ । ਸੁਧਾਰ ਘਰ ਤੋਂ ਪਹਿਲਾਂ ਲਿਖਿਆ ਗਿਆ ਸਾਹਿਤ ਮੈਨੂੰ ਇਕ ਪਾਸੜ ਲੱਗਾ । ਉਹ ਕੇਵਲ ਕੈਦੀਆਂ ਦੇ ਨਜ਼ਰੀਏ ਤੋਂ ਲਿਖਿਆ ਗਿਆ ਸੀ । ਉਸ ਵਿਚ ਜੇਲ੍ਹ ਕਰਮਚਾਰੀਆਂ ਨੂੰ ਜ਼ਾਲਮ ਦਿਖਾਇਆ ਗਿਆ ਸੀ । ਮੈਂ ਸਟੇਟ ਵੱਲ ਉਂਗਲ ਉਠਾਈ ਹੈ ।

ਇਸ ਤਰ੍ਹਾਂ ਮੈਂ ਕੈਦੀਆਂ ਦੇ ਨਾਲ–ਨਾਲ ਜੇਲ੍ਹ ਕਰਮਚਾਰੀਆਂ ਦੀਆਂ ਸਮੱਸਿਆਵਾਂ ਪੇਸ਼ ਕਰਕੇ ਨਵੀਨਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ । ਨਾਲ ਹੀ ਸਮੱਸਿਆ ਦੀ ਅਸਲ ਜੜ੍ਹ (ਸਟੇਟ) ਵੱਲ ਇਸ਼ਾਰਾ ਵੀ ਕੀਤਾ ਹੈ ।

**ਪ੍ਰਸ਼ਨ : 'ਸੁਧਾਰ ਘਰ' ਨਾਵਲ ਵਿਚ ਸੈਂਕੜੇ ਕੈਦੀਆਂ ਦੇ ਪਿਛੋਕੜਾਂ ਦਾ ਜ਼ਿਕਰ ਹੈ, ਨਾਲੇ ਇਕ ਕੈਦੀ ਦਾ ਪਿਛੋਕੜ ਦੂਜੇ ਨਾਲੋਂ ਵੱਖ ਹੈ, ਇਹ ਵਖਰੇਵਾਂ ਪੇਸ਼ ਕਰਨ ਲਈ ਕਿੰਨੀ ਕੁ ਖੋਜ ਅਤੇ ਅਧਿਐਨ ਕਰਨਾ ਪਿਆ ।**

ਉੱਤਰ : ਲੰਮੀਆਂ ਸਜ਼ਾਵਾਂ ਆਮ ਤੌਰ ਤੇ ਤਿੰਨ ਚਾਰ ਕਿਸਮ ਦੇ ਮੁਜਰਿਮਾਂ ਨੂੰ ਦਿੱਤੀਆਂ ਜਾਂਦੀਆਂ ਹਨ । ਜਿਵੇਂ ਕਿ ਕਾਤਲ, ਬਲਾਤਕਾਰੀ ਜਾਂ ਸਮੱਗਲਰ । ਜਦੋਂ ਨਾਵਲ ਲਈ ਪਾਤਰਾਂ ਦੀ ਚੋਣ ਕਰਨ ਲੱਗਾ ਤਾਂ ਲੱਗਾ ਕਿ ਪਤਾਰ ਕਾਤਲਾਂ ਜਾਂ ਬਲਾਤਕਾਰੀਆਂ ਵਿਚੋਂ ਹੀ ਚੁਣਨੇ ਪੈਣੇ ਹਨ । ਇੰਜ ਬਿਰਤਾਂਤ ਜਾਂ ਦੋ–ਤਿੰਨ ਪਾਤਰਾਂ ਬਾਰੇ ਉਸਰਨਾ ਪੈਣਾ ਸੀ ਜਾਂ ਦੁਹਰਾਓ ਦਾ ਸ਼ਿਕਾਰ ਹੋਣਾ ਪੈਣਾ ਸੀ । ਨਾਵਲ ਨੂੰ ਅਰਥ–ਭਰਪੂਰ ਬਣਾਉਣ ਲਈ ਮੈਂ ਜੁਰਮ ਵਿਗਿਆਨ ਦਾ ਮੁੜ ਅਧਿਐਨ ਕੀਤਾ ਅਤੇ ਸਿੱਟਾ ਕੱਢਿਆ ਕਿ ਹਰ ਜੁਰਮ ਪਿੱਛੇ ਕਾਰਨ ਵੱਖਰਾ ਹੁੰਦਾ ਹੈ । ਓਪਰੀ ਨਜ਼ਰੇ ਭਾਵੇਂ ਕਾਰਨ ਇਹੋ ਜਿਹੇ ਲੱਗਦੇ ਹਨ । ਮੈਂ ਅਧਿਐਨ ਕਰਕੇ ਜੁਰਮਾਂ ਪਿਛਲੇ ਵੱਖ–ਵੱਖ ਕਾਰਨ ਲੱਭੇ ਅਤੇ ਉਨ੍ਹਾਂ ਦੁਆਲੇ ਕਹਾਣੀ ਦਾ 'ਤਾਣਾ–ਬਾਣਾ' ਬੁਣਿਆ । ਮੁਜਰਿਮਾਂ ਦੇ ਜਮਾਤੀ ਕਿਰਦਾਰਾਂ ਦਾ ਅਧਿਐਨ ਕੀਤਾ । ਉਨ੍ਹਾਂ ਦੇ ਵੱਖ–ਵੱਖ ਵਰਗ ਬਣਾਏ । ਇਕ ਵਰਗ ਦੇ ਲੋਕਾਂ ਨੂੰ ਇਕ ਬੈਰਕ ਵਿਚ ਬੰਦ

ਕਰਕੇ ਉਨ੍ਹਾਂ ਦੇ ਜਮਾਤੀ ਪਿਛੋਕੜ, ਮੁਜਰਿਮ ਬਣਨ ਦੇ ਕਾਰਨ ਅਤੇ ਕਿਰਦਾਰ ਪੇਸ਼ ਕੀਤੇ। ਜਿਵੇਂ ਕਿ ਬਾਦਸ਼ਾਹ ਦੀ ਬੈਰਕ ਵਿਚ 'ਮੰਗਤੇ', ਪੰਛੀਆਂ ਦੀ ਬੈਰਕ ਵਿਚ ਲੁੰਪਨ, ਕੋਠੀ ਵਿਚ ਸਿਆਸੀ ਅਤੇ ਅਫ਼ਸਰਸ਼ਾਹ ਅਤੇ ਸਿੰਘਾਂ ਦੀ ਬੈਰਕ ਵਿਚ ਅੱਤਵਾਦੀ ਕੈਦੀ ਪੇਸ਼ ਕੀਤੇ। ਮੈਂ ਆਪਣੇ ਉਦੇਸ਼ ਵਿਚ ਸਫਲ ਹੋਇਆ ਹਾਂ ਜਾਂ ਨਹੀਂ, ਇਸ ਦਾ ਨਿਰਣਾ ਪਾਠਕਾਂ ਨੇ ਕਰਨਾ ਹੈ।

**ਪ੍ਰਸ਼ਨ : ਜਦੋਂ ਨਾਵਲ ਲਿਖ ਰਹੇ ਹੁੰਦੇ ਹੋ ਕੀ ਉਸ ਸਮੇਂ ਅਵਸਥਾ ਸਧਾਰਣ ਨਾਲੋਂ ਕੁਝ ਵੱਖਰੀ ਹੁੰਦੀ ਹੈ?**

ਉੱਤਰ : ਦੁਨੀਆਂ ਵਿਚ ਸਭ ਤੋਂ ਵੱਧ ਉੱਤਮ ਸਾਹਿਤ ਭਾਰਤ ਵਿਚ ਰਚਿਆ ਗਿਆ ਹੈ। ਭਾਰਤੀ ਪਰੰਪਰਾ ਅਨੁਸਾਰ ਸਾਹਿਤ ਧੁਰ ਦੀ ਬਾਣੀ ਹੁੰਦੀ ਹੈ, ਮਨੁੱਖ ਕੇਵਲ ਇਕ ਮਾਧਿਅਮ ਬਣ ਕੇ ਇਸ ਨੂੰ ਰਚਦਾ ਹੈ। ਉਂਜ ਇਹ ਗੱਲ ਗ਼ੈਰ-ਵਿਗਿਆਨਕ ਅਤੇ ਓਪਰੀ ਜਿਹੀ ਲੱਗਦੀ ਹੈ। ਮੈਨੂੰ ਇਹ ਕਥਨ ਵਿਗਿਆਨਕ ਨਜ਼ਰ ਆਉਂਦਾ ਹੈ। ਕੋਈ ਰਚਨਾ ਉਸ ਸਮੇਂ ਹੀ ਪ੍ਰਮਾਣਿਕ ਬਣਦੀ ਹੈ ਜਦੋਂ ਉਸਦਾ ਰਚਨਹਾਰਾ ਆਪਣੀ ਕਹਾਣੀ ਦੇ ਸੰਸਾਰ ਦਾ ਇਕ ਪਾਤਰ ਬਣ ਕੇ ਉਸ ਵਿਚ ਰਚ-ਮਿਚ ਜਾਵੇ। ਇਸ ਅਵਸਥਾ ਤੱਕ ਪਹੁੰਚਣ ਲਈ ਸਮਾਧੀ ਲਾਉਣ ਵਾਲਿਆਂ ਵਾਂਗ ਕਰੜੀ ਸਾਧਨਾ ਕਰਨੀ ਪੈਂਦੀ ਹੈ। ਆਪਣੇ ਰਚਨਾ ਸੰਸਾਰ ਵਿਚ ਪ੍ਰਵੇਸ਼ ਕਰਨ ਲਈ ਮੈਨੂੰ ਕਈ ਕਈ ਹਫ਼ਤੇ ਇੰਤਜ਼ਾਰ ਕਰਨਾ ਪੈਂਦਾ ਹੈ। ਪਹਿਲੀ ਵਾਰ ਜਦੋਂ ਕਲਮ ਲੈ ਕੇ ਬੈਠੀਦਾ ਹੈ ਤਾਂ ਦੋ ਚਾਰ ਸਤਰਾਂ ਤੋਂ ਵੱਧ ਨਹੀਂ ਲਿਖ ਹੁੰਦਾ। ਲੜੀ ਨਾਲ ਲੜੀ ਨਹੀਂ ਜੁੜਦੀ। ਕਈ-ਕਈ ਘੰਟੇ ਮਗਜ਼ ਖਪਾਈ ਕਰਕੇ ਖਾਲੀ ਹੱਥ ਉਠ ਖੜੋਈਦਾ ਹੈ। ਪਹਿਲਾਂ ਮਨ ਉਚਾਟ ਹੋ ਜਾਂਦਾ ਸੀ। ਕਈ ਵਾਰ ਰਚਨਾ ਅਧੂਰੀ ਛੱਡ ਦੇਈਦੀ ਸੀ। ਹੁਣ ਅਨੁਭਵ ਹੋ ਚੁੱਕਾ ਹੈ। ਪਤਾ ਹੈ ਕਿ ਧਿਆਨ ਨੇ ਹੌਲੀ ਹੌਲੀ ਕੇਂਦਰਿਤ ਹੋਣਾ ਹੈ। ਸਿਰੜ ਨਾਲ ਹਰ ਰੋਜ਼ ਕਲਮ ਲੈ ਕੇ ਮੇਜ਼ ਤੇ ਬੈਠ ਜਾਈਦਾ ਹੈ। ਹੌਲੀ-ਹੌਲੀ ਘਟਨਾਵਾਂ ਜ਼ਿਹਨ ਵਿਚ ਸੁਰਜੀਤ ਹੋਣ ਲੱਗਦੀਆਂ ਹਨ। ਪਾਤਰਾਂ ਨਾਲ ਸਾਂਝ ਪੈਣ ਲੱਗਦੀ ਹੈ। ਬਾਹਰਲੀ ਦੁਨੀਆਂ ਨਾਲੋਂ ਸੰਪਰਕ ਟੁੱਟਣ ਅਤੇ ਅੰਦਰਲੀ ਨਾਲ ਜੁੜਨ ਲੱਗਦਾ ਹੈ। ਇਕ ਅਵਸਥਾ ਅਜਿਹੀ ਆ ਜਾਂਦੀ ਹੈ ਜਦੋਂ ਕਾਰ ਦੇ ਗੇਅਰ ਬਦਲਣ ਵਾਂਗ ਬਾਹਰਲੀ ਜ਼ਿੰਦਗੀ ਆਪਣੇ ਆਪ ਜੀਵੀ ਜਾ ਰਹੀ ਹੁੰਦੀ ਹੈ। ਇਕ ਨਸ਼ਈ ਵਿਅਕਤੀ ਵਾਂਗ ਘਰ ਵੀ ਪੁੱਜ ਜਾਈਦਾ ਹੈ ਅਤੇ ਪਤਾ ਵੀ ਨਹੀਂ ਲੱਗਦਾ ਕਦੋਂ ਬੱਸ ਚੜ੍ਹੇ ਕਦੋਂ ਰਿਕਸ਼ਾ ਫੜਿਆ ਅਤੇ ਕਦੋਂ ਪੈਦਲ ਚੱਲੇ। ਅਜਿਹੀ ਅਵਸਥਾ ਆਉਣ ਤੋਂ ਬਾਅਦ ਹੀ ਤੱਥਾਂ ਅਤੇ ਵਿਚਾਰਾਂ ਦੀਆਂ ਲੜੀਆਂ ਫੁਆਰੇ ਵਾਂਗ ਫੁੱਟਦੀਆਂ ਹਨ। ਫਿਰ ਕਈ ਗੱਲਾਂ ਅਜਿਹੀਆਂ ਲਿਖ ਹੋ ਜਾਂਦੀਆਂ ਹਨ ਜਿਨ੍ਹਾਂ ਬਾਰੇ ਨਾ ਪਹਿਲਾਂ ਕਦੇ ਪੜ੍ਹਿਆ ਹੁੰਦਾ ਹੈ ਨਾ ਜਾਣਿਆ ਹੁੰਦਾ ਹੈ। ਇਹੋ ਜਿਹਾ ਪੜ੍ਹਕੇ ਹੀ ਰਚਨਾਕਾਰ ਨੂੰ ਲੱਗਦਾ ਹੈ ਜਿਵੇਂ ਕਿਸੇ ਸਰਬ-ਗਿਆਤਾ ਨੇ ਉਸ ਤੋਂ ਰਚਨਾ ਕਰਵਾਈ ਹੈ। ਉਦੋਂ ਵਿਅਕਤੀ ਸਿਰਜਕ ਬਣ ਚੁੱਕਾ ਹੁੰਦਾ ਹੈ ਅਤੇ ਕੁਦਰਤੀ ਸ਼ਕਤੀ ਦੇ ਆਧਾਰ ਤੇ ਉਸ ਕੋਲੋਂ ਨਵੀਂ ਸਿਰਜਣਾ ਹੋ ਰਹੀ ਹੁੰਦੀ ਹੈ) ਰਚਨਾ ਮੁਕੰਮਲ ਹੋਣ ਤੋਂ ਬਾਅਦ ਕੁਝ ਦਿਨ ਮਹਿਸੂਸ ਹੁੰਦਾ ਰਹਿੰਦਾ ਹੈ ਜਿਵੇਂ ਸੰਗੀ-ਸਾਥੀਆਂ ਕੋਲੋਂ ਵਿਛੜ ਗਏ ਹੋਈਏ। ਪਾਤਰਾਂ ਦੀ ਯਾਦ ਆਉਂਦੀ ਹੈ, ਉਨ੍ਹਾਂ ਦੇ ਨੇੜੇ-ਤੇੜੇ ਹੋਣ ਦੇ ਭੁਲੇਖੇ ਪੈਂਦੇ ਹਨ। ਹੌਲੀ-ਹੌਲੀ ਧਿਆਨ ਦੀ ਅਵਸਥਾ ਭੰਗ ਹੋ ਜਾਂਦੀ ਹੈ। ਕਾਲਪਨਿਕ ਸੰਸਾਰ ਤੋਂ ਬਾਹਰ ਆਈਦਾ ਹੈ ਅਤੇ ਸਧਾਰਣ ਜ਼ਿੰਦਗੀ ਜਿਉਣ ਲੱਗੀ ਦਾ ਹੈ।

**ਪ੍ਰਸ਼ਨ : ਕਾਨੂੰਨ ਦੀ ਭਾਸ਼ਾ ਅੰਗਰੇਜ਼ੀ ਹੈ ਅੰਗਰਜ਼ੀ ਭਾਸ਼ਾ ਦੇ ਵਿਸ਼ੇ ਨੂੰ ਪੰਜਾਬੀ ਵਿਚ ਲਿਖ ਦੇ ਸਮੇਂ ਕਦੀ ਭਾਸ਼ਾ ਦੀ ਔਕੜ ਮਹਿਸੂਸ ਹੁੰਦੀ ਹੈ?**

ਉੱਤਰ : ਸਾਡਾ ਕਾਨੂੰਨੀ ਢਾਂਚਾ ਅੰਗਰੇਜ਼ਾਂ ਨੇ ਖੜ੍ਹਾ ਕੀਤਾ ਸੀ। ਯੂਰਪੀ ਮਾਡਲ ਸਾਨੂੰ ਦਿੱਤਾ ਗਿਆ ਸੀ। ਇਸ ਲਈ ਭਾਸ਼ਾ ਅਤੇ ਤਕਨੀਕੀ ਸ਼ਬਦਾਵਲੀ ਵੀ ਵਿਦੇਸ਼ੀ ਸੀ। ਉਸ ਸਮੇਂ ਜੱਜ ਅਤੇ ਉੱਚ ਕੋਟੀ ਦੇ ਵਕੀਲ ਅੰਗਰੇਜ਼ ਹੋਇਆ ਕਰਦੇ ਸਨ। ਉਨ੍ਹਾਂ ਨੂੰ ਗੱਲ ਆਸਾਨੀ ਨਾਲ ਸਮਝ ਆ ਸਕੇ, ਇਸ ਲਈ ਕਾਨੂੰਨ ਅੰਗਰੇਜ਼ੀ ਵਿਚ ਪੜ੍ਹਿਆ ਲਿਖਿਆ ਅਤੇ ਬੋਲਿਆ ਜਾਂਦਾ ਸੀ। ਅਸੀਂ ਅੱਜ ਤੱਕ ਉਹੋ ਪੱਧਤੀ ਅਪਨਾ ਰੱਖੀ ਹੈ। ਕਾਨੂੰਨ ਵੈਸੇ ਵੀ ਖੁਸ਼ਕ ਵਿਸ਼ਾ ਹੈ। ਨੀਰਸ ਅਤੇ ਅੰਗਰੇਜ਼ੀ ਭਾਸ਼ਾ ਉਪਰ ਅਧਾਰਿਤ ਵਿਸ਼ੇ ਨੂੰ ਸੌਖੀ ਭਾਸ਼ਾ ਵਿਚ ਬਿਆਨਣਾ ਚੁਣੌਤੀ ਭਰਿਆ ਕੰਮ ਸੀ। ਵਿਗਿਆਨ ਦੇ ਹੋਰ ਵਿਸ਼ਿਆਂ ਵਾਂਗ ਕਾਨੂੰਨੀ ਭਾਸ਼ਾ ਵਿਚ ਵੀ ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਪੰਜਾਬੀ ਵਿਚ ਉੱਚਿਤ ਬਦਲਵੇਂ ਸ਼ਬਦ ਮੌਜੂਦ ਨਹੀਂ ਹਨ। ਉਚਿਤ ਸ਼ਬਦ ਲੱਭਣ ਲਈ ਮੈਨੂੰ ਬਹੁਤ ਮਿਹਨਤ ਕਰਨੀ ਪਈ। ਪਹਿਲਾਂ ਡਿਕਸ਼ਨਰੀਆਂ ਵਿਚੋਂ ਪੰਜਾਬੀ ਸ਼ਬਦ ਨੋਟ ਕੀਤੇ, ਫਿਰ ਉਨ੍ਹਾਂ ਨੂੰ ਆਮ ਲੋਕਾਂ ਵੱਲੋਂ ਵਰਤੇ ਜਾਂਦੇ ਬਦਲਵੇਂ ਸ਼ਬਦਾਂ ਵਿਚ ਬਦਲਿਆ ਤਾਂ ਕਿਧਰੇ ਜਾ ਕੇ ਖੁਸ਼ਕ ਭਾਸ਼ਾ ਕਹਾਣੀ ਕਹਿਣ ਜੋਗੀ ਹੋਈ। ਉਦਾਹਰਣ ਲਈ Anticipatary Bail ਦਾ ਡਿਕਸ਼ਨਰੀ ਅਨੁਵਾਦ 'ਅਗਾਊਂ ਜ਼ਮਾਨਤ' ਹੈ। "ਅਗਾਊਂ" ਸ਼ਬਦ ਨਾਵਲੀ ਭਾਸ਼ਾ ਲਈ ਭਾਰੀ ਹੈ। ਖੋਜ ਕੇ ਇਸ ਦੀ ਥਾਂ 'ਪੇਸ਼ਗੀ' ਸ਼ਬਦ ਲੱਭਿਆ। Evidence ਦੇ ਡਿਕਸ਼ਨਰੀ ਵਿਚ ਅਰਥ ਸ਼ਹਾਦਤ ਦਿੱਤੇ ਗਏ ਹਨ। ਇਸ ਦੀ ਥਾਂ ਮੈਂ ਗਵਾਹੀ ਸ਼ਬਦ ਵਰਤ ਕੇ ਕਹਾਣੀ ਆਮ ਲੋਕਾਂ ਦੀ ਸਮਝ ਦੀ ਪੱਧਰ ਤੱਕ ਲਿਆਂਦੀ।

**ਪ੍ਰਸ਼ਨ : ਕੀ ਨਾਵਲ ਦੇ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੁਚੇਤ ਅਤੇ ਸੋਚੀ ਸਮਝੀ ਹੁੰਦੀ ਹੈ?**

ਉੱਤਰ : ਆਪਣੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਆਖੀ ਜਾ ਸਕੇ ਇਸ ਲਈ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੋਚ-ਸਮਝ ਕੇ ਕਰਨੀ ਪੈਂਦੀ ਹੈ। ਰਾਮ-ਨਾਥ ਕੌਰਵ ਸਭਾ ਨਾਵਲ ਦਾ ਕੇਂਦਰੀ ਪਾਤਰ ਹੈ। ਪਹਿਲੀ ਸਤਰ ਤੋਂ ਲੈ ਕੇ ਨਾਵਲ ਦੀ ਆਖ਼ਰੀ ਸਤਰ ਤੱਕ ਕਹਾਣੀ ਅੱਗੇ ਤੋਰਨ ਵਿਚ ਉਹ ਮੁੱਖ ਭੂਮਿਕਾ ਨਿਭਾਉਂਦਾ ਹੈ। ਕਿੱਤੇ ਵਜੋਂ ਉਸ ਨੂੰ ਡਾਕਟਰਾਂ ਜਾਂ ਪ੍ਰੋਫ਼ੈਸਰ ਵੀ ਬਣਾਇਆ ਜਾ ਸਕਦਾ ਸੀ। ਜਾਣ-ਬੁੱਝ ਮੈਂ ਉਸ ਨੂੰ ਵਕੀਲ ਬਣਾਇਆ। ਇਸ ਤਰ੍ਹਾਂ ਕਰਨ ਨਾਲ ਮੇਰੇ ਕਈ ਮਸਲੇ ਹੱਲ ਹੋ ਗਏ। ਕਲਾਤਮਕ ਪਖੋਂ ਇਹ ਲਾਭ ਹੋਇਆ ਕਿ ਕਾਨੂੰਨੀ ਬਰੀਕੀਆਂ ਅਸਾਨੀ ਨਾਲ ਪੇਸ਼ ਹੋ ਗਈਆਂ। ਵਕੀਲ ਹੋਣ ਕਾਰਣ ਕਾਨੂੰਨੀ ਕਲਾਬਾਜ਼ੀਆਂ ਦਾ ਉਸ ਨੂੰ ਪਹਿਲਾਂ ਹੀ ਪਤਾ ਹੁੰਦਾ ਸੀ। ਕਾਨੂੰਨ ਸਮਝਾਉਣ ਲਈ ਬਿਰਤਾਂਤਕਾਰ ਨੂੰ ਦਖ਼ਲ ਦੇਣ ਦੀ ਜ਼ਰੂਰਤ ਘੱਟ ਪਈ। ਇਸ ਪਾਤਰ ਰਾਹੀਂ ਸਿਧਾਂਤਕ ਤੌਰ 'ਤੇ ਮੈਂ ਇਹ ਸਿੱਧ ਕਰਨਾ ਚਾਹਿਆ ਕਿ ਜੇ ਗ਼ਲਤ ਢੰਗ-ਤਰੀਕੇ ਵਰਤ ਕੇ ਅਸੀਂ ਅਸਲੀ ਮੁਜਰਿਮ ਨੂੰ ਸਜ਼ਾ ਤੋਂ ਬਚਾਵਾਂਗੇ ਤਾਂ ਇਕ ਦਿਨ ਸਥਿਤੀ ਏਨੀ ਬਦਤਰ ਹੋ ਜਾਵੇਗੀ ਕਿ ਮੁਜਰਿਮ ਉਨ੍ਹਾਂ ਨੂੰ ਬਚਾਉਣ ਵਾਲੇ ਵਕੀਲਾਂ ਨੂੰ ਹੱਥ ਪਾਉਣ ਲੱਗਣਗੇ। ਸਾਰਾ ਸਮਾਜ ਅਸੁਰੱਖਿਅਤ ਹੋ ਜਾਵੇਗਾ। ਰਾਮ ਨਾਥ ਨੂੰ ਨਿੱਘਰ ਚੁੱਕੇ ਕਾਨੂੰਨੀ ਢਾਂਚੇ ਦੀ ਸਮਝ ਉਸ ਸਮੇਂ ਹੀ ਆਉਂਦੀ ਹੈ ਜਦੋਂ ਉਸ ਨੂੰ ਇਕ ਪੀੜਤ ਧਿਰ ਦੀ ਪੀੜ ਖ਼ੁਦ ਹੰਢਾਉਣੀ ਪੈਂਦੀ ਹੈ। ਫਿਰ ਵੀ ਉਹ ਆਤਮ-ਚਿੰਤਨ ਕਰਦਾ ਹੈ ਅਤੇ ਸਹੀ ਰਾਹ ਤੁਰਨ ਲਈ ਪ੍ਰੇਰਤ ਹੁੰਦਾ ਹੈ। ਇਸੇ ਤਰ੍ਹਾਂ ਸਿੰਗਲੇ ਵਕੀਲ ਨੂੰ ਬਾਬੂ ਨੰਦ ਲਾਲ ਦਾ ਚੇਲਾ ਜਾਣ ਬੁਝ ਕੇ ਬਣਾਇਆ ਹੈ। ਨੰਦ ਲਾਲ ਨੂੰ ਜੇ ਆਪਣੇ

ਕੀਤੇ ਤੇ ਇਕ ਪਲ ਲਈ ਆਤਮ–ਗਿਲਾਨੀ ਹੁੰਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਬੁਰੀ ਧਿਰ ਦਾ ਖਾਤਮਾ ਹੋ ਗਿਆ ਹੈ। ਸਿੰਗਲੇ ਵਰਗੇ ਚਲਾਕ ਚੇਲੇ ਭੈੜ ਦੀ ਵਿਰਾਸਤ ਸੰਭਾਲਣ ਲਈ ਤਿਆਰ ਖੜ੍ਹੇ ਹਨ।

ਹੁਣ ਘਟਨਾਵਾਂ ਵੱਲ ਆਈਏ। ਵੇਦ ਪਰਿਵਾਰ ਦੇ ਚਾਰ ਮੈਂਬਰਾਂ ਤੇ ਆਧਾਰਤ ਹੋਣ ਦੀ ਚੋਣ ਅਚਾਨਕ ਨਹੀਂ ਇਕ ਯੋਜਨਾ ਤਹਿਤ ਹੋਈ ਹੈ। ਕਤਲ, ਡਾਕਾ ਅਤੇ ਬਲਾਤਕਾਰ ਸਭ ਤੋਂ ਸੰਗੀਨ ਜੁਰਮ ਹਨ। ਸੱਟਾ–ਫੇਟਾਂ ਮਾਰਨ ਵਾਲੇ ਜੁਮਰ ਦੂਜੇ ਨੰਬਰ ’ਤੇ ਆਉਂਦੇ ਹਨ। ਗਾਗਰ ਵਿਚ ਸਾਗਰ ਭਰਣ ਲਈ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਇਕੋ ਸਮੇਂ ਇਕੋ ਪਰਿਵਾਰ ਵਿਰੁੱਧ ਘਟਦੇ ਦਿਖਾਇਆ ਹੈ। ਬਿਨਾਂ ਕਸੂਰੋਂ ਜਵਾਨ ਪੁੱਤ ਗਵਾ ਲੈਣ ਬਾਅਦ ਉਸ ਦੇ ਵਾਰਿਸਾਂ, ਚੜ੍ਹਦੀ ਜਵਾਨੀ ਵਿਚ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀ ਮੁਟਿਆਰ ਦੀ ਮਾਨਸਿਕਤਾ, ਦਿਮਾਗੀ ਸੱਟ ਖਾ ਕੇ ਸੰਤੁਲਨ ਗੁਆ ਚੁੱਕੀ ਸੋਹਣੀ ਸੁਨੱਖੀ ਔਰਤ ਦੀ ਪਸ਼ੂਆਂ ਵਰਗੀ ਬਣੀ ਦੇਹ ਅਤੇ ਅਪਾਹਜ ਹੋਣ ਬਾਅਦ ਘਰ ਦੇ ਮੁਖੀ ਲਈ ਪੈਦਾ ਹੁੰਦੀਆਂ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨੂੰ ਦਰਸਾਉਣ ਲਈ ਮੈਂ ਕਈ ਘਟਨਾਵਾਂ ਇਕੋ ਸਮੇਂ ਘਟਵਾਈਆਂ ਹਨ। ਇਕ ਪਾਸੇ ਅਜਿਹੀ ਪੀੜਤ ਪਰਿਵਾਰ ਦੀ ਆਰਥਿਕ ਦਸ਼ਾ ਦਿਵਲੀਏਪਣ ਤੱਕ ਅਤੇ ਮਾਨਸਿਕ ਦਸ਼ਾ ਆਤਮ ਹੱਤਿਆ ਕਰ ਲੈਣ ਤੱਕ ਪੁੱਜ ਜਾਂਦੀ ਹੈ ਅਤੇ ਦੂਜੇ ਪਾਸੇ ਕਾਨੂੰਨ ਅਤੇ ਕਾਨੂੰਨ ਦੇ ਰਾਖੇ ਅਜਿਹੇ ਸੰਗੀਨ ਜੁਰਮ ਕਰਨ ਵਾਲੇ ਮੁਜਰਿਮ ਨੂੰ ਬਚਾਉਣ ਲਈ ਸਿਰਤੋੜ ਜਤਨ ਕਰਦੇ ਹਨ।

ਸਾਡਾ ਨਿਆਂ ਪ੍ਰਬੰਧ ਕਿਹੋ ਜਿਹੇ ਫਰਜ਼ ਨਿਭਾ ਰਿਹਾ ਹੈ? ਇਹ ਦਰਸਾਉਣ ਲਈ ਇਹੋ ਜਿਹੇ ਪਾਤਰਾਂ ਅਤੇ ਘਟਨਾਵਾਂ ਦੀ ਚੋਣ ਸੁਚੇਤ ਰੂਪ ਵਿਚ ਕੀਤੀ ਗਈ ਹੈ।

**ਪ੍ਰਸ਼ਨ : ਪੁਲਿਸ ਨਿਆਂ–ਪਾਲਿਕਾ ਅਤੇ ਜੇਲ੍ਹ ਪ੍ਰਬੰਧ ਦੇ ਪਾਜ ਉਧੇੜਨ ਅਤੇ ਲਗਾਤਾਰ ਭ੍ਰਿਸ਼ਟਾਚਾਰ, ਧੱਕੇ ਸ਼ਾਹੀਆਂ ਅਤੇ ਬੇਇਨਸਾਫ਼ੀਆਂ ਨੂੰ ਚਿਤਰਣ ਕਰਕੇ ਤੁਹਾਡੇ ਪ੍ਰਤੀ ਸਟੇਟ ਦਾ ਰਵੱਈਆ ਕਿਸ ਤਰ੍ਹਾਂ ਦਾ ਰਿਹਾ ਹੈ।**

ਉੱਤਰ : ਜਿਉਂ–ਜਿਉਂ ਨਾਵਲਾਂ ਦੀ ਪ੍ਰਸਿੱਧੀ ਵੱਧ ਰਹੀ ਹੈ ਤਿਉਂ–ਤਿਉਂ ਵੱਧ ਔਖਾ ਹੋਣਾ ਪੈ ਰਿਹਾ ਹੈ। ਪੁਲਿਸ ਵਿਰੋਧੀ ਹੋਣ ਦਾ ਦੋਸ਼ ਲੱਗਦਾ ਹੈ, ਡਿਊਟੀ ਪੁਲਿਸ ਦਾ ਪੱਖ ਪੂਰਦੀ ਹੈ। ਪਹਿਲੀ ਦਿਕਤ ਅਦਾਲਤ ਵਿਚ ਆਪਣੇ ਫ਼ਰਜ਼ ਨਿਭਾਉਣ ਵਿਚ ਆਉਂਦੀ ਹੈ। ਦੂਜੇ, ਜਿਸ ਜੱਜ ਨਾਲ ਕੰਮ ਕਰੀਦਾ ਹੈ ਉਹ ਖੁੱਲ੍ਹ ਕੇ ਗੱਲ ਨਹੀਂ ਕਰਦਾ। ਡਰਦਾ ਰਹਿੰਦਾ ਹੈ ਕਿਧਰੇ ਮੇਰਾ ਪਾਜ ਨਾ ਉਖਾੜ ਦੇਵੇ। ਆਪਣੇ ਮਹਿਕਮੇ ਦੇ ਅਫ਼ਸਰਾਂ ਦੇ ਮਨਾਂ ਦੀ ਮੁਰਾਦ ਪੂਰੀ ਨਹੀਂ ਹੁੰਦੀ। ਹਰ ਸਮੇਂ ਉਹ ਮੈਨੂੰ ਖੁੱਡੇ ਲਾਉਣ ਦਾ ਜਤਨ ਕਰਦੇ ਰਹਿੰਦੇ ਹਨ। ਵਕੀਲ ਵੀ ਨਿਹੋਰੇ ਕੱਸ ਦੇ ਰਹਿੰਦੇ ਹਨ। ਕਈ ਵਾਰ ਝੂਠੇ ਮਾਮਲਿਆਂ ਵਿਚ ਫਸਾਉਣ ਦੇ ਜਤਨ ਹੋਏ ਹਨ। ਹਰ ਵਾਰ ਹਰੀਸ਼ ਰਾਏ ਢਾਂਡਾ ਆਪਣੀ ਟੀਮ ਸਮੇਤ ਮੇਰੇ ਬਚਾਅ ਲਈ ਚੱਟਾਨ ਵਾਂਗ ਖੜ੍ਹ ਜਾਂਦਾ ਹੈ। ਸੰਕਟ ਦੇ ਬੱਦਲ ਟਲ ਜਾਦੇ ਹਨ। ਜਦੋਂ ਉਖਲੀ ਵਿਚ ਸਿਰ ਦਿੱਤਾ ਹੈ ਤਾਂ ਮੂਹਲਿਆਂ ਤੋਂ ਕੀ ਡਰ।

**ਪ੍ਰਸ਼ਨ : ਕੁਝ ਚਿੰਤਕਾਂ ਨੇ ਮੁੜ ਮੁੜ ਇਤਰਾਜ਼ ਕੀਤਾ ਹੈ ਕਿ ਇਹ ਨਾਵਲ ਮਹਿਜ਼ ਅਖ਼ਬਾਰੀ ਖ਼ਬਰਾਂ ਦੇ ਸੰਗ੍ਰਹਿ ਜਾਂ ਪੱਤਰਕਾਰੀ ਕਿਸਮ ਦੇ ਹਨ। ਕੀ ਪੱਤਰਕਾਰੀ ਇਨ੍ਹਾਂ ਨਾਵਲਾਂ ਦਾ ਮਾਧਿਅਮ ਹੈ ਜਾਂ ਖ਼ੁਦ–ਬ–ਖ਼ੁਦ ਮਕਸਦ ਤੁਹਾਡੇ ਨਾਵਲ ਪੱਤਰਕਾਰੀ ਤੋਂ ਅਗਾਂਹ ਗਲਪ ਤੱਕ ਕਿਵੇਂ ਫੈਲਦੇ ਹਨ?**

ਉੱਤਰ : ਹਰ ਗਲਪ ਰਚਨਾ ਸਮਾਜ ਦੇ ਕਿਸੇ ਨਾ ਕਿਸੇ ਵਰਤਾਰੇ ਦੇ ਪ੍ਰਗਟਾਅ ਨਾਲ ਸੰਬੰਧਤ ਹੁੰਦੀ

ਹੈ। ਅੱਜ ਕਲ੍ਹ ਮੀਡੀਆ ਬਹੁਤ ਤੇਜ਼ ਹੈ। ਛੋਟੀ ਘਟਨਾ ਦਾ ਵੀ ਵੱਡੇ ਪੱਧਰ 'ਤੇ ਨੋਟਿਸ ਲਿਆ ਜਾਂਦਾ ਹੈ। ਗਲਪ ਵਿਚ ਰਚੇ ਜਾ ਰਹੇ ਹਰ ਵਿਸ਼ੇ ਬਾਰੇ ਮੀਡੀਏ ਵਿਚ ਚਰਚਾ ਹੁੰਦੀ ਰਹਿੰਦੀ ਹੈ। ਕਿਰਸਾਣਾਂ ਵਲੋਂ ਕੀਤੀਆਂ ਜਾਂਦੀਆਂ ਆਤਮ-ਹੱਤਿਆਵਾਂ, ਵੇਸ਼ਵਾਵਾਂ ਦੇ ਅੱਡਿਆਂ 'ਤੇ ਪੁਲਿਸ ਛਾਪਿਆਂ, ਤਿੰਨ-ਤਿੰਨ ਜੁਆਕਾਂ ਦੀਆਂ ਮਾਵਾਂ ਦੇ ਪ੍ਰੇਮੀਆਂ ਨਾਲ ਭੱਜਣ, ਫਿਰਕਾਪ੍ਰਸਤ ਦੰਗਿਆਂ ਅਤੇ ਰਾਜਨੀਤਕ ਕੋਝੀਆਂ ਚਾਲਾਂ ਬਾਰੇ ਅਖ਼ਬਾਰਾਂ ਵਿਚ ਹਰ ਰੋਜ਼ ਕੁਝ ਨ ਕੁਝ ਛਪਦਾ ਹੈ। ਕਿਰਸਾਣੀ, ਵੇਸ਼ਵਾਗਮਨੀ ਅਤੇ ਵਰਜਿਤ ਰਿਸ਼ਤਿਆਂ ਬਾਰੇ ਬਹੁਤ ਸਾਹਿਤ ਰਚਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਸਾਹਿਤ ਨੂੰ ਪੱਤਰਕਾਰੀ ਕਿਸਮ ਦਾ ਸਾਹਿਤ ਕੇਵਲ ਇਸ ਲਈ ਨਹੀਂ ਆਖਿਆ ਜਾਂਦਾ ਕਿਉਂਕਿ ਇਨ੍ਹਾਂ ਵਿਸ਼ਿਆਂ ਬਾਰੇ ਸਾਨੂੰ ਪਹਿਲਾਂ ਹੀ ਕਾਫ਼ੀ ਗਿਆਨ ਹੈ।

ਮੈਂ ਨਿਆਂ ਪ੍ਰਬੰਧ ਵਰਗੇ ਅਛੂਤੇ ਅਤੇ ਅਸਲੋਂ ਨਵੇਂ ਵਿਸ਼ੇ ਬਾਰੇ ਲਿਖਣਾ ਸ਼ੁਰੂ ਕੀਤਾ ਹੈ। ਪੁਲਿਸ, ਨਿਆਂ ਅਤੇ ਜੇਲ੍ਹ ਪ੍ਰਬੰਧ ਆਪਣੇ ਅਸਲੀ ਫ਼ਰਜ਼ ਨਿਭਾਉਣ ਤੋਂ ਖੁੰਝ ਚੁੱਕਾ ਹੈ। ਲੋਕਾਂ ਦੀਆਂ ਆਸਾਂ 'ਤੇ ਪੂਰਾ ਨਾ ਉੱਤਰ ਸਕਣ ਕਾਰਣ ਅੱਜ ਕਲ੍ਹ ਇਹ ਸਭ ਤੋਂ ਵੱਧ ਭੱਖਵਾਂ ਵਿਸ਼ਾ ਹੈ। ਆਪਣੀ ਚਿੰਤਾ ਪ੍ਰਗਟਾਉਣ ਲਈ ਮੀਡੀਆ ਇਸ ਵਿਸ਼ੇ ਉੱਪਰ ਭੱਖਵੀਂ ਬਹਿਸ ਛੇੜੀ ਬੈਠਾ ਹੈ। ਵਿਸ਼ੇ ਦੇ ਮੀਡੀਏ ਵਿਚ ਵੱਧ ਚਰਚਿਤ ਹੋਣ ਕਾਰਣ ਚਿੰਤਕਾਂ ਨੂੰ ਜਾਪਦਾ ਹੈ ਜਿਵੇਂ ਮੇਰੇ ਨਾਵਲ ਅਖ਼ਬਾਰੀ ਖ਼ਬਰਾਂ ਦੇ ਸੰਗ੍ਰਹਿ ਜਾਂ ਪੱਤਰਕਾਰੀ ਕਿਸਮ ਦੇ ਹਨ, ਪਰ ਅਜਿਹਾ ਨਹੀਂ ਹੈ।

ਮੈਂ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਮਾਜਿਕ ਅਧਿਐਨ ਦੇ ਹੋਰ ਵਿਸ਼ਿਆਂ ਵਾਂਗ ਕਾਨੂੰਨ ਵੀ ਇਕ ਸੁਤੰਤਰ ਅਤੇ ਪੂਰਨ ਵਿਸ਼ਾ ਹੈ। ਇਸ ਕੋਲ ਉੱਚ ਕੋਟੀ ਦੇ ਚਿੰਤਕ ਅਤੇ ਗਹਿਰ-ਗੰਭੀਰ ਸਿੱਧਾਂਤ ਹਨ। ਇਸ ਵਿਸ਼ੇ ਨਾਲ ਸੰਬੰਧਤ ਬਹੁਤ ਚਿੰਤਕ ਉੱਚ ਅਦਾਲਤਾਂ ਦੇ ਜੱਜਾਂ ਵਿਚੋਂ ਆਉਂਦੇ ਹਨ ਜਿਹੜੇ ਆਪਣੇ ਸਿੱਧਾਂਤ ਕਲਪਨਾ ਜਾਂ ਵਿਦੇਸ਼ੀ ਚਿੰਤਕਾਂ ਵਲੋਂ ਘੜੇ ਸਿੱਧਾਤਾਂ ਉਪਰ ਆਧਾਰਤ ਨਹੀਂ ਕਰਦੇ। ਉਨ੍ਹਾਂ ਦੇ ਸਿੱਧਾਂਤ ਉਨ੍ਹਾਂ ਅੱਗੇ ਪੇਸ਼ ਹੋਏ ਮੁਕੱਦਮਿਆਂ ਦੇ ਜਿਉਂਦੇ ਜਾਗਦੇ ਤੱਥਾਂ 'ਤੇ ਆਧਾਰਿਤ ਹੁੰਦੇ ਹਨ। ਕਾਨੂੰਨ ਵਿਗਿਆਨ ਦੇ ਸਿੱਧਾਂਤ ਦੀ ਪਰਖ ਅਦਾਲਤਾਂ ਵਿਚ ਚੱਲ ਰਹੇ ਮੁਕੱਦਮਿਆਂ ਦੇ ਫੈਸਲਿਆਂ ਸਮੇਂ ਝੱਟ-ਪੱਟ ਹੁੰਦੀ ਰਹਿੰਦੀ ਹੈ। ਲੋੜ ਪੈਣ 'ਤੇ ਇਹ ਸਿੱਧਾਂਤ ਬਦਲ ਵੀ ਦਿੱਤੇ ਜਾਂਦੇ ਹਨ। ਮੈਂ ਇਨ੍ਹਾਂ ਸਿੱਧਾਂਤਾਂ ਦਾ ਅਧਿਐਨ ਕਰਕੇ ਆਪਣੇ ਨਾਵਲਾਂ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। ਕਾਨੂੰਨ ਵਿਗਿਆਨ ਨਾਲ ਵਾਹ-ਵਾਸਤਾ ਘੱਟ ਹੋਣ ਕਾਰਣ ਬਹੁਤੇ ਚਿੰਤਕਾਂ ਨੂੰ ਇਨ੍ਹਾਂ ਸਿੱਧਾਂਤਾਂ ਦਾ ਗਿਆਨ ਨਹੀਂ ਹੈ। ਇਸੇ ਲਈ ਨਾਵਲ ਵਿਚ ਪੇਸ਼ ਸਮੱਸਿਆਵਾਂ ਦੀਆਂ ਗਹਿਰਾਈਆਂ ਤੱਕ ਪਹੁੰਚਣ ਲਈ ਉਨ੍ਹਾਂ ਨੂੰ ਔਖ ਮਹਿਸੂਸ ਹੁੰਦੀ ਹੈ।

ਆਪਣੀ ਗੱਲ ਮੈਂ ਇਕ ਉਦਾਹਰਣ ਦੇ ਕੇ ਸਪੱਸ਼ਟ ਕਰਦਾ ਹਾਂ, 'ਸ਼ੱਕ ਦਾ ਲਾਭ' ਸਿੱਧਾਂਤ ਕਰੀਬ ਸੌ ਸਾਲ ਪੁਰਾਣਾ ਹੈ। ਇਸ ਦੀ ਗਲਤ ਵਰਤੋਂ ਕਰ-ਕਰ ਸਾਡੇ ਦੇਸ਼ ਦੀਆਂ ਅਦਾਲਤਾਂ ਨੇ ਦੋਸ਼ੀਆਂ ਨੂੰ ਧੜਾ-ਧੜ ਬਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਦੋਸ਼ੀਆਂ ਨੂੰ ਲਾਭ ਦਿੰਦੇ-ਦਿੰਦੇ ਅਸੀਂ ਪੀੜਤ ਧਿਰ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ। ਪੀੜਤ ਧਿਰ ਨਾਲ ਬੇਇਨਸਾਫ਼ੀ ਹੋਣੀ ਸ਼ੁਰੂ ਹੋ ਗਈ ਹੈ। ਕਾਨੂੰਨ ਵਿਗਿਆਨ ਦੇ ਚਿੰਤਕਾਂ ਨੇ ਅੰਤਰ-ਰਾਸ਼ਟਰੀ ਪੱਧਰ ਉੱਪਰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਪੀੜਤ ਧਿਰ ਨੂੰ ਵੀ ਆਪਣੇ ਹੱਕ ਮਿਲਣੇ ਚਾਹੀਦੇ ਹਨ। ਇਸ ਨਵੀਨ ਸਿਧਾਂਤ ਨੂੰ Victomology (ਪੀੜਤ ਵਿਗਿਆਨ) ਦਾ ਨਾਂਅ ਦਿੱਤਾ ਗਿਆ ਹੈ। ਕੌਰਵ ਸਭਾ ਨਾਵਲ ਵਿਚ ਕਾਨੂੰਨ ਵਿਗਿਆਨ ਦੀ ਇਸ ਨਵੀਂ ਸੋਚ ਨੂੰ ਮੈਂ ਨਿੱਠ ਕੇ ਪੇਸ਼ ਕੀਤਾ ਹੈ। ਜਿਸ

ਵਿਦਵਾਨ ਨੂੰ ਪੀੜਤ ਵਿਗਿਆਨ ਦੀ ਡੂੰਘੀ ਸਮਝ ਨਹੀਂ ਉਸ ਨੂੰ ਇਹ ਨਾਵਲ ਕੇਵਲ ਪੱਤਰਕਾਰੀ ਹੀ ਲੱਗੇਗਾ। ਜਿਸ ਚਿੰਤਕ ਨੂੰ ਜੁਰਮ ਵਿਗਿਆਨ, ਦੰਡ ਵਿਗਿਆਨ ਅਤੇ ਮੁਜਰਮਾਂ ਦੇ ਵਿਗਿਆਨ ਦੀ ਸਮਝ ਨਹੀਂ ਉਸ ਨੂੰ ਮੇਰੇ ਬਾਕੀ ਨਾਵਲ ਖ਼ਬਰਾਂ ਦਾ ਪਲੰਦਾ ਹੀ ਲੱਗਣਗੇ।

**ਪ੍ਰਸ਼ਨ : ਤੁਹਾਡੀ ਸਮੁੱਚੀ ਰਚਨਾਕਾਰੀ ਵਿਚ ਯੋਜਨਾ ਅਤੇ ਸਹਿਜ ਪ੍ਰਗਟਾਵੇ ਵਿਚ ਕੀ ਰਿਸ਼ਤਾ ਹੈ?**

ਉੱਤਰ : ਮੈਂ ਪਿਛਲੇ 18 ਸਾਲਾਂ ਤੋਂ ਫੌਜਦਾਰੀ ਨਿਆਂ ਪ੍ਰਬੰਧ ਨੂੰ ਗਲਪੀ ਰੂਪ ਦੇਣ ਲਈ ਜਤਨਸ਼ੀਲ ਹਾਂ। ਮੈਂ ਪ੍ਰੋਜੈਕਟ ਬਣਾ ਕੇ ਅਤੇ ਇਕ ਯੋਜਨਾ ਤਹਿਤ ਲਿਖਦਾ ਹਾਂ। ਮੈਂ ਉਨ੍ਹਾਂ ਲੇਖਕਾਂ ਨਾਲ ਸਹਿਮਤ ਨਹੀਂ ਜਿਹੜੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੀ ਕਹਾਣੀ ਆਪੇ ਮੋੜ ਕੱਟਦੀ ਰਹਿੰਦੀ ਹੈ ਜਾਂ ਪਾਤਰ ਆਪਣੀ ਰਾਹ ਆਪ ਚੁਣਦੇ ਹਨ। ਮੇਰਾ ਹਰ ਪਾਤਰ ਅਤੇ ਨਾਵਲਾਂ ਵਿਚ ਘਟਦੀ ਹਰ ਘਟਨਾ ਇਕ ਨਿਸ਼ਚਤ ਉਦੇਸ਼ ਨੂੰ ਸਪੱਸ਼ਟ ਕਰਨ ਲਈ ਅਹਿਮ ਅਤੇ ਨਿਸ਼ਚਤ ਭੂਮਿਕਾ ਨਿਭਾਉਂਦੇ ਹਨ। ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮੈਂ ਇਸ ਨੂੰ ਕਈ ਕਈ ਵਾਰ ਸੋਧਦਾ ਹਾਂ। ਕਦੇ-ਕਦੇ ਇਕ ਇਕ ਵਾਰ ਨੂੰ ਵੀਹ-ਵੀਹ ਵਾਰ ਲਿਖਦਾ ਪੈਂਦਾ ਹੈ। ਸੁਧਾਰ ਘਰ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਮੈਨੂੰ ਕਰੀਬ ਦੋ ਹਜ਼ਾਰ ਪੰਨਿਆਂ ਦਾ ਰਫ਼ ਕੰਮ ਕਰਨਾ ਪਿਆ (ਸਬੂਤ ਵਜੋਂ ਇਹ ਰਫ਼ ਕੰਮ ਮੈਂ ਸੰਭਾਲ ਕੇ ਰੱਖਿਆ ਹੋਇਆ ਹੈ) ਇਸ ਤਰ੍ਹਾਂ ਸਹਿਜ ਪ੍ਰਗਟਾਵੇ ਲਈ ਅਨੁਭਵ ਅਤੇ ਅਧਿਐਨ ਦੇ ਨਾਲ ਨਾਲ ਕਰੜੀ ਮਿਹਨਤ ਵੀ ਕਰਨੀ ਪੈਂਦੀ ਹੈ।

**ਪ੍ਰਸ਼ਨ : ਤੁਹਾਡੇ ਨਾਵਲਾਂ ਵਿਚ ਤੱਥਾਂ, ਸਿੱਧਾਂਤਾਂ, ਅਨੁਭਵ ਅਤੇ ਤਨਜ਼ੀਆ ਜੁਗਤ ਵਿਚਾਲੇ ਕੀ ਸੰਬੰਧ ਬਣਦਾ ਹੈ?**

ਉੱਤਰ : ਕਾਨੂੰਨ ਦੇ ਨਾਲ-ਨਾਲ ਮੈਂ ਹਿਸਾਬ ਅਤੇ ਅਰਥ ਸ਼ਾਸਤਰ ਦਾ ਵੀ ਵਿਦਿਆਰਥੀ ਹਾਂ। ਬੀ.ਏ. ਦੀ ਡਿਗਰੀ ਮੈਂ "ਆਨਰਜ਼ ਇਨ ਮੈਥ" ਨਾਲ ਕੀਤੀ ਹੈ ਅਤੇ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ ਤੇ ਰਹਿ ਕੇ ਗੋਲਡ ਮੈਡਲ ਹਾਸਲ ਕੀਤਾ ਹੋਇਆ ਹੈ। ਮੈਨੂੰ ਫਾਰਮੂਲਿਆਂ ਦੀ ਬਣਤਰ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਦੀ ਸਮਝ ਹੈ। ਮਾਈਕਰੋ ਅਤੇ ਮੈਕਰੋ ਵਿਧੀਆਂ ਦਾ ਪ੍ਰਯੋਗ ਕਰਕੇ ਮੈਨੂੰ ਤੱਥਾਂ ਵਿਚ ਸਿੱਧਾਂਤ ਅਤੇ ਸਿੱਧਾਂਤਾਂ ਅਨੁਸਾਰ ਤੱਥ ਇਕੱਠੇ ਕਰਨ ਦਾ ਵੱਲ ਵੀ ਆਉਂਦਾ ਹੈ। ਮੈਂ ਆਪਣੀ ਰਚਨਾ ਵਿਚ ਕਿਹੜਾ ਸਿੱਧਾਂਤ ਪੇਸ਼ ਕਰਨਾ ਹੈ, ਪਹਿਲਾਂ ਇਹ ਤਹਿ ਕਰਦਾ ਹਾਂ। ਫਿਰ ਉਸ ਸਿੱਧਾਂਤ ਦੀ ਲੋੜ ਅਨੁਸਾਰ ਤੱਥ ਇਕੱਠੇ ਕਰਦਾ ਹਾਂ, ਵਿਸ਼ਾਲ ਅਨੁਭਵ ਕਾਰਨ ਲੋੜੀਂਦੇ ਤੱਥ ਅਸਾਨੀ ਨਾਲ ਲੱਭ ਜਾਂਦੇ ਹਨ। ਜਦੋਂ ਇਹ ਬਿਆਨ ਕਰ ਰਹੇ ਹੋਈਏ ਕਿ ਜੋ ਹੋਣਾ ਚਾਹੀਦਾ ਹੈ, ਹੋ ਉਸ ਦੇ ਉਲਟ ਰਿਹਾ ਤਾਂ ਤਨਜ਼ੀਆ ਜੁਗਤ ਆਪੇ ਅਪਨਾ ਹੋ ਜਾਂਦੀ ਹੈ।

**ਪ੍ਰਸ਼ਨ : ਪੁਲਿਸ ਸਭਿਆਚਾਰ, ਨਿਆਂ ਪ੍ਰਬੰਧ ਅਤੇ ਜੇਲ੍ਹ-ਪ੍ਰਬੰਧ ਲਿਖਣ ਉਪਰੰਤ ਹੁਣ ਅਗਲੀ ਯੋਜਨਾ ਕੀ ਹੈ?**

ਉੱਤਰ : ਨਵਾਂ ਨਾਵਲ ਲਿਖਣ ਦੀ ਹਾਲੇ ਕੋਈ ਯੋਜਨਾ ਨਹੀਂ ਹੈ। ਮੈਨੂੰ ਜਾਪ ਰਿਹਾ ਹੈ ਕਿ ਵਿਸ਼ਾ ਨਵਾਂ ਹੋਣ ਕਾਰਨ ਲੋਕਾਂ ਨੂੰ ਹਾਲੇ ਮੇਰੇ ਨਾਵਲ ਸਮਝਣ ਵਿਚ ਔਖ ਆ ਰਹੀ ਹੈ। ਮੈਂ ਆਪਣੇ ਨਾਵਲਾਂ ਵਿਚ ਕੀ ਨਵਾਂ ਕਹਿਣਾ ਚਾਹਿਆ ਹੈ? ਇਸ ਬਾਬਤ ਇਕ ਪੁਸਤਕ ਲਿਖਣ ਦਾ ਮਨ ਜ਼ਰੂਰ ਬਣ ਰਿਹਾ ਹੈ।

ਉਂਝ ਇਸ ਲੜੀ ਨੂੰ ਹੋਰ ਅੱਗੇ ਤੋਰੇ ਜਾਣ ਦੀਆਂ ਸੰਭਾਵਨਾਵਾਂ ਵੀ ਹਨ।

**ਪ੍ਰਸ਼ਨ : ਤੁਹਾਡਾ ਨਾਵਲ ਦਾ ਸੰਕਲਪ ਕੀ ਹੈ ਅਤੇ ਤੁਸੀਂ ਆਪਣੇ ਨਾਵਲਾਂ ਨੂੰ ਕਿੰਨ੍ਹਾਂ ਪੈਮਾਨਿਆਂ ਉੱਪਰ ਪਰਖਣ ਦਾ ਮਸ਼ਵਰਾ ਦਿੰਦੇ ਹੋ?**

ਉੱਤਰ : ਨਾਵਲ ਸਾਹਿਤ ਦੀ ਇਕੋ ਇਕ ਵਿਧਾ ਹੈ ਜੋ ਸੀਮਾਵਾਂ ਰਹਿਤ (Open) ਹੈ। ਸਮੇਂ ਅਨੁਸਾਰ ਇਹ ਆਪਣੇ ਰੂਪ ਬਦਲਦਾ ਰਹਿੰਦਾ ਹੈ। ਅਜੋਕੇ ਸਮੇਂ ਵਿਚ ਪ੍ਰਸਥਿਤੀਆਂ ਬਹੁਤ ਜਟਿਲ ਹਨ। ਸਮੱਸਿਆਵਾਂ ਦੀਆਂ ਜੜ੍ਹਾਂ ਡੂੰਘੀਆਂ ਅਤੇ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ। ਨਾਇਕ, ਖਲਨਾਇਕ ਅਤੇ ਰੁਮਾਂਸ ਵਰਗੇ ਚੌਖਟੇ ਵਿਚ ਰੱਖ ਕੇ 'ਸਮੁੱਚ' ਨੂੰ ਚਿਤਰਣਾ ਅੱਜ ਗਲਪਕਾਰ ਲਈ ਅਸੰਭਵ ਹੈ। ਨਿਆਂ ਪ੍ਰਬੰਧ ਅਤੇ ਇਸ ਰਾਹੀਂ ਸਟੇਟ ਦੇ ਜਟਿਲ ਕਿਰਦਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਲਈ ਮੈਨੂੰ ਨਾਵਲਾਂ ਦੇ ਰਵਾਇਤੀ ਮਾਪ ਢੰਡ ਤੋੜ ਕੇ ਨਵੇਂ ਮਾਪ ਦੰਡ ਅਪਨਾਉਣੇ ਪਏ ਹਨ। ਮੈਂ ਪੂਰੇ ਪ੍ਰਬੰਧ ਨੂੰ ਹੀ ਨਾਇਕ ਜਾਂ ਖਲਨਾਇਕ ਦੇ ਤੌਰ 'ਤੇ ਪੇਸ਼ ਕੀਤਾ ਹੈ। ਮੇਰੇ ਨਾਵਲਾਂ ਵਿਚਲੇ ਕਰੈਕਟਰ ਆਮ ਨਾਵਲਾਂ ਵਰਗੇ ਪਾਤਰ ਨਹੀਂ ਹਨ ਸਗੋਂ ਪ੍ਰਬੰਧ ਦੀ ਕਿਸੇ ਨਾ ਕਿਸੇ ਕਰੈਕਟਰਿਸਟਿਕ ਨੂੰ ਪੇਸ਼ ਕਰਨ ਵਾਲੀ ਕੜੀ ਹਨ। ਇਨ੍ਹਾਂ ਨਾਵਲਾਂ ਨੂੰ ਨਵੇਂ ਪੈਮਾਨਿਆਂ ਦੇ ਆਧਾਰ ਤੇ ਪਰਖਣਾ ਪਵੇਗਾ।

**ਪ੍ਰਸ਼ਨ : ਤੁਹਾਡੇ ਨਾਵਲਾਂ ਨੇ ਕਿਸ ਵੱਖਰੇ ਗਲਪੀ ਪੈਰਾਂਡਾਇਮ ਨੂੰ ਸਿਰਜਿਆ ਹੈ? ਕੀ ਤੁਸੀਂ ਇਨ੍ਹਾਂ ਸੰਬੰਧੀ ਹੋਏ ਚਿੰਤਨ ਨੂੰ ਕਿਸੇ ਹੋਰ ਦਿਸ਼ਾ ਵਿਚ ਮੋੜਨਾ ਚਾਹੁੰਦੇ ਹੋ?**

ਉੱਤਰ : ਮੈਂ ਪੁਲਿਸ, ਜੇਲ੍ਹ, ਕਾਨੂੰਨ ਅਤੇ ਨਿਆਂ ਪ੍ਰਬੰਧ ਵਰਗੇ ਨਵੇਂ ਵਿਸ਼ਿਆਂ ਨੂੰ ਛੋਹਿਆ ਹੈ। ਕਾਨੂੰਨ ਇਕ ਖੁਸ਼ਕ ਅਤੇ ਗੁੰਝਲਦਾਰ ਵਿਸ਼ਾ ਹੈ। ਇਸ ਨੀਰਸ ਵਿਸ਼ੇ ਨੂੰ ਮੈਂ ਰੌਚਿਕ ਅਤੇ ਸੌਖੇ ਢੰਗ ਨਾਲ ਪੇਸ਼ ਕੀਤਾ ਹੈ।

ਅੱਜ ਤੱਕ ਇਹ ਸਮਝਿਆ ਜਾਂਦਾ ਸੀ ਕਿ ਨਾਵਲ ਨੂੰ ਰੋਮਾਂਸ ਦੀ ਪੁੱਠ ਤੋਂ ਬਿਨਾਂ ਲੋਕਾਂ ਨੂੰ ਨਹੀਂ ਪੜਾਇਆ ਜਾ ਸਕਦਾ। ਨਇਕ ਅਤੇ ਖਲਨਾਇਕ ਦਾ ਹੋਣਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ। ਮੈਂ ਆਪਣੇ ਚਾਰੇ ਨਾਵਲਾਂ ਵਿਚ ਰੋਮਾਂਸ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਕੇ ਰੱਖੀ ਹੈ। ਮੇਰੇ ਬਿਰਤਾਂਤ ਕਿਸੇ ਇਕ ਨਾਇਕ ਜਾਂ ਖਲਨਾਇਕ ਦੁਆਲੇ ਨਹੀਂ ਉਸਰੇ ਹੋਏ। ਮੈਂ ਪਾਤਰਾਂ ਨੂੰ ਸਮੂਹਿਕ ਰੂਪ ਵਿਚ ਪੇਸ਼ ਕਰਕੇ ਸਮੁੱਚੇ ਪ੍ਰਬੰਧ ਨੂੰ ਹੀ ਨਾਇਕ ਜਾਂ ਖਲਨਾਇਕ ਦੇ ਤੌਰ 'ਤੇ ਪੇਸ਼ ਕਰਦਾ ਹਾਂ। ਕਿਸੇ ਪ੍ਰਬੰਧ ਵਿਚ ਵਿਚਰ ਰਿਹਾ ਹਰ ਵਿਅਕਤੀ ਚੰਗਾ ਜਾਂ ਮਾੜਾ ਨਹੀਂ ਹੁੰਦਾ। ਮੇਰੇ ਵਿਚਾਰ ਵਿਚ ਭੈੜੇ ਪ੍ਰਬੰਧ ਲਈ ਇਕ ਵਿਅਕਤੀ ਉਨ੍ਹਾਂ ਕਸੂਰਵਾਰ ਨਹੀਂ ਜਿਨ੍ਹਾਂ ਕਿ ਪ੍ਰਬੰਧ ਖ਼ੁਦ।

ਮੈਂ ਸਮੁੱਚੇ ਪ੍ਰਬੰਧ ਦੀਆਂ ਬੁਰਾਈਆਂ ਪੇਸ਼ ਕਰਕੇ ਲੋਕਾਂ ਵਿਚ ਇਹ ਚੇਤਨਾ ਪੈਦਾ ਕਰਨ ਦਾ ਜਤਨ ਕੀਤਾ ਹੈ ਕਿ ਸਮੱਸਿਆ ਸਮੁੱਚੇ ਪ੍ਰਬੰਧ ਨੂੰ ਬਦਲ ਕੇ ਹੀ ਹੱਲ ਹੋਵੇਗੀ। ਇਹ ਬਦਲ ਕਿਸ ਤਰ੍ਹਾਂ ਲਿਆਂਦਾ ਜਾਵੇ ਇਹ ਮਾਡਲ ਵੀ ਪੇਸ਼ ਕੀਤਾ ਹੈ। ਮੁੱਖ ਤੱਥ ਪੇਸ਼ ਕਰਕੇ ਮੈਂ ਆਪਣੇ ਨਾਵਲਾਂ ਵਿਚ ਤੱਤ ਅਤੇ ਸਿੱਧਾਂਤ ਪੇਸ਼ ਕੀਤੇ ਹਨ। ਇਨ੍ਹਾਂ ਸਿੱਧਾਂਤਾਂ ਦੀ ਵਰਤੋਂ ਕਰਦੇ ਹੋਏ ਸਮਾਜ ਦੇ ਬਾਕੀ ਦੇ ਪ੍ਰਬੰਧਾਂ ਨੂੰ ਵੀ ਆਸਨੀ ਨਾਲ ਸਮਝਿਆ ਜਾ ਸਕਦਾ ਹੈ।

ਮੈਂ ਆਪਣੇ ਨਾਵਲਾਂ ਵਿਚ ਸਮਾਜ ਦੀ ਲਗਪਗ ਹਰ ਸਮੱਸਿਆ ਨੂੰ ਛੋਹਿਆ ਹੈ। ਇਨ੍ਹਾਂ ਨੂੰ ਹਰ ਦ੍ਰਿਸ਼ਟੀਕੋਣ ਤੋਂ ਪੜ੍ਹਿਆ ਜਾ ਸਕਦਾ ਹੈ। ਚਿੰਤਕਾਂ ਨੂੰ ਆਪਣੇ ਚਿੰਤਨ ਨੂੰ ਵਿਸ਼ਾਲ ਕਰਕੇ ਨਾਵਲ ਅੰਦਰਲੀਆਂ ਪਰਤਾਂ ਨੂੰ ਘੋਖਣਾ ਅਤੇ ਗਹਿਰਾਈਆਂ ਨੂੰ ਸਮਝਣਾ ਚਾਹੀਦਾ ਹੈ।

**ਅੰਤਮ ਪ੍ਰਸ਼ਨ : ਸ਼ਬਦ ਸਭਿਆਚਾਰ ਦੀ ਸ਼ਕਤੀ ਤੇ ਸੀਮਾ ਬਾਰੇ ਵੀ ਕੁਝ ਕਹੋ?**

ਉੱਤਰ : ਸ਼ਬਦ ਵਿਚ ਬੰਦੂਕ ਨਾਲੋਂ ਵੱਧ ਤਾਕਤ ਹੁੰਦੀ ਹੈ। ਬੰਦੂਕ ਮੌਤ ਦਾ ਡਰ ਪੈਦਾ ਕਰਕੇ ਵਿਅਕਤੀ ਨੂੰ ਗ਼ੁਲਾਮ ਬਣਾਉਂਦੀ ਹੈ ਜਦੋਂ ਕਿ ਸ਼ਬਦ ਮਨ ਬਦਲਦਾ ਹੈ ਅਤੇ ਵਿਚਾਰ ਬਦਲਦਾ ਹੈ ਅਤੇ ਇਹ ਪਰਿਵਰਤਣ ਚਿਰ ਸਥਾਈ ਹੁੰਦਾ ਹੈ। ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਜਸਟਿਸ ਕ੍ਰਿਸ਼ਨਾ ਆਈਅਰ ਦੇ ਇਕ ਪ੍ਰਵਚਨ ਨੇ ਮੇਰੀ ਵਿਚਾਰਧਾਰਾ ਵਿਚ ਵੱਡੀ ਤਬਦੀਲੀ ਲਿਆਂਦੀ। ਨਵੀਂ ਸਮਝ ਅਨੁਸਾਰ ਲਿਖਿਆ ਸੁਧਾਰ ਘਰ ਹੋਰਾਂ ਦੇ ਵਿਚਾਰ ਬਦਲ ਰਿਹਾ ਹੈ। ਇਕ ਹੋਣਹਾਰ ਨੌਜਵਾਨ ਆਈ.ਪੀ.ਐਸ. ਅਫ਼ਸਰ ਕੰਵਰ ਵਿਜੇ ਪ੍ਰਤਾਪ ਸਿੰਘ ਨੂੰ ਅੱਜਕਲ੍ਹ ਅੰਮ੍ਰਿਤਸਰ ਜੇਲ੍ਹ ਦਾ ਸੀਨੀਅਰ ਸੁਪਰਡੰਟ ਲਾਇਆ ਗਿਆ ਹੈ। ਉਹ ਜੇਲ੍ਹ ਸੁਧਾਰਾਂ ਨੂੰ ਵੱਡੀ ਪੱਧਰ 'ਤੇ ਲਾਗੂ ਕਰਨ ਦੇ ਇਛੁੱਕ ਹਨ। ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਉਨ੍ਹਾਂ ਨੇ **ਸੁਧਾਰ ਘਰ** ਦਾ ਅਧਿਐਨ ਕੀਤਾ ਅਤੇ ਜੇਲ੍ਹ ਪ੍ਰਬੰਧ ਨੂੰ ਸੁਧਾਰਨਾ ਸ਼ੁਰੂ ਕੀਤਾ। ਅਗਾਂਹ ਉਨ੍ਹਾਂ ਦੀ ਪ੍ਰੇਰਨਾ ਸਦਕਾ ਕੁਝ ਸਮਾਜ ਸੇਵੀ ਸੰਸਥਾਵਾਂ ਅਤੇ ਵਿਅਕਤੀ ਜੇਲ੍ਹ ਸੁਧਾਰਾਂ ਵਿਚ ਸਹਿਯੋਗ ਦੇਣ ਲਈ ਉਤਸ਼ਾਹਿਤ ਹੋਏ ਹਨ।

"ਜੱਜਾਂ ਵਿਰੁੱਧ ਵੀ ਬੋਲਿਆ ਅਤੇ ਲਿਖਿਆ ਜਾ ਸਕਦਾ ਹੈ" - **ਕੌਰਵ ਸਭਾ** ਨੇ ਲੋਕਾਂ ਨੂੰ ਇਹ ਸਿਖਾਇਆ ਹੈ। ਹੁਣ ਲੋਕ ਨਿਆਂਪਾਲਿਕਾ ਵਿਰੁੱਧ ਆਵਾਜ਼ ਉਠਾਉਣ ਲੱਗ ਪਏ ਹਨ। ਕਿਰਨ ਕਤਲ ਐਕਸ਼ਨ ਕਮੇਟੀ (ਮਹਿਲ ਕਲਾਂ) ਵਲੋਂ ਲਾਏ ਜਾਂਦੇ ਨਾਅਰੇ "ਗੁੰਡਾ, ਪੁਲਿਸ ਅਤੇ ਅਦਾਲਤੀ ਗਠਜੋੜ ਮੁਰਦਾਬਾਦ" ਇਸ ਦਾ ਸਬੂਤ ਹਨ।

ਇਹ ਸ਼ਬਦ ਦੀ ਸ਼ਕਤੀ ਕਾਰਣ ਹੀ ਹੋਇਆ ਹੈ।

(ਵਿਸਾਖੀ 2006)

# ਲੇਖਕਾਂ ਦੇ ਸਿਰਨਾਵੇਂ


1. ਹਰਿਭਜਨ ਸਿੰਘ ਭਾਟੀਆ
   ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
2. ਟੀ.ਆਰ. ਵਿਨੋਦ
   677, ਸ਼ਕਤੀ ਨਗਰ,
   ਬਠਿੰਡਾ।
3. ਜੋਗਿੰਦਰ ਸਿੰਘ ਰਾਹੀ
   55, ਡੀਫੈਂਸ ਐਨਕਲੇਵ,
   ਬਾਈਪਾਸ, ਅਮ੍ਰਿਤਸਰ।
4. ਪਰਮਜੀਤ ਸਿੰਘ ਸਿੱਧੂ
   ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
5. ਪਰਮਿੰਦਰ ਸਿੰਘ
   ਅੰਗ੍ਰੇਜ਼ੀ ਵਿਭਾਗ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
6. ਸਬਿੰਦਰ ਜੀਤ ਸਿੰਘ ਸਾਗਰ
   ਪ੍ਰੋਫ਼ੈਸਰ, ਗੁਰੂ ਨਾਨਕ ਅਧਿਐਨ ਵਿਭਾਗ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
7. ਮਨਜੀਤ ਸਿੰਘ
   ਰੀਡਰ, ਪੰਜਾਬੀ ਵਿਭਾਗ,
   ਦਿੱਲੀ ਯੂਨੀਵਰਸਿਟੀ, ਦਿੱਲੀ।
8. ਹਰਬੰਸ ਸਿੰਘ ਧੀਮਾਨ
   245, ਫੇਜ਼ III, ਅਰਬਨ ਅਸਟੇਟ,
   ਪਟਿਆਲਾ – 147002
9. ਮਾਨ ਸਿੰਘ ਢੀਂਡਸਾ
   ਪ੍ਰੋਫ਼ੈਸਰ, ਪੱਤਰ ਵਿਹਾਰ ਵਿਭਾਗ,
   ਪੰਜਾਬੀ ਯੂਨੀਵਰਸਿਟੀ, ਪਟਿਆਲਾ।
10. ਗੁਰਪਾਲ ਸਿੰਘ ਸੰਧੂ
    ਰੀਡਰ, ਪੰਜਾਬੀ ਵਿਭਾਗ (ਈਵਨਿੰਗ)
    ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

11. ਭੀਮ ਇੰਦਰ ਸਿੰਘ
ਸੀ-24, ਪੰਜਾਬੀ ਯੂਨੀਵਰਸਿਟੀ ਕੈਂਪਸ,
ਪਟਿਆਲਾ।
12. ਰਮਿੰਦਰ ਕੌਰ
ਰੀਡਰ, ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
13. ਸਰਬਜੀਤ ਕੌਰ
ਸੀਨੀਅਰ ਫੈਲੋ, ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
14. ਸੁਖਵੀਰ ਬੀਹਲਾ
ਪਿੰਡ ਬੀਹਲਾ।
ਤਹਿਸੀਲ ਬਰਨਾਲਾ (ਸੰਗਰੂਰ)
15. ਦਰਸ਼ਨ ਸਿੰਘ ਗਿੱਲ
ਬਠਿੰਡਾ।
16. ਬ੍ਰਹਮਜਗਦੀਸ਼ ਸਿੰਘ
ਹਰਿੰਦਰਾ ਨਗਰ, ਫਰੀਦਕੋਟ।
17. ਜਗਦੀਪ ਸਿੰਘ
ਲੈਕਚਰ, ਪੰਜਾਬੀ ਵਿਭਾਗ,
ਬਾਬਾ ਬੁੱਢਾ ਕਾਲਜ ਬੀੜ ਸਾਹਿਬ (ਅਮ੍ਰਿਤਸਰ)।
18. ਗੁਰਦੇਵ ਸਿੰਘ ਚੰਦੀ
ਰੀਡਰ, ਪੱਤਰ ਵਿਹਾਰ ਸਿਖਿਆ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
19. ਕਵਲਜੀਤ ਜੱਸਲ
ਰੀਡਰ, ਪੰਜਾਬੀ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।
20. ਉਮਿੰਦਰ ਜੌਹਲ
20/75 ਗਾਰਡਨ ਕਾਲੋਨੀ,
ਮਾਡਲ ਟਾਊਨ, ਜਲੰਧਰ।
21. ਭੁਪਿੰਦਰ ਕੌਰ
ਲੈਕਚਰਰ, ਗੁਰੂ ਨਾਨਕ ਕਾਲਜ,
ਸੁਖਚੈਨਿਆਨਾ ਸਾਹਿਬ, ਫਗਵਾੜਾ।
22. ਪਰਬਜੀਤ ਕੌਰ
ਟੀਚਰ ਫੈਲੋ, ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅਮ੍ਰਿਤਸਰ।